[ਗ੍ਰੰਥ ਕਰਤਾ ਕੀ ਆਗਯਾ ਬਿਨਾ ਕੋਈ ਨਾ ਛਾਪੇ]

ੴ ਸਤਿਗੁਰਪ੍ਰਸਾਦਿ ॥

# ਸੂਰਜ ਵੰਸ਼ੀਯ ਖਾਲਸਾ ਪੰਥ

ਵਿਰਚਿਤ

## ਸ਼੍ਰੀਮਾਨ ਨਿਹੰਗ ਸੰਪੂਰਣਸਿੰਘ ਜੀ

ਜਿਸ ਨੂੰ

## ਸ੍ਵਾਮੀ ਸੰਤੋਸ਼ਾਨੰਦ ਜੀ ਨੇ ਸਨਾਤਨ-ਮਰਯਾਦਾ ਕੇ ਪ੍ਰੇਮੀਓਂ ਕੇ ਲਾਭ ਕੇ ਲੀਏ

"ਸ਼੍ਰੀਚੰਦ੍ਰ ਪ੍ਰੈਸ" ਅਮ੍ਰਿਤਸਰ ਵਿਚ ਸ੍ਵਾਮੀ ਸੰਤੋਸ਼ਾਨੰਦ ਜੀ ਪ੍ਰਿੰਟਰ ਤੇ ਮੈਨੇਜਰ ਦੇ ਹੀ ਪ੍ਰਬੰਧ ਨਾਲ ਛਾਪ-ਕਰ ਪ੍ਰਕਾਸ਼ਿਤ ਕੀਤਾ ॥

ਪਹਿਲੀ ਵਾਰ ੨੦੦੦

ਮੋਖ ੨)

Sri Satguru Jagjit Singh Ji Elibrary NamdhariElibrary@gmail.com



## *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

### To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

## PERSONAL NOTE

| ਪ੍ਰਸੰਗ | ਪੰਨੇ |
|---|---|
| ਪ੍ਰਸ਼ਾਦ | ੩੨੯ |
| ਇਸ਼ਨਾਨ ਕਰੋ | ੩੩੨ |
| ਪੁਰਸ਼ ਸਿਖ੍ਯਾ | ੩੩੫ |
| ਵੁਤਾਰਾਅਤੇਸਹੰਸਰ ਦਾਨ ਤਥਾ-ਹਾਲਾ | ੩੪੨ |
| ਸ੍ਰੀਜਨਕ ਅਵਤਾਰ ਮੇਂ ਸ਼ੰਕਾ ਤਥਾ ਭਵਿਸ਼ਜਤ ਸਲੋਕ | ੩੪੪ |
| ਰਾਮ ਸਤ ਅਤੇ ਸ੍ਰੀ ਚੰਡੀ ਅਵਤਾਰ | ੩੪੭ |
| ਸਨਾਤਨ ਸਿਖ ਉਪਮਾ ਅਤੇ ਖਾਲਸਾ ਬੀਰ | ੩੪੯ |
| ਸ਼ਸਤ੍ਰ ਉਪਮਾ | ੩੫੪ |
| ਮਦ ਮਾਸਾਦਿਕ ਨਛੇਧ | ੩੫੫ |
| ਯਥਾ ਅੰਨ ਤਥਾ ਬੁਧਿ ਅਤੇ ਗ੍ਰਿਹਸਤ ਧਰਮ | ੩੬੧ |
| ਪੰਜ ਤ੍ਰੂੰ ਦੀ ਸਿਖੀ ਅਤੇ ਚਾਰ ਸਸੇ ਆਦਿ ਰਹਤ | ੩੬੪ |
| ਕੇਸ | ੩੬੬ |
| ...ਾਹਮਣ ਸਾਧ ਕੀ ਗੁ... ਕਰੋ | ੩੬੭ |
| ਤੁਲਸੀ ਆਦਿ... ਗ੍ਰੰਥ ਪੁਰਾਤ੍ਰਨੀ ਵਿਚ ਰਖ ਪ੍ਰ | ੩੭੨ |
| ਲਿਹੰਗ ਸਿੰਘ | ੩੭੫ |
| ਬਾਜਾਂ ਵਾਲੇ ਨੂੰ ਫ... | ੩੭੯. |
| | ੩੮੨ |

| ਪ੍ਰਸੰਗ | ਪੰਨੇ |
|---|---|
| ਨੀਚ ਉਚੀ ਜਗਾ ਬੈਠਕੇ ਉਚਾ ਨਹੀ ਹੋ ਸਕਦਾ | ੩੮੫ |
| ਨਵਾਂ ਜਨਮ | ੩੮੫ |
| ਤੀਨੋ ਭਗਤ ਔ ਨਵਾਂ ਸੇ ਅਵਰੋਧ ਤਥਾ ਨੀਤੀ ਗਰਭਗੀਤਾਦਿ ਰਹਤ | ੩੮੬ |
| ਅੰਨ ਦਾਨ ਅਤੇ ਸੋਚਨ ਜੋਗ ਪੁਰਸ਼ | ੩੮੮ |
| ਗੁਰੂ ਸਚਾ | ੩੯੧ |
| ਸ੍ਰਾਧ ਪਾਤ੍ਰ ਤਥਾ ਸੂਤਕ ਪਾਤਕ ਵਿਚਾਰ | ੩੯੨ |
| ਪਾਹਲ ਰੁਮਾਲ ਤਥਾ ਕੁਰਹਤਾਂ ਅਤੇ ਸਿਖ੍ਯਾ | ੩੯੬ |
| ਧੇਨੁ ਦੁਧੈ ਤੇ | ੪੦੧ |
| ਰਹਤ ਸੁਣੋ | ੪੦੨ |
| ਚੌਦਾਂ ਪ੍ਰਕਾਰ ਕਾ ਮ੍ਰਿਤੂ ਅਤੇ ਮਾਯਾ ਕੀ ਪ੍ਰਬਲਤਾ | ੪੦੪ |
| ਭਗਤੀ ਕਰੋ ਅਤੇ ਸਾਤ ਪ੍ਰਸਨ | ੪੦੮ |
| ਰਾਸਿਮੰਡਲ ਕੀਨੋ ਅਖਰਾ | ੪੧੨ |
| ਤਮਾਕੂ ਆਦਿਕ ਨਖੇਧ | ੪੨੦ |
| ਨੀਤੀਉਪਦੇਸ ਅਤੇ ਧਰਮ | ੪੨੩ |
| ਬਹਾਦਰ ਸ਼ਾਹ ਦਾ ਪ੍ਰ... | ੪੨੫ |
| ... ਅਤੇ ਗੱਖਾ ਕਵੀ | ੪੨੭ |
| ...ਥਾ ਸ੍ਰੀਦੇਵੀਮਾਤਾ ਪ੍ਰਗਟ | ੪੩੦ |
| ਮਾਤਾ ਗੋਦ ਅਤੇ ਪਾਹਲ ਭੇਦ ਤਥਾ ਪੰਜ ਪਿਆਰੇ ਔ ਵੇਦਾਨੁਸਾਰ ਸਿਖ੍ਯਾ | ੪੪੧ |
| ਬੇਮੁਖ ਅਤੇ ਮੂਰਖ ਦਾ ਤਿਆਗ | ੪੫੩ |
| ਅਥ ਮੰਗਲ | ੪੬੩ |




Sri Satguru Jagjit Singh Ji Elibrary NamdhariElibrary@gmail.com

# ॥ ਸ਼ੁੱਧੀ ਪਤ੍ਰ ॥

| ਨੰਬਰ | ਪੰਨਾ | ਪੰਗਤੀ | ਅਸ਼ੁੱਧ | ਸ਼ੁੱਧ |
|---|---|---|---|---|
| ੧ | ੧੧ | ੮ | ਰੁਰੂ | ਗੁਰੂ |
| ੨ | ੧੧੬ | ੮ | ਡਰਾ | ਡੇਰਾ |
| ੩ | ੧੧੯ | ੯ | ਜੇ ਮੋਹਾ ਘ<br>ਰਕਾ ਮੁਹੈ | ਜੇ ਮੋਹਾ ਕਾ<br>ਘਰੁ ਮੁਹੈ |
| ੪ | ੧੨੨ | ੧੬ | ਸੀ | ਸੇ |
| ੫ | ੧੨੪ | ੧੭ | ਜੀਵੰਦਿਆਂ | ਜੀਵੰਦਿਆ |
| ੬ | ੧੨੪ | ੧੯ | ਬੋਧੀਆਂ | ਬੋਧੀਆ |
| ੭ | ੧੩੨ | ੧੫ | ਲੈਹਿ ਹੈ | ਲਹਿਹੈ |
| ੮ | ੧੩੫ | ੭ | ਧਰਮ | ਪਰਮ |
| ੯ | ੧੩੯ | ੭ | ਵੇਸਾ | ਭੇਸਾ |
| ੧੦ | ੧੪੦ | ੭ | ਰਹੇ ਰਹੇ | ਰਹੇ |
| ੧੧ | ੧੪੦ | ੧੫ | ਰਾਖਸੁ | ਰਾਖ ਸੁ |
| ੧੨ | ੨੧੮ | ੨ | ਰੂਤ | ਰੁਤ |
| ੧੩ | ੨੩੭ | ੧੬ | ਦੈਕੇ | ਦੈਕੈ |
| ੧੪ | ੨੫੬ | ੨੦ | ਰੇ | ਕੇ |
| ੧੫ | ੨੬੮ | ੧ | ਅਰਥਾਂਤ | ਅਰਥਾਤ |
| ੧੬ | ” | ” | ਜਾਗ੍ਰਤੇ | ਜਾਗ੍ਰਤ |
| ੧੭ | ੨੭੦ | ੭ | ਗੁਹੂ | ਗੁਰੂ |
| ੧੮ | ੨੭੫ | ੧੨ | ਪਭ | ਪ੍ਰਭ |
| ੧੯ | ੨੭੮ | [illegible] | ਕੋਂ ਮਨੋ ਕੇਜਾ | ਜਮਜੋਧ[illegible] |
| ੨੦ | ੨੮੦ | [illegible] | [illegible] | ” |
| | | | ਅਰਥਹੈ। | [illegible] |
| ੨੧ | ੩੪੮ | ੧੬ | ਰੁਰ | ਗੁਰ |
| ੨੨ | ੩੫੭ | ੨੦ | ਮਲੈ | ਮਿਲੈ |
| ੨੩ | ੪੬੨ | ੭ | ਜਥੇਥਾ[illegible] | [illegible]ਵੇਦਾਰ |
| ੨੪ | ੪੬੪ | ੩ | ਅ[illegible] | [illegible]ਰਾ |
| ੨੫ | ੪੬੭ | ੨ | [illegible] | [illegible] |

Sri Satguru Jagjit Singh Ji Elibrary NamdhariElibrary@gmail.com

# ॥ ਗ੍ਰੰਥ ਵਿਸ਼ਯ ਸੂਚੀ ॥

ਤੀਰਥ ਵੇਦ ਪੁਰਾਣ ਤੇ ਗਊ ਮਾਤਾ ਬਿਪ੍ਰ ਸਾਧ ਸਰਾਧ ਸੁਰ ਜਾਨ ਲੀਜੈ।
ਤਿਲਕ ਜੰਞੂ ਔ ਹਿੰਦੂ ਹਮ ਜਾਨ ਸਾਰੇ ਜੱਗ ਹੋਮ ਤੇ ਭੂਸ਼ਣ ਬਿਧਾਨ ਲੀਜੈ।
ਸਿਖ ਨਵੇਂ ਪੁਰਾਤਨੀ ਭੇਦ ਜੇੜ੍ਹਾ ਦੇਵੀ ਮਾਤਾ ਦੇ ਚਰਨ ਫਰਮਾਨ ਲੀਜੈ।
ਸੂਤਕ ਪਾਤਕ ਵ੍ਯਵਸਥਾ ਬਣਾਇਕੇ ਤੇ ਗੁਰੂਵੰਸ਼ ਅਵਤੰਸ ਸੁਮਾਨਲੀਜੈ।
ਚਾਰੋ ਬਰਨਾ ਦੀ ਉਤਪਤੀ ਧਰਮ ਤਿਨਕੇ ਸਾਥ ਤਿਨ੍ਹਾ ਦੇ ਗੁਰੂ ਪ੍ਰਮਾਣ ਲੀਜੈ।

[ ਤਥਾ ]

ਸ੍ਰੀਚੰਦ ਬਾਬਾ ਰਿਖੀ ਹੋਰ ਸਾਰੇ ਰੂਪ ਤਿਨ੍ਹੋਂ ਕਾ ਕੁਛ ਬਿਧਾਨ ਕੀਤਾ।
ਰਾਮ ਸਿੰਘ ਔ ਸਤਿਗੁਰੂ ਗੁਪਤ ਜੈਸੇ ਤੈਸੇ ਉਨ੍ਹੋਂ ਕਾ ਕੁਛ ਬਿਧਾਨ ਕੀਤਾ।
ਪੂਜਾ ਖਾਣ ਅਧਿਕਾਰ ਤੇ ਪਾਠ ਬਿਧੀਆਂ ਧੂਪ ਆਰਤੀ ਵਿਚ ਬਿਧਾਨ ਕੀਤਾ।
ਪਰਮਹੰਸ ਔ ਖਾਲਸਾ ਸਤਿਗੁਰੂ ਦਾ ਨਾਲ ਤਿਨ੍ਹਾਂ ਦਾ ਮੇਲ ਬਿਧਾਨ ਕੀਤਾ।
ਵਿਵਾਹ ਅਤੇ ਆਨੰਦ ਦਾ ਜਾਣ ਨ੍ਰਿਨਾ ਗੰਗਾ ਫੁਲ ਤੇ ਕ੍ਰਿਯਾ ਬਿਧਾਨ ਕੀਤਾ।
ਬਹੁਤੀ ਉਸਤਤੀ ਖਾਲਸੇ ਪੰਥ ਦੀ ਹੈ ਨਾਲ ਰਹਤ ਦਾ ਵਿਚ ਬਿਧਾਨ ਕੀਤਾ।
ਭਗਤੀ ਵਿਸ਼ਯ ਔ ਨੀਤੀ ਦਾ ਧਰਮ ਜੇੜਾ ਨੀਚ ਜਾਤਿ ਤੇ ਦੂਰ ਬਿਧਾਨ ਕੀਤਾ।
ਘੁੰਡ ਕੱਢਣਾ ਪੜਦਾ ਜ਼ਰੂਰ ਕਰਣਾ ਧਰਮ ਇਸਤ੍ਰੀ ਸਰਵ ਬਿਧਾਨ ਕੀਤਾ।
ਆਦਿ ਦਸਮ ਗੁਰ ਸਾਖੀਸੌ ਜਨਮਸਾਖੀ ਸਰਬਲੋਹ ਗੁਰਦਾਸ ਬਿਧਾਨ ਕੀਤਾ।
ਗੁਰਬਿਲਾਸ ਔ ਸੂਰਜ ਪ੍ਰਕਾਸ਼ ਆਦਿਕ ਗੁਰਮਤਿ ਅਨੁਸਾਰ ਬਿਧਾਨ ਕੀਤਾ।
ਤੁਲਸੀ ਆਦਿਕ ਗ੍ਰੰਥ ਪੁਰਾਤਨੀ ਜੋ ਸੂਤ੍ਰ ਸਿੰਮ੍ਰਿਤੀ ਕੁਛ ਬਿਧਾਨ ਕੀਤਾ।
ਵਿਚ ਰਖ ਪ੍ਰਮਾਣ ਅਧਯਾਯ ਪੰ ਨੇ ਹਿੰਦੂ ਧਰਮ ਦਾ ਖੜਾ ਨਿਸ਼ਾਫ ਕੀਤਾ।
ਨਿਹੰਗ ਸਿੰਘ ਨੇ ਪੰਥ ਦੀ ਭੇਟ ਕੀਤੀ ਹਥ ਸਰਬ ਨੂੰ ਜੋੜ ਪ੍ਰਨਾਮ ਕੀਤਾ।
ਬਾਜਾਂ ਵਾਲੇ ਨੂੰ ਫਤਹ ਗਜਾਇ ਦੇਣੀ ਹਿੰਦੂ ਧਰਮ ਨੂੰ ਬੜਾ ਜਹਾਨ ਕੀਤਾ।

Sri Satguru Jagjit Singh Ji Elibrary NamdhariElibrary@gmail.com

# ॥ ਬਿਸ਼ਯਾਨੁਕ੍ਰਮਣਿਕਾ ॥


| ਪ੍ਰਸੰਗ | ਪੰਨੇ |
|---|---|
| ਮੰਗਲ | ੧ |
| ਅਨਜ ਕਵੀਆਂ ਕੀ ਬਾਣੀ ਮੇਂ ਸ਼ੰਕਾ | ੩ |
| ਧਰਮ ਨਸ਼ਟ ਦਾ ਕਾਰਣ | ੫ |
| ਰਾਗਮਾਲਾ ਮੰਡਨ | ੧੧ |
| ਤੀਰਥ ਮੰਡਨੁ | ੧੩ |
| ਵੇਦਪੁਰਾਣਾਦਿਕਮੰਡਨ | ੨੫ |
| ਅਵਤਾਰ | ੩੫ |
| ਸ਼੍ਰੀ ਗਣੇਸ਼ਾਦਿ | ੪੦ |
| ਅਵਤਾਰ | ੪੧ |
| ਸਿਆਮ ਗੁਰੂ | ੫੫ |
| ਅਵਤਾਰ | ੫੯ |
| ਸ੍ਰੀ ਬੰਸਰੀ | ੬੪ |
| ਅਵਤਾਰ | ੬੫ |
| ਸਿਆਮ ਗੁਰੂ | ੭੨ |
| ਅਵਤਾਰ | ੭੩ |
| ਰਾਮ ਗੁਰੂ ਅਭੇਦ ਅਤੇ ਵਾਹਿਗੁਰੂ | ੮੩ |
| ਦੂਸਰਾ ਅਧਯਾਯ— | |
| ਮੰਗਲ | ੯੦ |
| ਹਮ ਹਿੰਦੂ ਹੈਂ | ੯੧ |
| ਤਿਲਕ ਜੰਞੂ ਸ਼੍ਰਾਧਾਦਿਕ | ੧੦੯ |
| ਬਜ੍ਰ ਪਾਪ ਕਲਿ | ੧੨੨ |
| ਗਊ ਮਾਤਾ | ੧੩੮ |
| ਫੂਲ ਗੰਗਾ ਜੀ ਪਾਓ | ੧੪੬ |
| ਵੇਦ ਮਰਯਾਦਾ ਸੇ ਵਿਵਾਹ ਮੰਡਨ | ੧੫੧ |
| ਭੂਖਣ ਮੰਡਨ | ੧੬੮ |
| ਇਸਤ੍ਰੀ ਧਰਮ | ੧੭੬ |

| ਪ੍ਰਸੰਗ | ਪੰਨੇ |
|---|---|
| ਬ੍ਰਾਹਮਨ ਪੂਜਾ ਮੰਡਨ | ੧੮੯ |
| ਪੂਜਾ ਦਾ ਧਾਨ ਸ਼ਸਤ੍ਰ ਧਾਰੀ ਕੋ ਨਿਸ਼ਿਧ ਹੈ | ੨੧੪ |
| ਉਦਾਸੀਓਂ ਸੇ ਹਮਾਰਾ ਕੋਈ ਮੇਲ ਨਹੀਂ ਮੇਂ ਸ਼ੰਕਾ । | ੨੨੩ |
| ਧੂਪ ਦੀਪ ਆਰਤੀ ਆਦਿਕ ਕਰੋ । | ੨੩੨ |
| ਅਖੰਡ ਪਾਠ ਬਿਧਿ | ੨੪੪ |
| ਸ੍ਰੀ ਬਾਬਾ ਸ਼੍ਰੀਚੰਦ੍ਰ | ੨੫੧ |
| ਸ੍ਰੀ ਦੱਤਾਤ੍ਰੇਯ ਆਦਿ | ੨੬੫ |
| ਜੈਸਾ ਕਰਮ ਤੈਸਾ ਫਲ | ੨੭੦ |
| ਸ਼ੰਕਾ | ੨੭੯ |
| ਉੱਤਰ | ੨੮੧ |
| ਸਾਧੂ ਸਿਖ ਦੇਵਤੇ | ੨੮੨ |
| ਉਦਾਸੀ | ੨੮੬ |
| ਪਰਮਹੰਸ | ੨੯੦ |
| ਬਰਨ ਧਰਮ | ੨੯੨ |
| ਭਗਤ ਜਾਤੀ | ੨੯੪ |
| ਠਾਕੁਰ ਪੂਜਾ ਮੰਡਨ | ੨੯੯ |
| ਅਧਿਕਾਰੀ ਭੇਦ ਸੇ ਭਿਖਯਾ ਮੰਡਨ | ੩੦੪ |
| ਖਾਲਸਾ ਅਤੇ ਹਿੰਦੂਸ਼ਬਦ ਕਾ ਅਰਥ | ੩੧੦ |
| ਮੁਕਤੀ ਭੇਦ ਅਤੇ ਭਗੌਤੀ ਕਾ ਅਰਥ | ੩੧੨ |
| ਚਕ੍ਰ ਕਛਹਰਾਦਿਕ | ੩੧੫ |
| ਬੈਠਕਰ ਕਥਾ ਕੀਰਤਨ ਮੇਂ ਪ੍ਰਮਾਣ | ੩੧੬ |
| ਮੁਕਤਿ ਨਾਮੋ | ੩੨੨ |


Sri Satguru Jagjit Singh Ji Elibrary NamdhariElibrary@gmail.com

# ਭੂਮਿਕਾ

ਗ੍ਰੰਥ ਰਚਨਾ ਕੀ ਆਵਸ਼ਜਕਤਾ ਜਬ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਹਿੰਦੂ ਧਰਮ ਕੀ ਧ੍ਵਜਾ ਕੋ ਝੁਲਾਇਕਰ ਬੈਕੁੰਠ ਕੋ ਪਧਾਰੇ ਤਬ ਸੇ ਪੀਛੇ ਭਾਈ ਮਨੀ ਸਿੰਘ ਭਾਈ ਭਗਤ ਸਿੰਘ ਭਾਈ ਸੰਤੋਖ ਸਿੰਘ ਤਥਾ ਮਹਾਰਾਜ ਰਾਮ ਸਿੰਘ ਆਦਿਕੋਂ ਨੇ ਜੋ ਗੁਰੂ ਮਤਿ ਅਨੁਸਾਰ ਗ੍ਰੰਥੋਂ ਕੀ ਰਚਨਾ ਕੀਤੀ, ਅਤੇ ਗੁਰੂ ਈਸ਼੍ਵਰ ਨਾਲ ਮਨੋ ਤਨੋ ਪ੍ਰੇਮ ਅਤੇ ਸਿਦਕ ਪੂਰਾ ਨਿਬਾਹਿਆ। ਫਿਰ ਕੁਛ ਦਿਨਾ ਵਾਦ ਕੁਛ ਖੁਦ ਗਰਜ਼ ਆਦਮੀਓਂ ਨੇ ਅਪਨੇ ਪੇਟ ਪਾਲਨਾ ਕਰਨੇ ਕੇ ਲੀਏ ਤਿਨ ਸਨਾਤਨੀ ਸਿੰਘ ਤਥਾ ਗੁਰੂ ਸਿਧਾਂਤ ਕੋ ਛੋੜਕਰ ਅਪਨੇ ਮਤਿਅਨੁਸਾਰ ਮਨ ਘੜਤ ਕਲਪ-ਨਾ ਸ਼ੁਰੂ ਕਰੀ ਅਤੇ ਆਮ ਲੋਕਾਂ ਨੇ ਗੁਰੂ ਸਿੰਘਾਂ ਦਾ ਮਤ ਸਮਝ ਕਰ ਉਸੀ ਮੇਂ ਪ੍ਰਬ੍ਰਿਤ ਹੋ ਗਏ। ਅਤੇ ਅਗਾ ਪਿੱਛਾ ਨਾ ਬੀਚਾਰਿਆ, ਨਾ ਗ੍ਰੰਥੋਂ ਕੋ ਦੇਖਿਆ। ਪਰੰਤੂ ਜਬ ਯਹਾਂ ਤਕ ਨੌਵਤ ਪਹੁੰਚ ਗਈ ਕਿ ਹਮਾਰੇ ਲੀਏ ਗਊ ਬਕਰਾ ਏਕ ਹੈ ਔਰ ਹਮ ਹਿੰਦੂ ਨਹੀਂ ਅਤੇ ਗੁਰੂ ਦੇਵਤਾਓਂ ਕੀ ਨਿੰਦਾ ਹੋਤੀ ਸੁਨਕਰ ਇਸ ਕੂਕਰ ਦਾ ਚਿੱਤ ਸੰਸਾਰ ਸੇ ਅਤੀ ਉਦਾਸ ਹੋਗਿਆ, ਅਤੇ ਚਾਹਿਆ ਕਿ ਕਿਸੀ ਪਰਬਤ ਕੀ ਕੰਦਰਾ ਮੇਂ ਬੈਠਕਰ ਫਲ ਫੂਲ ਖਾਇਕਰ ਗੁਜ਼ਰਾਨ ਕਰੇਂਗੇ। ਅਬ ਈਹਾਂ ਰਹਨਾ ਔਰ ਇਸ ਅਧਰਮ ਕਾ ਸਹਨ ਕਰਨਾ ਦੁਰਘਟ ਹੈ। ਪਰੰਤੂ ਸ੍ਰੀ ਸੋਢੀ ਸਿਰਤਾਜ ਜਗਦ ਗੁਰੂ ਕਲਗੀ ਵਾਲੇ ਹਿੰਦੂ ਪਾਲਕ ਅਪਨੇ ਜਾਨ ਕੇ ਟੁਕੜੋਂ ਕੀ ਕੁਰਬਾਨੀ ਦੇਕੇ ਇਸ ਹਿੰਦੂ ਧਰਮ ਰੂਪ ਬਗੀਚੀ ਕੋ ਹਰੀ ਭਰੀ ਰਖਨੇ ਬਾਲੇ ਸਰਬ ਕੇ ਪ੍ਰੇਰਕ ਕਾਲ ਕੇ ਕਾਲ ਅਕਾਲ ਪੁਰਖ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਦਸਮਾ ਸ੍ਵਰੂਪ ਸ੍ਰੀਗੁਰੂ ਗੋਬਿੰਦ ਸਿੰਘ ਜੀ ਨੇ ਚਿਤ ਕੋ ਆਕਰਸ਼ਣ ਕੀਆ ਅਤੇ ਅਪਨੇ ਪਰਮ ਪਵਿਤ੍ਰ ਚਰਨ ਕਮਲੋਂ ਵਲ ਧ੍ਯਾਨ ਕਰਵਾਇਆ। ਤਬ ਖਾਲਸਾ ਸੂਰਜਵੰਸ਼ ਦੀ ਲਾਜ ਆਈ ਕਿ ਭਜਣਾ ਮਰਦ ਕਾ ਧਰਮ ਨਹੀਂ, ਇਸ ਰੀਤਿ ਸੇ ਗਿਰਾ ਹੂਆ ਮਨ ਰੂਪੀ ਮੁਰਦਾ ਫਿਰ ਸਾਵਧਾਨ ਹੂਆ, ਤਬ ਕੁਛਕ ਦਿਨੋਂ ਮੇਂ ਸਰਬਤ ਸੰਤ ਖਾਲਸੇ ਤਥਾ ਸਾਧੂ ਬ੍ਰਾਹਮਣੋਂ ਕੀ ਕੁਛ ਭੇਟਾ ਰਖਨੇ ਕੋ ਫੁਰਨਾ ਹੂਆ ਸੋ ਭੀ ਆਪਣੀ ਰਚਨਾ ਨਹੀਂ ਕਿੰਤੂ ਗੁਰੂਜੀ ਤਥਾ ਗੁਰੂ ਸਿੰਘ ਅਤੇ ਪੁਰਾਤਨ ਰਿਸ਼ੀਓਂ ਨੇ ਜੋ ਜੋ ਲਿਖਾ ਤਿਨਮੇਂ ਸੇ ਕਛੁਕ ਭੇਟਾ ਕੀਤਾ।

ਇਸ ਗ੍ਰੰਥ ਕੋ ਰਾਜਾ ਤਥਾ ਪ੍ਰਜਾ ਕੋਈ ਪੁਰਸ਼ ਹੋ ਗੁਰੂ ਲਖਜ ਦ੍ਵਾਰਾ ਪੜ੍ਹ ਕਰ ਧਾਰਨ ਕਰਨੇ ਵਾਲਾ ਪਰਮ ਗਤੀ ਕੋ ਪ੍ਰਾਪਤ ਹੋਵੇਗਾ, ਜਹਾਂ ਚੂਕ ਹੋਵੈ ਤੋ ਤਿਸੀ ਗ੍ਰੰਥ ਕੇ ਸਾਥ ਪਾਠ ਸ਼ੋਧ ਕੇ ਪੜ੍ਹਨਾ ਅਤੇ ਜੋ ਇਸ ਗ੍ਰੰਥ ਕੀ ਉਲਟ ਰਚਨਾ ਕਰਕੇ ਅਪਨੀ ਹੌਂ ਪ੍ਰਗਟ ਕਰੇਗਾ ਸੋ ਦੋਨੋਂ ਜਹਾਨੋਂ ਮੇਂ ਖੁਆਰ ਹੋਵੈਗਾ। ਅਤੇ ਇਹ ਅਵਿਦਕ ਜੀਵ ਹਰਦਮ ਹੀ ਭੂਲਨ ਹਾਰ ਹੈ,ਜੇਕਰ ਮੇਰੇ ਪਾਪਾਂ ਵਲ ਧਜਾਨ ਦੇਕਰ ਕਿਸੀ ਕਾ ਹਿਰਦਾ ਦੁਖ ਜਾਵੇ ਸੋ ਮੇਰਾ ਦੋਸ਼ ਨਹੀਂ ਕਿੰਤੂ ਪਾਪੋਂ ਕਾ ਹੈ । ਸੋ ਗੁਰਬਾਣੀ ਕਾ ਖੋਜ ਕਰੇ, ਹਾਂ ਇਕ ਸ਼ਬਦ ਪੜ੍ਹਕੇ ਦੂਸਰੇ ਕੀ ਵਜਵਸਥਾ ਨਾ ਕਰਨੀ ਸੋ ਖਾਸ ਗਲਤੀ ਪਰ ਹਨ। ਔਰ ਯਹ ਪੁਸਤਕ ਕਿਸੀ ਕੇ ਦਿਲ ਦੁਖਾਨੇ ਕੇ ਲੀਏ ਨਹੀਂ ਬਨਾਯਾ ਗਿਆ, ਕਿੰਤੂ ਗੁਰੂਮਤ ਕਾ ਕੁਛਕ ਆਸ਼ਯ ਪ੍ਰਗਟ ਕੀਆ ਹੈ, ਅਤੇ ਕਿਸੀ ਕਾ ਪਖਜ ਨਹੀਂ ਕੀਆ ਸਿਵਾਇ ਧਰਮ ਕੇ ਸੋ ਆਦਿ ਸੇ ਅੰਤ ਪ੍ਰਯੰਤ ਪੜ੍ਹਕੇ ਨ੍ਰਿਣੇ ਕਰੋ ਅਗਰ ਸਚਾਈ ਕੋ ਪ੍ਰਗਟ ਕਰਨੇ ਸੇ ਯਦੀ ਕਿਸੀ ਭ੍ਰੂਣੇ ਕਾ ਦਿਲ ਦੁਖੇ ਤੋ ਬਾਣੀ ਕਾ ਦੋਸ਼ ਨਹੀਂ, ਉਸੀ ਕੇ ਸੁਭਾਵ ਕਾ ਦੋਸ਼ ਹੈ ਇਸ ਬਾਤ ਕੋ ਗੁਰੂ ਜੀ ਨੇ ਸਾਫ ਲਿਖਾ ਹੈ ਸੋਰਠ ਦੀ ਵਾਰ "ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ਪੌ: ੧੦ ॥" ਤਥਾ,–'ਰੋਗੀ ਕੇ ਜਖਮ ਕੀ ਸਫਾਈ ਕਰਨੇ ਵਾਸਤੇ ਬੈਦਜ ਕੋ ਯਦੀ ਰੋਗੀ ਬੁਰੇ ਖਜਾਲ ਸੇ ਦੇਖੇ ਯਹ ਰੋਗੀ ਕਾ ਹੀ ਅਬਿਬੇਕ ਹੈ ਬੈਦਜ ਕਾ ਇਰਾਦਾ ਦੁਖ ਦੇਨੇ ਕਾ ਨਹੀਂ' ਤੈਸੇ ਹੀ ਗੁਰੂ ਰੂਪ ਵੈਦਜ਼ ਕੇ ਸ਼ਬਦ ਰੂਪ ਦਵਾਈਓਂ ਕਾ ਸੰਗ੍ਰਹ ਕਰਕੇ ਸੰਸਾਰ ਰੋਗ ਕੇ ਰੋਗੀਓਂ ਕੇ ਫਾਇਦੇ ਕਾ ਉਪਾਇ ਦਸਿਆ ਹੈ ।

ਭਾਈ ਸਾਹਿਬਸਿੰਘ ਜੀ ਕਾ ਸੇਵਕ ਸਨਾਤਨ ਅਕਾਲੀ
ਛਤ੍ਰੀ ਨਿਹੰਗ 'ਸਪੂਰਨ ਸਿੰਘ' ਬੁਢਾ ਦਲ ਬਹੀਰ
੧੯੭੯ ਬਿ: ਕੁਲ ੫ ਮਹੀਨੇ ਵਿਚ ਗ੍ਰੰਥ ਤਯਾਰ ਕੀਤਾ।

Sri Satguru Jagjit Singh Ji Elibrary NamdhariElibrary@gmail.com

ੴ ਸਤਿਗੁਰਪ੍ਰਸਾਦਿ ॥ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਅਥ ਸੂਰਜ ਬੰਸੀ ਖਾਲਸਾ ਪੰਥ ਰੀਥ ਲਿਖ੍ਯਤੇ ॥

## ਧ੍ਯਾਇ ਪਹਿਲਾ

{ ਮੰਗਲਾ ਚਰਣ }

ਸਲੋਕ ॥ ਡੰਡਉਤ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ । ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ [ਗਉੜੀ ਬਾਵਨ ਅਖਰੀ ॥

ਆਦਿ ਗੁਰੁਏਨਮਹ । ਜੁਗਾਦਿ ਗੁਰੁਏਨਮਹ ॥
ਸਤਿਗੁਰ੍ਰਏਨਮਹ । ਸ੍ਰੀ ਗੁਰੁਦੇਵਏਨਮਹ ॥
[ਗਉੜੀ ਸੁਖਮਨੀ ਮਃ ੫ ॥

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਛਪਯਛੰਦ ਤ੍ਵਪ੍ਰਸਾਦਿ ॥ ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ । ਰੂਪ ਰੰਗ ਅਰੁ ਰੇਖ ਭੇਖ ਕੋਊ ਕਹ ਨ ਸਕਤਿ ਕਿਹ । ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜੁ ਕਹਿਜੈ । ਕੋਟਿ ਇੰਦ੍ਰ

Sri Satguru Jagjit Singh Ji Elibrary NamdhariElibrary@gmail.com

ਇੰਦ੍ਰਾਣਿ ਸਾਹ ਸਾਹਾਨ ਗਣਿਜੈ। ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਣ ਤ੍ਰਿਣ ਕਹਿਤ। ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥

ਤਥਾ ਚੰਡੀ ਚਰਿਤ੍ਰ ਉਕਤ ਬਿਲਾਸ—ਜੋਤ ਜਗਮਗੈ ਜਗਤ ਮੈ ਚੰਡ ਚਮੁੰਡ ਪ੍ਰਚੰਡ। ਭੁਜ ਦੰਡਨ ਦੰਡਨ ਅਸੁਰ ਮੰਡਨ ਭੁਇ ਨਵ ਖੰਡ॥ [ਧਿ: ੧ ਛੰਦ ੩॥

ਦੋਃ॥ ਚੜੀ ਚੰਡਕਾ ਚੰਡ ਹ੍ਵੈ ਤਪਤ ਤਾਂਬਰ ਸੇ ਨੈਨ।
ਮਤ ਭਈ ਮਦਰਾ ਭਏ ਬਕਤ ਅਟਪਟੇ ਬੈਨ॥
[ਪਖਿਯਾਨ ਚਰਿਤ੍ਰ ਧਿ: ੧ ਛੰਦ ੩੦॥

ਦੋ:॥ ਮੂਕ ਉਚਰੈ ਸ਼ਾਸਤ੍ਰ ਖਟ ਪਿੰਗ ਗਿਰਨ ਚੜਿ ਜਾਇ। ਅੰਧ ਲਖੈ ਬਧਰੋ ਸੁਨੈ ਜੌ ਤੁਮ ਕਰੋ ਸਹਾਇ॥ ਚਰਿਤ੍ਰ ੧॥ ਛੰਦ ੪੩॥

ਤਥਾ ਸਵੈਯਾ॥ ਖੰਡ ਅਖੰਡਨ ਖੰਡ ਕੈ ਚੰਡਿ ਸੁ ਮੁੰਡ ਰਹੇ ਛਿਤ ਮੰਡਲ ਮਾਹੀ। ਦੰਡ ਅਦੰਡਨ ਕੋ ਭੁਜ ਦੰਡਨ ਭਾਰੀ ਘਮੰਡ ਕੀਯੋ ਬਲਬਾਹੀ। ਬਾਪਿ ਅਖੰਡਲ ਕੋ ਸੁਰ ਮੰਡਲ ਨਾਦ ਸੁਨਿਯੋ ਬ੍ਰਹਮੰਡ ਮਹਾਹੀ। ਕ੍ਰੂਰ ਕੁਵੰਡਲ ਕੋ ਰਨ ਮੰਡਲ ਤੋ ਸਮ ਸੂਰ ਕੋਊ ਕਹੂ ਨਾਹੀ॥
[ਪਖਯਾਨ ਚੰਡੀ ਚਰਿਤ੍ਰ ਧਿ: ੧ ਛੰਦ ੪੮॥

ਦਸਮ ਦਰਬਾਰ ਪੰਨਾ ੪੪੯॥

ਤਥਾ ਕਬਿੱਤ—ਸੰਕਟ ਹਰਨ ਸਭ ਸਿੱਧ ਕੀ ਕਰਨ

Sri Satguru Jagjit Singh Ji Elibrary NamdhariElibrary@gmail.com

ਚੰਡ ਤਾਰਨ ਤਰਨ ਸਰਨ ਲੋਚਨ ਬਿਸਾਲ ਹੈ। ਆਦਿ ਜਾਕੇ ਅਹਿਮ ਹੈ ਅੰਤ ਕੋ ਨ ਪਾਰਾਵਾਰ ਸਰਨ ਉਬਾਰਨ ਕਰਨ ਪ੍ਰਤਿਪਾਲ ਹੈ । ਅਸੁਰਨ ਸੰਘਾਰਨ ਅਨਕ ਦੁਖ ਜਾਰਨ ਸੁ ਪਤਿਤ ਉਧਾਰਨ ਛੁਡਾਇ ਜਮ ਜਾਲ ਹੈ। ਦੇਬੀ ਬਰ ਲਾਇਕ ਸੁ ਬੁਧਹੂੰ ਕੀ ਦਾਇਕ ਸੁ ਦੇਹ ਬਰ ਪਾਇਕ ਬਨਾਵੈ ਗ੍ਰੰਥ ਹਾਲ ਹੈ ॥

[ਸ੍ਰੀ ਕ੍ਰਿਸਨਾਵਤਾਰ ਛੰਃ ੭ ਦਸਮਗ੍ਰੰਥ ਪੰਨਾ ੧੫੯ ॥

ਸ਼ੰਕਾ—ਗੁਰੂ ਘਰ ਮੇਂ ਦੇਵੀ ਨਹੀਂ ਮਾਨੀ ਆਪ ਨੇ ਮੰਗਲਾ ਚਰਣ ਕੀਆ ਹੈ ॥

ਉੱਤ੍ਰ—ਆਪ ਗੁਰੂ ਘਰ ਕੇ ਕਿਤਨੇ ਗ੍ਰੰਥੋਂ ਕੋ ਮਾਨ ਕਰ ਦੇਵੀ ਪ੍ਰਸਿੱਧੀ ਮੇਂ ਸ਼ੰਕਾ ਕਰਤੇ ਹੋ ?

ਉੱਤ੍ਰ—ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ ਤੋਂ ਬਿਨਾਂ ਹਮਾਰੇ ਕੋ ਕੋਈ ਸ੍ਵੀਕ੍ਰਿਤ ਨਹੀਂ ॥

ਸ਼ੰਕਾ—ਹਮ ਪੂਛਤੇ ਹੈਂ ਸ੍ਰੀ ਗੁਰੂ ਨਾਨਕ ਦੇਵ ਜੀ ਤਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਜੀਵਨ ਚਰਿੱਤ੍ਰ ਕਹਾਂ ਲਿਖੇ ਹੈਂ ? ਆਦਿ ਮੇਂ ਤੋ ਹੈ ਨਹੀਂ ॥

ਉੱਤ੍ਰ—ਹਮ ਦਸਮ ਗੁਰੂ ਗ੍ਰੰਥ ਸਾਹਿਬ ਜੀ ਕੋ ਮਾਨ ਕੇ ਸਿੱਧ ਕਰੇਂਗੇ, ਗੁਰੂ ਜੀ ਕਾ ਜਨਮ ਪਟਣੇ ਸਾਹਿਬ ਕਾ ਹੈ ॥

ਸ਼ੰਕਾ—ਤੌ ਭੀ ਨੌਂ ਸਤਿਗੁਰੂਓਂ ਕੇ ਜੀਵਨ ਚਰਿੱਤ੍ਰ

Sri Satguru Jagjit Singh Ji Elibrary NamdhariElibrary@gmail.com

ਨਹੀਂ ਮਿਲੇਂਗੇ ਔਰ ਦਸਮ ਦਰਬਾਰ ਮੇਂ ਸੇ ਭੀ ਸਾਰੀ ਬਾਣੀ ਆਪ ਕੋ ਇਸ਼ਟ ਹੈ ਯਾ ਕਿ ਕੋਈ ਅੰਸ਼ ?

ਉੱਤ੍ਰ—ਜੋ ਸ੍ਰੀ ਮੁਖਵਾਕ ਹੈਂ ਸੋ ਮਾਨਤੇ ਹੈਂ ਦੂਸਰੀ ਕਵੀਯੋਂ ਕੀ ਹੈ।

ਸ਼ੰਕਾ—ਇਸ ਮੇਂ ਕੌਣ ਪ੍ਰਮਾਣ ਹੈ ?

ਉੱਤ੍ਰ—ਕਵੀਓ ਵਾਚ ਲਿਖਾ ਹੈ ਔਰ ਭਾਈ ਕਰਤਾਰ ਸਿੰਘ ਜੀ ਨੇ ਭੀ ਦਸਮੇਸ ਪ੍ਰਕਾਸ਼ ਗ੍ਰੰਥ ਜੋ ੧੯੭੨ ਮੇਂ ਬਣਾਯਾ ਹੈ ਤਿਸਕੇ ੨੫੧ ਪੰਨੇ ਕੀ ਟਿੱਪਣੀ ਮੇਂ ਲਿਖਾ ਹੈ ਕਿ ਸਯਾਮ ਕਵੀ ਕੀ ਬਾਣੀ ਹੈ॥

ਸ਼ੰਕਾ—ਪ੍ਰਥਮ ਤੋ ਕਹਿਤੇ ਥੇ ਕਿ ਹਮ ਆਦਿ ਗੁਰੂ ਗ੍ਰੰਥ ਜੀ ਬਿਨਾਂ ਮਾਨਤੇ ਹੀ ਨਹੀਂ ਫਿਰ ਦਸਮ ਕੀ ਭੀ ਬਾਣੀ ਕੁਛ ਅੰਗੀਕਾਰ ਕਰਕੇ ਅਬ ਮੂਲੋਂ ਹੀ ਨੀਚੇ ਗਿਰ ਗਏ ਕਿ ਜਿਸਕਾ ਦਸਮੇਸ ਪ੍ਰਕਾਸ਼ ਏਕ ਨਾਮ ਹੀ ਸ੍ਰੇਸ਼੍ਟ ਹੈ ਔਰ ਬੀਚ ਮੇਂ ਤੋ ਲੂਣ ਹੀ ਠੱਪਾ ਹੂਆ ਹੈ। ਯਥਾ—"ਮੇਰਾ ਸਿਖ ਨਾਹੀ ਪਿਤ੍ਰ ਦੇਵ ਪੂਜੇ ਫੁਲ ਮੋਇਆਂ ਦੇ ਗੰਗਾ ਸੁਟਾਇ ਜੋਹੜਾ।" ਤਥਾ—ਗੁਰ ਬਿਲਾਸ ਸੂਰਜ ਪ੍ਰਕਾਸ਼ਾਦਿਕੋਂ ਕੇ ਲੇਖ ਸੇ ਹਮ ਦੇਵੀ ਪ੍ਰਸਿੱਧੀ ਨਹੀਂ ਮਾਨਤੇ। ਯਹ ੧੭੯ ਪੰਨੇ ਪਰ ਕਹ ਕਰ ਫਿਰ ਦਸਮੇਸ ਪ੍ਰਕਾਸ਼ ਕੇ ਹੀ ੨੧੯ ਪੰਨੇ ਪਰ ਸੂਰਜ ਪ੍ਰਕਾਸ਼ ਕੀ ਰੁਤ ੩ ਅੰਸੂ

Sri Satguru Jagjit Singh Ji Elibrary NamdhariElibrary@gmail.com

੫੦ ਕਾ ਪ੍ਰਮਾਣ ਦੇਕਰ ਅਨੰਦ ਸਿੱਧ ਕੀਆ ਹੈ। ਤਥਾ—"ਮੇਰਾ ਸਿਖ ਨਾਹੀ ਗੁਰ ਰੀਤ ਬਿਨਾ ਰੀਤ ਵੇਦ ਕਤੇਬ ਕਮਾਏ ਜੇਹੜਾ।" ਤਥਾ ਤਿਸਮੇਂ ਸੌ ਸਾਖੀ ਆਦਿ ਗ੍ਰੰਥੋਂ ਕੇ ਪ੍ਰਮਾਣ ਬੀ ਲਿਖੇ ਹੈਂ ਫਿਰ ਕਹਤੇ ਹੈਂ ਹਮ ਔਰ ਗ੍ਰੰਥ ਮਾਨਤੇ ਨਹੀਂ। ਕਿਆ ਦਸਮੇਸ ਪਿਤਾ ਜੀ ਕੇ ਹੀ ਗੁਰੂ ਗ੍ਰੰਥ ਸਾਹਿਬ ਨਾਲ ਆਪ ਕਾ ਵੈਰ ਹੈ ? ਤਥਾ ਇਨ ਨਵੀਨ ਜੱਥੋਂ ਕੇ ਗ੍ਰੰਥੋਂ ਕੀ ਔਰ ਭੀ ਪਰਸਪਰ ਵਿਰੋਧਤਾ ਸੁਣੋ, ਯਥਾ ਵਿਜੈ ਮੁਕਤ 'ਧਰਮ ਸ਼ਾਸਤ੍ਰ' ਜੋ ਕਿ ੧੯੫੩ ਸੰਬਤ ਮੇਂ ਛਪਾ ਹੈ ਤਿਸ ਕੀ ੪੨ ਸਾਖੀ ਮੇਂ ਸ੍ਰੀ ਕ੍ਰਿਸ਼ਨ ਭਗਵਾਨ ਜੀ ਕੋ ਪਸ਼ੂ ਸਿੱਧ ਕੀਆ ਹੈ॥ ਪੁਨਾ ਤਿਸੀ ਕੀ ੭੬ ਸਾਖੀ ਮੇਂ ਗੁਰੂ ਅਰਜਨ ਦੇਵ ਜੀ ਕੋ ਕ੍ਰਿਸ਼ਨ ਜੀ ਕਾ ਅਵਤਾਰ ਲਿਖਾ ਹੈ। ਤਥਾ ੮੭ ਵੀਂ ਸਾਖੀ ਮੇਂ ਖੜਕ ਸਿੰਘ ਕੋ ਵਸਿਸ਼੍ਟ ਜੀ ਕਾ ਅਵਤਾਰ ਲਿਖ ਕਰ ਆਗੇ ਸਾਖੀ ੧੧੫ ਵੀਂ ਮੇਂ ਵਸਿਸ਼੍ਟ ਜੀ ਕੋ ਵੇਸਵਾ ਕਾ ਪੁਤ੍ਰ ਲਿਖ ਦੀਆ ਹੈ, ਇਤਯਾਦਿ ਬਹੁਤ ਸੀ ਵਿਰੋਧਤਾ ਹੈ। ਤਥਾ ਔਰ ਭੀ ਇਨਕੇ ਗੁਰੂ ਖਾਲਸੇ ਤੋਂ ਵਿਰੁੱਧ ਗ੍ਰੰਥੋਂ ਕੇ ਲੇਖ ਕਾ ਨਮੂਨਾ ਕਹਤਾ ਹੂੰ:—

ਯਥਾ—ਖਾਲਸਾ ਧਰਮ ਦੀਪਕ ਟ੍ਰੈਕਟ ਵਿਚ ਜੋ ਭਾਈ ਹਰਨਾਮ ਸਿੰਘ ਨੇ ਛਪਵਾਯਾ ਹੈ, ਤਹਾਂ।

Sri Satguru Jagjit Singh Ji Elibrary NamdhariElibrary@gmail.com

ਚੌਃ—ਤੀਰਥ ਸਿੰਘ ਨ ਕੋਈ ਜਾਵੈ॥
ਰੰਗਾਦਿ ਸੇ ਮੁਕਤ ਨਾ ਪਾਵੈ॥ ਪੰਨਾ ੯॥

ਤਥਾ—੧੪ ਪੰਨੇ ਕੀ ਸਨਾਤਨ ਸਿੰਘਾਂ ਤਥਾ ਗੁਰਬਾਣੀ ਤੋਂ ਬੇਮੁਖਤਾ।

ਚੌਃ—ਅਬ ਸਿੰਘਨ ਮੇ ਭਈ ਉਪਾਧੀ॥
ਨਾਮ ਧਾਰੀਏ ਨਿਰਮਲੇ ਆਦੀ॥
ਫਿਰ ਵੈਸਨ ਯਹ ਮਤ ਧਸਾਵੈ॥
ਸੂਰ ਬੀਰਤਾ ਰਾਹ ਡੁਬਾਵੈ॥
ਕਰੈ ਸਿੰਘ ਸੰਜਮ ਨਾ ਕੋਈ॥
ਮਾਰੇ ਇੰਦ੍ਰੇ ਕਿਆ ਗੁਣ ਹੋਈ॥
ਕਭੀ ਦਾਉ ਇਨਕਾ ਨਹੀ ਖਾਣਾ॥
ਮਤ ਵੈਸ਼ਨਵ ਕੇ ਨਿਕਟ ਨ ਜਾਣਾ॥ ਇਤਿ॥

ਅਤੇ ਗੁਰਬਾਣੀ ਯਹ—"ਕਬੀਰ ਵੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ। ਓਹੁ ਨਿਤ ਸੁਨੈ ਹਰਿ ਨਾਮ ਜਸੁ ਓਹ ਪਾਪ ਬਿਸਾਹਨ ਜਾਇ॥"[ਸਃ ੫੨॥

ਤਥਾ ਬਿਲਾਵਲ ਰਵਿਦਾਸ ਜੀ॥

"ਜਿਹ ਕੁਲ ਸਾਧੁ ਬੈਸਨੋ ਹੋਇ। ਬਰਨ ਅਬਰਨ ਰੰਕ ਨਹੀ ਈਸਰੁ ਬਿਮਲ ਬਾਸੁ ਜਾਨੀਐ ਜਗਿਸੋਇ॥"

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦॥

ਬਕਤਾ ਲਛਣ—"ਬਕਤਾ ਪੰਡਤ ਗਿਆਨੀ ਹੋਇ।

Sri Satguru Jagjit Singh Ji Elibrary NamdhariElibrary@gmail.com

ਸ੍ਰੁਤਿ ਸ਼ਾਸਤ੍ਰ ਪੁਰਾਣ ਰਤਿ ਹੋਇ । ਬਿਬੇਕੀ ਅਉ-ਕੁਲੀਨ ਸਤਬਾਦੀ । ਸਸਬਰਨੀ ਅਰਪੁਨ ਅਹਲਾਦੀ ॥ ੧ ॥ ਕ੍ਰਿਯਾਵਾਨ ਸੁਚ ਰਖੈ ਸਰੀਰ । ਤ੍ਰੈਕਾਲ ਸੰਧਿਯਾ ਕਰੈ ਮਤਿ ਧੀਰ । ਬਿਸਨ ਉਪਾਸਕ ਬੈਸਨਵ ਧਰਮ । ਅਲੋਭੀ ਅਲੰਪਟ ਸੁਭ ਜਿਹ ਕਰਮ ॥੨॥" ਤਥਾ ਸ੍ਰੋਤਾ ਲਛਣ ਵਿਚੋਂ—"ਅਸਥਿਰਮਤਿ ਹੁਇ ਸੁਨੈ ਪੁਰਾਨਾ । ਅਚਾਰ ਸੰਯੁਕਤ ਮਤਿ ਅਸਥਿਰ ਠਾਨਾ"।

ਸ੍ਰੀ ਸਰਬਲੋਹ ਗ੍ਰੰਥੇ ਧਿਃ ੫ ॥ ਪੰਨਾ ॥੪੯੨
ਛੰਦ ੬ ॥ ਇਤੀ ॥

ਤਥਾ ਯਹ ਸ਼੍ਰੋਤਾ ਬਕਤਾ ਕੇ ਲਛਣ ਗੁਰ ਪ੍ਰਤਾਪ ਸੂਰਜ ਗ੍ਰੰਥ ਕੀ ਰਾਸ ੫ ਅੰਸੂ ੪੨ ਮੇ ਭੀ ਸਪਸ਼੍ਰ ਹੈਂ

ਭਾਵ ਪੂਰਬੋਕਤ ਗੁਰਬਾਣੀ ਕਾ ਲੁਪਤ ਕਰਨਾ ਹੀ ਧਰਮ ਨਸ਼੍ਰ ਕਾ ਕਾਰਣ ਹੈ ॥ ਤਥਾ ॥ ਇਨ ਸਿੰਘ ਸਭੀਆਂ ਵਲੋਂ ਸਾਡੇ ਸਨਾਤਨੀ ਗੁਰੂ ਕੇ ਲਾਲਾਂ ਨਿਹੰਗ ਸਿੰਘਾਂ ਨਿਰਮਲੇ ਤਥਾ ਨਾਮਧਾਰੀਏ ਸਿੰਘਾਂ ਨੂੰ ਰਾਹ ਪਾਨ ਲਈ ਅਨੇਕ ਟ੍ਰੈਕਟ ਛਪਵਾਇਕੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਕੋ ਗੱਦੀ ਤੋਂ ਉਤਾਰਕੇ ਤਥਾ ਕਵੀਓਂ ਕੇ ਗਪੌੜੇ ਦਸਕੇ ਆਪਣਾ ਹੀ ਮਨਮਤਾ ਕਰਕੇ "ਪੁਨ ਰਾਛਸ ਕਾ ਕਾਟਾ ਸੀਸਾ" ਯਹ ਚੌਪਾਈ ਪੜਨੀ ਕਈਆਂ ਨੇ ਛੱਡ ਦਿਤੀ ਹੈ। ਔ ਜੋ ਉਰਦੂ, ਫਾਰਸੀ

Sri Satguru Jagjit Singh Ji Elibrary NamdhariElibrary@gmail.com

ਅੰਗ੍ਰੇਜ਼ੀ ਆਦਿ ਇਸ ਕੋ ਪੱਕੀ ਸਮਝ ਕੇ ਕੇਵਲ ਸ੍ਵਾਰਥ ਪਰਾਇਣ ਹੋਕਰ ਵੇਦ ਬਾਣੀ ਤਥਾ ਗੁਰੂਬਾਣੀ ਸੌ ਸਾਖੀ ਆਦਿਕਾਂ ਨੂੰ ਬ੍ਰਾਹਮਣਾਂ ਦੇ ਗੱਪ ਕਹੇ ਔ ਭਾਈ ਮਨੀਸਿੰਘ ਵਾਲੀ ਗੁਰਦਾਸ ਜੀ ਕੀ ਗਿਆਰਮੀ ਵਾਰ ਦਾ ਟੀਕਾ ਭਾਈ ਬੂਟਾ ਸਿੰਘ ਜੀ ਸੀ. ਆਈ. ਈ. ਵਰਗਿਆਂ ਨੇ ਤੋੜ ਫੋੜਕੇ ਅਨਰਥ ਠਪਿਆ ਹੈ, ਅਤੇ ਏਕ ਨੌਰੰਗ ਸਿੰਘ ਨੇ ਪੁਸਤਕ ਬਨਾਇਆ ਹੈ ਤਦ ਉਕਤੰ ਹਿੰਦੂ ਧੋਖੇ ਵਿਚ ਆਵਨਾ ਹੀ ਗੁਰੂ ਸੇ ਬੇਮੁਖ ਹੋਣਾ ਹੈ "ਸਿਖ ਹਿੰਦੂ ਨਹੀ" ਮੇਂ ਪੰਨਾ ੧੨।

ਤਥਾ:—ਏਹੀ ਹਮਾਰੀ ਮੂਰਖਤਾਈ।
ਹੋਇ ਖਾਲਸਾ ਹਿੰਦ ਸਦਾਈ। ਪੰਨਾ ੧੧॥

ਤਥਾ:—ਹਿੰਦੂ ਸੰਗਤ ਫਸੇ ਦਿਵਾਨੇ।
ਭਿੰਨ ਖਾਲਸਾ ਨਾਹੀ ਮਾਨੇ। ਪੰਨਾ ੯॥ਇਤਿ

ਜਾਤੇ ਐ ਗੁਰੂਕੇ ਹਿੰਦੂ ਸਿਖੋ ਨਵਾਂ ਗੁਰਾਂ ਤੋਂ ਬੇਮੁਖ ਹੋਇ। ਦਸਮ ਗੁਰੂ ਕੇ ਕਬੀ ਨ ਜੋਇ। ਜਹ ਤੋ ਅਵਰ ਕੌਂਚ ਕੇ ਬੀਜ। ਰਹੋ ਦੂਰ ਮਨ ਜਾਨ ਪਤੀਜ।

ਤਥਾ:—ਦਸਮ ਗੁਰੂ ਹਿੰਦੂ ਹੈਂ, ਔ ਯਹ ਹਿੰਦੂ ਨਹੀਂ, ਯਾਂਤੇ ਗੁਰੂ ਸੇ ਬੇਮੁਖ ਹਨ, ਔ ਹਿੰਦੂ ਬਾਣੀ

Sri Satguru Jagjit Singh Ji Elibrary NamdhariElibrary@gmail.com

ਸੇ ਵਿਰੁੱਧ ਹੋਣੇ ਸੇ ਗੁਰੂ ਗ੍ਰੰਥ ਸਾਹਿਬ ਦੇ ਭੀ ਅਧਿ-
ਕਾਰੀ ਨਹੀਂ, ਔ ਕਈਕੁ ਅਕਲ ਤੇ ਕਾਲਸ ਦਾ
ਪੋਚਾ ਫੇਰਨ ਵਾਲੇ, ਮਹਾਰਾਜ ਰਾਮ ਸਿੰਘ ਜੀ ਦੀ ਹੀ
ਨਿੰਦਾ ਕਰਤੇ ਹੈਂ ਜਿਨ ਕਾ ਪ੍ਰਗਟ ਹੋਣਾ ਦਸਮ ਗੁਰੂ
ਜੀ ਨੇ ਸੌ ਸਾਖੀ ਮੇਂ ਸਾਃ ੧੫ ਵੀਂ ਤਥਾ ੫੧ ਵੀਂ
ਵਿਚ ਪ੍ਰਥਮ ਹੀ ਲਿਖ ਦੀਆ ਥਾ ॥ ਇਤਿ ॥

ਔ ਪੰਥ ਰਤਨ ਭਸੌੜ ਵਾਲੇ ਇਨ੍ਹਾਂ ਦੇ ਤੇਜਾ
ਸਿੰਘ ਨੇ ਰਾਗਮਾਲਾ ਨਿਕਾਲ ਕਰ ਗੁਰੂ ਜੀ ਕੀ ਦੇਹ
ਖੰਡਤ ਕਰੀ, ਔ ਜੋ ਕੁਛ ਗ੍ਰੰਥ ਟ੍ਰੈਕਟ ਛਪਵਾਇਕੇ
ਹਿੰਦੂ ਧਰਮ ਪਰ ਅਘਾਤ ਪਚੋਣੇ ਕੀ ਕਿਰਪਾ ਕਰੀ
ਸੋ ਅਗਾਧ ਹੈ, ਨਮੂਨੇ ਮਾਤ੍ਰ ਗੁਰਮਤੇ ਪ੍ਰਕਾਸ਼ ਅਰਥ
ਵਿਚ ਸਾਫ ਮਨਮਤੇ ਪ੍ਰਕਾਸ਼ ਟ੍ਰੈਕਟ ਵਿਚੋਂ, ਹਿੰਦੂ ਕੌਮ
ਨਾਲੋਂ ਮੁਸਲਮਾਨ ਤੇ ਈਸਾਈ ਕੌਮਾਂ ਖਾਲਸਾ ਧਰਮ
ਕਸਵਟੀ ਅਨੁਸਾਰ ਨੇੜੇ ਹਨ, ਔਰ ਏਹਨਾਂ ਸਭਨਾ
ਤੋਂ ਅਤੀ ਨੇੜੇ ਚੌਥੇ ਪਉੜੇ ਦੇ ਪ੍ਰਾਨੀ ਸਾਬਤ ਹੁੰਦੇ ਹਨ
ਪੰਨਾ ੩੫ ਭਾਵ ਨਵੀਨ ਖਾਲਸੇ ਨੇ ਆਪਨੇ ਆਪ
ਕੋ ਪੁਹੜੇ ਚਮਾਰਾਂ ਦਾ ਸਾਥੀ ਮੰਨਿਆਂ ਹੈ, ਪੁਨਾ ਏਕ
ਔਰ ਲੇਖ ਭੀ ਤਿਨ ਦਿਨੋਂ ਮੇਂ ਪ੍ਰਕਾਸ਼ਤ ਹੋ ਚੁਕਾ ਸੀ
ਕਿ ਇਸ ਭਾਈ ਤੇਜਾ ਸਿੰਘ ਭਸੌੜ ਵਾਲੇ ਨੇ ਏਕ
ਨਿਰੰਜਨ ਕੌਰ ਨਾਮ ਲੜਕੀ ਕੋ ਆਪਨੀ ਧਰਮ ਪੁਤ੍ਰੀ

Sri Satguru Jagjit Singh Ji Elibrary NamdhariElibrary@gmail.com

ਬਣਾ ਕਰ ਤਿਸਕੇ ਸਾਥ ਅਯੋਗ ਸੰਬੰਧ ਕੀਆ ਜਿਸਕਾ ਤੁਰਤ ਫਲ ਸੰ: ੧੯੭੮ ਮੇਂ ਯਹ ਬਾਤ ਸਾਰੇ ਫੈਲ ਗਈ ਥੀ ਅਤੇ ਸਭ ਲੋਗੋਂ ਨੇ ਧਿੱਕਾਰ ਹੈ ਧਿੱਕਾਰ ਹੈ ਐਸੀ ਸਿਖੀ ਦੇ ਕਹ ਕਰ ਲਾਨਤਾਂ ਦਿਤੀਆਂ ਅਤੇ ਬਾਬੂ ਜੀ ਨੇ ਕੁਛ ਕਾਲ ਦੁਖ ਕਾ ਅਨਭਵ ਕੀਆ॥

ਯਾਂਤੇ ਕਮਾਗੀ ਨੌਜਵਾਨ ਲੜਕੀਓਂ ਕੋ ਸਕੂਲੋਂ ਮੇਂ ਭੇਜਣੇ ਸੇ ਸਿਖ ਭਾਈ ਹੋਸ਼ ਕਰਨ॥ ਪੁਨਾ:- ਧਾਰਮਿਕ ਵਿਦਯਾ ਭੀ ਸੰਸਕ੍ਰਿਤ, ਗੁਰਮੁਖੀ ਆਦਿ ਪਿਤਾ ਵਾ ਭ੍ਰਾਤਾ ਵਾ ਤਿਸਕੇ ਪਤੀ ਕੋ ਪੜ੍ਹਾਨੇ ਕਾ ਫਰਜ਼ ਹੈ ਨਹੀਂ ਤੋ ਕੰਨਯਾਂ ਅਨਪੜ੍ਹ ਹੀ ਭਲੀ ਹੈ। ਬੱਸ ਇਨਕੇ ਅੰਡ ਬੰਡ ਕੁੱਟੇ ਹੋਏ ਗੁੰਥੋਂ ਕੀ ਕੋਈ ਕਹਾਂ ਤਕ ਗਣਨਾ ਕਰੇ, ਜੈਸੇ ਏਕ ਲੇਖ ੧੦ ਜਨਵਰੀ ੧੯੨੦ ਮੇਂ ਨਿਕਲਾ ਥਾ ਜੋ ਕਿ ਬਾਬੇ ਦੀ ਬੇਰ ਵਿਚ ਝਗੜਾ ਹੂਆ ਥਾ ਜਿਸਮੇਂ ਲਿਖਾ ਹੈ ਕਿ ਨਵੀਨ ਖਾਲਸਾ ਜੈਸੇ ਬੱਕਰੇ ਦਾ ਮਾਂਸ ਖਾ ਲੇਤੇ ਹੈਂ, ਤੈਸੇ ਗਊ ਦਾ ਮਾਂਸ ਖਾਣ ਨੂੰ ਤਿਆਰ ਹੈ॥

ਤਥਾ-"ਸਿੱਖ ਮਜ਼ਬ ਕੀ ਤਾਲੀਮ" ਨਾਮ ਕਾ ਟ੍ਰੈਕਟ ਵਿਚੋਂ ਸਿੱਖੋ ਨੇ ਹਿੰਦੂਓਂ ਕੀ ਬਹੁਤ ਸੀ ਰਸੂਮਾਤ ਕੋ ਅਖਤਯਾਰ ਕਰ ਲੀਆ ਹੈ ਅਰ ਗਾਇ ਕਾ ਗੋਸ਼ਤ ਨਾ ਖਾਣਾ ਭੀ ਉਨ੍ਹੀਂ ਸੇ ਸੀਖਾ ਹੈ।

ਤਥਾ-"ਸਿੱਖੋਂ ਕੋ ਕਿਸੀ ਗੋਸ਼ਤ ਕੇ ਖਾਨੇ ਕੀ ਮਮਾ-

Sri Satguru Jagjit Singh Ji Elibrary NamdhariElibrary@gmail.com

ਨਤ ਨਹੀਂ" ਪੰਨਾ ੩੦,੩੧ ਸੰ: ੧੯੧੯ ਵਿਚ ਤਿਆਰ ਹੋ ਚੁਕਾ ਹੈ। ਅਗਰ ਐਸੇ ਧਰਮ ਵਿਰੁੱਧ ਲੋਕ ਸ੍ਰੀ ਦੇਵੀ ਮਾਤਾ ਜੀ ਕੋ ਰੰਨ ਕਹਿ ਦੇਣ ਤਾਂ ਕੋਈ ਅਸਚਰਜ ਨਹੀਂ। ਹੋਰ ਗੁਰੂ ਘਰ ਦੇ ਗ੍ਰੰਥਾਂ ਨੂੰ ਝੂਠ ਤੁਫਾਨ ਕਹਿਕੇ ਅਪਨੇ ਟ੍ਰੈਕਟਾਂ ਨੂੰ ਹੀ ਸਹੀ ਰੱਖ ਕੇ ਸਾਡੇ ਭਰਾਵਾਂ ਨੂੰ ਭੜਕਾਇਆ। ਭਾਵ ਜਬ ਐਸੇ ੨ ਅਸ਼ੁੱਧ ਲੇਖੋਂ ਕੋ ਪ੍ਰਮਾਣ ਮਾਨਤੇ ਹੋ ਤੋ ਕਿਉਂ ਸ੍ਰੀ ਗੁਰੂ ਦਸਮ ਪਾਤਸ਼ਾਹਿਬ ਕੇ ਰੂ ਰੂ ਗ੍ਰੰਥ ਸਾਹਿਬ ਤਥਾ ਸੌ ਸਾਖੀ ਅਤੇ ਜਨਮਸਾਖੀ, ਸ੍ਰੀ ਗੁਰਦਾਸ ਜੀ ਦੀਆਂ ਵਾਰਾਂ, ਗੁਰ ਬਿਲਾਸ, ਸੂਰਜ ਪ੍ਰਕਾਸ਼ਾਦਿਕੋਂ ਕੇ ਉਲੇਖ ਹੀ ਦੇਵੀ ਪ੍ਰਸਿੱਧੀ ਮੇਂ ਅਪ੍ਰਮਾਣ ਹੈਂ।

ਸ਼ੰਕਾ— ਰਾਗਮਾਲਾ ਮੇਂ ਕੌਣ ਪ੍ਰਮਾਣ ਹੈ ?

ਉੱਤ੍ਰ—ਗੁਰਬਿਲਾਸ ਸੰ:੧੭੭੫ ਮੇਂ ਸਮਾਪਤ ਹੂਆ ਹੈ, ਤਿਸਕੇ ਚਤੁਰਥਾ ਧਯਾਇ ਕੇ ੭੪ ਪੰਨੇ ਪਰ ਯਹ ਲਿਖਾ ਹੈ:—

ਦੋ:—ਵਾਰ ਵਧੀਕ ਸਲੋਕ ਲਿਖ ਮੁੰਦਾਵਣੀ ਅਵਰ ਲਿਖਾਇ। ਤਤਕਰਾ ਲਿਖ ਸਭ ਗ੍ਰੰਥ ਕੋ ਭੋਗ ਗ੍ਰੰਥ ਕੋ ਪਾਇ।

ਚੌ:—ਤਬ ਲਉ ਰਾਗ ਸਭੀ ਇਕ ਠਾਏ।
ਗੁਰੂ ਅਰਜਨ ਕੇ ਸਨਮੁਖ ਆਏ॥

ਕਿਰਪਾ ਸਿੰਧ ਕੀ ਉਸਤਤ ਕਰੀ ।
ਭਾਂਤ ੨ ਮਨ ਆਨੰਦ ਭਰੀ ॥
ਉਸਤਤ ਕਰ ਗੁਰੁ ਪਗ ਲਪਟਾਏ ।
ਦਯਾ ਸਿੰਧ ਪੂਛਿਓ ਮਨ ਲਾਏ ॥
ਨਿਜ ਆਵਨ ਕਾ ਕਾਰਨ ਕਹੋ ।
ਤਿਨੈ ਕਹਾ ਤੁਮ ਸਭ ਕੁਛ ਲਹੋ ॥
ਰਾਗਵਾਚ—ਹਮ ਜਗ ਮੈ ਅਤ ਹੀ ਦੁਖਪਾਏ।
ਆਏ ਤਕ ਤੁਮਰੀ ਸਰਨਾਏ ॥
ਏਹ ਬਿਧ ਹਮ ਜਗ ਮੈ ਦੁਖ ਪਾਵੈ।
ਪਿਤਾ ਸਾਥ ਪੁਤ੍ਰੀ ਨਰ ਗਾਵੈ ॥
ਔਰ ਸਨੁਖਾ ਸਾਥ ਸਸਰਾਰੇ ।
ਪੂਤ ਮਾਤ ਕਰ ਹੈ ਇਕ ਠਾਰੇ ॥
ਸਮਝ ਨਾ ਪ੍ਰਾਤ ਸਮਾਂ ਮਧਯਾਨਾ ।
ਬਿਪ੍ਰਯੇ ਗਾਵੈ ਧਾਰ ਗੁਮਾਨਾ ॥
ਦੋਹ—ਤਾਤੇ ਜਤਨ ਕੋ ਅਸ ਕਰੋ ਹੇ ਪ੍ਰਭ ਦੀਨਾਨਾਥ ।
ਭਿੰਨ ੨ ਸਭ ਕੋ ਲਿਖੋ ਹਮ ਸਭ ਕਰੋ ਸਨਾਥ ॥
ਰਾਗਨ ਕੀ ਬਿਨਤੀ ਸੁਨੀ ਗੁਰੂ ਅਰਜਨ ਗੁਨਖਾਨ ।
ਰਾਗ ਮਾਲ ਤਬ ਹੀ ਲਿਖੀ ਭੋਗ ਤਾਹ ਪਰ ਠਾਨ ॥
ਚੌਃ—ਕਹੇ ਰਾਗ ਖਟ ਤੀਹ ਸੰਗ ਨਾਰੀ ।
ਅਸਟ ੨ ਸੁਤ ਕਰੇ ਉਚਾਰੀ ॥

Sri Satguru Jagjit Singh Ji Elibrary NamdhariElibrary@gmail.com

ਅਠਤਾਲੀ ਸੁਤ ਸਭ ਕੇ ਭਏ।
ਅਤੀ ਆਨੰਦਿ ਮਨ ਰਾਗਨ ਲਏ ॥

ਸੰਃ ੧੬੬੧ ਭਾਦ੍ਰੋਂ ਸੁਦੀ ਏਕਮ ਕੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਬੀੜ ਗੁਰੂ ਅਰਜਨ ਦੇਵ ਜੀ ਨੇ ਕਰੀ ॥ ਧਿਃ ੪ ॥ ਤਥਾ ਟੀਕਾ ਜੋ ਬਹੁਤ ਗਯਾਨੀਓਂ ਕੀ ਸੰਮਤੀ ਅਨੁਸਾਰ ਬਣਿਆ ਹੈ। ਮਹਾਰਾਜਾ ਫਰੀਦ ਕੋਟ ਵਾਲਾ ਤਿਸਕੀ ਚੌਥੀ ਜਿਲਦ ਮੇਂ ਭੀ ਰਾਗਮਾਲਾ ਗੁਰੂ ਕ੍ਰਿਤ ਹੈ ਯਹ ਸਿੱਧ ਹੈ, ਤਥਾ ਸ੍ਰੀ ਸਰਬ ਲੋਹ ਗ੍ਰੰਥ, ਸ੍ਰੀ ਮੁਖਵਾਕ ਪਾਤਸ਼ਾਹੀ ੧੦ ਕ੍ਰਿਤ ਹੈ, ਤਿਸਮੇਂ ਸਰਬ ਰਾਗੋਂ ਕੇ ਪੂਰਣ ਭੇਦ ਤਥਾ ਸ੍ਵਰਾਦਿ ਲਿਖੇ ਹੈਂ ਤਹਾਂ ਭੀ ਰਾਗਮਾਲਾ ਲਿਖੀ ਹੈ ॥

ਯਥਾ ਸ੍ਰੀ ਮੁਖ ॥ ਬਿਸਨਪਦ ਸੰਕਰਾ ਚਰਪਦਾ ਬ੍ਰਹਸੇਕਤ੍ਰ—"ਸੁਨੋ ਸੰਤ ਪ੍ਰਸੰਗ ਪੁਨੀਤਾ । ਸ੍ਰੀ ਸਰਬ ਲੋਹ ਕੋ ਪਾਵਨ ਗੀਤਾ । ਖਸਟ ਰਾਗ ਜੁਤ ਨਾਰ ਸੁਤਨ ਜੁਤ। ਯਕ ਯਕ ਰਾਗ ਪੰਚ ਪੰਚ ਰਾਗਨਿ ਜੁਤ॥ ੧॥ ਅਸ਼ਟ ਪੁਤ੍ਰ ਤਾਕੇ ਸੰਗ ਜਾਨੋ। ਰਾਗਮਾਲ ਯਾ ਬਿਧ ਪ੍ਰਮਾਨੋ ॥" ਵਿਸਥਾਰ ਦੇਖੋ ਧਿਃ ੫ ਛੰਃ ੨ ਪੰਨਾ ੪੯੦ ਇਤਿ॥ ਹੋਰ ਪ੍ਰਮਾਣ ਬਿਸਥਾਰ ਭੈ ਸੇ ਨਹੀਂ ਲਿਖੇ ॥

ਸ਼ੰਕਾ—ਤੀਰਥ ਯਾਤ੍ਰਾਦਿ ਗੁਰੂ ਮਤ ਮੇਂ ਕਰਣੀ

Sri Satguru Jagjit Singh Ji Elibrary NamdhariElibrary@gmail.com

ਨਹੀਂ ਲਿਖੀ ॥ ਯਥਾ ਆਸਾ ਕਬੀਰ ਜੀ "ਅੰਤਰ ਮੈਲ ਜੇ ਤੀਰਥ ਨਾਵੈ ਤਿਸੈ ਬੈਕੁੰਠ ਨ ਜਾਨਾ ॥" ਏਹੁ ਸਾਰਾ ਸ਼ਬਦ ੩੭ ਵਾਂ। ਤਥਾ ਆਸਾ ਮਹਲਾ ੫ "ਤੀਰਥਿ ਜਾਉ ਤ ਹਉ ਹਉ ਕਰਤੇ। ਪੰਡਿਤ ਪੂਛਉ ਤਉ ਮਾਇਆ ਰਾਤੇ ॥" ਸ਼ਬਦ ੫੮। ਤਥਾ ਸੂਹੀ ਕੀ ਵਾਰ ਵਿਚੋਂ ਮਹਲਾ ੧ "ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ। ਪੌ: ੧੨।" ਇਤਜਾਦਿਕ ਔਰ ਭੀ ਵਾਕ ਹੈਂ ਤਥਾ ਸੌ ਸਾਖੀ ਮੇਂ—"ਜਿਨਕੇ ਭਾਇ ਨ ਅੰਤਰ ਫੁਰਾ। ਕਿਉ ਮੂਰਖ ਤੀਰਥ ਭਰਮ ਫਿਰਾ ॥ ਸਾਖੀ ੬੪" ਤਥਾ ਇਹ ਚੌਸਠ ਸਾਖੀ ਦਾ ਪ੍ਰਸੰਗ ਗੁਰ ਪ੍ਰਤਾਪ ਸੂਰਜ ਗ੍ਰੰਥੇ ਰੁਤ ੫ ਅੰਸੂ ੩੮ ਮੇਂ ਭੀ ਸਪਸ਼ਟ ਹੈ।

ਉੱਤ੍ਰ—ਸਿਰੀ ਰਾਗ ਪਹਰੇ ਮ: ੧ "ਰਾਮ ਨਾਮ ਘਟ ਅੰਤਰ ਨਾਹੀ ਹੋਰ ਜਾਣੈ ਰਸ ਕਸ ਮੀਠੇ ॥ ਗਿਆਨ ਧਿਆਨ ਗੁਣ ਸੰਜਮ ਨਾਹੀ ਜਨਮ ਮਰਹੁਗੇ ਝੂਠੇ ॥ ਤੀਰਥ ਬਰਤ ਸੁਚ ਸੰਜਮ ਨਾਹੀ ਕਰਮ ਧਰਮ ਨਹੀ ਪੂਜਾ ॥ ਨਾਨਕ ਭਾਇ ਭਗਤ ਨਿਸਤਾਰਾ ਦੁਬਿਧਾ ਵਿਆਪੈ ਦੂਜਾ॥" ਤਥਾ ਸਿਰੀ ਰਾਗ ਮ: ੫ "ਕਰ ਸੰਗਤਿ ਤੂੰ ਸਾਧ ਕੀ ਅਠ ਸਠਿ ਤੀਰਥ ਨਾਉ ॥ ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ॥ ਐਥੈ

Sri Satguru Jagjit Singh Ji Elibrary NamdhariElibrary@gmail.com

ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ ॥ ਸ਼ਬਦ ੮੫।" ਤਥਾ ਸੋਰਠ ਮਃ ੯ "ਨਾ ਹਰ ਭਜੇ ਨਾ ਤੀਰਥ ਸੇਵੇ ਚੋਟੀ ਕਾਲ ਗਹੀ ॥" ਤਥਾ ਬਸੰਤੁ ਹਿੰਡੋਲ ਮਃ ੧ ਘਰੁ ੨। "ਤੀਰਥ ਸਿਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ। ਅਸਟਪਦੀ ੮" ਤਥਾ ਭੈਰਉ ਮਃ ੫ "ਗੰਗਾਜਲੁ ਗੁਰ ਗੋਬਿੰਦ ਨਾਮ। ਜੋ ਸਿਮਰੈ ਤਿਸਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨ ਭ੍ਰਮਾਮ ॥ ਸ਼ਬਦ ੮" ਤਥਾ ਸਾਰੰਗ ਕੀ ਵਾਰ ਮਃ ੪ ਪੌਃ। "ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ ॥ ਪੌਃ ੧੮ ॥"

ਟੀਕਾ—ਜੋ ਪੁਰਸ਼ ਜਪ ਤਪ ਤੀਰਥ ਸੰਜਮਾਦਿਕ ਕਰਤੇ ਹੈਂ ਤਿਨ੍ਹੋਂ ਕਾ ਕਰਤਵ੍ਯ ਮੇਰੇ ਪ੍ਰਭ ਕੋ ਭਾਇਆ ਹੈ ॥

ਤਥਾ ਮਲਾਰ ਮਃ ੧ ॥ ਤੀਰਥਿ ਤੇਜੁ ਨਿਵਾਰਿ ਨ ਨਾਤੇ ਹਰਿ ਕਾ ਨਾਮੁ ਨ ਭਾਇਆ ॥ਸਬਦ ੩ ॥

ਟੀਕਾ—ਤੇਜ ਕਹੀਏ ਤਮੋਗੁਣ ਕੋ ਨਿਵਾਰ ਕਰਕੇ ਜੋ ਜਨ ਤੀਰਥੋਂ ਮੇਂ ਨ੍ਹਾਏ ਨਹੀਂ ਹੈ ਔਰ ਤਿਨਕੇ ਮਨ ਮੇਂ ਹਰੀ ਕਾ ਨਾਮ ਵਾ ਗਿਆਨ ਨਹੀਂ ਭਾਇਆ ਹੈ।

ਰਤਨ ਪਦਾਰਥੁ ਪਰ ਹਰਿ ਤਿਆਗਿਆ ਜਤ ਕੋ ਤਤ ਹੀ ਆਇਆ ॥

ਟੀਕਾ—ਪਰ ਹਰਿ ਕਹੀਏ ਦੁਖੋਂ ਕੇ ਪਰਹਾਰ ਕਰਨੇ ਵਾਲਾ, ਜਤ ਕੋ ਕਹੀਏ ਜਹਾਂ ਤੇ ਆਇਆ ਥਾ, ਤਤ ਕੋ ਕਹੀਏ ਤਹਾਂ ਕੋ ਹੀ ਭਾਵ ਚਉਰਾਸੀ ਸੇ ਮਨੁੱਖ ਜਨਮ ਮੇਂ ਆਇਆ ਥਾ ਪੁਨਾ ਮੰਦ ਜੂਨੋਂ ਮੇਂ ਹੀ ਚਲਾ ਗਿਆ। "ਬਿਸਟਾ ਕੀਟ ਭਏ" ਆਗੇ ਸਪਸ਼ਟ ਹੈ। ਮਃ ੧ ਸਃ ੩ ॥ਇਤਿ ॥

Sri Satguru Jagjit Singh Ji Elibrary NamdhariElibrary@gmail.com

ਤਥਾ ਆਸਾ ਮ: ੧ ॥ ਦੇਵਿਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥ ਜੋਗੀ ਜਤੀ ਜੁਗਤ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥ ਸਬਦ ੩੩

ਤਥਾ ਰਾਮਕਲੀ ਮ: ੧ ॥ ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ ॥ ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧ ਸੰਗਤਿ ਬਿਨੁ ਬਾਦਿ ਜਇਆ ॥ ਅਸਟਪਦੀ ੭॥

ਤਥਾ ਗੁਰੂ ਜੀ ਕੋ ਜਪ ਤਪਾਦਿ ਸ੍ਵਯੰ ਭੀ ਇਸ਼੍ਰ ਬੇ ਯਥਾ ਭਾਈ ਗੁਰਦਾਸ ਜੀ ॥ ਪਹਲਾ ਬਾਬੇ ਪਾਇਆ ਬਖਸਦਰ ਪਿਛੋ ਦੇ ਫਿਰ ਘਾਲ ਕਮਾਈ ॥ ਰੇਤ ਅੱਕ ਅਹਾਰ ਕਰ ਰੋੜਾਂ ਕੀ ਗੁਰ ਕਰੀ ਵਿਛਾਈ ॥ ਭਾਰੀ ਕਰੀ ਤਪਸਿਆ ਬਡੇ ਭਾਗ ਹਰਿ ਸਿਉ ਬਣਿ ਆਈ ॥ ਬਾਬਾ ਪੈਧਾ ਸਚ ਖੰਡ ਨਉ ਨਿਧਿ ਨਾਮ ਗਰੀਬੀ ਪਾਈ ॥ ਬਾਬਾ ਦੇਖੈ ਧਿਆਨ ਧਰ ਜਲਦੀ ਸਭ ਪਿਰਥਮੀ ਦਿਸ ਆਈ ॥ ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ ॥ ਬਾਬੇ ਭੇਖ ਬਣਾਯਾ ਉਦਾਸੀ ਕੀ ਰੀਤ ਚਲਾਈ ॥ ਚੜਿਆ ਸੋਧਨ ਧਰਤ ਲੁਕਾਈ ॥ ਪੌ: ੨੪ ਵਾਰ ੧ ॥

ਤਥਾ:—ਤੀਰਥ ਨਾਤੇ ਪਾਪ ਜਾਣ ਪਤਤ ਉਧਾਰਣ ਨਾਮ ਧਰਾਇਆ ॥ ਵਾਰ ੨੩ ॥ ਪੌ: ੨ ॥

Sri Satguru Jagjit Singh Ji Elibrary NamdhariElibrary@gmail.com

ਤਥਾ:—ਚਰਣੋਦਕ ਹੋ੍ਹ ਸੁਰਸਰੀ ਤਜ ਵੈਕੁੰਠ ਧਰਤ ਵਿਚ ਆਈ ॥ ਨੌ ਸੈ ਨਦੀ ਨੜਿੰਨਵੈ ਅਠਸਠ ਤੀਰਥ ਅੰਕ ਸਮਾਈ ॥ ਤਿਹੁ ਲੋਈ ਪ੍ਰਵਾਣ ਹੈ ਮਹਾਂਦੇਵ ਲੈ ਸੀਸ ਚੜ੍ਹਾਈ ॥ ਦੇਵੀ ਦੇਵ ਸਰੇਵਣੇ ਜੈਕਾਰ ਬੜੀ ਬਡਿਆਈ ॥ ਵਾਰ ੨੩ ॥ ਪੌ: ੪ ॥

ਤਥਾ:—ਤੀਰਥ ਪੁਰਬ ਸੰਜੋਗ ਲੋਗ ਚਹੁਕੁੰਟਾ ਦੇ ਆਇ ਜੁੜੰਦੇ ॥ ਚਾਰ ਬਰਨ ਛਿਅ ਦਰਸਨਾ ਨਾਮ ਦਾਨ ਅਸਨਾਨ ਕਰੰਦੇ ॥ ਜਪ ਤਪ ਸੰਜਮ ਹੋਮ ਜਗ ਬਰਤ ਨੇਂਮ ਕਰ ਵੇਦ ਸੁਣੰਦੇ ॥ ਗਿਆਨ ਧਿਆਨ ਸਿਮ੍ਰਨ ਜੁਗਤ ਦੇਵੀ ਦੇਵ ਸਥਾਨ ਪੁਜੰਦੇ ॥ ॥ ਪ੍ਰੰਤੂ ਜੋ ਭਰੋਸਾ ਰਹਿਤ ਹਨ ॥ ਬਗਾਂ ਬਗੇ ਕਪੜੇ ਕਰ ਸਮਾਧਿ ਅਪਰਾਧ ਨਿਮੰਦੇ ॥ ਸਾਧ ਸੰਗਤਿ ਗੁਰ ਸਬਦ ਸੁਣ ਗੁਰਮੁਖ ਪੰਥ ਨ ਚਾਲ ਚਲੰਦੇ ॥ ਕਪਟ ਸਨੇਹੀ ਫਲ ਨ ਲਹੰਦੇ ॥ ਵਾਰ ੧੭ ॥ ਪੌ: ੩ ॥

ਤਥਾ:—ਕਲਜੁਗ ਦੇ ਉਪਕਾਰ ਸੁਨ ਜੈਸੇ ਵੇਦ ਅਥਰਵਣ ਗਾਈ ॥ ਭਾਉ ਭਗਤ ਪ੍ਰਵਾਣ ਹੈ ਜਗ ਹੋਮ ਤੇ ਪੁਰਬ ਕਮਾਈ ॥ ਕਰਕੇ ਨੀਚ ਸਦਾਵਣਾ ਤਾਂ ਪ੍ਰਭ ਲੇਖੇ ਅੰਦਰ ਪਾਈ ॥ ਕਲਜੁਗ ਨਾਵੈ ਕੀ ਵਡਿਆਈ ॥ ਵਾਰ ੧ ਪੌ: ੧੬ ਭਾ: ਗੁਰਦਾਸ ਇਤਿ ॥

ਇਨ ਸਰਬ ਗੁਰੂ ਵਾਕੑੋਂ ਨੇ ਤੀਰਥੋਂ ਕਾ ਮੰਡਨ

ਕੀਆ ਹੈ, ਵਾ ਇਨ ਸਰਬ ਵਾਕਜੋਂਸੇ ਤੀਰਥ ਯਾਤ੍ਰਾਦਿ ਸਿੱਧ ਹੈ, ਔ ਜੋ ਨਿਸ਼ੇਧਕ ਵਾਕਜ ਪ੍ਰਤੀਤ ਹੋਤੇ ਹੈਂ ਸੋ ਤੀਰਥ ਕੇ ਸ੍ਵਰੂਪ ਤਥਾ ਫਲ ਕਾ ਨਿਸ਼ੇਧ ਨਹੀਂ ਕਰਤੇ ਕਿੰਤੂ ਛਲ ਕਪਟ ਕੋ ਅੰਤਰ ਰਖਤੇ ਹੂਏ ਠੱਗੀ ਸੇ ਗੱਠਾਂ ਕਤਰਨੇ ਵਾਲੋਂ ਕਾ ਨਿਸ਼ੇਧ ਹੈ, ਵਾ ਪਾਖੰਡੀ ਪੂਜਾਰੀਓਂ ਕਾ ਨਿਸ਼ੇਧ ਹੈ ਐਸੀ ਵਜਵਸਥਾ ਕੀਏ ਬਿਨਾ ਸਰਬ ਵਾਕਜੋਂ ਕਾ ਪਰਸਪਰ ਵਿਰੋਧ ਹੋਕਰ ਅਪ੍ਰਮਾਣ ਹੋਜਾਂਇਗੇ। ਅੰਤਰ ਕੀ ਮਲ, ਔ ਮਨ ਕੀ ਕਠੋਰਤਾ, ਔ ਕਪਟ ਸਨੇਹੀ ਤੀਰਥ ਕਰਤਾਓਂ ਕਾ ਸ਼ਬਦੋਂ ਮੇਂ ਸਾਫ ਨਿਸ਼ੇਧ ਹੈ ਮਿਸ਼ਯ ਕਾ ਵਿਸ਼ਯ ਨਹੀਂ ॥

ਸ਼ੰਕਾ:—ਊਪਰ ਕੇ ਸ਼ਬਦੋਂ ਸੇ ਤੀਰਥੋਂ ਕਾ ਬਿਧਾਨ ਨਹੀਂ, ਕਿੰਤੂ ਲੋਕਪ੍ਰਸਿੱਧਕਾ ਅਨੁਬਾਦ ਮਾਤ੍ਰ ਹੈ ਗੁਰੂ ਜੀ ਕੋ ਆਪ ਤੀਰਥ ਯਾਤ੍ਰਾ ਇਸ਼੍ਟ ਨਹੀਂ ਥੀ।

ਉੱਤਰ:—ਪ੍ਰਥਮ ਤੋ ਸ਼੍ਰੀ ਗੁਰੂ ਨਾਨਕ ਦੇਵ ਜੀ ਤੀਰਥ ਯਾਤ੍ਰਾ ਕਰਨੇ ਕੇ ਲੀਏ ਗਏ ਸੋ ਤਿਨੋ ਕੀ ਯਾਤ੍ਰਾ ਜਨਮ ਸਾਖੀ ਤਥਾ ਨਾਨਕ ਪ੍ਰਕਾਸ਼ਾਦਿ ਗ੍ਰੰਥੋਂ ਮੇਂ ਸਪਸ਼੍ਟ ਹੈ, ਬਿਸਤਾਰ ਭਯ ਸੇ ਲਿਖਾ ਨਹੀਂ।

ਤਥਾ ਤੀਸਰੇ ਪਾਤਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਕੀ ਤੇਈਸਵੀਂ ਵਾਰ ਕੀ ਤੀਰਥ ਯਾਤ੍ਰਾ ਸ਼੍ਰੀ ਗੁਰੂ

Sri Satguru Jagjit Singh Ji Elibrary NamdhariElibrary@gmail.com

ਰਾਮਦਾਸ ਜੀ ਲਿਖ ਰਹੇ ਹਨ॥ ਤੁਖਾਰੀ ਛੰਤਮਃ ੪॥ "ਨਾਵਣੁ ਪੁਰਬੁ ਅਭੀਚ ਗੁਰ ਸਤਿਗੁਰ ਦਰਸੁ ਭਇਆ"।

ਟੀਕਾ—ਕੁਰਛੇਤ੍ਰ ਵਿਖੇ ਅਭੀਚ ਕਹੀਏ ਅਮਾਵਸ ਮੇਂ ਸੂਰਜ ਗ੍ਰਹਣ ਅਭਜਿਤ ਨਛੱਤ੍ਰ ਮੇਂ ਹੋਵੈ ਤਿਸਕੋ ਅਭੀਚ ਕਹਤੇ ਹੈਂ, ਤਿਸ ਪੁਰਬ ਕਾ ਇਸ਼ਨਾਨ ਥਾ ਤਿਸ ਮੇਂ ਗੁਰੂ ਪੂਜਣੇ ਜੋਗ ਸ੍ਰੀ ਗੁਰੂ ਅਮਰ ਦਾਸ ਜੀ ਕਾ ਦਰਸ਼ਨ ਤ੍ਰਿਲੋਕੀ ਕੀ ਸੰਗਤ ਕੋ ਹੋਤਾ ਭਇਆ॥

ਤਥਾ:—"ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ"॥

ਤਥਾ:—"ਦੁਤੀਆ ਜਮਨੁ ਗਏ ਗੁਰ ਹਰਿ ਹਰਿ ਜਪਨੁ ਕੀਆ"॥

ਟੀਕਾਃ—ਜਮੁਨ ਕਹੀਏ ਸ੍ਰੀ ਜਮੁਨਾ ਜੀ॥

ਤਥਾ:—"ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ॥ ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ" ਇਤਜਾਦਿ ਬਚਨ ਤੁਖਾਰੀ ਛੰਤੋਂ ਮੇਂ ਸਪਸ਼੍ਰ ਹੈਂ॥ ਇਤਿ॥

ਤਥਾ:—ਕਵ ਜਨਮ ਕਥਨੰ॥ "ਮੁਰਪਿਤ ਪੂਰਬ ਕੀਅ ਸੁਪਿਆਨਾ॥ ਭਾਂਤ ਭਾਂਤ ਕੇ ਤੀਰਥ ਨਾਨਾ॥ ਜਬ ਹੀ ਜਾਤ ਤ੍ਰਿਵੈਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥ ਤਹੀ ਪ੍ਰਕਾਸ ਹਮਾਰਾ ਭਇਓ॥ ਪਟਣੇ ਸ਼ਹਰ ਬਿਖੈ ਭਵ ਲਇਓ॥ ਬਚਿਤ੍ਰ ਨਾਟਕ ਧਿ: ੭॥

Sri Satguru Jagjit Singh Ji Elibrary NamdhariElibrary@gmail.com

ਤਥਾ:–ਸ੍ਰੀ ਸਰਬਲੋਹ ਗ੍ਰੰਥੋਕ੍ਤ ॥ "ਨਦੀ ਤਰੰਗ ਮਿਲਤ ਗੰਗਾ ਮੈ ਹੋਤ ਗੰਗਾ ਨਿਰਮਲ ਅੰਮ੍ਰਿਤ ਗਤਾ"। ਬਿਸਨ ਪਦ ॥ ੨੪੦ ॥ ਧਿ: ੧ ॥

ਤਥਾ:–ਅਹੀਰੀ ਗੁਆਰੇਰੀ ॥ "ਭਯੋ ਮੋਖ ਦ੍ਰੁਹੂ ਕੋ ਕਾਯ ਤੇ ਪਾਪ ਬਿਲਾਨਿਓ ਅੰਗਾ ॥ ਸਮਰ ਛੇਤ੍ਰ ਪਾਵਨ ਸਰਸ ਕਰਤ ਮੋਖ ਜਿਮਿ ਗੰਗਾ ॥ ਧਿ: ੫ ॥ ॥ ਛੰਦ ੩੦੭ ॥ ਪੰਨਾ ੨੩੨ ॥

ਤਥਾ:–"ਜਿਮ ਤਰੀ ਪੂਤਨਾ ਪਤਿਤਨੀ ਪਦ ਪਰਸ ਹਰਿ ਭਈ ਪਾਵਨੀ ॥ ਜਿਮ ਨਦੀ ਮਿਲਤ ਸੁਰਸਰੀ ਸੰਗਮ ਸੁਰਸਰੀ ਭਈ ਸੁਰਗਾਮਨੀ ॥ ਧਿ: ੫ ਪੰ:੨੮੪॥

ਤਥਾ:–"ਚਰਨ ਪੁਨੀਤ ਹਰਿ ਪੰਥ ਚਾਲਤ ਦਰਸ ਹਿਤ ਦੁਖ ਸੁਖ ਸਹਿਤ ॥ ਤੀਰਥ ਗਮਨ ਕਰ ਧਾਮ ਜਾਤ੍ਰਾ ਸੀਤ ਉਸਨ ਕਰ ਸਮ ਲਖਤ ॥ ਨਿਰਤਤ ਪਗ ਪਗ ਚਲਤ ਮਾਰਗ ਅਸ਼ਟਾਂਗ ਪੂਜਤ ਨਰਹਰੀ॥ ਪਗ ਬਾਂਧ ਘੁੰਘਰ ਝਾਝ ਨੇਵਰ ਨ੍ਰਿਤ ਪਦ ਪਦ ਹੋਤਰੀ"॥ ਧਿ: ੫॥ ਪੰਨਾ੨੮੬॥ ਛੰ: ੧੧੪ ਸ੍ਰਬਲੋਹ ਇਤਿ॥

ਤਥਾ ਗਉੜੀ ਸ੍ਰੀ ਕਬੀਰ ਜੀ:–"ਲੋਗ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ। ਜਿਉ ਕਾਸੀ ਉਪਦੇਸੁ ਹੋਇ ਮਾਨਸ ਮਰਤੀ ਬਾਰ ॥ ੩ ॥ ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ। ਕਹੁ ਕਬੀਰ ਸੰਸਾ

Sri Satguru Jagjit Singh Ji Elibrary NamdhariElibrary@gmail.com

ਨਹੀ ਅੰਤਿ ਪਰਮ ਗਤਿ ਪਾਇ" ॥ ਸਬਦ ੫੫ ॥

ਤਥਾ ਸ੍ਰੀ ਦਸਮੇਸ ਗੁਰੂ ਜੀ:–

ਬਾਨਾਰਸੀ ਨਗਰ ਕਬਿ ਰਾਜੈ।
ਜਾਕੇ ਲਖੇ ਪਾਪ ਸਭ ਭਾਗੈ ॥ਚਰਿਤ੍ਰ ੨੨੫ ॥

ਤਥਾ:–ਬਿਲਾਵਲ ਕੀ ਵਾਰ ਮ: ੪ ॥"ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ" ॥ ਪੌ: ੧੩ ॥

ਤਥਾ:–ਰਾਮਕਲੀ ਕੀ ਵਾਰ ਮ: ੩ ਵਿਚੋਂ ਮ: ੧ "ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥ ਪੌ: ੧੨ ॥

ਤਥਾ ਭੈਰਉ ਕਬੀਰ ਜੀ:–"ਗੰਗਾ ਕੇ ਸੰਗ ਸਲਿਤਾ ਬਿਗਰੀ। ਸੋ ਸਲਿਤਾ ਗੰਗਾ ਹੋਇ ਨਿਬਰੀ ॥ ਸਬਦ ੫ ॥

ਤਥਾ:–"ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰ ॥ ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ" ॥ ਸ: ੫੫ ॥

ਤਥਾ ਭਾਈ ਗੁਰਦਾਸ ਜੀ ॥ ਗੰਗ ਸੰਗ ਅਪਵਿਤਰ ਜਲ ਕਰ ਨ ਸਕੈ ਅਪਵਿਤਰ ਮਿਲਾਈ ॥ ਵਾਰ ੩੦ ਪੌ: ੧੯ ॥ ਤਥਾ ਸੌ ਸਾਖੀ ਉਕਤ "ਮੇਰਾ ਸਿਖ ਜੋ

Sri Satguru Jagjit Singh Ji Elibrary NamdhariElibrary@gmail.com

ਤੀਰਥ ਜਾਵੈ ਅਥਿਤ ਦੇਖ ਕੈ ਭੋਗ ਭੁਗਾਵੈ । ਜੋ ਦੇਵੈ ਦਾਨ ਪੁਰਬੁ ਕੋ ਮਾਨ। ਗੁਰ ਵਿਸਵਾਸੀ ਗੁਰ ਅਸਥਾਨ ॥" ਤਥਾ "ਕੇਸ ਥਾਨ ਬਿਨ ਕੇਸ ਹੋਇ ਮੇਰਾ ਹੋਇ ਨਿਸੰਗ। ਬਾਹਮਣ ਸੋਈ ਬਿਆਸ ਸਮ ਦੇਵੈ ਦਾਨ ਨਿਸੰਗ ॥ ਸਾਖੀ ੬੨ ਤਥਾ ਸੂਰਜ ਪ੍ਰਕਾਸ਼ ਰੁਤ ੫ ਅੰਸੂ ੩੭ ਮੇਂ ਭੀ ਸਪਸ਼ਟ ਹੈ ॥" ਤਥਾ ਸੌ ਸਾਖੀ "ਕੀਰਤਨ ਭਜਨ ਗੰਗ ਜਲ ਧਾਰ ॥ ਸੋਈ ਮੁਕਤ ਜਿਨ ਭਜਾ ਮੁਰਾਰ॥ ਸਾਖੀ ੬੪ ॥"

ਤਥਾ ਗੁਰ ਬਿਲਾਸੋਕਤ ॥ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਕੁਰਛੇਤ੍ਰ ਮੇਂ ਗਏ ਤਹਾਂ ਬ੍ਰਾਹਮਣੋਂ ਕੋ ਦਾਨ਼ ਬਹੁਤ ਦੀਆ ॥

ਚੌਃ—ਸੰਤ ਦਰਸ ਤੀਰਥ ਬਹੁ ਕੀਨੇ ॥
ਦੇਵਸਥਾਨ ਸਭੈ ਤਿਹਿ ਚੀਨੇ ॥
ਧਿਃ ੯ ਪੰਨਾ ੨੦੬ ॥

ਤਥਾ—ਸ੍ਰੀ ਮੁਖ ਉਪਮਾ ਕਰੀ ਅਪਾਰਾ ॥
ਕੁਰੁਖੇਤ ਕਾ ਤੀਰਥ ਭਾਰਾ ॥
ਧਿਃ ੯ ਪੰਨਾ ੨੧੫ ॥

ਤਥਾ—ਕਥਾ ਵਿਵਾਹ ਕਹੀ ਸੁਖ ਸੰਗਾ ॥
ਪਾਵਨ ਜਾਨ ਜਗਤ ਜ਼ਿਮ ਗੰਗਾ ॥

Sri Satguru Jagjit Singh Ji Elibrary NamdhariElibrary@gmail.com

ਮਜਨ ਪਾਨ ਹਰਤ ਬਹੁ ਪਾਪਾ ॥
ਪੜਤ ਸੁਨਤ ਯਹ ਮਿਟੈ ਸੰਤਾਪਾ ॥
ਧਿ:੯ ਪੰ: ੨੬੫ ॥ ਗੁਰਬਿਲਾਸ ॥ ਇਤਿ ॥

ਤਥਾ ਸੂਰਜ ਪ੍ਰਕਾਸ਼ੋਕਤ ਸ੍ਰੀ ਗੁਰੂ ਅਮਰ ਦਾਸ ਜੀ ਤੀਰਥ ਗਮਨ ॥

ਚੌ:—ਪਾਵਨ ਜਲ ਪਾਪਾਂ ਕੇ ਨਾਸਨ ॥
ਰਛਿਆ ਕਰੈ ਆਪਨੇ ਦਾਸਨ ॥
ਜਮਨਾ ਜੀ ਰਾਸ ੧ ਅੰਸੂ ੪੮ ॥

ਤਥਾ—ਪੁਨ ਸ੍ਰੀ ਗੁਰੂ ਸੁਰਸਰਿ ਅਰਾਧੀ ॥
ਹੇ ਦੇਵੀ ਬਡ ਜਤਨ ਨ ਲਾਧੀ ॥
ਕੇਤਕ ਨ੍ਰਿਪ ਤਪ ਕਰ ਕਰ ਮਰੇ ॥
ਬਹੁਰ ਭਗੀਰਥ ਲਿਆਵਨ ਕਰੇ ॥
ਸਿਵ ਨੇ ਧਾਰ ਸੀਸ ਪਰ ਧਾਰੀ ॥
ਅਘ ਹਰਵੇ ਕਉ ਧਰ ਪਰਵਾਰੀ ॥
ਤੀਨ ਲੋਕ ਮਾਨੀ ਅਘ ਹਾਨੀ ॥
ਪ੍ਰਿਥਮ ਸੇਵ ਤੁਮਰੀ ਹਮ ਠਾਨੀ ॥
ਰਾਸ ੧ ਅੰਸੂ ੪੯ ॥

ਤਥਾ ਸ੍ਰੀ ਦਸਮ ਗੁਰੂ ਜੀ ਨੇ ਸ੍ਰੀਗੰਗਾ ਇਸ਼ਨਾਨ ਕਰਨਾ

ਚੌ:—ਨਿਸਾ ਕੀਨ ਬਿਸਰਾਮ ਗੁਸਾਈ ॥
ਪ੍ਰਾਤ ਉਠੇ ਕਰ ਸੌਚ ਸਥਾਈ ॥

Sri Satguru Jagjit Singh Ji Elibrary NamdhariElibrary@gmail.com

ਸੁਰਸਰਿ ਪਾਵਨ ਜਲਮਹਿ ਮੱਜੈਂ ॥
ਜਿਸ ਪਰ ਸੇ ਸਭ ਕੇ ਅਘ ਭੱਜੈਂ ॥
ਰਾਸ ੧੨ ਅੰਸੂ ੪੫ ॥

ਇਤਯਾਦਿਕ ਬਚਨ ਅਨੰਤ ਹੈਂ, ਵਿਸਥਾਰ ਭੈ ਸੇ ਨਹੀਂ ਲਿਖਾ ॥ ਸੂਰਜ ਪ੍ਰਕਾਸ਼ ਇਤਿ ॥

ਤਥਾ ਸਵਯੇ ਮਹਲੇ ੫ ਵੇਂ ਕੇ, ਤਿਨਹੋਂ ਕੇ ਅੰਤ ਮੇਂ ਯਹ ਲਿਖਾ ਹੈ:—"ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ ॥ ਨਿਤ ਪੁਰਾਣ ਬਾਚੀਅਹਿ ਵੇਦ ਬ੍ਰਹਮਾ ਮੁਖ ਗਾਵੈ ॥ ਇਤਿ ॥" ਜਾਂ ਤੇ ਇਤਯਾਦਿਕ ਬਚਨੋਂ ਦ੍ਵਾਰਾ ਗੁਰੂ ਜੀ ਕੋ ਤੀਰਥ ਯਾਤ੍ਰਾ ਸ੍ਵਯੰ ਇਸ਼ਟ ਹੈ। ਆਪ ਗਏ ਔਰ ਸੰਗਤ ਕੋ ਹੁਕਮ ਦੀਆ ਹੈ, ਤਥਾ ਗੁਰੂ ਘਰ ਕੇ ਭੀ ਜੋ ਤੀਰਥ ਹੈਂ। ਯਥਾ ਸੋਰਠ ਮਃ ੫॥ "ਸੰਤਹੁ ਰਾਮ ਦਾਸ ਸਰੋਵਰ ਨੀਕਾ ॥ ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀਕਾ॥ ਸਬਦ ੫੭" ਤਥਾ ਫੁਨਹੇ ਮਃ ੫ "ਹਰਿਹਾਂ ਨਾਨਕ ਕਸ ਮਲ ਜਾਹਿ ਨਾਇਐ ਰਾਮ ਦਾਸ ਸਰ ॥ ਸਬਦ ੧੦ ॥" ਇਤਯਾਦਿਕ ਵਾਕਯੋਂ ਸੇ ਬਹੁਤ ਉਪਮਾ ਲਿਖੀ ਹੈ। ਤਥਾ ਦਮਦਮਾ ਸਾਹਿਬ, ਅਨੰਦ ਪੁਰ ਸਾਹਿਬ, ਹਜ਼ੂਰ ਸਾਹਿਬ, ਮੁਕਤਸਰ ਸਾਹਿਬ, ਨਨਕਾਣਾ ਸਾਹਿਬ ਆਦਿਕ ਜੋ ਗੁਰੂ ਸਥਾਨ ਹੈਂ ਸੋ ਭੀ ਪੂਜਨੇ ਯੋਗਯ ਹੈਂ।

ਯਥਾ ਭਾਈ ਗੁਰਦਾਸ ਜੀ ॥ "ਜਿਥੈ ਬਾਬਾ ਪੈਰ ਧਰੇ ਪੂਜਾ ਆਸਣ ਥਾਪਣਿ ਸੋਆ ॥ ਵਾਰ ੧ ਪੌ: ੨੭ ॥ ਇਤਿ ॥" ਭਾਵ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਦ੍ਵਾਪਰ, ਤ੍ਰੇਤਾਦਿਕੋਂ ਮੇਂ ਲੀਲ੍ਹਾ ਕਰਕੇ ਤੀਰਥ ਰਚੇ ਹੈਂ। ਅਬ ਕਲੂ ਮੇਂ ਗੁਰੂ ਰੂਪ ਧਾਰ ਕੇ ਰਚੇ ਹੈਂ ਤਥਾ ਉਨ ਤੀਰਥੋਂ ਕੀ ਰੱਖਯਾਰਥ ਅਪਨੇ ਸਰਬੱਸ ਕੋ ਕੁਰਬਾਨ ਕੀਆ ਜਾਂ ਤੇ ਭੀ ਯਹ ਤੀਰਥ ਯਾਤ੍ਰਾ ਰੂਪ ਬਾੜੀ ਗੁਰੂ ਜੀ ਕੀ ਹੀ ਲਗਾਈ ਹੋਈ ਹੈ। ਇਸਤੇ ਤੀਰਥ ਯਾਤ੍ਰਾ ਸਰਬੱਤ ਸੰਗਤ ਕੋ ਅਵੱਸ਼ਜ ਕਰਨੀ ਚਾਹੀਏ ॥

## ॥ ਵੇਦ ਪੁਰਾਣਾਦਿਕ ॥

ਸ਼ੰਕਾ—ਆਪ ਨੇ ਕਹਾ ਕਿ "ਬਰਤ ਨੇਮ ਕਰ ਵੇਦ ਸੁਣੰਦੇ।" ਸੋ ਵੇਦਾਦਿਕੋਂ ਕਾ ਸੁਣਨਾ ਗੁਰੂ ਮਤ ਮੇ ਨਹੀਂ ਲਿਖਾ। ਯਥਾ ਰਾਗ ਤਿਲੰਗ ਮੇਂ ਕਬੀਰ ਜੀ ਕਹਿਤੇ ਹੈਂ "ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥ ਸਬਦ ੧ ॥" ਤਥਾ ਆਸਾ ਦੀ ਵਾਰ ਵਿਚੋਂ ਸਲੋਕ ਮ: ੧ "ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥ ਪੌ: ੯।" ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ "ਸਿਮਰਤ

ਸਾਸਤ੍ ਵੇਦ ਸਭੈ ਬਹੁ ਭੇਦ ਕਹੈ ਹਮ ਏਕ ਨ ਜਾਨਿਓਂ ॥ ਸ੍ਰੀ ਰਾਮਾਵਤਾਰ ਛੰਦ ੮੬੩ ॥" ਤਥਾ "ਵੇਦ ਕਤੇਬ ਵਿਖੇ ਹਰਿ ਨਾਹੀ ॥ ਜਾਨ ਲੇਹੁ ਹਰਿ ਜਨ ਮਨ ਮਾਹੀ ॥ ਬਚਿਤ੍ਰ ਨਾਟਕ ਧਿ: ੬ ਪੰਨਾ ਪ੬ ॥" ਇਤਯਾਦਿਕ ਔਰ ਭੀ ਵਾਕ੍ਯ ਹੈਂ, ਤੋ ਆਪ ਵੇਦ ਕਾ ਮੰਡਨ ਕੈਸੇ ਕਰ ਰਹੇ ਹੋ ?

ਉੱਤ੍ਰ—ਗੁਰਬਾਣੀ ਅਨੁਸਾਰ ਪ੍ਰਥਮ ਤੋ ਆਪ ਇਫਤਰਾ ਸ਼ਬਦ ਕਾ ਅਰਥ ਕਹੋ ॥

ਉੱਤ੍ਰ—ਫਜ਼ੂਲ, ਕੌਣ ਪ੍ਰਮਾਣ ਹੈ ? ਫਾਰਸੀ ਲਫਜ਼ ਹੈ, ਪਾਰਸੀ ਕਤਾਬੋਂ ਮੇਂ ਲਿਖਾ ਹੈ ॥

ਉੱਤ੍ਰ—ਯਹ ਤੁਮ੍ਹਾਰੀ ਪਾਰਸੀ ਕਿਤਾਬੋਂ ਕੋ ਪੱਕੀ ਬਾਨੀ ਸਮਝ ਕੇ ਔਰ ਗੁਰੂ ਘਰ ਦੇ ਗ੍ਰੰਥਾਂ ਨੂੰ ਕੈਸੇ ਕੱਚੀ ਜਾਣਕੇ ਤੁਮਾਰਾ ਅਰਥ ਸ੍ਵੀਕਾਰ ਕਰੇਂ ?

ਸ਼ੰਕਾ—ਆਪ ਕਹੋ।

ਉਤ੍ਰ—ਟੀਕਾ ਮੇਂ ਤੋ ਤੀਨ ਅਰਥ ਕਰੇ ਹੈਂ 'ਇਫਤਰਾ' ਕਹੀਏ ਖੋਲਨੇ ਤੋਂ ਬਿਨਾ ਵਾ ਪੜਨੇ ਸੇ ਬਿਨਾਂ ਵਾ ਧਾਰਨੇ ਸੇ ਬਿਨਾ ਇਤਿ।

ਯਥਾ ਸੋਰਠ ਮ: ੯॥ ਬੇਦ ਪੁਰਾਨ ਸਿਮ੍ਰਿਤਿ ਕੇ ਮਤਿ ਸੁਨਿ ਨਿਮਖ ਨ ਹੀਏ ਬਸਾਵੈ। ਪਰਧਨ ਪਰਦਾਰਾ ਸਿਉ ਰਚਿਓ ਬਿਰਥਾ ਜਨਮੁ ਸਿਰਾਵੈ। ਸਬਦ ੧।

Sri Satguru Jagjit Singh Ji Elibrary NamdhariElibrary@gmail.com

ਤਥਾ ਟੋਡੀ ਮ: ੫ । ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ ॥ ਸ਼ਬਦ ੨੬ ॥

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਮੁਲਾਰ ਬਿਸਨਪਦ ॥ "ਨਾਹਨ ਗੁਨ ਜਪ ਤਪ ਨਹ ਸੰਜਮ ਨਾਹਿ ਦਇਆ ਸੀਲ ਬਰਤ ਕੀਨਾ ॥ ਨਾਹਨ ਜੋਗ ਜਗ ਮਖ ਕੀਨਿਓ ਨਾਹਨ ਤੀਰਥਦਾਨ ਨ ਦੀਨਾ" ॥ ਛੰ: ੧੯੩ ॥ ਨਾਹਨ ਪੁੰਨ ਅਸਨਾਨ ਤ੍ਰੈਕਾਲਕ ਨਾਹਨ ਕੰਠੀ ਕੰਠ ਸੁਧਾਰਾ ॥ ਨਾਹਨ ਜੋਗ ਗਿਯਾਨ ਬਿਗਯਾਨਾ ਸਨਮੁਖ ਸ਼ਸਤ੍ਰ ਸਮਰ ਨਹ ਧਾਰਾ" ॥ ਛੰਦ ੧੯੪ ॥ ਸਰਬਲੋਹ ਧਿ: ੨ ॥ ਤਥਾ "ਨਾਹਨ ਸਾਧ ਕੋ ਸੰਗ ਕੀਓ ਪਸੁ ਨਾਹਨ ਤੀਰਥ ਗਵਨ ਕਰਾਇਓ ॥ ਨਾਹਨ ਬਰਤ ਤਪਸਿਆ ਕੀਨਉ ਨਾਹਨ ਜਾਚਕ ਦਾਨ ਦਿਵਾਇਓ ॥ ਬੈਸਗਈ ਬਿਖਯਨ ਸੰਗ ਬੈਸਕੈ ਅਉਧ ਘਟਿਓ ਹੁਣ ਕਾਲ ਨਿਆਰਾਇਓ ॥ ਭਉਰ ਗਏ ਬਗ ਬੈਠੇ ਆਇਕੈ ਨਿਸ ਭੋਰ ਭਈ ਕਛੁ ਹਾਥ ਨ ਆਇਓ" ॥ ਸਰਬਲੋਹ ਧਿ: ੨ ਛੰ: ੮੫੪ ॥ ਵਿਸਥਾਰ ਵਿਚ ਦੇਖੋ ਇਤਿ ॥ ਤਥਾ ਸੂਹੀ ਕੀ ਵਾਰ ਵਿਚੋਂ ਮ: ੧ ॥ "ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥ ਪੌ: ੧੭"

Sri Satguru Jagjit Singh Ji Elibrary NamdhariElibrary@gmail.com

ਟੀਕਾ:—ਜੈਸੇ ਦੀਪਕ ਬਲਨੇ ਸੇ ਅੰਧਕਾਰ ਨਿਬ੍ਰਿਤ ਹੋਤਾ ਹੈ, ਤੈਸੇ ਵੇਦ ਕਾ ਪਾਠ ਬੁੱਧੀ ਕੇ ਪਾਪੋਂ ਕੋ ਖਾ ਲੇਤਾ ਹੈ ॥

ਤਥਾ ਸ੍ਰੀਮੁਖ ਵਾਕਜ ਪਾਤਸਾਹੀ ੧੦ "ਅਥਰਵ ਬੇਦ ਪਠਿਯੰ ॥ ਸੁਣੇ ਪਾਪ ਨਠਿਯੰ" ॥ ਪਾਠਅੰਤਰ ॥ "ਰਿਗੰਬੇਦ ਪਠਿਯੰ" ॥ ਵਿਚਿਤ੍ਰਨਾਟਕ ਧਿ ੪ ॥ ਤਥਾ ਰਾਮਕਲੀ ਮ: ੫ "ਚਾਰਿ ਪੁਕਾਰਹਿ ਨਾ ਤੂ ਮਾਨਹਿ ਖਟੁ ਭੀ ਏਕਾ ਬਾਤ ਬਖਾਨਹਿ ॥ ਦਸ ਅਸਟੀ ਮਿਲਿ ਏਕੋ ਕਹਿਆ ॥ ਤਾ ਭੀ ਜੋਗੀ ਭੇਦੁ ਨ ਲਹਿਆ" ਸਬਦ ੧੨ ॥ ਤਥਾ ਰਾਮਕਲੀ ਮ: ੫ ॥

ਸੰਤ ਸਭਾ ਮਿਲਿ ਕਰਹੁ ਬਖਿਆਣ ।
ਸਿੰਮ੍ਰਿਤਿ ਸਾਸਤ ਬੇਦ ਪੁਰਾਣ ॥
॥ ਸਬਦ ੫੪ ॥

ਤਥਾ ਰਾਮਕਲੀ ਅਸਟਪਦੀਆ ਮ: ੧ "ਵਾਚੈ ਵਾਦੁ ਨ ਬੇਦੁ ਬਿਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥ ਅਸਟਪਦੀ ੪ ॥

ਟੀਕਾ:— ਜੋ ਪੁਰਖ ਬਾਦ ਕਹੀਏ ਝਗੜੋ ਕੋ ਕਰਤੇ ਹੈਂ, ਔ ਵੇਦ ਕਾ ਬਿਚਾਰ ਨਹੀਂ ਕਰਤੇ, ਵਹ ਆਪ ਤੋ ਡੁਬੇ ਹੈਂ ਪਿਤਰੋਂ ਕੋ ਕੈਸੇ ਤਾਰੇਂਗੇ ।

ਤਥਾ ਸਾਰਗ ਮ: ੫ "ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥ ਤਥਾ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨਕੈ ਮਾਨ" । ਸਬਦ ੨ ॥ ਤਥਾ ਆਸਾ ਮ: ੫ "ਮਾਇਆ ਕੀ

Sri Satguru Jagjit Singh Ji Elibrary NamdhariElibrary@gmail.com

ਕਿਰਤ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥ ਬੇਦ ਸਾਸਤ੍ਰ ਕਉ ਤਰਕਨ ਲਾਗਾ ਤਤੁ ਜੋਗ ਨ ਪਛਾਨੈ" ਸਬਦ ੪੨ ॥ ਤਥਾ ਆਸਾ ਅਸਟਪਦੀਆਂ ਮ: ੩ "ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥ ਤਥਾ "ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥ ਤਾਕਾ ਹੁਕਮ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ" ॥ ਅਸਦਪਦੀ ੧ ॥

ਅਰਥ—ਜੋ ਬੀਚਾਰਾ ਜੀਵ ਤਿਸ ਵੇਦ ਕਾ ਤੱਤ੍ਰ ਰੂਪ ਹੁਕਮ ਨਾ ਸਮਝ ਨੇ ਕਰਕੇ ਵਾਸ਼ਨਾ ਸੇ ਬੰਧਾਇਮਾਨ ਹੋਕਰ ਨਰਕ ਸੁਰਗ ਮੇਂ ਬਾਰੰਬਾਰ ਜਨਮਤਾ ਮਰਤਾ ਰਹਿਤਾ ਹੈ ॥

ਯਥਾ ਮਾਰੂ ਵਾਰ ਮ: ੩ ॥ "ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥ ਪੌ: ੧੯ ॥"

ਅਰਥ—ਜੋ ਸਿਮ੍ਰਿਤਿ ਸ਼ਾਸਤ੍ਰਾਂ ਕੋ ਨਹੀਂ ਖੋਜਤੇ ਸੋ ਮਨਮੁਖ ਖਰਾਬ ਹੂਏ ਹੈਂ ॥

ਤਥਾ ਮਾਰੂ ॥ "ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ ਪੌ: ੯ ॥" ਤਥਾ ਰਾਗ ਆਸਾ ਮ: ੧ ॥ ਪਟੀ ਲਿਖੀ "ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰ ਜੁਗਾ ॥" ਤਥਾ ਪ੍ਰਭਾਤੀ ਕਬੀਰ ਜੀ "ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ। ਸਬਦ ੪ ॥" ਤਥਾ ਭੈਰਉ ਕਬੀਰ ਜੀ "ਦਿਲ ਖਲ ਹਲੁ ਜਾਕੈ ਜਰਦ ਰੂਬਾਨੀ ॥ ਛੋਡਿ ਕਤੇਬ ਕਰੈ

ਸੈਤਾਨੀ ॥ ਸਬਦ ੧੫ ॥" ਤਥਾ ਰਾਮਕਲੀ ਮਃ ੩ ਅਨੰਦ "ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੇ ਫਿਰਹਿ ਜਿਉ ਬੇਤਾਲਿਆ ॥ ਪੌਃ ੧੯।" ਤਥਾ ਮਾਰੂ ਵਾਰ ਮਃ ੩ "ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ ॥ ਪੌਃ ੧੦ ॥" ਤਥਾ ਨਟ ਅਸਟਪਦੀਆ ਮਃ ੪ "ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ ॥ ਰਾਮ ਨਾਮੁ ਪੜਹੁ ਗਤਿ ਪਾਵਹੁ ਸਤਸੰਗਤਿ ਗੁਰਿ ਨਿਸਤਾਰੇ ॥ ਅਸਟਪਦੀ ੬ ॥" ਤਥਾ ਪ੍ਰਭਾਤੀ ਮਃ ੧ "ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ ॥ ਮਨਿ ਵੀਚਾਰਿ ਦੇਖੁ ਬ੍ਰਹਮ ਗਿਆਨੀ ਕਉਨੁ ਗਿਰਹੀ ਕਉਨੁ ਉਦਾਸੀ॥ਸਬਦ੮॥

ਟੀਕਾ—ਜਿਨ ਪੁਰਸ਼ੋਂ ਕੀ ਵੇਦ ਮਾਰਗ ਮੇਂ ਚਲ ਕੇ ਸੰਸਾਰ ਤੋਂ ਬਿਰਤੀ ਉਲਟੀ ਹੈ ਤਿਨ ਕੋ ਬ੍ਰਹਮ ਦ੍ਰਿਸ਼ਟੀ ਪ੍ਰਕਾਸ਼ੀ ਹੈ ॥

ਤਥਾ ਪ੍ਰਭਾਤੀ ਮਃ ੧ ॥ "ਗੁਰਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ ॥ ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ ॥ ਸਬਦ॥੭"॥ ਤਥਾ ਆਸਾ ਮਃ ੧ ॥ ਵਿਦਿਆ ਵੀਚਾਰੀ ਤਾਂ ਪਰ-ਉਪਕਾਰੀ ॥ ਸਬਦ ੨੫ ॥ ਤਥਾ ਆਸਾ ਦੀ ਵਾਰ ਮਃ ੧ ॥ "ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ । ਪੌਃ ੧੩ ॥

Sri Satguru Jagjit Singh Ji Elibrary NamdhariElibrary@gmail.com

ਤਥਾ ਮਾਝ ਅਸਟਪਦੀਆ ਮਃ ੩ । ਵੇਦੁ ਪੁਕਾਰੈ ਤ੍ਰਿਬਿਧਿ ਮਾਇਆ॥ ਮਨਮੁਖ ਨ ਬੂਝਹਿ ਦੂਜੈ ਭਾਇਆ । ਅਸਟਪਦੀ । ੩੦ । ੩੧ ।

ਤਥਾ ਭਾਈ ਗੁਰਦਾਸ ਜੀ । ਦੀਨ ਦੁਨੀ ਦਾ ਥੰਮ ਹੋਇ ਭਾਰ ਅਥਰਵਣ ਥੰਮ ਖਲੋਤਾ॥ਵਾਰ ੨੪ ਪੌਃ੧੫

ਤਥਾ ਜਨਮਸਾਖੀ । ਬੇਦ ਅਥਰਵਣ ਬਾਹਰੇ ਜੇ ਕੋ ਕਰਮ ਕਰੇ । ਤਿਸ ਸਿਰ ਗਜਬ ਸ਼ਿਤਾਨ ਦਾ ਰੱਬ ਨ ਢੋਈ ਦੇ । ਸਾਖੀ ਮੱਕੇ ਦੀ । ਪੰਃ ੧੪੭ ॥

ਤਥਾ ਚੌਃ । ਸੁਰ ਸੁਰਤੀ ਨਿੰਦਕ ਜੇ ਅਭਿਮਾਨੀ । ਰੌਰਬ ਨਰਕ ਪਰੈਂ ਤੇ ਪ੍ਰਾਨੀ । ਕਲਪ ਕਲਪ ਭਰ ਇਕ ਇਕ ਨਰ ਕਾ॥ਪਰਹ ਜੋ ਦੁਖਹਿ ਸੁਰਤੀ ਕਰ ਤਰਕਾ । ਤੁਲਸੀ ਰਾਮਾਇਣ ਉਤਰ ਕਾਂਡ ਇਤਿ ॥

ਤਥਾ ਭਾਈ ਗੁਰਦਾਸ ਜੀ ॥ ਰਾਮਾਇਣ ਜੁਗ ਜੁਗ ਅਟਲ ਸੇ ਉਧਰੇ ਜੋ ਆਏ ਸਰਨਾ । ਵਾਰ ੩੧ ਪੌਃ੧੮

ਤਥਾ ਭਾਈ ਗੁਰਦਾਸ ਜੀ—ਕੂਟ ਕੂਟ ਸਨਿ ਕਿਰ-ਤਾਸ ਕਰ ਹਰਿ ਜਸ ਲਿਖ ਪੁਰਾਣ ਸੁਣਾਵੈ । ਪਤਤ ਪੁਨੀਤ ਕਰੇ ਜਨ ਭਾਵੈ । ਵਾਰ ੨੫ । ਪੌਃ ੧੯ ॥

ਤਥਾ ਆਦ ਗੁਰੂ ਜੀ ਪਾਸ ਕਰਤਾਰਪੁਰੇ ਵਿਚ ਵੇਦ ਪਾਠੀ ਤੋ ਪਾਠ ਕਰੈ ਔਰ ਸਿਖ ਬਾਣੀ ਪੜਤੇ ਰਹਿਣ । ਜਨਮੁਸਾਖੀ ਪੰਃ ੬੨੯ ॥

Sri Satguru Jagjit Singh Ji Elibrary NamdhariElibrary@gmail.com

ਤਥਾ ਗਉੜੀ ਬਾਵਨ ਅਖਰੀ ਮਃ ੫ । ਸਃ । ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ । ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ । ਸਃ ।ਪੌਃ੨੦

ਤਥਾ ਗਉੜੀ ਸੁਖਮਨੀ ਮਃ ੫ । ਸਃ । ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ । ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮੁ ਅਮੋਲ । ਸਃ । ਤੀਜੀ ਅਸਟ-ਪਦੀ ਦਾ ।

ਤਥਾ ਸਿਰੀ ਰਾਗ ਅਸਟਪਦੀਆ ਮਃ ੧ । ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ । ਮੁਨਿ ਜਨ ਸੇਵਕ ਸਾਧਿ ਕਾ ਨਾਮਿ ਰਤੇ ਗੁਣ ਤਾਸੁ । ਅਸਟਪਦੀ੭

ਤਥਾ ਸਿਰੀਰਾਗ ਮਃ ੧ । ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ । ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ ॥ ਅਸਟਪਦੀ ੧੦ ॥

ਸ਼ੰਕਾ—ਬੇਦ ਤੋ ਬ੍ਰਹਮਣੋ ਕੇ ਬਣਾਏ ਹੂਏ ਹੈਂ ਇਨ ਮੇ ਕਿਆ ਪੜਾ ਹੈ ?

ਉਤ੍ਰ—ਅਰੇ ਦੂਰ ਆਤਮਾ ਜਰਾ ਗੁਰੂ ਸਾਹਿਬ ਜੀ ਦੀਆਂ ਪਿਛਲੀਆਂ ਤੁਕਾਂ ਵਲ ਤੋ ਧਿਆਨ ਕਰ ਨਰਕ ਨੂੰ ਜਾਣ ਵਾਲਾ ਇਰਾਦਾ ਕਿਉਂ ਕਰਦਾ ਹੈਂ, ਸ੍ਰੀ ਗੁਰੂ ਨਾਨਕਦੇਵ ਜੀ ਤੋ ਐਸੇ ਫੁਰਮਾਇ ਰਹੇ ਹੈਂ । ਰਾਮਕਲੀ ਮਃ ੧ ॥ ਦਖਣੀ ਓਅੰਕਾਰੁ ॥ ਓਅੰਕਾਰਿ ਬੇਦ ਨਿਰ-

ਮਏ (ਨਿਰਮਏ ਕਹੀਏ ਪ੍ਰਗਟੇ) ਜਾਂਤੇ ਇਸ ਵਿਚਾਰ ਲੀਏ ਮਾਝ ਕੀ ਵਾਰ ਵਿਚੋਂ ਮਃ ੨। "ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ॥ ਓਥੈ ਪਾਪ ਪੁੰਨ ਬੀਚਾਰੀਐ ਕੂੜੈ ਘਟੈ ਰਾਸਿ॥ ਸਃ ਪੌਃ ੧੮ ਦਾ॥

ਤਥਾ ਰਾਮਕਲੀ ਦੀ ਵਾਰ ਮਃ ੩ ਸਃ ਮਃ ੩॥ ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ॥ ਸਃ ਪੌਃ ੧੦ ਵੀਂ ਦਾ॥

ਤਥਾ ਮਾਰੂ ਕਬੀਰ ਜੀ॥ ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ॥ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ॥ ਸਬਦ ੧॥

ਤਥਾ ਸੌ ਸਾਖੀ ਉਕਤ॥ ਬੇਦ ਕੀ ਰੀਤ ਕੋ ਤਿਆਗ ਕਰੇ ਨਹ ਕ੍ਰਿਯਾ ਕੋ ਮਾਨ ਸੋ ਸਿਖ ਸੜਾਵੈ॥ ਸਾਖੀ ੮॥ "ਤਥਾ ਬੇਦ ਸਾਸਤ੍ਰ ਗੁਰ ਵਾਕ ਕੋ ਧਾਰੈ॥ ਅਵਰ ਬਿਆਧ ਸਮ ਸਗਰੀ ਟਾਰੈ॥ ਸਾਖੀ ੬੨॥ ਤਥਾ ਬਚਨ ਸ਼ਾਸਤ੍ਰੋਂ ਕਾ ਗੁਰੂ ਜੀ ਕੋ ਇਸ਼ਟ ਮਾਨਨਾ ਹੀ ਜੋਗ ਹੈ ਸਾਖੀ ੩੨॥ ਤਥਾ "ਅਨਪੜਿਆ ਅੰਧਾ ਜੋ ਚਲੇ ਸਮਝ ਨ ਆਵੈ ਕਾਇ॥ ਬਾਣੀ ਜਿਨਕੀ ਸੁਧ ਹੈ ਤਿਸੈ ਮਿਲੈ ਹਰਿ ਰਾਇ॥ ਸਾਖੀ ੨੯॥" ਤਥਾ "ਸੁਣ ਕਰ ਸਾਸਤ੍ਰ ਗਰਬ ਗਵਾਵੈ॥ ਕਾਹੂੰ ਬਸਤ ਸੋ ਨੇਂਹੁ ਨ ਲਾਵੈ॥ ਸਾਖੀ ੧੯॥ ਤਥਾ "ਉਸਤਤ

Sri Satguru Jagjit Singh Ji Elibrary NamdhariElibrary@gmail.com

ਨਿੰਦਾ ਪਰ ਹਰੇ ਦੰਭ ਈਰਖਾ ਮਾਨ ॥ ਬੇਦ ਵਾਕ ਸਮ ਗੁਰ ਬਚਨ ਸਭ ਸੰਤਨ ਪ੍ਰਵਾਣ ॥ ਸਾਖੀ ੯੦ ॥ ਸੌ ਸਾਖੀ ਇਤਿ ॥"

ਤਥਾ ਗੁਰ ਬਿਲਾਸ ਉਕਤ ॥ ਚੌਪਈ

ਚਹੁਖਟ ਨੌ ਕਾ ਸਾਰ ਨਿਕਾਰਾ ॥
ਗੁਰ ਨਾਨਕ ਬਾਣੀ ਵਿਸਤਾਰਾ ॥

ਧਿਃ ੪ ਪੰਨਾ ੩੫ ॥

ਤਥਾ ਸ੍ਰੀ ਗੁਰੂ ਅਰਜਨ ਦੇਵ ਜੀ ਭਾਈ ਗੁਰਦਾਸ ਜੀ ਕੋ ਕਹਤੇ ਹੈਂ । ਚੌਪਈ–

ਪੋਥੀਆਂ ਇਹੁ ਗੁਰ ਬੇਦ ਸੁ ਬਾਣੀ ॥
ਹਮ ਲਿਆਏ ਤੁਮ ਪੈ ਇਕ ਠਾਣੀ ॥

ਧਿਃ੪ ਪੰਨਾ ਪ੮ ਗੁਰ ਬਿਲਾਸ ਇਤਿ ॥

ਭਾਵ ਇਨ ਪੂਰਬੋਕਤ ਸਰਬ ਵਾਕਯੋਂ ਸੇ ਵੇਦ ਪੁਰਾਣ, ਸਿਮ੍ਰਿਤੀ ਆਦਿਕੋਂ ਕਾ ਮੰਡਨ ਸਿੱਧ ਹੂਆ । ਤਥਾ ਗੁਰਬਾਣੀ ਸੇ ਵੇਦ ਬਾਣੀ ਕਾ ਅਭੇਦ ਕਹਾ । ਜਾਂ ਤੇ ਗੁਰਬਾਣੀ ਕਾ ਨਿੰਦਕ ਵੇਦ ਕਾ ਨਿੰਦਕ ਹੈ ਔਰ ਵੇਦ ਬਾਣੀ ਕਾ ਨਿੰਦਕ ਗੁਰਬਾਣੀ ਕਾ ਨਿੰਦਕ ਹੈ, ਯਹ ਨਿਸ਼ਚੇ ਹੂਆ ॥

ਤਥਾ ਸੋਰਠ ਰਵਿਦਾਸ ਜੀ ॥ ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਹੀਂ ॥ ਬਿਆਸ

Sri Satguru Jagjit Singh Ji Elibrary NamdhariElibrary@gmail.com

ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿਨਾਹੀ ॥ ਸਬਦ ੪ ॥ ਅਰਥ ਦੇਖੋ ਟੀਕਾ ਮਹਾਰਾਜਾ ਸਾਹਿਬ ਫਰੀਦਕੋਟ ਵਾਲਾ ਮੇਂ, ਵਿਸਥਾਰ ਭੈ ਸੇ ਨਹੀਂ ਲਿਖਾ। ਇਸ ਰੀਤ ਸੇ ਵੇਦ, ਪੁਰਾਣ, ਸਿਮ੍ਰਿਤੀ, ਇਤਹਾਸ, ਤੀਰਥ, ਦੇਵਾਦਿਕ ਇਨ ਸਭ ਕੇ ਮੰਡਨ ਮੇਂ ਸ੍ਰੀ ਗੁਰੂ ਜੀ ਕੇ ਅਧਿਕ ਵਾਕਯ ਪ੍ਰਮਾਣ ਹੋਨੇ ਤੇ ਯਹ ਪਖ੍ਯ ਪ੍ਰਬਲ ਹੈ ਔਰ ਪੂਰਬੋਕਤ ਨਿਸ਼ੇਧਕ ਵਾਕਯ ਤਿਨਕਾ ਤਾਤਪਰਯ ਵੇਦ ਕੀ ਆਗਯਾ ਨਾ ਮਾਨਨੇ ਵਾਲੇ, ਵੇਦ ਰਹੱਸਯ ਕੇ ਅਗਯਾਨੀ ਤਥਾ ਲੋਭੀ ਸ੍ਵਾਰਥ ਪਰਾਇਣ ਵੇਦ ਕਾ ਪਾਠ ਮਾਤ੍ਰ ਕਰਨੇ ਵਾਲੇ ਪਖੰਡੀਓਂ ਕਾ ਨਿਸ਼ੇਧ ਹੈ। ਵੇਦ ਭਗਵਾਨ ਤਥਾ ਸਿਮ੍ਰਿਤੀ ਆਦਿਕੋਂ ਕਾ ਖੰਡਨ ਨਹੀਂ ਹੈ॥

## ॥ ਅਵਤਾਰ ॥

ਸ਼ੰਕਾ—ਆਪ ਕਹਤੇ ਹੋ ਕਿ ਦੇਵਤਾਦਿਕੋਂ ਕਾ ਖੰਡਨ ਨਹੀਂ ਕੀਆ ਗੁਰੂ ਜੀ ਤੋ ਪ੍ਰਤੱਖ੍ਯ ਅਵਤਾਰੋਂ ਕਾ ਭੀ ਖੰਡਨ ਕਰ ਰਹੇ ਹੈਂ ॥

ਯਥਾ ਦੇਵ ਗੰਧਾਰੀ ਪਾਤਸਾਹੀ ੧੦ ॥

ਬਿਨ ਹਰਿ ਨਾਮ ਨ ਬਾਚਨ ਪੈ ਹੈ ॥ ਚੌਦਹ ਲੋਕ ਜਾਹਿ ਬਸ ਕੀਨੇ ਤਾਤੇ ਕਹਾਂ ਪਲੈ ਹੈ॥ ੧॥ ਰਹਾਉ ॥

ਰਾਮ ਰਹੀਮ ਉਬਾਰਿ ਨ ਸਕਿ ਹੈ ਜਾ ਕਰ ਨਾਮ ਰਟੈ ਹੈ ॥ ਬ੍ਰਹਮਾ ਬਿਸਨ ਰੁਦ੍ਰ ਸੂਰਜ ਸਸਿ ਤੇ ਬਸਿ ਕਾਲ ਸਬੈ ਹੈ ॥ ਬੇਦ ਪੁਰਾਨ ਕੁਰਾਨ ਸਬੈ ਮਤ ਜਾ ਕਰ ਨੇਤ ਕਹੈ ਹੈ ॥ ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਿਆਵਤ ਧਿਆਨ ਨ ਐ ਹੈ ॥ ੨ ॥ ਜਾ ਕਰ ਰੂਪ ਰੰਗ ਨਹ ਜਨਿਯਤ ਸੋ ਕਿਮ ਸਿਆਮ ਕਹੈ ਹੈ ॥ ਛੁਟਿ ਹੋ ਕਾਲ ਜਾਲ ਤੇ ਤਬ ਹੀ ਤਾਹਿ ਚਰਨ ਲਪਟੈ ਹੈ ॥ ਸ੍ਰੀ ਪਾਰਸਾਵਤਾਰਾਂਤ ॥

ਤਥਾ ਸਵੈਯਾ ॥ ਬ੍ਰਹਮ ਮਹੇਸੁਰ ਬਿਸਨੁ ਸਚੀਪਤਿ ਅੰਤ ਫਸੇ ਜਮ ਫਾਸ ਪਰੈਂਗੇ ॥ ਛੰ: ੮ ॥ ਅਕਾਲ ਉਸਤਤ ॥ ਤਥਾ ਕਿਉਂ ਕਹੁ ਕ੍ਰਿਸ਼ਨੁ ਕ੍ਰਿਪਾਨਿਧ ਹੈ ਕਿਹ ਕਾਜ ਤੇ ਬੱਧਕ ਬਾਣ ਲਗਾਯੋ, ਔਰ ਕੁਲੀਨ ਉਧਾਰਤ ਜੋ ਕਿਂਹ ਤੇ ਅਪਨੋ ਕੁਲ ਨਾਸ ਕਰਾਯੋ ॥ ਆਦਿ ਅਜੂਨਿ ਕਹਾਇ ਕਹੋ ਕਿਮ ਦੇਵਕ ਕੇ ਜਠ- ਰੰਤਰ ਆਯੋ। ਤਾਤ ਨ ਮਾਤ ਕਹੈ ਜਿਹ ਕੋ ਤਿਹ ਕਿਉ ਵਸੁਦੇਵਹਿ ਬਾਪਿ ਕਹਾਯੋ ॥ ਸਵੈਯਾ ੧੪ ॥ ਇਤਯਾਦਿਕ ਔਰ ਭੀ ਗੁਰੂ ਜੀ ਕੇ ਵਾਕਯ ਹੈਂ। ਆਪ ਕਹਤੇ ਹੋ ਖੰਡਨ ਹੀ ਨਹੀਂ ਕੀਆ।

ਉੱਤਰ ਚੌਂ: ਜਿਉਂ ਕੂਕਰ ਕੋ ਮਾਰਤ ਕੋਈ।
ਦੋਸ਼ ਲਸ਼ਿਕਾ ਜਾਨਤ ਸੋਈ ॥

Sri Satguru Jagjit Singh Ji Elibrary NamdhariElibrary@gmail.com

ਮੁਖ ਪਸਾਰ ਤਾਂਕੋ ਗਹ ਲੇਤ।
ਹਤਨ ਹਾਰ ਕੋ ਤਿਆਗ ਸੁਦੇਤ॥
ਸ੍ਵਾਨ ਦ੍ਰਿਸ਼੍ਰਿ ਇਹੁ ਮਨ ਮੁਖ ਧਾਰੈ।
ਕਲਪੈ ਨਰਨ ਬਿਖੈ ਇਹੁ ਮਾਰੈ॥
॥ ਰਾਸ ੮ ਅੰਸੁ ੪੦॥ ਸੂਰਜ ਪ੍ਰਕਾਸ਼ਗ੍ਰੰਥ ਇਤਿ॥

ਭਾਵ ਹੁਕਮ ਤੋਂ ਗੁਰੂਜੀ ਫੁਰਮਾ ਰਹੇ ਹੈਂ ਝਗੜਾ ਹਮਾਰੇ ਸਾਥ ਕਰ ਰਹੇ ਹੋ॥ ਯਾਂ ਤੇ ਉੱਤਰ ਸੁਣੋ ਪ੍ਰਿਥਮ ਤੋ ਸੋਰਠ ਪਾਤਸ਼ਾਹੀ ੧੦ "ਪ੍ਰਭੁ ਜੂ ਤੋ ਕਹਿ ਲਾਜ ਹਮਾਰੀ ਨੀਲਕੰਠ ਨਰ ਹਰਿ ਨਾਰਾਇਣ,ਨੀਲ ਬਸਨ ਬਨਵਾਰੀ॥ ਪਾਰਸ ਨਾਥ ਅਵਤਾਰਾਂਤ" ਯਹ ਸਾਰਾ ਸ਼ਬਦ ਸਗੁਣ ਮੂਰਤੀ ਕਾ ਪ੍ਰਤੀਪਾਦਕ ਹੈ:-

ਯਦਪਿ ਮੈ ਨ ਗਨੇਸਹਿ ਪ੍ਰਿਥਮ ਮਨਾਊ।
ਕਿਸਨ ਬਿਸਨ ਕਵਹੂੰ ਨ ਧਿਆਊ॥
ਕਾਨ ਸੁਨੈ ਪਹਚਾਨ ਨ ਤਿਨ ਸੋ।
ਲਿਵ ਲਾਗੀ ਮੋਰੀ ਪਗ ਇਨ ਸੋ॥
॥ ਕ੍ਰਿਸ਼ਨਾਵਤਾਰ ਛੰ: ੪੩੩॥

ਤਥਾ ਬਿਲਾਵਲ ਗੋਂਡ ਨਾਮ ਦੇਵ ਜੀ "ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤ ਦੇਖਿਆ ਥਾ। ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ॥

Sri Satguru Jagjit Singh Ji Elibrary NamdhariElibrary@gmail.com

ਤਥਾ ਅਕਾਲ ਉਸਤਤ ਸ੍ਰੀ ਮੁਖ ਵਾਕ ਪਾਤਸ਼ਾਹੀ ੧੦
ਭੁਜੰਗ ਪ੍ਰਯਾਤ ਛੰਦ:—

ਨ ਜਾਤੰ ਨ ਪਾਤੰ ਨ ਰੂਪੰ ਨ ਰੰਗੇ।
ਨਮੋ ਆਦਿ ਅਭੰਗੇ ਨਮੋ ਆਦਿ ਅਭੰਗੇ।
ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ।
ਉਸਾਰੇ ਗੜ੍ਹੇ ਫੇਰ ਮੇਟੇ ਬਨਾਏ॥
ਅਗਾਧੇ ਅਭੈ ਆਦਿ ਅਦ੍ਵੈ ਅਬਨਾਸੀ।
ਪਰੇਅੰਪਰਾ ਪਰਮ ਪ੍ਰਗਯਾ ਪ੍ਰਕਾਸ਼ੀ।
॥ ਛੰਦ ੬ ॥ ੯੬ ॥

ਤਥਾ ਰਾਗ ਕਲਿਯਾਨ ਪਾਤਸ਼ਾਹੀ ੧੦ "ਕਹਾ ਭਯੋ ਜੋ ਆਨ ਜਗਤ ਮੈ ਦਸਕ ਅਸੁਰ ਹਰਿ ਘਾਏ॥ ਅਧਿਕ ਪ੍ਰਪੰਚ ਦਿਖਾਇ ਸਭਨ ਕਹ ਆਪਹਿ ਬ੍ਰਹਮ ਕਹਾਏ" ਇਤਯਾਦਿਕ ਜੋ ਸ੍ਰੀ ਗੁਰੂ ਜੀ ਕੇ ਸਗੁਣ ਮੂਰਤੀ ਕੇ ਨਿਖੇਧਕ ਵਚਨ ਪ੍ਰਤੀਤ ਹੋਤੇ ਹੈਂ, ਤਿਨਕਾ ਤੋ ਯਹ ਤਾਤਪ੍ਰਯ ਹੈ, ਪ੍ਰਥਮ ਤੋ ਸ੍ਰੀ ਰਾਮ ਤਥਾ ਸ੍ਰੀ ਕ੍ਰਿਸ਼ਨਾਦਿਕ ਅਵਤਾਰੋਂ ਕੀ ਉਸਤਤ ਤਥਾ ਦਸ ਗੁਰੂਓਂ ਸੇ ਅਭੇਦ ਸ੍ਰਵਣ ਕਰੋ॥ ਤਥਾ ਗੌਂਡ ਨਾਮ ਦੇਵ ਜੀ:—ਹਰਿ ਹਰਿ ਕਰਤਿ ਪੂਤਨਾ ਤਰੀ।

ਬਾਲ ਘਾਤਨੀ ਕਪਟਹ ਭਰੀ॥
ਸਿਮਰਨ ਦ੍ਰੋਪਦ ਸੁਤ ਉਧਰੀ।

ਗਊਤਮ ਸਤੀ ਸਿਲਾ ਨਿਸਤਰੀ ॥

ਤਥਾ ਭਾਈ ਗੁਰਦਾਸ ਜੀ "ਰੰਗ ਮਹਲ ਰੰਗ ਰਾਗ ਵਿਚ ਦਸਰਥ ਕੌਸਲਿਆ ਰਲਿਆਲੇ ॥ ਮਤਾ ਪਕਾਇਨ ਆਪ ਵਿਚ ਚਾਇ ਚਲੀਏ ਖਰੇ ਮੁਖਾਲੇ ॥ ਘਰ ਅਸਾੜੈ ਪੁਤ ਹੈ ਨਾਉ ਕਿਧਰੀਏ ਬਾਲਕ ਬਾਲੇ ॥ ਰਾਮ ਚੰਦ ਨਉ ਲੈਂਦਿਆਂ ਤਿਨ ਹਤਿਆ ਤੇ ਹੋਇ ਨਿਰਾਲੇ॥ ਰਾਮ ਰਾਜ ਪ੍ਰਵਾਣ ਜਗ ਸਤ ਸੰਤੋਖ ਧਰਮ ਰਖਵਾਲੇ ॥ ਮਾਯਾ ਵਿਚ ਉਦਾਸ ਹੋਇ ਸੁਣੇ ਪੁਰਾਣ ਵਿਸਿਸ਼੍ਰ ਬਹਾਲੇ ॥ ਰਾਮਾਇਣ ਬਰਤਾਇਆ ਸਿਲਾ ਤਰੀ ਪਗ ਛੁਹ ਤਤਕਾਲੇ ॥ ਸਾਧ ਸੰਗ ਪਗ ਧੂੜ ਨਿਹਾਲੇ ॥ ਵਾਰ ੨੩ ਪਉੜੀ ॥ ੮ ॥

ਸ਼ੰਕਾਃ—ਤੀਨ ਹਤਿਯਾ ਕੌਨ ਹੈਂ ?

ਉੱਤਰਃ—ਸਰਬਣ ਭਗਤ ਤਥਾ ਤਿਨ ਕੇ ਮਾਤਾ ਪਿਤਾ ਇਹੁ ਤੀਨੋ ਹਤਿਆ ਜੋ ਰਾਜਾ ਦਸਰਥ ਜੀ ਸੇ ਹੂਈਂ ਥੀਂ, ਸੋ ਸ੍ਰੀ ਰਾਮਚੰਦ੍ਰ ਜੀ ਕੇ ਨਾਮ ਲੇਨੇ ਸੇ ਹੀ ਤਿਨ੍ਹੋਂ ਤੇ ਨਿਰਾਲੇ ਹੋਗਏ ॥ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥ ਦੋਃ ॥

ਰਾਮ ਕਥਾ ਜੁਗ ਜੁੱਗ ਅਟਲ, ਸਭ ਕੋਈ ਭਾਖਤ ਨੇਤ।
ਸੁਰਗਬਾਸ ਰਘੁਬਰ ਕਰਾ, ਸਗਰੀ ਪੁਰੀ ਸਮੇਤ ॥
॥ ਸ੍ਰੀ ਰਾਮਾਵਤਾਰ ਛੰਦ ੮੫੮ ॥

Sri Satguru Jagjit Singh Ji Elibrary NamdhariElibrary@gmail.com

ਤਥਾ ਚੌ: ਜੋ ਏਹ ਕਥਾ ਸੁਨੈ ਅਰੁ ਗਾਵੈ।
ਦੂਖ ਪਾਪ ਤਿਹ ਨਿਕਟ ਨ ਆਵੈ॥
ਬਿਸ਼ਨ ਭਗਤਿ ਕੀਏ ਫਲ ਹੋਈ।
ਆਧਿ ਬਿਯਾਧਿ ਛ੍ਵੈ ਸਕੈ ਨ ਕੋਈ॥
॥ ਸ਼੍ਰੀ ਰਾਮਾਵਤਾਰ ਛੰ: ੮੫੯ ॥

ਤਥਾ ਸ੍ਰੀ ਸ੍ਰਬਲੋਹ ਗ੍ਰੰਥੋਕ੍ਤ ਜੋ ਦਸਮ ਪਾਤਸਾਹਿਬ ਜੀ ਨੇ ਦਸਮ ਗ੍ਰੰਥ ਸਾਹਿਬ ਜੀ ਸੇ ਪੀਛੇ ਰਚਿਆ ਹੈ ਤਿਸ ਮੇਂ ਖਾਲਸੇ ਕੀ ਬਹੁਤ ਉਪਮਾ ਕਹੀ ਹੈ ਸੋ ਤੋ ਆਗੇ ਕਹੇਂਗੇ॥

## ॥ ਸ਼੍ਰੀ ਗਣੇਸ਼ਾਦਿ ॥

ਪਹਿਲੇ ਸ਼੍ਰੀ ਗਣੇਸ਼ ਜੀ ਆਦਿਕੋਂ ਕਾ ਮੰਗਲ ਸੁਣ ॥ ਛਪੈ ਛੰਦ ॥

ਗਨਪਤਿ ਗੌਰੀ ਸੁਤ ਭਜੌ, ਰਿੱਧ ਸਿੱਧ ਕੇ ਧਾਮ।
ਸੁਖਪਾਵਹੁ ਨਿਤਨਿਤ ਸਦਾ, ਧਨ ਪਾਵਹੁ ਬਿਸ੍ਰਾਮ॥
ਏਕ ਰਦਨ ਗਜ ਬਦਨ ਸਦਨ ਗੌਰੀ ਸੁਤ ਨੰਦਨ॥
ਬੁਧਿ ਦਾਇਕ ਅਘ ਹਰਨ ਸਦਾਸੁਰ ਕਿਲ ਬਿਖ ਖੰਡਨ॥
ਸਬੁਧਿ ਗਿਆਨ ਦਾਤਾ ਹਰੀ ਅਘ ਪਾਪ ਨਿਕੰਦਨ॥
ਗਨਪਤਿ ਗੌਰੀ ਦੇਵ ਸੁਤ ਜੈ ਜੈ ਸਿਵ ਨੰਦਨ॥
ਧਿ: ੧ ਛੰਦ ੧੨੪ ॥

Sri Satguru Jagjit Singh Ji Elibrary NamdhariElibrary@gmail.com

ਤਥਾ ਦੋਹਾ:—

ਰੇ ਮਨ ਭਜ ਤੂੰ ਸਾਰਦਾ, ਜਾ ਸਮ ਅਵਰ ਨ ਕੋਇ।
ਜਿਹ ਸਿਮਰਤ ਕਿਲ ਬਿਖ ਨਸੇ, ਅੰਤ ਪਰਮ ਗਤਿ ਹੋਇ॥
॥ ਧਿ: ੧ ਛੰਦ ੧੨੫ ॥

ਤਥਾ ਨਰਾਜ ਛੰਦ:—

ਨਮਾਮਿ ਸਾਮ ਕਾਰਤੰ ਸਬਾਹਨਾ ਮਯੂਰੀਯੰ।
ਪ੍ਰਸਿੱਧ ਬ੍ਰਹਮਰੂਪੀਯੰ ਸੰਤਾਪ ਪਾਪ ਚੂਰੀਯੰ।
ਤ੍ਰੈਲੋਕਨਾਥ ਸ਼ੰਭੁ ਸੁਤ ਗੌਰ ਨੰਦ ਜਾਪੀਏ।
ਗਨੇਸਨਾਮ ਕਾਰਤਕੰ ਮਯੂਰ ਬਾਹ ਥਾਪੀਏ॥
ਧਿ: ੧ ਛੰਦ ੧੩੦

ਤਥਾ ਸ਼੍ਰੀ ਬਿਸ਼ਨੂ ਜੀ ਨੇ ਕਹਿਣਾ ਦੇਵਤੋਂ ਕੋ "ਸੈਨਾ ਪ੍ਰਤਹ ਪ੍ਰਭ ਦਈ ਆਗਿਆ ਸ੍ਰੀਗਨੇਸ ਮਨਾ ਇਕੈ ॥ ਧਿ: ੨ ਛੰ: ੫੭੬ ॥ ਵਿਸਤਾਰ ਦੇਖੋ ਸਰਬ ਲੋਹ ਇਤਿ ॥

## ਅਵਤਾਰ

ਤਥਾ ਭਾਈ ਗੁਰਦਾਸ ਜੀ "ਤ੍ਰੇਤੇ ਛਤ੍ਰੀ ਰੂਪ ਧਰ ਸੂਰਜ ਵੰਸੀ ਵਡ ਅਵਤਾਰਾ ॥ ਤਥਾ ਦੁਆਪਰ ਜਾਦਵ ਵੇਸ ਕਰ ਜੁਗ ਜੁਗ ਔਧ ਘਟੈ ਆਚਾਰਾ ॥ ੧ ॥ ਪੌ: ੬ ॥ ਤਥਾ ਸ੍ਰੀਮੁਖ ਦਸਮ ਗ੍ਰੰਥ ਸਾਹਿਬ ਚੌ:—

ਭੂਮਿ ਭਾਰ ਤੇ ਅਤਿ ਦੁਖ ਪਾਯੋ।
ਬ੍ਰਹਮਾ ਪੈ ਦੁਖ ਰੋਇ ਸੁਨਾਯੋ॥
ਬ੍ਰਹਮਾ ਕਰੀ ਬਿਸਨ ਕੀ ਸੇਵਾ।
ਤਾਤੇ ਭਏ ਕ੍ਰਿਸਨ ਜਗਦੇਵਾ॥
ਮੁਰ ਦਾਨਵ ਕੋ ਕੰਸ ਅਵਤਾਰਾ।
ਕਰਤ ਪੂਰਬਲੋ ਦ੍ਰੋਹ ਸੰਭਾਰਾ।
ਵਾਕੇ ਕਰਤ ਹਨਨ ਕੇ ਦਾਵੈ।
ਨਿਤਿ ਪਰਤਿ ਅਸੁਰਨ ਤਹਾ ਪਠਾਵੈ॥
ਪ੍ਰਿਥਮ ਪੂਤਨਾ ਕ੍ਰਿਸ਼ਨ ਸੰਘਾਰੀ॥
ਪੁਨ ਸਕਟਾਸੁਰ ਦੇਹ ਉਧਾਰੀ॥

ਚਰਿਤ੍ਰ ੩੨੦

ਤਥਾ ਭਾਈ ਗੁਰਦਾਸ ਜੀ॥ "ਆਈ ਪਾਪਣ ਪੂਤਨਾ ਦੁਹੀ ਥਣੀ ਬਿਹੁ ਲਾਇ ਬਹੇਲੀ॥ ਆਇ ਬੈਠੀ ਪਰਵਾਰ ਵਿਚ ਨੇਹੁ ਲਾਇ ਨਵ ਹਾਣਿ ਨਵੇਲੀ॥ ਕੁਛੜ ਲਏ ਗੋਬਿੰਦ ਰਾਇ ਕਰ ਚੇਟਕ ਚਤੁਰ ਮਹੇਲੀ॥ ਮੋਹਣ ਮੰਮੇ ਪਾਇਓਨ ਬਾਹਰ ਆਈ ਗਰਬ ਗਹੇਲੀ॥ ਦੇਹ ਬਧਾਇ ਉਚਾਇਓਨੁ ਤਿਹ ਚਰਿਆਰ ਨਾਰਿ ਅਠਖੇਲੀ॥ ਤਿਹੁ ਲੋਆ ਦਾ ਭਾਰ ਦੇ ਚਮੜਿਆ ਗਲ ਹੋਇ ਦੁਹੇਲੀ॥ ਖਾਇ ਪਛਾੜ ਪਹਾੜ ਵਾਂਗ ਜਾਇ ਪੜੀ ਉਜਾੜ ਧਕੇਲੀ॥ ਕੀਤੀ

ਮਾਉ ਤੁੱਲ ਸਹੇਲੀ ॥ ਵਾਰ ੧੦ ਪੌ: ੨੨ ॥

ਅਰਥਾਤ ਸ੍ਰੀ ਦੇਵਕੀ ਮਾਤਾ ਜੀ ਕੀ ਸਹੇਲੀ ਜੋ ਸ੍ਰੀ ਜਸੋਧਾਂ ਮਾਤਾ ਜੀ ਥੇ ਤਿਨ੍ਹੋਂ ਕੋ ਤੁੱਲ ਹੀ ਗਤੀ ਦਿੱਤੀ ॥

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਦੋਹਾ:— "ਪਾਪ ਕਰਿਓ ਬਹੁ ਪੂਤਨਾ ਜਾਂ ਸੋ ਨਰਕ ਡਰਾਇ। ਅੰਤ ਕਹਿਯੋ ਹਰਿ ਛਾਡ ਦੈ ਬਸੀ ਵੈਕੁੰਠੇ ਜਾਇ ॥ ਛੰਦ ੮੮ ॥" ਤਥਾ ਦੋ: "ਬਾਲ ਰੂਪ ਹੋਇ ਅਵ-ਤਰਿਯੋ ਦਯਾ ਸਿੰਧ ਕਰਤਾਰ। ਪ੍ਰਿਥਮ ਉਧਾਰੀ ਪੂਤਨਾ ਭੂਮ ਉਤਾਰਿਓ ਭਾਰ ॥ ਸ੍ਰੀ ਕ੍ਰਿਸਨਾਵਤਾਰ ਛੰ: ੯੩ ॥

ਤਥਾ ਪੂਰਬ ਪ੍ਰਕਰਣ ਯਹ:—

ਪੁਨ ਸਕਟਾਸੁਰ ਦੇਹ ਉਧਾਰੀ।
ਬਹੁਰ ਬਕਾਸੁਰ ਅਸੁਰ ਸੰਘਾਰਿਯੋ।
ਬ੍ਰਿਖਭਾਸੁਰ ਕੇ ਬ੍ਰਿਖਨ ਉਪਾਰਿਯੋ॥
ਅਘਾਸੁਰ ਕੋ ਅਘ ਨਿਵਿਰਤ ਕਰ।
ਪੁਨ ਕੇਸੀ ਮਾਰਿਯੋ ਚਰਨਨ ਧਰ।
ਬਹੁਰਿ ਬ੍ਰਹਮ ਕਹਿ ਚਰਿਤ ਦਿਖਾਇਓ।
ਧਰ ਕਰ ਪਰ ਗਿਰ ਇੰਦ੍ਰ ਹਿਰਾਯੌ॥
ਨੰਦਹਿ ਛੀਨ ਵਰਨ ਤੇ ਲਿਯਾਯੋ।
ਸੰਦੀਪਨ ਕੇ ਸੁਤਹਿ ਮਿਲਾਯੋ॥
ਦਾਵਾਨਲ ਤੇ ਗੋਪ ਉਬਾਰੇ।

Sri Satguru Jagjit Singh Ji Elibrary NamdhariElibrary@gmail.com

ਗੋਪਨ ਸੌ ਬ੍ਰਿਜ ਕਰੇ ਅਖਾਰੇ ॥
ਕਬਲਿਯਾਗਜ ਕੋ ਦਾਂਤਲਯੋ ਹਰਿ।
ਚੰਡੂਰਹ ਮੁਸ਼ਟਕਹ ਪਰ ਹਰ ਕਰ ॥
ਪਕਰ ਕੇਸ ਤੇ ਕੰਸ ਪਛਾਰਾ।
ਉਗਰਸੈਨ ਸਿਰ ਛਤਰਹ ਢਾਰਾ ॥
ਜਰਾਸਿੰਧ ਕੀ ਚਮੂੰ ਸੰਘਾਰੀ।
ਸੰਖ ਲਯੋ ਸੰਖਾਸੁਰ ਮਾਰੀ ॥
ਨਗਰ ਦ੍ਵਾਰਕਾ ਕੀਆ ਪ੍ਰਵੇਸਾ।
ਦੇਸ ਦੇਸ ਕੇ ਜੀਤ ਨਰੇਸਾ ॥
ਦੰਤ ਵਕਤ੍ਰ ਨਰਕਾਸੁਰ ਘਾਯੋ।
ਸੋਰਾ ਸਹੰਸ ਬਧੂ ਬਰ ਲਿਯਾਯੋ ॥
ਪਾਰਜਾਤ ਸੁਰਪੁਰ ਤੇ ਲਿਯਾਯਾ ॥
ਬਿੰਦ੍ਰਾਬਨ ਮੈ ਖੇਲ ਦਿਖਾਯਾ ॥
ਪੰਡਵਨ ਕੀ ਜਿਨ ਕਰੀ ਜਿਤਾਰੀ।
ਦ੍ਰੁਪਦ ਸੁਤਾ ਕੀ ਲਾਜ ਉਬਾਰੀ ॥
ਸਭ ਕੈਰਬ ਕੇ ਦਲਹ ਖਪਾਈ।
ਸੰਤਹ ਆਂਚ ਨ ਲਾਗਨ ਪਾਈ ॥
ਸਭੈ ਸੁਚਨ ਤਾ ਜੋ ਕਰ ਜੱਯੈ।
ਗ੍ਰੰਥ ਬਢਨ ਤੇ ਅਧਕ ਡਰੱਯੈ ॥
ਤਾਤੇ ਥੋਰੀਐ ਕਥਾ ਉਚਾਰੀ।

ਚੂਕ ਹੋਯ ਕਵਿ ਲੇਹੁ ਸੁਧਾਰੀ।

॥ ਚਰਿਤ੍ਰ ੩੨੦ ॥

ਤਥਾ ਸ੍ਰੀ ਗੁਰੂ ਜੀ ਨੇ ਸ੍ਰੀ ਰਾਮਕ੍ਰਿਸਨਾਦਿਕੋਂ ਕੋ ਬਿਸਨੂ ਕੇ ਅਵਤਾਰ ਨਹੀਂ ਮਾਨਾ, ਕਿੰਤੂ ਸ੍ਰੀ ਮਹਾ-ਕਾਲ ਕੇ ਅਵਤਾਰ ਮਾਨਾ ਹੈ ॥ ਯਥਾ ਸ੍ਰੀ ਮੁਖ ਪਾਤਸ਼ਾਹੀ ੧੦ ਚੌਪਈਃ—

ਅਬ ਮੈਂ ਕਥੋਂ ਰਾਮ ਅਵਤਾਰਾ।
ਜੈਸ ਜਗਤ ਮੈ ਕਰਾ ਪਸਾਰਾ॥
ਬਹੁਤ ਕਾਲ ਬੀਤਤ ਭਯੋ ਜਬੈ।
ਅਸੁਰਨ ਬੰਸ਼ ਪ੍ਰਗਟ ਭਯੋ ਤਬੈ॥
ਅਸੁਰ ਲਗੇ ਬਹੁ ਕਰੇ ਬਿਖਾਦਾ।
ਕਿਨੈ ਨਾ ਤਿਨੈ ਤਨਕ ਮੋ ਸਾਧਾ॥
ਸਕਲ ਦੇਵ ਇਕਠੇ ਤਬ ਭਏ।
ਖੀਰ ਸਮੁੰਦ੍ਰ ਜਹ ਥੇ ਤਹ ਗਏ॥
ਬਹੁ ਚਿਰ ਬਸਤ ਭਏ ਤਹ ਠਾਮਾ।
ਬਿਸਨ ਸਹਿਤਬ੍ਰਹਮਾ ਜਹ ਨਾਮਾ॥
ਬਾਰ ਬਾਰ ਹੀ ਦੁਖਤ ਪੁਕਾਰਤ।
ਕਾਨ ਪਰੀ ਕਲਿ ਕੈ ਧੁਨਿ ਆਰਤ॥

ਤੋਟਕਃ—

ਬਿਸਨਾਦਿਕ ਦੇਵ ਲਖੈ ਬਿਮਨੰ,

ਮ੍ਰਿਦਹਾਸ ਕਰੀ ਕਰ ਕਾਲ ਧੁਨੰ
ਅਵਤਾਰ ਧਰੋ ਰਘੁਨਾਥ ਹਰੰ,
ਚਿਰ ਰਾਜ ਕਰੋ ਸੁਖ ਸੋ ਅਵਧੰ ॥
ਬਿਸਨੈ ਸੁਧੁਣੰ ਸੁਣ ਬ੍ਰਹਮਮੁਖੰ,
ਅਵਸੁਧ ਚਲੀ ਰਘੁਬੰਸ ਕਥੰ ॥
॥ ਸ੍ਰੀਰਾਮ ਅਵਤਾਰ ਛੰਦ ੫ ॥

ਤਥਾ ਸਵੈਯਾ–"ਲੈ ਬ੍ਰਹਮਾ ਸੁਰ ਸੈਨ ਸਭੈ ਤਬ ਦੌਰ ਗਏ ਜਹਿ ਸਾਗਰ ਭਾਰੀ ॥ ਗਾਇ ਪ੍ਰਣਾਮ ਕਰੇ ਤਿਹ ਕੋ ਅਪਨੇ ਲਖ ਪਾਇ ਨ ਵਾਰ ਪਖਾਰੀ ॥ ਪਾਇ ਪਰੇ ਚਤਰਾਨਨ ਤਾਹਿ ਕੇ ਦੇਖ ਵਿਵਾਨ ਤਹਾ ਬ੍ਰਤ-ਧਾਰੀ ।। ਬ੍ਰਹਮ ਕਹਿਯੋ ਬ੍ਰਹਮਾ ਕਹੁ ਜਾਹ ਉਤਾਰ ਲੈ ਮੈ ਜਰ ਦੈਤਨ ਮਾਰੀ ॥ ਸ੍ਰੀ ਕ੍ਰਿਸ਼ਨਾਵਤਾਰ ਛੰ:੧੧"
ਤਥਾ ਸਵੈਯਾ–ਕੰਸਹਿ ਕੇ ਡਰ ਤੇ ਵਸੁਦੇਵ ਸੁ ਪਾਇ ਜਬੈ ਜਮਨਾ ਮਧ ਠਾਨੋ ॥ ਮਾਨ ਕੈ ਪ੍ਰੀਤ ਪੁਰਾਤਨ ਕੋ ਜਲ ਪਾਇਨ ਭੇਟਨ ਕਾਜ ਉਠਾਨੋ ॥ ਤਾ ਛਬ ਕੋ ਜਸ ਊਚ ਮਹਾ ਕਵਿ ਨੇ ਅਪਣੇ ਮਨ ਮੈ ਪਹਚਾਨੋ ॥ ਕਾਨ੍ਹ ਕੋ ਜਾਨ ਕਿਧੋ ਪਤਿ ਹੈ ਤਿਹਕੈ ਜਮਨਾ ਤਿਹ ਭੇਟਤ ਮਾਨੋ ॥ ਸ੍ਰੀ ਕ੍ਰਿਸਨਾਵਤਾਰ ਛੰ: ੬੭ ॥"

ਤਥਾ ਸਵੈਯਾ–"ਭਾਗਵਤ ਕੀ ਯਹ ਸੁਧ ਕਥਾ ਬਹੁ ਭਾਂਡ ਭਰੇ ਭਲੀ ਭਾਂਤ ਉਚਾਰੀ ॥ ਬਾਕੀ ਕਹੋ

ਛੂਨ ਐ ਕਥ ਕੋ ਸੁਭ ਰੂਪ ਧਰਿਓ ਬ੍ਰਿਜ ਮੱਧ ਮੁਰਾਰੀ॥ ਦੇਵ ਸਭੈ ਹਰਖੇ ਸੁਨ ਭੂਮਹਿ ਔਰ ਮਨੈ ਹਰਖੇ ਨਰ ਨਾਰੀ॥ ਮੰਗਲ ਹੋਤ ਘਰਾ ਘਰ ਮੈ ਉਤਰਯੋ ਅਵਤਾਰਨ ਕੋ ਅਵਤਾਰੀ ॥ ਸ੍ਰੀ ਕ੍ਰਿਸਨਾਵਤਾਰ ਛੰਃ ੧੬ ॥"

ਤਥਾ ਸਵੈਯਾ—"ਮਾਤ ਗਹਿਓ ਰਿਸਕੈ ਸੁਤ ਕਉ ਤਬ ਲੈ ਛਿਟੀਆ ਤਨ ਤਾਹਿ ਪ੍ਰਹਾਰਿਯੋ। ਤਉ ਮਨ ਮੱਧ ਡਰਿਯੋ ਹਰਿਜੀ ਜਸੁਧਾ ਜਸੁਧਾ ਕਰਕੈ ਜੋ ਪੁਕਾਰਿਯੋ ॥ ਦੇਖਹੁ ਆਇ ਸਭੈ ਤੁਝ ਕੋ ਮੁਖ ਮਾਤੁ ਕਹਿਯੋ ਤਬ ਤਾਤ ਪਸਾਰਿਯੋ। ਸਿਆਮ ਕਹੈ ਤਿਹ ਆਨਨ ਮੈ ਸਭ ਹੀ ਧਰ ਮੂਰਤ ਵਿਸ੍ਵ ਦਿਖਾਰਯੋ ॥ ਸ੍ਰੀ ਕ੍ਰਿਸਨਾਵਤਾਰ ਛੰਦ ੧੩੨ ॥ ਤਥਾ ਗਉੜੀ ਨਾਮਦੇਵ ਜੀ—"ਦੇਵਾ ਪਾਹਨ ਤਾਰੀਅਲੇ ਰਾਮ ਕਹਤ ਜਨ ਕਸ ਨ ਤਰੇ ॥ ੧ ਰਹਾਉ ॥ ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ ॥ ਚਰਨ ਬਧਿਕ ਜਨ ਤੇਊ ਮੁਕਤਿ ਭਏ ॥ ਹਉ ਬਲਿ ਬਲਿ ਜਿਨ ਰਾਮ ਕਹੇ ॥ ੧ ॥ ਦਾਸੀ ਸੁਤ ਜਨੁ ਬਿਦਰ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ ॥ ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ ॥ ੨ ॥ ੧ ॥" ਤਥਾ ਸੋਰਠ ਨਾਮਦੇਵ ਜੀ ॥

Sri Satguru Jagjit Singh Ji Elibrary NamdhariElibrary@gmail.com

"ਬੇਢੀ ਕੇ ਗੁਣ ਸੁਨਿਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥ ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਿਬੀਖਣ ਆਪਿਓਹੋ" ॥ ੪ ॥ ੨ ॥

ਅਰਥ—ਬਹੋਰੀ ਕਹੀਏ ਮੋੜੀ ਹੈ ਸੀਤਾ ਜਿਸਨੇ ਆਪਿ ਓਹੋ ਕਹੀਏ ਅਰਪਾ ਹੈ ਰਾਜ ਲੰਕਾ ਕਾ ॥

ਰਾਮਕਲੀ ਨਾਮਦੇਵ ਜੀ—"ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤ ਪੀਜੈ ॥" ਤਥਾ ਮਾਰੂ ਨਾਮਦੇਵ ਜੀ "ਰਾਜਾ ਰਾਮ ਜਪਤ ਕੋ ਕੋ ਨ ਤਰਿਓ ॥" ਤਥਾ "ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਿਭੀਖਨ ਅਧਿਕ ਕਰਿਓ ॥ ਨਉਨਿਧ ਠਾਕੁਰ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ ॥ ਮਾਰੂ ਨਾਮਦੇਵ ਇਤਿ॥

ਤਥਾ ਸਰਬਲੋਹ ਗ੍ਰੰਥੋਕਤ ਨਾਰਾਇਨ ਸੋਰਠਾ॥

ਨਾਰਾਇਨ ਨਿਰੰਕਾਰ ਨਾਰ ਸਿੰਘ ਨਰ ਹਰ ਨਵਲ॥
ਨਿਰਬਿਕਾਰ ਨਿਰਹਾਰ ਨੰਦ ਨੰਦਨ ਨੇਤ੍ਰ ਕਵਲ॥
ਧਿ: ੧ ਛੰਦ ੧੫

ਗਿਰਧਾਰੀ ਗੋਬਿੰਦ ਗੁਰੂ ਗੋਵਰਧਨ ਗੋਪਾਲ॥
ਗੋਸਾਂਈ ਗੋਪੀ ਬਲਭ ਗੋਪਨਾਥ ਗੋਨਾਥ ਗੋਪਾਲ॥
ਧਿ: ੧ ਛੰਦ ੧੬ ॥ ਇਤਿ ॥

Sri Satguru Jagjit Singh Ji Elibrary NamdhariElibrary@gmail.com

ਤਥਾ ਸ੍ਰੀ ਮੁਖਵਾਕ ਪਾਤਸਾਹੀ ੧੦ ॥

ਸਵਈਏ ਤੇਰ੍ਹਵੇਂ ਕੀ ਤੁਕ ॥"ਸਤਿ ਸਰੂਪ ਬਿਬੈਰ ਕਹਾਇ ਸੁ ਕਿਯੋ ਪਥ ਕੋ ਰਥ ਹਾਂਕ ਧਯੋ ਜੂ ॥" ਤਿਸਕਾ ਉੱਤ੍ਰ ਸਰਬ ਲੋਹ ਗ੍ਰੰਥ ਮੇਂ ਜਿਸ ਪ੍ਰਮਾਤਮਾ ਕੋ ਅਨੇਕਾਂ ਹੀ ਖੋਜਤੇ ਹੈਂ ॥ ਬਿਸਨਪਦ ਮਲਾਰ "ਸੋ ਗੋਪਾਲ ਗ੍ਰਿਹ ਇੰਦ੍ਰ ਰਾਉਕੇ ਪ੍ਰਤੱਖ ਪਰਮ ਪੁਰ ਖੂਤ ॥ ਭਗਤ ਹੇਤ ਅਰਜਨ ਕੈ ਸੰਗ ਰਥ ਹਾਕਿਯੋ ਹ੍ਵੈ ਸੂਤ ॥" ਧਿঃ ੨ ॥ ਛੰঃ ੬੩੦ ॥ ਤਥਾ ਮਾਰੂ ਮঃ ੫ ॥ ਸੰਖ ਚਕ੍ਰ ਗਦਾ ਹੈ ਧਾਰੀ ਮਹਾਸਾਰਥੀ ਸਤ ਸੰਗਾ ॥" ਤਥਾ ਸਰਬਲੋਹੋਕਤ "ਐਸੀ ਅਧਮ ਅਛੋਪ ਭੀਲਨੀ ਤਾਂਕੇ ਬੇਰ ਖਾਇ ਅਗਨੂਤ ॥ ਪ੍ਰੇਮ ਬਿਬਸ ਗਜ ਗਨਿਕਾਂ ਤਾਰਿਯੋ ਹਰਨਾਕਸ ਕੋ ਪੂਤ ॥ ਸੋ ਗੁਪਾਲ ਇਹ ਇੰਦ੍ਰ ਰਾਉ ਕੇ ਪ੍ਰਗਟ ਭਏ ਪੁਰਖੂਤ ॥" ਧਿঃ ੨ ॥ ਛੰঃ ੬੩੦ ॥ ਤਥਾ ਮਲਾਰ ਤ੍ਰਿਭੰਗੀ ॥ ਸ੍ਰੀ ਮੁਖ ॥ "ਜੈ ਜੈ ਅਬਿਨਾਸੀ ਸੁਤਹ ਪ੍ਰਕਾਸੀ ਪਾਵਨ ਪਤਤ ਪੁਨੀਤ ਕਰੇ ॥ ਅਸੁਰ ਸੰਘਾਰੀ ਆਰਤ ਹਾਰੀ ਮਤਸ ਕੂਰਮ ਕਲ ਕ੍ਰਿਤ ਟਰੇ ॥ ਮਧ ਕੈਟਭ ਨਾਸਨ ਮਹਿਖ ਬਿਨਾਸਨ ਬਰਾਹ ਦਾੜ ਗਹਿ ਪ੍ਰਿਹਮ ਧਰੇ ॥ ਤ੍ਰਿਭੁਅਨ ਜਗ ਬੰਦਨ ਅਸੁਰ ਨਿਕੰਦਨ ਨਾਰਸਿੰਘ ਹੋਇ ਦੈਤ ਮਰੇ ॥ ਛੰঃ ੮੦੧ ॥

ਬਾਵਨ ਬਨਵਾਰੀ ਜਗਦੀਸ ਖਰਾਰੀ ਭਗਤ ਹੇਤ ਬਲਦ੍ਵਾਰ ਖਰੇ ॥ ਤ੍ਰੈ ਤਾਪ ਨਿਵਾਰਨ ਅਧਮ ਉਧਾਰਨ ਪਰਸਰਾਮ ਛੱਤ੍ਰ ਤੇਜ ਹਰੇ ॥ ਰਿਖ ਪਤਨੀ ਤਾਰੀ ਸੀਅ ਉਬਾਰੀ ਰਾਮਚੰਦ੍ਰ ਦਸਕੰਧ ਮਰੇ ॥ ਕੰਸ ਬਿਧੁੰਸਨ ਸਮਰ ਬਿਜੈਰਨ ਕ੍ਰਿਸ਼ਨ ਚੰਦ ਅਘ ਓਘ ਟਰੇ ॥ ੮੦੨ ॥

ਗਿਆਸੁਰ ਮਾਰਨ ਸ਼ੰਕਟ ਟਾਰਨ ਬੋਧ ਰੂਪ ਜਗ ਨਾਥ ਹਰੀ ॥ ਮਲੇਛਨ ਹੰਤਾ ਅਸੁਰ ਦਲੰਤਾ ਨਿਹ ਕਲੰਕ ਨਿਰਬਾਨ ਹਰੀ ॥ ਅਸੁਰਨ ਸਰਨੰ ਪਤਿਤ ਉਧਰਨੰ ਦਸਕ ਰੂਪ ਪਰਧਾਨ ਹਰੀ ॥ ਪਦ ਕੰਜ ਮੁਰਾਰੀ ਰਸਕ ਬਿਹਾਰੀ ਪਾਹਿ ਪਾਹਿ ਜੈ ਦੇਵ ਹਰੀ ॥ ਧਿਃ ੨ ਛੰਃ ੮੦੩ ॥

ਤਥਾ—ਸੁਰ ਮੁਨਿ ਬੰਦਨ ਅਸੁਰ ਨਿਕੰਦਨ ਸੇਸ ਸਾਰਦਾ ਗੁਣ ਉਚਰੇ ॥ ਨਾਰਦ ਪ੍ਰਹਲਾਦ ਰਿਖ ਧ੍ਰੂ ਬਾਲਕ ਧਿਆਨ ਧਰਤ ਮੁਖ ਸਹਸਰਰੇ ॥ ਗੋਰਖ ਸ਼ਿੱਵ ਇੰਦ੍ਰਾ ਤਪੀ ਜੋਗਿੰਦ੍ਰਾ ਅੰਗ੍ਰਾਦਿ ਪ੍ਰਭ ਦ੍ਵਾਰ ਪਰੇ ॥ ਕਬੀਰ ਤ੍ਰਿਲੋਚਨ ਦੁਰਮਤਿ ਮੋਚਨ ਨਾਮਦੇਵ ਰਵਦਾਸ ਤਰੇ ॥ ੮੦੭ ॥

ਗਿਧ ਗਨਿਕਾ ਤਾਰੀ ਗਜ ਤ੍ਰਾਸ ਨਿਵਾਰੀ ਸਧਨਾ ਸੈਨ ਧੰਨਾ ਉਧਰੇ ॥ ਮੀਰਾ ਹਰਦਾਸੀ ਕਾਟੀ ਜਮ

Sri Satguru Jagjit Singh Ji Elibrary NamdhariElibrary@gmail.com

ਫਾਸੀ ਪੀਪਾ ਬਿਦਰ ਦ੍ਰੋਪਤ ਉਧਰੇ ॥ ਕੁਬਜਾ ਹਰਿ ਤਾਰੀ ਅੰਗੁਸਟ ਸਵਾਰੀ ਸਿਵਰੀ ਅਧਮ ਮਲਾਇ ਤਰੀ ॥ ਜਿਸ ਦੇ ਵਡਿਆਈ ਤਿਸ ਪੈਜ ਰਖਾਈ ਰਬ ਹਾਕਿਯੋ ਹੈ ਸੂਤ ਹਰੀ॥" ਧਿਃ ੨॥ਛੰ ੮੦੮॥ਸਰਬ ਲੋਹ ਪੰਨੇ ੧੨੩ ॥ ਤਥਾ—"ਜਾਮਵੰਤ ਅੰਗਦ ਸੁਗ੍ਰੀਵ ਭਭੀਛਨਾਦਿ ਕਟਕ ਸਭ ॥ ਤੇ ਕਰੇ ਪ੍ਰਭ ਪਾਵਨ ਸਭੀ ਹਰਿਦਾਸ ਸੇਵਕ ਸਫਲ ਅਭ ॥ ਤੇ ਭਏ ਪਾਵਨ ਦਾਸ ਹਰਿ ਕੇ ਪ੍ਰਭ ਸੇਵ ਦਾਸਨ ਭਾਇਬਨ ॥ ਅਟਲ ਪਦਵੀ ਭਏ ਪ੍ਰਾਪਤਿ ਸਕਲ ਸੁਰ ਭਏ ਸੇਵ ਪੂਨ ॥" ਧਿਃ ੫॥ ਪੰਨੇ ੨੮੪ ਛੰਃ ੧ ਸਾਰਾ ਅੰਗ ੧੧੧ ॥ ਤਥਾ ਸ੍ਰੀ ਦ੍ਰੋਪਤਾ ਜੀ ਕੀ ਕਥਾ ਕਹਕਰ ਪੌਃ "ਅੰਬਾਰ ਲਾਗਿਓ ਬਸਤ੍ਰ ਛੀਨਤ ਨਹ ਨਗਨ ਹੋਵਨ ਦੀਨ ਹੇ ॥ ਸਪਤ ਬਾਸਰ ਰੈਨ ਦੁਸਟਨ ਅਵਗਿਆ ਕੀਨ ਮਤਿਹੀਨ ਹੇ॥" ਧਿਃ ੫ ਪੰਃ ੨੮੭॥ ਤਥਾ ( ਨਮਿੱਤ ਵਾ ਪ੍ਰਯੋਜਨ ) ਸ੍ਰੀਮੁਖ ॥ ਸੁਰਤਿ ਦੇਵਨ ਕੇ ਰਛ ਹਿਤ ਸਰਬਲੋਹ ਅਵਤਾਰ ॥ ਭਾਰ ਉਤਾਰਨ ਪ੍ਰਿਥਮੀ ਪ੍ਰਗਟੇ ਅਸੁਰ ਸੰਘਾਰ ॥ ਧਿਃ ੫ ॥ ਛੰਦ ੮੨ ॥ ਤਥਾ "ਬਸੁਧਾ ਸੰਤ ਸਾਧ ਹਿਤ ਪ੍ਰਭੁ ਜੀ ਧਰਤ ਅਵਤਾਰ ਪੁਨੀਤਾ ॥ ਪਾਵਨ ਭੂਮ ਧਰਨੀ ਧਰ ਸਦਹੀ ਤਾਰਤ ਪਤਿਤ ਅਪਵੀਤਾ ॥ ਸੰਤਨ ਦੁਖੀ

Sri Satguru Jagjit Singh Ji Elibrary NamdhariElibrary@gmail.com

ਆਪ ਦੁਖ ਪਾਵਤ ਸੁਰਤਿ ਸਾਸਤ੍ਰ ਕਹ ਗੀਤਾ ॥ ॥ ਸਰਬਲੋਹ ਧਿ: ੫ ॥ ਪੰਨੇ ੩੦੯ ॥ ਛੰ: ੧੪੭ ॥

ਤਥਾ ਗੀਤਾ ਦੇ ਧਿ: ੪ ਕੇ ॥ ੭ ॥ ੮ ॥ ਸ: ਮੇਂ ਯਦਾ ਯਦਾ ਹੀ ਜਾਣ ਲੈਣ "ਤਥਾ ਜੇ ਜੇ ਅਸੁਰ ਪ੍ਰਭ ਮੰਤਨ ਦ੍ਰੋਹੀ ਹਰਿ ਮਾਰਗ ਮੇ ਬਿਘਨ ਕਰੰਤੇ ॥ ਤੇ ਤੇ ਦੁਸਟ ਪਛਾਰੇ ਸਤਿਗੁਰ ਮਨਾਇ ਭਗਵਤੀ ਸਿਮਰ ਭਗਵੰਤੇ ॥ ਭੂਸੁਰ ਦ੍ਰੋਹੀ ਜੇ ਦੁਸਟਨ ਧਰਮ ਜੁਧ ਕਰ ਅਸੁਰ ਦਲੰਤੇ ॥ ਸੁਧ ਸੁਧਾਰ ਬਰਨ ਆਸਰਮ ਕੋ ਮਥ ਕਰ ਤਤਖਾਲਸੇ ਮੰਤੇ ॥" ਦਸਮ ਗੁਰੂਜੀ ਨੇ ॥ ਧਿ: ੫ ਪੰਨੇ ੩੧੧ ॥ ਤਥਾ ਬਿਸਨਪਦ ਪ੍ਰਨੀਆ ॥ "ਫਨਿ ਮਨ ਮਾਲ ਮੁਕਤਾ ਕੀ ਬੈਜਯੰਤੀ ਬੱਜਰ ਮਾਲਾ ਭਲ ਦਰਸ ਕਰ ਪਾਪ ਅਘ ਭਾਜਤ ਮੁਨਿ ਧਰਤ ਧਿਆਨ ਨੰਦ ਨੰਦਨ ॥ ਬਜਤ ਕਟ ਛੁਦ੍ਰ ਘੰਟਾ ਕੀ ਕਿੰਕਨੀ ਧੁਨ ਮਧੁਰ ਅਨੰਦ ਮੈ ਮਹਾ ਧੁਨ ਪੰਚ ਜਨ ਸੁੰਦ੍ਰ ਰਸਾਲ ਆਨੰਦ ਮੈ ਰੰਜਨ ॥ ਪੀਤਾ-ਬਰ ਕੰਜ ਪ੍ਰਭਾ ਸਮ ਸੰਊਦ੍ਰਜ ਪੀਤ ਪਛਉਰੀ ਹਰਤ ਤ੍ਰੈ ਤਾਪ ਕਸਮਲ ਚਿਰ ਦਰਸਨੀਅ ਕ੍ਰਿਸਨ ਜਗ ਬੰਦਨ ॥ ਕਦਲ ਸਮ ਜੰਘਆਯੁਤ ਉਰੁ ਭੁਜਾ ਆਜਾਨੁ ਸਾਰੰਗ ਧਰ ਨਵ ਨੇਵਰ ਚਰਨ ਜੁਗ ਰਾਜੈ ਬ੍ਰਿਰਾਜੈ ਸੋਭ ਸੁਭ ਅੰਗਨ ॥" ਧਿ: ੫ ॥

Sri Satguru Jagjit Singh Ji Elibrary NamdhariElibrary@gmail.com

ਪੰਨਾ ੩੪੭ ॥ ਸਰਬਲੋਹ ਇਤਿ ॥

ਭਾਵ ਦੈਤੋਂ ਔਰ ਜੀਵੋਂ ਕੇ ਪਾਪੋਂ ਕਾ ਸ੍ਰੀ ਰਾਮ ਕ੍ਰਿਸ਼ਨ ਭਗਵਾਨ ਆਦਿਕੋਂ ਨੇ ਬੀਜ ਮਾਤ੍ਰ ਭੀ ਨਹੀਂ ਛੋੜਾ ਔਰ ਗੁਣੋਂ ਕਾ ਅੰਤ ਨਹੀਂ ਅਤੇ ਜੋ ਪਾਂਮਰ ਜੀਵ ਐਸੇ ਕਹ ਦੇਤੇ ਹੈਂ ਕਿ ਰਾਮ ਕ੍ਰਿਸ਼ਨਾਦਿਕੋਂ ਨੇ ਹਮਾਰਾ ਕੰਮ ਭੀ ਕੀ ਸਵਾਰਿਆ ਹੈ। ਜਾਂ ਤੇ ਮੈਂ ਅਨੁਮਾਨ ਕਰਤਾ ਹੂੰ ਕਿ ਯਹ ਉਨ ਹੀ ਮਲੇਛੋਂ ਕਾ ਬੀਜ ਹੈ ॥ ਅਤੇ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਐਸੇ ਕਥਨ ਕਰਤੇ ਹੈਂ ਯਥਾ ਸਾਨੀਤਾਲ ਫਰੰਗਾ:—"ਚਉਰਾਸੀਹ ਸਿਧ ਨਵ ਨਾਥ ਜੋਗਿੰਦ੍ਰਾ ਅਨਲ ਸਮੀਰ ਨੀਰ ਥਲ ਕਾਲੀ ॥ ਸਮਾਧ ਜੋਗ ਜੋਗੀ ਜਨ ਧਾਰਤ ਸਰਗੁਨ ਸਰੂਪ ਰੂਪ ਬਨਮਾਲੀ ॥ ਧਰਤ ਧਯਾਨ ਨੰਦ ਨੰਦਨ ਨੰਦ ਨੰਦਨ ਨੰਦ ਨੰਦਨ ਨੰਦ ਨੰਦਨ ਬ੍ਰਿਜ ਚੰਦਰ ਸਾਲੀ ॥" ਵਿਸਥਾਰ ਦੇਖੋ ਸਰਬਲੋਹ ਧਿ: ੫ ਪੰਨਾ ੩੪੮ ਸੇ ੩੫੧ ਤਕ ॥

ਸ਼ੰਕਾ—ਹਮ ਨਹੀਂ ਮਾਨਤੇ, ਯਹ ਕਵਿਯੋਂ ਕੀ ਝੂਠ ਮੂਠ ਬਣਾਕੇ ਠਪੀ ਹੋਈ, ਸਿਆਮ ਕਵੀ ਥਾ ਉਸਕੀ ਬਾਣੀ ਕਹਤੇ ਹੋ ਅਤੇ ਖਬਰਦਾਰ ਸੋਧਿਆ ਜਾਵੇਂਗਾ।

ਉੱਤ੍ਰ—ਭਾਈ ਸਾਹਿਬ ਆਪ ਕ੍ਰੋਧ ਕਿਉਂ ਕਰਤੇ

Sri Satguru Jagjit Singh Ji Elibrary NamdhariElibrary@gmail.com

ਹੋ ਜਰਾ ਮੇਰੀ ਸਥਿਨੈ ਪ੍ਰਾਰਥਨਾ ਤੋ ਸੁਨੋਂ ਨਿਹੰਗੜ੍ਹਾ ਹੀ ਸਹੀ। ਬੱਸ ਹਮ ਨਹੀਂ ਸੁਨਤੇ, ਕੱਚੀ ਬਾਣੀ ਤੁਮਾਰੀ ਖਬਰ ਲਵਾਂਗੇ ਤੂੰ ਪੰਥ ਤੋ ਵਿਰੁੱਧ ਚਲਦਾ ਹੈਂ॥

ਉੱਤ੍ਰ—ਭਾਈ ਸਾਹਿਬ ਆਪ ਨਿਹੰਗ ਸਿੰਘ ਭੀ ਨਹੀਂ ਅਤੇ ਨਿਰਮਲੇ ਨਾਮਧਾਰੀ ਭੀ ਨਹੀਂ, ਤੋ ਏਕ ਪਾਰਸੀ ਕੇ ਚਾਰ ਅੱਖਰ ਪੜ੍ਹ ਕਰ ਗੁਰ ਬਾਣੀ ਕੋ ਕੱਚੀ ਬਾਣੀ ਕਹ ਕਰ ਆਪ ਹੀ ਪੰਥ ਬਣ ਗਏ ਹੋ। ਬੱਸ ਵੰਸ ਸੁਭਾਵ ਜਾਹਰ ਨਾ ਕਰੋ ਔਰ ਨਰਕ ਨੂੰ ਸਿੱਧੇ ਹੀ ਨਾ ਜਾਓ।

ਸ਼ੰਕਾ—ਦੂਜੇ ਦੀ ਲਈ ਫਿਰ ਤੂੰ ਰਾਮ ਰੂਮ ਨੂੰ ਅਤੇ ਕ੍ਰਿਸ਼ਨ ਨੂੰ, ਜੇ ਹਮਾਰੇ ਦੇਸ਼ ਮੇਂ ਯਹ ਦੋਨੋਂ ਅਵਤਾਰ ਨਾ ਹੋਤੇ ਤੋ ਲੁੱਚਪੁਣਾ ਹੀ ਨਾ ਹੋਤਾ।

ਉੱਤ੍ਰ ਚੌਪਈ:—

ਦੁਸਟਨ ਤੇਜ ਅੰਤ ਅਬ ਆਵਾ॥
ਜਾਂ ਤੇ ਅਸ ਕਰਮਨ ਬਿਰਮਾਵਾ॥

ਤਥਾ ਸ੍ਰੀ ਤੁਲਸੀ ਦਾਸ ਜੀ ਚੌਪਈ:—

ਜੋ ਖਲੁ ਭਇਸ ਰਾਮ ਕਰ ਦ੍ਰੋਹੀ॥
ਬ੍ਰਹਮ ਰੁਦ੍ਰ ਰਖਸਾਕ ਨ ਤੋਹੀ॥ ਲੰਕਾ ਕਾਂਡ॥

ਭਾਵ ਜੇਕਰ ਸ੍ਰੀ ਰਾਮਚੰਦ੍ਰ ਜਾਂ ਸ੍ਰੀ ਕ੍ਰਿਸ਼ਨਾਦਿਕੋਂ ਕੋ ਨਿੰਦਾ ਕਰੋਗੇ ਤੋ ਆਪ ਕੀ ਦਸ ਗੁਰੂ ਜੋ ਸ੍ਰੀ ਗੁਰੂ

Sri Satguru Jagjit Singh Ji Elibrary NamdhariElibrary@gmail.com

ਗੋਬਿੰਦ ਸਿੰਘ ਜੀ ਪ੍ਰਯੰਤ ਤਿਨ੍ਹੋਂ ਨੇ ਹੀ ਰੱਖਯਾ ਨਹੀਂ ਕਰਨੀ ॥ ਯਥਾ ਸੂਰਜ ਪ੍ਰਕਾਸ਼ੋਕਤ । ਚੌਪਈ:—

ਅਵਤਾਰਨ ਕੀ ਕਥਾ ਮਹਾਨੀ ॥
ਰਾਮ ਕ੍ਰਿਸ਼ਨ ਆਦਿਕ ਗੁਨ ਖਾਨੀ ॥
ਸਤਿਗੁਰ ਸ੍ਰੀ ਨਾਨਕ ਤੇ ਆਦਿ ॥
ਬਰਨਨ ਕਰਿਯੋ ਪ੍ਰਸੰਗ ਸੰਬਾਦਿ ॥
ਤਿਸ ਪਰ ਤਰਕ ਕਰਹਿ ਮਨਮੂੜ੍ਹੇ ॥
ਭੇਦ ਨ ਪਾਇ ਸਕਹਿ ਗੁਨ ਰੂੜ੍ਹੇ ॥
ਸੋ ਨਰ ਖੈਹੈ ਜਮ ਕੀ ਮਾਰ ॥
ਜਨਮ ਮਰਨ ਲਹਿ ਨਿਤਹ੍ਵੈ ਖ੍ਵਾਰ ॥

ਰੁਤ ੩ ਅੰਸੂ ੫੧ ਇਤਿ ॥

## ॥ ਸਿਆਮ ਗੁਰੂ ॥

ਅਤੇ ਸਿਆਮ ਤੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਾ ਹੀ ਨਾਮ ਹੈ ॥ ਯਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਚੌਪਈ—ਅਬ ਚੌਬੀਸ ਉਚਰੌਂ ਅਵਤਾਰਾ ॥
ਜਿਹ ਬਿਧ ਤਿਨਕਾ ਲਖਾ ਅਖਾਰਾ ॥
ਸੁਨੀਹੁ ਸੰਤ ਸਭੈ ਚਿਤ ਲਾਈ ॥
ਬਰਣਤ ਸਿਆਮ ਜਥਾ ਮਤ ਭਾਈ ॥

ਦਸਮ ਦਰਬਾਰ ਪੰਨਾ ੯੯ ॥

Sri Satguru Jagjit Singh Ji Elibrary NamdhariElibrary@gmail.com

ਇਸ ਜਗਾ ਮੇਂ ਊਪਰ ਤੇ ਸ੍ਰੀ ਮੁਖ ਲਿਖਾ ਹੈ ਔਰ ਬੀਚ ਮੇਂ ਕਵੀਓਵਾਚ ਆਇਆ ਨਹੀਂ, ਸਿਆਮ ਨਾਮ ਲਿਖਾ ਹੈ। ਤਾਂਤੇ ਗੁਰੂ ਜੀ ਕਾ ਹੀ ਨਾਮ ਰਾਮ ਸਿਆਮ ਹੈ॥ ਤਥਾ ਅਕਾਲ ਪੁਰਖੋ ਵਾਚ ਚੌਪਈ:—"ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥" ਇਸ ਅਕਾਲ ਕੇ ਹੁਕਮ ਕੋ ਸੁਨ ਕਰ ਗੁਰੂ ਜੀ॥ ਕਵਿਓ ਵਾਚ "ਠਾਢ ਭਯੋ ਮੈ ਜੋਰ ਕਰ ਵਚਨ ਕਹਾ ਸਿਰ ਨਿਯਾਇ॥ ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰੋ ਸਹਾਇ॥ ਬਚਿਤ੍ਰ ਨਾਟਕ ਧਿ: ੬ ਛੰਦ ੩੦॥" ਤਥਾ ਕਵ ਜਨਮ ਕਥਨੰ॥ ਚੌਪਈ "ਮੁਰ ਪਿਤ ਪੂਰਬ ਕੀਅਸੁ ਪਿਆਨਾ॥ ਧਿ: ੭ ਛੰਦ ੧ ਬਚਿਤ੍ਰ ਨਾਟਕ॥" ਤਥਾ ਸਰਬਲੋਹ ਮੇਂ ਤਹਾਂ "ਕਹਤ ਕਵਿ ਰਾਮ ਤੁਮ ਸੁਨੋ ਪ੍ਰਿਅ ਸੰਤ ਜਨ ਸਮਰ ਭਾਰਤ ਸੁਰ ਅਸੁਰ ਫਬ ਹੀ॥ ਧਿ:੪ ਛੰਦ ੨੬੮॥" ਤਥਾ "ਹਵ ਭੀਖਮ ਘੋਰ ਘਮਸਾਨ ਮਚੀ॥ ਕਬਿ ਸਯਾਮ ਸਮਾਜ ਹਰਿ ਪੂਜ ਰਚੀ॥ ਧਿ: ੫ ਛੰਦ ੧੨੬ ਪੰਨਾ ੨੯੪॥" ਤਥਾ "ਖੇਤ੍ਰ ਖੇਤ੍ਰਗ ਸਮਾਨ ਨ ਸੂਰਤ ਤਾ ਕਬਿ ਰਾਮ ਭਨੈ ਏ ਬਿਰੋਧ ਮਤਾ॥ ਧਿ: ੫॥ ਪੰਨਾ ੨੯੪॥ ਛੰਦ ੧੨੬॥" "ਕਬਿ ਰਾਮ ਦੇਖ ਯਹ ਰੀਝ ਧਨੀ ਨਿਜ ਭਗਤ ਮਹਾਤਮ ਸੁਣਾਵਤ ਹੈ॥

Sri Satguru Jagjit Singh Ji Elibrary NamdhariElibrary@gmail.com

ਭਾਰਥ ਮੇ ਹਰੀ ਸਾਰਥੀ ਪਾਰਥ ਕੂਰੂ ਪੰਡ ਦੂਹੂੰ ਨ ਲਰਾਵਤ ਹੈ ॥ ਹ੍ਵੈ ਸਛੀ ਤਹਾਂ ਰਚ ਬੈਰ ਬਿਰੋਧਨ ਅਭਗਤਨ ਨਾਸ ਕਰਾਵਤ ਹੈ ॥ ਹਰੀ ਅੰਗ ਸਦਾ ਨਿਜ ਭਗਤਨ ਕੇ ਰਥ ਹਾਂਕਤ ਬੀਰ ਬਤਾਵਤ ਹੈ ॥ ਕਬਿ ਸਿਆਮ ਬਿਨਾ ਘਨ ਸਿਯਾਮ ਕੇ ਐਸੀ ਏ ਔਰਨ ਤੇ ਬਨ ਆਵਤ ਹੈ ॥ ਧਿ: ੫ ਛੰਦ ੧੦ ॥" ਤਥਾ "ਕਵਿ ਰਾਮ ਬ੍ਰਿਜ ਨਾਦ ਕੇ ਸਾਮਹ ਹ੍ਵੈ ਤਰੁਨਾ ਸਤ੍ਰ ਪ੍ਰਯੋਗ ਕਰਾਵਤ ਹੈ ॥ ਧਿ: ੫ ਛੰਦ ੧੧ ॥ ਪੰਨਾ ੩੬੭ ॥" ਤਥਾ ਕਹੀਂ ਕਵੀਓ ਵਾਚ ਊਪਰ ਹੋਤਾ ਹੈ ਅੰਤ ਮੇਂ ਤੁਕ ਐਸੇ "ਸ੍ਰੀ ਗੋਬਿੰਦ ਦਾਸਿ ਫਤਹ ਸਤਿਗੁਰੇਯੰ ਬਿਰਦਤੰ ਭਗਤ ਬਿਰਧੰ ॥ ਧਿ: ੫ ਪੰਨਾ ੩੭੨ ॥" ਤਥਾ "ਸਾਹ ਗੋਬਿੰਦ ਫਤਹ ਸਤਿਗੁਰ ਕੀ ਵਾਹਗੂਰੂ ਵਾਹਗੂਰੂ ਸੁਚ ਮੰਤ੍ਰ ਅਖਯ ॥ ਧਿ: ੫ ਪੰਨਾ ੩੭੪ ॥" ਤਥਾ "ਦਾਸ ਗੋਬਿੰਦ ਫਤਹ ਸਤਿਗੁਰ ਕੀ ਗੀਤਾ ਸਮਰ ਉਚਾਰਾ ॥ ਧਿ: ੫ ਛੰਦ ੨੪੮ ॥" ਤਥਾ "ਦਾਸ ਗੋਇੰਦ ਫਤਹ ਸਤਿਗੁਰ ਕੋ ਸੁਰ ਪੂਜੇ ਕਰ ਜੋਰੀ ॥ ਧਿ: ੫ ਪੰਨਾ ੪੨੫ ॥ ਸਰਬਲੋਹ ਇਤਿ ॥

ਤਥਾ ਸੌ ਸਾਖੀ ਮੇਂ "ਬੋਲਾ ਸਿਖ ਭੁਜੰਗੀ ਨਾਮ ॥ ਮੇਰੇ ਕੋ ਸਮਝਾਵੇ ਸਿਆਮ ॥ ਹਸ ਬੋਲੇ ਹੋਇ ਆਪ

Sri Satguru Jagjit Singh Ji Elibrary NamdhariElibrary@gmail.com

ਦਿਆਲ॥ ਉਦੈ ਸਿੰਘ ਕੀ ਕਰਨੀ ਭਾਲ॥ ਸਾਖੀ ਦਸ॥

ਇਤਜਾਦਿਕ ਔਰ ਭੀ ਬਚਨ ਬਹੁਤ ਹੈਂ। ਇਸ ਰੀਤ ਸੇ ਜਹਾਂ ਕਵਿਯੋ ਵਾਚ ਵਾ ਸਿਆਮ ਕਵੀ ਪਾਠ ਲਿਖਾ ਹੈ ਤਹਾਂ ਯਹ ਤਾਤਪਰਯ ਹੈ ਕਿ ਵਾਦੀ ਪ੍ਰਤੀ-ਵਾਦੀ ਦੋਨੋਂ ਸੇ ਤਟਸਥ ਹੋਕਰ ਵਿਵਸਥਾ ਕਵੀ ਕੇ ਨਾਮ ਸੇ ਸ੍ਵਯੰ ਦੇਤੇ ਹੈਂ। ਸ੍ਰੀ ਗੁਰੂ ਜੀ ਸੇ ਬਿਨਾ ਦੂਸਰਾ ਕਵੀ ਨਹੀਂ ਔਰ ਪ੍ਰਕਰਣ ਪ੍ਰਾਰੰਭ ਮੇਂ ਸ੍ਰੀ ਮੁਖਵਾਕ ਇਸ ਲੀਏ ਲਿਖਾ ਹੋਤਾ ਹੈ ਕਿ ਯਹ ਦਸਮ ਗੁਰੂ ਜੀ ਕਾ ਕਥਨ ਹੈ। ਦੂਸਰੇ ਕਵੀ ਕੀ ਬਾਣੀ ਸਮਝ ਕਰ ਭਰਮ ਮੇਂ ਨਾ ਪੜ ਜਾਏਂ। ਜਾਂ ਤੇ ਗੁਰੂ ਬਾਣੀ ਕੋ ਕਿਸੀ ਔਰ ਕਵੀਸ਼੍ਵਰ ਕੀ ਬਾਣੀ ਕਹਣਾ ਮਹਾਂ ਪਾਪ ਹੈ। ਵਹ ਪੁਰਸ਼ ਗੁਰੂ ਘਰ ਮੇਂ ਸ੍ਰੀ ਗੁਰੂ ਆਦ ਗ੍ਰੰਥ ਸਾਹਿਬ ਤਥਾ ਜੋ ਗੁਰੂ ਅਸਥਾਨੋਂ ਕਾ ਸ਼ਿੱਖੀ ਤੇ ਖਾਰਜ ਹੋਣ ਤੇ ਕਿਸੀ ਕਾ ਭੀ ਅਧਿਕਾਰੀ ਨਹੀਂ। ਕਾਹੇ ਤੇ ਬਹੁਤ ਸੇ ਗੁਰੂ ਸ਼ਬਦੋਂ ਸੇ ਦਸ ਗੁਰੂਓਂ ਸੇ ਸ੍ਰੀ ਰਾਮ ਕ੍ਰਿਸ਼ਨਾਦਿ ਮੂਰਤੀਓਂ ਸੇ ਅਭੇਦ ਸਿੱਧ ਹੈ॥

## ॥ ਅਵਤਾਰ ॥

ਯਥਾ ਸਵਈਏ ਮਹਲੇ ਪਹਲੇ ਕੇ ॥

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥ ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥ ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ ॥ ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥ ੭ ॥

ਇਸ ਸ਼ਬਦ ਤੋਂ ਭੀ ਯਹ ਸਿੱਧ ਹੂਆ ਕਿ ਜੋ ਪੁਰਸ਼ ਸ੍ਰੀ ਰਾਮ ਕ੍ਰਿਸ਼ਨਾਦਿਕੋਂ ਕੀ ਨਿੰਦਾ ਕਰਤਾ ਹੈ ਸੋ ਗੁਰੂਓਂ ਕਾ ਨਿੰਦਕ ਹੈ ਜੋ ਦਸਾਂ ਗੁਰੂਆਂ ਕੀ ਨਿੰਦਾ ਕਰਤਾ ਹੈ ਸੋ ਸ੍ਰੀ ਰਾਮ ਕ੍ਰਿਸ਼ਨਾਦਿਕੋਂ ਕਾ ਹੀ ਨਿੰਦਕ ਹੈ। ਵੇਦ ਔਰ ਸ੍ਰੀ ਦਰਬਾਰ ਕੇ ਅਭੇਦ ਵਿਸ਼ੇ ਪ੍ਰਮਾਣ ਪੂਰਬ ਕਹ ਆਏ ਹਾਂ । ਤਥਾ ਹੇ ਰਾਮ ਦਾਸ ਗੁਰੂ ਜੀ ਆਪ ਨੇ ਹੀ ਜੁਗ ਜੁਗ ਮੇਂ ਅਵਤਾਰ ਧਾਰਨ ਕੀਏਹੈਂ

ਯਥਾ ਸਵਈਏ ਮਹਲੇ ੪ ਕੇ ॥

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ

Sri Satguru Jagjit Singh Ji Elibrary NamdhariElibrary@gmail.com

ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ ॥ ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ ॥

ਤਥਾ—ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ ॥ ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੁਬਿੰਦ ਜੀਉ ॥ ੪ ॥ ੯

ਇਤਜਾਦਿਕ ਹੋਰ ਭੀ ਬਚਨ ਹੈਂ ॥

ਤਥਾ ਭਾਈ ਗੁਰਦਾਸ ਜੀ ॥ ਮਹਾਰਾਜਾ ਜੁਧਿਸ਼-ਟਰ ਜੀ ਦੇ ਜਗ ਦਾ ਪ੍ਰਸੰਗ ॥ ਪੌਃ "ਕ੍ਰਿਸ਼ਨ ਲਇਆ ਅਵਤਾਰ ਜਗ ਮਹਮਾ ਦਸਮ ਸਕੰਧ ਵਖਾਣੈ ॥ ਲੀਲਾ ਚਲਤ ਅਚਰਜ ਕਰ ਜੋਗ ਭੋਗ ਰਸ ਰਲੀਆਂ ਮਾਣੈ ॥ ਮਹਾਂਭਾਰਤ ਕਰਵਾਇਓਨ ਕੈਰੋ ਪਾਂਡੋ ਕਰ ਹੈਰਾਣੈ ॥ ਇੰਦ੍ਰਾਦਿਕ ਬ੍ਰਹਮਾਦਿਕਾਂ ਮਹਮਾ ਮਿਤ ਮ੍ਰਿਜਾਦ ਨ ਜਾਣੈ ॥ ਮਿਲੀਆ ਟਹਲਾ ਬੰਡ ਕੈ ਜਗ ਰਾਜਸੂ ਰਾਜੇ ਰਾਣੈ ॥ ਮੰਗ ਲਈ ਹਰਿ ਟਹਲ ਇਹੁ ਪੈਰ ਧੋਇ ਚਰਣੋਦਕ ਮਾਣੈ ॥ ਸਾਧ ਸੰਗਤ ਗੁਰ ਸਬਦ ਸਿਵਾਣੈ ॥" ਵਾਰ ੨੩ ॥ ਪੌਃ ੯ ॥ ਤਥਾ ਸ੍ਰੀਮੁਖਵਾਕ ਪਾਤਸ਼ਾਹੀ ੧੦ ॥ ਸਵੈਯਾ ॥ ਸਉਪੀ ਹੈ ਸੇਵਹੀ ਪਾਰਬ ਕੋ ਦਿਜ

ਲੋਕਨ ਕੀ ਜੋ ਪੈ ਨੀਕੀ ਕਰੈ ॥ ਅਰ ਪੂਜ ਕਰੈ ਦੋਊ ਮਾਦਰੀ ਕੇ ਪੁਤ੍ਰ ਰਿਖੀਨ ਕੀ ਆਨੰਦ ਚਿਤ ਧਰੈ ॥ ਭਇਓ ਭੀਮ ਰਸੋਈਆ ਦੁਰਜੋਧਨ ਧਾਮ ਪੈ ਬਿਆਸ ਤੇ ਆਦਿਕ ਬੇਦ ਰਰੈ ॥ ਕੀਯੋ ਸੂਰ ਕੋ ਬਾਲਕ ਦੈਬੇ ਕੋ ਦਾਨ ਜੁ ਜਾਹੀ ਤੇ ਚੌਦਹ ਲੋਕ ਡਰੈ ॥ ਸ਼੍ਰੀ ਕ੍ਰਿਸ਼ਨ ਅਵਤਾਰ ਛੰਦ ੨੩੫੦ ॥

ਸੂਰਜ ਚੰਦ ਗਨੇਸ ਮਹੇਸ ਸਦਾ ਉਠਿਕੈ ਜਿਹ ਧਿਆਨ ਧਰੈ ॥ ਅਰ ਨਾਰਦ ਸੋ ਸੁਕ ਸੋ ਦਿਜ* ਬਿਆਸ ਸੋ ਸਿਆਮ ਭਨੈ ਜਿਹ ਜਾਪ ਕਰੈ ॥ ਜਿਹ ਮਾਰ ਦਯੋ ਸਿਸਪਾਲ ਬਲੀ ਜਿਹ ਕੇ ਬਲ ਤੇ ਸਭ ਲੋਕ ਡਰੈ ॥ ਅਬ ਬਿਪਨ ਕੇ ਪਗ ਧੋਵਤ ਹੈ ਬ੍ਰਿਜ ਨਾਥ ਬਿਨਾ ਐਸੀ ਕਉਨ ਕਰੈ ॥ ਛੰ: ੨੩੫੧ ॥ ਦੇਖੋ ਸ਼੍ਰੀ ਕ੍ਰਿਸ਼੍ਨਾਵਤਾਰ ਦਸਮ ਦਰਬਾਰ ਇਤਿ ॥

ਤਥਾ ਸਵਈਏ ਮਹਲੇ ੪ ਕੇ:—

ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾਕੀ ਸਰਣੰ॥ ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾਕੀ ਸ੍ਰੀ ਰਾਮਦਾਸ ਤਾਰਣ ਤਰਣੰ ॥ ਤਥਾ—ਪੀਤ

---

* ਐ ਕਈ ਇਕ ਅਗਯਾਨੀ ਪੁਰਸ਼ ਸ਼੍ਰੀ ਵੇਦ ਵਯਾਸ਼ ਜੀ ਪਰ ਆਖਜੇਪ ਕੀਆ ਕਰਤੇ ਹੈਂ ਸੋ ਤਿਨ੍ਹੋਂ ਕਾ ਮੂੰਹ ਤੋੜ ਉੱਤਰ ਦਸਮ ਗੁਰੂ ਜੀ ਵਯਾਸ ਜੀ ਕੋ ਬ੍ਰਾਮ੍ਹਣ ਲਿਖ ਰਹੇ ਹੈਂ॥

Sri Satguru Jagjit Singh Ji Elibrary NamdhariElibrary@gmail.com

ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ
ਮੁਕਟੁ ਸੀਸਿ ਮੋਰਪੰਖ ਚਾਹਿ ਜੀਉ ॥"

ਟੀਕਾਃ—ਪ੍ਰਿਅ ਕਹੀਏ ਅਪਨੀ ਪਿਆਰੀ ਸ੍ਰੀ ਰਾਧਿਕਾ ਜੀ ਕੇ ਸਹਿਤ ਹੋਤੇ ਥੇ ਚਾਹ ਕਹੀਏ ਦੇਖੀ ਦਾ ਥਾ, ਵਾ ਗਰੜ ਕੇ ਅਸਵਾਰ ਹੋਤੇਥੇ, ਹੇ ਰਾਮਦਾਸ ਗੁਰੂ ਜੀ ! ਸੋ ਤੁਮੀ ਹੋ ਇਤਜਾਦਿਕ ਬਹੁਤ ਉਪਮਾ ਹੈ ॥

ਤਥਾ ਭਾਈ ਗੁਰਦਾਸ ਜੀ—"ਰਾਮਚੰਦ ਕਾਰਣ ਕਰਣ ਕਾਰਨ ਬਸ ਹੋਇਆ ਦੇਹਧਾਰੀ ॥ ਮੰਨ ਮਤੇਈ ਆਗਿਆ ਲੈ ਬਨਬਾਸ ਵਡਾਈ ਚਾਰੀ ॥ ਪਰਸਰਾਮ ਦਾ ਬਲ ਹਰੈ ਦੀਨਦਿਆਲ ਗੁਬ ਪ੍ਰਹਾਰੀ ॥ ਸੀਤਾ ਲਖਮਣ ਸੇਵ ਕਰ ਜਤੀ ਸਤੀ ਸੇਵਾ ਹਿਤਕਾਰੀ ॥ ਰਾਮਾਇਣ ਬਰਤਾਇਆ ਰਾਮ ਰਾਜ ਕਰ ਸ੍ਰਿਸ੍ਰਿ ਉਧਾਰੀ ॥ ਮਰਣ ਸੁਮਣਸਾ ਸਚ ਹੈ ਸਾਧ ਸੰਗਤ ਮਿਲ ਪੈਜ ਸਵਾਰੀ ॥ ਭਲਿਆਈ ਸਤਿਗੁਰ ਮਤਿ ਸਾਰੀ ॥ ਵਾਰ ੩੧ ॥ ਪੌਃ ੨੦ ॥ ਤਥਾ ਸ੍ਰੀ ਮੁਖਵਾਕ ਪਾਤਸਾਹੀ ੧੦ ॥ ਜਨਕ ਸਭਾ ਮੇਂ ਸ੍ਰੀ ਰਾਮ ॥

ਰਸਾਵਲ ਛੰਦ—

ਭਏ ਜਾਇ ਠਾਢੇ ॥ ਮਹਾ ਮੋਦ ਬਾਢੇ ॥੧੦੧
ਪੁਰੰ ਨਾਰ ਦੇਖੈਂ ॥ ਸਹੀ ਕਾਮ ਲੇਖੈਂ ॥
ਰਿਪੰ ਸਤ੍ਰ ਜਾਨੈ ॥ ਸਿਧੰ ਸਾਧ ਮਾਨੈ ॥੧੦੨
ਸਿਸੰ ਬਾਲ ਰੂਪੰ ॥ ਲਹਿਯੋ ਭੂਪ ਭੂਪੰ ॥
ਤਪਿਯੋ ਪਉਨਹਾਰੀ ॥ ਭਟੰ ਸ਼ਸਤ੍ਰਧਾਰੀ ॥੧੦੩

Sri Satguru Jagjit Singh Ji Elibrary NamdhariElibrary@gmail.com

ਨਿਸਾਚੰਦਜਾਨਿਯੋ॥ਦਿਨੰਭਾਨਮਾਨਿਯੋ॥
ਗਣੰ ਰੁਦ੍ਰ ਰੇਖਿਯੋ॥ਸੁਰੰ ਇੰਦ੍ਰ ਦੇਖਿਯੋ ॥੧੦੪
ਸ੍ਰੁਤੰਬ੍ਰਹਮਜਾਨਿਯੋ॥ਦਿਜੰਬਿਆਸਮਾਨਿਯੋ॥
ਹਰੀ ਬਿਸਨ ਲੇਖੇ॥ਸੀਆ ਰਾਮ ਦੇਖੇ॥੧੦੫

॥ ਸ੍ਰੀ ਰਾਮ ਅਵਤਾਰ ਪੰਨਾ ੧੨੩ ॥

ਤਥਾ ਸਵਾਹੂ ਬਧ ਕਰਕੇ:—

ਭੁਯੰ ਭਾਰ ਉਤਾਰਿਓ ॥ ਰਿਖੀਸੰ ਉਬਾਰਿਓ ॥
ਸਭੈ ਸਾਧ ਹਰਖੇ ॥ ਭਏ ਜੀਤ ਕਰਖੇ ॥
ਕਰੈ ਦੇਵ ਅਰਚਾ ॥ ਰਰੈਂ ਬੇਦ ਚਰਚਾ ॥

॥ ਸ੍ਰੀਰਾਮ ਅਵਤਾਰ ਛੰ: ੯੪ ॥

ਤਥਾ ਸਵੈਯਾ—

ਇੰਦ੍ਰ ਡਰਾਕਲਥੋ ਜਿਹ ਕੇ ਡਰ ਸੂਰਜ ਚੰਦ੍ਰ ਹੁਤੋ ਭੈ ਭੀਤੋ ॥ ਲੂਟ ਲਯੋ ਧਨ ਜੌਨ ਧਨੇਸ ਕੋ ਬ੍ਰਹਮ ਹੁਤੋ ਚਿਤ ਮੋ ਨ ਨਿਚੀਤੋ ॥ ਇੰਦ੍ਰ ਸੇ ਭੂਪ ਅਨੇਕ ਲਰੈਂ ਇਨ ਸੋ ਫਿਰਕੈ ਗ੍ਰਹ ਜਾਤ ਨ ਜੀਤੋ ॥ ਸੋ ਰਨ ਮਾਝ ਭਲੇ ਰਘੁਰਾਜ ਸੁ ਜੁਧ ਸ੍ਵਯੰਬਰ ਕੈ ਸੀਅ ਜੀਤੋ ॥ ਸ੍ਰੀਰਾਮ ਅਵਤਾਰ ਛੰਦ॥ ੬੨੩ ॥

***

Sri Satguru Jagjit Singh Ji Elibrary NamdhariElibrary@gmail.com

## ॥ ਤਥਾ ਸ੍ਰੀ ਬੰਸਰੀ ॥

ਰਾਗ ਮਾਲੀ ਗਉੜਾ ਨਾਮਦੇਵ ਜੀ॥

"ਧਨ ਧੰਨ ਓ ਰਾਮ ਬੇਨੁ ਬਾਜੈ ॥ ਮਧੁਰ ਮਧੁਰ ਧੁਨਿ ਅਨਹਤ ਗਾਜੈ॥ ੧ ॥ ਰਹਾਉ ॥ ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥ ੧॥ ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ ॥ ੨ ॥ ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥ ਜਹ ਖੇਲੈ ਸ੍ਰੀ ਨਾਰਾਇਨਾ ॥ ੩ ॥ ਬੇਨੁ ਬਜਾਵੈ ਗੋਧਨੁ ਚਰੈ ॥ ਨਾਮੇ ਕਾ ਸੁਆਮੀ ਆਨਦ ਕਰੈ ॥ ੪॥॥ ੧॥

ਤਥਾ—"ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥ ਗੋਤਮ ਨਾਰਿ ਅਹਲਿਆ ਤਾਰੀ ਪਾਵਨ ਕੇਤਕ ਤਾਰੀਅਲੇ॥ ਮਾਲੀ ਗਉੜਾ ਇਤਿ॥

ਤਥਾ ਸ੍ਰੀਮੁਖ ਵਾਕ ਪਾਤਸ਼ਾਹੀ ੧੦॥ ਕਬਿੱਤ

ਬਾਜਤ ਬਸੰਤ ਅਰ ਭੈਰਵ ਹਿੰਡੋਲ ਰਾਗ ਬਾਜਤ ਹੈ ਲਲਤਾ ਕੇ ਸਾਥ ਹ੍ਵੈ ਧਨਾਸਰੀ॥ ਮਾਲਵਾ ਕਲਿਆਨ ਅਰ ਮਾਲਕਉਸ ਮਾਰੂ ਰਾਗ ਬਨ ਮੇਂ ਬਜਾਵੈ ਕਾਨ੍ਹ ਮੰਗਲ ਨਿਬਾਸ ਰੀ॥ ਸੁਰੀ ਅਰ ਅਸੁਰੀ ਔ ਪੰਨਗੀ ਜੋ ਹੁਤੀ ਤਹਾ ਧੁਨ ਕੇ ਸੁਨਤ ਪੈ ਨ ਰਹੀ ਸੁਧ

Sri Satguru Jagjit Singh Ji Elibrary NamdhariElibrary@gmail.com

ਜਾਸਰੀ॥ ਕਹੈ ਇਉ ਦਾਸਰੀ ਸੁ ਐਸੀ ਬਾਜੀ ਬਾਸਰੀ ਸੁ ਮੇਰੇ ਜਾਨੈ ਜਾਮੈ ਸਭ ਰਾਗ ਕੋ ਨਿਵਾਸਰੀ॥ ਸ੍ਰੀ ਕ੍ਰਿਸ਼ਨਾਵਤਾਰ ਛੰਦ ੩੩੨॥ ਬਹੁਤ ਉਸਤਤ ਵੀਚ ਦੇਖ॥

## ਅਵਤਾਰ

॥ ਤਥਾ ਸਵੈਯਾ ॥

ਦੈਤ ਸੰਖਾਸੁਰ ਕੇ ਮਰਵੇ ਕਹੁ ਰੂਪ ਧਰਿਯੋ ਜਲ ਮੈਂ ਜਿਨ ਮੱਛਾ॥ ਸਿੰਧ ਮਥਿਯੋ ਜਬਹੀ ਅਸੁਰਾਸੁਰ ਮੇਰ ਤਰੈ ਭਯੋ ਕੱਛਪ ਹੱਛਾ॥ ਸੋ ਅਬ ਕਾਨ੍ਹ ਭਯੋ ਇਹ ਠੌਰ ਚਰਾਬਤ ਹੈ ਬ੍ਰਿਜ ਕੇ ਸਭ ਬੱਛਾ॥ ਖੇਲ ਦਿਖਾਵਤ ਹੈ ਜਗ ਕੋ ਇਹ ਹੈ ਕਰਤਾ ਸਭ ਜੀਵਨ ਰੱਛਾ॥ ਸ੍ਰੀ ਕ੍ਰਿਸ਼ਨਾਵਤਾਰ ਛੰ: ੩੫੪॥

ਤਥਾ—ਜਦੂਰਾਇ ਕੋ ਆਇ ਸਮਾਨ ਤ੍ਰਿਯਾ ਨ੍ਰਿਪ ਕੋ ਇਹ ਚੰਦਨ ਦੇਹ ਲਗਾਯੋ॥ ਸਿਆਮ ਕੋ ਰੂਪ ਨਿਹਾਰਤ ਹੀ ਕਵ ਸਿਆਮ ਮਨੈ ਅਤ ਹੀ ਸੁਖ ਪਾਯੋ॥ ਜਾਕੋ ਨ ਅੰਤ ਲਖਿਯੋ ਬ੍ਰਹਮਾ ਕਰਕੈ ਮਨ ਪ੍ਰੇਮ ਕਈ ਦਿਨ ਗਾਯੋ॥ ਭਾਗ ਬਡੇ ਇਹ ਮਾਲਨ ਕੇ ਹਰਿ ਕੇ ਤਨ ਕੋ ਜਿਨ ਹਾਥ ਛੁਹਾਯੋ॥ ਸ੍ਰੀ ਕ੍ਰਿਸ਼ਨਾ ਵਤਾਰ ਛੰਦ ੮੨੯॥

Sri Satguru Jagjit Singh Ji Elibrary NamdhariElibrary@gmail.com

ਤਥਾ—ਸਤ੍ਰਹਸੈ ਚਵਤਾਲ ਮੈ, ਸਾਵਨ ਸੁਦਿ ਬੁਧਵਾਰ ॥ ਨਗਰ ਪਾਂਵਟਾ ਮੋ ਤਮੋ, ਰਚਿਯੋ ਗ੍ਰੰਥ ਸੁਧਾਰ ॥ ਛੰਦ ੯੮੨ ॥

ਤਥਾ ਸਵੈਯਾ—ਜੇ ਪਦ ਪੰਕਜ ਸੇਸ ਮਹੇਸ ਸੁਰੇਸ ਦਿਨੇਸ ਨਿਸੇਸ ਨ ਪਾਏ ॥ ਜੇ ਪਦ ਪੰਕਜ ਵੇਦ ਪੁਰਾਨ ਵਖਾਨ ਪ੍ਰਮਾਨ ਕੈ ਗਿਆਨਨ ਗਾਏ ॥ ਜੇ ਪਦ ਪੰਕਜ ਸਿਧ ਸਮਾਧਿ ਮੈ ਸਾਧਤ ਹੈਂ ਮੁਨ ਮੋਨ ਲਗਾਏ ॥ ਤੇ ਪਦ ਪੰਕਜ ਕੇਸਵ ਕੇ ਅਬ ਊਧਵ ਲੈ ਕਰ ਮੈ ਸਹਰਾਏ ॥ ਛੰ: ੯੮੯ ॥

ਤਥਾ ਸਵੈਯਾ—ਜੋ ਬਲਵੰਡ ਬਡੇ ਦਲ ਮੈ ਤਿਹ ਅਗਰ ਕਥਾ ਮਹ ਨਾਮ ਕਹੈ ਹਉ ॥ ਜੋ ਸਿੰਗ ਸਿਆਮ ਲਰੈ ਰਿਸਕੈ ਤਿਨ ਕੈ ਜਸ ਕੋ ਮੁਖ ਤੇ ਉਚਰੈ ਹਉ ॥ ਜੋ ਬਲਭੱਦ੍ਰ ਕੇ ਸੰਗ ਭਿਰੇ ਤਿਨ ਕਉ ਕਬ ਕੈ ਪ੍ਰਭ ਲੋਕ ਰਿਝੈ ਹਉ ॥ ਤਿਆਗ ਸਭੈ ਗਿਰਹ ਲਾਲਚ ਕਉ ਹਰਿ ਕੇ ਹਰਿ ਕੇ ਹਰਿ ਕੇ ਗੁਨ ਗੈਹਉ ॥ ਛੰਦ ੧੦੩੭ ॥

ਤਥਾ ਸਵੈਯਾ—ਜੋ ਭਟ ਆਹਵ ਮੈ ਅਰਿਕੈ ਲਰਿ ਕੈ ਪਗ ਏਕ ਨ ਟਾਰੇ ॥ ਜੀਤ ਫਿਰੈ ਸਭ ਦੇਸਨ ਕੋ ਸੋਊ ਭਾਗ ਗਏ ਜਿਹ ਓਰ ਨਿਹਾਰੇ ॥ ਜੋ ਜਮ ਕੇ ਸੰਗ ਜੂਝ ਪਰੈ ਤਬ ਅੰਤਕ ਤੇ ਨਹੀ ਜਾਇ ਨਿਬਾਰੇ ॥

Sri Satguru Jagjit Singh Ji Elibrary NamdhariElibrary@gmail.com

ਤੇ ਭਟ ਝੂਮ ਪਰੇ ਰਨ ਮੈ ਜਦੁਬੀਰ ਕੇ ਕੋਪ ਕ੍ਰਿਪਾਨ ਕੇ ਮਾਰੇ ॥ ਛੰਦ ੧੭੮੮ ॥

ਤਥਾ ਦੋਹਾ—ਕ੍ਰਿਸ਼ਨ ਜੁਧ ਜੋ ਹਉ ਕਹਿਯੋ, ਅਤ ਹੀ ਸੰਗ ਸਨੇਹ ॥ ਜਿਹ ਲਾਲਚ ਇਹ ਮੈ ਰਚਿਯੋ, ਮੋਹਿ ਵਹੈ ਬਰ ਦੇਹ ॥ ਛੰਦ ੧੮੯੮ ॥

ਤਥਾ ਸਵੈਯਾ—ਹੇ ਰਵਿ ਹੇ ਸਸਿ ਹੇ ਕਰੁਨਾ ਨਿਧ ਮੇਰੀ ਅਬੈ ਬੇਨਤੀ ਸੁਨ ਲੀਜੈ ॥ ਔਰ ਨ ਮਾਂਗਤ ਹੂੰ ਤੁਮ ਤੇ ਕੁਛ ਚਾਹਿਤ ਹੂੰ ਚਿਤ ਮੈ ਸੋਈ ਕੀਜੈ ॥ ਸਸਤਰਨ ਸਿਉ ਅਤ ਹੀ ਰਨ ਭੀਤਰ ਜੂਝ ਮਰੋ ਕਹ ਸਾਚ ਪਤੀਜੈ ॥ ਸੰਤ ਸਹਾਇ ਸਦਾ ਜਗ ਮਾਹਿ ਕ੍ਰਿਪਾ ਕਰ ਸਿਯਾਮ ਇਹੈ ਬਰ ਦੀਜੈ ॥ ਛੰਃ ੧੮੯੯ ॥

ਤਥਾ ਸਵੈਯਾ—ਸ੍ਰੀ ਬ੍ਰਿਜ ਨਾਇਕ ਕੋ ਜਿਨ ਹੂੰ ਕਬ ਸਿਆਮ ਭਨੈ ਨਹ ਧਿਆਨ ਲਗਾਯੋ ॥ ਔਰ ਕਹਾਂ ਭਯੋ ਜੋ ਗੁਨ ਕਾਹੂ ਕੇ ਗਾਵਤ ਹੈ ਗੁਨ ਸਿਆਮ ਨ ਗਾਯੋ ॥ ਔਰ ਕਹਾ ਭਯੋ ਜੋ ਜਗਦੀਸ ਬਿਨਾ ਸੁ ਗਨੇਸ ਮਹੇਸ ਮਨਾਯੋ ॥ ਲੋਕ ਪ੍ਰਲੋਕ ਕਹੈ ਕਵਿ ਸਿਆਮ ਸਦਾ ਤਿਹ ਆਪਨੋ ਜਨਮ ਗਵਾਯੋ ॥ ॥ ਛੰਃ ੨੨੮੩ ॥ ਸ੍ਰੀ ਕ੍ਰਿਸ਼ਨਾਵਤਾਰ ਦਸਮ ਦਰਬਾਰ ਇਤਿ ॥

ਤਥਾ ਸਰਬਲੋਹ ਉਕਤ ਸ੍ਰੀ ਮੁਖ ਪਾਤਸ਼ਾਹੀ ੧੦ "ਸਰਗੁਨ ਨਾਮ ਕ੍ਰਿਤਮ ਪ੍ਰਸੋਤਮ ਰਾਮ ਕ੍ਰਿਸ਼ਨ ਏ ਨਾਮਧੁਰੰ ॥ ਉਚਰਤ ਕ੍ਰਿਤ ਬਿਲਾਸ ਚਿਰਨ ਕੇ ਕੁਲ ਸਮੂਹ ਜੁਤ ਤਰਤ ਭਵ ਦੁਸਤਰ ॥ ਨਿਗਮਾ ਗਮ ਪਊਰਾਨ ਸੋਧ ਸਭ ਸਾਰ ਮੰਤ੍ਰ ਤਾਰਕ ਸੋਧਾਛਰ ॥ ਨਾਮ ਮਹਾਤਮ ਹਰਿ ਜੂ ਜਾਨਤ ਪ੍ਰੇਤਹ ਦੇਵ ਕਰੇ ਦੇ ਮੰਤ੍ਰ ॥" "ਰਰਹੁ ਰਾਮਃ ਪੁਨ ਰਰਹੁ ਰਾਮਃ ਰਰ ਰਾਮ ਰਾਮਃ ਰਰ ਰਾਮ ਰਾਮਃ ਰਰ ਰਾਮ ਰਾਮਃ ਸ੍ਰੀ ਰਾਮ ਰਰਾਃ ਰਰਰਰਰ ਰਰਰਰਰ ਰਰਰਰਰ ਰਰਰਰਰ ਰਰਰਃ ॥ ੧ ॥ ੪੧ ॥ ਧਿਃ ੫ ॥ ਪੰ:੩੫੦ ॥

ਤਥਾ ਸ੍ਰੀਰਾਮਚੰਦ੍ਰੰ ਰਾਮਨਾਥੰ ਰਮਾਪਤੰ ਦਸਰਥ ਤਨੈ ਕਉਸਲਿਆ ਆਨੰਦ ਬਰਧਨੰ ॥ ਪਰਸ ਰਾਮੰ ਰਾਮੰ ਬਲਰਾਮੰ ਆਤਮਾ ਰਾਮੰ ਰਮਯਾ ਰਮਾ ਰਮਨੰ ਸ੍ਰੀਰਾਮ ਨਾਮੰ ॥ ੧੨ ॥ ਰਾਮਚੰਦ੍ਰਾਯੰ ਰਾਮ ਭਦ੍ਰਾਯੰ ਰਾਮਰਾਜਾਯੰ ਰਘੁਰਾਜੇ ਅਪਵਰਗ ਧਾਮੰ ॥

ਧਿਃ ੫ ॥ ਪੰਃ ੩੭੨ ॥

ਤਥਾ—"ਜਸਧਾ ਕੁਮਾਰੋ ਖਰਾਰੋ ਮੁਰਾਰੋ ਮੁਰਲੀ ਮਨੋਹਰ ਗਿਰਵਰੰ ਨਖੰ ਧਰਤਾ ॥" ਧਿਃ ੫ ॥ ਅੰਤੁ ਤੁਕ ਯਹ ॥ ਹਰੀ ਨਾਮ ਮਾਲਾ ਸ੍ਰੀ ਬਿਸਨ ਕਬਚੰ ਪੂਰਨੰ ਸੁਭਮਸਤੁ ਸਿਧੰ ॥ ਸ੍ਰੀ ਗੋਬਿੰਦ ਦਾਸੰ ਫਤਹ

Sri Satguru Jagjit Singh Ji Elibrary NamdhariElibrary@gmail.com

ਗੁਰੋਯੰ ਬਿਰਚਿਤੰ ਭਗਤ ਬਿਰਧੰ॥ਧਿ: ਪਪੰ: ੩੭੨॥

ਤਥਾ ਹੇ ਭਗਵਾਨ:—ਰਾਜਨ ਮੋ ਰਾਜਨ ਮਹਾਰਾਜਨ ਦੇਵਨ ਦੇਵ ਦੇਵੇਸ ਸੁਰਾਨੀ ॥ ਛਤ੍ਰਨ ਮੋ ਛਤ੍ਰੀਪਤ ਮਾਹੁਰੁ ਬ੍ਰਿਧਨ ਮੋ ਦਿਜ ਵਰੁ ਪ੍ਰਧਾਨੀ ॥ ਨਾਜਾਨੀ ਹੋ ਹਰੀ ਨਾ ਜਾਨੀ ॥ ੧ ॥ ਗਿਆਨਨ ਮੋ ਗਿਆਨੀ ਬਡ ਊਤਮ ਜੋਗਨ ਮੋ ਬਡੋ ਜੋਗ ਧਿਆਨੀ ॥ ਮੁਨਨ ਮੋ ਕਪਲ ਮੁਨ ਸ੍ਰੇਸ਼ਟ ਸਤਿਗੁਰ ਮੋ ਗੁਰ ਨਾਨਕ ਗਿਆਨੀ ॥ ਜਾਨੀ ਹੋ ਹਰੀ ਏ ਜਾਨੀ ॥ ੨ ॥ ਸੂਰਨ ਮੋ ਰਾਵਨਾਰਿ ਸਿਰੋਮਨਿ ਗਾਰਸਤਨ ਮੋ ਕੰਸਾਰਿ ਪ੍ਰਧਾਨੀ ॥ ਧਰਮਨ ਮੋ ਧਰਮ ਪੁਤ੍ਰ ਧਰਮਾਤਮ ਜੋਧਨ ਗੁੜਾਕੇਸ ਜੋ ਧਯਾਨੀ ॥ ਨਾ ਜਾਨੀ ਹੋ ਹਰੀ ਨਾਜਾਨੀ ॥ ਧਿ: ੫ ਵਿਸਥਾਰ ਦੇਖੋ ਪੰਨਾ ੩੬੫ ॥ ਇਸ ਸਰਬ ਲੋਹ ਕੇ ਲੇਖ ਸੇ ਭੀ ਗੁਰੂ ਜੀ ਨੇ ਗੁਰੂ ਨਾਨਕ ਦੇਵ ਜੀ ਸੇ ਸ੍ਰੀ ਰਾਮ ਜੀ ਆਦਿਕੋਂ ਕਾ ਅਭੇਦ ਕਹਾ ॥

ਤਥਾ—ਕੇਸੀ ਕੰਸ ਚੰਡੂਰਾ ਅਘਾਤ ਪੂਤਨਾ ਸਭੀ ਪਚਾਏ ॥ ਜੋ ਜੋ ਦੋਖੀ ਸੰਤ ਭਗਤਿ ਕੇ ਅਸੁਰ ਮਲੇਛ ਸਭੀ ਹਰਿ ਘਾਏ ॥ ੧੦ ॥ ਪ੍ਰਹਲਾਦ ਦ੍ਰੋਪਤੀ ਅਉ ਅੰਬਰੀਸਾ ਧ੍ਰੂਅ ਅਜਾਮਲ ਭਗਤ ਤਰਾਏ ॥ ਅਉਸਰ ਰਾਖ ਲੀਨ ਗਜਪਤ ਕੋ ਨਾਗ ਪੈਰ ਹ੍ਵੈ ਸ੍ਰੀ ਪਤਿ ਧਾਏ ॥ ਤੈਸੇ ਰਛ ਕਰੀ ਮਘਵਾ ਕੀ ਅਮਰਾਜੁਬ ਘੂਬ

ਸੁਖੀ ਕਰਾਏ ॥ ਜਹ ਜਹ ਅਉਸਰ ਆਇ ਬਨਿਓ
ਹੈ ਤਹ ਤਹ ਸ੍ਵਾਮੀ ਕਰੀ ਸਹਾਏ ॥ ੧੧ ॥
ਧਿਃ ੫ ॥ ਪੰਨਾ ੪੪੭ ॥

ਤਥਾ—ਨਰਸਿੰਘ ਹੋਇ ਪ੍ਰਹਲਾਦ ਉਬਾਰੇ ॥
ਹਰਨਾਖਸ ਉਦਰ ਨਖਹੁ ਕਰ ਫਾਰੇ ॥
ਸੋਈ ਬਿਸਨ ਭਗਵਾਨ ਮੁਰਾਰਾ ॥
ਨਰ ਤਨ ਧਰ ਰਾਵਨ ਸੰਘਾਰਾ ॥
ਰਾਮਚੰਦ੍ਰ ਦਸਰਥ ਸੁਤ ਹੁਇ ਕਰ ॥
ਅਸੁਰ ਬਿਨਾਹੇ ਸਮਰ ਬਿਜੈ ਬਰ ॥

ਤਥਾ—ਜਾਨਕੀ ਆਦਿ ਮਾਯਾ ਪ੍ਰਭ ਥਾਰੀ ॥
ਲਛਮਣ ਚਤੁਰਥ ਕਲਾ ਉਜਾਰੀ ॥
ਆਦਿ ਪੁਰਖ ਨਾਰਾਇਨ ਹਰੀ ॥
ਸੂਤਿਨ ਚੱਕ੍ਰਵੈ ਹ੍ਵੈ ਪ੍ਰਤਿ ਪਰੀ ॥

ਤਥਾ ਕ੍ਰੀਟ ਕੁੰਡਲਾਦਿ ਕਹਕੇਃ—
ਨਮਸਕਾਰ ਤਾਂ ਰੂਪ ਹਮਾਰੇ ॥
ਜਨ ਰੰਜਨ ਭੰਜਨ ਭੈ ਭਾਰੇ ॥
ਧਿਃ੫ ॥ ਪੰਨਾ ੪੯੪ ॥ ਇਤਿ ਸਰਬਲੋਹ।

ਤਥਾ ਸੁਦਾਮਾ ॥ ਬਸੰਤ ਮਹਲਾ ੫ ਅਸਟਪਦੀਆ ॥
ਬਿਪ੍ਰ ਸੁਦਾਮੇ ਦਾਲਦ ਭੰਜ ॥ ਰੇ ਮਨ ਤੂ ਭੀ ਭਜ
ਗੋਬਿੰਦ ॥ ਅਸਟਪਦੀ ੧ ॥

Sri Satguru Jagjit Singh Ji Elibrary NamdhariElibrary@gmail.com

ਤਥਾ ਭਾਈ ਗੁਰਦਾਸ ਜੀ:—

ਬਿਪ ਸੁਦਾਮਾ ਦਾਲਦੀ ਬਾਲ ਸਖਾਈ ਮਿਤਰ ਸਦਾਏ ॥ ਲਾਗੂ ਹੋਈ ਬਾਮ੍ਹਣੀ ਮਿਲ ਜਗਦੀਸ ਦਲਿਦ੍ਰ ਗਵਾਏ ॥ ਚਲਿਆ ਗਿਣਦਾ ਗਟੀਆ ਕਯੋਂ ਕਰ ਜਾਈਏ ਕੌਣ ਮਿਲਾਏ ॥ ਪਹੁਤਾ ਨਗਰ ਦੁਆ- ਰਕਾ ਸਿੰਘ ਦੁਆਰ ਖਲੋਤਾ ਜਾਏ ॥ ਦੂਰਹੁੰ ਦੇਖ ਡੰਡਉਤ ਕਰ ਛਡ ਸਿੰਘਾਸਣ ਹਰ ਜੀ ਆਏ ॥ ਪਹਲੇ ਦੇ ਪਰਦਖਣਾ ਪੈਰੀਂ ਪੈਕੇ ਲੈ ਗਲ ਲਾਏ ॥ ਚਰਨੋ- ਦਕ ਲੈ ਪੈਰ ਧੋਇ ਸਿੰਘਾਸਨ ਉੱਪਰ ਵੈਠਾਏ ॥ ਪੁਛੈ ਕੁਸਲ ਪਿਆਰ ਕਰ ਗੁਰ ਸੇਵਾ ਦੀ ਕਥਾ ਸੁਣਾਏ ॥ ਲੈਕੇ ਤੰਦਲ ਚੱਬਿਓਨ ਵਿਦਾ ਕਰੇ ਅਗੇ ਪਹੁਚਾਏ ॥ ਚਾਰ ਪਦਾਰਥ ਸੁਕਚ ਪਠਾਏ ॥

ਵਾਰ ੧੦ ॥ ਪੌ: ੯ ॥

॥ ਤਥਾ ਸ੍ਰੀਮੁਖ ਪਾਤਸ਼ਾਹੀ ੧੦ ॥

ਸਵੈਯਾ—ਮਾਰਗ ਨਾਖ ਕੈ ਬਿਪ ਜਵੈ ਗ੍ਰਿਹ ਸ੍ਰੀ ਜਦੁਬੀਰ ਕੇ ਭੀਤਰ ਆਯੋ ॥ ਸ੍ਰੀ ਬ੍ਰਿਜਨਾਥ ਨਿਹਾਰਤ ਤਾਹਿ ਸੁ ਬਿਪ ਸੁਦਾਮਾ ਇਹੈ ਠਹਿਰਾਯੋ ॥ ਆਸਨ ਤੇ ਉਠਿ ਆਤੁਰ ਹ੍ਵੈ ਅਤਿ ਪ੍ਰੀਤਿ ਬਢਾਇਕੇ ਲੈਵੇ ਕਉ ਧਾਯੋ ॥ ਪਾਇ ਪਰਯੋ ਤਿਹ ਕੋ ਹਰਿ ਜੀ ਫਿਰ ਸ਼ਿਆਮ ਭਨੈ ਉਠ ਕੰਠ ਲਗਾਯੋ ॥ ਛੰ: ੨੪੦੬ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਵਾਰ ਮੰਗਾਇ ਤਹੀ ਦਿਜ ਕੋ ਦੋਊ ਪਾਇਨ ਧ੍ਵੈ ਚਰਨਾਮਤ ਲੀਨੋ ॥ ਛੰ: ੨੪੦੭ ॥

ਤਥਾ ਸਵੈਯਾ—ਜੋ ਬ੍ਰਿਜਨਾਥ ਕੀ ਸੇਵ ਕਰੈ ਪ੍ਰੁਨ ਪਾਵਤ ਹੈ ਬਹੁਤੋ ਧਨ ਸੋਊ ॥ ਲੋਕ ਕਹਾ ਤਿਹ ਭੇਦਹ ਪਾਵਤ ਆਪਨੀ ਜਾਨਤ ਹੈ ਪ੍ਰੁਨਿ ਓਊ ॥ ਸਾਧਨ ਕੇ ਬਰਤਾ ਹਰਤਾ ਦੁਖ ਧੈਰਨ ਕੇ ਸੁ ਬਡੋ ਘਰ ਖੋਊ ॥ ਦੀਨਨ ਕੇ ਜਗ ਪਾਲਵੇ ਕਾਜ ਗ੍ਰੀਬ ਨਿਵਾਜ ਨ ਦੂਸਰ ਕੋਊ ॥ ਛੰਦ ੨੪੦੯ ॥ ਸ੍ਰੀ ਕ੍ਰਿਸ਼ਨਾ ਵਤਾਰ ॥

## ॥ ਸਿਆਮ ਗੁਰੂ ॥

ਈਹਾਂ ਭੀ ਕਵੀ ਸਿਆਮ ਨਾਮ ਗੁਰੂ ਜੀ ਕਾ ਹੀ ਹੈ ਯਥਾ—ਪਟੀ ਆਸਾ ਮ: ੧ ॥ "ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ" ॥ ਸਬਦ ॥ ॥ ੩੫ ॥ ਤਥਾ ਧਨਾਸਰੀ ॥ ਮ: ੧ ॥ "ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ ॥ ॥ ਸਬਦ ॥ ੨ ॥

***

Sri Satguru Jagjit Singh Ji Elibrary NamdhariElibrary@gmail.com

## ॥ ਅਵਤਾਰ ॥

॥ ਦਸਮ ਗੁਰੂ ਜੀ ਸਵੈਯਾ ॥

ਖੋਜ ਰਹੇ ਰਵਿ ਸੇ ਸਸ ਸੇ ਤਿਹ ਕੋ ਤਿਹ ਕੋ ਕਛੁ ਅੰਤ ਨ ਪਾਯੋ ॥ ਰੁਦ੍ਰ ਤੇ ਪਾਰ ਨ ਪਾਯਤ ਜਾਹਿ ਕੋ ਵੇਦ ਸਕੈ ਨਹਿ ਭੇਦ ਬਤਾਯੋ ॥ ਨਾਰਦ ਤੂੰਬਰ ਲੈਕਰ ਬੀਨ ਭਲੈ ਬਿਧ ਸੋਂ ਹਰਿ ਕੇ ਗੁਨ ਗਾਯੋ ॥ ਸਿਆਮ ਭਨੈ ਬਿਨ ਪ੍ਰੇਮ ਕੀਏ ਬ੍ਰਿਜ ਨਾਇਕ ਸੋ ਬ੍ਰਿਜ ਨਾਇਕ ਪਾਯੋ ॥ ਛੰ: ੨੪੫੧ ॥

॥ ਤਥਾ ਸੁਕਵਾਚ ਦੋਹਾ ॥

ਸੁਨ ਭੂਪਤਿ ਜਾ ਜਗਤ ਮੈ, ਦੁਖੀ ਰਹਤ ਹਰਿ ਸੰਤ।
ਅੰਤ ਲਹਤ ਹੈਂ ਮੁਕਤਿਫਲ, ਪਾਵਤ ਹੈਂ ਭਗਵੰਤ॥
॥ ਛੰ: ੨੪੫੪ ॥

ਤਥਾ—ਰੁਦ੍ਰ ਭਗਤ ਜਗ ਮਾਹਿ, ਸੁਖਕੇ ਦਿਵਸ ਸਦਾ ਭਰੈ।
ਮਰੈ ਫਿਰ ਆਵੈ ਜਾਹਿ, ਫਲ ਕਛੂ ਲਹੈ ਨ ਮੁਕਤਕੋ॥
॥ ਛੰਦ ੨੪੫੫ ॥

ਤਥਾ ਸਵੈਯਾ—ਹਾਥ ਧਰਯੋ ਜਿਹ ਕੇ ਸਿਰ ਪੈ ਤਿਹ ਛਾਰ ਉਡੈ ਜਬ ਹੀ ਬਰ ਪਾਯੋ॥ ਰੁਦ੍ਰ ਕੀ ਕਉ ਪ੍ਰਿਥਮੈ ਹਤ ਕੈ ਜੜ ਚਾਹਤ ਤਉ ਤਿਹ ਤ੍ਰਿਯਾ ਛਿਨਾਯੋ ॥ ਰੁਦ੍ਰ ਭਜਿਯੋ ਤਬ ਆਏ ਹੈ ਸਿਆਮ ਜੂ ਆਇਕੇ ਸੋ ਛਲ ਸੋ ਜਰਵਾਯੋ ॥ ਭੂਪ ਕਹੋ ਵਡੋ ਸੋ

Sri Satguru Jagjit Singh Ji Elibrary NamdhariElibrary@gmail.com

ਤੁਮ ਹੀ ਕਿ ਵਡੋ ਹਰਿ ਹੈ ਜਿਹ ਤਾਹਿ ਬਚਾਯੋ ॥
॥ ਸ੍ਰੀ ਕ੍ਰਿਸ਼ਨਾਵਤਾਰ ਛੰਦ ੨੪੫੭ ॥

ਤਥਾ ਸਵੈਯਾ—ਜੋ ਉਪਮਾ ਬ੍ਰਿਜਨਾਥ ਕੀ ਗਾਇ ਹੈ ਅਉਰ ਕਬਿਤਨ ਬੀਚ ਕਰੈਂਗੇ ॥ ਪਾਪ ਨ ਕੀ ਤੇਊ ਪਾਵਕ ਮੈ ਕਬਿ ਸਿਆਮ ਭਨੈ ਕਬਹੂ ਨ ਜਰੈਂਗੇ ॥ ਚਿੰਤ ਸਭੈ ਮਿਟ ਹੈ ਜੁ ਰਹੀ ਛਿਨ ਮੈ ਤਿਨ ਕੇ ਅਘ ਬ੍ਰਿੰਦ ਟਰੈਂਗੇ ॥ ਜੇ ਨਰ ਸਿਆਮ ਜੂ ਕੇ ਪ੍ਰਸੇ ਪਗ ਤੇ ਨਰ ਫੇਰ ਨ ਦੇਹ ਧਰੈਂਗੇ ॥ ਛੰ: ੨੪੮੨ ॥ ਤਥਾ ਦੋ: ॥ ਦਸਮ ਕਥਾ ਭਗੌਤ ਕੀ, ਭਾਖਾ ਕਰੀ ਬਨਾਇ। ਅਵਰ ਬਾਛਨਾ ਨਾਹਿ ਪ੍ਰਭੁ, ਧਰਮ ਜੁੱਧ ਕੇ ਚਾਇ ॥
॥ ਛੰਦ ੨੪੮੯ ॥

ਤਥਾ ਸਵੈਯਾ—ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁੱਧ ਵੀਚਾਰੈ ॥ ਛੰ: ੨੪੯੦ ॥

{ ਸ਼੍ਰੀ ਕ੍ਰਿਸ਼ਨਾਵਤਾਰ ਜੀ ਕੇ ਛੰ: ਦਸਮ ਗ੍ਰੰਥ ਜੀ ਕੀਆਂ ਤੀਨ ਬੀੜਾਂ ਕੇ ਭੇਦ ਸੇ ਸਾਰੇ ਛੰਦ ੨੪੮੯ ਤਥਾਂ ੨੪੯੨ ਹੈਂ ਕਹੀਂ ਛੰਦਾਬੰਦੀ ਮੇਂ ਫਰਕ ਹੋਵੇ ਤੋ ਮਹਾਤਮਾ ਤਥਾ ਖਾਲਸਾ ਸਨਾਤਨ ਭਾਈ ਛੰਦ ਕੇ ਅੰਕ ਕੋ ਆਗੇ ਪੀਛੇ ਦੇਖ ਲੇਂ ਪੜ੍ਹੋ ਭਗਵਾਨ ਕੀ ਉਪਮਾ ਅਗਾਧ ਹੈ ॥ }

ਤਥਾ ਗੋਂਡਨਾਮ ਦੇਵ ਜੀਃ—

ਕੇਸੀ ਕੰਸ ਮਥਨੁ ਜਿਨਿ ਕੀਆ।
ਜੀਅਦਾਨੁ ਕਾਲੀ ਕਉ ਦੀਆ॥

ਤਥਾ ਨਟ ਨਾਰਾਇਨ ਅਸਟਪਦੀਆ॥ ਮਃ ੪॥ "ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਿਕ ਉਧਾਰੇ॥ ਪਰਸ ਨਿਪਰਸ ਭਏ ਕੁਬਜਾਂ ਕਉ ਲੈ ਬੈਕੁੰਠ ਸਿਧਾਰੇ ॥ ਅਸਟਪਦੀ ਅੰਗ ੩॥ ॥ ਤਥਾ ਨਟ ਮਃ ੪॥ ਜਿਉ ਪਕਰਿ ਦ੍ਰੋਪਤੀ ਦੁਸਟਾਂ ਆਂਨੀ ਹਰਿ ਹਰਿ ਲਾਜ ਨਿਵਾਰੇ॥ ਅਸਟਪਦੀ ੫॥ ॥ ਤਥਾ ਸੂਹੀ ਮਃ ੪॥ ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥ ਪੂਛਹੁ ਬਿਦਰ ਦਾਸੀ ਸੁਤੈ ਕਿਸਨ ਉਤਰਿਆ ਘਰ ਜਿਸੁ ਜਾਇ॥ ਸਬਦ ੮॥ ਤਥਾ ਮਾਰੂ ਮਃ ੯॥ "ਹਰਿ ਕੋ ਨਾਮ ਸਦਾ ਸੁਖਦਾਈ॥ ਜਾਕਉ ਸਿਮਰਿ ਅਜਾਮਲਿ ਉਧਰਿਉ ਗਨਕਾ ਹੂ ਗਤਿ ਪਾਈ॥ ਰਹਾਉ॥ ਪੰਚਾਲੀ ਕਉ ਰਾਜ ਸਭਾ ਮੈ ਰਾਮ ਨਾਮ ਸੁਧਿ ਆਈ॥ ਤਾਕੋ ਦੂਖ ਹਰਿਓ ਕਰੁਣਾਮੈਅਪਨੀ ਪੈਜ ਬਢਾਈ॥ ੧॥ ਜਿਹ ਨਰ ਜਸੁ ਕਿਰਪਾਨਿਧ ਗਾਇਓ ਤਾਕਉ ਭਇਓ ਸਹਾਈ॥ ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨ ਸਰਨਾਈ ॥

ਟੀਕਾਃ—ਪੰਚਾਲ ਦੇਸ ਕੇ ਰਾਜਾ ਕੀ ਪੁਤ੍ਰੀ ਹੋਨੇ ਤੇ ਦ੍ਰੋਪਦਾ ਕਾ ਨਾਮ ਪੰਚਾਲੀ ਹੈ, ਔ ਯਹਾ 'ਕਿਉ ਕਹੁ ਕ੍ਰਿਸਨ ਕ੍ਰਿਪਾ ਨਿਧ ਹੈਂ' ਇਸ ਵਾਕਜ

Sri Satguru Jagjit Singh Ji Elibrary NamdhariElibrary@gmail.com

ਕਾ 'ਜਿਹ ਨਰ ਜਸ ਕ੍ਰਿਪਾਨਿਧ ਗਾਇਓ' ਇਤਜਾਦਿਕ ਬਚਨੋਂ ਸੇ ਬਿਰੋਧ ਪਰਿਹਾਰ ਕਰਨਾ, ਨਤੂ ਬਿਰੋਧ ਹੋਵੇਗਾ। ਯਥਾਃ—

॥ ਮਾਰੂ ਮਃ ੯ ॥ "ਅਬ ਮੈ ਕਹਾ ਕਰਉ ਰੀ ਮਾਈ॥ ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ ॥

ਟੀਕਾਃ—ਕਨ੍ਹਾਈ ਕਹੀਏ ਸ੍ਰੀ ਕ੍ਰਿਸਨ ਭਗਵਾਨ।

॥ ਤਥਾ ਮਾਰੂ ਮਃ ੪ ॥ "ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ ॥ ਜਿਨ ਕਉ ਆਪਿ ਅਨੁਗ੍ਰਹੁ ਕੀਆ ਹਰਿ ਅੰਗੀਕਾਰੁ ਕਰੇ॥ ਸਬਦ ॥ ੧॥

ਤਥਾ ਆਸਾ ਅਸਟਪਦੀਆ ਮਃ ੧ ॥

ਦੁਖੁ ਸੁਖ ਪਰ ਹਰਿ ਸਹਜ ਸੁ ਚੀਤ ॥ ਤਨੁ ਮਨੁ ਸਉਪਉ ਕ੍ਰਿਸਨ ਪ੍ਰੀਤਿ ॥ ਅਸਟਪਦੀ ੪ ॥

ਤਥਾ ਮਾਰੂ ਮਃ ੫ ॥ ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕ ਹਰਿ ਸਿਮਰਤ ਅਮਰ ਅਟਾਰੇ ॥ ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮ ਕੰਕਰਿ ਮਾਰਿ ਵਿਦਾਰੇ ॥ ੧॥ ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥ ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ ॥ ੧ ॥ ਰਹਾਉ ॥ ਬਾਲਮੀਕ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥ ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰ ਉਤਾਰੇ ॥ ੨ ॥ ਕੀਨੀ ਰਖਿਆ ਭਗਤ

ਪ੍ਰਹਲਾਦੈ ਹਰਨਾਖਸ ਨਖਹਿ ਬਿਦਾਰੇ ॥ ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥ ੩ ॥ ਕਵਨ ਪਰਾਧ ਬਤਾਵਉ ਅਪਨੇ ਮਿਥਿਆ ਮੋਹ ਮਗਨਾਰੇ ॥ ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ ॥ ਸਬਦ ੨ ॥

ਤਥਾ ਮਾਰੂ ਮਃ ੫ ॥ ਸੋਲਹੇ ॥ ਮੁਕੰਦ ਮਨੋਹਰ ਲਖਮੀ ਨਾਰਾਇਣ ॥ ਦ੍ਰੋਪਤੀ ਲਜਾ ਨਿਵਾਰਿ ਉਧਾਰਣ ॥ ਸੋਲਹੇ ੧੧ ॥

ਤਥਾ ਬਸੰਤ ਹਿੰਡੋਲ ਮਃ ੪ ॥ ਦੀਨਾਂ ਦੀਨ ਦਿਆਲ ਭਏ ਹੈ ਜਿਉ ਕ੍ਰਿਸਨ ਬਿਦਰ ਘਰ ਆਇਆ ॥ ਮਿਲਿਓ ਸੁਦਾਮਾ ਭਾਵਨੀ ਧਾਰਿ ਸਭ ਆਗੈ ਦਾਲਦੁ ਭੰਜਿ ਸਮਾਇਆ ॥ ਅਸਟਪਦੀ ੧ ॥

ਤਥਾ ਬਸੰਤ ਮਃ ੫ ਘਰ ੧ ॥

ਸੁਣਿ ਸਾਖੀ ਮਨ ਜਪਿ ਪਿਆਰ ॥ ਅਜਾਮਲੁ ਉਧਰਿਆ ਕਹਿ ਏਕ ਬਾਰ ॥ ਬਾਲਮੀਕੈ ਹੋਆ ਸਾਧ ਸੰਗੁ ॥ ਧ੍ਰੂ ਕਉ ਮਿਲਿਆ ਹਰਿ ਨਿਸੰਗ ॥ ੧ ॥ ਤੇਰਿਆ ਸੰਤਾ ਜਾਚਉ ਚਰਨ ਰੇਨ ॥ ਲੇ ਮਸਤਕਿ ਲਾਵਉ ਕਰਿ ਕਿਰਪਾ ਦੇਨ ॥ ੧ ॥ ਰਹਾਉ ॥ ਗਨਿਕਾ ਉਧਰੀ ਹਰਿ ਕਹੈ ਤੋਤ ॥ ਗਜ ਇੰਦ੍ਰ ਧਿਆਇਓ ਹਰਿ ਕੀਓ ਮੋਖ ॥ ਬਿਪ੍ਰ ਸੁਦਾਮੇ ਦਾਲਦੁ ਭੰਜ ॥

Sri Satguru Jagjit Singh Ji Elibrary NamdhariElibrary@gmail.com

ਰੇ ਮਨ ਤੂੰ ਭੀ ਭਜ ਗੋਬਿੰਦ ॥੨॥ ਬਧਿਕ ਉਧਾਰਿਓ ਖਮਿ ਪ੍ਰਹਾਰ ॥ ਕੁਬਿਜਾ ਉਧਰੀ ਅੰਗੁਸਟ ਧਾਰ ॥ ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਇ ॥ ੩ ॥ ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥ ਜਿਨਿ ਜਿਨਿ ਸੇਵਿਆ ਅੰਤ ਬਾਰ ॥ ਰੇ ਮਨ ਸੇਵ ਤੂ ਪਰਹਿ ਪਾਰ ॥ ੪ ॥ ਧੰਨੈ ਸੇਵਿਆ ਬਾਲ ਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥ ੫ ॥ ਜੈ ਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥ ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰ-ਸਹਿ ਸਰਣਿ ਪਾਇ ॥ ੬ ॥ ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈ ਲੀਨੇ ਭਗਤ ਰਾਖਿ ॥ ਤਿਨ ਕਾ ਗੁਣੁ ਅਵਗੁਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥ ੭ ॥ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥ ਅਸਟਪਦੀ ੧ ॥

Sri Satguru Jagjit Singh Ji Elibrary NamdhariElibrary@gmail.com

ਤਥਾ ਭੈਰਉ ਕਬੀਰ ਜੀ ॥ ਸਹਸ ਕੋਟਿ ਬਹੁ ਕਹਤ ਪੁਰਾਨ ॥ ਦੁਰਜੋਧਨ ਕਾ ਮਥਿਆ ਮਾਨੁ ॥
ਅਸਟਪਦੀ ੨ ॥

ਤਥਾ ਸਾਰਗ ਮਃ ੫ ॥ ਸੂਰਦਾਸ ॥ ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥

ਤਥਾ ਭਾਈ ਗੁਰਦਾਸ ਜੀ ॥

ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨ ਹੋਇ ਰੁੱਖਾ ।ਘਰ ਅਸਾਡੈ ਛੱਡ ਕੈ ਗੋਲੇ ਦੇ ਘਰ ਜਾਹਿ ਕਿ ਸੁੱਖਾ ॥ ਭੀਖਮ ਦ੍ਰੋਣਾ ਕਰਨ ਤਜ ਸਭਾ ਸੀਗਾਰ ਵਡੇ ਮਨੁਖਾ ॥ ਝੁਗੀ ਜਾਇ ਵਿਲਾਇਓਨ ਸਭਨਾ ਦੇ ਜੀਅ ਅੰਦਰ ਧੁੱਖਾ ॥ ਹਸ ਬੋਲੇ ਭਗਵਾਨ ਜੀ ਸੁਣਹੋ ਰਾਜਾ ਹੁਇ ਸਨਮੁਖਾ ॥ ਤੇਰੇ ਭਾਓ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ ॥ ਭਾਉ ਜਿਵੇਹਾ ਵਿਦਰ ਦੇ ਹੋਰੀ ਦੇ ਚਿਤ ਚਾਉ ਨ ਚੁੱਖਾ ॥ ਗੋਵਿੰਦ ਭਾਉ ਭਗਤ ਦਾ ਭੁੱਖਾ ॥ ਵਾਰ ੧੦ ॥ ਪੌਃ ੭ ॥

ਤਥਾ ਰਾਗ ਮਾਰੂ ਕਬੀਰ ਜੀ ॥

ਰਾਜਨ ਕਉਨੁ ਤੁਮਾਰੈ ਆਵੈ ॥ ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥ ੧ ॥

ਰਹਾਉ ॥ ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥ ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ ॥ ੧ ॥ ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥ ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥ ੨ ॥ ੯ ॥

ਤਥਾ ਭਾਈ ਗੁਰਦਾਸ ਜੀ ॥

ਅੰਦਰ ਸਭਾ ਦੁਸਾਸਨੈ ਮਥੇ ਵਾਲ ਦ੍ਰੋਪਤੀ ਆਂਦੀ ॥ ਦੂਤਾਂ ਨੂੰ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ ॥ ਪੰਜੇ ਪਾਂਡੋ ਵੇਖਦੇ ਅਉਘਟ ਰੁੱਧੀ ਨਾਰਿ ਜਿਨਾਂਦੀ ॥ ਅਖੀ ਮੀਟ ਧਿਆਨ ਧਰ ਹਾਹਾ ਕ੍ਰਿਸ਼ਨ ਕਰੇ ਬਿਲਲਾਂਦੀ ॥ ਕਪੜ ਕੋਟ ਉਸਾਰਿਉਨ ਥਕੇ ਦੂਤ ਨ ਪਾਰ ਵਸਾਂਦੀ ॥ ਹੱਥ ਮਰੋੜਨ ਸਿਰ ਧੁਣਿਨਿ ਪੱਛੋਤਾਨ ਕਰਨ ਜਾਹ ਜਾਂਦੀ ॥ ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸਰਮਾਂਦੀ ॥ ਨਾਥ ਅਨਾਥਾਂ ਬਾਣ ਧੁਰਾਂਦੀ ॥ ਵਾਰ ੧੦ ॥ ਪੌ: ੮ ॥

ਤਥਾ ਜਾਇ ਸੁਤਾ ਪ੍ਰਭਾਸ ਵਿਚ ਗੋਡੇ ਉਤੇ ਪੈਰ ਪਸਾਰੇ ॥ ਚਰਣ ਕਮਲ ਵਿਚ ਪਦਮ ਹੈ ਝਿਲ ਮਿਲ ਝਲਕੈ ਵਾਂਗੀ ਤਾਰੇ ॥ ਬਧਕ ਆਯਾ ਭਾਲਦਾ ਮਿਰਗ ਜਾਣ ਬਾਣ ਲੈ ਮਾਰੇ ॥ ਦ੍ਰਸਨਿ ਡਿਠੋ ਸੁ ਜਾਇ

ਕੈ ਕਰਣ ਪਲਾਵ ਕਰੈ ਪੁਕਾਰੇ ॥ ਗਲ ਵਿਚ ਲੀਤਾ ਕ੍ਰਿਸਨ ਜੀ ਅਵਗੁਣ ਕੀਤੇ ਹਰਿ ਨ ਚਿਤਾਰੇ ॥ ਕਰ ਕ੍ਰਿਪਾ ਸੰਤੋਖਿਆ ਪਤਿਤ ਉਧਾਰਣ ਬਿਰਦ ਵਿਚਾਰੇ ॥ ਭਲੇ ਭਲੇ ਕਰ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ ॥ ਪਾਪ ਕਰੰਤੇ ਪਤਿਤ ਉਧਾਰੇ ॥ ਵਾਰ ੧੦ ॥ ॥ ਪੌ: ੨੩ ॥ ਤਥਾ ਸਤੀ ਸਤੋਂ ਟਲ ਸਿਲਾ ਹੋਇ ਨਦੀ ਕਨਾਰੈ ਬਾਝ ਪਰਾਣਾ ॥ ਰਘੁਪਤਿ ਚਰਨ ਛੁਹੰਦਿਆ ਚਲੀ ਸੁਰਗ ਪੁਰ ਬਣੇ ਬਿਬਾਣਾ ॥ ਭਗਤਿ ਬਛਲ ਭਲਿ ਆਈਅਹੁ ਪਤਤ ਉਧਾਰਣ ਪਾਪ ਕਮਾਣਾ ॥ ਇਹ ਸਾਰੀ ਪੌੜੀ ਜਾਨ ਲੈਣੀ ॥ ਵਾਰ ੧੦ ॥ ਪੌ: ੧੮ ॥ ਭਾਈ ਗੁਰਦਾਸ ਜੀ ਇਤਿ ॥

ਤਥਾ ਸੋਰਠਿ ਰਵਿਦਾਸ ਜੀ—ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥ ਤੁਮ ਸਰਨਾ ਗਤਿ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ ॥ ॥ ਤਥਾ ਸੂਹੀ ਦੀ ਵਾਰ ਚੋਂ ਪੌ: ॥ ਮਨੁ ਤਨੁ ਨਿਰਮਲੁ ਅਤਿ ਸੋਹਣਾ ਭੇਟਿਆ ਕ੍ਰਿਸ਼ਨ ਮੁਰਾਰਿ ॥ ਪੌੜੀ ੯॥

ਤਥਾ ਬਿਲਾਵਲ ਮ: ੫ ॥ ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ ॥ ਰਾਮਚੰਦ ਕੀ ਲਸ-ਟਿਕਾ ਜਿਨ ਮਾਰਿਆ ਰੋਗੁ ॥ ਸਬਦ ॥ ੬੪ ॥

Sri Satguru Jagjit Singh Ji Elibrary NamdhariElibrary@gmail.com

ਤਬਾ ਬਿਲਾਵਲ ਮਃ ੫ ॥ ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾਕੀ ਬਾਤ ਸੁਨੀ ॥ ਸਬਦ ॥ ੧੧੪ ॥ ਤਬਾ ਬਿਲਾਵਲ ਮਃ ੫ ॥ ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥

॥ ਸਬਦ ੪ ॥

॥ ਤਬਾ ਜਨਮਸਾਖੀ ॥

ਤਾਰੇ ਪ੍ਰਬਤ ਰਾਮਚੰਦ ਸਤਿਰਾਮ ਲਿਖ ਨਾਮ ॥
ਬਧੀ ਪੂਲ ਸਮੁੰਦਰ ਪਰ ਲੁਟੀ ਲੰਕ ਨਿਦਾਨ ॥

॥ ਸਾਖੀ ਮੱਕੇ ਦੀ ਪੰਃ ੧੭੮ ॥

॥ ਤਬਾ ਸਲੋਕ ਮਃ ੯ ॥ ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥ ॥ ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥੁ ॥ ਸਲੋਕ ੫੫ ॥

ਤਬਾ ਕੇਦਾਰਾ ਰਵਿਦਾਸ ਜੀ—ਖਟ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰ ਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ ॥ ੧ ॥ ਰੇ ਚਿਤ ਚੇਤਿ ਚੇਤ ਅਚੇਤ ॥ ਕਾਹਿ ਨ ਬਾਲਮੀਕਹਿ ਦੇਖਿ ॥ ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥ ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ ॥ ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ ॥ ੨ ॥ ਅਜਾ-

ਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ ॥
ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ
॥ ੩ ॥ ੧ ॥

—o—

## ॥ ਰਾਮ ਗੁਰੂ ਅਭੇਦ ਅਤੇ ਵਾਹਿਗੁਰੂ ॥

॥ ਤਥਾ ਚੌਪਈ ॥

ਰਾਮ ਗ੍ਰੀਬ ਮੈ ਭੇਦ ਸੁ ਨਾਹੀ ।
ਰਾਮ ਨਾਮ ਪ੍ਰਗਟ ਯਾ ਮਾਹੀ ॥

ਗੁਰ ਬਿਲਾਸ ਧਿ: ॥ ੪ ॥ ਪੰ: ਪ੯ ॥

॥ ਤਥਾ ਜਨਮਸਾਖੀ ਉਕਤ ॥

ਸ੍ਰੀ ਹਨੂਮਾਨ ਜੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਮਚੰਦ੍ਰ ਜੀ ਕਾ ਰੂਪ ਧਾਰਕੇ ਦਰਸ਼ਨ ਦੀਆ ਹੈ, ਬਾਲਾ ਲਛਮਣ ਜੀ ਬਣੇ ਅਤੇ ਮਰਦਾਨਾ ਸ੍ਰੀ ਸੀਤਾ ਜੀ । [ਸਾਖੀ ਲੰਕਾ ਦੀ ਪੰ: ਪਪ੯]

ਤਥਾ ਸੀਲ ਸੈਣ ਨੇ ਪੂਛਾ. ਗੁਰੂ ਜੀ ਨੇ ਕਹਾ ਹਾਂ ਭਾਈ ! ਤ੍ਰੇਤੇ ਵਿਚ ਮੇਰਾ ਨਾਮ ਰਾਜਾ ਰਾਮ ਆਹਾ।

[ਪੰਨਾ ੨੯੦]

ਤਥਾ ਸ੍ਰੀ ਬਾਬਾ ਬੁੱਢਾ ਜੀ ਨੇ ਗੁਰੂ ਨਾਨਕ ਦੇਵ ਜੀ ਸੇ ਪੂਛਾ, ਤਾਂ ਗੁਰੂ ਜੀ ਪਦਮ ਆਸਨ ਬੈਠ ਕਰ ਕਹਾ:- 'ਸਤਿਜੁਗ ਮੇਂ ਪਰਮੇਸ਼੍ਵਰ ਨੇ ਵਾਸ਼ਦੇਵ ਰੂਪ ਧਾਰਣ ਕੀਆ ਅਤੇ ਦ੍ਵਾਪਰ ਮੇਂ ਹਰਿ ਕ੍ਰਿਸ਼ਨ ਹੂਏ। ਤ੍ਰੇਤੇ ਜੁਗ ਮੇਂ ਸ੍ਰੀ ਰਾਮਾਅਵਤਾਰ ਧਾਰਨ ਕੀਆ, ਅਤੇ ਕਲਜੁਗ ਮੇਂ ਗੋਬਿੰਦ ਰੂਪ ਧਾਰਣ ਕੀਆ ਹੈ ਸੋ ਭਾਈ ਬੁਢਿਆ ! ਉਨ ਚਾਰੋਂ ਨਾਮੋਂ ਮੇ ਸੇ ਇਕ ੨ ਅੱਖਰ ਲੇਕਰ ਸ੍ਰੀ ਵਾਹਿਗੁਰੂ ਨਾਮ ਸ੍ਰੀ ਠਾਕੁਰਜੀ ਕਾ ਸਾਰੇ ਸੰਸਾਰ ਕੋ ਆਪ ਜਪਣੇ ਕਾ ਹੁਕਮ ਦੀਆ ॥

[ਪੰ: ੬੩੨ ਜਨਮਸਾਖੀ ਇਤਿ]

ਤਥਾ ਭਾਈ ਗੁਰਦਾਸ ਜੀ:-

ਸਤਿਜੁਗ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮ ਜਪਾਵੈ॥ ਦ੍ਵਾਪਰ ਸਤਿਗੁਰ ਹਰੀ ਕ੍ਰਿਸਨ ਹਾਹਾ ਹਰੀ ਹਰਿ ਨਾਮ ਜਪਾਵੈ ॥ ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੈ ਸੁਖ ਪਾਵੈ॥ ਕਲਿਜੁਗ ਨਾਨਕ ਗੁਰ ਗੋਬਿੰਦ ਗਗਾ ਗੋਬਿੰਦ ਨਾਮ ਜਪਾਵੈ ॥ ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚ ਜਾਇ ਸਮਾਵੈ ॥ ਚਾਰੋਂ ਅੱਛਰ ਇਕ ਕਰ ਵਾਹਿਗੁਰੂ ਜਪ ਮੰਤ੍ਰ ਜਪਾਵੈ ॥ ਜਹ ਤੇ ਉਪਜਿਆ ਫਿਰ ਤਹਾਂ ਸਮਾਵੈ ॥ ॥ ਵਾਰ ੧ ਪੌ: ੪੯ ॥ ਤਥਾ ਸਰਬਲੋਹ ਉਕਤ ਸ੍ਰੀ

Sri Satguru Jagjit Singh Ji Elibrary NamdhariElibrary@gmail.com

ਮੁਖ ਪਾਤਸ਼ਾਹੀ ੧੦ ॥ ਚਾਰ ਪਦਾ ॥ ਵਾਹਿਗੁਰੂ ਪਦ ਅਖਜਰ ਚਾਰਾ ॥ ਚਾਰ ਜੁਗ ਕੋ ਜਾਪ ਨ੍ਰਿਧਾਰਾ ॥ ਕ੍ਰਿਤ ਤ੍ਰੇਤਾ ਦ੍ਵਾਪਰ ਕਲ ਜਾਨ ॥ ਵਾਵਾ ਹਾਹਾ ਗਗਾ ਠਾਨ ॥ ੧ ॥ ਰਾਰਾ ਚਤੁਰਥ ਅਖਜਰ ਚਾਰ ॥ ਵਾਸ-ਦੇਵ ਹਰਿ ਗੋਬਿੰਦ ਧਾਰਿ ॥ ਰਾਮ ਸੁਧਾਖਜਰ ਤਾਰਕ ਸਾਰ ॥ ਚਾਰੋ ਮਿਲ ਵਾਹਿਗੁਰੂ ਉਚਾਰ ॥ ੨ ॥ ਸਾਰ ਮੰਤ੍ਰ ਚਾਰੋਂ ਕਾ ਸਾਰ ॥ ਵਾਹਿਗੁਰੂ ਪਦ ਮੰਤ੍ਰ ਨ੍ਰਿਧਾਰ ॥ ਕਲਪ ਕਲਪ ਪ੍ਰਤਿ ਅਛਰ ਕਹੀ ॥ ਸ੍ਰੀ ਗੁਰੂ ਨਾਨਕ ਜਪਿਉ ਸਹੀ ॥ ਧਿਃ ੫ ॥ ਪੰਨੇ ੩੭੪ ॥

ਤਥਾ ਨਾਨਕ ਪ੍ਰਕਾਸ਼ੋਕਤ ਚੌਃ—

ਵਾਵਾ ਵਾਸਵੇਦ ਤੇ ਲੀਨੋ ॥
ਹਰੀਕ੍ਰਿਸ਼ਨ ਤੇ ਹਾਹਾ ਚੀਨੋ ॥
ਗਗਾ ਗੋਬਿੰਦ ਲੀਆ ਜਾਨੋ ॥
ਰਾਰਾ ਰਾਮਚੰਦ੍ਰ ਮਨ ਮਾਨੋ ॥
ਚਤੁਰ ਬ੍ਰਨ ਕੋ ਏਕ ਬਨਾਯਾ ॥
ਫਲ ਦਾਇਕ ਇਹ ਅਧਕ ਸੁਹਾਯਾ ॥
ਵਾਹਿਗੁਰੂ ਬਰ ਸੁੰਦਰ ਨਾਮੂ ॥
ਸਦਾ ਸਵਾਰੇ ਤੁਮਰੇ ਕਾਮੂ ॥

ਪੂਰਬਾਰਧ ਧਿਃ ੧ ਪੰਨੇ ੬ ॥

ਤਥਾ ਚੌਃ-ਵਾਹਿ ਨਾਮ ਅਚਰਜ ਪਹਿਚਾਨੋ ॥
ਜਿਹ ਕੀ ਸਤਯਾ ਜਗ ਪ੍ਰਗਟਾਨੋ ॥
ਜਿਹ ਸਤਜਾ ਕਰ ਲਖਯਤ ਭਵ ਹੈ ॥
ਸੋ ਨਹਿ ਲਖੀ ਜਾਇ ਅਨੁਭਵ ਹੈ ॥
ਦੋਃ—ਯਾਤੇ ਸੋ ਅਚਰਜ ਭਯੋ ਗੁਰੂ ਅਰਥ ਸੁਨ ਕਾਂਨ ॥
ਅੰਧਕਾਰ ਗੋ ਨਾਮ ਹੈ ਰੂਪ ਪ੍ਰਕਾਸ਼ ਪਹਿਚਾਂਨ ॥
ਚੌਃ—ਅੰਧਕਾਰ ਵਤ ਦੇਹ ਅਨਿੱਤਾ ॥
ਤਿਹ ਪ੍ਰਕਾਸ਼ ਦੀਨ ਸੌ ਚਿੱਤਾ ॥
ਤਾਕੋ ਵਾਹਿਗੁਰੂ ਇਮ ਨਾਮਾ ॥
ਜਪੁ ਹ੍ਵੈ ਚਤੁਰ ਪਦਾਰਥ ਧਾਮਾ ॥
ਉਤ੍ਰਾਰਧ ਧਿਃ ੪੩ ॥

ਤਥਾ ਵਜਾਕਰਨ ਕੇ ਅਨੁਸਾਰ ਵਾਹਿਗੁਰੂ ਸ਼ਬਦ ਕੀ ਵਜੁਤਪਤੀ ਸੇ ਭੀ ਪ੍ਰਮਾਤਮਾ ਹੀ ਇਸ਼ ਸ਼ਬਦ ਕਾ ਅਰਥ ਹੈ ਤਥਾ ਹੀ ਕਹਤੇ ਹੈਂ:—"ਵਾਹਯੰਤੀ ਕਾਰਯੰਤੀ ਜਗਦੁਤਪੱਤੀ ਆਦਿਕ ਮਿਤਿਵਾਹਾ: ਬ੍ਰਹਮਾ ਦਯ: ਤੇਸ਼ਾਂ ਗੁਰੁਰਿਤਿ ਵਾਹਿਗੁਰੁ: ॥

ਅਰਥ—ਜਗਤ ਕੀ ਉਤਪੱਤੀ ਪਾਲਨਾ ਸੰਹਾਰ ਕਰਨੇ ਹਾਰੇ ਬ੍ਰਹਮਾ, ਬਿਸ਼ਨੂ, ਸ਼ਿਵ ਇਸ ਦੇਵਤ੍ਰਈ ਕਾ ਨਾਮ ਵਾਹ ਹੈ ਤਿਨਕਾ ਭੀ ਗੁਰੂ ਕਹੀਏ ਪੂਜਯ ਔਰ ਨੇਤਾ ਜੋ ਮਾਯਾ ਵਿਸਿਸ਼੍ਰ ਪ੍ਰਮਾਤਮਾ ਸੋ ਵਾਹਿਗੁਰੂ

Sri Satguru Jagjit Singh Ji Elibrary NamdhariElibrary@gmail.com

ਸ਼ਬਦ ਕਾ ਵਾਚਕ ਹੈ, ਇਸ ਮੇਂ ਪਤੰਜਲ ਸੂਤ੍ਰ ਪ੍ਰਮਾਣ ਹੈ "ਸਪੂਰਵੇਸ਼ਾ ਮਪਿ ਗੁਰੂ:ਕਾਲੇ ਨਾਨਵਛੇਦਾਤ ॥"

ਅਰਥ—ਵਹ ਓਅੰਕਾਰ ਕਾ ਵਾਚਕ ਪੁਰਸ਼ ਵਿਸ਼ੇਸ਼ ਸਰਵੱਗਯ ਈਸ਼੍ਵਰ ਜਗਤ ਸੇ ਪੂਰਬ ਹੋਨੇ ਵਾਲੇ ਬ੍ਰਹਮਾਦਿਕੋਂ ਕਾ ਭੀ ਗੁਰੂ ਹੈ ਕਾਲਕ੍ਰਿਤ ਅੰਤ ਸੇ ਰਹਿਤ ਹੋਨੇ ਤੇ ॥ ਇਤਿ ॥

ਇਤਯਾਦੀ ਪੂਰਬ ਕਹੇ ਬਚਨੋਂ ਦ੍ਵਾਰਾ ਸ੍ਰੀ ਰਾਮਾ-ਦਿਕ ਸਗੁਣ ਮੂਰਤੀਆਂ ਨਾਲ ਗੁਰੂ ਗ੍ਰੰਥ ਸਾਹਿਬ ਤਥਾ ਗੁਰੂ ਨਾਨਕ ਦੇਵ ਦਸ ਗੁਰੂ ਤਥਾ ਵਾਹਿਗੁਰੂ ਮੰਤ੍ਰ ਨਾਲ ਅਭੇਦ ਕਹਾ ॥ ਯਾ ਤੇ ਜੋ ਸ੍ਰੀ ਰਾਮਾਦਿਕ ਪਤਤਪਾਵਨ ਵਯਕਤੀਓਂ ਕਾ ਨਸ਼ੇਧ ਕਰੇਗਾ ਸੋ ਗੁਰੂਓਂ ਕਾ ਹੀ ਘਾਤਕ ਹੋਗਾ ਔਰ ਕੁੰਭੀ ਨਰਕ ਮੇਂ ਪੜੇਗਾ। ਤਥਾ ਜੋ ਦਸ ਗੁਰੂ ਔਰ ਵਾਹਿਗੁਰੂ ਸ਼ਬਦ ਕੀ ਨਿੰਦਾ ਕਰਤੇ ਹੈਂ ਸੋ ਭੀ ਕੁੰਭੀ ਨਰਕ ਮੇਂ ਪੜੇਂਗੇ। ਵਾਹਿਗੁਰੂ ਮੰਤ੍ਰ ਕੇ ਊਪਰ ਕਿਸੀ ਏਕ ਕੌਮ ਕਾ ਕਬਜ਼ਾ ਨਹੀਂ ਸਰਬ ਕਾ ਸਾਂਝਾ ਹੈ ॥ ਕੈਸਾ ਵਾਹਿਗੁਰੂ ਹੈ:—

ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਕਬਿੱਤ ॥

ਕਹੂੰ ਗੀਤ ਕੇ ਗਵੱਯਾ ਕਹੂੰ ਬੇਨ ਕੇ ਬਜੱਯਾ,
ਕਹੂੰ ਨ੍ਰਿਤ ਕੇ ਨਚੱਯਾ ਕਹੂੰ ਨਰ ਕੋ ਅਕਾਰ ਹੋ।

ਕਹੂੰ ਬੇਦਬਾਨੀ ਕਹੂੰ ਕੋਕ ਕੀ ਕਹਾਨੀ,
ਕਹੂੰ ਰਾਜਾ ਕਹੂੰ ਰਾਨੀ ਕਹੂੰ ਨਾਰ ਕੇ ਪ੍ਰਕਾਰ ਹੋ।
ਕਹੂੰ ਬੇਨ ਕੇ ਬਜੱਯਾ ਕਹੂੰ ਧੇਨ ਕੇ ਚਰੱਯਾ,
ਕਹੂੰ ਲਾਖਨ ਲਵੱਯਾ ਕਹੂੰ ਸੁੰਦਰ ਕੁਮਾਰ ਹੋ।
ਸੁਧਤਾ ਕੀ ਸ਼ਾਨ ਹੋ ਕਿ ਸੰਤਨ ਕੇ ਪ੍ਰਾਨ ਹੋ,
ਕਿ ਦਾਤਾ ਮਹਾ ਦਾਨ ਹੋ ਨਿਰਦੋਖੀ ਨਿਰੰਕਾਰ ਹੋ॥

ਅਕਾਲ ਉਸਤਤ ਛੰਦ ੮॥

ਤਥਾ ਗਉੜੀ ਸੁਖਮਨੀ ਮਃ ੫॥ "ਨਿਰਗੁਨੁ ਆਪ ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨ ਸਗਲੀ ਮੋਹੀ॥ ਅਸਟਪਦੀ ੧੮॥" ਇਤਯਾਦਿਕ ਵਾਕਯੋਂ ਸੇ ਗੁਰੂ ਜੀ ਨੇ ਭਗਵਾਨ ਕੇ ਨਿਰਗੁਣ ਸਗੁਣ ਦੋ ਰੂਪ ਕਹੇ ਹੈਂ, ਭਾਵ ਜਹਾਂ ਪਰ ਸਗੁਣ ਕਾ ਅਧਿਕਾਰੀ ਮਿਲਿਆ ਤਹਾਂ ਸ੍ਰੀ ਭਗਵਾਨ ਕੇ ਸਗੁਣ ਰੂਪ ਕਾ ਉਪਦੇਸ਼ ਕੀਆ ਔਰ ਜਹਾਂ ਸਗੁਣ ਕੀ ਉਪਾਸ਼ਨਾ ਮੇਂ ਪੱਕਾ ਹੋ ਚੁਕਾ ਉਸਕੋ ਨਿਰਗੁਣ ਕੀ ਉਪਾਸ਼ਨਾ ਕਾ ਅਧਿਕਾਰੀ ਸਮਝ ਕਰ ਸਗੁਣ ਰੂਪ ਕਾ ਨਸ਼ੇਧ ਕਰਕੇ ਅਪਨੇ ਨਿਰਗੁਣ ਸ੍ਵਰੂਪ ਕਾ ਉਪਦੇਸ਼ ਕੀਆ ਹੈ। ਸਗੁਣ ਰੂਪ ਕੀ ਨਿੰਦਾ ਮੇਂ ਤਾਤਪਰਯ ਨਹੀਂ ਐ ਜੋ "ਕਿਉਂ ਕਹੁ ਕ੍ਰਿਸ਼ਨ ਕ੍ਰਿਪਾਨਿਧ ਹੈ" ਇਤਯਾਦਿ ਵਾਕਯ ਜੋ ਪੂਰਬ ਕਹੇ ਸੋ ਅਸਮਦਾਦਿ ਪਾਮਰ ਜੀਵੋਂ ਕੀ ਦ੍ਰਿਸ਼ਟੀ

ਕੋ ਲੇਕਰ ਸ੍ਰੀ ਕ੍ਰਿਸ਼ਨ ਭਗਵਾਨ ਆਦਿਕੋਂ ਕੋ ਕੀਟ ਨਹੀਂ ਕਹਾ ਕਿੰਤੂ ਨਿਰਗੁਣ ਨਿਰਪੇਖਯ ਬਯਾਪਕ ਸ੍ਵਰੂਪ ਕੀ ਦ੍ਰਿਸ਼੍ਟੀ ਕੋ ਲੇਕਰ ਪ੍ਰੀਛਿੰਨ ਮਾਯਕ ਮੂਰਤੀ ਕਾ ਨਸ਼ੇਧ ਕਰਾ ਹੈ, ਔਰ ਸ੍ਰੀ ਰਾਮ ਕ੍ਰਿਸ਼ਨ ਕੀ ਸਗੁਣ ਮੂਰਤੀਯੋਂ ਕੀ ਨਿੰਦਾ ਮੇਂ ਤਾਤਪਰਯ ਨਹੀਂ। ਯਦਿ ਮਾਨੇਂਗੇ ਤੋ ਅਪਨੇ ਸ੍ਵਰੂਪ ਕਾ ਗੁਰੂ ਜੀ ਕੋ ਨਸ਼ੇਧ ਕਰਨਾ ਅਸੰਭਵ ਹੈ॥ ਯਥਾ ਸੌ ਸਾਖੀ॥

ਜੁਗ ਜੁਗ ਮੇ ਹਮ ਅਵਤਰੈਂ ਅਪਣੇ ਭਗਤਨ ਕਾਜ।
ਰਹਣੀ ਰਹੈ ਸੋ ਖਾਲਸਾ ਸੋ ਮੇਰੋ ਸਿਰਤਾਜ॥
ਸਾਖੀ ੬੨॥

ਤਥਾ ਕਿਤਨੇ ਹੀ ਪੂਰਬੋਕ੍ਤ ਗੁਰੂ ਜੀ ਕੇ ਵਾਕਯੋਂ ਕਾ ਵਿਰੋਧ ਹੋਵੇਗਾ। ਤਾਂਤੇ ਸ੍ਰੀ ਰਾਮ ਕ੍ਰਿਸ਼ਨ ਸ੍ਰੀ ਗੁਰੂ ਨਾਨਕ ਦੇਵ ਜੀ ਦਸ ਗੁਰੂਓਂ ਸੇ ਅਭੇਦ ਜਾਨ ਕਰ ਚਿੰਤਨ ਕਰੋ॥

ਇਤਿ ਸ੍ਰੀ ਸੂਰਜਬੰਸੀ ਖਾਲਸਾ ਪੰਥ ਗ੍ਰੰਥੇ ਸ੍ਰੀ ਰਾਮ ਕ੍ਰਿਸ਼ਨ ਸੁਰਤੀ ਸਿਮ੍ਰਿਤੀ ਤੀਰਥ ਯਾਤ੍ਰਾ ਆਦਿਕ ਬਰਣਨੰ ਨਾਮ ਪ੍ਰਿਥਮੋ ਅਧਯਾਯ ॥ ੧ ॥

Sri Satguru Jagjit Singh Ji Elibrary NamdhariElibrary@gmail.com

— ਅਥ —

# ਦੂਸਰਾ ਅਧਯਾਇ

{ ਮੰਗਲਾ ਚਰਣ }

## ਸਲੋਕ ਥਿਤੀ ਗਉੜੀ ਮਃ ੫ ॥

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥ ਸਲੋਕ ੧ ॥ ਤਥਾ ਫਰੀਦ ਜੀ ॥ ਸਰਵਰ ਪੰਖੀ ਹੇਕੜੋ ਫਾਹੀ ਵਾਲ ਪਚਾਸ ॥ ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥ ਸਲੋਕ ੧੨੫ ॥

ਟੀਕਾ—ਪਚਾਸ ਅਰਥਾਤ ਦਸ ਇੰਦ੍ਰੇ, ਚਾਰ ਅੰਤਃਕਰਣ, ਚੌਦਾਂ ਹੀ ਇਨਕੇ ਵਿਸ਼ਯ, ਚੌਦਾਂ ਹੀ ਅਭਿਮਾਨੀ ਦੇਵਤਾ, ਪੰਚ ਕਾਮਾਦਿ, ਤੀਨੋ ਗੁਣ ॥

॥ ਤਥਾ ਸੂਰਜਪ੍ਰਕਾਸ਼ੋਕਤ ਚਿਤ੍ਰਪਦਾ ਛੰਦ ॥

ਬਾਵਨ ਹ੍ਵੈ ਬਲਿਰਾਇ ਬੰਧਿਯੋ ਬਲ ਬਾਲ ਬਧਿਯੋ ਪੁਨ ਭੇ ਨਰਸਿੰਘ ॥ ਕੱਛਪ ਮੱਛ ਬ੍ਰਾਹ ਬਨੇ ਮ੍ਰਿਗ ਰਾਖਸ ਦੈਂਤ ਹਨੇ ਜਿਮ ਸਿੰਘ ॥ ਰਾਮ ਭਏ ਦਿਜ ਰਾਮ ਭਏ ਘਨਸਿਆਮ ਭਏ ਧਰ ਮੈ ਨਰਸਿੰਘ ॥ ਸੋ ਕਲ ਮਹਿ ਗੁਰੂ ਨਾਨਕ ਰੂਪ ਦਸੋ ਤਨ ਭੇ ਲਗ ਗੋਬਿੰਦ ਸਿੰਘ ॥ ਐਨ ੨ ॥ ਅੰਸੂ ੩੬ ॥

Sri Satguru Jagjit Singh Ji Elibrary NamdhariElibrary@gmail.com

॥ ਤਥਾ ਸ੍ਰੀਮੁਖ ਪਾਤਸ਼ਾਹੀ ੧੦ ਸਵੈਯਾ ॥

ਭਾਨ ਸੇ ਤੇਜ ਭਿਯਾਨਕ ਭੂਤਜ ਭੂਧਰ ਸੇ ਜਿਨ ਕੈ ਤਨ ਭਾਰੇ ॥ ਭਾਰੀ ਗੁਮਾਨ ਭਰੇ ਮਨ ਭੀਤਰ ਭਾਰ ਪਰੇ ਨਹਸੀ ਪਗ ਧਾਰੇ ॥ ਭਾਲਕ ਜਿਯੋ ਭਭਕੈ ਬਿਨ ਭੈ ਰਨ ਭੈਰਵ ਭੇਦ ਬਜਾਇ ਨਗਾਰੇ ॥ ਤੇ ਭਟ ਝੂਮ ਗਿਰੇ ਰਨ ਭੂਮਿ ਭਵਾਨੀ ਜੂ ਕੇ ਭਲਕਾਨ ਕੇ ਮਾਰੇ ॥ ੧ ॥ ਪਖਜਾਨ ਚਰਿਤ੍ਰ ॥ ੧ ॥ ॥ ਛੰਦ ੧੮ ॥

ਤਥਾ ਦੋ: ॥ ਰੇ ਮਨ ! ਭਜ ਤੂੰ ਸਾਰਦਾ, ਅਨਗਨ ਗੁਨ ਹੈਂ ਜਾਹਿ॥ ਰਚੌ ਗ੍ਰੰਥ ਇਹ ਭਾਗਵਤ, ਜਉ ਵੈ ਕ੍ਰਿਪਾ ਕ੍ਰਾਹਿ ॥ ਦਸਮ ਦਰਬਾਰ ਪੰ: ੧੫੯ ॥ ॥ ਸ੍ਰੀ ਕ੍ਰਿਸ਼ਨਾਵਤਾਰਾਦਿ ਛੰ: ੬ ॥

***

## ॥ ਹਮ ਹਿੰਦੂ ਹੈਂ ॥

ਸ਼ੰਕਾ—ਹਮ ਹਿੰਦੂ ਨਹੀਂ ਯਾਂ ਤੇ ਹਮ ਇਨ ਦੇਵੀ ਆਦਿਕਾਂ ਕੇ ਮੰਗਲ ਨਹੀਂ ਮਾਨਤੇ, ਅਤੇ ਜੰਞੂ, ਤਿਲਕ, ਸ਼੍ਰਾਧ, ਬਰਤ ਆਦਿਕ ਹਮਾਰਾ ਧਰਮ ਨਹੀਂ ॥

Sri Satguru Jagjit Singh Ji Elibrary NamdhariElibrary@gmail.com

ਉੱਤਰ—ਸ੍ਰੀ ਗੁਰੂ ਜੀ ਤੋ ਕਹਤੇ ਹੈਂ ਕਿ ਹਮ ਹਿੰਦੂ ਹੈਂ ਔਰ ਹਮਾਰੇ ਕੋ ਬ੍ਰਤਾਦਿਕ ਧਰਮ ਇਸ਼੍ਰ ਹੈਂ, ਤੋ ਆਪ ਸੂਧੇ ਹੀ ਕਿਉਂ ਨਹੀਂ ਕਹਤੇ ਕਿ ਹਮਾਰੇ ਕੋ ਗੁਰੂ ਜੀ ਤਥਾ ਗੁਰੂ ਜੀ ਕਾ ਲੇਖ ਹੀ ਇਸ਼੍ਰ ਨਹੀਂ।

ਸ਼ੰਕਾ—ਇਸ ਮੇਂ ਕੌਨ ਪ੍ਰਮਾਣ ਹੈ ਕਿ ਗੁਰੂ ਜੀ ਹਿੰਦੂ ਥੇ ?

ਉੱਤਰ:—ਸ੍ਰੀਮੁਖ ਵਾਕ ਪਾਤਸ਼ਾਹੀ ੧੦ ॥ ਦੋਹਾ ॥

ਬਿਨਤਾ ਕਦ੍ਰੂ ਦਿਤਿ ਅਦਿਤਿ, ਰਿਖਬਰੀ ਬਨਾਇ।
ਨਾਗ ਨਾਗ ਰਿਪੁ ਦੇਵ ਸਭ, ਦਈਤ ਲਏ ਉਪਜਾਇ॥
॥ ਛੰਦ ੧੮ ॥

ਤਥਾ ਚੌਃ-*ਤਾਂ ਤੇ ਸੂਰਜ ਰੂਪ ਕੋ ਧਰਾ।
ਜਾਂ ਤੇ ਬੰਸ ਪ੍ਰਚੁਰ ਰਵਿ ਕਰਾ ॥
ਜੋ ਤਿਨਕੇ ਕਹਿ ਨਾਮ ਸੁਨਾਊਂ।
ਕਥਾ ਬਢਨ ਤੇ ਅਧਿਕ ਡਰਾਂਊ ॥ ੧੯ ॥
ਤਿਨਕੇ ਬੰਸ ਬਿਖੈ ਰਘੁ ਭਯੋ।
ਰਘੁਵੰਸਹਿ ਜਿਹ ਜਗਹ ਚਲਿਯੋ॥
ਤਾਂਤੇ ਪੁਤ੍ਰ ਹੋਤ ਭਯੋ ਅਜ ਬਰ।
ਮਹਾਰਥੀ ਅਰ ਮਹਾ ਧਨੁਰਧਰ॥ ੨੦ ॥

---

* ਤਾਂਤੇ ਕਹੀਦੇ ਸ੍ਰੀ ਕੱਸ਼ਪ ਰਿਖੀ ਤੋਂ।

Sri Satguru Jagjit Singh Ji Elibrary NamdhariElibrary@gmail.com

ਜਬ ਤਿਨ ਭੇਸ ਜੋਗ ਕੋ ਲਯੋ ।
ਰਾਜ ਪਾਟ ਦਸਰਥ ਕੋ ਦਯੋ ॥
ਹੋਤ ਭਯੋ ਵਹਿ ਮਹਾ ਧਨੁਧਰ ।
ਤੀਨਤ੍ਰਿਯਾਨ ਬਰਾ ਜਿਹ ਰੁਚਿਕਰ॥ ੨੧ ॥
ਪ੍ਰਿਥਮ ਜਯੋ ਤਿਹ ਰਾਮ ਕੁਮਾਰਾ।
ਭਰਤ ਲਛਮਨ ਸਤਰ ਵਿਦਾਰਾ॥
ਬਹੁਤ ਕਾਲ ਤਿਨ ਰਾਜ ਕਮਾਯੋ।
ਕਾਲਪਾਇ ਸੁਰਪੁਰਹਿ ਸਿਧਾਯੋ॥ ੨੨ ॥
ਸੀਆਸੁਤ ਬਹੁਰ ਭਏ ਦੋਇ ਰਾਜਾ।
ਰਾਜ ਪਾਟ ਉਨਹੀ ਕਉ ਛਾਜਾ॥
ਮਦ੍ਰ ਦੇਸ ਏਸ੍ਵਰਜਾ ਬਰੀ ਜਬ।
ਭਾਂਤਿ ਭਾਂਤਿ ਕੇ ਜਗ ਕੀਏ ਤਬ॥ ੨੩ ॥
ਤਹੀ ਤਿਨੈ ਬਾਂਧੇ ਦੁਇ ਪੁਰਵਾ।
ਏਕ ਕਸੂਰ ਦੁਤੀਯ ਲਹੁਰਵਾ॥ ੨੪ ॥
ਕਹਾ ਲਗੇ ਤਿਹ ਬਰਨ ਸੁਨਾਊਂ।
ਤਿਨ ਕੇ ਨਾਮ ਸੰਖਯਾ ਪਾਊਂ।
ਅਰਥਾਤ ਜੋ ਤਿਨਕੇ ਆਗੇ ਸੰਤਾਨ ਹੂਈ:—
ਤਥਾ ਚੌਃ—ਹੋਤ ਚਹੂੰ ਜੁਗ ਮੈ ਜੇ ਆਏ।
ਤਿਨਕੇ ਨਾਮ ਨਜਾਤ ਗਨਾਏ ॥ ੨੬ ॥
ਜੌ ਅਬ ਤਉ ਕ੍ਰਿਪਾ ਬਲ ਪਾਊਂ।

ਨਾਮ [illegible] ਭਏ [illegible]।
ਕਾਲਕੇਤ ਅਰ ਕਾਲ ਰਾਇ ਭਨ
ਜਿਨ ਤੇ ਭਏ ਪੁਤ੍ਰ ਘਰ ਅਨਗਨ। ੨੭
ਕਾਲਕੇਤ ਭਯੋ ਬਲੀ ਅਪਾਰਾ।
ਕਾਲ ਰਾਇ ਜਿਨ ਨਗਰ ਨਿਕਾਰਾ।
ਭਾਜ ਸਨੌਢ ਦੇਸ ਤੇ ਗਏ।
ਤਹੀ ਭੂਪ ਜਾ ਬਿਵਾਹਤ ਭਏ। ੨੮॥
ਤਿਹ ਤੇ ਪੁਤ੍ਰ ਭਯੋ ਜੋ ਧਾਮਾ।
ਸੋਢੀ ਰਾਇ ਧਰਾ ਤਿਹ ਨਾਮਾ।
ਵੰਸ ਸਨੌਢ ਤਾਂ ਦਿਨ ਤੇ ਥੀਆ।
ਪਰਮ ਪਵਿਤਰ ਪੁਰਖ ਜੂ ਕੀਆ ॥ ੨੯॥
ਜਾਂ ਤੇ ਪੁਤਰ ਪੌਤਰ ਹੋਇ ਆਏ।
ਤੇ ਸੋਢੀ ਸਭ ਜਗਤ ਕਹਾਏ ॥ ੩੦॥
ਰਾਜ ਕਰਤ ਭਏ ਬਿਬਿਧ ਪ੍ਰਕਾਰਾ।
ਦੇਸ ਦੇਸ ਕੇ ਜੀਤ ਨ੍ਰਿਪਾਰਾ ॥ ੩੧॥
ਰਾਜਸੂ ਬਹੁ ਬਾਰਾ ਕੀਏ।
ਜੀਤ ਜੀਤ ਦੇਸੇਸ੍ਵਰ ਲੀਏ।
ਬਾਜ ਮੇਧ ਬਹੁ ਬਾਰਨ ਕਰੇ।
ਸਕਲ ਕਲੁਖ ਨਿਜ ਕੁਲ ਕੇ ਹਰੇ ॥ ੩੨॥
ਬਹੁਰ ਬੰਸ ਮੈ ਵਢੋ ਬਿਖਾਧਾ।

ਮੇਟ ਨ ਸਕਾ ਕੋਊ ਤਿਹ ਸਾਧਾ ॥ ੩੩ ॥
ਧਨ ਅਰ ਭੂਮ ਪੁਰਾਤਨ ਬੈਰਾ।
ਜਿਨ ਕਾ ਮੂਆ ਕਰਤ ਜਗ ਘੇਰਾ ॥ ੩੪ ॥

ਬਚਿਤ੍ਰ ਨਾਟਕ ਧਿਃ ੨

ਆਗੇ ਯੁਧ ਪ੍ਰਸੰਗ ਬਹੁਤ ਹੈ ॥

ਤਥਾ ਭੁਯੰਗ ਪ੍ਰਯਾਤ ਛੰਦ ॥

ਲਵੀ ਸਰਬ ਜੀਤੇ ਕੁਸੀ ਸਰਬ ਹਾਰੇ।
ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ ॥
ਚਤਰ ਵੇਦ ਪਠਿਯੰ ਕੀਓ ਕਾਂਸਿ ਬਾਸੰ।
ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ ॥
[ਬਿਚਿਤ੍ਰਨਾਟਕ ਧਿਃ ੩ ਛੰਃ ਪ੨ ਪੰਃ ੩੩]

ਤਥਾ-ਜਿਨੈ ਵੇਦ ਪਠਿਯੋ ਸੁ ਵੇਦੀ ਕਹਾਏ।
ਤਿਨੈ ਧਰਮ ਕੇ ਕਰਮ ਨੀਕੇ ਚਲਾਏ ॥
ਪਠੇ ਕਾਗਦੰ ਮਦ੍ਰ ਰਾਜਾ ਸੁਧਾਰੰ।
ਆਪੋ ਆਪ ਸੌ ਬੈਰ ਭਾਵੰ ਵਿਸਾਰੰ ॥ ੧ ॥
ਨ੍ਰਿਪੰ ਮੁਕਲਿਯੰ ਦੂਤ ਸੋ ਕਾਸੀ ਆਯੋ।
ਸਭੈ ਵੇਦੀਯੰ ਭੇਦ ਭਾਖੇ ਸੁਨਾਯੋ ॥
ਸਭੈ ਵੇਦ ਪਾਠੀ ਚਲੇ ਮਦ੍ਰ ਦੇਸੰ।
ਪ੍ਰਣਾਮੰ ਕੀਓ ਆਨ ਕੈਕੈ ਨਰੇਸੰ ॥ ੨ ॥
ਧੁਨੰ ਵੇਦ ਕੀ ਭੂਪ ਤਾਂਤੇ ਕਰਾਈ।

Sri Satguru Jagjit Singh Ji Elibrary NamdhariElibrary@gmail.com

ਸਭੈ ਪਾਸ ਬੈਠੇ ਸਭਾ ਵੀਚ ਭਾਈ ॥
ਪੜੇ ਸਾਮਵੇਦੰ ਜੁਜੁਰਵੇਦ ਕਥੰ।
ਰਿਗੰਵੇਦ ਪਠਿਯੰ ਕਰੇ ਭਾਵ ਹੱਥੰ ॥ ॥
ਅਥਰਵਬੇਦ ਪਠਿਯੰ ਸੁਣੇ ਪਾਪ ਨਠਿਯੰ ॥

॥ ਰਸਾਵਲ ਛੰਦ ॥

ਰਹਾ ਰੀਝ ਰਾਜਾ ॥ ਦੀਆ ਸਰਬ ਸਾਜਾ ॥ ੪ ॥
ਲਯੋ ਬਨਬਾਸੰ ॥ ਮਹਾਂ ਪਾਪ ਨਾਸੰ ॥
ਰਿਖੰ ਭੇਸ ਕੀਯੰ ॥ ਤਿਸੈ ਰਾਜ ਦੀਯੰ ॥
[ ਬਿਚਿਤ੍ਰਨਾਟਕ ਧਿਃ ੪ ਛੰਃ ੫ ]

ਭਬਾ ਅੜਿਲਃ—

ਬੇਦੀ ਭਯੋ ਪ੍ਰਸੰਨ ਰਾਜ ਕਹਿ ਪਾਇਕੈ ॥ ਦੇਤ ਭਯੋ ਬਰਦਾਨ ਹੀਐ ਹੁਲਸਾਇਕੈ ॥ ਜਬ ਨਾਨਕ ਕਲਮੈ ਹਮ ਆਨ ਕਹਾਇ ਹੈ ॥ ਹੋ ਜਗਤ ਪੂਜ ਕਰ ਤੋਹਿ ਪ੍ਰਮ ਪਦ ਪਾਇ ਹੈਂ ॥ ੭ ॥

ਦੋਃ—ਲਵੀ ਰਾਜ ਦੈ ਬਨ ਗਏ ਬੇਦੀਅਨ ਕੀਨੋ ਰਾਜ ॥ ਭਾਂਤਿ ਭਾਂਤਿ ਤਿਨ ਭੋਗਯੰ, ਭੂਅ ਕਾ ਸਗਲ ਸਮਾਜ ॥ ੮ ॥

ਚੌਃ—ਤ੍ਰਿਤੀਯਾ ਵੇਦ ਸੁਨਬੋ ਤੁਮ ਕੀਆ।
ਚਤਰ ਬੇਦ ਸੁਨ ਭੂਅ ਕੋ ਦੀਆ ॥

Sri Satguru Jagjit Singh Ji Elibrary NamdhariElibrary@gmail.com

ਤੀਨ ਜਨਮ ਹਮਹੂੰ ਜਬ ਧਰ ਹੈ।
ਚੌਥੇ ਜਨਮ ਗੁਰੂ ਤੁਹਿ ਕਰ ਹੈਂ॥
॥ ੬ ਬਿਚਿਤ੍ਰਨਾਟਕ ਧਿਃ ੪॥

॥ ਤਥਾ ਨਰਾਜ ਛੰਦ॥

ਕ੍ਰੂਮ ਕਾਲ ਯੌ ਭਈ॥ ਸੁਭ੍ਰੂਮ ਵੰਸ ਤੇ ਗਈ॥

ਦੋਃ—ਬਿਪ੍ਰ ਕਰਤ ਭੇ ਸੂਦਰ ਬ੍ਰਿਤਿ, ਛਤ੍ਰੀ ਬੈਸਨ ਕਰਮ॥ ਬੈਸ ਕਰਤ ਭੇ ਛਤ੍ਰੀ ਬ੍ਰਿਤ, ਸੂਦ੍ਰ ਸੁ ਦਿਜ ਕੋ ਧਰਮ॥ ੨॥

ਚੌਃ-ਬੀਸ ਗ੍ਰਾਮ ਤਿਨ ਕੇ ਰਹਗਏ।
ਜਿਨ ਮੋ ਕਰਤ ਕ੍ਰਿਸਾਨੀ ਭਏ॥
ਬਹੁਤ ਕਾਲ ਇਹ ਭਾਂਤਿ ਬਿਤਾਯੋ।
ਜਨਮ ਸਮੈ ਨਾਨਕ ਕੋ ਆਯੋ॥

ਦੋਃ—ਤਿਨ ਵੇਦੀਅਨ ਕੀ ਕੁਲ ਬਿਖੈ, ਪ੍ਰਗਟੇ ਨਾਨਕ ਰਾਇ॥ ਸਭ ਸਿਖਨ ਕੋ ਸੁਖ ਦਏ ਜਹ ਤਹ ਭਏ ਸਹਾਇ॥ ॥ ਬਿਚਿਤ੍ਰ ਨਾਟਕ ਧਿਃ ੫ ਛੰਃ ੪॥

ਤਥਾ-ਨਾਨਕ ਅੰਗਦ ਕੋ ਬਪ ਧਰਾ।
ਧਰਮ ਪ੍ਰਚੁਰ ਇਹ ਜਗਮੋ ਕਰਾ॥
ਅਮਰਦਾਸ ਪੁਨਿ ਨਾਮ ਕਹਾਯੋ।
ਜਨ ਦੀਪਕ ਤੇ ਦੀਪ ਜਗਾਯੋ॥ ੭॥
ਜਬ ਬਰਦਾਨ ਸਮੈ ਵਹੁ ਆਵਾ।

ਰਾਮ ਦਾਸ ਤਬ ਗੁਰੂ ਕਹਾਵਾ॥
ਤਿਹ ਬਰਦਾਨ ਪੁਰਾਤਨ ਦੀਯਾ।
ਅਮਰਦਾਸ ਸੁਰਪੁਰ ਮਗ ਲੀਯਾ॥ ੮॥
ਸ੍ਰੀ ਨਾਨਕ ਅੰਗਦ ਕਰ ਮਾਨਾ।
ਅਮਰਦਾਸ ਅੰਗਦ ਪਹਿਚਾਨਾ।
ਅਮਰ ਦਾਸ ਰਾਮ ਦਾਸ ਕਹਾਯੋ।
ਸਾਧਨ ਲਖਾ ਮੂੜ ਨਹਿ ਪਾਯੋ॥ ੯॥
ਭਿੰਨ ਭਿੰਨ ਸਭਹੂੰ ਕਰ ਜਾਨਾ।
ਏਕ ਰੂਪ ਕਿਨ ਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਨ ਆਈ॥ ੧੦
ਰਾਮਦਾਸ ਹਰ ਸੋ ਮਿਲ ਗਏ।
ਗੁਰਤਾ ਦੇਤ ਅਰਜਨਹਿ ਭਏ।
ਜਬ ਅਰਜਨ ਪ੍ਰਭੁ ਲੋਕ ਸਿਧਾਏ।
ਹਰਿ ਗੋਬਿੰਦ ਤਿਹ ਠਾਂ ਠਹਰਾਏ॥ ੧੧
ਹਰਿ ਗੋਬਿੰਦ ਪ੍ਰਭੁ ਲੋਕ ਸਿਧਾਰੇ।
ਹਰੀ ਰਾਇ ਤਿਹ ਠਾ ਬੈਠਾਰੇ।
ਹਰੀਕ੍ਰਿਸ਼ਨ ਤਿਨ ਕੇ ਸੁਤ ਵਏ।
ਤਿਨ ਤੇ ਤੇਗ ਬਹਾਦਰ ਭਏ॥ ੧੨
ਤਿਲਕ ਜੰਞੂ ਰਾਖਾ ਪ੍ਰਭੁ ਤਾਕਾ।

Sri Satguru Jagjit Singh Ji Elibrary NamdhariElibrary@gmail.com

ਕੀਨੋ ਵਡੋ ਕਲੂ ਮਹਿ ਸਾਕਾ।
ਸਾਧਨ ਹੇਤ ਇਤੀ ਜਿਨ ਕਰੀ।
ਸੀਸ ਦੀਆ ਪਰ ਸੀ ਨਾ ਉਚਰੀ॥ ੧੩ ॥
ਧਰਮ ਹੇਤ ਸਾਕਾ ਜਿਨ ਕੀਆ।
ਸੀਸ ਦੀਆ ਪਰ ਸਿਰਰ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ॥ ੧੪ ॥

ਦੋਃ-ਠੀਕਰ ਫੋਰ ਦਿਲੀਸ ਸਿਰ, ਪ੍ਰਭੁਪੁਰ ਕੀਆ ਪਿਆਨ। ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨ ਹੂੰ ਆਨ ॥ ੧੫ ॥ ਤੇਗ ਬਹਾਦਰ ਕੇ ਚਲਤ ਭਯੋ, ਜਗਤ ਕੋ ਸੋਕ। ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥ [ਬਿਚਿਤ੍ਰਨਾਟਕ ਧਿਃ ੫ ਛੰ ੧੬ ]

ਤਥਾ ਭਾਈ ਗੁਰਦਾਸ ਜੀ—ਪੰਜ ਪਿਆਲੇ ਪੰਜ ਪੀਰ ਛਠਮ ਪੀਰ ਵੈਠਾ ਗੁਰ ਭਾਰੀ ॥ ਅਰਜਨ ਕਾਂਯਾ ਪਲਟ ਕੈ ਮੂਰਤ ਹਰ ਗੋਬਿੰਦ ਸਵਾਰੀ॥ ਚਲੀ ਪੀਹੜੀ ਸੋਢੀਆਂ ਰੂਪ ਦਿਖਾਵਣ ਵਾਰੋਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪ-ਕਾਰੀ॥ ਪੁਛਨ ਸਿਖ ਅਰਦਾਸ ਕਰ ਛੇ ਮਹਲਾਂ ਤਕ ਦਰਸ ਨਿਹਾਰੀ॥ ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ॥ ਕਲਜੁਗ ਪੀਹੜੀ ਸੋਢੀਆ

Sri Satguru Jagjit Singh Ji Elibrary NamdhariElibrary@gmail.com

ਨਿਹਚਲ ਨੀਵ ਉਸਾਰ ਖਲਾਰੀ ॥ ਜੁਗ ਜੁਗ ਸਤਿ-ਗੁਰ ਧਰੇ ਅਵਤਾਰੀ ॥ ਵਾਰ ੧ ਪੌਃ ੪੮ ॥

ਤਥਾ ਸਵਈਏ ਮਹਲੇ ਚਉਥੇ ਕੇ ॥

ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ ॥ ਲਹਣੈ ਪੰਥੁ ਧਰਮ ਕਾ ਕੀਆ ॥ ਅਮਰਦਾਸ ਭਲੇ ਕਉ ਦੀਆ ॥ ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪੵਉ ॥ ਹਰਿ ਕਾ ਨਾਮ ਅਖੈ ਨਿਧਿ ਅਪੵਉ ॥ ਇਤਿ ॥

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦—ਪ੍ਰਿਥਮ ਛਤ੍ਰ ਕੇ ਧਾਮ ਦਯੋ ਇਧ ਜਨਮ ਹਮਾਰੋ ॥ ਬਹੁਰ ਜਗਤ ਕੇ ਬੀਚ ਕੀਯੋ ਕੁਲ ਅਧਕ ਉਜਿਯਾਰੋ ॥ ਚਰਿਤ੍ਰ ੨੧ ਛੰਦ ੩੨ ॥ ਤਥਾ ਸਵੈਯਾ—ਛਤ੍ਰੀ ਕੋ ਪੂਤ ਹੌ ਬਾਮਨ ਕੋ ਨਹਿ ਕੈ ਤਪ ਆਵਤ ਹੈ ਜੁ ਕਰੋ ॥ ਸ੍ਰੀ ਕ੍ਰਿਸ਼ਨਾਵਤਾਰ ਛੰਦ ੨੪੮੯ ॥

ਤਥਾ ਸਰਬਲੋਹ ਉਕ੍ਤ ਸ੍ਰੀ ਮੁਖਵਾਕ ਪਾਤਸ਼ਾਹੀ੧੦ "ਚਤੁਰ ਵੰਸ ਸਤਿਗੁਰ ਕੋ ਨੀਕਾ ॥ ਸੁਭ ਬੰਸਨ ਬਰਨਤ ਜਸ ਟੀਕਾ ॥ ਬੇਦੀ ਤ੍ਰਿਹੁਨ ਭਲੇ ਸੋਢੀ ਭਨ॥ ਚਤੁਰ ਬੰਸ ਗੁਰਬੰਸ ਸਿਰੋਮਨ ॥ ਚਾਰਹੁ ਮੁਕਤਿ ਚਾਰ ਹੂ ਬੰਸਾ ॥ ਚਾਰ ਪਦਾਰਥ ਚਤੁਰ ਭੁਜ ਅੰਸਾ ॥ ਧਿਃ ੫ ਪੰਨਾ ੩੭੩ ਮੇਂ ਦੇਖੋ ॥" ਤਥਾ ਜਨਮਸਾਖੀ

Sri Satguru Jagjit Singh Ji Elibrary NamdhariElibrary@gmail.com

"ਸੂਰਜ ਕੁਲ ਤੇ ਰਘੁ ਭਯਾ ਰਘੁਵੰਸੀ ਭਯਾ ਰਾਮ॥ ਰਾਮਚੰਦ੍ਰ ਕੇ ਦੋਇ ਸੁਤ ਲਵੂ ਕੁਸੂ ਤਿਹ ਨਾਮ॥ ਇਹ ਹਮਾਰੇ ਵਡੇ ਹੈਂ ਜੁਗਾ ਜੁਗਾ ਅਵਤਾਰ॥ ਇਨ ਹੀ ਕੇ ਘਰ ਊਪਜੇ ਨਾਨਕ ਕਲ ਅਵਤਾਰ॥ ਔਰ ਕਸਪ ਤੋ ਲੇਕਰ ਬੰਸਾਵਲੀ ਕਹੀ ਹੈ, ਸਾਖੀ ਮਦੀਨੇ ਦੀ ਪੰਨਾ ੨੨੯ ॥" ਤਥਾ "ਬ੍ਰਾਹਮਣ ਛਤ੍ਰੀ ਵੈਸ ਸੂਦ ਚੌਹਾ ਚਲਾਏ ਰਾਹ॥ ਆਪੋ ਆਪਣੇ ਮਜਬ ਵਿਚ ਚਾਰੋਂ ਹੀ ਪਾਤਸਾਹ ॥ ਕਿਸੇ ਨ ਰੱਦੇ ਪੀਰ ਜੀ ਸਭਨਾ ਇਕ ਅਲਾਹ॥ ਮੱਕੇ ਦੀ ਸਾਖੀ ਪੰਨਾ ੧੮੨ ॥" ਤਥਾ ਗੁਰ ਬਿਲਾਸ ਦੇ ਨਵਵੇਂ ਅਧਜਾਯ ਮੇਂ ਭੀ ਸੂਰਜ ਬੰਸ਼ਾਵਲੀ ਲਵੂ ਕੁਸੂ ਆਦਿਕ ਪ੍ਰਸੰਗ ਸਪਸ਼੍ਰ ਹੈ ਪੰਨਾ ੨੩੦, ਵਿਸਥਾਰ ਭੈ ਸੇ ਨਹੀਂ ਲਿਖਾ॥ ਤਥਾ ਗੁਰ ਬਿਲਾਸੋਕਤ ਚੌਃ–

ਰਵਿ ਬੰਸੀ ਹਮ ਛਤ੍ਰੀ ਜਾਤਿ।
ਹਮ ਕੋ ਸਦ ਹੀ ਜੁਧ ਸੁਹਾਤ॥

ਛਠਮ ਗੁਰੂ ਜੀ ਨੇ ਧਿਃ ੮ ਪੰਃ ੧੪੦ ਮੇਂ ਕਹਾ ਹੈ॥

ਸ਼ੰਕਾ–ਚਾਰ ਵਰਨੋਂ ਕੀ ਉਤਪੱਤੀ ਕਹਾਂ ਸੇ ਹੈ ?

ਉੱਤ੍ਰ–ਜਨਮਸਾਖੀ॥"ਚਾਰ ਮਜਬ ਚਹੁ ਅੰਗ ਦੇ ਤਿਸਦਾ ਸੁਣੋ ਬਿਆਨ॥ ਮੁਖ ਤੇ ਹੋਇ ਬ੍ਰਾਹਮਣ ਬਾਜੂ ਛਤ੍ਰੀ ਜਾਨ॥ ਵੈਸ ਉਪਾਏ ਰਾਨ ਤੋ ਪਾਉ ਸੂਦ੍ਰ

Sri Satguru Jagjit Singh Ji Elibrary NamdhariElibrary@gmail.com

ਪਹਚਾਨ ॥ ਸਾਖੀ ਮਦੀਨੇ ਦੀ ਪੰਨਾ ੨੦੯॥" ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦। ਹੇ ਅਕਾਲ ਪੁਰਖ॥ "ਚਾਰ ਬਰਨ ਤਵ ਤਨ ਤੇ ਪ੍ਰਗਟੇ ॥ ਬ੍ਰਹਮਨ ਮੁਖ ਖੱਤ੍ਰੀ ਭੁਜ ਨਿਪਟੇ॥ ਉਰੂ ਬੈਸ ਸੁ ਸੂਦ੍ਰ ਪਦ ਨਿਪਜੇ॥ ਜੀਵ ਚਰਾ ਚਰ ਤੋ ਤੇ ਉਪਜੇ॥ ਸਰਬਲੋਹ ਧਿ: ੫ ਪੰਨਾ ੪੯੫ ਦੇਖੋ॥" ਔਰ ਗ੍ਰੰਥ ਤਥਾ ਸ੍ਰੁਤੀ ਸਿਮ੍ਰਿਤੀ ਆਦਿਕੋਂ ਕੇ ਪ੍ਰਮਾਣ ਮਹਾਤਮਾ ਜਾਣ ਲੇਵੇਂ। ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਛੱਕੇ—"ਸਕਲ ਜਗਤ ਮੋ ਖਾਲਸਾ ਪੰਥ ਗਾਜੈ॥ ਜਗੈ ਧਰਮ ਹਿੰਦੁ ਕਿ ਤੁਰਕ ਦੁੰਦ ਭਾਜੈ॥ ਭਗਵਤੀ ਛੰਦ ੧ ਅੰਗ ੨੦॥' ਤਥਾ ਸਲੋਕ ਜਨਮਸਾਖੀ "ਮਲੇਛ ਜਾਮਾਂ ਬਹੁਤ ਹੋਇ ਕੈ ਕਰੇ ਹਿੰਦੂਆਂ ਪਰ ਜੋਰ ॥ ਇਕ ਬਰਨ ਸਭ ਸ੍ਰਿਸ਼ਟ ਹੋਇ ਵਰਤੇ ਹੋਵੈ ਧੁੰਧੂ ਕੋਰ ॥ ਹਿੰਦੂ ਧਰਮ ਕੇ ਕਾਰਣੇ ਕਰੋਂਗਾ ਭਾਰੀ ਸਾਂਗ ॥ ਨਾਵਾਂ ਜਾਵਾਂ ਪਲਟ ਕੇ ਦਸਵਾਂ ਪਹਰੋਂ ਤਾਂਗ॥ ਜੈਕਾਰ ਕਰੇ ਸਭ ਜਗਤ ਮੈ ਓਹੀ ਨਾਨਕ ਸ਼ਾਹ॥ ਸੰਤ ਜਨਾ ਕੇ ਕਾਰਨੇ ਦੁਸ਼ਟਾਂ ਮਾਰੋਂ ਧਾਇ ॥ ਸਾਖੀ ਅਜਿਤੇ ਰੰਧਾਵੇ ਦੀ ਪੰਨਾ ੫੩੬ ॥" ਤਥਾ ਸੌ ਸਾਖੀ "ਤਾਂ ਬਚਨ ਹੂਆ ਸਿੱਖਾ ਜੇਹੜੇ ਹਿੰਦੂ ਦੇ ਸਿਖ ਸੋ ਸਾਡੇ। ਸਾਖੀ ਨਗਾਹੇ ਦੇ ਮੁਰੀਦ ਦੀ ਸਾਖੀ ੪੪।" ਤਥਾ ਪਹਲੇ ਏਕ ਸਿਖ

Sri Satguru Jagjit Singh Ji Elibrary NamdhariElibrary@gmail.com

ਲੜਾਈ ਮੇ ਲੜਤਾ ਲੜਤਾ ਗਿਰਾ ਉਸਕੋ ਤੁਰਕਾਂ ਨੇ ਲੇ ਜਾਕਰ ਸੁਨਤਾਂਦਿ ਕਰੀ। ਤੇ ਰਹਰਾਸ ਦੇ ਵੇਲੇ ਹਜੂਰ ਪਾਸ ਆਕਰ ਸਿਖ ਨੇ ਕਹਾ। ਤਥਾਹਿ ਮੈਨੂ ਤੁਰਕ ਲੈ ਗਏ ਜਾਇ ਕੇ ਸ਼ਰਾ ਕੀਤੀ ਹੁਣ ਮੈ ਕੀ ਕਰਾਂ ਧਰਮ ਸਿਖ ਅਤੇ ਹਿੰਦੂ ਜਿਮੇ ਰਹੇ ਮੇਰਾ ਤਿਵੇ ਰਖਿਯਾ ਕਰੋ ਨਹੀ ਤਾਂ ਮੈ ਚਿਖਾ ਬਣਾ ਕਰ ਸੜਾਂਗਾ ਸਾਖੀ ੩੨ ॥ ਤੋ ਗੁਰੂ ਜੀ ਨੇ ਪ੍ਰਾਹਚਿਤ ਕਰਵਾਇਕੇ ਵਖਸ ਦੀਆ ਹੈ ਕਿਉਂਕਿ ਮੁਸਲਮਾਨੀ ਕੇ ਸਪ੍ਰਸ਼ ਸੇ ਸਿਖ ਬਚ ਗਿਆ ਥਾ ਔ ਕਹਾ (ਜੋ ਮੇਰਾ ਸਿਖ ਮੁਸਲਮਾਨੀ ਤੀਵੀਂ ਸਾਥ ਏਕ ਬਾਰ ਭੋਗੇਗਾ ਸੋ ਸਿਖ ਨਹੀ) ਹਿੰਦੂ ਧਰਮ ਵਾਲਾ ਤੁਰਕਾਣੀ ਤੇ ਬਚੇਗਾ ਸੋ ਤਰਿਆ ਜਾਣੀਐ। ਸਾਖੀ ੩੨ ॥ ਤਥਾ ਇਹ ਬਤੀ-ਸਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੬ ਅੰਸੂ ੨੦ ਮੇਂ ਭੀ ਸਪਸ਼੍ਰ ਹੈ ਅਤੇ ੪੪ ਸਾਖੀ ਦਾ ਪ੍ਰਸੰਗ ਰੁਤ ੪ ਅੰਸੂ ੬ ਮੇਂ ਭੀ ਸਪਸ਼੍ਰ ਹੈ। ਤਥਾ ਸੂਰਜ ਪ੍ਰਕਾਸ਼ੋਕ੍ਤ। ਨਵਵੇਂ ਸਾਹਿਬ ਕਾ ਵਚਨ॥ ਚੌਪਈ:—

"ਹਿੰਦੂ ਧਰਮ ਹਮਾਰੋ ਜਾਨ। ਰਾਸ ੧੨ ਅੰਸੂ ੫੨ ਦੇਖੋ॥" ਤਥਾ ਜਬ ਨੌਰੰਗੇ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਏਕ ਮੂਲਾਂ ਏਕ ਉਮਰਾਉ ਭੇਜੇ ਉਨ੍ਹਾਂ ਕੋ ਕਹਾ। ਚੌਪਈ:—

ਕਹੋ ਲੋਭ ਕੀ ਬਾਤ ਵਡੇਰੀ।
ਕਰੋ ਨਿਕਾਹ ਸੁਤਾ ਸੰਗ ਮੇਰੀ।
ਕਹੇ ਕਿਤਾਬ ਨ ਜਿਤਕ ਉਪਾਇ।
ਦੇ ਸੁਤਾਦਿ ਲੇਹੁ ਸ਼ਰਾ ਮਨਾਇ।

ਤਬ ਉਨ੍ਹੋ ਨੇ ਆਇ ਕਰ ਗੁਰੂ ਜੀ ਪਾਸ ਕਹਣਾ—

ਚੌਃ—ਸ਼ਰਾ ਮਾਨ ਕੈ ਅਜਮਤ ਦੈਨ।
ਕਿਧੋ ਮ੍ਰਿਤੂ ਅਪਨੀ ਕਰ ਲੈਨ।
ਇਨ ਤੀਨੋ ਮੇ ਲਖੋ ਜੋ ਨੀਕੀ॥
ਹੀਯਾ ਕੇ ਵੀਚ ਕਰੋ ਸੋਈ ਠੀਕੀ।
ਤਿਨ ਤੇ ਸੁਣ ਸ੍ਰੀ ਤੇਗ ਬਹਾਦਰ।
ਧਰਮ ਨਿਬਾਹਨ ਬਿਖੈ ਬਹਾਦਰ॥
ਉਤਰ ਭਨਿਯੋ ਧਰਮ ਹਮ ਹਿੰਦੂ।
ਅਤਿਪ੍ਰਿਯਾ ਕੋ ਕਿਮ ਕਰੈਂ ਨਿਕੰਦੂ।
ਲੋਕ ਪ੍ਰਲੋਕ ਵਿਖੈ ਸੁਖ ਦਾਨੀ।
ਆਨਨ ਪਾਈਯਤ ਯਾਹਿ ਸਮਾਨੀ।
ਮਤਿ ਮਲੀਨ ਮੂਰਖ ਮਤਿ ਜੋਇ।
ਇਸ ਕੋ ਤਿਆਗਹ ਪਾਮਰ ਸੋਇ।
ਦੀਨ ਦੁਨੀ ਮੈ ਦੁਖ ਕੋ ਪਾਵੈ।
ਜਮ ਸਜਾਇ ਦੇਹ ਨਹ ਤ੍ਰਿਪਤਾਵੈ।
ਸੁਮਤਿਵੰਤ ਹਮਕਹੁਕਿਮਤਿਆਗਹ।

Sri Satguru Jagjit Singh Ji Elibrary NamdhariElibrary@gmail.com

ਧਰਮ ਰਾਖਵੇ ਨਿਤ ਅਨੁਰਾਗਹ।
ਇਸਤ੍ਰੀ ਆਦਿ ਪਦਾਰਥ ਸਾਰੇ।
ਰੰਚ ਲੋਭ ਨਹਿ ਹਿਰਦੇ ਹਮਾਰੇ।
ਕਿਉਂ ਤੁਮ ਕਹੁਹੁ ਨ ਅੰਗੀਕਾਰੈਂ।
ਰਾਖੇਂਗੇ ਨਿਜ ਧਰਮ ਨ ਹਾਰੈਂ।
ਕੋਟ ਜਨਮ ਤੇ ਫਿਰਹ ਨ ਫੇਰੇ।
ਕਹੁ ਕਰੋਰ ਬਾਰ ਹੋਇ ਨੇਰੇ।
ਤਿਰਤੀਏ ਪ੍ਰਾਨ ਹਾਨ ਕੀ ਬਾਤ।
ਸੋ ਹਮ ਸਹੈਂ ਆਪਨੇ ਗਾਤ।
ਹਿੰਦੂ ਧਰਮ ਰਖੈਂ ਜਗ ਮਾਹੀ।
ਤੁਮਰੇ ਕਹੇ ਬਿਨਸਿ ਹੈ ਨਾਂਹੀ।
[ਰਾਸ ੧੨ ॥ ਅੰਸੂ ੬੪ ॥ ਵੇਖੋ
ਤਥਾ-ਜੌ ਜਗ ਵਿਖੈ ਨ ਹਿੰਦੂ ਰਹਤੇ।
ਸੁਰ ਹਿਤ ਹਮਨ ਕੌਨ ਨਿਰਬਹਤੇ।
ਬਿਆਹ ਆਦਿ ਬਿਤਮਹਿ ਜੋ ਕਰਹਿ।
ਸੋ ਅਹਾਰ ਹਮਰੇ ਮੁਖ ਧਰੈ।
ਕਾਜ ਅਨਕ ਮਹਿ ਹਮਨ ਕਰੰਤੇ।
ਸੋ ਸੁਰਗਨ ਕੋ ਤ੍ਰਿਪਤ ਧਰੰਤੇ।
ਯਾਤੇ ਹਿੰਦੂ ਗਨ ਅਰ ਦੇਵ।

ਰਾਖਨ ਕਰੇ ਪ੍ਰਭੁ ਗੁਰ ਦੇਵ।
[ਰਾਸ ੧੨ ਅੰਸੂ ੬੬

ਤਥਾ ਚੌ:-ਹਿੰਦੁ ਧਰਮ ਕੋ ਗੁਰੂ ਅਲੰਬ।
ਦ੍ਵਾਰੇ ਮੰਗਲ ਹੋਤ ਕਦੰਬ।
[ਦਸਮ ਗੁਰੂ॥ ਰੁਤ॥ ੪॥ ਅੰਸੂ॥ ੧੯

ਤਥਾ ਲਲਤਪਦ ਛੰਦ—ਹਿੰਦੂ ਧਰਮ ਜਗ ਰਾਖਨ ਕਾਰਨ ਪ੍ਰਭੁ ਅਵਤਾਰ ਸੁਹਾਯੋ॥ ਰੁਤ ੪। ਅੰਸੂ ੩੧॥

ਤਥਾ ਕਬਿੱਤ—ਛਾਇ ਜਾਤੀ ਏਕਤਾ ਅਨੇਕਤਾ ਵਲਾਇ ਜਾਤੀ ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ। ਪਾਪ ਪਰਪੱਕ ਜਾਤੇ ਧਰਮ ਧਸੱਕ ਜਾਤੇ ਬਰਨ ਗ੍ਰਕ ਜਾਤੇ ਸਹਤ ਬਿਧਾਨ ਕੀ॥ ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ ਰੀਤ ਮਿਟ ਜਾਤੀ ਕਥਾ ਵੇਦਨ ਪੁਰਾਨ ਕੀ। ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ ਮੂਰਤੀ ਨਾ ਹੋਤੀ ਜੌ ਪੈ ਕਰੁਣਾ ਨਿਧਾਨ ਕੀ॥ ਰੁਤ ੫॥ ਅੰਸੂ ੫੧॥

ਤਥਾ ਭਾਈ ਗੁਰਦਾਸ ਜੀ॥ ਦੀਨ ਮਹੰਮਦੀ ਉਠ ਗਏ ਹਿੰਦਕ ਠਹਰਾਏ॥ ਵਾਰ ੪੧॥ ਪੌ: ੧੭॥

ਤਥਾ ਚੌ:-ਸੁਨਤ ਜੁਝਾਰ ਸਿੰਘ ਰਿਸ ਆਈ।
ਬੂਝਿਯੋ ਫਤੇ ਸਿੰਘ ਲਘੁ ਭਾਈ॥ ੩੩॥
ਪਹੁੰਚਿਯੋ ਸਮਾ ਮੋਹਿ ਅਸ ਜੋਵਾ।

Sri Satguru Jagjit Singh Ji Elibrary NamdhariElibrary@gmail.com

ਗੁਰੂ ਪਿਤਾ ਮੇ ਪਰ ਜਿਮ ਹੋਵਾ।
ਸਾਬਤ ਬਾਤ ਰਹਨ ਹੈ ਨੀਕੀ।
ਕਹੁ ਭ੍ਰਾਤਾ ਤੂੰ ਅਪਨੇ ਜੀ ਕੀ॥ ੩੪॥
ਫਤੇ ਸਿੰਘ ਸੁਨ ਉੱਤਰ ਦੀਨਾ।
ਧਰਮ ਪਿਤਾ ਮੇ ਜਿਉ ਰਖਲੀਨਾ।
ਸੁਭ ਜਸਤੇ ਜਗ ਪੂਰਨ ਕੀਨ।
ਤੀਨ ਲੋਕ ਮਹਿ ਸ਼ਾਕਾ ਲੀਨ॥ ੩੫॥
ਹਮ ਤੁਮ ਕੋ ਤਿਮ ਹੀ ਬਨ ਆਵੈ।
ਸਿਰ ਦਿਹੁ ਤੁਰਕਨ ਮੂਲ ਗਵਾਵੈ।
ਹਿੰਦੂ ਧਰਮ ਜਾਗ ਹੈ ਫੇਰ।
ਤਨ ਸਭ ਨਾਸਵੰਤ ਹੀ ਹੇਰ॥

[ਛੰ: ੩੬ ਰੁਤ ੬ ਅੰਸੂ ੫੧ ਸੂਰਜਪ੍ਰਕਾਸ਼ ਇਤਿ]

ਤਥਾ ਜਨਮ ਸਾਖੀ—ਜੈਸਾ ਮਜ਼ਹਬ ਬਾਪ ਕਾ ਪੁਤਰ ਤੈਸਾ ਹੋਇ॥ ਬੇਟੇ ਥੀਂ ਜੋ ਊਪਜੈ ਪੋਤ੍ਰਾ ਕਹੀਐ ਸੋਇ॥ ਸਾਖੀ ਮਦੀਨੇ ਦੀ ਪੰ: ੨੦੯॥

ਤਥਾ ਰਾਮਕਲੀ ਦੀ ਵਾਰ ਸਤੇ ਬਲਵੰਡ ਦੀ— ਸੋ ਟਿਕਾ ਸੋ ਬੈਹਣਾ ਸੋਈ ਦੀਬਾਣ॥ ਪਿਯੂ ਦਾਦੇ ਜੇ ਵਿਹਾ ਪੋਤਾ ਪਰਵਾਣੁ॥ ਪੌ: ੬॥ ਤਥਾ ਭਾਈ ਗੁਰਦਾਸ ਜੀ "ਪਿਉ ਦਾਦੇ ਜੇ ਵੇਹਿਆ ਪੜਦਾਦੇ ਪ੍ਰਵਾਣ ਪੜੋਤਾ॥ ਵਾਰ ੨੪ ਪੌ: ੧੫॥" ਇਸ ਰੀਤ ਸੇ ਸ੍ਰੀ

ਗੁਰੂ ਸਾਹਿਬ ਸੂਰਜ ਵੰਸੀ ਛਤ੍ਰੀ ਹਿੰਦੂਹੋਨੇ ਤੇ ਤਿਨਕਾ ਪੁਤ੍ਰ ਖਾਲਸਾ ਜੋ ਸਨਾਤਨ ਖਾਲਸਾ ਭੀ ਹਿੰਦੂ ਹੈ, ਅਗਰ ਇਸ ਗੁਰੂ ਜੀ ਕੇ ਹੁਕਮ ਕੋ ਨਾ ਮਾਨੈ ਤੋ ਯਥਾ ਗੁਰ ਬਿਲਾਸ ਚੌਪਈ "ਪਿਤਾ ਅੰਸ ਸੁਤ ਸੋ ਜਗ ਮਾਹੀ ॥ ਪਿਤਾ ਬਚਨ ਜੋ ਫੇਰੇ ਨਾਹੀ" ॥ ਧਿਃ ੩॥ ਪੰਃ ੨੭ ॥ ਤਥਾ ਜਨਮ ਸਾਖੀ ਦੋਃ—"ਬੇਟਾ ਨਾਮ ਸਦਾਇ ਕੇ ਹੁਕਮ ਨ ਮੰਨੇ ਬਾਪ ॥ ਹੋਇ ਫਰੂਨੀ ਜ਼ਰਦ ਰੂਹ ਦੋਜਕ ਪਇਆ ਨਪਾਕ ॥ ਸਾਖੀ ਮੱਕੇ ਦੀ ਪੰਨੇ ੧੯੧ ॥ ਯਾਤੇ ਅਵ ਤਿਨ ਗੁਰੂਓਂ ਕੀ ਸੰਤਾਨ ਖਾਲਸਾ ਪੰਥ ਸੂਰਜਵੰਸੀ ਹੋਨੇ ਸੇ ਤਿਨ ਕਾ ਤੀਰਥ ਤਿਲਕਾਦਿਕ ਧਰਮ ਕਹੇ ਹੈਂ, ਯਦਪਿ ਕਈ ਬਚਨੋਂ ਦ੍ਵਾਰਾ ਤੀਸਰਾ ਪੰਥ ਖਾਲਸਾ ਸਿੱਧ ਹੈ ਤਥਾਪਿ ਜੈਸੇ ਬੇਰੀ ਕੋ ਪਿਉਂਦ ਚੜ੍ਹਾਦੀਆ ਜਾਇ ਤੋ ਪੂਛੇਂ ਯਹ ਕਯਾ ਬ੍ਰਿਛ ਹੈ ? ਤੋ ਕਹੇਂਗੇ ਬੇਰੀ ਹੈ ਪਰੰਤੂ ਪਿਉਂਦੀ ਬੇਰੀ ਹੈ। ਭਾਵ. ਜੈਸੇ ਉਸ ਮੇਂ ਸੇ ਬੇਰੀ ਭਾਵ ਨਸ਼੍ਰ ਨਹੀਂ ਹੂਆ, ਤੈਸੇ ਹੀ ਅਮ੍ਰਿਤ ਛਕ ਕਰਕੇ ਜਿਮੀਂਦਾਰ ਸਿੰਘ ਵਾ ਖਤ੍ਰੀ ਸਿੰਘ ਵਾ ਨਾਈ ਸਿੰਘਾਦਿਕ ਹਿੰਦੂ ਸ਼ਬਦ ਕਾ ਤੋ ਅਭਾਵ ਨਹੀਂ ਹੋ ਸਕਤਾ, ਯਥਾ ਸੌ ਸਾਖੀ "ਖਤ੍ਰੀ ਸਿੰਘ ਬਿਪ੍ਰ ਇਕ ਮੇਰਾ" ਸਾਖੀ ੮੨॥ ਸੋ ਤ੍ਰਿਭੀਅੰਸ ਆਗੇ ਕਹੇਂਗੇ ॥

Sri Satguru Jagjit Singh Ji Elibrary NamdhariElibrary@gmail.com

ਤਥਾ ਧਰਮ ਸੁਣੋ:—

# ਤਿਲਕ ਜੰਞੂ ਸ਼੍ਰਾਧਾਦਿਕ

॥ ਬਿਲਾਵਲੁ ਅਸਟਪਦੀਆ ਮ: ੪ ॥

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥ ਅਸਟਪਦੀ ੨ ॥ ਤਥਾ ਭਾਈ ਗੁਰਦਾਸ ਜੀ "ਅਪਣੇ ਅਪਣੇ ਬਰਨ ਵਿਚ ਚਾਰ ਬਰਨ ਕੁਲ ਧਰਮ ਧਰੰਦੇ ॥ ਛਿਆ ਦ੍ਰਸਨ ਛਿਆ ਸ਼ਾਸਤ੍ਰਾਂ ਗੁਰ ਗੁਰਮਤਿ ਖਟ ਕਰਮ ਕਰੰਦੇ ॥" ਵਾਰ ੫ ॥ ਪੌ: ੩ ॥ ਤਥਾ "ਅਮ੍ਰਿਤ ਵੇਲੇ ਉਠਕੇ ਜਾਇ ਅੰਦ੍ਰ ਦੂਜਾ ਨਵੰਦੇ ॥ ਸਹਜ ਸਮਾਧ ਅਗਾਧ ਵਿਚ ਇਕ ਮਨ ਹੋਇ ਗੁਰ ਜਾਪ ਜਪੰਦੇ ॥ ਮੱਥੇ ਟਿਕੇ ਲਾਲ ਲਾਇ ਸਾਧ ਸੰਗਤ ਚਲਜਾਇ ਵਹੰਦੇ ॥ ਸਬਦ ਸੁਰਤਿ ਲਿਵਲੀਣ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ ॥ ਭਾਇ ਭਗਤ ਭੈ ਬਰਤਮਾਨ ਗੁਰ ਸੇਵਾ ਗੁਰ ਪੁਰਬ ਕਰੰਦੇ ॥ ਸੰਝੈ ਸੋਦਰ ਗਾਵਣਾ ਮਨ ਮੇਲੀ ਕਰ ਮੇਲ ਮਿਲੰਦੇ ॥ ਰਾਤੀ ਕੀਰਤ ਸੋਹਲਾ ਕਰ ਆਰਤੀ ਪ੍ਰਸਾਦ ਵਡੰਦੇ ॥ ਗੁਰਮੁਖ ਸੁਖ ਫਲ ਪ੍ਰਿਮ ਚਖੰਦੇ" ॥ ਵਾਰ ੬ ਪੌ: ੩ ॥ ਤਥਾ "ਚਰਨ ਸਰਨ

ਮਸਤਕ ਧਰਨ ਚਰਨ ਰੇਨ ਮੁਖ ਤਿਲਕ ਸੁਹੰਦੇ ॥ ਵਾਰ ੬ ਪੌਃ ੭ ॥ ਤਥਾ "ਚਾਰ ਬਰਣ ਛਿਅ ਦ੍ਰਸ਼ਨਾ ਸ਼ਾਸਤ੍ਰ ਵੇਦ ਪੁਰਾਣ ਸੁਣਾਇਆ ॥ ਦੇਵੀ ਦੇਵਸਰੇਵਣੇ ਦੇਵਸਥਲ ਤੀਰਥ ਭਰਮਾਯਾ ॥ ਗਣ ਗੰਧ੍ਰਵ ਅਪੱ-ਛਰਾ ਸੁਰਪਤਿ ਇੰਦ੍ਰ ਇੰਦ੍ਰਾਸਨ ਛਾਯਾ ॥ ਜਤੀ ਸਤੀ ਸੰਤੋਖੀਆਂ ਸਿੱਧ ਨਾਥ ਅਵਤਾਰ ਬਣਾਯਾ ॥ ਜਪ ਤਪ ਸੰਜਮ ਹੋਮ ਜਗ ਬ੍ਰਤ ਨੇਮ ਨਈਵੇਦ ਪੁਜਾਯਾ ॥ ਸਿਖਾ ਸੂਤ੍ਰ ਮਾਲਾ ਤਿਲਕ ਪਿਤਰ ਕਰਮ ਵੇਦ ਕਰਮ ਕਮਾਯਾ ॥ ਪੁੰਨ ਦਾਨ ਉਪਦੇਸ ਦ੍ਰਿੜ੍ਹਾਯਾ ॥ ਵਾਰ ੮ ॥ ਪੌਃ ੭ ॥

ਭਰਮਾਯਾ ਭ੍ਰਮਣ ਕਰਣਾ ਅਰਥਾਤ ਵਿਚਰਨਾ, ਘੂਮਨਾ । ਤਥਾ "ਮਥੇ ਟਿਕਾ ਲਾਲ ਨੀਸਾਣ ਸੁਹਾਯਾ । ਵਾਰ ੨੦ ਪੌਃ ੫ ।" ਤਥਾ ਮਾਰੂ ਨਾਮ-ਦੇਵ ਜੀ "ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ । ਸਬਦ ੧ ।" ਤਥਾ ਸਰਬਲੋਹ ਗ੍ਰੰਥ ਸ੍ਰੀ ਮੁਖਵਾਕ ਪਾਤਸ਼ਾਹੀ ੧੦ । ਕਲਿਆਨ । "ਤੀਰਥ ਬਰਤ ਨੇਮ ਸੁਚ ਕਿਰਿਆ ਸੀਲ ਸੰਤੋਖ ਅਚਾਰੋ । ਪੂਜਾ ਤਿਲਕ ਹੋਮ ਗਾਇਤ੍ਰੀ ਸੰਧਜਾ ਤਰ-ਪਨ ਧਾਰੋ । ਗੁਰ ਠਾਕੁਰ ਪਿਤ ਮਾਤ ਬੰਧ ਜਨ ਮਿਸਟ ਵਚਨ ਅਭਿਲਾਖੋ । ਸਭ ਕੀ ਰੇਨ ਹੋਇ ਰਹੇ

Sri Satguru Jagjit Singh Ji Elibrary NamdhariElibrary@gmail.com

ਪਖੇਰੂ ਮੰਦਾ ਕਿਸੇ ਨ ਭਾਖੋ। ਧਿਃ ੧। ਛੰਦ ੩੨੮।' ਤਥਾ "ਇਸਟ ਦੇਵ ਰਿਖ ਪਿਤ੍ਰ ਬ੍ਰਹਮਨ ਗਊ ਅਭਿਯਾਗਤ ਮਾਨੋ। ਕੀਟ ਹਸਤ ਮੇਰ ਤ੍ਰਿਨਮਹਿ ਸਰਬ ਨਿਰੰਜਨ ਜਾਨੋ ।ਧਿਃ ੧। ਛੰਦ ੩੨੯। ਸਰਬਲੋਹ ਇਤਿ।" ਤਥਾ ਆਸਾ ਮਃ ੧। "ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ। ਸਬਦ ੩੩।" ਤਥਾ ਰਾਮਕਲੀ ਸਦ "ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥ ੫ ॥ ਤਥਾ ਬਾਬੇ ਬੁਢੇ ਨੇ ਗੁਰੂ ਅੰਗਦ ਜੀ ਕੇ ਮਸਤਕ ਮੇ ਤਿਲਕ ਦੀਆ ਕਰਤਾਰ ਪੁਰੇ ਜਨਮ-ਸਾਖੀ ਪੰਨਾ ੬੩੦।" ਤਥਾ ਗੁਰ ਬਿਲਾਸੋਕਤ "ਬੀਰਾਸਨ ਬੈਠੇ ਪ੍ਰਭੂ ਤਿਲਕ ਤਵੈ ਇਮ ਕੀਨ। ਸਿਖ ਸੰਗਤ ਐਸੇ ਲਖਯੋ ਸਾਹਿਬ ਬੁਢੇ ਦੀਨ। ਧਿਃ ੮ ਪੰਨਾ ੧੪੨। ਗੁਰੂ ਹਰਿ ਗੋਬਿੰਦ ਜੀ ਦੇ।" ਤਥਾ ਜਨਮਸਾਖੀ ਜੋ ਸੰਬਤ ੧੫੯੭ ਮੇਂ ਬਣੀ ਹੈ ਤਹਾਂ ਏਮਨਾਵਾਦ ਲਾਲੋ ਦੀ ਸਾਖੀ॥ ਤਾਂ ਅਗੇ ਕਿਆ ਦੇਖੇ ਇਕ ਤਪਾ ਜੇਹਾ ਅਤੇ ਗਲ ਵਿਚ ਜੇਵੂ ਹੈਸੁ ਅਤੇ ਹਿਕ ਡੁਮੇਟਾ ਨਾਲ ਹੈਸੁ ਤਾਂ ਲਾਲੋ ਅਗੋਂ ਉਠ ਖੜਾ ਹੋਇਆ। ਪੰਨਾ ੭੮। ਤਥਾ ਨਾਨਕ ਪ੍ਰਕਾਸ਼ ਵਿਚੋਂ ਲਾਲੋ ਦੇ ਭੋਜਨ ਦਾ ਪ੍ਰਸੰਗ "ਸੁਨ ਕਰ ਸ੍ਰੀ

ਮੁਖ ਬਚਨਾ ਭਾਖੇ ਆਨੋ ਇਹ ਠਾ ਜਾਈ। ਕਹ ਲਾਲੋ ਤੁਮਰੇ ਗਲ ਜੰਞੂ ਵਹਿਰ ਅਸਨ ਕਿਉ ਪਾਈ॥ ਪੂਰਬਾਰਧ ਧਿ: ੩੮॥" ਤਥਾ ਜਨੇਊ ਦੀ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜਨੇਊ ਪਾਯਾ ਸਪਸ਼ਟ ਹੈ ਦੇਖੋ ਪੰਨਾ ੨੨॥ ਤਥਾ ਨਾਨਕ ਪ੍ਰਕਾਸ਼ ਦੇਖੋ ਪੂਰਬਾਰਧ ਧਿ: ੯ ਪੰਨਾ ੪੨ ਤਥਾ ਜਨਮਸਾਖੀ ਸ੍ਰੀ ਕਾਲੂ ਜੀ ਨੂੰ ਬਾਬੇ ਜੀ ਨੇ ਪਿਤ੍ਰ ਦਿਖਾਏ ਪ੍ਰੰਤੂ ਸ਼ਰਾਧ ਤੋ ਭੀ ਕਰਵਾਇਆ ਹੈ, ਜਗਤ ਕੀ ਮਰਜਾਦਾ ਕੇ ਲੀਏ ਪੰਨਾ ੩੯੮। ਤਥਾ ਸ੍ਰੀ ਗੁਰੂ ਨਾਨਕ ਜੀ ਸਪਤਮੀ ਨੂੰ ਸਮਾਵਨ ਲਗੇ ਸਨ ਤਾਂ ਚੋਣੀ ਜੀ ਕਹਾ ਕਲ ਮੈਹਤੇ ਜੀ ਦਾ ਸ਼ਰਾਧ ਹੈ ਸ਼ਰਾਧ ਕਰਕੇ ਜਾਂਦੇ ਗੁਰੂ ਜੀ ਕਹਾ ਸ਼ਰਾਧ ਕਰਕੇ ਜਾਮਾਗੇ ਚਿੰਤਾ ਨਾ ਕਰੋ। ਅਸੀ ਦਸਮੀ ਨੂੰ ਚਲਾਂਗੇ, ਤਾਂ ਸਮਗ੍ਰੀ ਇਕੱਤ੍ਰ ਕਰਵਾਈ ਅਸ਼ਟਮੀ ਨੂੰ ਕਾਲੂ ਜੀ ਕਾ ਸ਼ਰਾਧ ਕਰਵਾਯਾ ਨੌਮੀ ਨੂੰ ਰਹੇ ਅਸੂ ਵਦੀ ਦਸਮੀ ਸੰ: ੧੫੯੬ ਕੋ ਸਮਾਏ ਪੰਨਾ ੬੩੦॥ ਤਥਾ ਪੂਰਬ ਕਾਲੂ ਜੀ ਕੇ ਸਮਾਨੇ ਸੇ ਪੀਛੇ ਗੁਰੂ ਨਾਨਕ ਜੀ ਨੇ ਵੇਦ ਰੀਤ ਤਥਾ ਕੁਲ ਰੀਤ ਸਭ ਕਰੀ ਮਾਤਾ ਪਿਤਾ ਦੀ ਕ੍ਰਿਯਾ ਕਰਮ ਪੰਨਾ ੬੨੬॥ ਜਨਮਸਾਖੀ ਇਤਿ॥

ਤਥਾ ਨਾਨਕ ਪ੍ਰਕਾਸ਼ੋਕਤ ਚੌਪਈ—

Sri Satguru Jagjit Singh Ji Elibrary NamdhariElibrary@gmail.com

ਵਿਧ ਸੋਂ ਲਗੇ ਕਰਾਵਨ ਸ਼ਰਾਧੂ।
ਜਹਿ ਮਧਰਾ ਜਹ ਪਰਮ ਅਗਾਧੂ।
ਪ੍ਰਾਪਤਿ ਮੁਕਤਿ ਲੇਇ ਜਿਹ ਨਾਮੂ।
ਤਾਂਹਿ ਸ਼ਰਾਧ ਕਿਆ ਕਰਵੇ ਕਾਮੂ।
ਤਦਜਪ ਨਰ ਮੁਰਜਾਦਾ ਪਾਰਨ।
ਲੀਲਾ ਕਰ ਹੀ ਨਰਕ ਨਿਵਾਰਨ।
ਹੁਤੀ ਸ਼ਰਾਧ ਕੀ ਬਿਧਿ ਜੋ ਸਾਰੀ।
ਭਲੀ ਪ੍ਰਕਾਰ ਕੀਨ ਅਘ ਹਾਰੀ।
ਉਤ੍ਰਾਰਧ ਧਿ: ੫੫ ਪੰਨਾ ੨੭੫॥

ਤਥਾ ਸੌ ਸਾਖੀ—ਏਕ ਵੇਰ ਗੁਰੂ ਦਸਮ ਜੀ ਦੇ ਸਰਾਧ ਹੂਆ ਪੰਡਤ ਪਾਧੇ ਬ੍ਰਾਹਮਣ ਇਕਠੇ ਕੀਏ ਸ਼੍ਰਾਧ ਕੀ ਧਰਮਸ਼ਾਤ ਕਰੀ ਮੋਹਰ ਕੀ ਦਖਣਾ ਦੇਕਰ ਸੇਹਜਾ ਗਊ ਘੋੜਾ ਗਹਣੇ ਜਨਾਨੇ ਮਰਦਾਨੇ ਦੀਏ ਤਿਆਰ ਕਰ॥ ਸਾਖੀ ੭੨॥ ਤਥਾ ਇਸ ੭੨ ਸਾਖੀ ਕਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੫ ਅੰਸੂ ੧੭ ਤਥਾ ੧੮ ਮੇਂ ਭੀ ਸਪਸ਼ਟ ਹੈ। ਤਥਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗਯਾ ਜੀ ਪਿੰਡਾਦਿ ਕਰਾਏ ਤਹਾਂ ਸੂਰਜ ਪ੍ਰਕਾਸ਼ ਚੌਪਈ:—

ਕਰਹੁ ਸਨਾਨ ਗਯਾ ਪਿੰਡ ਦੀਜੈ।
ਦੇਵ ਪਿਤ੍ਰ ਤ੍ਰਿਪਤਾਵਨ ਕੀਜਹ।

ਸੁਨ ਸ੍ਰੀ ਤੇਗ ਬਹਾਦਰ ਕਹਿਯੋ ।
ਤੀਰਥ ਮਹਾਤਮ ਤੁਮ ਨਹਿ ਲਹਯੋ।
ਫਲਗੂ ਵਿਖੈ ਚਰਨ ਜੋ ਧਾਰੇ ।
ਪਿਤ੍ਰ ਆਪਨੇ ਤਿਨਹੁ ਉਧਾਰੇ ।
ਸੁਨ ਤ੍ਰਿਪਤੈ ਜੈਕਾਰ ਉਚਾਰੈਂ ।
ਸਰਬ ਅਘਨ ਕੋ ਦੂਰ ਨਿਵਾਰੈਂ ।
ਸੁਨ ਦਿਜ ਗਨ ਸਗਰੇ ਬਿਸਮਾਏ ।
ਹਾਥ ਜੋਰ ਕਰ ਬਿਨੈ ਅਲਾਏ ।
ਤੁਮ ਸਤਿਗੁਰੂ ਬਿਸ਼ਨੁ ਅਵਤਾਰ ।
ਜੋ ਨ ਕਰਹੁਗੇ ਸ਼੍ਰਾਧ ਅਚਾਰ ।
ਪੁਨ ਕੋਇ ਨ ਕਰ ਹੈ ਇਹ ਰੀਤ ।
ਹਮ ਸੋ ਹੋਇ ਜਾਇ ਬਿਪ੍ਰੀਤ ।
ਤਥਾ—ਸੁਨ ਬਿਪ੍ਰਨ ਕੀ ਬਿਨਤੀ ਐਸੇ ।
ਕਰਤ ਭਏ ਤਸ ਭਾਖਤ ਜੈਸੇ ।
ਉਤਰੇ ਤਬ ਤੁਰੰਗ ਤੇ ਤਰੇ ।
ਫਲਗੂ ਮਹਿ ਮੱਜਨ ਕੋ ਕਰੇ ।
ਸਕਲ ਦਿਜਨ ਕੋ ਸ੍ਰੀ ਮੁਖ ਕਹਯੋ ।
ਜਾਚ ਲੇਹੁ ਜੋ ਤੁਮ ਚਿਤ ਚਹਯੋ ।
ਸੁਨ ਬੋਲੇ ਸਭ ਦਿਜ ਬਰਬੰਸ ।
ਹਮ ਕੋ ਦਿਹੁ ਆਪਨ ਸਰਵੰਸ ।

ਤਬ ਸਤਿਗੁਰ ਨੇ ਰਿਦੇ ਵਿਚਾਰੀ।
ਇਹ ਸਭ ਮਾਯਾ ਕੇ ਅਧਿਕਾਰੀ।
ਜਿਤਕ ਸੰਗ ਸਭ ਦੀਨੋ ਦਾਨ।
ਧੋਤੀ ਏਕ ਉਪਰਨਾ ਪਾਨ॥
ਸਿਵਕਾ ਅਸ੍ਵ ਸਯੰਦਨ ਧਨ ਸਾਰੋ।
ਲੇ ਬਿਪ੍ਰਨ ਜੈਕਾਰ ਉਚਾਰਯੋ॥

[ਵਿਸਥਾਰ ਦੇਖੋ ਰਾਸ ੧੧ ਅੰਸੂ ੫੭॥

ਤਥਾ ਗੁਰ ਬਿਲਾਸੋਕਤ ਸ੍ਰੀ ਗੁਰੂ ਹਰਿ ਗੋਬਿੰਦ ਜੀ ਵਾਕ। ਚੌਪਈ:-

ਜਗ ਮੈ ਵਡੋ ਕਰੈਂ ਉਤਪਾਤਾ।
ਗੋਇ ਦਿਜ ਵਹਿ ਕਰ ਹੈਂ ਘਾਤਾ॥
ਦਿਜ ਛਤ੍ਰੀ ਕਾ ਧਰਮ ਉਤਾਰੈ।
ਜੰਞੂ ਤੋਰ ਦੀਨ ਨਿਜ ਧਾਰੈ॥
ਸਵਾਮਣ ਜੰਞੂ ਲਹ ਕਸਮੀਰ।
ਤਬ ਛਤ੍ਰੀ ਦਿਜ ਹੋਇ ਅਧੀਰ॥

[ਧਿ: ੮॥ ਪੰਨਾ ੧੬੧॥

ਭਾਵ ਔਰੰਗਜ਼ੇਬ ਐਸਾ ਜ਼ੁਲਮ ਕਰੇਗਾ ਹਮ ਤਿਸ ਜੰਞੂ ਤਿਲਕਾਦਿਕੋਂ ਕੀ ਰੱਖਯਾ ਕਰੇਂਗੇ॥ ਯਥਾ ਸ੍ਰੀ ਮੁਖਵਾਕ ਕਹ ਆਏ ਹਾਂ "ਤਿਲਕ ਜੰਞੂ ਰਾਖਾ ਪ੍ਰਭੁ ਤਾਕਾ॥" ਯਥਾ ਸੂਰਜ ਪ੍ਰਤਾਪ ਗ੍ਰੰਥੋਕਤ॥ ਜਬ ਸ੍ਰੀ

Sri Satguru Jagjit Singh Ji Elibrary NamdhariElibrary@gmail.com

ਦਸਮੇਸ ਜੀ ਕਾ ਅਨੰਦ ਪੁਰ ਸੇ ਬਾਹਰ ਵਿਚਰਨੇ ਸਮੇਂ ਘੋੜਾ ਉਛਲਾ ਤੋ ਮਿਆਨ ਸੇ ਬਾਹਰ ਤਲਵਾਰ ਨਿਕਲ ਪੜੀ ਤੋ ਡੋਰਾ ਮਾਂਗਾ ਤਬ ਕਿਸੀ ਕੇ ਪਾਸੋਂ ਨਾ ਮਿਲਾ ਤਬ ਦਯਾ ਸਿੰਘ ਪੰਜਾਂ ਪਿਆਰਿਆਂ ਵਿਚੋਂ ਲਾਹੌਰ ਨਿਵਾਸੀ ਖਤ੍ਰੀ ਚੌਪਈ:—

ਦਯਾ ਸਿੰਘ ਤਬ ਰਿਦੇ ਬਿਚਾਰਾ।
ਅਪਨਾ ਜਗਯੋਪਵੀਤ ਉਤਾਰਾ॥
ਛੋਰਾ ਕਰ ਕ੍ਰਿਪਾਨ ਹਿਤ ਦੀਨਾ।
ਸ੍ਰੀ ਕਲਗੀਧਰ ਪਾਵਨ ਕੀਨਾ।

ਤਥਾ ਜਬ ਗੁਰਦੁਆਰੇ ਆਏ ਤਬ ਚੌ:—

ਕਿਤਕ ਦੇਰ ਮੇਂ ਸਿਖਨ ਹੇਰਾ।
ਦਯਾ ਸਿੰਘ ਗਰ ਜੰਞੂ ਗੇਰਾ॥
ਸਿਖਨ ਸੰਗ ਕਹਯੋ ਗੁਰ ਪੂਰੇ।
ਪਹਿਰਾਵੋ ਤਿਸ ਜਾਇ ਜਰੂਰੇ॥

[ਰੁਤ ੩ ਅੰਸੂ ੨੮]

ਤਬ ਦਯਾ ਸਿੰਘ ਗੁਰੂ ਜੀ ਪਾਸ ਆਯਾ ਹੈ ਤਬ 'ਦਇਆ ਕਪਾਹ' ਤੁਕ ਪੜੀ, ਤਬ ਗੁਰੂ ਜੀ ਨੇ ਕਹਾ ਭਾਈ ਸੰਗਤ ਸਿਖੋ ! ਯਹ ਮੇਰਾ ਗਜਾਨੀ ਸਿੰਘ ਹੈ ਭਾਵ. ਈਹਾਂ ਸਾਥ ਕੇ ਸਿੰਘਾਂ ਕੇ ਭੀ ਜੰਞੂ ਸਪਸ਼ਟ ਪ੍ਰਤੀਤ ਹੋਤਾ ਹੈ। ਯਦਪਿ ਆਸਾ ਦੀ ਵਾਰ ਵਿਚੋਂ

"ਮਃ੧॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤਾ ਪਾਡੇ ਘਤੁ॥" ਪੰਦ੍ਰਵੀਂ ਪੌੜੀ ਵਿਚੋਂ ॥ ਤਥਾਪਿ ਯਹ ਅੰਤ੍ਰੀਵ ਜਨੇਊ ਹੈ ॥ ਯਥਾ ਔਰ ਸਾਧਨ ਭੀ ਹੈਂ ॥ "ਸ੍ਰੀਰਾਗ ਮਃ ੧ ॥ ਘੋੜੇ ਪਾਖਰ ਸੁਇਨੇ ਸਾਖਤਿ ਬੂਝਣ ਤੇਰੀ ਵਾਟ ॥ ਤਰਕਸ ਤੀਰ ਕਮਾਣ ਸਾਗ ਤੇਗ ਬੰਦ ਗੁਣ ਧਾਤੁ ॥ ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮ ਤੇਰਾ ਮੇਰੀ ਜਾਤਿ" ॥ ੩ ॥ ਬਾਬਾ ਹੋਰੁ ਚੜਣਾ ਖੁਸੀ ਖੁਆਰੁ ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ਸਬਦ ੭ ॥

ਟੀਕਾ—ਧਰਮ ਰੂਪੀ ਘੋੜਾ ਹੈ ਔਰ ਜਤ ਕੀ ਪਾਖਰ ਕਹੀਏ ਕਾਠੀ ਹੈ। ਜਿਸ ਕੀ ਮੁਦਤਾਦਕ ਸੋਨੇ ਕੀ ਸਾਖਤਿ ਕਹੀਏ ਬਨਾਵਟ ਵਾ ਪੂਜੀ ਹੈ ਔਰ ਜੋ ਤੇਰੀ ਪ੍ਰਾਪਤੀ ਕੀ ਬੂਝਣ ਕਹੀਏ ਸਮਝ ਹੈ ਸੋਈ ਵਾਟ ਰਾਹ ਹੈ। ਸ਼ੁੱਧ ਰਿਦੇ ਰੂਪੀ ਤਰਕਸ ਭਥੇ ਮੇ ਪ੍ਰੇਮ ਰੂਪੀ ਤੀਰ ਹੈ ਔਰ ਜੋ ਪਰਮੇਸ਼੍ਵਰ ਕੀ ਤਰਫ ਝੁਕੀ ਹੋਈ ਬੁੱਧੀ ਹੈ ਸੋ ਕਮਾਣ ਹੈ ਔਰ ਸ਼ਾਂਤੀ ਰੂਪੀ ਸਾਂਗਕਃ ਬਰਛੀ ਹੈ ਔਰ ਗਜਾਨ ਰੂਪ ਤੇਗ ਬੰਦ ਕਃ ਖੜਗ ਕਾ ਬਾਂਧਨਾ ਹੈ॥ ਹੇ ਪਿਤਾ ਜੀ! ਇਨ ਗੁਣੋਂ ਮੇ ਹਮਾਰਾ ਧਾਤੁ ਕਃ ਧਾਵਣਾ ਹੈ ਤੇਰੀ ਕ੍ਰਿਪਾ ਸੇ ਜੋ ਪਤਿ ਕੇ ਸਾਥ ਪ੍ਰਗਟ ਹੋਣਾ ਹੈ ਸੋਈ ਵਾਜਾ ਔਰ ਨੇਜਾ ਹੈ ਔਰ ਜੋ ਤੇਰਾ ਕਰਮ ਕਹੀਏ ਬਖਸ਼ਿਸ਼ ਵਾ ਕ੍ਰਿਪਾ ਤੇਰੀ ਹੈ ਸੋਈ ਮੇਰੀ ਜਾਤੀ ਕੀ ਉੱਤਮਤਾ ਹੈ। ਹੇ ਬਾਬਾ! ਹੋਰ ਮਨ ਕੀਆਂ ਖੁਸ਼ੀਆਂ ਅਨੁ-ਸਾਰ ਜੋ ਸਵਾਰੀ ਉਪਰ ਚੜ੍ਹਨਾ ਹੈ ਸੋ ਖ਼ੁਆਰ ਕਰਤਾ ਹੈ ਜਿਸ ਪਰ ਚੜ੍ਹਿਆਂ ਹੋਇਆਂ ਤਨ ਪੀੜਿਤ ਹੋਵੇ ਔਰ ਮਨ ਵਿਖੇ ਵਿਕਾਰ ਉਤਪੰਨ ਹੋਵੇ ਸੋ ਮੈਂ ਨਹੀਂ ਚਾਹਤਾ ਹੂੰ ॥ ੭ ॥ ਇੰਤਿ ॥

Sri Satguru Jagjit Singh Ji Elibrary NamdhariElibrary@gmail.com

ਤਥਾ ਸੋਰਠਿ ਮਃ ੧ ਘਰ ੧॥ ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ ਸਬਦ ੨॥ ਤਥਾ ਪ੍ਰਭਾਤੀ ਮਃ ੧ ॥ ਜਤੁ ਸਤੁ ਚਾਵਲੁ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥ਦੂਧ ਕਰਮੁ ਸੰਤੋਖ ਘੀਉ ਕਰਿ ਐਸਾ ਮਾਂਗਉ ਦਾਨੁ ॥ ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ॥ ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ॥ ਸਬਦ ੭ ॥ ਤਥਾ ਸੋਰਠਿ ਮਹਲਾ ੫ ॥ ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ॥ ਇਸੁ ਆਗੈ ਕੋ ਨ ਟਿਕੈ ਵੇਕਾਰੀ॥ ਗੁਰ ਪੂਰੇ ਏਹ ਗਲ ਸਾਰੀ॥ ਸਬਦ ੮੦ ॥ ਤਥਾ ਭਾਈ ਗੁਰਦਾਸ ਜੀ "ਸੀਲ ਜੱਤ ਕੀ ਕੱਛ ਪਹਿਰ ਪਕੜੋ ਹਥਿਆਰਾ॥ ਵਾਰ ੪੧ ॥ ਪੌਃ ੧੫॥"

ਇਤਜ਼ਾਦਿਕ ਅਨੰਤ ਵਾਕਜ਼ਅੰਤਰੀਯ ਸਾਧਨੋਂ ਕੋ ਕਹ ਰਹੇ ਹੈਂ ਤੋ ਇਨਕਾ ਤ਼ਾਤਪਰਯ ਬਾਹਜ਼ ਜੰਞੂ ਤਿਲਕ ਕਛਹਰਾਦਿਕੋਂ ਕੋਉਤਾਰ ਦੇਨੇ ਮੇਂ ਨਹੀਂ ਕਿੰਤੂ ਤਿਸਤਿਸ ਸ੍ਵਾਂਗ ਕੇ ਧਰਮੋਂ ਕੋ ਆਂਤਰੀਯ ਧਾਰਨੇ ਮੇਂ ਤ਼ਾਤਪਰਯ ਹੈ, ਜੋ ਨਿਸ਼ੇਧੀ ਮਾਨੇਂਗੇ ਤੋ ਅੰਨਾਦਿ

ਕਪੜੇ ਕਪਾਹ ਕਛਹਰਾ ਆਦਿਕ ਸਭ ਐਂਡੂ ਹੀ ਚਾਹੀਏ ਬਾਹਰਲੇ ਛੋੜੋ, ਯਾਤੇ ਬਾਹਜ ਅਪਨੀ ੨ ਸੰਪ੍ਰਦਾਯ ਕੇ ਅਨੁਸਾਰ ਭੇਖ ਭੀ ਰਖੋ ਔਰ ਉਨ ਕੇ ਅੰਤਰੀਵ ਆਸਾਧਾਰਣ ਧਰਮੋਂ ਕੋ ਭੀ ਧਾਰੋ। ਯਦਪਿ ਗਉੜੀ ਬੈਰਾਗਣਿ ਕਬੀਰ ਜੀ। "ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ॥ ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥ ਸਬਦ ੪੫ ॥" ਤਥਾਪਿ ਆਸਾ ਦੀ ਵਾਰ ਮੇਂ ਮਃ ੧ ॥ "ਜੇ ਮੋਹਾ ਘਰੁ ਕਾ ਮੁਹੈ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ ਪੌਃ ੧੭ ॥" ਤਥਾ ਸੂਰਜ ਪ੍ਰਕਾਸ਼ੋਕਤ ਦੋਃ॥ ਸੇਠਾ ਐ ਗੋਬਿੰਦ ਦੋਊ ਅਪਰ ਸੁਭਾਗਾ ਚੀਨ ॥ ਚੋਹਣੀਏ ਪੁਰ ਮੈ ਬਸੈਂ ਜਾਤਿ ਅਰੋੜੇ ਚੀਨ ॥

ਚੌਃ—ਗੁਰੂ ਅਰਜਨ ਕੋ ਬੰਦਨ ਠਾਨੀ।
ਹਾਥ ਜੋੜ ਕਰ ਅਰਜ ਵਖਾਨੀ॥
ਭੋਜਨ ਈਹਾਂ ਦੇਤ ਘਰ ਮਾਹੀ।
ਪਿਤਰਨ ਕੋ ਪਹੁੰਚਤ ਕੈ ਨਾਹੀ॥

ਸ੍ਰੀ ਮੁਖਵਾਕ 'ਜੇ ਮੋਹਾ ਕਾ ਘਰੁ ਮੁਹੈ' ਇਹੁ

Sri Satguru Jagjit Singh Ji Elibrary NamdhariElibrary@gmail.com

ਸਲੋਕ ਕਹਾ ਹੈ॥

ਚੌਃ—ਪਿਤਰ ਸੁਰਗ ਕੈ ਨਰਕ ਮਝਾਰੀ।
ਕਿਧੋ ਜੂਨ ਕੈਸੀ ਕੋ ਧਾਰੀ॥
ਜਬ ਪਿਤਰਨ ਕੋ ਦਿਨ ਚਲ ਆਵੈ।
ਤਿਨ ਹਿਤ ਕਰ ਭੋਜਨ ਜੋ ਖੁਆਵੈ॥
ਪਿਤਰ ਬਰਨ ਚਾਰ ਸਮੁਦਾਇ।
ਬਿਪ੍ਰ ਵਿਖੈ ਪ੍ਰਵੇਸਹਿ ਆਇ॥

[ਵਿਸਥਾਰ ਦੇਖੋ ਰਾਸ ੩ ਅੰਸੂ ੬੧॥

ਤਥਾ ਢਿਲਵੀਂ ਸ੍ਰੀ ਦਸਮੇਸ ਜੀ ਨੇ ਕੌਲ ਸਾਹਿਬ ਸੋਢੀ ਕੋ ਸ਼ਰਾਧ ਕਰਨੇ ਕੀ ਆਗਯਾ ਕਰਨੀ। ਜਬ ਗੁਰੂ ਨਾਨਕ ਦੇਵ ਜੀ ਕਾ ਸ਼ਰਾਧ ਕਰਨਾ ਸਿੱਧ ਕੀਆ ਸੋਢੀ ਸਾਹਿਬ ਜੀ ਨੇ ਤਬ ਗੁਰੂ ਜੀ ਚੌਪਈਃ—

ਸੁਨ ਸ੍ਰੀ ਗੋਬਿੰਦ ਸਿੰਘ ਪਰਮਾਨਾ।
ਮਾਨ ਲੀਨ ਮਨ ਪੁਨਹ ਵਖਾਨਾ॥
ਗੁਰ ਕੋ ਬੰਸ ਵਡੋ ਜਗ ਮਾਹੀ।
ਚਹੀਏ ਰਖਨ ਮੁਰਜਾਦਾ ਤਾਹੀ॥
ਤੁਮ ਕਉ ਹੇਰ ਅਪਰ ਨਰ ਕਰੈਂ।
ਯਾਂਤੇ ਵਡੇ ਮ੍ਰਜਾਦਾ ਧਰੈਂ।

[ਐਨ ੧ ਅੰਸੂ ੫॥ ਸੂਰਜ ਪ੍ਰਕਾਸ਼ ਇਤਿ॥

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦॥ ਨਮਸਤੇ

Sri Satguru Jagjit Singh Ji Elibrary NamdhariElibrary@gmail.com

ਭੂਤ ਗ੍ਰਾਮੇਸ਼ੂ ਨਮਸਤੁਭਯੰ ਜਨਾਰਦਨਃ ਨਮਸਤੇ ਪੰਚ ਭੂਤਾਸਜ ਨਮਸਤੇ ਆਤਮਾ ਰਾਮੰ ॥ ੧ ॥ ਮਦ ਪਿਤ੍ਰ-ਗਨਤਾ ਤ੍ਵਪ੍ਰਸਾਦਿ ਸਫਲੰ ਤਵਸਤਾ ਹੱਬ ਕੱਬ ਰੱਖ ਭੁਗਤ੍ਵਾਨਿ ਚ ਸਕਲ ਮਨੰ ਪਿਤ੍ਰ ਕਰਮਾਨੀ ਸਾਧ ਭੁੰਚਾਮਿਦਦਊਜਨੰ ॥ ਦੇਖੋ ਸਰਬਲੋਹ ਧਿਃ ੫ ॥ ਪੰਨਾ ੪੬੨ ॥" ਈਹਾਂ ਵਿਧੀ ਉਚਾਰਨ ਕਰ ਰਹੇ ਹੈਂ ॥ ਯਾਂਤੇ ਪ੍ਰਸਪਰ ਵਿਰੋਧ ਹੋਵੇਗਾ ਤਾਂਤੇ ਜੀਵਤ ਪਿਤਰ ਸ਼ਬਦ ਕਾ ਤਾਤਪਰਯ ਸ਼ਰਾਧ ਕੇ ਖੰਡਨ ਮੇਂ ਨਹੀਂ, ਕਿੰਤੂ ਜੀਵਤੇ ਮਾਤਾ ਪਿਤਾ ਕੀ ਸੇਵਾ ਭੀ ਕਰੇ ਔਰ ਪੀਛੇ ਸੇ ਸ਼ਰਾਧ ਭੀ ਕਰਵਾਵੈ। ਸ਼ਰਾਧ ਕਾ ਅਧਿਕਾਰੀ ੫ ਵੇਂ ਅਧਯਾਇ ਮੇਂ ਕਹੇਂਗੇ ॥ ਤਥਾ ਮਾਤਾ ਪਿਤਾ ਉਪਕਾਰ ਭਾਈ ਗੁਰਦਾਸ ਜੀਃ—

ਮਾਤ ਪਿਤਾ ਮਿਲ ਨਿੰਮਿਆ ਆਸਾਵੰਤੀ ਉਦਰ ਮਝਾਰੇ ॥ ਰਸ ਕਸ ਖਾਇ ਨਲੱਜ ਹੋਇ ਛੂਹਛਹ ਧਰਣ ਧਰੈ ਪਗ ਧਾਰੇ ॥ ਪੇਟ ਵਿਚ ਦਸ ਮਾਹ ਰਖ ਪੀੜਾ ਖਾਇ ਜਣੈ ਪੁਤ ਪਿਆਰੇ ॥ ਜਣਕੈ ਪਾਲੈ ਕਸ਼੍ਟ ਕਰ ਖਾਨ ਪਾਨ ਵਿਚ ਸੰਜਮ ਸਾਰੇ ॥ ਗੁੜ੍ਹਤੀ ਦੇਇ ਪਿਆਲ ਦੁਧ ਘੁੱਟੀ ਵੱਟੀ ਦੇ ਨਿਹਾਰੇ ॥ ਛਾਦਨ ਭੋਜਨ ਪੋਖਿਆ ਝੰਛਨ ਮੰਗਣ ਪੜ੍ਹਨ ਚਿਤਾਰੇ ॥

ਪਾਧੇ ਪਾਸ ਬਹਾਲਿਆ ਖਟ ਲੁਟਾਇ ਹੋਇ ਸੁਚਿਆਰੇ॥ ਅਰਿਣਤ ਹੋਇ ਭਾਰ ਉਤਾਰੇ ॥ ਵਾਰ ੩੭ ਪੌ: ੧੦ ਵਿਸਥਾਰ ਵਿਚ ਦੇਖੋ ॥

ਤਥਾ ਮਲਾਰ ਕੀ ਵਾਰ ਪਉੜੀ ॥ ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥ ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ ॥ ਹਥੀ ਸਿਰ ਖੋਹਾਇਨ ਭਦੁ ਕਰਾਇਆ ॥ ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥ ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥ ਮਨਿ ਜੂਠੇ ਵੇਜਾਤਿ ਜੂਠਾ ਖਾਇਆ ॥ ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥ ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥ ਪੌ: ੧੬ ॥

ਅਰਥਾਤ ਹਾਥੋਂ ਸੇ ਵਾਲੋਂ ਕੋ ਉਖਾੜਤੇ ਹੈਂ ਭੱਦਣ ਨਹੀਂ ਕਰਵਾਤੇ, ਈਹਾਂ ਭੱਦਣਾਦਿ ਭੀ ਸਪਸ਼੍ਟ ਹੈਂ ॥

-+o+-

## ਬੱਜਰ ਪਾਪ, ਕਲਿ

ਸ਼ੰਕਾ—ਆਪ ਨੇ ਪੂਰਬ ਕਹਾ "ਭੂਮ ਭਾਰ ਤੇ ਅਤਿ ਦੁਖ ਪਾਯੋ।" ਵਹ ਕੌਨ ਸੀ ਪਾਪੋਂ ਕਾ ਭਾਰ ਹੈ ਪ੍ਰਿਥਵੀ ਕੋ ?

Sri Satguru Jagjit Singh Ji Elibrary NamdhariElibrary@gmail.com

ਉੱਤ੍ਰ—ਬੱਜਰ ਪਾਪਾਂ ਦਾ। ਕੌਨ ਹੈਂ ? ਸੋ ਕਹਤੇ ਹੈਂ ਸੰਖੇਪ ਸੇ:—

ਗਉੜੀ ਮਃ ੧ ॥ ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ। ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰ ਬਹੀਐ ॥ ੨ ॥ ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ। ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ ੩ ॥ ਸੂਤੇ ਕਉ ਜਾਗਤ ਕਹੈ ਜਾਗਤ ਕਉ ਸੂਤਾ। ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ੪ ॥ ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ। ਪਰ ਕੀ ਕਉ ਅਪਨੀ ਕਹੈ ਅਪੁਨੋ ਨਹੀ ਭਾਇਆ ॥ ੫ ॥ ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ। ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥ ੬ ॥ ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ। ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ ੭ ॥ ਅਸਟਪਦੀ ੧੮ ॥

ਤਥਾ ਗਉੜੀ ਕੀ ਵਾਰ ਮਃ ੪ ॥ ਮਨਮੁਖਾ ਦੇ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ। ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ। ਕਾਮ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥ ਪੌਃ ੯ ॥ ਤਥਾ ਰਾਮਕਲੀ ਦੀ ਵਾਰ ਮਃ ੩ ਵਿਚੋਂ

Sri Satguru Jagjit Singh Ji Elibrary NamdhariElibrary@gmail.com

ਮਃ ੧ ॥ ਸਤੀ ਪਾਪੁ ਕਰਿ ਸਤੁ ਕਮਾਹਿ। ਗੁਰ ਦੀਖਿਆ ਘਰਿ ਦੇਵਣ ਜਾਹਿ । ਇਸਤਰੀ ਪੁਰਖੈ ਖਟਿਐ ਭਾਉ । ਭਾਵੈ ਆਵਉ ਭਾਵੈ ਜਾਉ ॥ ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥ ਕਾਜੀ ਹੋਇਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥ ਵਢੀ ਲੈਕੇ ਹਕੁ ਗਵਾਏ ॥ ਜੇ ਕੋ ਪੂਛੈ ਤਾ ਪੜਿ ਸੁਣਾਏ ॥ ਤੁਰਕ ਮੰਤ੍ਰ ਕਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥ ਚਉਕਾ ਦੇਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥ ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥ ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰ ਛਾਈ ਪਾਈ ॥ ਨਾਨਕ ਕਲਿਕਾ ਏਹੁ ਪਰਵਾਣੁ ॥ ਆਪੇ ਆਖਣ ਆਪੇ ਜਾਣੁ ॥ ਪੌਃ ੧੧ ॥ ਤਬਾ ਸਾਰੰਗ ਦੀ ਵਾਰ ਵਿਚੋਂ ਮਃ ੧ ॥ ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ। ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ। ਜਿਨ ਜੀਵੰਦਿਆਂ ਪਤਿ ਨਹੀ ਮੁਇਆ ਮੰਦੀ ਸੋਇ। ਲਿਖਿਆ ਹੋਵੈ ਨਾਨਕਾ ਕਰਤਾ ਕਰੇ ਸੁ ਹੋਇ। ਪੌਃ ੧੪ ॥ ਤਬਾ ਮਃ ੧ ॥ ਰੰਨਾ ਹੋਈਆ ਬੋਧੀਆਂ

Sri Satguru Jagjit Singh Ji Elibrary NamdhariElibrary@gmail.com

ਪੁਰਸ ਹੋਏ ਸਈਆਦ* । ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ । ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ । ਨਾਨਕ ਸਚਾ ਏਕੁ ਹੈ ਅਉਰ ਨ ਸਚਾ ਭਾਲਿ ॥ ਪੌ: ੧੪ ॥ ਸਾਰੰਗ ਵਾਰ ਇਤਿ ॥ ਤਥਾ ਮਲਾਰ ਦੀ ਵਾਰ ਵਿਚੋਂ ਮ: ੧ ॥ ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ। ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ। ਇਲਤ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ। ਨਾਨਕ ਗੁਰਮੁਖਿ ਜਾਣੀਐ ਕਲਿਕਾ ਏਹੁ ਨਿਆਉ ॥ ਤਥਾ॥ ਰਾਜੇ ਸੀਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ। ਚਾਕਰ ਨਹਦਾ ਪਾਇਨਿ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ। ਜਿਥੈ ਜੀਆਂ ਹੋਸੀ ਸਾਰ। ਨਕੀਂ ਵਢੀਂ ਲਾਇਤਬਾਰ ॥ ਪੌ: ੨੨ ਦੇਖੋ ॥ ਤਥਾ ਮਾਝ ਦੀ ਵਾਰ ਵਿਚੋਂ ਮ: ੧ ॥ ਕਲਿਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ। ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ । ਹਉ ਭਾਲਿ ਵਿਕੁੰਨੀ ਹੋਈ। ਆਧੇਰੈ ਰਾਹੁ ਨ ਕੋਈ। ਵਿਚਿ ਹਉਮੈ ਕਰਿ ਦੁਖੁ ਰੋਈ। ਕਹੁ ਨਾਨਕ ਕਿਨਿ ਬਿਧਿ ਗਤਿ

---

*ਸਈਆਦ ਕਹੀਏ ਸਿਖਿਆ ਲੇਨੇ ਵਾਲੇ ਵਾ ਬਧਕ ਸ਼ਿਕਾਰੀ ਅਰਥਾਤ ਕੁਕਰਮੀ ॥

Sri Satguru Jagjit Singh Ji Elibrary NamdhariElibrary@gmail.com

ਹੋਈ ॥ ਪੌ: ੧੬ ॥ ਤਥਾ ਧਨਾਸਰੀ ਮ: ੧ ॥ ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ* ਗਹੀ । ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ ਸਬਦ ੮ ॥ ਤਥਾ ਰਾਮਕਲੀ ਮ: ੧ ॥ ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ । ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥ ਅਸਟਪਦੀ ੧ ॥

ਤਥਾ ਭਾਈ ਗੁਰਦਾਸ ਜੀ ॥ ਜੁਗ ਗਰਦੀ ਜਬ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ । ਉਠੇ ਗਿਲਾਨ ਜਗੱਤ ਵਿਚ ਵਰਤੈ ਪਾਪ ਭ੍ਰਸ਼ਟ ਸੰਸਾਰਾ । ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਯਾਰਾ ॥ ਨਿੰਦਯਾ ਚਾਲੈ ਵੇਦ ਕੀ ਸਮਝਨ ਨਹਿ ਅਗਿਆਨ ਗੁਬਾਰਾ ॥ ਬੇਦ ਗ੍ਰੰਥ ਗੁਰ ਹੱਟ ਹੈ ਜਿਸ ਲਗ ਭਵਜਲ ਪਾਰ ਉਤਾਰਾ ॥ ਸਤਿਗੁਰ ਬਾਝ ਨ ਬੁੱਝੀਐ ਜਿੱਚਰ ਧਰੇ ਨ ਗੁਰ ਅਵਤਾਰਾ ॥ ਗੁਰ ਪਰਮੇਸ਼ਰ ਇਕ ਹੈ ਸੱਚਾ ਸਾਹ ਜਗਤ ਵਣਜਾਰਾ॥ ਚੜ੍ਹੈ ਸੂਰ ਮਿਟ ਜਾਇ ਅੰਧਾਰਾ ॥ਵਾਰ ੧ ॥ ਪੌ: ੧੭॥

ਤਥਾ ॥ ਠਾਕੁਰ ਦੁਆਰੇ ਢਾਇ ਕੈ ਤਿਹ ਠਉੜੀ ਮਸੀਤ ਉਸਾਰਾ ॥ ਮਾਰਨ ਗਊ ਗਰੀਬ ਨੂੰ ਧਰਤੀ ਉਪਰ ਪਾਪ ਬਿਥਾਰਾ ॥ ਵਾਰ ੧ ॥ ਪੌ: ੨੦ ॥

---

* ਮਲੇਛ ਭਾਖਿਆ ਕਹੀਏ ਫਾਰਸੀ ਆਦਿਕ ।

Sri Satguru Jagjit Singh Ji Elibrary NamdhariElibrary@gmail.com

ਤਥਾ ॥ ਬ੍ਰਾਹਮਣ ਗਾਂਈ ਵੰਸ ਘਾਤ ਅਪਰਾਧ ਕਰਾਰੇ ॥ ਮਦ ਪੀ ਜੂਏ ਖੇਲਦੇ ਜੋਹਨ ਪਰਨਾਰੇ ॥ ਮੋਹਨ ਪਰਾਈ ਲਖਮੀ ਠੱਗ ਚੋਰ ਚਗਾਰੇ ॥ ਵਿਸਵਾਸ ਧ੍ਰੋਹੀ ਅਕਿਰਤਘਨ ਪਾਪੀ ਹਤਿਆਰੇ ॥ ਲਖ ਕਰੋੜੀ ਜੋੜਿਅਨ ਅਨਗਿਣਤ ਅਪਾਰੇ ॥ ਇੱਕ ਤ ਲੂਇੰ ਨ ਪੁਜਨੀ ਬੇਮੁਖ ਗੁਰਦੁਆਰੇ ॥ ਵਾਰ ੩੪ ॥ ਪੌਃ ੧੯ ॥

ਤਥਾ ॥ ਗੰਗ ਜਮਨ ਗੋਦਾਵਰੀ ਕੁਲਖੇਤ ਸਿਧਾਰੇ । ਮਥੁਰਾ ਮਾਇਆ ਅਯੁਧਿਆ ਕਾਸ਼ੀ ਕੇਦਾਰੇ । ਗਇਆ ਪਿਰਾਗ ਸੁਰਸ੍ਵਤੀ ਗੋਮਤੀ ਦੁਆਰੇ । ਜਪ ਤਪ ਸੰਜਮ ਹੋਮ ਜੱਗ ਸਭ ਦੇਵ ਜੁਹਾਰੇ । ਅਖੀਂ ਪਰਣੈ ਜੇ ਭਵੈ ਤਿਹੁ ਲੋਇ ਮਝਾਰੇ । ਮੂਲ ਨ ਉਤਰੈ ਹੱਤਿਆ ਬੇਮੁਖ ਗੁਰ ਦੁਆਰੇ ॥ ਵਾਰ ੩੪ ॥ ਪੌਃ ੧੭ ॥

ਤਥਾ ॥ ਡਾਇਨ ਮਾਣਸ ਖਾਵਣੀ ਪੁਤ ਬੁਰਾ ਨ ਮੰਗੈ । ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ ॥ ਰਾਜੇ ਧ੍ਰੋਹ ਕਮਾਂਵਦੇ ਰੈਬਾਰ ਸੁਰੰਗੈ । ਬੱਜਰ ਪਾਪ ਨ ਉਤਰਨੀ ਜਾਇ ਕੀਚਨ ਗੰਗੈ । ਬਰਹਰ ਕੰਬੈ ਨਰਕ ਜਮ ਸੁਣ ਨਿੰਦਕ ਢੰਗੈ । ਨਿੰਦਾ ਭਲੀ ਨ ਕਿਸੇ ਦੀ ਗੁਰ ਨਿੰਦ ਕੁਢੰਗੈ ॥ ਵਾਰ ੩੫ ॥ ਪੌਃ ੪ ॥

ਤਥਾ ॥ ਕਲਆਈ ਕੁੱਤੇ ਮੁਹੀ ਖਾਜੁ ਹੂਆ ਮੁਰਦਾਰ ਗੁਸਾਈ । ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ

ਕਉ ਖਾਈ। ਪਰਜਾ ਅੰਧੀ ਗਯਾਨ ਬਿਨ ਕੂੜ ਕੁਸੱਤ ਮੁਖਹੁ ਆਲਾਈ। ਚੇਲੇ ਸਾਜ ਵਜਾਇਦੇ ਨੱਚਨ ਗੁਰੂ ਬਹੁਤ ਬਿਧ ਭਾਈ। ਸੇਵਕ ਬੈਠਨ ਘਰਾਂ ਵਿਚ ਗੁਰ ਉਠ ਘਰੀਂ ਤਿਨਾੜੇ ਜਾਈ। ਕਾਜ਼ੀ ਹੋਏ ਰਿਸ਼ਵਤੀ ਵੱਢੀ ਲੈਕੇ ਹੱਕ ਗਵਾਈ। ਇਸਤ੍ਰੀ ਪੁਰਖੈ ਦਾਮ ਹਿਤ ਭਾਵੈਂ ਆਇ ਕਿਥਾਊ ਜਾਈ। ਵਰਤਿਆ ਪਾਪ ਸਭਸ ਜਗ ਮਾਹੀ॥ ਵਾਰ੧॥ ਪੌਃ੩੦॥ ਗੁਰਦਾਸਜੀ ਇਤਿ॥

ਤਥਾ ਆਸਾ ਦੀ ਵਾਰ ਮਃ ੧॥ ਗਊ ਬਿਰਾਹਮਣ ਕਉ *ਕਰੁ ਲਾਵਹੁ ਗੋਬਰਿ ਤਰਣੁ ਨ ਜਾਈ। ਪੌਃ ੧੬॥ ਤਥਾ ਸਲੋਕ ਵਾਰਾ ਤੇ ਵਧੀਕ ਮਃ ੩॥ ਬ੍ਰਹਮਣ ਕੈਲੀਘਾਤੁ ਕੰਞਕਾ ਅਣਚਾਰੀ ਕਾ ਧਾਨੁ। ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਮਾਨੁ। ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ॥ ਸ਼ਬਦ ੪॥

ਤਥਾ ਜਨਮਸਾਖੀ ਉਕਤ—ਪਾਪੀ ਬਹੁ ਪ੍ਰਕਾਰ ਹੈ ਉਤਮ ਮੱਧਮ ਜਾਨ। ਹਤਿਆ ਖਟ ਪ੍ਰਕਾਰ ਹੈ ਮਨਮੈ ਲੇਹੁ ਪਛਾਨ॥ ਗਊ ਬ੍ਰਾਹਮਣ ਮਾਰੀਐ ਗੋਤ੍ਰੀਹੱਤ ਕਹਾਇ॥ ਰਿਣ ਹਤਿਆ ਕੰਨਿਆ ਹੱਤਜਾ ਵਿਸਵਾਸ ਘਾਤ ਅਧਿਕਾਇ॥ ਕੋਟ ਛਿਨਵੇਂ ਪਾਪ ਸਮ ਹੱਤਜਾ

*ਕਰ ਕਹੀਏ ਡੰਨ ਮਸੂਲ।

Sri Satguru Jagjit Singh Ji Elibrary NamdhariElibrary@gmail.com

ਇੱਕ ਕਹਾਇ। ਖਟ ਹੱਤਯਾ ਕੇ ਤੁਲ ਹੈ ਗੁਰ ਤੇ ਸਿਖ ਫਿਰ ਜਾਇ। ਵਿਸਵਾਸ ਘਾਤ ਇਕ ਕੋਟ ਸਮ ਹਤੇ ਮਾਇ ਅਰ ਬਾਪ॥ ਔਰ ਹੱਤਯਾ ਸਭ ਉਤਰੇ ਏਹੁ ਹੱਤਯਾ ਨਹੀ ਜਾਤ॥ ਕੋਟ ਪਾਪ ਕੇ ਤੁਲ ਹੈ ਅਕ੍ਰਿਤਘਨ ਨਰ ਜੋਇ॥ ਮਹਾ ਪਾਤਕੀ ਜਾਣੀਏ ਜੋ ਰਵੈ ਪਰਾਈ ਜੋਇ॥ ਏਹ ਸਭ ਪਾਪ ਇਕਤ੍ਰ ਕਰ ਜੇਤੇ ਬਰਤਣ ਲੋਇ॥ ਅਦ੍ਰਿਸ਼੍ਟ ਵਿਚਾਰੇ ਦੇਖ ਕੇ ਸਭ ਪਾਪ ਚੜ੍ਹੇ ਸਿਰ ਸੋਇ॥ ਸਾਈਆਂ ਨਿੰਦਕ ਨਾ ਮਰੇ ਨਾ ਜੀਵੇ ਬਰਖ ਅਪਾਰ॥ ਸਭ ਪਾਪੀ ਦਾ ਫੇੜਿਆ ਇਕ ਨਿੰਦਕ ਕੇ ਸਿਰ ਭਾਰ॥ ਸਾਖੀ ਮੱਕੇ ਦੀ ਪੰ: ੧੪੫ ॥

ਤਥਾ—ਨਾਨਕ ਆਖੇ ਰੁਕਨ ਦੀਨ ਲਿਖਿਆ ਵਿਚ ਕਿਤਾਬ ॥ ਗਊ ਸੂਅਰ ਨੂੰ ਮਾਰੀਏ ਲਗਨ ਬਹੁਤ ਅਜਾਬ॥ ਤ੍ਰੁਟਿਆਂ ਰੋਮਾ ਗਊ ਦਿਆਂ ਦੁਧ ਸੋ ਮਿਲਿਆ ਜੋ ਖਾਇ॥ ਜਾਇ ਰਸਾਤਲ ਬਾਸ ਲੇਹ ਜੂਨ ਸਰਪ ਕੀ ਪਾਇ॥ ਪੁਣੇ ਬਿਨਾ ਦੁਧ ਗਊ ਦਾ ਖਾਧਿਆਂ ਗਯਾ ਪਤਾਲ॥ ਜੋ ਗਊ ਸੂਅਰ ਦਾ ਮਾਸ ਖਾਨ ਤਿਨ੍ਹਾ ਬੜੇ ਜੰਜਾਲ ॥ ਸਾਖੀ ਮੱਕੇ ਦੀ ਪੰਨਾ ੧੫੬ ॥

Sri Satguru Jagjit Singh Ji Elibrary NamdhariElibrary@gmail.com

ਤਥਾ ॥ ਗਊ ਗਰੀਬਾਂ ਕਰੁਨ ਲੈ ਰਿਸਵਤ ਹੱਕ ਗਵਾਇ । ਦਰਗਹ ਅੰਦਰ ਡਿਠ ਮੈ ਪਾਂਦੇ ਬਹੁਤ ਸਜਾਇ । ਸਾਖੀ ਮੱਕੇ ਦੀ ਪੰਨਾ ੧੮੫ ।

ਤਥਾ ॥ ਕਲਜੁਗ ਕੀ ਮੁਜਾਦ ਸੁਣ ਚਾਰ ਲਖ ਬੱਤੀ ਹਜ਼ਾਰ । ਸਾਰਾ ਕਲਜੁਗ ਭੋਗਸੀ ਨਾਨਕ ਧਰੇ ਉਤਾਰ । ਧਰਤੀ ਗਊ ਸਰੂਪ ਹੈ ਅਹਿਨਿਸ ਕਰੇ ਪੁਕਾਰ । ਹੈ ਕੋਈ ਐਸਾ ਸਾਧ ਜੋ ਮੈਨੂੰ ਲਏ ਉਬਾਰ । ਦੁਖੀ ਪੁਕਾਰੈ ਰੈਨ ਦਿਨ ਪਾਪਾਂ ਭਾਰੀ ਹੋਇ । ਵਡਾ ਪਾਪ ਗਊ ਬੱਧ ਹੈ ਜਿਸ ਪਰ ਸਾਰੀ ਲੋਇ । ਖਲੋਤੀ ਇਕ ਹੀ ਪੈਰ ਪਰ ਤ੍ਰੈ ਪਾ ਹੋਏ ਨਾਸ । ਜਾਇ ਕੁੰਭੀ ਪੈਰ ਫਾਹਿ ਸਭ ਪੂਜਾ ਹੋਵੈ ਨਾਸ । ਸਾਖੀ ਮਦੀਨੇ ਦੀ ਪੰਨਾ ੨੧੧ ॥

ਤਥਾ ॥ ਗਊ ਭੈਂਸ ਤੇ ਮੁਰਗੀਆਂ ਜੋ ਹੈਵਾਨ ਗਰੀਬ । ਤਿਹ ਪਰ ਛੁਰੀ ਹਰਾਮ ਹੈ ਖਾਵਨ ਤਿਨ੍ਹਾਂ ਪਲੀਤ । ਪੰਨਾ ੨੧੫ ॥

ਤਥਾ ॥ ਬੇ ਜੁਬਾਨ ਪਰ ਛੁਰੀ ਹਰਾਮ । ਕਿਆਮਤ ਲੇਖਾ ਰਹਿਆ ਇਮਾਨ ॥ ਸਾਖੀ ਮਦੀਨੇ ਦੀ ਪੰਨਾ ੨੧੬ ॥

ਤਥਾ॥ ਗਊ ਘਾਤ ਹੱਤਯਾ ਨਹੀ ਉਤਰੇ ਤਟ ਤੀਰਥ ਭਰਮਾਇ । ਕਹੁ ਨਾਨਕ ਜਗ ਥਾਪ ਉਥਪੇ ਸਤਿਗੁਰ

ਕਿਨੇ ਨ ਪਾਇਆ ਜਾਇ । ਸਾਖੀ ਅਜਿਤੇ ਰੰਧਾਵੇ ਦੀ ਪੰਨਾ ਪ੩੨ ॥

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਸ੍ਰੀ ਕਲਕੀ ਅਵਤਾਰੋਕਤ ॥ ਚੌਃ ॥

ਭਾਰਾ ਕ੍ਰਿਤ ਹੋਤ ਜਬ ਧਰਨੀ।
ਪਾਪ ਗਰਸਤ ਕਛੁ ਜਾਤ ਨ ਬਰਣੀ।
ਭਾਂਤ ਭਾਂਤ ਤਨ ਹੋਤ ਉਤ ਪਾਤਾ।
ਪੁਤਰ ਸੇਜ ਸੋਵਤ ਲੈ ਮਾਤਾ।
ਸੁਤਾ ਪਿਤਾ ਤਨ ਰਮਤ ਨਸ਼ੰਕਾ।
ਭਗਨੀ ਭਰਤ ਭਰਾਤ ਕਹ ਅੰਕਾ।
ਭਰਾਤ ਬਹਨ ਸੰਗ ਕਰਤਵਿਹਾਰਾ।
ਇਸਤਰੀ ਤਜੀ ਸਕਲ ਸੰਸਾਰਾ।
ਸੰਕਰ ਬਰਣ ਪ੍ਰਜਾ ਸਭ ਹੋਈ।
ਏਕ ਗਿਯਾਤ ਕੋ ਰਹਾ ਨ ਕੋਈ।
ਏਕ ਏਕ ਮਤ ਇਕ ਇਕ ਧਾਮਾ।
ਘਰ ਘਰ ਹੋਇ ਬੈਠ ਹੈ ਰਾਮਾ ॥ ਛੰਃ੧੨ ॥

ਤਥਾ—ਘਰ ਘਰ ਝੂਠ ਅਮਸਜਾ ਭਈ।
ਸਾਚ ਕਲਾ ਸਸ ਕੀ ਦੁਰਗਈ।
ਜਹ ਤਹ ਹੋਨ ਲਗੇ ਉਤਪਾਤਾ।
ਭੋਗਤ ਪੂਤ ਸੇਜ ਚੜ੍ਹ ਮਾਤਾ ॥ ਛੰਃ੫ ॥

ਤਥਾ—ਏਕ ਧਰਮ ਪਰ ਪੂਜਾ ਨ ਚਲ ਹੈ।
ਵੇਦ ਕਤੇਬ ਦੋਊ ਮਤ ਦਲ ਹੈ॥ ਛੰ:੧੭॥

ਤਥਾ—ਪ੍ਰੰਤੂ ਸੋ ਮਤ ਥੋੜੇ ਹੀ ਦਿਨ ਰਹਨਗੇ॥ ਗੀਯਾ ਮਾਲਤੀ ਛੰਦ॥ ਏਕ ਮਾਸ ਦੁਮਾਸ ਅਧਮਾਸ ਲੋ ਤ ਚਲਾਹਿਗੇ। ਅੰਤ ਬੂਬਰ ਪਾਨ ਜਿਓ ਮਤ ਆਪ ਹੀ ਮਿਟ ਜਾਹਿਗੇ॥ ਛੰਃ ੧੯॥

ਤਥ—ਏਕ ਦਿਵਸ ਚਲੈ ਕੋਊ ਮਤ ਦੋਇ ਦਿਵਸ ਚਲਾਹਿਗੇ। ਨ੍ਰਿਪ ਜੋਰ ਕਠੋਰ ਕਰੋਰ ਕੈ ਦਿਨ ਤੀਸਰੈ ਮਿਟ ਜਾਹਿਗੇ॥ ਛੰਃ ੨੨॥

ਤਥਾ—ਧਰਮੁ ਕਰਮੁ ਉਡਿਯੋ ਜਹਾ ਤਹ ਪਾਪ ਪਗ ਪਗ ਹੋਹਿਗੇ। ਨਿਜ ਸਿਖ ਨਾਰ ਗੁਰੂ ਰਮੈ ਗੁਰ ਦਾਰਾ ਸੋ ਸਿਖ ਸੋਹਿਗੇ॥ ਛੰਃ ੨੫॥

ਤਥਾ ਚੌਃ—ਪੜ੍ਹਿ ਹੈ ਨ ਕੋਈ ਭੂਲ ਪੁਰਾਨਾ।
ਕੋਊ ਨ ਪਕਰੈ ਪਾਨ ਕੁਰਾਨਾ।
ਬੇਦ ਕਤੇਬ ਜਬਨ ਕਰਿ ਲੈਹਿ ਹੈ।
ਤਾਕਹ ਗੋਬਰ ਗਨ ਮੋ ਦਹਿ ਹੈ।
ਚਲੀ ਪਾਪ ਕੀ ਜਗਤ ਕਹਾਨੀ॥
ਭਾਜਾ ਧਰਮ ਛਾਡਿ ਰਜ ਧਾਨੀ॥ ਛੰਃ ੧੪॥

ਤਥਾ—ਅਬਬੇਕ ਔਰ ਬਬੇਕ ਕੋ ਨ ਬਿਬੇਕ ਬੈਠ ਵਿਚਾਰ ਹੈਂ। ਪੁਨ ਝੂਠ ਬੋਲ ਕਮਾਹਿਗੇ ਸਿਰ ਸਾਚ ਬੋਲ ਉਤਾਰ

ਹੈਂ। ਛੰਃ ੨੫ ॥ ਤਥਾ—ਤਰ ਨਰਾਜ ਛੰਦ। ਬਰਨ ਹੈ ਅਬਰਨ ਕੋ। ਛਾਡ ਹਰਿ ਸਰਨਕੋ। ਛਾਡ ਸਭ ਸਾਜ ਕੋ। ਲਾਗ ਹੈਂ ਅਕਾਜ ਕੋ। ਤਿਯਾਗਹੈਂ ਨਾਮ ਕੋ। ਲਾਗ ਹੈਂ ਕਾਮ ਕੋ। ਲਾਜ ਕੋ ਛੋਰ ਹੈਂ। ਦਾਨ ਮੁਖ ਮੋਰ ਹੈਂ। ਚਰਨ ਨਹੀ ਧਿਯਾਇ ਹੈ। ਦੁਸ਼ਟ ਗਤਿ ਪਾਇ ਹੈ ॥ ਨਰਕ ਕਹਿ ਜਾਹਿਗੇ। ਅੰਤ ਪਛ-ਤਾਹਿਗੇ। ਧਰਮ ਕਹਿ ਖੋਹਿਗੇ। ਪਾਪ ਕਰ ਰੋਹਿਗੇ। ਨਰਕ ਪੁਨ ਬਾਸ ਹੈ। ਤਰਾਸ ਜਮ ਤਰਾਸ ਹੈ। ਛੰ:੩੭।

ਤਥਾ ਪ੍ਰਿਆ ਛੰਦ ॥ ਨਹੀ ਵੇਦ ਵਾਕ ਪ੍ਰਮਾਨ ਹੈ। ਮਤਿ ਭਿੰਨ ਭਿੰਨ ਬਖਾਨ ਹੈ। ਨ ਕੁਰਾਨ ਕੋ ਮਤ ਲੇਹਗੇ। ਨ ਪੁਰਾਨ ਦੇਖਨ ਦੇਹਿਗੇ। ਨਹੀ ਏਕ ਮੰਤ੍ਰਹ ਜਾਪ ਹੈਂ। ਦਿਨ ਦ੍ਵੈਕ ਥਾਪਨ ਥਾਪਹੈਂ ॥ਛੰ: ੬੩॥

ਤਥਾ ॥ ਸਿਸ਼ਟ ਇਸ਼ਟ ਤਜ ਦੀਨ ਕਰਤ ਅਰਿਸ਼ਟ ਪ੍ਰਸ਼ਟ ਸਭ ॥ ਬਿਸ਼ਟ ਸ੍ਰਿਸ਼ਟ ਤੇ ਮਿਟੀ ਭਏ ਪਾਪਿਸ਼ਟ ਭ੍ਰਿਸ਼ਟ ਤਬ ॥ ਇਕ ਇਕ ਨਿੰਦ ਹੈਂ ਇਕ ਇਕਹ ਹਸ ਚਲੈ ॥ ਛੰਃ ੭੪ ॥ ਦੋਃ ॥ ਠੌਰ ਠੌਰ ਨਵ ਮਤਿ ਚਲੇ ਉਠਾ ਧਰਮ ਕੋ ਦੌਰ ॥ ਸੁਕ੍ਰਿਤ ਜਹ ਕਿਹ ਦੂਰ ਰਹੀ ਪਾਪ ਭਯੋ ਸਿਰ ਮੌਰ ॥ ਛੰਃ ੭੮ ॥

ਤਥਾ ਅੜਿਲ ਦੂਜਾ—

ਜਹਾਂ ਤਹਾਂ ਅਧਰਮ ਉਪਜੀਆ।

ਜਾਨਕ ਧਰਮ ਪੰਖ ਕਰ ਭਜੀਆ ।
ਡੋਲਤ ਜਹ ਕਹ ਪੁਰਖ ਅਪਾਵਨ ।
ਲਾਗਤ ਕਤ ਹੀ ਧਰਮ ਕੋ ਦਾਵਨ ।
ਅਰਥਹ ਛਾਡ ਅਨਰਥ ਬਤਾਵਤ ।
ਧਰਮ ਕਰਮ ਚਿਤ ਏਕ ਨ ਲਿਆਵਤ ।
ਧਰਮ ਕਰਮ ਕੀ ਕ੍ਰਿਯਾ ਭੁਲਾਵਤ ।
ਜਹਾ ਤਹਾਂ ਅਰਿਸ਼ਟ ਬਤਾਵਤ ॥ ਛੰ: ੯੪ ॥

ਤਥਾ ਕੁਲਕ ਛੰਦ—

ਅਸ ਦੁਰ ਕਰਮੰ । ਛੁਟ ਜਗ ਧਰਮੰ ॥
ਮਤ ਪਿਤ ਭਰਮੈ । ਧਸਤ ਨ ਘਰ ਮੈ ॥
ਸਿਖ ਮੁਖ ਮੋਰੈ । ਭ੍ਰਿਤ ਨ੍ਰਿਪ ਛੋਰੈ ।
ਤਜ ਤ੍ਰਿਯ ਭਰਤਾ । ਬਿਸਰੋ ਕਰਤਾ ॥
ਨਵ ਨਵ ਕਰਮੰ । ਬਢ ਗਿਯੋ ਭਰਮੰ ॥
ਸਭ ਜਗ ਪਾਪੀ । ਕਹੂੰ ਕੋ ਨ ਜਾਪੀ ॥

॥ ਛੰਦ ੯੧ ॥ ਤਥਾ ਕਿਲਕਾ ਛੰਦ—

ਸੰਗ ਲਏ ਫਿਰੈ ਪਾਪ ਨਹੀ ।
ਤਜ ਭਾਜ ਕ੍ਰਿਯਾ ਜਗ ਜਾਪ ਨਹੀ ।
ਦਿਵ ਪਿਤਰ ਨ ਪਾਵਕ ਮਾਨਹਗੇ ।
ਸਭ ਆਪਨ ਤੇ ਘਟ ਜਾਨਹਿਗੇ ॥ ਛੰ: ੯੬ ॥

Sri Satguru Jagjit Singh Ji Elibrary NamdhariElibrary@gmail.com

ਤਥਾ ਮਧਭਾਰ ਛੰਦ—

ਦੇਸਨ ਬਿਦੇਸ । ਪਾਪੀ ਨਰੇਸ॥ ਧਰਮੀ ਨ ਕੋਇ। ਪਾਪ ਅਤਿ ਹੋਇ॥ ਸਾਧੂ ਸਤ੍ਰਾਸ। ਜਹਿ ਤਹਿ ਉਦਾਸ। ਪਾਪੀਨ ਰਾਜ। ਗ੍ਰਿਹ ਸਰਬ ਸਾਜ॥ ਛੰ: ੧੦੪॥

ਤਥਾ ਤ੍ਰਿਭੰਗੀ ਛੰਦ—

ਜਪੈਹ ਨ ਦੇਵੀ ਅਲਖ ਅਭੇਵੀ ਆਦਿ ਅਜੇਭੀ ਧਰਮ ਜੁਧੀ। ਕੁਬੁਧ ਤਨ ਰਾਚੇ ਕਹਤ ਨ ਸਾਚੇ ਪ੍ਰਭਹ ਨ ਜਾਚੇ ਤਮਕ ਬੁਧੀ॥ ਛੰ: ੧੦੮ ਕਲਕੀ ਅਵਤਾਰ ਇਤਿ॥

ਤਥਾ ਜਨਮਸਾਖੀ ਸਲੋਕ॥ ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲਮਾਨ॥ ਰਾਮ ਰਹੀਮ ਨ ਜਾਣਸੀ ਨਾ ਕੋ ਕਹੇ ਕਲਾਮ॥ ਨਾ ਗਾਇਤ੍ਰੀ ਨਾ ਤ੍ਰਪਣੋ ਨਾ ਫਾਇਤਾ ਨਾ ਦਰੂਦ॥ ਨਾ ਤੀਰਥ ਨਾ ਦੇਹੁਰਾ ਨਾ ਦੇਵੀ ਕੀ ਪੂਜ। ਗੁਰਮੁਖ ਕੋਇ ਨ ਜਾਣਸੀ ਨਾ ਕੋ ਲਏ ਉਪਦੇਸ਼। ਇਕੋ ਵਰਤਣ ਵਰਤੀਏ ਨਾ ਕੋ ਕਰੇ ਅਦੇਸ। ਵੇਦ ਕਤੇਬ ਨ ਜਾਣਸਨ ਨਾ ਦਵਾਰਾ ਨ ਮਸੀਤ। ਰੋਜਾ ਵਾਂਗ ਨ ਵਰਤ ਨੇਮ ਨਾ ਕੋ ਕਢੇ ਹਦੀਸ। ਕੋਇ ਨ ਕਿਸਕੀ ਜਾਣਸੀ ਨਾ ਕੋ ਕਰੇ ਸਲਾਮ। ਨਾਨਕ ਸ਼ਬਦ ਵਰਤਦਾ ਜਿਸ ਕੋਟੀ ਮਧੀ ਜਾਣ॥ ਅਜਿਤੇ ਰੰਧਾਵੇ ਦੀ ਗੋਸਟ ਪੰ: ੫੪੩॥

Sri Satguru Jagjit Singh Ji Elibrary NamdhariElibrary@gmail.com

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ।
ਕਲਕੀ ਅਵਤਾਰੋਕਤ ॥ ਦੋਹ ॥
ਸੰਕਰ ਬਰਨ ਪਰਜਾ ਭਈ ਇਕ ਬਰਨ ਰਹਾ ਨ ਕੋਇ।
ਸਕਲ ਸੂਦਰਤਾ ਪ੍ਰਾਪਤ ਭੇ ਦਈਵ ਕਰੈ ਸੋ ਹੋਇ।
ਛੰ: ੧੧੫ ॥ ਸੰਕਰ ਬਰ ਪਰਜਾ ਭਈ ਧਰਮ ਨ ਕਤਹੂੰ ਰਹਾਨ । ਪਾਪ ਪ੍ਰਚੁਰ ਰਾਜਾ ਭਏ ਭਈ ਧਰਮ ਕੀ ਹਾਨ ॥ ੧੧੬ ॥

ਸੋਰਠਾ—ਧਰਮ ਨ ਕਤਹੂੰ ਰਹਾਨ ਪਾਪ ਪ੍ਰਚੁਰ ਜਗ ਮੋਧਰਾ । ਧਰਮ ਸਭਨ ਬਿਸਰਾਨ ਪਾਪ ਕੰਠ ਸਭ ਜਗ ਕੀਯੋ ॥ ੧੧੭ ॥

ਕਲਜੁਗ ਚੜ੍ਹੋ ਅਸੰਭ ਜਗਤ ਕਵਨ ਬਿਧ ਵਾਚਹੈ । ਰੰਗੋ ਏਕ ਕਹਿ ਰੰਗ ਤਬ ਛੂਟਹੋ ਕਲੂਕਾਲ ਤੇ ॥੧੧੮॥

ਤਥਾ ਅਤਿਮਾਲਤੀ ਛੰਦ ॥ ਕਹੂੰ ਨ ਚਰਚਾ ਕਹੂੰ ਨ ਵੇਦੰ । ਕਹੂੰ ਨਿਵਾਜ ਨ ਕਹੂੰ ਕਤੇਬੰ । ਕਹੂੰ ਨ ਤਸਵੀ ਕਹੂੰ ਨ ਮਾਲਾ । ਕਹੂੰ ਨ ਹੋਮੰ ਕਹੂੰ ਨ ਜ੍ਵਾਲਾ ॥ ਛੰ:੧੨੮ ॥ ਔਰ ਹੀ ਕਰਮੰ ਔਰ ਹੀ ਧਰਮੰ । ਔਰ ਹੀ ਭਾਵ ਔਰ ਹੀ ਮਰਮੰ । ਔਰ ਹੀ ਰੀਤਾ ਔਰ ਹੀ ਚਰਚਾ । ਔਰ ਹੀ ਰੀਤੰ ਔਰ ਹੀ ਅਰਚਾ॥ਛੰ:੧੨੯

ਤਥਾ ਕੁੰਡਰੀਆ ਛੰਦ ॥ ਨਏ ਨਏ ਮਾਰਗ ਚਲੇ ਜਗ ਮੋ ਬਢਾ ਅਧਰਮ । ਰਾਜਾ ਪਰਜਾ ਲਗੇ ਸਭੈ

ਜਹ ਤਹਿ ਕਰਨ ਕੁਕਰਮ। ਜਹਿ ਤਹਿ ਕਰਨ ਕੁਕਰਮ ਪਰਜਾ ਰਾਜਾ ਨਰ ਨਾਰੀ। ਧਰਮ ਪੰਖ ਕਰ ਉਡ਼ਾ ਪਾਪ ਕੀ ਕ੍ਰਿਯਾ ਵਿਥਾਰੀ ॥ ੧੩੫ ॥ ਧਰਮ ਲੋਪ ਜਗ ਤੇ ਭਏ ਪਾਪ ਪ੍ਰਗਟ ਬਪੁ ਕੀਨ। ਊਚ ਨੀਚ ਰਾਜਾ ਪਰਜਾ ਕ੍ਰਿਯਾ ਅਧਰਮ ਕੀ ਲੀਨ ॥ ਛੰ: ੧੧੬ ॥ ਕਲਕੀ ਅਵਤਾਰ ॥ ਇਤਿ ॥

ਤਥਾ ਸੌ ਸਾਖੀ ॥ ਐਸੀ ਕਲ ਮੈਂ ਹੋਇਗੀ ਸਿਦਕੀ ਰਹੈ ਨ ਕੋਇ । ਸਿਖਨ ਪੂਛਾ ਕਿਉ ਨਿਭੈ ਪੰਥ ਤੁਮਾਰਾ ਸੋਇ ॥ ਸਾਖੀ ੫੮ ॥ ਤਥਾ ਏਕ ਵਾਰ ਸਤਿਗੁਰ ਕਹਿਉ ਕਲਜੁਗ ਸਿਖੀ ਮੋਰ। ਧਰਮ ਕਮਾਵੈ ਬਚੇਗੋ ਸਿਦਕ ਬਿਨਾ ਸਭ ਖੋਰ ॥ ਸਾਖੀ ੬੫ ਤਥਾ ਦੋ: ॥ ਨਾਰਿ ਫਰੰਗਨ ਸਿਖ ਮਮ ਘਰ ਮੈ ਲੇਵੈਂ ਰਾਖ। ਧਰਮ *ਮਲੇਛੀ ਵਧੇਗਾ ਤੁਰਕ ਪਠਾਣੀ ਸਾਖ। ਵਧੈ ਪੰਥ ਪਰ ਧਰਮ ਨਹ ਜਾ ਬਿਧ ਕਲ ਕਾ ਧਰਮ। ਵਰਤੇ ਸਗਲ ਜਹਾਨ ਮੇ ਵਿਰਲਾ ਜਾਨੇ ਮਰਮ। ਸੂਦ ਨੇਵਤਾ ਜੇਵਤੇ ਬਿਪਰ ਦੇਹ ਧਿਕਕਾਰ। ਉਪਕਾਰੀ ਸੂਝੈ ਨਹੀ ਬਹੁਤੇ ਵਧੈਂ ਵਿਕਾਰ। ਸੁਤਨਾਰੀ ਸਸਰਾ ਭਜੈ ਸਾਸੂ ਭਜੈ ਜਮਾਤ। ਦਾਸ ਭਜੈ ਭੂਪਤਿ

---

*ਬੋਧਾਯਨ ਸਿਮ੍ਰਤੀ ॥ ਗੋ ਮਾਂਸ ਖਾਦਕੋ ਯਸ੍ਤੁ ਵਿਰੁੱਧੰ ਬਹੁ ਭਾਸ਼ਤੇ ਸਰਬਾਚਾਰ ਵਿਹੀਨਸ਼੍ਚ ਮਲੇਛ ਇਤਯਭਿਧੀਯਤੇ ॥

Sri Satguru Jagjit Singh Ji Elibrary NamdhariElibrary@gmail.com

ਯੁਵਤਿ ਬ੍ਰਿਪ੍ਰ ਨ ਉਪਜੈ ਸਾਤ ॥ ਵਿਸਥਾਰ ਦੇਖੋ ਸਾਖੀ ੮੬ ॥ ਵਿਸਥਾਰ ਭੈ ਸੇ ਹੋਰ ਗ੍ਰੰਥੋਂ ਕੀਆਂ ਚੌਪਾਈਆਂ ਆਪ ਕੇ ਦਾਸ ਨੇ ਨਹੀਂ ਲਿਖੀਆਂ ਗੁਰੂ ਘਰ ਦੇ ਗ੍ਰੰਥ ਤਥਾ ਔਰ ਸ੍ਰੁਤੀ ਸਿਮ੍ਰਿਤੀ ਪੜ੍ਹ ਕੇ ਦੇਖ ਲੇਵੇਂ । ਇਤਿ ॥

—o—

## ॥ ਗਊ ਮਾਤਾ ॥

ਸ਼ੰਕਾ—ਗੁਰੂ ਜੀ ਕੋ ਗਊ ਮੇਂ ਇਸ਼ਟ ਬੁਧੀ ਨਹੀਂ ਥੀ ?

ਉੱਤ੍ਰ—ਆਪ ਮਲੇਛ ਹੋ ਆਪ ਕੀ ਤੋ ਜ਼ਰੂਰ ਗਊ ਮਾਤਾ ਇਸ਼ਟ ਨਹੀਂ । ਪਰੰਤੂ ਗੁਰੂ ਜੀ ਤੋ ਗਊ ਮਾਤਾ ਕੇ ਰੱਖਯਕ ਭੀ ਹਨ ਔਰ ਤਿਨਕਾ ਪੂਜਯ ਇਸ਼ਟ ਭੀ ਹੈ । ਕੌਣ ਪ੍ਰਮਾਣ ਹੈ ?

ਉੱਤਰ—ਆਸਾ ਮਃ ੧ ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ ਸ਼ਬਦ ੩੯ ॥

ਤਥਾ ਸ੍ਰੀਮੁਖ ਪਾਤਸਾਹੀ ੧੦ ॥ ਯਹੀ ਦੇਹੁ ਆਗਯਾ ਤੁਰਕਨ ਗਹਿ ਖਪਾਊਂ । ਗਊ ਘਾਤ ਕਾ ਦੋਸ਼ ਜਗ ਸੋਂ ਮਿਟਾਊਂ ॥ ਛਕਾ ॥ ਛੰਃ ੫ ॥

ਤਥਾ ਭੁਜੰਗ ਪ੍ਰਯਾਤ ਛੰਦ—

ਯਹੀ ਆਸ ਪੂਰਨ ਕਰੋ ਤੁਮ ਹਮਾਰੀ।
ਮਿਟੈ ਕਸ਼ਟ ਗਊਅਨ ਛੁਟੈ ਦੋਖ ਭਾਰੀ।
ਫਤੇ ਸਤਿਗੁਰੂ ਕੀ ਜਗਤ ਸੌ ਬੁਲਾਊ।
ਸਭਨ ਕੋ ਸਬਦ ਵਾਹ ਵਾਹੇ ਦ੍ਰਿੜ੍ਹਾਊ॥ ੮॥
ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ।
ਜਗਹਿ ਸਿੰਘ ਜੋਧੇ ਧਰਹਿ ਨੀਲ ਵੇਸਾ।

॥ ੯ ਛੰਦ ੬॥ ਤਥਾ ਭਾਈ ਗੁਰਦਾਸ ਜੀ—

ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ॥ ਵਾਰ ੪੧ ਪੌ: ੧੫॥

ਤਥਾ ਸ੍ਰੀਮੁਖ ਪਾਤਸ਼ਾਹੀ ੧੦—

ਤੁਹੀ ਸਾਰਦਾ ਵੇਦ ਗਾਯਨਿ ਸਰਸ੍ਵਤੀ।
ਤੁਹੀ ਦੇਵਿ ਦੁਰਗੇ ਨਿਰੰਜਨ ਪਰਸਤੀ।
ਯਹੀ ਬੇਨਤੀ ਖਾਸ ਹਮਰੀ ਸੁਨੀਜੈ।
ਅਸੁਰ ਮਾਰਿ ਕਰਿ ਰੱਛ ਗਊਅਨਿ ਕਰੀਜੈ।
॥ ਛਕਾ ਛੰਦ ਨੌਵਾਂ॥

॥ ਤਥਾ ਸਰਬਲੋਹਉਕਤ ਸ੍ਰੀਮੁਖ ਪਾਤਸ਼ਾਹੀ ੧੦॥

ਸੁਰ ਛਿਤਿ ਧੇਨ ਸੰਤ ਹਿਤ ਹਰੀ।
ਲੇਤ ਅਉਤਾਰ ਜਗਤ ਮਹਿ ਹਰੀ।
ਧਿ: ੫॥ ਪੰ: ੪੯੬॥

Sri Satguru Jagjit Singh Ji Elibrary NamdhariElibrary@gmail.com

ਤਥਾ ਗੁਰਬਿਲਾਸੋਕਤ—

ਏਕ ਵਿਦਯਾ ਅਭਿਮਾਨੀ ਪੰਡਿਤ ਕੋ ਸ਼ਾਪ ਦੇਕਰ ਨਾਰਦ ਜੀ ਨੇ ਕਹਾ ਹੈ। ਦੋ:—

ਗੋ ਦਿਜ ਕੀ ਰਖਯਾ ਨਮਿਤ, ਧਰ ਹੈਂ ਮਾਨਖ ਦੇਹ ॥ ਹਰਿ ਗੋਬਿੰਦ ਗੁਰ ਨਾਮ ਹੁਇ, ਸੋ ਤੁਮ ਜੂਨ ਕਟੇਹ ॥ ਧਿ: ੨ ॥ ਪੰ: ੧੬ ॥

ਤਥਾ-ਰਾਵੀ ਤੋਂ ਕੁਛ ਉਰੇ ਗੁਰੂ ਹਰਿਗੋਬਿੰਦ ਜੀ ਸੈਲ ਕਰ ਰਹੇ ਰਹੇ ਸਨ ਤਹਾਂ ਵੇਲਾ ਨਾਮਕ ਬਣ ਮੇਂ ਮਲੇਛ ਏਕ ਗਊ ਕੋ ਮਾਰ ਰਹੇ ਸਨ ਤਾਂ:—

ਦੋਹਾ—ਏਕ ਸਿਖ ਐਸੇ ਕਹਿਯੋ ਮੈ ਆਯੋ ਪ੍ਰਭੁ ਦੇਖਾ ਗੋ ਹੱਤਯਾ ਦੋਖੀ ਕਰੈਂ ਬਨ ਮੇਂ ਪਾਪੀ ਭੇਖ ॥

ਤੋਟਕ ਛੰਦ:—

ਜਬ ਐਸੇ ਸੁਨੇ ਸਿਖ ਕੇ ਵਚਨੰ।
ਗੁਰ ਚਿਤ ਕ੍ਰੋਧ ਵਡੋ ਰਚਨੰ।
ਤਿਹ ਕੋ ਅਗ ਰਾਖਸੁ ਜਾਤ ਭਏ।
ਤਿਹ ਜੇਤਕ ਥੇ ਹਤਕੇ ਸੁਦਏ।
ਫਿਰ ਔਰ ਮਲੇਛ ਆਏ ਹੱਲਾ।

ਇਤ ਆਦੀ ॥

ਭੁਜੰਗ ਪ੍ਰਯਾਤ ਛੰਦ—

ਸਭੈ ਦੁਸ਼ਟ ਮਾਰੇ ਨ ਏਕੰ ਬਚਾਯੋ।
ਤਿਨੈ ਝੁੰਡ ਬਾਂਸੇ ਸੁ ਆਗੀ ਲਗਾਯੋ।

Sri Satguru Jagjit Singh Ji Elibrary NamdhariElibrary@gmail.com

ਸੁ ਆਰੰਨਜ ਵੀਚ ਭਈ ਐਸ ਜ੍ਵਾਲਾ।
ਮਿਟਾ ਪਾਪ ਅੰਧੇਰ ਮਾਨੋ ਕਰਾਲਾ॥

ਤਥਾ—ਪ੍ਰਿਥਵੀ ਗਊ ਰੂਪ ਹੋਕਰ ਗੁਰੂ ਜੀ ਪਾਸ ਆਈ ਤਬ ਗੁਰੂ ਜੀ ਨੇ ਕਹਾ ਦਸਮ ਰੂਪ ਹੋਕੇ ਬਹੁਤ ਦੁਸ਼ਟਾਂ ਨੂੰ ਦਮਨ ਕਰਾਂਗੇ ਅਤੇ ਤੇਰੀ ਰਖਜ਼ਾ ਕਰਾਂਗੇ ਚਿੰਤਾ ਨਾ ਕਰ॥ ਧਿ: ੧੬ ॥ ਪੰ: ੩੫੪॥ ਗੁਰਬਿਲਾਸ ਇਤਿ॥

ਤਥਾ ਸੂਰਜ ਪ੍ਰਕਾਸ਼ੋਕਤ ਚੌ:—

ਜਿਸ ਹਿਤ ਆਪ ਲੀਨ ਅਵਤਾਰਾ।
ਰਾਜ ਮਲੇਛ ਬਿਨਾਸਹੁ ਸਾਰਾ।
ਬਿਪ੍ਰ ਧੇਨ ਸੰਤਨ ਸੁਖ ਦੀਜੈ।
ਤੁਰਕ ਰਾਜ ਕੋ ਦੂਰ ਕਰੀਜੈ।
ਸੁਨ ਸਤਿਗੁਰ ਤਬ ਦੀਨ ਦਿਲਾਸਾ।
ਕਿਤਕ ਕਾਲ ਮਹਿ ਹੋਹਿ ਬਿਨਾਸਾ।
ਪੌਤਰ ਹਮਾਰੋ ਹੋਇ ਜਿਸ ਕਾਲਾ।
ਕਰੈ ਖਲਨ ਸੰਗ ਜੰਗ ਕਰਾਲਾ।
ਰਾਸ ੬॥ ਅੰਸੂ ੫੫॥

ਤਥਾ ਗੁਰ ਬਿਲਾਸੋਕਤ॥ ਚੌ:॥
ਜੋ ਮਲੇਛ ਦਿਜ ਧੇਨ ਹਤਾਵੈ।
ਬਿਅਦਬੀ ਕਰੈਂ ਨ ਸੰਕ ਧਰਾਵੈ।
ਦੋ:—ਕਰੋ ਜੁਧ ਤਾਂਕੋ ਹਨੋ ਧਰਾ ਭਾਰ ਮਿਟ ਜਾਇ।

Sri Satguru Jagjit Singh Ji Elibrary NamdhariElibrary@gmail.com

ਤਾਂਤੇ ਨੌਰ ਤਿਆਗ ਤੁਮ ਨਿਜ ਨਿਜ ਸਭੈ ਸਿਧਾਇ।
ਧਿਃ ੯ ॥ ਪੰਨੇ ੨੭੧ ॥

ਤਥਾ ਸੂਰਜ ਪ੍ਰਕਾਸ਼ੋਕਤ। ਕਲੇ ਰਾਇ ਨੇ ਜੋ ਮੁਸਲ ਮਾਨ ਥੀ ਜਿਸਨੇ ਗਊਆਂ ਕੀ ਰਖਜਾ ਕਰੀ ਯਹ ਸੂੰਦ੍ਰ ਇਤਹਾਸ ॥ ਰੁਤ ੬ ॥ ਅੰਸੂ ੪੯ ਮੇਂ ਦੇਖ ਲੇਂਵੇਂ। ਬਿਸਥਾਰ ਭੈ ਸੇ ਲਿਖਾ ਨਹੀਂ ॥

ਤਥਾ ਦਸਮੇਸ ਗੁਰੂ ਜੀ ਨੇ ਦਾਦੂ ਦੁਆਰੇ ਜੈਤ ਸਾਹਿਬ ਮਹੰਤ ਨਾਲ ਸੰਬਾਦ ਕੀਆ ॥ ਚੌਃ ॥

ਗੁਰੂ ਕਹਿਯੋ ਆਯੋ ਕਲ ਕਾਲਾ।
ਦੁਸ਼ਟਨ ਕੋ ਭਾ ਤੇਜ ਕਰਾਲਾ।
ਸੰਤ ਗ੍ਰੀਬ ਧੇਨ ਦਿਜ ਦੋਖੀ।
ਕਰਹਿ ਅਵੱਗਜਾ ਮੂਰਖ ਰੋਖੀ।
ਤਿਨ ਕੋ ਦੰਡ ਕਰਨ ਬਨ ਆਵੈ।
ਧਰਨੀ ਛਿਮਾ ਨਹੀ ਨਿਬਹਾਵੈ।

ਐਨ ੧ ॥ ਅੰਸੂ ੩੬ ॥

ਤਥਾ ਗੁਰਦਾਸ ਜੀ ॥ ਲਤਾਂ ਹੇਠ ਲਤਾੜੀਐ ਘਾਹ ਨ ਕੱਢੈ ਸਾਹਿ ਵਿਚਾਰਾ ॥ ਗੋ ਰਸ ਦੇ ਖੜ ਖਾਇਕੈ ਗਾਇ ਗਰੀਬੀ ਪਰ ਉਪਕਾਰਾ ॥ ਦੁਧਹੁ ਦਹੀ ਜਮਾਈਐ ਦਹੀਅਹੁ ਮੱਖਣ ਛਾਹਿ ਪਿਆਰਾ ॥ ਘਿਉ ਤੇ ਹੋਵਣ ਹੋਮ ਜਗ ਢੰਗ ਸੁਆਰਥ ਚੱਜ ਅਚਾਰਾ ॥

Sri Satguru Jagjit Singh Ji Elibrary NamdhariElibrary@gmail.com

ਧੌਲ ਧਰਮ ਪ੍ਰਗਟ ਹੋਇ ਧੀਰਜ ਵਹੈ ਸਹੈ ਸਿਰ ਭਾਰਾ ॥ ਇਕ ਇਕ ਜਾਉ ਜਣੇਦਿਆਂ ਚਹੁ ਚੱਕਾਂ ਵਿਚ ਵੱਗ ਹਜਾਰਾ ॥ ਤ੍ਰਿਣ ਅੰਦਰ ਵੱਡਾ ਪਾਸਾਰਾ ॥ ਵਾਰ ੪ ॥ ਪੌ: ੮ ॥ ਤਥਾ ਦੁਧ ਦੇ ਖੜਖਾਇਨ ਆਪ ਗਣਾਇਆ ॥ ਦੁਧਹੁ ਦਹੀ ਜਮਾਇ ਘਿਉ ਨਿਪਜਾਇਆ ॥ ਗੋਹਾ ਮੂਤ੍ਰ ਲਿੰਬ ਪੂਜ ਕਰਾਇਆ ॥ ਵਾਰ ੧੪ ॥ ਪੌ: ੧੧ ॥

ਭਾਵ ਐਸੀ ਗਊਮਾਤਾ ਹੈ ਜਿਸ ਕਾ ਗੋਹਾ ਮੂਤ੍ਰ ਭੀ ਪਵਿਤ੍ਰ ਹੈ।

ਤਥਾ ਜਨਮਸਾਖੀ ਮੇਂ ॥ ਗਊ ਚੌਧਵਾਂ ਰਤਨ ਹੈ ਕਾਮ ਧੇਨ ਤਿਹ ਨਾਮ ॥ ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ ॥ ਸਾਖੀ ਮੱਕੇ ਦੀ ਪੰਨੇ ੧੫੬ ॥

ਤਥਾ ਗੁਰਦਾਸ ਜੀ ਮਹਾਰਾਜ ਨੇ ਵਾਰ ੨੬ ਪੌ: ੨੩ ਮੇਂ ਚੌਦਾਂ ਰਤਨ ਕਹੇ ਹੈਂ। ਤਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਸਮ ਗ੍ਰੰਥ ਸਾਹਿਬ ਕੇ ੧੨੩ ਚਰਿਤ੍ਰ ਮੇਂ ਗੋਮਾਤਾ ਚੌਦਾਂ ਰਤਨਾ ਮੇਂ ਗਿਣੀ ਹੈ ਔਰ ਗ੍ਰੰਥੋਂ ਮੇਂ ਭੀ ਸੰਸੇ ਕਾ ਵਿਸ਼ੇ ਨਹੀਂ, ਤਥਾ ਸੌ ਸਾਖੀ ॥ ਗਾਇ ਬਿਪ੍ਰ ਕੋ ਪਾਇ ਨ ਛੁਹੈ। ਅੰਨ ਭੁਗਤ ਕੀ ਨਿੰਦ ਨ ਭੁਵੈ ॥ ਸਾਖੀ ੭੯ ॥

ਤਥਾ ਇਸ ਉਨਾਸਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੫ ਅੰਸੂ ੧੫ ਮੇਂ ਭੀ ਸਪਸ਼ਟ ਹੈ ॥

Sri Satguru Jagjit Singh Ji Elibrary NamdhariElibrary@gmail.com

ਤਥਾ ਚਾਣਕ ਨੀਤੀ ਦਰਪਣ ॥ ਬਿਪ੍ਰ ਕੁਮਾਰੀ ਅਗਨ ਗੁਰ ਬਿਰਧ ਬਾਲ ਅਰ ਗਾਇ । ਇਨ੍ਹੈ ਕਦਾਪਿ ਨ ਕੀਜੀਐ ਪਾਵ ਸਪ੍ਰਸ਼ ਛੁਹਾਇ ॥ ਧਿਃ ੭ ਸਲੋਕ ੬ ॥

ਤਥਾ ਔਰ ਗ੍ਰੰਥੋਂ ਕੇ ਪ੍ਰਮਾਣ ਦਾਸ ਨੇ ਵਿਸਥਾਰ ਭੈ ਸੇ ਨਹੀਂ ਲਿਖੇ ਭਾਵ ਗੁਰਮਤ ਅਨੁਸਾਰ ਹੈ ॥

ਤਥਾ ਸੂਰਜ ਪ੍ਰਕਾਸ਼ੋਕਤ ॥ ਗੁਰੂ ਜੀ ਨੇ ਆਟੇ ਦੀ ਗਊ ਬਣਾਈ ਹੂਈ ਕੀ ਆਨ ਮੰਨ ਕੇ ਅਨੰਦ ਪੁਰ ਛੱਡਣਾ ॥ ਚੌਪਈ ॥ ਲਲਤ ਪਦ ਛੰਦ ॥ ਆਨ ਗਊ ਕੀ ਸਹਿ ਨ ਸਕਹਿ ਪ੍ਰਭੁ ਤਤ ਛਿਨ ਕੀਨਸ ਤਿਆਗੀ। ਕੂਚ ਕਰਨ ਕੋ ਬਜਿਓ ਦਮਾਮਾ ਸਭ ਕੇ ਸੁਰਤ ਧੁਨ ਡਾਰੀ ॥ ਛੰਦ ੩੪ ॥

ਤਬ ਉਦੇ ਸਿੰਘ ਅਤੇ ਭਾਈ ਦਯਾ ਸਿੰਘ ਜੀ ਨੇ ਬੇਨਤੀ ਕੀਤੀ, ਹੇ ਗੁਰੂ ਜੀ ! ਗੁਰੂ ਕਾ ਨਿਵਾਸ ਤੋ ਪਾਪਾਦਿਕ ਦ੍ਵੰਦੋਂ ਸੇ ਰਹਿਤ ਅਸਥਾਨ ਮੇਂ ਹੈ ਪੁਨਾ ਸ਼ੱਤ੍ਰੂ ਕੀ ਸੁਗੰਧ ਦੇਨੇ ਸੇ ਆਪ ਕਾ ਧਰਮ ਨਹੀਂ ਜਾਇਗਾ,ਅਨੰਦ ਪੁਰ ਨਾ ਛੋਡੋ ॥

ਤਾਂ ਗੁਰੂ ਜੀ—ਹੋਇ ਰੰਕ ਸਮ ਦਈ ਸਪਤ ਗੋ ਹੈਫ ਜੁ ਰਾਜ ਸਮਾਜਾ ॥ ਮਮ ਜੈਸੇ ਛੱਤ੍ਰੀ ਨਾਂ ਮਾਨਹਿ ਤੌ ਭੀ ਨੀਕ ਨ ਕਾਜਾ ॥ ਛੰਃ ੪੩ ॥ ਤਥਾ ॥ ਜੇ ਹਮ ਧੇਨ ਸਪਤ ਨਹ ਮਾਨੇ ਆਨ ਕੌਨ ਤਬ ਮਾਨੇ ॥ ਦਿਯਾ ਸਿੰਘ ਚਿਤ ਸਮਝ ਬਿਚਾਰਹੁ ਰਿਪ ਜੀਵਤ ਹਤ ਜਾਨੇ ॥ ਰੁਤ ੪ ਅੰਸੂ ੩੭ ਛੰਃ੪੫ ॥ ਸੂਰਜ ਪ੍ਰਕਾਸ਼ ਇਤਿ ॥

ਤਥਾ ਬੇਨਤੀ ਭੈਰਉ ਨਾਮਦੇਵ ਜੀ ॥ ਕਾਜੀ ਮੁਲਾਂ ਬਿਨਤੀ ਫੁਰਮਾਇ। ਬਖਸੀ ਹਿੰਦੂ ਮੈ ਤੇਰੀ ਗਾਇ ॥ ਸ਼ਬਦ ੧੦ ॥ ਇਸ ਰੀਤਿ ਸੇ ਗੋ ਮਾਤਾ ਗੁਰੂ ਜੀ ਨੇ ਅਪਨਾ ਇਸ਼੍ਰ ਮਾਨੀਂ, ਇਤਿ।

ਔਰ ਤੀਰਥ ਬ੍ਰਤਾਦਿਕ ਗੋ ਸੇਵਾਦਿਕ ਕਰਨਾ ਧਰਮ ਪਰ ਕਾਇਮ ਰਹਨਾ ਗੁਰੂ ਜੀ ਨੇ ਲਿਖਾ ਹੈ ਯਥਾ ਗੁਰ ਬਿਲਾਸ ਮੇਂ:—

ਇਕਾਦਸ ਤਬ ਆਇ ਨਿਮਾਣੀ।
ਹਰਿ ਗੋਬਿੰਦ ਕੇ ਮਨ ਮੇ ਭਾਣੀ ॥

[ਧਿ: ੧੮ ਪੰ: ੪੦੦]

ਪਰੰਤੂ ਜਹਾਂ ਪਰ ਇਤਜਾਦਿਕ ਸਾਧਨੋਂ ਕਾ ਨਿਸ਼ੇਧਕ ਵਾਕਜ ਹੈ ਤਹਾਂ ਪਰ ਦੋ ਤਾਤਪਰਯ ਹੈਂ ਯਾ ਤੋ ਵਾਸਤਵ ਦ੍ਰਿਸ਼ਟਿ ਕੋ ਲੇਕਰ ਹੈ ਵਾ ਤਿਨ ਕਰਤਾਓਂ ਕਾ ਅਭਿਮਾਨ ਨਿਬ੍ਰਿਤ ਕਰਨੇ ਮੇਂ ਤਾਤ-ਪਰਯ ਹੈ। ਜੈਸੇ ਸਲੋਕ ਮ: ੯:—

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ। ਨਾਨਕ ਨਿਹ ਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ ਸ: ੪੬ ॥

ਇਸ ਰੀਤ ਸੇ ਸ਼੍ਰਾਧਾਦਿਕ ਵਿਧਿ, ਤਥਾ ਫੁਲ ਭੀ ਸ਼੍ਰੀ ਰੀਗਾਜੀ ਮੇਂ ਪਾਏ ਹੈਂ, ਤਥਾ ਵਿਵਾਹ ਭੀ ਵੇਦ ਬਿਧੀ

Sri Satguru Jagjit Singh Ji Elibrary NamdhariElibrary@gmail.com

ਸੇ ਕਰਵਾਏ ਹੈਂ।

## ॥ ਫੂਲ ਗੰਗਾ ਜੀ ਪਾਓ ॥

ਸ਼ੰਕਾ—ਇਸ ਮੇਂ ਕੌਨ ਪ੍ਰਮਾਣ ਹੈ ?

ਉੱਤਰ—ਸ੍ਰੀ ਗੁਰੂ ਗ੍ਰੰਥ ਸਾਹਿਬ ॥ ਰਾਮ ਕਲੀ ਸਦ ॥ ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ ॥

ਤਥਾ ਸੌ ਸਾਖੀ ॥ ਵੇਦ ਕੀ ਰੀਤ ਕੋ ਤਿਆਗ ਕਰੇ ਨਹ ਕ੍ਰਿਯਾ ਕੋ ਮਾਨ ਸੋ ਸਿਖ ਸਦ਼ਾਵੈ ॥ ਸਾਖੀ ੮ ॥

ਤਥਾ ਇਹ ਅੱਠਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ॥ ਰੁਤ ੩ ॥ ਅੰਸੂ ੫੦ ਮੇਂ ਭੀ ਸਪਸ਼ਟ ਹੈ ॥

ਯਦਪਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸਣਦੇਹ ਘੋੜੇ ਸਮੇਤ ਹੀ ਗੁਪਤ ਹੋਗਏ ਹਨ ਤਥਾ ਪਿ ਜਗਤ ਮ੍ਰਜਾਦਾਕੇ ਲੀਏ ॥

ਦੋਹ ॥ ਸਿਖਨ ਪੰਡਿਤ ਆਨਕੇ ਸੋਧੀ ਅਲਵਰ ਕੋਟ। ਕ੍ਰਿਯਾ ਕਰਮ ਸਕਲੀ ਕਰੀ ਸੁਧ ਦੇਹ ਗਇਆ ਸੁਲੋਕ ॥ ਸਾਖੀ ੬੯ ॥

ਤਥਾ ਗੁਰਬਿਲਾਸੋਕਤ ॥ ਮਹਾਂ ਦੇਵ ਜੀ ਕੇ ਫੂਲ ਗੁਰੂ ਅਰਜਨ ਦੇਵ ਜੀ ਨੇ ॥

ਚੌਂ। ਦੁਤੀਆ ਕੋ ਗੁਰ ਪੁਸ਼ਪ ਚੁਨਾਏ।

Sri Satguru Jagjit Singh Ji Elibrary NamdhariElibrary@gmail.com

ਰੀਂਗਾ ਕੋ ਸਿਖ ਪਾਸ ਪਠਾਏ।
ਸੰਮਤ ਸੋਰੈਂ ਸੈ ਰਿਖ ਜਨਮੰ ॥ ੧੯੦੭॥
ਹਾੜ ਚੌਥ ਜਾਨੋ ਇਹੁ ਮਨਮੰ।
ਸਸ ਖਟ ਰੁਤ ਨੈਨ ਮਹ ਜਾਨੋ ॥ ੧੯੯੨॥
ਭਾਦੋ ਚੌਥ ਚਲਾਣਾ ਠਾਨੋ ।
ਪਚਵੰਜਾ ਬਰਸ ਮਾਸ ਦੁਇਪਰ।
ਉਮਰਾ ਮਹਾਦੇਵ ਭੋਗੀ ਧਰ ।

ਹੋਰ ਸਰਬ ਕ੍ਰਿਯਾ ਕਰਵਾਈ ਮਹਾਦੇਵ ਗੁਰੂ ਅਰਜਨ ਦੇਵ ਜੀ ਕੇ ਭ੍ਰਾਤਾ ਥੇ ॥ ਧਿਃ ੭ ॥ ਪੰਨੇ੧੨੦॥

ਤਬਾ ਸ੍ਰੀ ਗੁਰੂ ਰਾਮਦਾਸ ਜੀ ਸਮਾਏ ਤਬ ਭੀ ਪੰਜਵੇਂ ਸਾਹਿਬਾਂ ਨੇ:—

ਚੌਃ ॥ ਕ੍ਰਿਪਾਲ ਕ੍ਰਿਯਾ ਕਰ ਸ੍ਰੀਗੁਰੂ ਆਏ।
ਕਰ ਸ਼ਨਾਨ ਦ੍ਰਿਗ ਨੀਰ ਵਹਾਏ।

ਦੋਃ—ਸੋਲਾਂ ਸੈ ਅਠਤੀਸਮੈਂ ਭਾਦੋ ਸ਼ੁਦਿ ਥਿਤਿ ਤੀਜ। ਤਨ ਤਜ ਅਪਨੇ ਧਾਮ ਗੇ ਸ੍ਰੀ ਗੁਰੂ ਪਰਮ ਅਜੀਜ ॥ ਹੋਰ ਕ੍ਰਿਯਾ ਦੇਖੋ ਧਿਃ ੮ ॥ ਪੰਨੇ ੧੯੪ ॥

ਤਬਾ ਜਬ ਬਾਬਾ ਬੁਢਾ ਜੀ ਸਮਾਏ:—

ਚੌਃ । ਜਬ ਚੌਥੇ ਕਾ ਦਿਵਸ ਲਖਾਏ।
ਮ੍ਰਿਤਕ ਕ੍ਰਿਯਾ ਕਰ ਪੁਸ਼ਪ ਚੁਨਾਏ।
ਸਾਥ ਸਿਖ ਰੀਂਗਾ ਪਠ ਦੀਨੇ।

Sri Satguru Jagjit Singh Ji Elibrary NamdhariElibrary@gmail.com

ਅਨ ਗਨ ਦੂਵ ਸਾਬਿ ਤਿਨ ਲੀਨੇ।

ਧਿਃ ੧੬ ॥ ਪੰਨੇ ੩੫੨ ॥

ਤਥਾ ਬਾਬਾ ਅਟਲ ਜੀ ਸਮਾਏ ਤਬ:—

ਦੋਃ—ਭਗਤਿ ਸਿੰਘ ਸੰਮਤ ਸੁਨੋ ਸੋਰਾਂ ਸੈ ਵਸੁ ਜਾਨ ॥
ਪਾਂਚ ਔਰ ਅਸੂ ਸੁਖਦਮਾਸ ਨਵਮ ਦਿਨ ਮਾਨ ॥

ਚੌਃ। ਭਾਨੇ ਕੀ ਤਬ ਆਗਿਆ ਪਾਏ।
ਗੰਗਾ ਕੋ ਤਬ ਪੁਸ਼ਪ ਪਠਾਏ।
ਬਾਬੇ ਅੱਟਲ ਪੁਸ਼ਪ ਕੋ ਪਾਈ।
ਉਤਮ ਸਿਖ ਗੁਰ ਚਲਿਓ ਧਾਈ।

ਧਿਃ ੧੭ ॥ ਪੰਨੇ ੩੭੪ ॥

ਤਥਾ ਜਬ ਗੋਂਦਵਾਲ ਸਾਹਿਬ ਮੇਂ ਭਾਈ ਗੁਰਦਾਸ ਜੀ ਸਮਾਏ ਸੰਃ੧੬੮੬॥ ਸਰਬ ਬਿਧੀ ਪੂਰਬਕ ਸਸਕਾਰੇ ਆਦਿ ਕ੍ਰਿਯਾ:—

ਦੋਃ—ਭਾਦੂੰ ਸੁਦਿ ਬਿਤਿ ਪੰਚਮੀ ਭਾਈ ਨਿਜਤਨ ਤਿਆਗ। ਗੁਰੂ ਨਾਨਕ ਕਾ ਧਾਮ ਜੋ ਤਹਾਂ ਗਯੋ ਵਡਭਾਗ ॥ ਸੁਰ ਗੁਰ ਵਾਰ ਦਿਨ (ਵੀਰਵਾਰ) ਦੇਖੋ ਧਿ: ੧੮ ॥ ਪੰਨੇ ੪੨੨ ॥

ਤਥਾ—ਜਬ ਮਾਤਾ ਦਮੋਦਰੀ ਜੀ ਸਮਾਏ ਛੀਵੇਂ ਗੁਰਾਂ ਦੇ ਮਹਲ:—

ਦੋਃ—ਸਸ ਖਟ ਅਹਿ ਕੁਲ ਵਸੁ ਤਬੈ ਸਾਵਣ

ਸੁਦਿ ਅਹਿ ਜਾਨ। ਸਸੀ ਪੁਤ੍ਰ ਦਿਨ ਦ੍ਵਾਦਸੀ ਕੀਨਾ ਮਾਤ ਪਿਆਨ। ਤਥਾ ਛਠਮ ਗੁਰੂ ਜੀ ਕੀ ਸਸ ਦਯਾ ਕੌਰ ਜੀ ਤਥਾ ਸੌਹਰਾ ਸ੍ਰੀ ਨਾਰਾਇਨ ਦਾਸ ਜੀ ਗੁਰੂ ਜੀ ਕਾ। ਤਥਾ ਸਾਂਈ ਦਾਸ ਗੁਰੂ ਜੀ ਕਾ ਸਾਂਢੂ ਤਥਾ ਸਾਲੀ ਗੁਰੂ ਜੀ ਕੀ ਰਾਮੋ ਜੀ ਡਰੋਲੀ ਮੇਂ ਸਮਾਏ ਤਬ:—

ਦੋ:— ਪਾਂਚੋ ਕੇ ਤਬ ਸ੍ਰੀ ਗੁਰੂ ਦੀਨੇ ਪੁਸ਼ਪ ਪਠਾਇ।
ਰੀਗਾ ਕੋ ਸੰਗ ਸਿਖ ਦੈ ਖਾਸੇ ਮੱਧ ਧਰਾਇ।

[ਧਿ: ੧੯ ਪੰਨੇ ੪੩੪]

ਤਥਾ—ਮਾਤਾ ਮੂਵਾਹੀ ਜੀ ਛਠਮ ਗੁਰਾਂ ਕੇ ਮਹਲ ਸਮਾਏ:—

ਚੌ:—ਸੋਰਾਂ ਸੈ ਨੱਬੇ ਪੁਨ ਤੀਨ।
ਹਾੜ ਮਾਸ ਅਹਿ ਰੁਤ ਸੁ ਚੀਨ।
ਥਿਤ ਅਮਾਵਸ ਨਿਜ ਪੁਰਵਾਸਾ।
ਮਾਤ ਮੂਵਾਹੀ ਧਾਰ ਹੁਲਾਸਾ।

ਦੋ:— ਰੀਗਾ ਪਠ ਵਹੁ ਦਰਵ ਦੈ ਪੁਨਾ ਸੈਚੀਆਂ ਜੋਇ।
ਭਾਂਹਿ ਪਾਠਵਿਧੀਆ ਕਰੈ ਮਨ ਮੈ ਆਨੰਦ ਹੋਇ।

ਧਿ: ੨੧॥ ਪੰਨੇ ੫੧੫ ॥ ਗੁਰਬਿਲਾਸ ਇਤਿ॥

ਤਥਾ—ਸੂਰਜ ਪ੍ਰਕਾਸ਼ੋਕਤ॥ ਬਾਬਾ ਬੁਢਾ ਜੀ ਸਮਾਏ

ਚੌ:—ਮ੍ਰਿਤ ਕ੍ਰਿਯਾ ਸਗਰੀ ਕਰਵਾਇ।
ਦਿਨ ਚੌਥੇ ਮਹਿ ਅਸਥਿ ਚੁਨਾਇ।

Sri Satguru Jagjit Singh Ji Elibrary NamdhariElibrary@gmail.com

ਕਰੇ ਸੰਗ ਮਾਨਵ ਸਮਦਾਏ।
ਸ੍ਰੀ ਗੰਗਾ ਮਹਿ ਦੀਨ ਪ੍ਰਚਾਏ।
[ਰਾਸ ੬ ਅੰਸੂ ੫੪]

ਤਥਾ—ਮਾਤਾ ਸੁੰਦ੍ਰੀ ਜੀ ਦਿਲੀ ੧੮੦੪ ਸੰਮਤ ਮੇਂ ਸਮਾਏ ਤਹਾਂ:—

ਚੌ:—ਕ੍ਰਿਯਾ ਕਰਮ ਸਿਖਨ ਕਰਵਾਏ।
ਜੱਗ ਬਿਸਾਲ ਕਰਿਉ ਧਨ ਲਾਏ।
ਬਿਪ੍ਰਨ ਸਾਧਨ ਦੀਨ ਅਹਾਰਾ।
ਘਰ ਕੋ ਧਨ ਦਯੋ ਦਾਨ ਉਦਾਰਾ।
[ਐਨ ਦੂਜਾ ੨। ਅੰਸੂ ੩੪]

ਔਰ ਭੀ ਪ੍ਰਸੰਗ ਸਪਸ਼ਟ ਹਨ ਵਿਸਥਾਰ ਭੈ ਸੇ ਦਾਸ ਨੇ ਲਿਖੇ ਨਹੀਂ ॥ ਸੂਰਜ ਪ੍ਰਕਾਸ਼ ਇਤਿ ॥

ਇਸ ਰੀਤ ਸੇ ਗੁਰੂ ਘਰਕੇ ਪਹਿਲੇ ਪੁਸਤਕ ਤਥਾ ਤਿਨ ਸਿੰਘੋਂ ਕੇ ਸਨਾਤਨ ਧਰਮ ਪਰ ਵਿਸਵਾਸੋਂ ਕੋ ਪੜ੍ਹੋ ਔਰ ਦੇਖੋ, ਅਤੇ ਜੋ ਇਸ ਗੁਰੂ ਸਿਧਾਂਤ ਸੇ ਵਿਰੁੱਧ ਹੈਂ ਤਿਨ ਕੋ ਸਿਖ ਯਾ ਸਿੰਘ ਪਦਵੀ ਦੇਣਾ ਪਾਪ ਹੈ। ਯਾਂਤੇ ਗੁਰੂ ਜੀ ਕੇ ਵੇਦ ਅਨੁਸਾਰ ਵਿਵਾਹ ਪ੍ਰਸੰਗ ਸੰਛੇਪਤੇ ਕਹਤੇ ਹੈਂ ॥

# ਵੇਦ ਮਰਜਾਦਾ ਸੇ ਵਿਵਾਹ ਮੰਡਨ

ਜਨਮ ਸਾਖੀ—ਅਗਨ ਦੇਵਤਾ ਕੋ ਜਗਾ ਕਰ ਗਣੇਸ਼ ਪੂਜਨ ਕਰਕੇ ਘ੍ਰਿਤ ਕੀ ਅਹੂਤੀਆਂ ਪਾ ਕਰ ਲਾਵਾਂਦਿਕੋਂ ਕਾ ਪ੍ਰਕਰਣ ਪੰਨੇ ੫੮ ਤੇ ਸਪਸ਼ਟ ਹੈ। ਤਥਾ ਨਾਨਕ ਪ੍ਰਕਾਸ਼ ਮੇਂ ਭੀ ਗੁਰੂ ਨਾਨਕ ਦੇਵ ਜੀ ਕਾ ਵਿਵਾਹ ਪ੍ਰਸੰਗ ਸਾਖਾਦਿਕ ਪੜਨ ਕਾ ਪੂਰਵਾਰਧ ਧਿ: ੨੨ ॥ ਪੰਨੇ ੯੮ ਸੇ ੧੦੦ ਤਕ ਦੇਖੋ।

ਤਥਾ—ਭਾਈ ਗੁਰਦਾਸ ਜੀ ॥ ਪੇਵਕੜੈ ਘਰ ਲਾਡਲੀ ਮਾਊ ਪੀਊ ਖਰੀ ਪਿਆਰੀ। ਵਿਚ ਭਰਾਵਾਂ ਭੈਣੜੀ ਨਾਨਕ ਦਾਦਕ ਸਣ ਪਰਵਾਰੀ। ਲਖ ਖਰਚ ਵੀਵਾਹੀਐ ਗਹਣੇ ਦਾਜ ਸਾਜ ਅਤਿ ਭਾਰੀ। ਸਾਹੁਰੜੈ ਘਰ ਮੰਨੀਐ ਸਣਖੱਤੀ ਪਰਵਾਰ ਸੁਧਾਰੀ। ਸੁਖ ਮਾਣੈ ਪਿਰ ਸੇਜੜੀ ਛੱਤੀ ਭੋਜਨ ਸਦਾ ਸਿੰਗਾਰੀ। ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ। ਗੁਰ ਮੁਖ ਸੁਖ ਫਲਨਿਹਚਿਉ ਨਾਰੀ॥ਵਾਰ ੫ ਪੌ:੧੬

ਤਥਾ—ਗੁਰਮੁਖ ਹੋਇ ਵਿਵਾਹੀਐ ਦੁਹੀ ਵੱਲੀ ਮਿਲ ਮੰਗਲਚਾਰਾ । ਦੁਹੁ ਮਿਲ ਜਮੈ ਜਾਣੀਐ ਪਿਤਾ ਜਾਤਿ ਪਰਵਾਰ ਸਾਧਾਰਾ। ਜਮਦਿਆਂ ਰੁਣ ਝੁੰਝਣਾ ਵੰਸ ਵਧਾਈ ਰੁਣ ਝੁਣਕਾਰਾ। ਨਾਨਕ ਦਾਦਕ ਸੋਹਿਲੇ

Sri Satguru Jagjit Singh Ji Elibrary NamdhariElibrary@gmail.com

ਵਿਰਤੀਸ਼ਰ ਬਹੁ ਦਾਨ ਦਾਤਾਰਾ। ਬਹੁ ਮਿੜੀ ਹੋਇ ਵੇਸਵਾ ਮਾ ਪਿਉ ਨਾਉ ਨ ਨਾਉ ਪੁਕਾਰਾ। ਗੁਰਮੁਖ ਵੰਸੀ ਪਰਮ ਹੰਸ ਮਨ ਮੁਖ ਬਗ ਬੰਸ ਹਤਿਆਰਾ। ਸਚ ਸਚਿਆਰਾ ਕੂੜ ਕੂੜਿਆਰਾ॥ ਵਾਰ ੩੦॥ ਪੌ: ੩॥ ਗੁਰਦਾਸ ਜੀ ਇਤਿ॥

ਤਥਾ ਗੁਰ ਬਿਲਾਸੋਕਤ ਛਠਮ ਗੁਰੂ ਜੀ ਦੇ ਤੀਨ ਵਿਵਾਹ ਮੰਗਣੇ ਵਕਤ। ਚੌਪਈ:—

ਤਾਤਕਾਲ਼ ਤਬ ਢੋਲ ਧਰਾਯੋ।
ਮਿਲ ਬਰ ਨਾਰੀ ਮੰਗਲ ਗਾਯੋ।

ਚੌਕੀ ਪਰ ਬੈਠੇ ਸਮੇਂ ਕੁਲ ਪੁਰੋਹਿਤ ਨੇ ਸਭ ਰੀਤ ਕਰਵਾਈ ਗ੍ਰਹ ਪੂਜਾਦਿ, ਛਠਮੇਂ ਗੁਰੂ ਜੀ ਦਾ ਰੰਗ ਸ਼ਜ਼ਾਮ ਲਿਖਾ ਹੈ। ਚੌਪਈ:—

ਵਿਵਾਹ ਬਸਨ ਗੁਰ ਪੀਤ ਬਨਾਏ।
ਮਨੋ ਛਟਾ ਘਨ ਮਾਹਿ ਸੁਹਾਏ।

ਲਖਸ਼ਮੀ ਕੇ ਤੀਨ ਅਵਤਾਰ ਗੁਰੂ ਜੀ ਕੇ ਵਰਨੇ ਵਾਸਤੇ। ਦੋਹਾ:—

ਸੁਧਾ ਸਰੋਵਰ ਏਕ ਧਰ, ਦੁਤੀ ਮਡਾਲੀ ਧਾਰ।
ਪਾਂਚ ਤੀਨ ਪਾਛੇ ਵਰਖ, ਲੀਨੋ ਜਗ ਅਵਤਾਰ॥
ਏਕਡਲੇ ਨਗਰ ਮੇਂ ਇਨਕਾ ਤਾਤਪਰਯ।

ਚੌਃ—ਭੋਜਨ ਕਰਨ ਜਬੈ ਗੁਰ ਲਾਗੇ।
ਗਾਰੀ ਅਬਲਾ ਦੇ ਅਨੁਰਾਗੇ।
ਮਧੁਰ ਮਧੁਰ ਸੁਰ ਨਾਰੀ ਗਾਰੀ।
ਦੇਨ ਸੁਨੈ ਗੁਰ ਹਰਖ ਅਪਾਰੀ।

ਡਲੇ ਨਗਰ ਦਾ ਪ੍ਰਸੰਗ ਤਥਾ ਦਾਜ ਪ੍ਰਸੰਗਃ—

ਹੈ ਇਕਵੰਜਾ ਤੇਤੀ ਧੇਨਾ।
ਭੂਸ਼ਿਤ ਕਰੀ ਰੂਪ ਸਭ ਮੈਨਾ।

ਦੋਃ—ਮਹਖ ਇਕਵੰਜਾ ਪੁਨ ਦਈ, ਭੂਖਨ ਅੰਗ ਬਨਾਇ। ਤੇਵਰ ਪਾਟ ਪਾਂਜਸੈ, ਜਿਨ ਕੀਮਤਿ ਅਧਕਾਇ॥

ਚੌਃ-ਔਰ ਪੈਨਾਵਣੀ ਅਨਕ ਪ੍ਰਕਾਰਾ।
ਭੂਖਣ ਸਹਤ ਨ ਆਵਤ ਪਾਰਾ।
ਭਾਂਡੇ ਅਧਿਕ ਸੁਘੱਟ ਧਰੇ ਹੈਂ।
ਔਰ ਵਸਤੁ ਕੋ ਭਾਖ ਕਰੇ ਹੈਂ।
ਪਾਂਚਸੈ ਅਸਰਫ਼ੀ ਤਾਮੈ ਧਰੀ।
ਦਾਸ ਨਰਾਇਣ ਬਿਨਤੀ ਕਰੀ।

ਤਥਾ ਜਬ ਵਿਵਾਹ ਕੇ ਆਏ ਹੈਂ ਤਬ ਦੋਹਾ—

ਰੰਗ ਮਾਤ ਸੁਖ ਪਾਇਕੈ, ਕੀਓ ਪਾਨ ਜਲਵਾਰ। ਅਧਿਕ ਵਾਰਨੇ ਤਬ ਕਰੇ ਸਭ ਅਬਲਾ ਤਿਹ ਵਾਰ॥

ਧਿਃ ੫॥ ਪੰਨਾ ੮੭ ਸੇ ੧੦੧ ਤਾਈਂ ਪੈਸੇ ਸਿੱਟੇ

Sri Satguru Jagjit Singh Ji Elibrary NamdhariElibrary@gmail.com

ਆਦਿਕ ਸਪਸ਼੍ਰ ਹਨ। ਤਥਾ ਛਠਮ ਗੁਰੂ ਜੀ ਦਾ ਦ੍ਵਿਤੀਯ ਵਿਵਾਹ ਬਿਧੀ ਸਹਿਤ ਧਿਃ ੮ ਪੰਃ ੨੦੫ ਸੰਃ ੧੬੭੦॥ ੧ ਵੈਸਾਖ ਤਥਾ ਤੀਸਰਾ ਵਿਵਾਹ ਮਡਿਆਲੀ ਨਗਰ ਮੇਂ ਸ੍ਰੀਮਰਵਾਹੀ ਜੀ ਸੇਃ—

ਅੜਿੱਲ॥ ਵੇਦੀ ਧਰੀ ਬਨਾਇ ਵੇਦ ਵਿਧਿ ਪਾਇਕੈ। ਬੰਦਿ ਬਿਪ੍ਰ ਕੇ ਚਰਣ ਬੈਠਾ ਗੁਰ ਜਾਇਕੈ। ਕੀਨ ਰੀਤ ਸਭ ਤਾਹਿ ਅਧਿਕ ਸੁਖ ਪਾਇਓ। ਹੋ ਲਾਂਵਾਂ ਲੀਨ ਸੁਧਾਰ ਤ੍ਰਿਯਾ ਮੁਖ ਗਾਯੋ॥

ਦੋਃ—ਸੰਭਤ ਸੋਰਾਂਸੈ ਭਏ ਔਰ ਬਹੱਤਰ ਜਾਨ। ਲਾਵਾਂ ਸਾਵਣ ਰਿਖ ਦਿਨੇ, ਲੀਨੀ ਕ੍ਰਿਪਾ ਨਿਧਾਨ॥

॥ ਧਿਃ ੯ ਪੰਃ ੨੬੦॥

ਤਥਾ ਗੁਰ ਨਾਨਕ ਦੇਵ ਜੀ ਕਾ ਬਿਵਾਹ ਸੰਬਤ ਦੋਹਾ—ਏਦ ਬ੍ਰਿਦ ਤ੍ਰਤ ਸਤ ਭੁਲੇ ਸੰਬਤ ਬਰਖਪ੍ਰਮਾਣ। ਬਿੰਸ ਵੇਦ ਦ੍ਵਿਨ ਜੇਠ ਕੇ ਸ੍ਰੀ ਗੁਰੂ ਕ੍ਰਿਪਾ ਨਿਧਾਨ॥

॥ ਧਿਃ ੯ ਪੰਃ ੨੬੦॥

ਤਥਾ ਛੀਮੇਂ ਗੁਰਾਂ ਦੀ ਪੁਤਰੀ ਸ੍ਰੀ ਬੀਰੋ ਜੀ ਦੇ ਝਵਾਲ ਮੇਂ ਫੇਰੇ ਹੂਏ ਹੈਂ।

ਚੌਃ—ਕ੍ਰਿਪਾ ਸਿੰਧ ਤਬ ਪਠੀ ਬਟੇਹਰੀ।
ਨਾਨਾ ਬਸਤੁ ਨ ਕਵਹੂੰ ਹੇਰੀ।

Sri Satguru Jagjit Singh Ji Elibrary NamdhariElibrary@gmail.com

ਤਬਾ—ਫੇਰਿਆਂ ਵਕਤ ॥

ਚੌਃ—ਬਿਪ੍ਰਨ ਕੰਨਜਾ ਬੋਲ ਪਠਾਈ।
ਕਰ ਸਿੰਗਾਰ ਸਖੀ ਲੈ ਆਈ।

ਹੋਰ ਸਨਾਤਨ ਮਰਜਾਦਾ ਸਪਸ਼ਟ ਹੈ ਦਛਨਾਦਿਕ ॥

ਦੋਃ-ਜਗਤ ਰੀਤ ਸਭ ਕਰਤ ਭੇ ਸ੍ਰੀਗੁਰੂ ਕ੍ਰਿਪਾਨਿਧਾਨ।
ਬੀਬੀ ਕੇ ਸੁਭ ਜੋਗ ਤੇ, ਪਰੈਂ ਬੂੰਦ ਜਲ ਆਨ ॥
ਯਦਪ ਮਾਯਾ ਮੋਹ ਕੀ, ਰੰਚਕ ਨਹੀ ਸੁਰੀਤ।
ਮਾਨਖ ਅਵਤਾਰ ਹੈ ਸ੍ਵਾਂਗ ਨਿਵਾਹੈ ਪ੍ਰੀਤ ॥
ਰੁਦਨ ਕਰਤ ਬੀਬੀ ਤਬੈ ਆਈ ਸਤਿਗੁਰ ਪਾਸ।
ਬਹੁ ਧੀਰਜ ਤਾਂਕੋ ਦਯੋ ਕ੍ਰਿਪਾ ਸਿੰਧ ਸੁਖ ਰਾਸ ॥
ਪੁਨ ਉਪਦੇਸ ਕੇ ਵਚ ਕਹੇ ਕਰੀਓ ਪਤਿ ਕੀ ਸੇਵ।
ਈਸ ਜਗਤ ਕੋ ਪਤੀ ਹੈ ਔਰ ਨ ਤਿਹ ਸਮਦੇਵ ॥

ਚੌਃ-ਸੁਨ ਬੀਬੀ ਮੈਂ ਤੁਝੈ ਸੁਨਾਊਂ।
ਪਤਿ ਕੀ ਮਹਮਾ ਕਹਾਂ ਲਗ ਗਾਊਂ।
ਪਤੀ ਦੇਵ ਕੀ ਸੇਵਾ ਸਫਲੀ।
ਪਤਿ ਬਿਨ ਔਰ ਕਰੈ ਸਭ ਨਿਫਲੀ।
ਤਾਂਤੇ ਪਤਿ ਕੀ ਸੇਵ ਕਰੀਜੈ।
ਪਾਦ ਪਖਾਰ ਸੁ ਪਾਨ ਕਰੀਜੈ।
ਸੌਰਾਂ ਸੈ ਊਨਾਸੀ ਮੰਝਾਰਾ।

ਜੇਠ ਛਬੀ ਸਮ ਸੁੰਦਰ ਵਾਰਾ।
ਬੀਬੀ ਕਾ ਹਮ ਦਯੋ ਵਿਵਾਹਾ।
ਮਨ ਮੈ ਬਧੀ ਸੁ ਹਮਰੇ ਚਾਹਾ।

ਧਿ: ੧੧ ਪੰਨੇ ੨੯੪ ਸੇ ੩੦੦ ਤਾਂਈ ਦੇਖੋ।

ਤਥਾ—ਛਠਮ ਗੁਰੂ ਜੀ ਕੇ ਪੁਤਰ ਸੂਰਜ ਮੱਲ ਦਾ ਵਿਵਾਹ॥

ਚੌਂ:-ਭੋਜਨ ਕਰਨ ਲਗੇ ਗੁਰ ਜਬਹੀ।
ਗਾਰੀ ਦੇਨ ਲਗੀ ਤ੍ਰਿਯਾ ਤਬਹੀ॥

ਦੋ:—ਲੈਲੈ ਨਾਮ ਸਮਗ੍ਰ ਕੇ ਗਾਰੀ ਮਧੁਰ ਅਲਾਇ।
ਭੋਜਨ ਕਰਤ ਅਨੰਦ ਜੁਤ ਸਨੇ ਸਨੇ ਸੁਖ ਪਾਇ॥

ਕਰਤਾਰ ਪੁਰ ਮੇਂ। ਦੋ:—

ਸੰਬਤ ਸੋਰਾ ਸੈ ਸੁਖਦ ਛਿਆਸੀ ਮਾਸ ਵਿਸਾਖ।
ਸੂਰਜ ਮਲ ਫੇਰੇ ਲੀਏ ਬਿੰਸ ਸਪਤ ਅਹਿਲਾਖ॥

ਧਿ: ੧੭ ਪੰਨਾ ੩੯੦॥

ਤਥਾਗੁਰੂ ਤੇਗ ਬਹਾਦਰ ਜੀ ਦਾ ਵਿਵਾਹ—

ਦੋ:—ਵਡ ਅਨੰਦ ਪੁਰ ਮੈ ਭਯੋ, ਫਲ ਗੁਣ ਗ੍ਰਹ ਅਹਿ ਜਾਇ। ਸਾਂਤ ਕਰਾਈ ਗੁਰੂ ਜੀ, ਦਾਨ ਦੀਓ ਬਹੁ ਭਾਇ॥

ਤੇਗ ਬਹਾਦਰ ਅੰਕ ਮੈ, ਧਾਰੀ ਪੀਤ ਪੁਸ਼ਾਕ।
ਮੁਕਟ ਸੀਸ ਸੋਭਾ ਬਨੀ, ਲਾਜਤ ਪੇਖ ਸੁਨਾਕ॥

Sri Satguru Jagjit Singh Ji Elibrary NamdhariElibrary@gmail.com

ਲੀਏ ਮੁਖੀ ਤਬ ਸ੍ਰੀ ਗੁਰੂ, ਤਤ ਛਿਨ ਕੀਨ ਪਿਆਨ। ਸੁੰਦਰ ਵੇਦੀ ਜਹਿ ਰਚੀ, ਤਹਿ ਵੈਠੇ ਭਗਵਾਨੁ ॥ ਲਾਵਾਂ ਵਾਸਤੇ ॥

ਚੌਂ:-ਖਾਰੇ ਪਰ ਦੂਲੋ ਛਬ ਪਾਵੈ।
ਬਿਪ੍ਰ ਸਕਲ ਸੁਰ ਪੂਜ ਕਰਾਵੈ।
ਕੰਨਿਆ ਆਇ ਬੈਠ ਬਿਬ ਖਾਰੇ।
ਦਾਸ ਕਵੀ ਜੋਰੀ ਬਲਿਹਾਰੇ।
ਲਾਵਾਂ ਲੀਨ ਗਾਇ ਬਹੁ ਨਾਰੀ।
ਦੀਨ ਲਾਗ ਬਹੁ ਰੀਤ ਸਵਾਰੀ।

ਸੰਬਤ ਸੋਰਾਂ ਸੈ ਸੁਖਦ ਔਰ ਉਨਾਨਵ ਜਾਨ।ਤੇਗ ਬਹਾਦਰ ਵਿਆਹ ਕਰ ਫਲ ਗੁਣ ਗ੍ਰਹ ਅਨੁਮਾਨ।

ਬਿਸ਼ਨ ਕੌਰ ਨਿਜ ਸੁਤਾ ਬਠਾਈ।
ਗੁਜਰੀ ਨਾਮ ਜਾਂਹਿ ਸੁਖਦਾਈ।

ਧਿः ੨੦ ਪੰਨੇ ੪੭੨ ਸੇ ੪੭੪ ਤਾਂਈ ॥

ਤਬਾ—ਸ੍ਰੀ ਗੁਰੂ ਹਰਰਾਇ ਜੀ ਦੇ ਸਾਤ ਵਿਵਾਹ ॥

ਅਨੂਪ ਸਹਰ ਦੇ ਖੱਤ੍ਰੀ ਦਿਆ ਰਾਮ ਦੀਆਂ ਹੀ ਸਾਤ ਲਕੜੀਆਂ ਸਨ ॥

ਦੋਃ—ਦਿਜ ਭੋਜਨ ਅਨਗਨ ਕਰੈਂ, ਘਨੀ ਦੱਛਨਾ ਪਾਇ। ਦੇਤ ਅਸੀਸਾ ਰਿਖ ਦਿਜੰ, ਚਿਰ ਜੀਵੋ ਭਵਗਾਇ ॥

ਸਾਹਾ ਸੋਧਾ ਚੌਃ—

ਹਾੜ੍ਹ ਸਪਤਦਸ ਦਿਨ ਜਬ ਆਵੈ।
ਤਾਂ ਦਿਨ ਸਾਹਾ ਵੇਦ ਬਤਾਵੈ।

ਤਥਾ ਦੋਃ--ਸਨੈ ਸਨੈ ਭੋਜਨ ਕਰੈਂ, ਸੁਨ ਗਾਰੀ ਸੁਖਮਾਨ। ਧਿਕ ਬੈਨੀ ਮ੍ਰਿਗ ਨੈਨ ਸੇ, ਮਧੁਰ ਮਧੁਰ ਧੁਨ ਠਾਨ॥ ਔਰ ਵੇਦੀ ਗ੍ਰਹ ਪੂਜਾਦਿਕ ਸਪਸ਼੍ਟ ਹੈਂ।

ਤੀਨ ਸਸਾਂ। ਚੌਃ—

ਏਕ ਅਨੰਤੀ ਦੂਜੀ ਜ੍ਵਾਲਾ।
ਤ੍ਰਿਤੀਏ ਗੋਰਜਾ ਰੂਪ ਉਜਾਲਾ।
ਸੁਤਾ ਅਨੰਤੀ ਦੋਇ ਪ੍ਰਛਾਨੋ।
ਕਿਸ਼ਨ ਕੌਰ ਤੋਖੀ ਪਹਚਾਨੋ।
ਜਾਨ ਜ੍ਵਾਲਾ ਕੀ ਦੁਇ ਕੰਨਜਾ।
ਲੁਡਕੀ ਚੰਦਕੌਰ ਸ਼ੁਭ ਧੰਨਿਆ।
ਔਰ ਗੋਰਜਾਂ ਪੁਤਰੀ ਤੀਨ।
ਅਨੋਖੀ ਪ੍ਰੇਮ ਕੌਰ ਚਿਤ ਚੀਨ।
ਰਾਮਕੌਰ ਇਹੁ ਸਾਤੋ ਜਾਨੋ।
ਰੂਪ ਸੀਲ ਕੀ ਖਾਨ ਮਹਾਨੋ।
ਭਗਤ ਸਿੰਘ ਸੰਮਤ ਸੁਖ ਦਾਨੀ।
ਸਸ ਖਟ ਗ੍ਰਹ ਪੁਨ ਵੇਦ ਬਖਾਨੀ॥੧੬੯੪।
ਹਾੜ੍ਹ ਦਿਸਾ ਰਿਖ ਦਿਵਸ ਬਤਾਏ।

Sri Satguru Jagjit Singh Ji Elibrary NamdhariElibrary@gmail.com

ਕਰਿ ਵਿਵਾਹਿ ਹਰਖਿ ਹਰਿਰਾਏ ॥
ਧਿਃ ੨੧ ਪੰਨੇ ੫੧੫ ਸੇ ੫੨੨ ਤਕ ਗੁਰਬਿਲਾਸ ਇਤਿ ॥

ਤਬਾ ਕੋਈਕ ਪੁਰਸ਼ ਐਸੇ ਭੀ ਅਨਜਥਾ ਕਲਪਨਾ ਕਰਤੇ ਹੈਂ ਕਿ ਬੀਬੀ ਭਾਨੀ ਜੀ ਦਾ ਅਨੰਦ ਹੂਆ ਹੈ ਸੋ ਸੂਰਜ ਪ੍ਰਕਾਸ਼ ਮੇਂ ਤੋ ਐਸੇ ਹੈ। ਚੌਃ—

ਇਤਤੇ ਭਈ ਔਰ ਸੁਨ ਬਾਨੀ।
ਮਹਲ ਕਹਿਯੋ ਜਿਮ ਗੁਰ ਪ੍ਰਿਤਿਬਾਨੀ।
ਮਹਾਰਾਜ ਸੁਨੀਏ ਬਚ ਮੇਰਾ।
ਭਾਨੀ ਵਡੀ ਭਈ ਮੈ ਹੇਰਾ।
ਇਸ਼ ਕੀ ਬਨੈ ਸਗਾਈ ਕਰੀ।
ਇਮ ਮਾਤਾ ਤਬ ਗਿਰਾ ਉਚਰੀ।
{ ਮਾਤਾ ਮਨਸਾ ਦੇਵੀ ਜੀ ਨੇ। }
{ ਤਬ ਗੁਰੂ ਅਮਰ ਦੇਵ ਜੀ ਨੇ। }
ਬਿਪ੍ਰ ਬੁਲਾਇ ਕਹੇ ਸਨ ਪਰੋਧਾ।
ਕਰੋ ਸਗਾਈ ਭਾਨੀ ਸੋਧਾ।
ਤਬ॥ ਸੁਨ ਬਿਪ ਰਾਮਦਾਸ ਬੁਲਵਾਵਾ।
ਆਇ ਗੁਰੂ ਢਿਗ ਸੀਸ ਨਿਵਾਵਾ।
ਕਛੁਕ ਕਾਲ ਲੌ ਕਰਜੋ ਵਿਵਾਹਾ।

ਸਭਹਨ ਬੀਚ ਭਯੋ ਉਤਸਾਹਾ।
[ਰਾਸ ੧ ਅੰਸੂ ੪੧]

ਔਰ ਕੋਈਕ ਅਕਲ ਦੇ ਪੂਰੇ ਲੋਕ ਐਸੇ ਭੀ ਕਹਤੇ ਹੈਂ ਯਹ ਲਾਵਾਂ ਕਿਸ ਵਾਸਤੇ ਲਿਖੀਆ ਹਨ ਅਤੇ ਅਨੰਦ ॥ ਯਾਂ ਤੇ ਅਨੰਦ ਹੀ ਪੜ੍ਹਨਾ ਵਿਹਾਰ ਕਾਰਜ ਮੇਂ, ਸ਼ੋਕ ਹੈ ਕਿ ਗੁਰੂਜੀ ਕੀ ਵੈਰਾਗਯ ਤਥਾ ਤਿਆਗ ਔ ਪ੍ਰੇਮ ਭਰੀ ਪਰਮਾਰਥ ਰੂਪਬਾਣੀ ਕੋ ਰੰਨਾ ਵਿਵਾਹਨ ਕੇ ਲੀਏ ਪੜ੍ਹਕਰ ਵਹੀ ਅਰਥ ਸਮਝਣਾ, ਹਾਂ. ਅਨੰਦ ਬਾਣੀ ਕਾ ਖੰਡਨ ਨਹੀਂ, ਅਤੇ ਲਾਂਵਾਂ ਜੋ ਸੂਹੀ ਰਾਗ ਮੇਂ ਕਹੀ ਹੈਂ ਤਿਨ ਮੇਂ ਤੋਂ ਚਾਰ ਅਵਸਥਾ ਕਹੀ ਹੈਂ, ਪ੍ਰਿਥਮ ਲਾਂਵ ਮੇਂ ਕਰਮ, ਦੁਤੀਯ ਮੇਂ ਉਪਾਸਨਾ, ਤ੍ਰਿਤੀਯ ਮੇਂ ਵੈਰਾਗ, ਚੌਥੀ ਮੇਂ ਗਿਆਨ। ਜੈਸੇ ਸੂਹੀ ਮਃ ੪ "ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥ ਬਾਣੀ ਬ੍ਰਹਮਾ ਵੇਦੁ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥" ਯਹੀ ਵਯਵਸਥਾ ਟੀਕਾ ਮਹਾਰਾਜ ਫਰੀਦ ਕੋਟ ਵਾਲਾ ਮੇਂ ਕਰੀ ਹੈ ਔਰ ਯਹ ਟੀਕਾ ਅੱਛੇ ਵਕਤ ਬਨ ਚੁਕਾ ਹੈ ਸਨਾਤਨ ਸਿੰਘਾਂ ਨੇ ਕੀਆ ਹੈ ੧੯੩੪ ਸੇ ਪ੍ਰਾਰੰਭ ਹੋਕਰ ੧੯੩੯ ਤਕ ਤਿਆਰ ਹੂਆ ਹੈ। ਪੁਨਃ ਅਨੰਦ ਤੋ

Sri Satguru Jagjit Singh Ji Elibrary NamdhariElibrary@gmail.com

ਤੀਸਰੀ ਪਾਤਸ਼ਾਹੀ ਕਾ ਪੌਤ੍ਰ ਹੂਆ ਹੈ ਤਿਸ ਕੇ ਪ੍ਰਥਾਇ ਬਾਣੀ ਕਾ ਉਚਾਰਣ ਹੈ, ਦੇਖੋ ਸੂਰਜ ਪ੍ਰਕਾਸ਼ ਰਾਸ ੧ ॥ ਅੰਸੂ ੫੯ ॥ ਪੰਃ ੧੬੧ ॥

ਤਥਾ—ਉਤਰ ਉਤਰ ਸਰਬ ਗੁਰੂਓਂ ਕੇ ਵਿਵਾਹ ਹੀ ਹੂਏ ਹੈਂ। ਸੋ ਕਿਓਂ ਨਾ ਨਈ ਮਰਜਾਦਾ ਅਨੰਦ ਕੀ ਚਲਾਈ। ਨਵੀਨੋਂ ਹੋਸ਼ ਕਰੋ ! ਅਤੇ ਲਾਵਾਂ। ਜੀਵ ਕੋ ਇਸਤ੍ਰੀ ਰੂਪ ਤੇ ਬਰਨਨ ਕਰਾ ਹੈ ਪ੍ਰਮਾਤਮਾ ਕੋ ਪਤੀ। ਯਾਤੇ ਸਰਬ ਰੂਪਕ ਕਹਾ ਹੈ ਜੈਸੇ ਆਸਾ ਸ੍ਰੀ ਕਬੀਰ ਜੀ:—

ਤਨ ਰੈਨੀ ਮਨੁ ਪੁਨਰਪਿ ਕਰਿਹਉ ਪਾਚਉ ਤਤ ਬਰਾਤੀ । ਰਾਮ ਰਾਇ ਸਿਉ ਭਾਵਰਿ ਲੈ ਹਉ ਆਤਮ ਤਿਹ ਰੰਗ ਰਾਤੀ ॥ ੧ ॥ ਗਾਉ ਗਾਉ ਰੀ ਦੁਲਹਨੀ ਮੰਗਲ ਚਾਰਾ। ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ ॥ ੧ ॥ ਰਹਾਉ ॥ ਨਾਭਿ ਕਮਲ ਮਹਿ ਬੇਦੀ ਰਚਿਲੇ ਬ੍ਰਹਮ ਗਿਆਨ ਉਚਾਰਾ। ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ ॥ ੨ ॥ ਸੁਰਿ ਨਰ ਮੁਨਿ ਜਨ ਕਉਤਕ ਆਏ ਕੋਟਿ ਤੇਤੀਸਉ ਜਾਨਾਂ । ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ ॥ ੩ ॥ ੨ ॥ ੨੪ ॥

ਤਥਾ ਆਸਾ ਕਬੀਰ ਜੀ—ਹਰਿ ਮੇਰੋ ਪਿਰੁ ਹਉ

ਹਰਿ ਕੀ ਬਹੁਰੀਆ । ਰਾਮ ਬਡੇ ਮੈ ਤਨਕ ਲਹੁਰੀਆ। ਸਬਦ ੩੦ ॥ ਇਤਯਾਦਕ ਅਨੇਕ ਵਾਕਯ ਹੈਂ ਗੁਰੂਆਂ ਕੇ। ਯਾਂਤੇ ਉਨ ਲਾਂਵਾਦਿਕੋਂ ਕਾ ਤਾਤਪਰਯ ਅਨੰਦ ਵਿਵਾਹ ਮੇਂ ਨਹੀਂ ਕਿੰਤੂ ਜੀਵ ਰੂਪ ਇਸਤ੍ਰੀ ਕੋ ਪ੍ਰਮਾ-ਤਮਾ ਰੂਪ ਪਤੀ ਕੀ ਪ੍ਰਾਪਤੀ ਰੂਪ ਪਰਮਾਰਥ ਵਿਵਾਹ ਮੇਂ ਤਾਤਪਰਯ ਹੈ। ਯਾਂਤੇ ਅਬ ਗੁਰੂਓਂ ਕੇ ਵਿਵਾਹੋਂ ਕਾ ਵਿਵਹਾਰਕ ਪ੍ਰਕਰਣ ਕਹਤੇ ਹੈਂ।

ਤਥਾ ਗੁਰਬਿਲਾਸੋਕਤ:—

ਦੋਃ—ਜਗ ਮਰਜਾਦ ਕਰਕੈ ਤਬੈ ਵੇਦੀ ਧਰੀ ਬਨਾਇ। ਬਿਪ੍ਰਵਿੰਦ ਬੈਠਤ ਭਏ ਸ੍ਰੀ ਗੁਰੂ ਮਨ ਸੁਖ ਪਾਇ ॥

ਚੌਃ—ਦਯਾ ਸਿੰਧ ਗੁਰੂ ਅਰਜਨ ਦੇਵ।
ਜਗਤ ਰੀਤ ਸਭ ਕਰੀ ਅਭੇਵ।
ਨਾਈ ਬਿੱਪ੍ਰ ਲਾਗ ਜਿਹ ਕੇਰੋ।
ਸ੍ਰੀ ਗੁਰੂ ਅਰਜਨ ਤਬੈ ਨਬੇਰੋ।
ਹਰਿ ਗੋਬਿੰਦ ਤਬ ਲਾਵਾਂ ਲੀਨੀ।
ਪਾਨ ਗ੍ਰਹਣ ਬਿਧੀ ਸਭ ਕੀਨੀ।
[ਧਿਃ ੫ ਪੰਨੇ ੯੧]

ਤਥਾ ਸੂਰਜ ਪ੍ਰਕਾਸ਼ ਛਠਮ ਗੁਰੂ ਜੀ ਦਾ ਵਿਵਾਹ:-

ਚੌਃ—ਬਿਪ੍ਰ ਉਦਾਰ ਕਰਨਿ ਤਬਿ ਲਾਗੇ।

ਪੂਜਤ ਨਵ ਗ੍ਰਿਹ ਗਣ ਪਤਿ ਆਗੇ।

[ਵਿਸਥਾਰ ਦੇਖੋ ਰਾਸ ੪ ॥ ਅੰਸੂ ੧੨]

ਤਥਾ—ਬੀਬੀ ਬੀਰੋ ਜੀ ਦੇ ਵਿਵਾਹ ਦਾ ਪ੍ਰਸੰਗ ਰਾਸ ੬ ਅੰਸੂ ੧੮ ॥ ਦੇਖੋ !

ਤਥਾ—ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਤੀਨ ਵਿਵਾਹ ਪ੍ਰਸੰਗ ॥ ਸੂਰਜ ਪ੍ਰਕਾਸੋਕਤ:—

ਚੌ:-ਪੂਜਤ ਨਵਗ੍ਰਹ ਗਣਪਤਿ ਸਾਥ।
ਕਹੈਂ ਕ੍ਰਿਤ ਠਾਨੈ ਗੁਰਨਾਥ।
ਪੁਨ ਬੇਦੀ ਮੈ ਰਾਖ ਹੁਤਾਸਨ।
ਡਾਰਤ ਸਰਪੀ ਕਰਤ ਪ੍ਰਕਾਸ਼ਨ।
ਦਿਜ ਆਦਿਕ ਕੋ ਦਰਵ ਵਡੇਰਾ।
ਦੀਨ ਦਾਨ ਸਤਿਗੁਰ ਤਿਸ ਵੇਰਾ।
ਦਯਾਰਾਮ ਦਿਜ ਸਮੇ ਪਛਾਨਾ।
ਸਗਰੋ ਸਾਖੋਚਾਰ ਵਖਾਨਾ।

[ਰੁਤ ੧ ਅੰਸੂ ੧੩]

ਤਥਾ ਹਾਕਲ ਛੰਦ—

ਜਿਮ ਜੀਤ ਕੁਇਰ ਤਨਰੂਰਾ। ਤਿਮ ਦੂਲੋਬਰ ਗੁਰ ਪੂਰਾ।
ਇਹ ਸੁੰਦ੍ਰ ਇਕ ਸਮ ਜੋਰੀ। ਮਿਲ ਜੀਵੇ ਬਰਖ ਕਰੋਰੀ।

[ਰੁਤ ੧ ਅੰਸੂ ੧੪]

Sri Satguru Jagjit Singh Ji Elibrary NamdhariElibrary@gmail.com

ਤਥਾ ਚੌਂ:-ਜਥਾਜੋਗ ਕੁਲ ਰੀਤ ਕਰਾਈ।
ਧਨ ਖਰਚਿਯੋ ਬਹੁ ਵੱਜੀ ਵਧਾਈ।
ਦੁਤੀਯਾ ਵਿਆਹ ਕਲਗੀਧਰ ਕੇਰਾ।
ਸੰਗ ਸੁੰਦਰੀ ਭਾਗ ਭਲੇਰਾ।
[ਰੁਤ ੧ ਅੰਸੂ ੨੦]

ਤਥਾ ਸ੍ਰੀ ਮਾਤਾ ਸਾਹਿਬ ਦੇਵਾ ਜੀ ਕਾ ਪ੍ਰਸੰਗ—
ਚੌਂ:-ਰਾਵ੍ਹਾ ਗੋਤ ਵਸਹ ਰਵਤਾਸ।
ਡੇਰੇ ਮੈ ਦੈਠਾਇ ਤਨ ਜਾਸ।
ਰਾਵ੍ਹਾ ਖਤ੍ਰੀ ਸਿਖ ਕਰ ਬੰਦ।
ਠਾਢੇ ਆਗੇ ਭਯੋ ਮੁਕੰਦ।

ਗੁਰੂ ਜੀ ਕੋ ਕਹਾ ਇਸ ਮੇਰੀ ਕੰਨਜਾ ਕੋ ਅਪਣੇ ਚਰਨੀ ਲਗਾਓ ਤਬ ਗੁਰੂ ਜੀ ਚੌ:—
ਇਮ ਬਿਨਤੀ ਸੁਨਿਕੈ ਸਿਖ ਕੇਰੀ।
ਸ੍ਰੀ ਮੁਖ ਤੇ ਬੋਲੇ ਤਿਸ ਬੇਰੀ।
ਜਬ ਕੀ ਹਮ ਦੇਵੀ ਬਿਦਤਾਈ।
ਦਰਸ਼ਨ ਕਰਿਯੋ ਕਾਲਕਾ ਮਾਈ।
ਤਬ ਕੋ ਗ੍ਰਸਥ ਕਰਨ ਹਮ ਛੋਰਾ।
ਬ੍ਰਹਮ ਚਰਜ ਮੈ ਨਿਤ ਮਨ ਜੋਰਾ।
[ਰੁਤ ੫ ਅੰਸੂ ੧]

ਸ਼ੰਕਾ—ਇਸ ਤੁਕ ਤੋਂ ਗੁਰੂ ਜੀ ਕਾ ਪਹਿਲੇ

Sri Satguru Jagjit Singh Ji Elibrary NamdhariElibrary@gmail.com

ਗ੍ਰਹਸਥ ਕਰਨਾ ਸਿੱਧ ਹੋਤਾ ਹੈ।

ਉੱਤਰ—ਵਯਵਹਾਰਿਕ ਉੱਤਰ ਮਾਤ੍ਰ ਹੈ ਤਿਸ ਪਰਮਾਤਮਾ ਮੇਂ ਤੋ ਕਭੀ ਵਿਸ਼ਯ ਕੀ ਇੱਛਾ ਬਨਹੀ ਨਹੀਂ ਸਕਤੀ। ਯਥਾ ਗੁਰ ਬਿਲਾਸੋਕਤ ਵਚਨ ਛੀਮੇ ਸਾਹਿਬ ਕਾ ਦੋਃ—

ਦਸਮ ਰੂਪ ਤਕ ਹੌਂ ਸੁਨੋ, ਮੈਥੁਨ ਨਾਰਿਤਿਆਗ॥
ਸਾਹਿਬ ਬੁਢੇ ਅੰਸ ਜੋ, ਤਜੇ ਸੋਇ ਵਡ ਭਾਗ॥
॥ ਧਿਃ ੯ ਪੰਃ ੨੫੧॥

ਯਾਂਤੇ ਸਪਤ ਪੁਸਤ ਤਕ ਬਾਬੇ ਬੁੱਢੇ ਦੀ ਅੰਸ ਨੇ ਭੀ ਮੈਥੁਨ ਨਹੀਂ ਕੀਆ ਸੋ ਤਿਨ ਕੇ ਨਾਮ ਯਹ ਹੈ ਗੁਰ ਬਿਲਾਸ ਮੇਂ ਤਹਾਂ ਸਾਹਿਬ ਭਾਨਾ॥ ੧॥ ਸਾਹਿਬ ਸਰਵਣ ॥ ੨॥ ਸਾਹਿਬ ਲਾਲ ॥ ੩॥ ਸਾਹਿਬ ਝੰਡਾ॥ ੪॥ ਸਾਹਿਬ ਗੁਰ ਦਿਤਾ॥ ੫ ॥ ਸਾਹਿਬ ਰਾਮਕੁਇਰ ॥ ੬॥

ਚੌਃ-ਸਪਤ ਰੂਪ ਇਹੁ ਭੋਗ ਨ ਕਰ ਹੈ।

ਸ਼ੰਕਾ—ਸੰਤਾਨ ਕੈਸੇ ਹੋਈ ?

ਉੱਤਰ ਸਤਿਨਾਮ ਮੁਖ ਮੰਤ੍ਰ ਧਰ ਹੈਂ॥ ਧਿਃ ੯ ਪੰਃ ੨੫੧॥ ਯਹ ਪ੍ਰਕਰਣ ਬਹੁਤ ਜਗਾ ਸਪਸ਼੍ਟ ਹੈ ਵਿਸਤਾਰ ਭੁਯ ਸੇ ਲਿਖਾ ਨਹੀਂ। ਸਤਿਨਾਮ ਕੇ ਮੰਤ੍ਰ ਸੇ ਹੀ ਸੰਤਾਨ ਹੋਈ ਹੈ ਜੈਸੇ—

ਚੌਃ-ਮੰਤ੍ਰ ਸ੍ਰੂਸਤ ਭਯੋ ਅਧਾਨਾ।
ਮਾਤ ਦਮੋਦਰੀ ਅਤਿ ਸੁਖ ਮਾਨਾ।

Sri Satguru Jagjit Singh Ji Elibrary NamdhariElibrary@gmail.com

ਗੁਰਬਿਲਾਸ ਧਿ: ੮ ਪੰ: ੨੦੩ ਤਬਾ ਧਿ: ੯ ਮੇਂ ਭੀ ਜਾਨਨਾ।

ਪੂਰਬ ਪ੍ਰਕਰਣ ਯਹ॥ ਜਬ ਤਿਸ ਸਿਖ ਨੇ ਬਹੁਤ ਬੇਨਤੀ ਕਰੀ ਤੋ ਕੁਮਾਰਾ ਡੋਲਾ ਕਹਕਰ ਗੁਰੂ ਜੀ ਨੇ ਇਹ ਬਾਤ ਸ੍ਵੀਕਾਰ ਕਰੀ। ਚੌ:-

ਸਾਹਿਬ ਦੇਵਿ ਨਾਮ ਜਿਸ ਕੇਰਾ।
ਮਸਤਕ ਟੇਕ ਸਾਸ ਕੇ ਪੈਰਾ।

ਤਬਾ—ਕਿਸੀ ਕਾਲ ਮੇਂ ਗੁਰੂ ਜੀ ਸੇ ਪੁਤ੍ਰ ਮਾਂਗਨਾ ਤਾਂ ਗੁਰੂ ਜੀ—

ਚੌ:—ਕਹਾਂ ਲਾਲਸਾ ਇਕ ਪੁਤ ਕੇਰੇ।
ਪੁਤਰ ਖਾਲਸਾ ਹੋਇਸ ਤੇਰੇ।
ਲਾਖੋਂ ਹੋਇ ਗਣਤ ਨਹ ਆਵੈ।
ਜਗ ਮੈ ਥਿਰ ਨਿਤ ਜਨਮ ਸੁ ਪਾਵੈ।
ਸਗਲ ਸਿੰਘ ਅਪਨੇ ਸੁਤ ਜਾਨੋ।
ਸੁਜਸ ਪ੍ਰਤਾਪ ਬਧਾਇ ਮਹਾਨੋ।

[ਰੁਤ॥ ੫॥ ਅੰਸੂ ੧]

ਇਸ ਰੀਤ ਸੈਂ ਗੁਰੂਆਂ ਕੇ ਵਿਵਾਹ ਵੇਦ ਬਿਧੀ ਅਨੁਸਾਰ ਸਪਸ਼੍ਟ ਹਨ। ਅਤੇ ਕੋਈਕ ਅਕਲ ਦੇ ਛਾਬੇ ਐਸੇ ਭੀ ਅਨੱਥਾ ਪ੍ਰਲਾਪ ਕਰਤੇ ਹੈਂ। ਕਿ ਮਾਤਾ ਜੀਤ ਕੌਰ ਔਰ ਸੁੰਦਰੀ ਜੀ ਏਕ ਕਾ ਹੀ ਨਾਮ ਹੈ

Sri Satguru Jagjit Singh Ji Elibrary NamdhariElibrary@gmail.com

ਸੋ ਤਿਨ ਕਾ ਮੂਹ ਤੋੜ ਉਤਰ ਸੌ ਸਾਖੀ ਮੇਂ। ਤਹਾਂ ਮਾਤਾ ਜੀਤ ਕੌਰ ਕੇ ਤੀਨ ਪੁਤਰ ਹੈਂ (ਜੁਝਾਰ ਸਿੰਘ, ਜੋਰਾਵਰ ਸਿੰਘ, ਫਤੇ ਸਿੰਘ ਤੀਨ ਹੀ ਤੀਨ ਅਗਨ ਸਮਾਨ) ਸਾਖੀ ੫੨ ॥

ਤਬਾ ਮਾਤਾ ਸੁੰਦਰੀ ਜੀ ਦੇ "ਅਜੀਤ ਸਿੰਘ ਜੀ" ਗੁਣੀ ਸ਼ਸਤ੍ਰ ਕੇ ਧਣੀ ਸਾਖੀ ੫੩ ॥ ਤਬਾ ਇਹੁ ਦੋਨੋ ਸਾਖੀਆਂ ਦੇ ਪ੍ਰਸੰਗ ਰੁਤ ੨ ॥ ਅੰਸੂ ੩੯ ਸੇ ੫੧ ਤਾਂਈ ਸੂਰਜ ਪ੍ਰਕਾਸ਼ ਮੇਂ ਭੀ ਦੇਖੋ !

ਤਬਾਹੀ ਦੋਃ—ਮਾਘ ਮਾਸ ਪਖ ਪਾਛਲੋ ਚੌਥ ਥਿਤਿ ਭ੍ਰਿਗੁ ਵਾਰ । ਭਲੇ ਲਗਨ ਉਦਕ ਤਬ ਜਨਮਿਓ ਪੁਤਰ ਉਦਾਰ ॥ ਮਾਤਾ ਸੁੰਦ੍ਰੀ ਜੀ ਸੇ ਅਜੀਤ ਸਿੰਘ ॥ ਸੰਬਤਾਦਿਕ ਰੁਤ ੨ ॥ ਅੰਸੂ ੩੮ ॥ ਮੇਂ

ਚੌਃ—ਤੀਨ ਪੁਤ੍ਰ ਸ੍ਰੀ ਜੀਤੋ ਕੇਰੇ ।
ਤੀਨ ਅਗਨ ਤਨ ਦਿਪਤ ਵਡੇਰੇ ।

ਹੌਰ ਦੇਖੋ ਰੁਤ ੨ ॥ ਅੰਸੂ ੫੧ ॥ ਇਸ ਰੀਤ ਸੇ ਤੀਨ ਹੀ ਮਹਲ ਸਿੱਧ ਹੈਂ ਸੰਸੇ ਕਾ ਵਿਸ਼ੇ ਨਹੀਂ ॥

॥ ਇਤਿ ॥

***

Sri Satguru Jagjit Singh Ji Elibrary NamdhariElibrary@gmail.com

# ਭੂਖਣ ਮੰਡਨ

ਸ਼ੰਕਾ—ਆਪ ਨੇ ਪੀਛੇ ਕੁਛ ਕੁਛ ਸਿੰਗਾਰ ਕਾ ਬਰਨਨ ਕੀਆ ਸੋ ਗੁਰਮਤ ਨਹੀਂ।

ਉਤਰ—ਮਲੇਛ ਮਤ ਨਹੀਂ ਗੁਰੂ ਮਤ ਤੋ ਹੈ।

ਕੌਣ ਪ੍ਰਮਾਣ ਹੈ॥

ਉਤਰ—ਪ੍ਰਿਥਮ ਤੋ ਬਾਹਜ ਦ੍ਰਿਸ਼ਟਾਂਤ ਸਪਸ਼ਟ ਹੈ ਫੁਨਹੇ ਮਃ ੫॥ ਸਖੀ ਕਾਜਲ ਹਾਰ ਤੰਬੋਲ ਸਭੈ ਕਿਛੁ ਸਾਜਿਆ। ਸੋਲਹ ਕੀਏ ਸੀਗਾਰ ਕਿ ਅੰਜਨ ਪਾਜਿਆ॥

ਤਥਾ—ਭਾਈ ਗੁਰਦਾਸ ਜੀ—ਜਿਉ ਲਹੁੜੀ ਚੀਚੂੰ ਗਲੀ ਪਹਧੀ ਛਾਪ ਮਿਲੀ ਵਡਿਆਈ। ਵਾਰ ੪॥ ਪੌਃ ੪॥ ਤਥਾ—ਸਭਨਾ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ। ਕੰਨ੍ਹ ਤਨਉੜੇ ਕਾਮਣੀ ਬੂੜੀ ਬਰੜਾਵੈ। ਨਥਾਂ ਨਕ ਨਵੇਲੀਆਂ ਨਕਟੀ ਨ ਸੁਖਾਵੈ। ਕਜਲਾਖੇ ਹਰਨਾਖੀਆਂ ਕਾਣੀ ਕੁਰਲਾਵੈ। ਸਭਨਾ ਚਾਲ ਸੁਹਾਵਣੀ ਲੰਗੜੀ ਲੰਗੜਾਵੈ। ਗਣਤ ਗਣੈ ਗੁਰਦੇਵ ਦੀ ਤਿਸ ਦੁਖ ਵਿਹਾਵੈ॥ ਵਾਰ॥ ੩੫॥ ਪੌਃ ੬॥

---

ਤਨਉੜੇ ਕਹੀਏ ਪਿਪੱਲਤਰੇ। ਬੂੜੀ ਕਹੀਏ ਬੁੱਚੀ॥

Sri Satguru Jagjit Singh Ji Elibrary NamdhariElibrary@gmail.com

ਤਥਾ—ਦਸਮ ਦਰਵਾਰ ਵਿਚੋਂ:—

ਦੋਹ:—ਬੱਤੀਸ ਅਭਰਣ ਤ੍ਰਿਯਾ ਕਰੈ ਸੋਰਹ ਸਜੈ ਸਿੰਗਾਰ। ਨਾਕ ਛਦਾਵਤ ਆਪਨੋ ਪੀਆ ਕੇ ਹੇਤੁ ਪਿਆਰ। ਚਰਿਤ੍ਰ ੧੦੩॥

ਤਥਾ ਗੁਰਬਿਲਾਸੋਕਤ—ਬੀਬੀ ਬੀਰੋ ਜੀ॥

ਚੌਂ:—ਬੀਬੀ ਕੀ ਪਨਹੀ ਗਿਰ ਪਰੀ।
ਘੁੰਘਰੀ ਸਾਥ ਸੁਨਹਰੀ ਜਰੀ।
[ਧਿ: ੧੦ ਪੰਨੇ ੨੯੭]

ਤਥਾ ਸੌ ਸਾਖੀ ਮੇਂ—ਬੀਸ ਮੋਹਰਾਂ ਦੇ ਕੜੇ ਘੜਾ ਮੰਗਵਾਏ ਅਤੇ ਕਹਿਆ ਹਜ਼ੂਰ ਮੰਗਵਾਇਕੇ ਤੋਲੋ। ਦਸਮ ਗੁਰੂ ਜੀ ਨੇ॥ ਸਾਖੀ ੨੫॥ ਤਥਾ ਇਹੁ ਪੰਚੀਸਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ॥ ੩॥ ਅੰਸੂ ੪੨॥ ਮੇ ਭੀ ਦੇਖੋ!

ਤਥਾ ਗੁਰ ਪ੍ਰਤਾਪ ਸੂਰਜ ਗ੍ਰੰਥੋਕਤ:—

ਚੌਂ:—ਬੀਬੀ ਬੀਰੋ ਕੇ ਪਗ ਭੂਖਣ ਛਨਕੇ।
ਚਲਤ ਬੇਗ ਤੇ ਮਿਲ ਮਿਲ ਠਨਕੇ।

ਜਬ ਸਿੰਘਾ ਪਰੋਹਤ ਘੋੜੇ ਪਰ ਬੈਠਾ ਕਰ ਲੇ ਆਇਆ ਹੈ ਰਾਸ ੬॥ ਅੰਸੂ ੭॥ ੮॥ ਤਥਾ ਜਨਮ ਸਾਖੀ ਮੇ ਬਾਬੇ ਦੇ ਵਿਵਾਹ ਦੀ ਸਾਖੀ ਪੰਨੇ ੬੧ ਸੇ ੬੨॥ ਤਾਂਈ ਦੇਖੋ!

ਤਥਾ ਨਾਨਕ ਪ੍ਰਕਾਸ਼ੋਕਤ ॥ ਸਵੈਯਾ—ਸੀਸ ਬਧਾ ਸਿਰ ਪੇਚ ਫਬੈ ਗਰ ਮਾਲ ਬਨੀ ਮੁਕਤਾਲਨ ਕੀ। ਲੋਚਨ ਲੋਲ ਵਿਲੋਕਤ ਲੋਕਨ ਪੀਰ ਹਰੈ ਅਘ ਜਾਲਨ ਕੀ। ਸੁੰਦਰ ਜਿਯੋ ਅਰਬਿੰਦ ਖਿਰਾ ਮੁਖ ਜਾਂ ਗਤਿ ਕੀਨ ਬਿਹਾਲਨ ਕੀ। ਕੁੰਡਲ ਡੋਲ ਕਪੋਲ ਅਮੋਲ ਗਿਰਾ ਜਿਹ ਗਿਆਨ ਸਿਖਾਲਨ ਕੀ। ਗੁਰੂ ਨਾਨਕ ਦੇਵ ਜੀ ਦੇ ਅਤੇ ਔਰ ਸਾਥੀਆਂ ਕੇ ਭੀ ਲਿਖੇ ਹੈਂ ॥ ਪੂਰਬਾਰਧ ਧਿ: ੨੨ ॥ ਤਥਾ ਗੁਰਬਿਲਾਸ:—

ਚੌ:—ਹਰਿ ਗੋਬਿੰਦ ਨੌ ਬਰਸ ਬਿਤਏ।
ਕਛੁਕ ਸਿਆਮ ਸੁੰਦਰ ਛਬ ਛਏ।
ਭੁਜ ਅੰਗਦ ਕੰਕਨ ਕਰ ਸੋਹੈ।
ਕੰਠ ਮਾਲ ਮੁਕਤਾ ਮਨ ਮੋਹੈ।

[ਧਿ: ੫ ਪੰਨੇ ੮੪]

ਤਥਾ ਸੂਰਜ ਪ੍ਰਕਾਸ਼ ਤਹਾਂ:—

ਪਗ ਨੂੰਪਰ ਭੂਪਰ ਚਲਤ ਬਾਜ।
ਕਟ ਕਿੰਕਨ ਕੰਕਨ ਬਰ ਬਿਰਾਜ।
ਹੀਰਨ ਜਰਾਉ ਕਰ ਕਟਕ ਸੋਭ।
ਦੁਤ ਦੇਖ ਰੁਚਰ ਕਿਸਕੇ ਨ ਲੋਭ।
ਮੁਖ ਮੰਡਲ ਪਰ ਕੁੰਡਲ ਝੁਲੰਤ।
ਸੁੰਦ੍ਰ ਸੁਕੇਸ ਮੇਚਕ ਸੋਭੰਤ।

ਰਾਸ ॥ ੩ ॥ ਅੰਸੂ ੧੨ ॥ ਛੀਮੇ ਸਾਹਿਬ ਦੇ ਇਤਿ ਤਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭੂਖਣ ਸੂਰਜ ਪ੍ਰਕਾਸ਼:—

ਚੌਃ—ਹਾਟਕ ਕਟਕ ਜਟੇ ਬਿਚ ਹੀਰੇ।
ਲਗੀ ਅਗੁਰੀ ਲਗੋਂ ਜੰਜੀਰੇ।
ਜਟੀ ਮੁੰਦ੍ਰੀ ਸੁੰਦਰ ਸੰਗ।
ਝਗਲੀ ਝੀਨ ਪੀਤ ਸੁਭ ਰੰਗ।

[ਰਾਸ ॥ ੧੨ ॥ ਅੰਸੂ ੧੬]

ਤਥਾ ਸਵੈਯਾ—ਝੀਨ ਝਗਾ ਪਹਰੈ ਤਨ ਮੈ ਗਲ ਬਾਘ ਨਖਾ ਮਢ ਕੰਚਨ ਤੇ। ਕੰਧ ਉਤੰਗ ਬਲੰਦ ਭੁਜਾਨਿ ਬਿਰਾਜਤ ਹਾਟਕ ਕੰਕਨ ਤੇ। ਚਾਰੁ ਵਿਲੋਚਨ ਸਾਥ ਵਿਲੋਕਤ ਭੂਪ ਕਰੇ ਜਿਨ ਰੰਕਨ ਤੇ। ਸੀਸ ਪੈ ਕੇਸ ਸਚਿਕਵਨ ਸਿਯਾਮ ਮਲਾਇਮ ਜੇ ਮਖ ਤੂਲਨ ਤੇ ॥ ਰਾਸ ॥ ੧੨ ॥ ਅੰਸੂ ॥ ੧੭ ॥

ਤਥਾ ਸਵੈਯਾ—ਮ੍ਰਿਦੁ ਬੋਲਤ ਡੋਲਤ ਕੁੰਡਲ ਸਰੋਨ ਕਪੋਲਨ ਝਾਲ ਪਰੈ ਇਹ ਭਾਂਤੀ। ਜਨ ਪੂਰਨ ਸਾਰਦ ਚੰਦ ਵਿਖੈ ਬਰਮੀਨ ਫਿਰੈ ਸੁਖਮਾ ਵਿਗਸਾਤੀ। ਬਿਗਸੈ ਸੁਨ ਬਾਤ ਰਿਦੈ ਹਰਖਾਤ ਵਿਲੋਕਤ ਮਾਤ ਮਹਾਂਉਮਗਾਤੀ। ਜਨ ਸਾਧਨ ਸਾਧਤ ਕੋ ਦੁਖ ਦੇ

Sri Satguru Jagjit Singh Ji Elibrary NamdhariElibrary@gmail.com

ਤ੍ਰਿਹ ਸਿਧ ਮਿਲੀ ਹੈ ਸੀਤਲ ਛਾਤੀ ॥ ਰਾਸ ॥ ੧੨॥ ਅੰਸੂ ॥ ੧੯ ॥ ਛੰਃ ॥ ੧੫ ॥

ਤਥਾ ਸਵੈਯਾ—ਰੈਨ ਪਰੀ ਕਰ ਭੋਜਨ ਐਨ ਪਿਯੋ ਪਯ ਸੈਨ ਕਰੀ ਸੁਖ ਪਾਇ। ਭੋਰ ਭਈ ਤਜ ਨੀਦ ਉਠੇ ਕਰ ਸੌਚ ਸਨਾਨ ਪ੍ਰਯੰਕ ਸੁਹਾਇ। ਸੁੰਦਰ ਚੀਰ ਬਿਭੂਖਨ ਕੰਚਨ ਮੋਲ ਵਡੇ ਜਨਨੀ ਪਹਰਾਇ। ਸਾਹੁ ਧਨੀਨ ਕੇ ਆਇ ਸਪੂਤ ਨਮੋ ਕਰ ਹੋਹਿ ਮਿਲੈ ਸਮਦਾਇ॥ ਰਾਸ॥ ੧੨ ॥ ਅੰਸੂ ੧੯ ॥ ਛੰਃ ੧੬ ॥

ਤਥਾ—ਪਟਨੇ ਸਾਹਿਬ ਮੇਂ ਏਕ ਵ੍ਰਿਧੀਆ ਮਾਈ ਨਾਲ ਬਾਲ ਲੀਲਾ ਸਵੈਯਾ—

ਆਇ ਸਮੀਪ ਪਲਾਇ ਚਲੈਂ ਤਬ ਜਿਯੋ ਮਿਲਕੈ ਨਹਿ ਛੁਵਨ ਪਾਵੈ। ਦੂਰ ਨ ਜਾਤ ਨਜੀਕ ਰਹੈਂ ਇਮ ਜਾਨਤ ਮੈਂ ਗਹ ਲੇਹ ਪਲਾਵੈਂ। ਨੂਪਰ ਕਿੰਕਨ ਕੰਕਨ ਕੰਚਨ ਭੂਖਨ ਏ ਸਭ ਨਾਦ ਉਠਾਵੈਂ। ਧਾਇ ਇਤੈ ਉਤ ਜਾਇ ਜਿਤੈ ਕਿਤ ਤਾਹਿ ਗਤਾਗਤ ਧਾਰ ਭ੍ਰਮਾਵੈ॥ ਰਾਸ ੧੨ ॥ ਅੰਸੂ ੧੯ ॥ ਛੰਃ ੧੮ ॥

ਤਥਾ ਪੰਜੇ ਪਿਆਰੇ ਚੌਃ—

ਬਸਤ੍ਰ ਨਵੀਨ ਸ਼ਸਤ੍ਰ ਪਹਰਾਏ।
ਜੜਤ ਜਵਾਹਰ ਜਿਨ ਸਮਦਾਏ।
ਰੁਚਰ ਬਿਭੂਖਨ ਜਿਗਾ ਸਜਾਏ।

Sri Satguru Jagjit Singh Ji Elibrary NamdhariElibrary@gmail.com

ਅਪਨੇ ਰੂਪ ਸਮਾਨ ਬਨਾਏ।

[ਰੁਤ ੩ ਅੰਸੂ ੧੯]

ਤਥਾ ਅਮ੍ਰਿਤ ਛਕਾਇ ਕੇ ਗੁਰੂ ਦਸਮ ਪਾਤਸਾ-
ਹਿਬ ਨੇ ਫਿਰ ਭੀ ਕੁੰਡਲਾਦਿਕ ਧਾਰਨ ਕਰੇ ਹੈਂ।

ਚੌਃ-ਪਾਤਸਾਹ ਦਸਮੇਂ ਗੁਰ ਸੋਹੈਂ।
ਵਿਗਸਾਵਤ ਮੁਖ ਕਮਲ ਮਨੋ ਹੈ।
ਕ੍ਰਿਪਾ ਸਨੇਹ ਬਰ ਬੋਲਤ ਬੋਲ।
ਕੁੰਡਲ ਡੋਲ ਕਪੋਲਨ ਲੋਲ।

[ਰੁਤ ੪ ਅੰਸੂ ੩੪]

ਚੌਃ-ਮੁਖ ਮੰਡਲ ਪਰ ਕੁੰਡਲ ਡੋਲ।
ਸੁੰਦਰ ਦ੍ਰਿਗ ਜੁਗ ਉਪਮ ਅਤੋਲ।

[ਰੁਤ ੬ ਅੰਸੂ ੭]

ਤਥਾ ਸਰਬਲੋਹ ਵਿਚੋਂ—ਸ੍ਰੀਭਗਵਾਨ ਦੇ॥
ਮੀਨ ਕੁੰਡਲ ਕਾਨ ਸੋਭਤ ਲਾਲ ਦੁਰਯਕ ਤਾਪਨਾ॥
ਵਿਸਤਾਰ ਦੇਖੋ ਧਿਃ ੨ ਛੰਃ ੫੮੪॥

ਤਥਾ ਮੋਹਰ॥ ਮਾਰੂ ਸੋਲਹੇ ਮਃ੫॥
ਬਨਮਾਲਾ ਬਿਭੂਖਨ ਕਮਲ ਨੈਨ।
ਸੁੰਦਰ ਕੁੰਡਲ ਮੁਕਟ ਬੈਨ।
ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ
ਸ਼ਬਦ॥ ੧੧॥

Sri Satguru Jagjit Singh Ji Elibrary NamdhariElibrary@gmail.com

ਤਥਾ ਮਨੂ ਭਗਵਾਨ ਜੀ ਭੀ ਕਹਤੇ ਹੈਂ ਜੋ ਪੁਰਸ਼ ਇਸਤ੍ਰੀ ਕੋ ਗਹਣੇ ਆਦਿਕ ਨਹੀਂ ਪਹਿਰਾਵਤਾ, ਇਸਤ੍ਰੀ ਨਰਾਜ ਰਹਤੀ ਹੈ ਉਸ ਕੀ ਕੁਲ ਨਾਸ਼ ਹੋ ਜਾਤੀ ਹੈ ਯਹ ਪ੍ਰਸੰਗ ਮਨੁਸਿਮ੍ਰਿਤੀ ਧਿਃ ੩ ਸਲੋਕ ੫੫ ਸੇ ੬੨ ਤਾਂਈ ਦੇਖੋ। ਹੋਰ ਪ੍ਰਮਾਣ ਵਿਸਤਾਰ ਭਯ ਸੇ ਨਹੀਂ ਲਿਖੇ ਆਪ ਗੁਰੂ ਘਰ ਕੇ ਗ੍ਰੰਥ ਜੋ ਸੂਰਜ ਪ੍ਰਕਾਸ਼ ਤਕ ਹਨ ਤਿਨ ਕੋ ਪੜ੍ਹੋ ਔਰ ਪੂਰਬਲੇ ਉੱਤਰੋਤਰ ਜੈਸੇ ਸ਼੍ਰੂਤੀ ਕੀ ਅਪੇਖਯਾ ਕੋ ਲੇਕੇ ਸਿਮ੍ਰਤੀ, ਸਿਮ੍ਰਤੀ ਕੋ ਲੇਕਰ ਪੁਰਾਣ ਖੰਡਨ ਹੋ ਸਕਤੇ ਹੈਂ ਤੈਸੇ ਵਯਵਸਥਾ ਭੀ ਕਰੋ, ਪਰੰਤੂ ਜੋ ਆਜ ਕਲ ਕੇ ਸ੍ਵਾਰਥੀ ਸਿਖਾਂ ਨੇ ਆਪਨੇ ਘਰ ਦੀ ਸਿਖੀ (ਚੂਹੜੇ ਚਮਾਰਾਂ ਨਾਲ ਖਾਨ ਵਾਲੀ) ਦੇ ਟ੍ਰੈਕ੍ਰ ਛਾਪੇ ਹਨ ਉਨ ਕਾ ਵਿਸ਼੍ਵਾਸਨਾ ਕਰਨਾ। ਪਤੀ ਕੇ ਜੀਵਤੇ ਇਸਤ੍ਰੀ ਕਾ ਭੂਖਨ ਉਤਾਰਨਾ ਵਿਧਵਾ ਕਾ ਸਾਂਗ ਹੈ ਜੋ ਸਿਰ ਖੋਲ ਕੇ ਪੀਛੇ ਜੂੜਾ ਕਰਨਾ, ਜੈਸੇ ਮਾਤਾ ਸੁੰਦ੍ਰੀ ਜੀ ਅਤੇ ਸਾਹਿਬ ਦੇਵਾ ਜੀ ਨੇ ਗੁਰੂ ਜੀ ਕਾ ਚਲਾਣਾ ਸੁਣਕੇ ਬਾਲ ਖੋਲੇ ਸੂਰਜ ਪ੍ਰਕਾਸ਼ਐਨ ੨ ॥ ਅੰਸੂ ੨੬ ਦੇਖੋ, ਹਾਂ ਪਤੀ ਸੇ ਬਿਨਾ ਸਿੰਗਾਰ ਨਿਸਫਲ ਹੈ। ਜੈਸੇ ਜਨਮਸਾਖੀ—ਜਬ ਬਾਬਾ ਜੀ ਨੇ ਬੇਂਈਂ ਮੇਂ ਗੋਤਾ ਮਾਰਾ ਹੈ ਭਬ੍ਬਾ ਨਾਨਕ ਸੂਰਜੋਦੇ ਮੇ। 'ਰੋਵਤ ਭਈ ਸੁਲੱਖਣੀ ਕਤ ਗੋ ਭਰ-

ਤਾਰਾ। ਭੂਖਨ ਡਾਰ ਉਪਾਰ ਕਚ, ਤਨ ਤਾੜ ਅਪਾਰਾ॥' ਧਿ: ੨੪ ਪੰ: ੫੮॥

ਤਥਾ–ਟੋਡੀ ਮ: ੫॥ ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ। ਸੰਗੁ ਨ ਪਾਇਓ ਆਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ॥ ਸਬਦ ੪॥

ਤਥਾ– ਫੁਨਹੇ ਮ: ੫॥ ਜੇ ਘਰਿ ਆਵੈ ਕੰਤੁ ਤ ਸਭ ਕਿਛੁ ਪਾਈਐ। ਹਰਿਹਾਂ ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ। ਤਥਾ ਸੌ ਸਾਖੀ:–

ਦੋ:–ਮਲ ਮਲ ਨ੍ਹਾਈ ਕਾਮਣੀ ਖੋੜਸ ਕਰੇ ਸੀਗਾਰ। ਖਸਮ ਨਾ ਜਾਈ ਫਲ ਕਿਆ ਸੋ ਸਿਰਮਿੰਦੀ ਨਾਰਿ॥ ਸਾਖੀ॥ ੩੮॥ ਇਤਯਾਦਕ ਅਨੇਕ ਬਚਨ ਹਨ ਜੋ ਪਤੀ ਤਥਾ ਨਾਮ ਤੋ ਬਿਨਾ ਇਸਕੇ ਭੋਜਨ ਮਾਤ੍ਰ ਕਾ ਭੀ ਨਿਸ਼ੇਧ ਕਰਤੇ ਹੈਂ। ਜੈਸੇ ਕਬੀਰ ਜੀ:–

ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ। ਦੀਸਹਿ ਦਾਧੇ ਕਾਨ ਜਿਉ ਜਿਨ ਮਨਿ ਨਾਹੀ ਨਾਉ। ਗੁਰੂ ਗ੍ਰੰਥ ਸਾਹਿਬ ਸਲੋਕ ੪॥ ਤਥਾ–

ਕਬੀਰ ਊਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ। ਏਕਸੁ ਹਰਿਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ॥ ਸਲੋਕ ੩੪॥

Sri Satguru Jagjit Singh Ji Elibrary NamdhariElibrary@gmail.com

ਤਥਾ—ਸੂਹੀ ਦੀ ਵਾਰ ਵਿਚੋਂ ਮਃ ੧ ॥ ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ । ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ । ਪੌਃ ੧੬ ।

ਤਥਾ—ਮਲਾਰ ਮਃ ੧ ॥ ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ । ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗ ਜੀਵਣੁ ਨਹੀ ਰਹਣਾ । ਸਬਦ ੧।

ਤਥਾ—ਮਾਰੂ ਮਃ ੫ ॥ ਪੁਤ੍ਰ ਕਲਤ੍ਰ ਗ੍ਰਿਹ ਦੇਖਿ ਪਸਾਰਾ ਇਸ ਹੀ ਮਹਿ ਉਰਝਾਇਏ । ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੁ ਨ ਗਾਏ ॥ ਸਬਦ ॥ ੩ ॥ ਤਥਾ—ਸਾਰੰਗ ਦੀ ਵਾਰ ॥ ਪਉੜੀ। ਪੁਤ੍ਰ ਕਲਤ੍ਰ ਮੋਹੁ ਹੇਤੁ ਹੈ ਸਭੁ ਦੁਖ ਸਬਾਇਆ । ਜਮ ਦਰਿ ਬਧੇ ਮਾਰੀਅਹਿ ਭਰਮਹਿ ਭਰਮਾਇਆ ॥ ਪੌਃ ੩ ॥ ਇਤਯਾਦਕ ਅਨੇਕ ਵਾਕਜ ਹੈਂ ॥

## ਇਸਤ੍ਰੀ ਧਰਮ

ਸ਼ੰਕਾ—ਇਸਤ੍ਰੀ ਕੇ ਲੀਏ ਅੰਮ੍ਰਿਤਾਦਿ ਕਛਹਰੇ ਕਾ ਹੁਕਮ ਹੈ ਵਾ ਨਹੀ ?

ਉਤਰ—ਨਹੀਂ । ਹਾਂ ਪਤੀ ਕੀ ਆਗਿਆ ਮਾਨੇ ਤਬ ਬਿਨਾ ਹੀ ਅਮ੍ਰਿਤ ਔਰ ਚਰਨ ਘਾਲ ਸੇ ਮੁਕਤ ਹੋਵੈਗੀ ।

Sri Satguru Jagjit Singh Ji Elibrary NamdhariElibrary@gmail.com

ਕੌਣ ਪ੍ਰਮਾਣ !

ਉਤਰ–ਬਿਨਾ ਪਤੀ ਕੀ ਸੇਵਾ ਸੇ ਇਸਤ੍ਰੀ ਕਾ ਪ੍ਰਯਤਨ ਨਿਸਫਲ ਹੈ । ਜੈਸੇ ਸ੍ਰੀ ਰਾਗ ਮਃ ੧ ॥ ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ । ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ । ਦੂਖ ਘਣੋ ਦੋਹਾਗਣੀ ਨ ਘਰਿ ਸੇਜ ਭਤਾਰੁ । ਅਸਟਪਦੀ ॥ ੯ ॥ ਤਥਾ ਸੂਹੀ ਦੀ ਵਾਰ ਮਃ ੩ ॥ ਏਕ ਸਤੀ ਹੂਈ ਕੇ ਪ੍ਰਥਾਇ ਹੈ ॥ ਮਃ ੩ ॥ ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ । ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨ । ॥ ਮਃ ੩ ॥ ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ । ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨਿ ॥ ੨ ॥ ਮਃ ੩ ॥ ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ । ਜੇ ਜਾਣਹਿ ਪਿਰੁ ਆਪਣਾ ਤਾ ਤਨਿ ਦੁਖ ਸਹਾਹਿ । ਨਾਨਕ ਕੰਤ ਨ ਜਾਣਨੀ ਸੇ ਕਿਉ ਅਗ ਜਲਾਹਿ । ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ ॥ ਪੌਃ ੬ ॥ ਅਰਥ ਟੀਕਾ ਮੇਂ ਦੇਖੋ!

ਤਥਾ–ਭਾਈ ਗੁਰਦਾਸ ਜੀ ॥ ਨਾਰ ਭਤਾਰੋ ਬਾਹਿਰੀ ਸੁਖ ਸੇਜ ਨ ਚੜ੍ਹੀਐ । ਪੁਤ ਨ ਮੰਨੇ ਮਾ ਪਿਆਂ ਕਮ ਜਾਤੀ ਵੜੀਐ । ਬਣਜਾਰਾ ਸਾਹਿ ਹੋ ਵੇਸਾਹੁ ਨ ਜੜੀਐ ।

ਸਾਹਿਬ ਸੌਹੇ ਆਪਣੇ ਹਥਿਆਰ ਨ ਫੜੀਐ। ਕੂੜ ਨ ਪਹੁੰਚੈ ਸਚ ਨੂ ਸੌ ਘਾੜਤ ਘੜੀਐ । ਮੁੰਦ੍ਰਾਂ ਕੰਨ ਜਿਨਾੜੀਆਂ ਤਿਨ ਨਾਲ਼ ਨ ਅੜੀਐ ॥ ਵਾਰ ੩੪ ॥ ਪੌ: ੨੧ ॥

ਤਥਾ ਜਨਮ ਸਾਖੀ–ਜਿਉਂ ਦੁਰਾਚਾਰ ਇਸਤ੍ਰੀ ਹੋਤੀ ਹੈ ਖਸਮ ਉਸ ਕੋ ਤਿਆਗ ਦੇਤਾ ਹ ਔਰ ਦਰ ਦਰ ਖੁਆਰ ਹੋਤੀ ਫਿਰਤੀ ੈ ਭੌਂਕਤੀ ਹੈ ਅਤੇ ਆਪ ਕੋ ਹੰਸਾਵਤੀ ਹੈ, ਉਸ ਇਸਤ੍ਰੀ ਕੀ ਨਾਈਂ ਕਲੂ ਕੇ ਲੋਕਾਂ ਕੋ ਗੁਰੂ ਤਿਆਗ ਦੇਵੇਗਾ ਤਾਂ ਇਹ ਭੀ ਦਰ ਦਰ ਖੁਆਰ ਹੋਵਨਗੇ, ਪਰ ਵੀਜ ਮਾਤ੍ਰ ਕੋਈ ਕੋਟਿ ਮੱਧੇ ਵਿਰਲਾ ਸਿੱਖ ਰਹ ਜਾਵੇਗਾ। "ਅਜਿੱਤੇ ੰਧਾਵੇ ਨੂ ਗੁਰ ਨਾਨਕ ਜੀ ਸੁਨਾਇਆ" ਵਿਸਤਾਰ ਦੇਖੋ ਪੰ: ਪ੩੬ ਸੇ ਪ੪੪ ਤਾਈ।

ਤਥਾ ਦਸਮ ਗੁਰੂ ਗ੍ਰੰਥ ਸਾਹਿਬ ਮੇਂ ਦੋ:–ਜਾਂ ਦੁਖ ਤੇ ਜਿਨ ਇਸਤ੍ਰਯਹਿ, ਨਿਜ ਪਤਿ ਹਨਿਯੋ ਰਿਸਾਇ। ਤਿਸੀ ਦੋਖ ਮਾਰਿਯੋ ਤਿਸੈ ਧੰਨ ਧੰਨ ਜਮਰਾਇ। ਚਰਿਤ੍ਰ ੧੦੯॥ ਤਥਾ ਸੌ ਸਾਖੀ ॥ ਦੋ:–ਨਾਰੀ ਨਰ ਕਾ ਸਰੀਰ ਹੈ ਬਿਨਾ ਪੁਰਖ ਕਿਹ ਕਾਮ। ਸਤ ਗਤਿਦਾਤਾ ਪੁਰਖ ਹੈ ਅਵਰ ਨ ਦਾਤਾ ਰਾਮ॥ ਸਾਖੀ ੬ ॥

ਤਥਾ ਇਹੁ ਛੀਵੀਂ ਸਾਖੀ ਦਾ ਪ੍ਰਸੰਗ ਗੁਰ ਪ੍ਰਤਾਪ

ਸੂਰਜ ਗ੍ਰੰਥ ਰੁਤ ੩ ਅੰਸੂ ੪੯ ਮੈਂ ਭੀ ਸਪਸ਼ਟ ਹੈ।

ਤਥਾ ਸ੍ਰੀ ਮਾਤਾ ਸੀਤਾ ਜੀ ਵਾਚ ਚੌਃ—

ਜੀਅ ਬਿਨ ਦੇਹ ਨਦੀ ਬਿਨ ਵਾਰੀ।
ਤੈਸੇ ਹੀ ਨਾਥ ਪੁਰਸ਼ ਬਿਨ ਨਾਰੀ।

[ਸ੍ਰੀ ਤੁਲਸੀਃ ਅਯੁਧਯਾ ਕਾਂਡ]

ਤਥਾ ਸੌਸਾਖੀ ਉਕਤ—ਏਕ ਬਾਰ ਗੁਰੂ ਜੀ ਉਚੀ ਠੌਰ ਬੈਠੇ ਥੇ, ਸੰਗਤ ਜੁੜੀ ਬੜੀ ਭੀੜ ਹੂਈ ਏਕ ਸਿਖਣੀ ਆਵੈ ਮੂਹ ਢਾਪਿਆ ਹੂਆ ਅਤੇ ਮੁੜ ਜਾਵੈ ਭੀੜ ਪੁਰਖਾਂ ਦੀ ਸੀ ਤਾਂ ਗੁਰੂ ਜੀ ਅਰਦਾਸੀਏ ਸਿਖ ਨੂੰ ਭੇਜ ਕੇ ਬੁਲਾਈ ਹਜ਼ੂਰ, ਤਾਂ ਓਹਦੇ ਘਰ ਦੇ ਹਜ਼ੂਰ ਅਗੇ ਹੀ ਬੈਠੇ ਥੇ ਤਾਂ ਘੁੰਡ ਕਢਿਆ ਗੁਰੂ ਜੀ ਅਗਾੜੀ ਮਥਾ ਟੇਕ ਕੇ ਖੜੀ ਰਹੀ ਤਾਂ ਵਚਨ ਹੋਇਆ, ਸਿਖਣੀਏ ! ਕਿਉਂਕਰ ਗੁਰੂ ਕੇ ਤੋ ਜਾਣਦੇ ਹੈਨ ਤੈਨੂ ਪਰ ਸੰਗਤ ਨੂੰ ਜਾਹਰ ਹੋਵੈ। ਤਾਂ ਸਿਖਣੀ ਹਥ ਜੋੜ ਕੇ ਬੋਲੀ ਜੀ ਸਚੇ ਪਾਤਸ਼ਾਹ ! ਮੇਰੇ ਮਾ ਪਿਉ ਰਾਇਪੁਰ ਕੇ ਸੇ ਤਾਂ ਮੈਂ ਕੁਆਰੀ ਸਾਂ ਸਾਧ ਸਾਡੇ ਘਰ ਆਇਆ, ਮੇਰੀ ਮਾਇ ਨੇ ਵਡੀ ਟਹਲ ਕਰੀ, ਵਡਾ ਬੁਢਾ ਸੀ, ਮੇਰੀ ਮਾਇ ਭੀ ਪਿਉ ਭੀ ਲਗੇ ਸੇਵਣ ਓਹ ਪਾਚ ਬਰਸ ਰਹਿਆ ਤਾਂ ਮੈਂ ਭੀ ਸੇਵਾ ਕਰਾਂ ਅਤੇ ਕਥਾ ਸੁਣਾ, ਬੈ ਸਾਧ ਭੀ ਸੁਣਿਆ ਤਾਂ ਗੁਰੂ ਜੀ

ਮੈ ਬਿਆਹੀ ਖਤਰੀ ਦਾ ਬੇਟਾ ਬਰਸਾਣੇ ਦਾ ਉਸ ਦੀ ਮੈਂ ਸਿਖਣੀ ਹਾਂ, ਸਿਖ ਭੀ ਭਲਾ ਗੁਰਮੁਖ, ਆਏ ਗਏ ਸਿਖ ਨੂੰ ਘਰ ਲੈ ਆਂਵਦਾ ਹੈ ਅਤੇ ਮੈਂ ਪ੍ਰੀਤਿ ਕਰਕੇ ਪ੍ਰਸਾਦ ਪੀਸ ਪਕਾਇਕੇ ਛਕਾਇਕੇ ਖੁਸ਼ੀ ਲੈਂਦੀ ਹਾਂ ਤਾ ਮੇਰੀ ਭਰਤਾ ਸਾਥ ਬਣਰਹੀ ਹੈ ਖਾਵਿੰਦ ਨੂੰ ਮੈਂ ਜਾਣਦੀ ਹਾਂ ਗੁਰੂ ਭੀ ਪਰਮੇਸ਼੍ਵਰ ਭੀ ਮੈ ਸੁਣ ਰਖਿਆ ਸੀ ਸਾਧ ਤੇ, ਨਾਰੀ ਕਾ ਆਸਰਾ ਭਰਤਾ ਹੀ ਹੈ ਤਾਂ ਗੁਰੂ ਜੀ ਮੇਰੇ ਦੇਵਰ ਜੇਠ ਸੌਹਰਾ ਖਾਵਿੰਦ, ਪੁਤਰ, ਸਭ ਜ਼ਨਾਨੀਆਂ ਸਦਾ ਦਰਸ਼ਨ ਨੂੰ ਆਵਣ, ਮੈਂ ਕਦੇ ਪਾਪਣ ਤੁਮਾਰਾ ਗੁਰਾਂ ਦਾ ਦਰਸ਼ਨ ਨਾ ਕੀਤਾ। ਮੈਂ ਚਿਤਵਾਂ ਗੁਰਾਂ ਦੇ ਸਿਖਾਂ ਨੂੰ ਮੈ ਸੇਵਣੀ ਹਾਂ ਕੌਣ ਸੇਵਾ ਕਰੇਗਾ ਮੇਰੇ ਪਿਛੇ ਤਾਂ ਮੈਨੂੰ ਬਹੁਤ ਕੁਟੰਬੀ ਲਿਆਂਵਦੇ ਹੂਏ ਮੇਰੇ ਖਾਵਿੰਦ ਦੀ ਭੀ ਮਰਜੀ ਨਹੀਂ ਸੀ ਆਈ ਮੈਂ ਮੇਰਾ ਧਿਆਨ ਲੰਗਰ ਹੀ ਵਿਚ ਹੈਗਾ। ਅਗੇ ਦੇਖੀ ਭੀੜ ਮੈਂ ਮੁੜੀ 'ਵਿਚਾਰਿਆ ਮੈਨੂੰ ਪਾਪਣ ਨੂ ਦਰਸ਼ਨ ਕਹਾਂ, ਚਲਾਂ ਸੇਵਾ ਹੀ ਕਰਾਂਗੀ। ਇਤਨੇ ਮੈਂ ਸਿਖ ਗਿਆ ਜਾ ਕਹਿਓ ਸਿਖਣੀਏ ! ਗੁਰੂ ਕਿਆਂ ਬੁਲਾਈ ਹੈਂ ਤਾਂ ਮੈਂ ਖੁਸ਼ੀ ਹੋ ਗਈ। ਮੇਰੇ ਪਰ ਦਿਆ ਕੀਤੀ ਗੁਰੂ ਜੀ ਜੋ ਹੁਕਮ ਹੋਵੈ ਸੋ ਕਰਾਂ ਤਾਂ ਗੁਰੂ ਜੀ ਬੋਲੇ ਸਿਖਣੀਏ ! ਤੂੰ

Sri Satguru Jagjit Singh Ji Elibrary NamdhariElibrary@gmail.com

ਧੰਨ ਹੈਂ ਧੰਨ ਤੇਰੇ ਪੇਕੇ ਧੰਨ ਤੇਰੇ ਸਾਹੁਰੇ ਜੋ ਤੁਧ ਇਕ ਬੇਰੀ ਸੁਣਕੇ ਸਿਦਕ ਸੇਵਾ ਦਾ ਅਤੇ ਭਰਤਾ ਦਾ ਰਖਿਆ ਅਸੀ ਤੇਰੀ ਭੇਟ ਕਰਾਂਗੇ ਪਰ ਭਰਤਾ ਤੇਰਾ ਜਾਂ ਆਵੇਗਾ। ਹੁਣ ਦੇਵੀ ਤੂੰ ਜਾਹ ਤੇਰੀ ਭਾਵਨਾ ਪੂਰੀ ਤੂੰ ਘਰ ਰਹੁ ਸੇਵਾ ਹੀ ਕਰਿਆ ਕਰ ਓਹ ਰਾਹ ਗੁਰੂ ਕੇ ਮਿਲਨੇ ਕਾ ਸੂਧਾ ਹੈ॥ ਸਾਖੀ ੩੪॥

ਤਥਾ ਇਹੁ ਚੌਤੀਸਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੩ ਅੰਸੂ ੪੪ ਮੇਂ ਭੀ ਸਪਸ਼ਟ ਹੈ।

ਤਥਾ ਪਰਦਾ ਕਰਨਾ ਮਾਤਾ ਪੰਜਾਬ ਕੌਰਜੀ ਨੇ ਜੋ ਰਾਮ ਰਾਇ ਜੀ ਦੇ ਘਰੋਂ ਸਨ, ਦਸਮੇਸ਼ ਗੁਰੂ ਜੀ ਸੇ ਪਰਦਾ ਕਰਕੇ ਸਿਖਾਂ ਦ੍ਵਾਰਾ ਕਹਣਾ ਸੁਣਨਾ ਜੈਸੇ ਸੂਰਜ ਪ੍ਰਕਾਸ਼ ਚੌਂ:—

ਪਰਦੇ ਮੈ ਪੰਜਾਬ ਕੁਅਰ ਬਿਰ।
ਮਹਾਂ ਫਰਸ ਤੇ ਛਾਹਿ ਰਹੀ ਧਰ।

[ਰੁਤ ੨ ਅੰਸੂ ੮]

ਭਾਵ. ਜੋ ਭੂਖਣ ਉਤਰਵਾਨੇ ਯਹ ਵਿਦੇਸ਼ੀ ਮਤ ਹੈ, ਅਤੇ ਜੋ ਘੁੰਡ ਚੁਕਾਨਾ ਯਹ ਵਿਭਚਾਰ ਕਾ ਕਾਰਣ ਹੈ।

ਤਥਾ ਨਾਨਕ ਪ੍ਰਕਾਸ਼ ਮੇਂ ਸਤਿ ਘਰੇ ਮੇਂ ਇਕ ਸਾਹੂਕਾਰ ਦੀ ਇਸਤ੍ਰੀ ਦੇ ਪ੍ਰਥਾਇ ਗੁਰੂ ਨਾਨਕ ਦੇਵ

Sri Satguru Jagjit Singh Ji Elibrary NamdhariElibrary@gmail.com

ਜੀ ਕਹਤੇ ਭਏ ਚੌਂ:—

ਤਿਹ ਕੋ ਸਾਂਤ ਦੇਨ ਕੇ ਹੇਤਾ।
ਬੋਲੇ ਸ੍ਰੀ ਬੇਦੀ ਕੁਲ ਕੇਤਾ।
ਅਬਲ ਪਿੰਗ ਕੋਹੀ ਪਤਿ ਹੋਈ।
ਪ੍ਰਭੂ ਸਮਾਨ ਲਖੈ ਤੀਯਾ ਜੋਈ।
ਸਰਬ ਭਾਂਤ ਕੀ ਸੇਵਾ ਕਰਹੀ।
ਪਰਪੁਰਖਨ ਰਤਿ ਉਰ ਨਹਿ ਧਰਹੀ।
ਪਤਿ ਜੋ ਹਤ ਹ੍ਵੈ ਤਿਆਗੇ ਪਰਾਨਾ।
ਰੰਚ ਸਮਾਨ ਨ ਤਨ ਪਹਚਾਨਾ।
ਜਾਇ ਸੁਰਗ ਸੁਖ ਪਾਇ ਵਡੇਰੇ।
ਦੰਪਤਿ ਬਿਲਸਹਿ ਬਰਖ ਘਨੇਰੇ।
ਅਰ ਨਾਰੀ ਜੋ ਨਿਜ ਪਤਿ ਤਿਆਗੀ।
ਪਰ ਪੁਰਖਨ ਪਿਖ ਕੈ ਅਨੁਰਾਗੀ।
ਹ੍ਵੈ ਕੇ ਨਿਡਰ ਤਜੀ ਜਗ ਬ੍ਰੀੜਾ।
ਸਾਦ ਹੇਤ ਕਰਹੀ ਮਿਲ ਕ੍ਰੀੜਾ।
ਤਿਹ ਜਮ ਦੂਤ ਗਹੈ ਜਬ ਆਈ।
ਜਾਇ ਘਸੀਟਤ ਦੇਹਿੰ ਸਜਾਈ।
ਲੋਹਿ ਥੰਭ ਕੋ ਲਾਲ ਤਪਾਈ।
ਖੈਂਚ ਤਾਹਿ ਕੇ ਸੰਗ ਲਗਾਈ।
ਇਤਯਾਦਕ ਦੁਖ ਦੇਹਿ ਘਨੇਰਾ।

Sri Satguru Jagjit Singh Ji Elibrary NamdhariElibrary@gmail.com

ਕੌਨ ਪੁਕਾਰ ਸੁਨੈ ਤਿਸ ਬੇਰਾ।
ਜਗ ਮਹਿ ਨਿੰਦਾ ਕਸ਼ਟ ਅਗਾਰੀ।
ਅਸਗਤਿ ਹ੍ਵੈ ਵਿਭਚਾਰਨ ਨਾਰੀ।
ਸ਼ਾਹੁ ਤਿਯਾ ਸੁਨ ਕਰ ਵਚ ਗੁਰ ਕੈ।
ਪਰੀ ਪਾਇ ਪਰ ਜਮ ਡਰ ਕਰਕੈ।
ਹੇ ਸੰਤਹੁ ਮੈ ਅਘ ਕਿਯਾ ਭਾਰੀ।
ਬਖਸਹੁ ਆਈ ਸਰਨ ਤੁਮਾਰੀ।
ਗੁਰ ਕਹਿ ਪਾਛਲ ਬਖਸੇ ਸੋਊ।
ਬਹੁਰ ਅਗਾਰੀ ਕਰੋ ਨ ਕੋਊ।
ਪਤਿ ਆਇਸ ਕੇ ਰਹੁ ਅਨੁਸਾਰੀ।
ਸਿਮਰੋ ਸਤਿਨਾਮ ਸੁਖ ਕਾਰੀ।
[ਉਤਰਾਰਧ ਧਿਃ ੨੫ ਪੰਨੇ ੧੩੧]

ਤਥਾ ਗੁਰ ਬਿਲਾਸੋਕਤ ॥ ਜਬ ਛੀਵੇਂ ਗੁਰਾਂ ਕੀ ਪ੍ਰੀਖਯਾ ਕੇ ਲੀਏ ਜਹਾਂਗੀਰ ਨੇ ਅਪਨੀ ਸੁੰਦ੍ਰ ਬੇਗਮਾ ਭੇਜੀ ਹੈਂ ਤਬ ਪੁਤਰੀ ਭਾਸ਼ਣ ਕਰ ਉਪਦੇਸ ਕੀਆ ॥

ਚੌਃ—ਅਪਨਾ ਭਰਤਾ ਸਮਝ ਖੁਦਾਇ।
ਅਹਿ ਨਿਸ ਤਾਂਕੀ ਸੇਵ ਕਮਾਇ।
ਜਾ ਸਮ ਔਰ ਜਗਤ ਫਲ ਨਾਹੀ।
ਨਾਰ ਜਲੰਧਰ ਸੁਨ ਸੁਖ ਪਾਹੀ।
[ਧਿਃ ੯। ਪੰਨੇ ੧੭੬]

Sri Satguru Jagjit Singh Ji Elibrary NamdhariElibrary@gmail.com

ਤਥਾ ਮਾਤਾ ਨੇ ਭੀ ਯਹੀ ਉਪਦੇਸ ਕਰਾ ਹੈ ਬੇਗਮ ਕੋ

ਚੌਃ—ਨਾਰਿ ਧਰਮ ਪਤਿ ਸੇਵਾ ਕਰੇ।
ਔਰ ਕਿਸੀ ਪੈ ਨਦਰ ਨ ਧਰੇ।
ਦਮੋਦਰੀ ਕੇ ਇਮ ਵਚਨ ਸੁਨਾਇ।
ਬੇਗਮ ਗਈ ਹਰਖ ਮਨ ਪਾਇ।
[ਧਿਃ ੮ ॥ ਪੰਨੇ ੧੮੦]

ਤਥਾ ਪੁਨ ਉਪਦੇਸ ਕੇ ਵਚ ਕਹੇ ਯਹ ਪੂਰਬ ਕਹ ਆਏ ਹੈਂ:—

ਤਥਾ ਚੌਃ-ਨਾਰਿ ਤਿਆਗ ਨਿਜ ਭਰਤ ਕਰੂਪ।
ਰਮੈ ਜਾਨ ਸੁੰਦਰ ਜਗ ਭੂਪ।
ਈਹਾ ਭੋਗ ਨਰਕ ਤਿਨ ਆਗੇ।
ਕਾਲਖ ਦਾਗ ਤਾਹਿ ਮੁਖ ਲਾਗੇ।
[ਧਿਃ ੧੭ ॥ ਪੰਨੇ ੩੮੧]

ਜੈਸੇ ਪਟੀ ਵਾਲੇ ਰਾਜੇ ਦੀ ਕੰਨਯਾ ਨੇ ਅਪਨੇ ਕੁਸ਼ਟੀ ਪਤੀ ਕੀ ਹੀ ਸੇਵਾ ਕਰੀ ਧਿਃ ੧੮॥ ਪੰਨੇ ੪੦੩ ਦੇਖੋ !

ਤਥਾ ਚੌਃ—ਵਿਸ਼ਨ ਕੌਰ ਨਿਜ ਸੁਤਾ ਬਠਾਈ।
ਗੂਜਰੀ ਨਾਮ ਜਾਹਿ ਸੁਖ ਦਾਈ।

ਦੋਃ—ਪਤਿ ਸਮ ਈਸ ਵਖਾਨ ਕੈ ਹੇ ਪੁਤਰੀ ਕਰ ਸੇਵ। ਪਤਿ ਪਰਮੇਸੁਰ ਜਾਨੀਏ ਔਰ ਤੁਛ ਲਖ ਏਵ।

Sri Satguru Jagjit Singh Ji Elibrary NamdhariElibrary@gmail.com

ਧਿਃ ੨੦ ॥ ਪੰਨੇ ੪੭੪ ॥ ਗੁਰਬਿਲਾਸ ਇਤਿ ॥
ਤਥਾ—ਸੂਰਜ ਪ੍ਰਕਾਸ਼ ਮੇ ਭੀ ਪਟੀ ਵਾਲੇ ਰਾਜਾ ਕੀ ਲੜਕੀ ਦਾ ਪ੍ਰਸੰਗ ਜਿਸਨੇ ਅਪਨੇ ਕੁਸ਼ਟੀ ਭਰਤਾ ਕੋ ਪ੍ਰਮਾਤਮਾ ਰੂਪ ਜਾਣਕੇ ਸੇਵਾ ਕਰੀ ॥ ਰਾਸ ੨ ॥ ਅੰਸੂ ॥ ੩੭ ॥ ਮੇ ਸਪਸ਼ਟ ਹੈ ॥ ਤਥਾ ਚਾਣਕ ਨੀਤੀ ॥

ਦੋਃ—ਅਭਿਆਗਤ ਸਭ ਕੋ ਗੁਰੂ ਨਾਰੀ ਗੁਰੂ ਪਤਿ ਜਾਨ। ਦ੍ਵਿਜਨ ਅਗਨ ਗੁਰੁ ਚਾਰਿਹੁ ਬਰਨ ਬਿਪਰ ਗੁਰ ਮਾਨ ॥ ਧਿਃ ੫ ॥ ਸਲੋਕ ੧ ॥

ਤਥਾ ਰਾਮਾਇਣ ਚੌਃ ਅਨਸੂਯਾ ਵਾਚ—

ਕਹਿਰਿਖ ਬਧੂ ਸਰਲ ਮ੍ਰਿਦੁ ਬਾਨੀ।
ਨਾਰਿ ਧਰਮੁ ਕਛੁ ਬਿਆਜ ਬਖ਼ਾਨੀ।
ਮਾਤ ਪਿਤਾ ਭ੍ਰਾਤਾ ਹਿਤਕਾਰੀ।
ਮਿਤ ਸੁਖ ਪ੍ਰਦ ਸੁਨ ਰਾਜ ਕੁਮਾਰੀ।
ਅਮਿੱਤ ਦਾਨ ਭਰਤਾ ਵੈਦੇਹੀ।
ਅਧਮ ਨਾਰਿ ਜੋ ਸੇਵ ਨ ਤੇਹੀ।
ਧੀਰਜ ਧਰਮ ਮਿਤ੍ਰ ਅਰੁ ਨਾਰੀ।
ਆਪਦ ਕਾਲ ਪਰਖੀਏ ਚਾਰੀ।
ਬ੍ਰਿੱਧ ਰੋਗ ਬਸ ਜੜ ਧਨ ਹੀਨਾ।
ਅੰਧ ਬਧਿਰ ਕ੍ਰੋਧੀ ਅਤਿ ਦੀਨਾ।
ਐਸੇਹੁ ਪਤਿ ਕਰਕੀਏ ਅਪਮਾਨਾ।

Sri Satguru Jagjit Singh Ji Elibrary NamdhariElibrary@gmail.com

ਨਾਰਿ ਪਾਵ ਜਮਪੁਰ ਦੁਖ ਨਾਨਾ।
ਏਕੈ ਧਰਮ ਏਕ ਬ੍ਰਤ ਨੇਮਾ।
ਕਾਯ ਵਚਨ ਮਨ ਪਤਿ ਪਦ ਪ੍ਰੇਮਾ।
ਜਗ ਪਤਿ ਬ੍ਰਤਾ ਚਾਰ ਬਿਧ ਅਹਹੀ।
ਵੇਦ ਪੁਰਾਣ ਸੰਤ ਅਸ ਕਹਹੀ।

ਦੋ:-ਉੱਤਮ ਮੱਧਜਮ ਨੀਚ ਲਘੁ, ਸਕਲ ਕਹੋਂ ਸਮਝਾਇ। ਆਗੇ ਸੁਨਹ ਤੇ ਭਵ ਤਰਹਿੰ ਸੁਨਹੁ ਸੀਯਾ ਚਿਤ ਲਾਇ ॥ ੫ ॥

ਚੌ:-ਉੱਤਮ ਕੇ ਅਸ ਵਸੈ ਮਨ ਮਾਹੀਂ।
ਸੁਪਨੇਹੁ ਆਨ ਪੁਰਸ਼ ਜਗ ਨਾਹੀਂ।
ਮੱਧਜਮ ਪਰ ਪਤਿ ਦੇਖੈ ਕੈਸੇ।
ਭ੍ਰਾਤਾ ਪਿਤਾ ਪੁਤ੍ਰ ਨਿਜ ਜੈਸੇ।
ਧਰਮ ਵਿਚਾਰ ਸਮਝ ਕੁਲ ਰਹਹੀ।
ਸੋ ਕਨਿਸ਼੍ਟ ਤ੍ਰਿਯਾ ਸ਼੍ਰੁਤਿ ਅਸ ਕਹਹੀ।
ਬਿਨ ਅਵਸਰ ਭੈ ਤੇ ਰਹ ਜੋਈ।
ਜਾਨਹੁ ਅਧਮ ਨਾਰਿ ਜਗ ਸੋਈ।
ਪਤਿਬੰਚਕ ਪਰਪਤਿ ਰਤਿ ਕਰਹੀ।
ਰੌਰਵ ਨਰਕ ਕਲਪ ਸ਼ਤ ਪਰਹੀ।
ਖਿਣ ਸੁਖ ਲਾਗ ਜਨਮ ਸ਼ਤ ਕੋਟੀ।
ਦੂਖਨ ਸਮਝ ਤਿਹ ਸਮ ਕੋ ਖੋਟੀ।

ਪਤਿ ਪ੍ਰਤਿਕੂਲ ਜਨਮ ਜਿਹ ਜਾਈ।
ਵਿਧਵਾ ਹੋਇ ਪਾਇ ਤਰੁਣਾਈ।
ਬਿਨ ਪਰਿਸ਼੍ਰਮ ਨਾਰਿ ਪਰਮ ਗਤਿ ਲਹਹੀ।
ਪਤਿਬ੍ਰਤ ਧਰਮ ਛਾਡਿ ਛਲ ਗਹਹੀ।
[ਸ਼੍ਰੀ ਤੁਲਸੀ ਕ੍ਰਿਤ ਰਾਮਾਇਣ ਆਰੰਣਜ ਕਾਂਡ]

ਤਥਾ ਰਾਗ ਗਉੜੀ ਗੁਆਰੇਰੀ ਮਹਲਾ ੫ ॥
ਸੀਲ ਸੰਜਮ ਪ੍ਰਿਅ ਆਗਿਆ ਮਾਨੈ। ਤਿਸੁ ਨਾਰੀ ਕਉ ਦੁਖੁ ਨ ਜਮਾਨੈ। ਕਹੁ ਨਾਨਕ ਜਿਨਿ ਪ੍ਰਿਉ ਪਰਮੇਸੁਰੁ ਕਰਿ ਜਾਨਿਆ। ਧੰਨੁ ਸਤੀ ਦਰਗਹ ਪਰਵਾਨਿਆ॥ ਸ਼ਬਦ ੩੦ ਇਤਿ ॥ ਤਾਤਪਰਯ ਯਹ ਹੈ ਕਿ ਇਸਤ੍ਰੀ ਕੀ ਗਤੀ ਪਤੀ ਕੀ ਸੇਵਾ ਸੇ ਹੀ ਹੈ ਔਰ ਅੰਮ੍ਰਿਤ ਤਥਾ ਚਰਨ ਪਾਹਿਲ ਮੰਤ੍ਰ ਆਦੀ ਪਤੀ ਕੀ ਅਗਿਆ ਬਿਨਾ ਇਸਕੇ ਲੀਏ ਲਿਖਾ ਔਰ ਬਿਧੀ ਨਹੀਂ ਔਰ ਕੋਈ ਕੁਛ ਕਰੇ ਗੁਰੂ ਕਾ ਹੁਕਮ ਨਹੀਂ, ਹਾਂ. ਪੁਰਸ਼ ਲਈ ਅੰਮ੍ਰਿਤਾਦਿਕ ਬਿਧੀ ਹੈ ਸੋਭੀ ਹਿੰਦੂਮਾਤ੍ਰ ਕੇ ਲੀਏ; ਚੂਹੜੇ ਚੁਮਾਰ ਮੁਸਲਮਾਨਾਦਿਕਾਂ ਕੇ ਸਾਥ ਖਾਨਾ ਬੱਜ੍ਰ ਪਾਪ ਹੈ।

ਇਤਿ ਸ਼੍ਰੀ ਨਿਹੰਗ "ਸੰਪੂਰਨ ਸਿੰਘ" ਵਿਰਚਿਤੇ
ਸੂਰਜ ਬੰਸ਼ੀਯ ਖਾਲਸਾ ਪੰਥ ਗੁੰਥੇ ਗੁਰੂ
ਮਤਿ ਅਨੁਸਾਰ ਇਸਤ੍ਰੀ ਆਦਿਕ
ਧਰਮ ਵਰਣਨੰ ਨਾਮ
ਦ੍ਵਿਤੀਯੋ ਧਯਾਯ: ॥ ੨ ॥

੧ ਓ ਸਤਿਗੁਰਪ੍ਰਸਾਦਿ ॥

— ਅਥ —

# ਤੀਸਰਾ ਅਧਯਾਯ

॥ ਸਲੋਕ ॥

ਗਿਆਨ ਅੰਜਨ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ । ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪ੍ਰਗਾਸੁ ॥ ਗਉੜੀ ਸੁਖਮਨੀ ਅਸਟਪਦੀ ॥ ੨੩ ॥

ਤਥਾ ਗੁਰ ਬਿਲਾਸ ਦੋ:—

ਨਮੋ ਨਮੋ ਸ੍ਰੀ ਗੁਰੂ ਕਉ ਸਭ ਘਟ ਕਰੈ ਸਹਾਇ। ਹਰ ਵਾਹਿਨ ਚੰਡੀ ਨਮੋ ਤਮ ਚਰ ਵਿਘਨ ਕਟਾਇ ।। ਧਿ: ੯ ॥ ਪੰਨੇ ੨੦੬ ॥

ਸ਼ੰਕਾ—ਆਪਨੇ ਪੁਰਖ ਕੇ ਧਰਮ ਕਿਉਂ ਨਹੀਂ ਕਹੇ ?

ਉਤਰ—ਆਗੇ ਮੁਕਤ ਨਾਮੇ ਵਿਚ ਕਹੇਂਗੇ ॥

ਤਥਾ—ਅਬ ਔ ਪੂਰਬ ਜੋ ਕਹੇ ਸਭ ਇਸ ਪੁਰਸ਼ ਕੇ ਹੀ ਧਾਰਨੇ ਜੋਗ ਹਨ ॥

***

Sri Satguru Jagjit Singh Ji Elibrary NamdhariElibrary@gmail.com

# ਬ੍ਰਾਹਮ ਪੂਜਾ ਮੰਡਨ

ਸ਼ੰਕਾ—ਆਪਨੇ ਪੂਰਬੋਕਤ ਬ੍ਰਾਹਮਣੋ ਕੋ ਪੂਜਯ ਕਹਾ ਜੈਸੇ ਬੰਦ ਬਿੱਪ੍ਰ ਕੇ ਚਰਨ ਬੈਠਾ ਗੁਰ ਜਾਇ ਆਦੀ ਸੋ ਹਮਾਰੇ ਕੋ ਇਸ਼ਟ ਨਹੀ ਕਿਉਂਕਿ ਇਨ ਬ੍ਰਾਹਮਣੋਂ ਨੇ ਗੁਰੂ ਜੀਕੇ ਪੁਤ੍ਰ ਤੁਰਕਾਂ ਨੂੰ ਪਕੜਵਾਏ ਅਤੇ ਛਨਮ ਗੁਰੂ ਜੀ ਨੂੰ ਵਿਖ ਦਿਤੀ। ਯਾਂਤੇ ਹਮ ਇਨ ਦੁਸ਼ਟੋ ਕਾ ਦਰਸ਼ਨ ਭੀ ਕਰਨਾ ਨਹੀ ਚਾਹਤੇ॥

ਉਤਰ—ਠੀਕ ਹੈ ਜੋ ਗੁਰੂ ਕਾ ਇਸ਼ਟ ਹੈ ਸੋ ਆਪ ਕਾ ਨਹੀ। ਹੋਸ਼ ਤੇ ਕਰ ਮਨਮਤੀਆ ! ਗੁਰੂ ਸਿਧਾਂਤ ਹਮਾਰਾ ਤੋ ਇਸ਼ਟ ਹੈ। ਅਤੇ ਫੇਰ ਐਸਾ ਗੁਰੂ ਕੀ ਨਿੰਦਾ ਤਥਾ ਬ੍ਰਾਹਮਣ ਕੋ ਅਪਸ਼ਬਦ ਕਹਾ ਤੋ ਕੋਈ ਬ੍ਰਾਹਮਣ ਸਰਾਪ ਸੇ ਕੁਲ ਕੋ ਨਾਸ ਕਰ ਦੇਵੈਗਾ ॥ ਸੁਣੋ ਪ੍ਰਮਾਣ ! ਜੈਸੇ ਤੁਲਸੀ ਰਾਮਾਇਣ। ਜਦ ਸ੍ਰੀ ਰਾਮ ਜੀ ਪ੍ਰਵਰਖਣ ਪਰਵਤ ਪਰ ਚੁਮਾਸਾ ਰਹੇ ਹੈਂ। ਤਬ ਭਗਵਾਨ ਜੀ ਨੇ ਲਛਮਣਜੀਕੋ ਕਹਾਹੈ

ਚੌਂ:—ਦਾਮਨਿ ਦਮਕ ਰਹੀ ਘਨਮਾਹੀ।
ਖਲਕੀ ਪ੍ਰੀਤ ਜਥਾ ਥਿਰ ਨਾਹੀ।
ਬਰਖਹਿ ਜਲਦ ਭੂਮਿ ਨੀਯਾਰਾਏ।
ਜਥਾ ਨਿਵੈ ਬੁਧ ਵਿਦਿਆ ਪਾਏ।

ਬੂੰਦ ਅਘਾਤ ਸਹੈਂ ਗਿਰ ਕੈਸੇ ।
ਖਲਕੇ ਵਚਨ ਸੰਤ ਸਹੈਂ ਜੈਸੇ ।
ਛੁਦਰ ਨਦੀ ਭਰ ਚਲ ਉਤਰਾਈ ।
ਜਸ ਥੋੜੇ ਧਨ ਖਲ ਬੌਰਾਈ ।
ਭੂਮਿ ਪਰਤ ਭਾ ਢਾਬਰ ਪਾਨੀ ।
ਜਿਮ ਜੀਵਹਿ ਮਾਯਾ ਲਪਟਾਨੀ ।
ਸਿਮਿਟਿ ਸਿਮਿਟਿ ਜਲ ਭਰੇ ਤਲਾਵਾ ।
ਜਿਮ ਸਦਗੁਣ ਸੱਜਣ ਪਹ ਆਵਾ ।
ਸਰਿਤਾ ਜਲ ਜਲਨਿਧ ਮੈ ਜਾਈ ।
ਹੋਇ ਅਚਲ ਜਿਮ ਜਨ ਹਰੀ ਪਾਈ ।

ਦੋਃ—ਹਰਿਤ ਭੂਮਿ ਤ੍ਰਿਣ ਸੰਕੁਲ ਸਮਝ ਪਰੈ ਨਹ ਪੰਥ । ਜਿਮ ਪਾਖੰਡ ਵਿਵਾਦ ਤੇ ਲੁਪਤ ਭਏ ਸਦ ਗ੍ਰੰਥ ॥ ੨੫ ॥

ਚੌਃ—ਦਾਦਰ ਧੁਨਿ ਚਹੁ ਓਰ ਸੁਹਾਈ ।
ਵੇਦ ਪੜੈ ਜਨ ਵਟੁ ਸਮਦਾਈ ।
ਨਵ ਪੱਲਵ ਭੇ ਵਿਟਪ ਅਨੇਕਾ ।
ਸਾਧਨ ਮਨ ਜਸ ਹੋਇ ਬਿਬੇਕਾ ।
ਅਰਕ ਜਵਾਸ ਪਾਤ ਬਿਨ ਭਯੋ ।
ਜਿਮ ਸੁਰਾਜ ਖਲ ਉਦਮ ਗਯੋ ।
ਖੋਜਤ ਪੰਥ ਮਿਲੈ ਨਹੀ ਧੂਰੀ ।

Sri Satguru Jagjit Singh Ji Elibrary NamdhariElibrary@gmail.com

ਕਰੈ ਕ੍ਰੋਧ ਜਿਮ ਧਰਮਹਿ ਦੂਰੀ।
ਸਸੀ ਸਪੰਨ ਸੋਹਿ ਮਹਿ ਕੈਸੀ।
ਉਪਕਾਰੀ ਕੀ ਸੰਪਤਿ ਜੈਸੀ।
ਨਿਸ ਤਮ ਘਨ ਖਿਦਿਯੋਤ ਬਰਾਜਾ।
ਜਨ ਦੰਭਨ ਕਰ ਜੁਰਾ ਸਮਾਜਾ।
ਮਹਾਂ ਬ੍ਰਿਸ਼ਟਿ ਚਲਿ ਫੂਟ ਕਿਆਰੀ।
ਜਿਮ ਸੁਤੰਤ੍ਰ ਹੋਇ ਬਿਗਰਹਿ ਨਾਰੀ।
ਕ੍ਰਿਖੀ ਨਿਰਾਵਹਿ ਚਤੁਰ ਕ੍ਰਿਸਾਨਾ।
ਜਿਮ ਬੁਧ ਤਜਹਿ ਮੋਹਿ ਮਦ ਮਾਨਾ।
ਦੇਖੀਯਤ ਚੱਕ੍ਰਵਾਕ ਖਗਨਾਹੀ।
ਕਲਿਹਿ ਪਾਇ ਜਿਮ ਧਰਮ ਪਰਾਹੀ।
ਊਖਰ ਬਰਖੈ ਤ੍ਰਿਣ ਨਹਿ ਜਾਮਾ।
ਸੰਤ ਹਿਰਦੇ ਜਸ ਉਪਜ ਨ ਕਾਮਾ।
ਵਿਵਧ ਜੰਤੁ ਸੰਕੁਲ ਮਹਿ ਭ੍ਰਾਜਾ।
ਵਧੈ ਪ੍ਰਜਾ ਜਿਮ ਪਾਇ ਸੁਰਾਜਾ।
ਜਹਿ ਤਹਿ ਪਥਿਕ ਰਹੇ ਥਕਿ ਨਾਨਾ।
ਜਿਮ ਇੰਦ੍ਰੀ ਗਣ ਉਪਜੈ ਗਿਆਨਾ।

ਦੋ:—ਕਬਹੂੰ ਪ੍ਰਬਲ ਚਲ ਮਾਰੁਤ ਜਹਿ ਤਹਿ ਮੇਘ ਬਿਲਾਹਿ। ਜਿਮ ਕੁਪੂਤ ਕੁਲ ਉਪਜੇ ਸੰਪਤਿ ਧਰਮ ਨਸਾਹਿ ॥ ੨੬ ॥ ਕਬਹੂੰ ਦਿਵਸ ਮੈ ਨਿਵਡ ਤਮ

ਕਬਹੂ ਪ੍ਰਗਟ ਪਤੰਗ । ਉਪਜੈ ਬਿਨਸੈ ਗਿਆਨ
ਜਿਮ ਪਾਇ ਸੁਸੰਗ ਕੁਸੰਗ ॥ ੨੭ ॥

ਚੌਂ:—ਬਰਖਾ ਵਿਗਤਿ ਸਰਦ ਰੁਤ ਆਈ ।
ਦੇਖਹੁ ਲਛਮਣ ਪਰਮ ਸੁਹਾਈ ।
ਫੂਲੇ ਕਾਸ ਸਗਲ ਮਹਿ ਛਾਈ ।
ਜਨ ਬਰਖਾ ਰੁਤ ਪ੍ਰਗਟ ਬੁਢਾਈ ।
ਉਦਤ ਅਗਸਤ ਪੰਥ ਜਲ਼ ਸੋਖਾ ।
ਜਿਮ ਲੋਭਹ ਸੋਖੈ ਸੰਤੋਖਾ ।
ਸਰਤਾ ਜਲ ਸਰ ਨਿਰਮਲ ਸੋਹਾ ।
ਸੰਤ ਹਿਰਦੇ ਜਸ ਗਤਿ ਮਦ ਮੋਹਾ ।
ਰਸ ਰਸ ਸੂਖ ਸਰਤਿ ਸਰ ਪਾਨੀ ।
ਮਮਤਾ ਤਿਆਗ ਕਰਹਿ ਜਿਮ ਗਿਆਨੀ ।
ਜਾਨਿ ਸਰਦ ਰਿਤੁ ਖੰਜਨ ਆਏ ।
ਪਾਇ ਸਮੇ ਜਿਮ ਸੁਕ੍ਰਿਤ ਸੁਹਾਏ ।
ਪੰਕ ਨ ਰੇਣ ਸੋਹਿ ਅਸ ਧਰਣੀ ।
ਨੀਤਿ ਨਿਪੁਣ ਨ੍ਰਿਪ ਕੀ ਜਸ ਕਰਣੀ ।
ਜਲ ਸਕੋਚ ਬਿਕਲ ਭੈ ਮੀਨਾ ।
ਬਿਬੁਧ ਕੁਟੰਬੀ ਜਿਮ ਧਨ ਹੀਨਾ ।
ਬਿਨ ਘਨਿ ਨਿਰਮਲ ਸੋਹਿ ਅਕਾਸਾ ।
ਜਿਮ ਹਰਿਜਨ ਪਰਹਰ ਸਭ ਆਸਾ ।

ਕਹੂੰ ਕਹੂੰ ਬ੍ਰਿਸ਼ਟ ਸਾਰਦੀ ਥੋਰੀ।
ਕੋਊ ਇਕ ਪਾਵ ਭਗਤਿ ਜਿਮ ਮੋਰੀ।
ਦੋ:—ਚਲੇ ਹਰਖ ਤਜ ਨਗਰ ਨਿਰਪ ਤਾਪਸਿ ਬਣਕ ਭਿਖਾਰ। ਜਿਮਿ ਹਰੀ ਭਗਤਿ ਪਾਇ ਜਨ, ਤਜਹਿ ਆਸਰਮੀ ਚਾਰ॥ ੨੯॥

ਚੌ:—ਸੁਖੀ ਮੀਨ ਜਹਿ ਨੀਰ ਅਗਾਧਾ।
ਜਿਮ ਹਰੀ ਸਰਣ ਨ ਏਕੋ ਬਾਧਾ।
ਫੂਲੇ ਕਮਲ ਸੋਹਿ ਸਰ ਕੈਸੇ।
ਨਿਰਗੁਣ ਬ੍ਰਹਮ ਸਗੁਣ ਭਏ ਜੈਸੇ।
ਗੁੰਜਤ ਮਧੁਕਰ ਨਿਕਰ ਅਨੂਪਾ।
ਸੁੰਦਰ ਖਗ ਰਵ ਨਾਨਾ ਰੂਪਾ।
ਚਕਰਵਾਕ ਮਨ ਦੁਖ ਨਿਸ ਪੇਖੀ।
ਜਿਮ ਦੁਰਜਨ ਪਰ ਸੰਪਤਿ ਦੇਖੀ।
ਚਾਤਕ ਰਟਤ ਤ੍ਰਿਖਾ ਅਤਿ ਓਹੀ।
ਜਿਮ ਸੁਖ ਲਹੈ ਨ ਸ਼ੰਕਰ ਦ੍ਰੋਹੀ।
ਸਰਦਾਤਪ ਨਿਸ ਸਸਿ ਅਪਹਰਹੀ।
ਸੰਤ ਦਰਸ਼ ਜਿਮ ਪਾਤਕ ਟਰਹੀ।
ਦੇਖਹਿੰ ਵਿਧੁ ਚਕੋਰ ਸਮੁਦਾਈ।
ਚਿਤਵਹਿ ਹਰਿਜਨ ਹਰੀ ਜਿਮਪਾਈ।
ਮਸ਼ਕ ਦੰਸ ਬੀਤੇ ਹਿਮ ਤ੍ਰਾਸਾ।

Sri Satguru Jagjit Singh Ji Elibrary NamdhariElibrary@gmail.com

ਜਿਮ ਦਿਜ ਦ੍ਰੋਹ ਕੀਏ ਕੁਲਨਾਸਾ।

ਦੋਃ—ਭੂਮਿ ਜੀਵ ਸੰਕੁਲ ਰਹੇ; ਗਏ ਸਰਦ ਰਿਤੁ ਪਾਇ। ਸਦਗੁਰ ਮਿਲੇ ਤੇ ਜਾਂਹਿ ਜਿਮ, ਸੰਸ਼ਯ ਭ੍ਰਮ ਸਮੁਦਾਇ॥ ੨੯॥ ਕਿਸਕੰਧਾ ਕਾਂਡ, ਤਥਾ ਪੂਰਬ ਅਯੋਧ੍ਯਾ ਕਾਂਡ ਮੇਂ ਭੀ ਜਾਣ ਲੇਣਾ।

ਚੌਃ-ਮੰਗਲ ਮੂਲ ਬਿਪ੍ਰ ਪਰਤੋਖੂ।
ਦਹੈ ਕੋਟਿ ਕੁਲ ਭੂਸੁਰ ਰੋਖੂ।

ਤਥਾ ਆਰਣ੍ਯ ਕਾਂਡ ਮੇਂ ਚੌਪਈ ਸ੍ਰੀ ਰਾਮ ਜੀ ਕਬੰਧ ਪ੍ਰਤਿ—

ਸੁਨਿ ਗੰਧਰਵ ਭਾਖੋ ਮੈਂ ਤੋਹੀ।
ਮੋਹਿ ਨ ਸੁਹਾਇ ਬ੍ਰਹਮਕੁਲ ਦ੍ਰੋਹੀ।

ਦੋਃ—ਮਨ ਕ੍ਰਮ ਬਚਨ ਸੁ ਕਪਟ ਤਜ, ਜੋਕਰ ਭੂਸੁਰ ਸੇਵ। ਮੋਹਿ ਸਮੇਤ ਬਿਰੰਚ ਸ਼ਿਵ, ਬਸ ਤਾਂਕੇ ਸਭ ਦੇਵ॥ ਛੰਃ ੫੭॥ ਚੌਃ—

ਸਾਪਤ ਤਾੜਤ ਪਰਖੁ ਕਹੰਤਾ।
ਬਿਪ੍ਰ ਪੂਜ੍ਯ ਅਸ ਗਾਵੈਂ ਸੰਤਾ।
ਪੂਜੀਏ ਬਿਪ੍ਰ ਸੀਲ ਗੁਣ ਹੀਨਾ।
ਨਹਨ ਸੂਦ ਗੁਣ ਗਿਆਨ ਪ੍ਰਬੀਨਾ।
ਦੁਸ਼ਟ ਧੇਨ ਦੁਹੀਏ ਸੁਨ ਭਾਈ।

Sri Satguru Jagjit Singh Ji Elibrary NamdhariElibrary@gmail.com

ਸਾਧੂ ਰਾਸਭੀ ਦੁਹੀ ਨ ਜਾਈ।

[ਆਰੰਣ੍ਯ ਕਾਂਡ]

ਤਥਾ ਸੌਸਾਖੀ ॥ ਦੋ:—ਸੂਦ੍ਰ ਪੜ੍ਹੇ ਜੋ ਵੇਦ ਵਾਕ੍ਯ, ਤਿਆਗੀ ਧਾਰੇ ਨਾਰਿ। ਸਿਖ ਜੁ ਤਿਆਗੈ ਸਿਦਕ ਕੋ, ਕਿਆ ਤਾਂਕਾ ਅਤਵਾਰ ਸਾਖੀ ੬੭ ਤਥਾ ਯਹ ਸਤਾ-ਹਟਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੫ ॥ ਅੰਸੂ ੧੦ ਮੇਂ ਭੀ ਸਪਸ਼੍ਟ ਹੈ।

ਤਥਾ ਸ੍ਰੀ ਤੁਲਸੀ:—

ਇੰਦ੍ਰ ਕੁਲਿਸ਼ ਮਮ ਸੂਲ ਬਿਸ਼ਾਲਾ।
ਕਾਲ ਦੰਡ ਹਰਿ ਚਕ੍ਰ ਕਰਾਲਾ।
ਇਨ ਕਰ ਜੋ ਮਾਰਾ ਨਹਿ ਮਰਹੀ।
ਬਿੱਪ੍ਰ ਰੋਖ ਪਾਵਕ ਸੋ ਜਰਹੀ।

[ਉੱਤਰ ਕਾਂਡ ਇਤਿ]

ਸ਼ੰਕਾ—ਕ੍ਯਾ ਆਪ ਅਨ੍ਯ ਮਤੋਂ ਕੇ ਗ੍ਰੰਥੋਂ ਕੀ ਪ੍ਰਮਾਣਤਾ ਕਹ ਰਹੇ ਹੋ ?

ਉੱਤਰ—ਹੋਸ਼ ਕਰ ਅਰੇ ਬਉਰੇ ! ਧਨਾਸਰੀ ਸ੍ਰੀ ਨਾਮਦੇਵ ਜੀ ॥ ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ ॥ ਸਬਦ ੧ ॥

ਤਥਾ ਭਾਈ ਗੁਰ ਦਾਸ ਜੀ—ਦੁਰਬਾਸੇ ਨੇ ਸਰਾਪ ਦੈ ਜਾਦਵ ਸਭ ਤੱਟੈ ॥ ਵਾਰ ੩੫ ਪੌ: ੫ ॥

Sri Satguru Jagjit Singh Ji Elibrary NamdhariElibrary@gmail.com

ਸਮਝ ਗੁਰਾਂ ਦੇ ਬਦਨਾਂ ਨੂੰ ਬਿਪ੍ਰ ਗਊ ਕੀ ਬੇਅਦਵੀ ਨਾ ਕਰੇ ਮੇਰਾ ਸਿਖ। ਜੈਸੇ ਸੌਸਾਖੀ ਦੋਃ-
ਜੋ ਗੁਰ ਕੇ ਘਰ ਜਾਇਆ, ਵਡਾ ਕਹੇ ਜਹ ਵੇਦ।
ਤਪ ਜਪ ਦਾਨੀ ਭੂਪ, ਬਿੱਪਰ ਦੇ ਨ ਇਨਕੋ ਖੇਦ॥
ਸਾਖੀ ੮॥

ਤਥਾ-ਇਹੁ ਆਠ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੩। ਅੰਸੂ। ੫੦। ਮੇ ਭੀ ਸਪਸ਼ਟ ਹੈ।

ਤਥਾ-ਸੌ ਸਾਖੀ ਉਕਤ-ਬਿੱਪਰ ਬਦਨ ਉਤਮ ਵਡੋ ਤੀਨ ਦੇਵ ਕੋ ਰੂਪ। ਸਾਖੀ ੬੨।

ਤਥਾ ਇਹੁ ਵਾਹਟਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੫। ਅੰਸੂ। ੩੭ ਮੇਭੀ ਸਪਸ਼ਟ ਹੈ। ਵਿਸਥਾਰ ਅਗੇ ਕਹੇਂਗੇ। ਔ ਜੋ ਪੂਰਬ ਕਹਾ ਕਿ ਬ੍ਰਾਹਮਣੋ ਨੇ ਗੁਰੂਕੇ ਪੁਤਰ ਪਕੜਵਾਏ ਇਸਤੇ ਹਮਾਰੇ ਵੈਰੀ ਹਨ। ਹਮ ਪੂਛਤੇ ਹੈਂ ਜਦੀ ਆਪ ਗੁਰੂ ਜੀ ਕਾ ਹੁਕਮ ਤੋ ਮਾਨਤੇ ਨਹੀ ਤੋ ਆਪ ਕੈਸੇ ਉਨਕੋ ਵੈਰੀ ਕਹ ਸਕਤੇ ਹੋ। ਯਾਂਤੇ ਪੱਕੇ ਵੈਰੀ ਤੋ ਗੁਰੂ ਕੇ ਆਪ ਹੀ ਹੋ। ਸੁਣੋ ਨਿਰਣਾ। ਪ੍ਰਿਥਮ ਤੋ ਮੈ ਪੂਛਤਾ ਹੂੰ ਸੋ ਪ੍ਰਸੰਗ ਕਹਾਂ ਲਿਖਾ ਹੈ। ਤੋ ਯਹੀ ਕਹਨਾ ਹੋਗਾ ਕਿ ਸੂਰਜ ਪ੍ਰਕਾਸ਼ ਸ਼ਹੀਦ ਬਿਲਾਸਾਦਕੋਂ, ਮੇ ਸੋ ਹਮ ਤਿਨ੍ਹੋ ਕੇ ਹੀ ਪ੍ਰਮਾਣਾ ਦੁਆਰਾ ਵਿਰੋਧ ਪ੍ਰਹਾਰ ਕਰਤੇ ਹੈਂ।

Sri Satguru Jagjit Singh Ji Elibrary NamdhariElibrary@gmail.com

ਪ੍ਰਿਥਮ ਤੋ ਗੁਰੂ ਜੀ ਸੇ ਕੋਈ ਤੁਛ ਜੀਵ ਦ੍ਰੋਹ ਛਲ ਕਰ ਹੀ ਨਹੀ ਸਕਤਾ ਜੋ ਮਾਨੋ ਤੋ ਗੁਰੂ ਜੀ ਕੀ ਅਸ-ਮਰਥਤਾ ਸਿਧ ਹੋਵੈਗੀ। ਤਿਰਤੀਏ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਤਿਮਰ ਲੰਙ ਨੂ ਬਰ ਦਿੱਤਾ ਹੂਆ ਹੈ ਗੁਰ ਬਿਲਾਸ ਮੋ ਸਤ ਪਾਤਸ਼ਾਹੀਆਂ। ਤਹਾਂ—

ਚੌਃ-ਸ੍ਰੀ ਗੁਰੁ ਕਹਿ ਪੰਚਮ ਬਪੁ ਲੇਵੋਂ।
ਪ੍ਰਿਥਮ ਸੀਸ ਇਸਹੀ ਹਿਤ ਦੇਵੋਂ।

ਦੋਃ—ਅਸ਼ਟ ਗ੍ਰਹ ਪੁਨ ਧਾਰ ਬਪੁ ਦੇਵੋਂ ਸੀਸ ਉਤਾਰ। ਦਸਮ ਰੂਪ ਕੇ ਚਾਰ ਸੁਤ ਦੇਵੋ ਇਹ ਹਿਤ ਵਾਰ॥ ਧਿਃ ੭। ਪੰਨੇ ੧੨੯। ਭਾਵ ਸਾਤ ਸੀਸ ਦੇਕਰ ਲੇਵਾਂਗੇ। ਸੋ ਯਹ ਵਾਕਯ ਕੋ ਮਿਥਯਤਾ ਪ੍ਰਾਪਤਿ ਹੋਵੈਗੀ। ਫਰਜ ਕਰੋ ਹਮ ਇਸ ਬਾਰਤਾ ਕੋ ਮਾਨ ਲੇਤੇ ਹੈਂ ਕਿ ਇਨ੍ਹੋ ਨੇ ਤੋ ਗੁਰੂ ਕੇ ਸਾਥ ਦਗਾ ਕਮਾਯਾ ਪ੍ਰੰਤੂ ਜਿਨ ਬ੍ਰਾਹਮਣੋ ਨੇ ਗੁਰੂ ਜੀ ਕੀ ਸੇਵਾ ਮੇ ਸੀਸ ਤਥਾ ਮਨ ਤਨ ਧਨ ਅਰਪਣ ਕਰ ਦੀਆ ਹੈ ਉਨਕੇ ਭੀ ਤੋ ਪ੍ਰਕਰਣ ਉਨਹੀ ਗ੍ਰੰਥੋਂ ਮੇ ਲਿਖੇ ਹੈਂ। ਜਰਾ ਦੇਖ ਕਰ ਪਾਉਂ ਰਖੋ ਨਰਕ ਪਧਾਰਨੇ ਕੀਆਂ ਬਾਤਾਂ ਨ ਕਰੋ। ਦੂਸਰਾ ਪਖਯ ਭੀ ਜਾਹਰ ਕਰੋ, ਯਦਪਿ। ਭੈਰਉ ਮਃ ੫ ॥ ਲੇਪੁ ਨ ਲਾਗੋ ਤਿਲਕਾ ਮੂਲਿ। ਦੁਸਟੁ ਬ੍ਰਾਹਮਣੁ ਮੂਆ ਹੋਇਕੈ ਸੂਲ।

Sri Satguru Jagjit Singh Ji Elibrary NamdhariElibrary@gmail.com

ਸਬਦ ੯। ਯਹ ਸਾਰਾ ਸਬਦ ਉਸ ਦੁਸਟ ਬ੍ਰਾਹਮਣ ਕੇ ਪ੍ਰਥਾਇ ਹੈ ਜਿਸਕੋ ਪ੍ਰਿਥੀਚੰਦ ਨੇ ੫੦੦ ਸੌ ਰੁਪਇਆ ਦੇਨਾ ਕਹਾ ਔ ਸ੍ਰੀ ਹਰਿਗੋਬਿੰਦ ਜੀ ਕੋ ਗੱਦੀ ਕੇ ਲਾਲਚ ਸੇ ਜਹਰ ਦਵਾਈ। ਦੇਖੋ ਟੀਕਾ ਮੇ।

ਤਥਾ—ਗੁਰ ਬਿਲਾਸ ਮੇ ਐਸੇ ਵਿਵਸਥਾ ਹੈ। ਦੋ:—

ਹਰਿ ਗੋਬਿੰਦ ਵਿਖ ਦੀਜੀਏ ਪੀਸ ਦਹੀ ਵਿਚ ਪਾਇ। ਭਾਵੀ ਵਸ ਦਿਜ ਮਾਨਿਓ ਲੋਭ ਲਹਰ ਡੁਬ ਜਾਇ। ਪੁਨਾ ਜਬ ਬ੍ਰਾਹਮਣ ਸੂਲ ਸੇ ਮ੍ਰਿਤੂ ਹੂਆ। ਤਬ ਮਾਤਾ ਗੰਗਾ ਜੀ ਨੇ ਬੇਨਤੀ ਕਰੀ ਗੁਰੂ ਅਰਜਨ ਦੇਵ ਜੀ ਆਗੇ ਕਿ ਲੋਕ ਕਹੇਂਗੇ ਗੁਰੂ ਜੀਨੇ ਬ੍ਰਾਹਮਣ ਮਾਰ ਦੀਆ। ਦੋ:—ਤਾਂਤੇ ਇਸੇ ਜਵਾਈਐ ਜਗ ਨਿੰਦਾ ਮਿਟ ਜਾਇ। ਗੋਦਿਜ ਕੀ ਰਖਿਆ ਕਰਨ ਤੁਮਰੋ ਬਿਰਦ ਸਦਾਇ॥

ਸਵੈਯਾ—ਮਾਤ ਕਰੀ ਬੇਨਤੀ ਬਹੁ ਵਾਰ ਸੁ ਮਾਨ ਲਈ ਪ੍ਰਭੁ ਜੀ ਦੁਖ ਭੰਜਨ। ਸਤਿਨਾਮ ਕਾ ਮੰਤ੍ਰ ਪੜਿਉ ਜਲ ਮੱਧ ਸੁ ਪਾਇ ਦੀਉ ਤਿਸਕੇ ਮੁਖ ਰੰਜਨ। ਪਾਨ ਸੁਧਾ ਕਰ ਜੀਵ ਉਠਿਉ ਦਿਜ ਰਾਮ ਉਚਾਰਤ ਜੋ ਦੁਖ ਭੰਜਨ। ਐਸੇ ਕੁਕਰਮ ਕੀਉ ਕਿ ਦਿਜਾਧਮ ਪੂਛਤ ਭੇ ਸ੍ਰੀ ਗੁਰੂ ਅਰ ਗੰਜਨ। ਤਬ ਸਾਰੀ ਬਾਤ ਪ੍ਰਿਥੀ ਚੰਦ ਕੇ ਸਾਹਮਣੇ ਕਹੀ ਸਚੀ ਬ੍ਰਾਹਮਣ ਨੇ

Sri Satguru Jagjit Singh Ji Elibrary NamdhariElibrary@gmail.com

ਦੋਸ਼ ਲੋਭ ਕਾ ਹੈ ਦੇਖੋ ਧਿ: ੨ ਪੰਨੇ ੨੪ ॥

ਔਰ ਸਾਹਿਬ ਜਾਦੇ ਭੀ ਏਕ ਸਚਾਨੰਦ ਖਤਰੀ ਨੇ ਹੁਕਮ ਦਵਾਇਆ ਹੈ ਕਤਲ ਕਾ। ਜੈਸੇ ਸੂਰਜ ਪ੍ਰਕਾਸ਼ ਚੌ:—

ਸੁਨਤ ਜਰਿਯੋ ਖੱਤ੍ਰੀ ਮਤਿਮੰਦਾ।
ਬੋਲਯੋ ਵਾਕਯ ਸੁਨਾਵਨ ਬ੍ਰਿੰਦਾ।
ਏਹ ਨਾਗਨ ਕੇ ਬੱਚੇ ਛੋਟੇ।
ਨਖ ਸਿਖ ਜਹਰ ਭਰੇ ਅਤਿ ਖੋਟੇ।

ਵਿਸਤਾਰ ਦੇਖੋ ਰੁਤ ੬ ਅੰਸੂ ੪੯ ਸੇ ਪਰ ਤਾਈਂ। ਸ਼ਹੀਦ ਬਿਲਾਸ ਮੇਂ ਭੀ ਜਾਨਣਾ ਇਤਨੀ ਅੰਸ਼ ਮੇਂ ਸਾਰਾ ਪ੍ਰਮਾਣ ਨਹੀਂ, ਸੋ ਤਿਨੋਂ ਕੀ ਦੂਰਦਿਸ਼ਾ ਹੋਈ ਜਿਨ੍ਹੋਂ ਨੇ ਮਾੜਾ ਕਾਮ ਕੀਆ, ਤਤ੍ਵ ਤੋ ਯਹੀ ਹੈ ਕਿ ਗੁਰੂ ਜੀ ਅਪਣੇ ਭਾਣੇ ਆਪ ਹੀ ਵਰਤਾ ਰਹੇ ਸਨ ਤਿਨ੍ਹੋਂ ਕੇ ਸਿੱਖੋਂ ਪੁੱਤ੍ਰੋਂ ਕੇ ਸਾਥ ਕੌਨ ਥਾ ਦਗਾ ਕਰਨੇ ਵਾਲਾ ਜੈਸੇ ਸ਼੍ਰੀ ਤੁਲਸੀ ਰਾਮਾਯਣ ਚੌ:—

ਜਾਸ ਨਾਮ ਜਪ ਸੁਨਹੁ ਭਵਾਨੀ।
ਭਵ ਬੰਧਨ ਕਾਟੈ ਨਰ ਗਿਆਨੀ।
ਤਾਸ ਦੂਤ ਬੰਧਨ ਤਰ ਆਵਾ।
ਪ੍ਰਭੁ ਕਾਰਜ ਲਗਿ ਆਪ ਵਧਾਵਾ।

[ਸੁੰਦਰ ਕਾਂਡ]

Sri Satguru Jagjit Singh Ji Elibrary NamdhariElibrary@gmail.com

ਤਥਾ ਗੁਰਬਿਲਾਸ ਮੇਂ ਸ੍ਰੀ ਗੁਰੂ ਛਠਮ ਸਾਹਿਬ ਨੇ ਬਿਆਸਾ ਤੋਂ ਪਾਰ ਉਤਰਨਾ। ਚੌਃ—

ਜਾਹਿ ਨਾਮ ਭਵ ਸਿੰਧ ਤਰਾਹੀ।
ਸੋ ਚੜ੍ਹ ਨਾਵ ਸੁ ਪਾਰ ਪਰਾਹੀ।
ਮਾਨਖ ਬਪੁ ਕਰਿ ਅੰਗੀ ਕਾਰਾ।
ਕਰੈਂ ਖੇਲ ਸ੍ਰੀ ਗੁਰੂ ਕਰਤਾਰਾ।
[ਧਿਃ ੧੪ ਪੰਃ ੩੨੫]

ਤਥਾ ਗਉੜੀ ਸੁਖਮਨੀ॥ ਅਪੁਨੇ ਚਲਿਤ ਆਪਿ ਕਰਣੈ ਹਾਰ। ਕਉਤਕ ਕਰੈ ਰੰਗੁ ਅਪਾਰ॥ ਅਸਟ ਪਦੀ ੧੨॥ ਇਸ ਰੀਤ ਸੈਂ ਗੁਰੂਜੀ ਸਰਬ ਸ਼ਕ੍ਤਿਮਾਨ ਈਸ਼੍ਵਰੋਂ ਸੇ ਕੋਈ ਛਲ ਬਲ ਨਹੀਂ ਕਰ ਸਕਤਾ, ਜੋ ਵਜ਼ਬਹਾਰਿਕ ਦ੍ਰਿਸ਼੍ਟੀ ਸੇ ਮਾਨੈ ਭੀ ਤੌ ਭੀ ਏਕ ਕੇ ਮਾੜਾ ਕਾਮ ਕਰਨੇ ਸੇ ਸਰਬ ਬ੍ਰਾਮਹਣੋਂ ਕੀ ਨਿੰਦਾ ਤਥਾ ਉਨ ਕੋ ਪੂਜਾਦਿਕੋਂ ਕਾ ਅਨਧਿਕਾਰੀ ਕਹਣਾ ਮਹਾ ਪਾਪ ਹੋਵੇਗਾ।

ਸ਼ੰਕਾ—ਇਨ੍ਹੋਂ ਨੇ ਕਹਾਂ ਗੁਰੂ ਜੀ ਕੀ ਸੇਵਾ ਕਰੀ ਹੈ ਯੁੱਧ ਮੇਂ ?

ਉੱਤਰ ਸ੍ਰੀਮੁਖਵਾਕਪਾਤਸ਼ਾਹੀ ੧੦ ਭੁਜੰਗ ਪ੍ਰਯਾਤਛੰਦ

ਕ੍ਰਿਪਿਯੋ ਦੇਵਤੇ ਦਯਾ ਰਾਮ ਜੁਧੰ।
ਕੀਓ ਦ੍ਰੋਣ ਕੀ ਜਿਉਂ ਮਹਾਜੁਧ ਸੁਧੰ।

Sri Satguru Jagjit Singh Ji Elibrary NamdhariElibrary@gmail.com

ਤਥਾ ਨੰਦ ਚੰਦ ਪੁਰੋਹਿਤ ਭੀ ਗੁਰੂ ਜੀ ਕੇ ਨਾਲ ਸਨ
ਯਥਾ-ਤਹਾਂ ਨੰਦ ਚੰਦੰ ਕੀਯੋ ਕੋਪ ਭਾਰੋ।
ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ।
[ਬਿਚਿਤ੍ਰ ਨਾਟਕ ਧਿ: ੮]

ਤਥਾ ਇਹੁ ਨੰਦ ਚੰਦਾਦਿਕੋਂ ਕਾ ਪ੍ਰਸੰਗ ਗੁਰ-ਬਿਲਾਸ ਮੇਂ ਜੋ ਭਗਾਣੀ ਦਾ ਜੰਗ ੧੭੪੬ ਮੇਂ ਹੂਆ ਹੈ ਤਹਾਂ ਸਪਸ਼੍ਟ ਹੈ ਧਿ: ੧੧ ਪੰ: ੨੯੪।

ਤਥਾ ਸੂਰਜ ਪ੍ਰਕਾਸ਼ੋਕ੍ਤ ਚੌ:--
ਨੰਦ ਚੰਦ ਗੁਰੁ ਪਰੋਹਤ ਦੋਊ।
ਸੁਨਿਉਂ ਪ੍ਰਸੰਗ ਕਿਸੇ ਤੇ ਸੋਊ।
[ਰੁਤ ੨। ਅੰਸੂ। ੧੪]

ਤਥਾ ਪਹਾੜੀਆਂ ਸੇ ਜੁਧ--
ਚੌ:-ਛੁਟੀ ਤੁਫੰਗਨ ਭਾ ਭਟ ਭੇਰਾ।
ਹੇਲਾ ਕਰਿਓ ਮਿਲੇ ਤਿਸ ਵੇਰਾ।
ਨੰਦ ਚੰਦ ਲੈ ਬੀਰ ਬਡੇਰੇ।
ਭਏ ਅੱਗਰ ਧਰ ਧੀਰ ਘਨੇਰੇ।
ਜਹਾਂ ਪਹਾਰੀ ਤੁਪਕ ਚਲਾਵੈਂ।
ਤਿਨ ਕੇ ਸਮੁਖ ਚਲੇ ਸਭ ਜਾਵੈਂ।
[ਰੁਤ। ੨। ਅੰਸੂ। ੧੭]

ਤਥਾ--ਪਾਛੇ ਦਯਾ ਰਾਂਮ ਭਯੋ ਠਾਢੇ। ਛੋਰੈ ਤੀਰ

Sri Satguru Jagjit Singh Ji Elibrary NamdhariElibrary@gmail.com

ਬੀਰ ਵਡ ਗਾਵੋ । ਰੁਤ । ੨ । ਅੰਸੂ । ੧੭ ।

ਤਥਾ—ਦਯਾ ਰਾਮ ਪਰੋਹਤ ਬਲੀ ਕੀਨੋ ਰਣ ਭੂਾਰੀ । ਕਰਤ ਭਏ ਬਖਸਸ ਤਬੈ ਤਿਨ ਓਰ ਨਿਹਾਰੀ। ਢਾਲਾ ਬਖਸਿਓ ਆਪਨੋ ਪੁਨ ਪਟਾ ਲਿਖਾਯੋ । ਇਨ ਪੂਜਹ ਦਰਸਨ ਕਰੈ ਪਾਵੈ ਮਨ ਭਾਯੋ ॥ ਰੁਤ । ੨ । ਅੰਸੂ । ੩੨ । ਤਥਾ ਗੁਰ ਬਿਲਾਸ ਮੇ ਜਬ ਬੀਬੀ ਬੀਰੋਜੀ ਸ੍ਰੀ ਅਮ੍ਰਿਤਸਰ ਮੇ ਤੁਰਕ ਘੇਰ ਮੇ ਆਈ ਤਿਸ ਕਾਲ ਮੇ ਗੁਰੂ ਛੀਮੇ ਸਾਹਿਬ ਨੇ ਪੂਛਾ ਬਾਹਰ ਆਕਰ ਕਿ ਘਰਾਂ ਵਾਲਿਓ ਕੋਈ ਰਹਿ ਤਾਂ ਨਹੀ ਗਿਆ ਕਹਾ ਪਤਾਲਗਣਾ ॥ ਚੌਃ—

ਬੀਬੀ ਬੀਰੋ ਜੀ ਨਹੀ ਆਈ ।
ਗੁਡੀਆਂ ਕਾਰਨ ਅਟਕ ਰਹਾਈ ।
ਕ੍ਰਿਪਾ ਸਿੰਧ ਤਬ ਐਸ ਉਚਾਰੀ ।
ਜਾਵੈ ਕੋ ਸੂਰਾ ਏਲਕਾਰੀ ।

ਤਬ ॥ ਕੁਲ ਪਰੋਹਤ ਸਿੰਘਾ ਜਿਹ ਨਾਮਾ ॥ ਬਾਬ ਰਬਾਬੀ ਕਹੈ ਨਿਕਾਮਾ । ਯਹ ਦੋਨੋ ਸੂਰਮੇ ਬੀਬੀ ਜੀ ਨੂੰ ਲੈਕਰ ਆਏ ॥ ਵਿਸਥਾਰ ਦੇਖੋ ਧਿਃ ੧੦ ਪੰਨੇ ੨੮੬

ਤਥਾ—ਜਬ ਛਠਮ ਗੁਰੂ ਨਾਲ ੭੫੦੦੦ ਦਾ ਜੰਗ ਚੌਃ—

ਸਤੁਰ ਪਾਂਚ ਸੈਨ ਚਲ ਐਸੇ ।

Sri Satguru Jagjit Singh Ji Elibrary NamdhariElibrary@gmail.com

ਸਿਲ ਟੀਂਡਨ ਨਭ ਧਾਵਤ ਜੈਸੇ।

ਤਿਸ ਵਿਚ ਜਾਤੀ ਮਲਕ ਬ੍ਰਾਹਮਣ ਦਾ ਜੁਧ–

ਦਿਜੰ ਤੇਗ ਧਾਰੀ। ਸੁ ਸੈਨਾ ਸੰਘਾਰੀ।
ਉਠੇ ਨਾਦ ਭਾਰੀ। ਕੁਪੇ ਸ਼ਸਤ੍ਰ ਧਾਰੀ।
ਮਨੋ ਸਿੰਘ ਜੁੱਟੇ। ਇਮੇ ਤੀਰ ਛੁੱਟੇ।

ਦੇਖੋ ਧਿਃ ੨੦। ਪੰਨੇ ੪੯੨ ਸੇ ੪੯੪ ਤਥਾ–

ਛੀਮੇ ਸਾਹਿਬ ਦੇ ਮਾਤਾ ਨਿਕਲੀ ਤੋਂ ਬ੍ਰਾਹਮਣਾਂ ਨੇ ਭੇਟਾਂ ਪੜੀਆਂ ਦੋਃ–

ਬ੍ਰਾਹਮਣ ਕੇ ਪ੍ਰਸਾਦ ਤੇ ਦੁਰਗਾ ਭਈ ਪ੍ਰਸੰਨ।
ਸਪਤ ਦਿਵਸ ਬੀਤਤ ਭਏ ਠੰਡੀ ਕੈ ਸੁਖ ਮੰਨ।

ਧਿਃ ੨ ਪੰਨੇ ੨੧। ਗੁਰ ਬਿਲਾਸ ਇਤ ਤਥਾ–

ਸੂਰਜ ਪ੍ਰਕਾਸ਼ ਉਕਤ। ਬ੍ਰਾਹਮਣੋ ਨੇ ਚੰਡੀ ਕਾ ਪਾਠ ਸੁਣਾਇਆ ਮਾਤਾ ਨਿਕਲੀ ਤੋ ਰਾਸ। ੩। ਅੰਸੂ ੧੨ ਪੰਨੇ ੩੯੪ ਮੇ ਭੀ ਸਪਸ਼ਟ ਹੈ।

ਤਥਾ– ਜਬ ਗੁਰੂ ਅਰਜਨ ਦੇਵ ਜੀਕਾ ਭੰਡਾਰਾ ਤਿਨੋ ਕੇ ਭਾਣੇ ਅਨੁਸਾਰ ਬੰਦ ਰਹਾ ਕੁਛ ਦਿਨ ਸੰਗਤ ਭੁਖੀ ਰਹੀ ਤੋ ਤਿਸ ਗੁਰੂ ਕੇ ਸਿਦਕੀ ਤਥਾ ਈਸਰ ਭਗਤ ਨੇ ਚੌਃ–

ਨਗਰ ਬਠਿੰਡੇ ਬਾਸ ਹਮਾਰਾ।
ਲੈਨ ਲਾਭ ਕੋ ਇਤ ਪਗ ਧਾਰਾ।

Sri Satguru Jagjit Singh Ji Elibrary NamdhariElibrary@gmail.com

ਤਥਾ—ਪੰਚ ਦਿਵਸ ਲਗ ਤੈਸੇ ਕੀਨੋ । ਅੰਨ ਪੰਚ ਸੈ ਮਣ ਤਿਹ ਦੀਨੋ । ਲੰਗਰ ਵਾਸਤੇ ਚੌਃ—

ਦਿਜ ਜੂ ਮੋਲ ਅੰਨ ਕੋ ਲੀਜੈ ।
ਪੂਰਹੁ ਕਾਮਨਾ ਸਦਨ ਸਿਧੀਜੈ ।
ਬੂਰਿਓ ਹੁਤੋ ਤਬ ਤੁਮਨੇ ਦਯੋ ।
ਸਭ ਸੰਗਤ ਨੇ ਅਚਵਨ ਕਇਉ ।
ਸੁਨ ਦਿਜ ਹਾਥ ਜੋਰਕੈ ਬੋਲਾ ।
ਪ੍ਰਭ ਜੀ ਮੈ ਨਾ ਲੇਹੁ ਕਛੁ ਮੋਲਾ ।
ਰੰਗਾ ਰਾਮ ਨਿਮਰ ਹੋਇ ਭਨਿਉ ।
ਮੈ ਮਨ ਤੇ ਰਾਵਰ ਸਿਖ ਬਨਿਯੋ ॥

[ਰਾਸ ੨ ਅੰਸੂ ੪੯ । ੫੦ । ਪੰਨੇ ੩੨੭]

ਤਥਾ—ਸਿੰਘੇ ਪ੍ਰੋਹਤ ਨੇ ਤੁਰਕਾਂ ਦੇ ਘੇਰੇ ਵਿਚੋਂ ਬੀਬੀ ਨੂ ਲਿਆਂਦਾ ਮੁਗਲ ਭੇਸ ਕਰਕੇ ।

ਚੌਃ—ਬੀਬੀ ਬੀਰੋ ਕੇ ਪਗ ਭੂਖਨ ਛਨਕੇ ।
ਚਲਤ ਬੇਗ ਤੇ ਮਿਲ ਮਿਲ ਠਨਕੇ ।
ਤਿਨਕੋ ਸਬਦ ਮੁਗਲਨ ਕੋ ਸੁਨਕੇ ।
ਰੌਰਾ ਕਰਿਉ ਉਚ ਬਚ ਭਨਕੇ ।
ਸਿੰਘੇ ਕਹਿਆ ਪਿਖੇ ਕਿਆ ਬਾਬਕ ।
ਨਿਜ ਤੁਰੰਗ ਕੋ ਹਤ ਕਰ ਚਾਬਕ ।
ਮੋਰੋ ਅਹੈ ਦੁਬੇਲਾ ਘੋਰਾ ।

ਆਵਤ ਦੁਸ਼ਟ ਚਲਿਉ ਮਮ ਓਰਾ।
ਤਬ ਬਾਬਕ ਨੇ ਡੰਭ ਪਲੀਤਾ।
ਹਤਿਯੋ ਦੁਸ਼ਟ ਕੋ ਹੋਇ ਨਿਰ ਭੀਤਾ।
[ਰਾਸ ੬ ॥ ਅੰਸੂ ੮]

ਤਥਾ ਪਾਧੜੀ ਛੰਦ:—ਬਲਿ ਬਿੱਪਰ ਗੁਰ ਪ੍ਰੋਧਾ ਸੁਭੱਟ। ਤਬ ਭਯੋ ਸਮੁਖ ਮਾਰੇ ਉਲੱਟ। ਵਡ ਗੁਰ ਪਰਤਾਪ ਜਿਸ ਲਗੈ ਜਾਇ। ਤਨ ਤੁਰਕ ਫੋਰ ਪਾਰੇ ਪਰਾਇ। ਇਮ ਤੁਰਕ ਸੈਨਪਤਿ ਲੀਨ ਮਾਰ। ਨਹਿ ਟਰਿਉ ਆਪ ਸਿੰਘਾ ਜੁਝਾਰ ॥ ਰਾਸ ੬ ॥ ਅੰਸੂ ੧੦॥

ਤਥਾ ਚੌਂ:—ਜਾਤੀ ਮਲਕ ਬਿੱਪਰ ਵਡ ਜੋਧਾ।
ਸੋਢੀ ਵੰਸ ਸਭਨ ਕੋ ਪ੍ਰੋਧਾ।
ਇਸ ਨੇ ਭੀ ਬਹੁਤ ਜੰਗ ਕੀਆ ਹੈ ॥ ਰਾਸ ੬ ॥ ਅੰਸੂ ॥ ੧੨ ॥

ਤਥਾ—ਮਤੀਦਾਸ ਬ੍ਰਾਹਮਣ ਸਾਰਸੁਤ ਛਿੱਬਰ ਗੁਰੂ ਨੌਮੇ ਪਾਤਸਾਹਿਬ ਨਾਲ ਦਿੱਲੀ ਆਰੇ ਨਾਲ ਚੀਰਾ ਗਿਆ ਪ੍ਰੰਤੂ ਗੁਰੂ ਜੀ ਕਾ ਸੰਗ ਨਹੀ ਛੋਡਿਆ ਹੋਰ ਸਿਖ ਭਾਜ ਗਏ ਸਨ। ਇਹ ਵਿਵਸਥਾ ਟੀਕਾ ਮੇ ਜਹਾਂ ਨੌਮੇ ਗੁਰੂ ਜੀ ਕੇ ਸਲੋਕ ਗੁਨ ਗੋਬਿੰਦ ਪ੍ਰਾਰੰਭ ਹੋਤੇ ਹੈਂ ਤਹਾਂ ਲਿਖੀ ਹੈ ਤਥਾ ਸੂਰਜ ਪ੍ਰਕਾਸ਼। ਰਾਸ। ੧੨ ॥ ਅੰਸੂ ॥ ੫੫ ॥ ਮੇ ਦੇਖੋ ! ॥ ਇਤਿ ॥

ਤਥਾ—ਸੰਃ ੧੯੫੩ ਵਿਚ ਮਟੂ ਨਗਰ ਨਿਵਾਸੀ ਭਾਈ ਜਸਪਤਿਰਾਮ ਬ੍ਰਾਹਮਣ ਜੋ ੨੦੦ ਸਿੰਘ ਵਾਰ ਮੇ ਰਹਿੰਦੇ ਸਨ ਤਿਨ ਕੋ ਚੋਰੀਉਂ ਤੁਰਕਾਂ ਸੇ ਅਠੀਂ ਪਹਰੀ ਅੰਨ ਦੇਤਾ ਰਹਾ। ਜਿਨ੍ਹੋਨੇ ੧੬੦੦੦ ਲੜਕੀਆਂ ਛੁਡਵਾਇ ਕੇ ਲਿਆਂਦੀਆਂ ਯਹ ਸਾਕਾ ਭੀ ਪ੍ਰਸਿਧ ਹੈ। ਪ੍ਰੰਤੂ ਏਕ ਨਵੀਨਾ ਸਿਖਾਂ ਨੇ ਬਣਾਯਾ ਹੈ ਉਸਮੇ ਸੋ ਪ੍ਰਕਰਣ ਨਿਕਾਲ ਦੀਆ ਹੈ॥

ਤਥਾ ਗੁਰਬਿਲਾਸੋਕਤਃ—

ਚੌਃ—ਤੀਨ ਬਰਸ ਕਾ ਸੁਤ ਜਬ ਚੀਨੋ।
ਮਾਤ ਗੰਗ ਅਸ ਉਦਮ ਕੀਨੋ।
ਗੁਰੂ ਅਰਜਨ ਕੋ ਕਹਾ ਸੁਨਾਈ।
ਬ੍ਰਹਮ ਭੋਜ ਕਰੀਏ ਸੁਖ ਪਾਈ।
ਸ੍ਰੀ ਗੁਰੂ ਕਹਾ ਦੇਰ ਨਹੀ ਲਾਵੋ।
ਭੋਜ ਦਰਵ ਬਹੁ ਬਸਤੁ ਮੰਗਾਵੋ।
ਤਬੈ ਮਾਤ ਬਹੁ ਬਸਤ ਮੰਗਾਈ।
ਦੀਏ ਕੜਾਹੇ ਅਨਕ ਚੜ੍ਹਾਈ।

ਦੋਃ—ਭਾਂਤ ਭਾਂਤ ਪਕਵਾਨ ਸਭ ਭਏ ਤਿਆਰ ਜਬ ਆਇ। ਤਬ ਨਿਵਤੇ ਬ੍ਰਾਹਮਣ ਸਗਲ ਮਨ ਮੈ ਆਨੰਦ ਪਾਇ।

ਚੌਃ—ਹੋਇ ਤ੍ਰਿਪਤਿ ਉਠੇ ਦਿਜਰਾਈ।

Sri Satguru Jagjit Singh Ji Elibrary NamdhariElibrary@gmail.com

ਭਾਂਤ ਭਾਤ ਕੀ ਦਛਣਾ ਪਾਈ।

[ਧਿਃ ੨ ॥ ਪੰਨੇ ੨੦]

ਤਥਾਂ—ਪੰਡਿਤ ਹਰਿ ਗੁਪਾਲ ਜੀ ਨੇ ਪੁਰਾਣਾ ਦੀ ਕਥਾ ਸੁਣਾਈ। ਗੁਰੂ ਅਰਜਨ ਦੇਵ ਜੀ ਨੇ ਪੰਜ ਸੈ ਰੁਪਇਆ ਦੇਕਰ ਹੋਰ ਪੋਥੀਆਂ ਵਾਸਤੇ ਕਾਸ਼ੀ ਨੂੰ ਭੇਜਾ ਭਾਵ ਗੁਰੂ ਜੀ ਕੇ ਦੁਆਰੇ ਗ੍ਰੰਥਾਂ ਸ਼ਾਸਤ੍ਰਾਂ ਦੀ ਕਥਾ ਭੀ ਬ੍ਰਾਹਮਣ ਕਰਤੇ ਰਹਤੇ ਥੇ॥ਧਿਃ ੬ ॥ ਪੰਨੇ ੧੧੪ ॥ ਤਥਾ ਛੀਮੇ ਪਾਤਸਾਹਿਬ ਨੇ ਸ੍ਰੀਮਦ ਭਾਗਵਤ ਕਾ ਸਪਤਾਹ ਸੁਣਨਾ ਚੌਃ—

ਜਨਮ ਅਸ਼ਟਮੀ ਦਿਨ ਜਬ ਆਯੋ।
ਮੰਗਲ ਦਰਵ ਗੁਰੂ ਮੰਗਵਾਯੋ।
ਕਥਾ ਭਾਗਵਤ ਪੂਰੀ ਭਈ।
ਸਭ ਸੰਗਤ ਮਨ ਆਨੰਦ ਲਈ।
ਦੀਵਾਨ ਮੱਧ ਸੋਹਤ ਗੁਰ ਕੈਸੇ।
ਦੇਵਨ ਮੱਧ ਹਰੀ ਹੋਇ ਜੈਸੇ।
ਪੰਡਿਤ ਭੋਗ ਕਥਾ ਕਾ ਪਾਯੋ।
ਸ੍ਰੀ ਸਤਿਗੁਰ ਬਹੁ ਦਰਵ ਚੜ੍ਹਾਯੋ॥

ਨਿਤਾ ਨੰਦ ਪੰਡਤ। ਧਿਃ ੧੫। ਪੰਨੇ ੩੪੬। ੩੪੭। ਗੁਰ ਬਿਲਾਸ ਇਤਿ। ਨਿਤਾ ਨੰਦ ਬ੍ਰਾਹਮਣ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰਾਸ। ੬। ਅੰਸੂ ਪਰ ਮੇ

ਭੀ ਦੇਖੋ।

ਤਥਾ—ਸੌ ਸਾਖੀ ਮੇ ਗੁਰੂ ਦਸਮ ਜੀ ਨੇ ਬਰ ਦੇਣਾ— (ਸਾਰਸੁਤ ਖਾਲਸੇਕੀ ਜੁਗਤ ਰਹੋ ਕਾਹੂ ਭੇਸ। ਖਾਲਸੇ ਕੇ ਦਰਵੇਸ਼। ਤੁਮਰਾ ਹੈ ਵੰਸ। ਸੰਭਲ ਪੁਰ ਵੰਸ। ਬਿਸ਼ਨ ਜਸ। ਕੁਲ ਤੁਮਾਰੀ ਪੂਜਾ ਕੀ ਰਖਵਾਰੀ। ਨਿਹ ਕਲੰਕ ਹੋਵੈ। ਕੁਲ ਸਨਾਤ ਸੋਹੈ।) ਸਾਖੀ ਪ੯। ਪਰੋਹਤ ਦੇ ਪ੍ਰਥਾਇ ਤਥਾ—

ਇਹੁ ਉਨਾਹਟਵੀਂ ਸਾਖੀ ਦਾ ਪ੍ਰਸੰਗ ਭਾਈ ਸੰਤੋਖ ਸਿੰਘ ਜੀ ਨੇ ਅਪਨੀ ਪਵਿਤਰ ਕਲਮ ਸੇ ਸੂਰਜ ਪ੍ਰਕਾਸ਼ ਰੁਤ। ਪ। ਅੰਸੂ ੯। ਮੇ ਭੀ ਲਿਖ ਦੀਆ ਹੈ

ਤਥਾ—ਸੌ ਸਾਖੀ ਮੇ ਵਿਰਜਲਾਲ ਪਾਂਡਾ। ਨਿਹਾਲ ਚੰਦ ਵਿਧੀ ਚੰਦ ਖਾਨ ਚੰਦ ਸੁਖਦੇਵ ਪੰਡਤ। ਇਹੁ ਗੁਰੂ ਘਰਕੇ ਪਰੇਮੀ ਪੰਡਤੋਂ ਕਾ ਪ੍ਰਸੰਗ ਸਾਖੀ ੮੯ ਤਥਾ ਇਸ ਨਵਾਸੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ਪ। ਅੰਸੂ। ੨੬। ੨੭। ਮੇ ਭੀ ਦੇਖੋ ਤਥਾ—

ਸੌ ਸਾਖੀ। ਸਭ ਸਾਧਨ ਪ੍ਰਗਟ ਕੀਓ ਦੁਸ਼ਟ ਨ ਦੀਜੈ ਇਹ। ਫਲੈ ਸਿਖ ਪਰਤੀਤ ਤੇ ਬਿੱਪਰ ਸਾਧ ਕੀ ਸੇਵ। ਸਾਖੀ ੯੦। ਇਹੁ ਨੱਵੇ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ਪ। ਅੰਸੂ। ੨੬। ੨੭। ੨੮

Sri Satguru Jagjit Singh Ji Elibrary NamdhariElibrary@gmail.com

ਮੇ ਭੀ ਲਿਖਾ ਹੈ। ਵਿਸਥਾਰ ਭੈਸੇ ਬਹੁਤ ਛੰਦ ਲਿਖੇ ਨਹੀ।

ਸ਼ੰਕਾ—ਬ੍ਰਾਹਮਣ ਤੋ ਗੁਰੂਜੀ ਕੇ ਪਾਸ ਤੇ ਭਜ ਗਏ ਥੇ ਦੇਵੀ ਕੇ ਹੋਮ ਵਕਤ। ਹਮ ਪੂਛਤੇ ਹੈਂ ਕਹਾਂ ਲਿਖਾ ਹੈ।

ਉਤਰ—ਕਲਗੀ ਧਰ ਹੁਲਾਸ ਪੰਨੇ ੬੧ ਤਥਾ—

ਨਵੀਨ ਟਰੈਕਟ ਜੋ ਹਮਾਰੇ ਸਿਖਾਂ ਨੇ ਬਨਾਏ ਹੈਂ ਤਿਨੋ ਮੇ ਲਿਖਾ ਹੈ।

ਉਤਰ—ਸਿਖ ਕਿਆ ਠਹਰ ਗਏ ਥੇ। ਅਤੇ ਜੋ ਬਿਪ੍ਰ ਭਾਗ ਗਏ ਯਹ ਝੂਠਾ ਪ੍ਰਲਾਪ ਹੈ। ਜੈਸੇ ਸੌ ਸਾਖੀ ਮੇ ਤੋ ਐਸੇ ਕਹਾ ਹੈ ਗੁਰੂ ਜੀ ਕੋ ਕੇਸ੍ਵ ਜੀ ਨੇ। ਤਹਾਂ। (ਕੇਸ਼ਵ ਕਹਿਯੋ ਗੁਰੂ ਦੀਓ ਭੇਟ ਮੇਰੋ। ਹੋਇ ਗਾ ਤੁਮਾਰਾ ਓਟ।) ਤਬ ਗੁਰੂ ਜੀ ਨੈ ਕਹਨਾ। (ਹਮ ਛੱਤ੍ਰੀ ਤੁਮ ਸਾਰ ਸੁਤਈਆ। ਹਮ ਸੁਤ ਤੁਮਰੇ ਤੁਮ ਹੋ ਜਨਈਆ। ਕਹਿਉ ਬਿਪਰ ਤੁਮ ਹਮਰੇ ਅੰਗ। ਜਾਨਤ ਹੌ ਤੁਮ ਧਰਕੇ ਰੰਗ। ਦੇਵਿ ਅਰਾਧਨ ਉਦਮ ਧਾਰਾ। ਧੰਨ ਧੰਨ ਤੂੰ ਗੁਰੂ ਵੰਸ ਨਿਸਤਾਰਾ।)

ਭਾਵ ਈਹਾਂ ਤੋ ਕੇਸਵ ਜੀ ਨੇ ਆਪਨਾ ਸੀਸ ਕੁਰਵਾਨੀ ਹਿਤ ਕਹਾ ਹੈ। ਅਤੇ ਜਬ ਦੇਵੀ ਪ੍ਰਗਟ ਕਰਕੇ ਗੁਰੂ ਦਸਮ ਆਏ ਹੈਂ। ਤਬ:—

(ਆਇਆ ਭੋਰ ਵਾ ਦਿਨ ਦਿਜ ਕੇਸਵ।

ਹਾਥ ਜੋਰ ਬੋਲੇ ਸਭਕੇ ਸਭ।
ਦੇਵਿ ਕ੍ਰਿਪਾ ਮਮ ਤੁਮ ਪ੍ਰਸਾਦਾ।
ਦੀਓ ਮੰਤ੍ਰ ਕੁਲ ਗੁਰ ਮੋਹਿ ਆਦਾ।
ਸਵਾ ਲਾਖ ਦੇਊਂਗਾ ਧਨਾ।
ਏਹ ਕਹ ਮੇਲਿਉ ਅੰਗਨ ਘਨਾ।)

ਸਾਖੀ॥ ੧੭ ॥ ਇਹੁ ੧੭ ਸਾਖੀ ਦਾ ਪ੍ਰਸੰਗ ਸੂਰਜਪ੍ਰਕਾਸ਼ ਰੁਤ॥ ੩ ॥ ਅੰਸੂ ੩੯ ਮੇ ਭੀ ਸਪਸ਼੍ਟ ਹੈ। ਯਾਂਤੇ ਜੋ ਨਵੀਨ ਉਕਤੀਆਂ ਹੈਂ ਉਨਮੱਤ ਪ੍ਰਲਾਪ ਹੈ ਅਗਰ ਇਨ ਐਸੇ ਹਮਦ੍ਰਦ ਤਥਾ ਸਿਦਕ ਹੱਦ ਬ੍ਰਾਹਮਣੋਂ ਕੀ ਪੰਥ ਪਰ ਪਰਉਪਕਾਰਤਾ ਨਾ ਮਾਨੈ ਤੋ ਯਹ ਦੋਸ਼ ਹੋਗਾ:—

ਜਥਾ ਭਾਈ ਗੁਰਦਾਸ ਜੀ ਪਉੜੀ:—ਨਾ ਤਿਸ ਭਾਰੇ ਪਰਬਤਾ ਅਸਮਾਨ ਖਹੰਦੇ । ਨਾ ਤਿਸ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ। ਨਾ ਤਿਸ ਭਾਰੇ ਸਾਇਰਾ ਨਦਵਾਹ ਵਹੰਦੇ। ਨਾ ਤਿਸ ਭਾਰੇ ਤਰਵਰਾ ਫਲ ਸੁਫਲ ਫਲੰਦੇ। ਨਾ ਤਿਸ ਭਾਰੇ ਜੀਅ ਜੰਤ ਅਨਗਣਤ ਫਿਰੰਦੇ। ਭਾਰੇ ਭੁਈਂ ਅਕਿਰਤਘਣ ਮੰਦੀ ਹੂੰ ਮੰਦੇ ॥ ਵਾਰ ॥ ੩੫ ॥ ਪੌ: ੮ ॥

ਤਥਾ—ਮਦ ਵਿਚ ਰਿੱਧਾ ਪਾਇਕੈ ਕੁੱਤੇ ਦਾ ਮਾਸ। ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ । ਰੱਤੂ

ਭਰਿਆ ਕੱਪੜਾ ਕਰ ਰੱਜਨ ਤਾਸ। ਢੱਕ ਲੈ ਚੱਲੀ ਚੂਹੜੀ ਕਰ ਭੋਗ ਬਿਲਾਸ। ਆਖ ਸੁਣਾਏ ਪੁੱਛਿਆ ਲਾਹੈ ਵਿਸਵਾਸ। ਨਦਰੀ ਪਵੈ ਅਕਿਰਤਘਣ ਮਤ ਹੋਇ ਵਿਣਾਸ॥ ਵਾਰ॥ ੩੫॥ ਪੌ: ੯॥

ਹੋਸ਼ ਕਰ ! ਅਤੇ ਕੋਈ ਬੇਸਮਝ ਲੋਕ ਐਸੇ ਭੀ ਅਪਲਾਪ ਕਰਤੇਹੈਂ ਕਿ ਬ੍ਰਾਹਮਣਾਦਾ ਗੁਰੂ ਗ੍ਰੰਥਸਾਹਿਬ ਮੇ ਕੋਈ ਹੱਕ ਹੀ ਨਹੀਂ। ਅਤੇ ਪਾਠ ਕਰਨੇ ਕਾ ਕੋਈ ਅਧਿਕਾਰ ਨਹੀਂ। ਸੋ ਕਪੋਲ ਕਲਪਣਾ ਹੀ ਹੈ। ਪ੍ਰਿਥਮ ਤੋ ਪੂਰਬੋਕਤ ਵਚਨੋ ਮੇ ਧਿਆਨ ਦੀਜੀਏ ਤਥਾ ਗੁਰੂ ਗ੍ਰੰਥ ਸਾਹਿਬ ਮੇ ਜਿਤਨੀ ਬ੍ਰਾਹਮਣ ਭਗਤੋਂ ਕੀ ਬਾਣੀ ਹੈ ਇਤਨੀ ਔਰ ਜਾਤੀ ਕੇ ਭਗਤੋਂ ਕੀ ਨਹੀ ਸੋ ਤਿਨਕੇ ਨਾਮ ਸੁਨ । 'ਸ੍ਰੀ ਜੈਦੇਵ' 'ਸ੍ਰੀ ਤ੍ਰਿਲੋਚਣ' 'ਸ੍ਰੀ ਬੇਣੀ' 'ਸ੍ਰੀ ਭੀਖਨ' ਤਥਾ ਸ੍ਰੀ ਰਾਮਾ ਨੰਦਾਦਿਕ ਬ੍ਰਾਹਮਣੋ ਕੀ ਤਥਾ ੧੭ ਭਟ ਜੋ ਬੇਦੋਂ ਨੇ ਬ੍ਰਾਹਮਣੋਂ ਕੇ ਰੂਪ ਧਾਰ ਕਰ ਗੁਰੂ ਜੀ ਕੀ ਉਸਤੁਤਿ ਕਰੀ ਹੈ। ਸੋ ਤਿਨਕੇ ਨਾਮ ਯਹ ਹੈਂ:-

ਚੌ:-ਸਾਮ ਵੇਦ ਵੇਹ ਚਾਰ ਬਨਾਏ।
ਮਥਰਾ ਹਰਵੰਸ ਜਾਲਪ ਬਲ ਪਾਏ।
ਰਿਗਵੇਦ ਸ੍ਰੀਦੂ ਤਨੁ ਧਾਰੇ।
ਕੱਲ੍ਹ ਕਲ ਸਹਾਰ ਜੱਲ੍ਹਣ ਨਲ ਚਾਰੇ।

Sri Satguru Jagjit Singh Ji Elibrary NamdhariElibrary@gmail.com

ਟੱਲੁ ਸਲੁ ਜੱਲੁ ਭੁਲਕਾਇ।
ਯਜੁਰ ਵੇਦ ਬਪੁ ਚਾਰ ਬਣਾਇ ।
ਕੀਰਤ ਗਯੰਦ ਦਾਸ ਸਦ ਰੰਗਾ ।
ਅਥਰਵ ਵੇਦ ਚਾਰੋ ਦੇਹ ਅੰਗਾ।
ਭਿਖੇ ਕਵ ਜੋ ਦੇਹ ਧਰਾਈ ।
ਸਭ ਤੇ ਅਧਿਕ ਭਯੋ ਸੁਖਦਾਈ।

ਵਿਸਥਾਰ ਦੇਖੋ ਗੁਰਬਿਲਾਸ ਧਿਃ ੪ ॥ ਪੰਨੇ ੭੩ ਇਨ ਬ੍ਰਾਹਮਣੋ ਕੀ ਪਵਿਤ੍ਰ ਬਾਣੀ ਗੁਰਬਾਣੀ ਹੈ। ਇਸ ਰੀਤਸੈ ਜੋ ਪੁਰਸ਼ ਬ੍ਰਾਹਮਣਮਾਤ੍ਰ ਕੋ ਹੀ ਦਰਵਾਰ ਸਾਹਿਬ ਕੀ ਅਨਧਿਕਾਰਤਾ ਕਹ ਕਰ ਕੁਤਰਕ ਕਰਤੇ ਹੈਂ ਸੋ ਦਰਵਾਰ ਸਾਹਿਬ ਕੇ ਹੀ ਬਿਰੋਧੀ ਹੈਂ ਸੋ ਸਿਖ ਨਹੀਂ। ਕਿਉਂਕਿ ਸ੍ਰੇਸ਼ਟ ਬ੍ਰਾਹਮਣੋਂ ਕੀ ਬਾਣੀ ਗੁਰ ਬਾਣੀ ਸੇ ਅਭੇਦ ਹੈ। ਜੋ ਗੁਰੂ ਗ੍ਰੰਥ ਸਾਹਿਬ ਕੇ ਅੰਦਰ ਬਾਣੀ ਹੈ ਸੋ ਗੁਰੂ ਹੈ। ਯਾਂਤੇ ਇਤਯਾਦਕ ਬ੍ਰਾਹਮਣ ਬਹੁਤ ਗੁਰੂ ਜੀ ਨੇ ਪੂਜਯ ਲਿਖੇ ਹੈਂ ਜੈਸੇ ਸਹਸਕ੍ਰਿਤੀ ਮੇ ਪੰਜਵੇਂ ਸਾਹਿਬ ਕਾ ਵਾਕਯ ਹੈ। ਬ੍ਰਾਹਮਣਹ ਸੰਗਿ ਉਧਰਣੰ ॥ ਬ੍ਰਹਮ ਕਰਮ ਜਿ ਪੂਰਣਹ॥ ਸਲੋਕ ੬੫ ਯਾਂਤੇ ਬ੍ਰਾਹਮਣੋਂਕੋ ਭੀ ਵੇਦਾਧਯਯਨਾਦਿਕ ਕਰਮੋਂ ਪਰ ਤਤਪਰ ਹੋਣਾ ਜਰੂਰੀ ਹੈ। ਐ ਗੁਰੂ ਘਰ ਦੇ ਪੁਸਤਕਾਂ ਦੇ ਤੱਤ ਨੂੰ ਦੇਖ ਕਰਕੇ ਦਰਵਾਰ ਸਾਹਿਬ ਕੋ ਭੀ

ਆਪਨਾ ਹੀ ਇਸ਼ਟ ਸਮਝਣ । ਗੁਰੂ ਜੀ ਕਾ ਸਰਵਸ੍ਵ ਸਾਧੂ ਬ੍ਰਾਮਣ ਗਊ ਵੇਦਾਦਿਕ ਰਖਯਾ ਮੇ ਕੁਰਬਾਨ ਹੋਗਿਆ । ਯਹ ਪ੍ਰਸਿਧ ਹੀ ਹੈ। ਤਬਾ ਹੋਰ ਅੰਧੇਰ ! ਮੈਂ ਇਨ੍ਹਾਂ ਅਕਲ ਦੇ ਗਲ ਵਿਚ ਅੰਗੂਠਾ ਦੇਨ ਵਾਲਿਆਂ ਅਤੇ ਮੂਰਖਤਾ ਮੇ ਨਿਮਗਨ ਹੋਇਆਂ ਹੋਇਆਂ ਨੂੰ ਪੂਛਦਾ ਹਾਂ। ਜਦੋਂ ਤਾਂ ਚੂਹੜੇ ਚੁਮਾਰ ਤਥਾ ਤਿਨਕੀਆ ਅਰਧੰਗੀਆਂ ਨੂੰ ਨਾਲ ਮਲੌਣ ਦੀ ਇਛਾ ਹੋਤੀ ਹੈ ਤਬ ਤੋ ਪ੍ਰਭਾਤੀ ਕਬੀਰ ਜੀ:-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ । ਏਕ ਨੂਰ ਤੇ ਸਭੁ ਜਗ ਉਪਜਿਆ ਕਉਨ ਭਲੇ ਕੋ ਮੰਦੇ ॥ ਸ਼ਬਦ ॥ ੩ ॥ ਐਸੇ ਅਨੇਕ ਸ਼ਬਦਾਂ ਕੇ ਤਤ ਨੂੰ ਨਾ ਜਾਣਕੇ ਅਨਰਥ ਨੂੰ ਪ੍ਰਾਪਤਿ ਹੋਣਾ। ਅਤੇ ਜਦੋਂ ਕਿਸੇ ਸਾਧੂ ਬ੍ਰਾਹਮਣ ਕੀ ਸੇਵਾ ਪੂਜਾ ਕਾ ਵਿਧਾਯਕ ਗੁਰੂ ਜੀ ਕਾ ਵਚਨ ਮਿਲਨਾ। ਤਬ ਨੂਰ ਦੂਰ ਹੋ ਜਾਂਣਾ ਅਤੇ ਪੰਮੇ ਚੋਰ ਡਾਕੂ ਠਗ ਆਦਿਕ ਖੋਟੇ ਵਚਨ ਕਹਕੇ ਨਿੰਦਾ ਕਰਨੀ ਕਰੌਣੀ। ਯਾਂਤੇ ਇਨ੍ਹਾ ਸੁਧਾਰੀਆਂ ਦਾ ਸੁਧਾਰ ਕਰਨੇ ਕੋ "ਸ੍ਰੀ ਚੰਡਕਾ" ਔਰ "ਸ੍ਰੀ ਗੁਰੂ ਦਸਮੇਸ ਪਾਤਸ਼ਾਹੁ" ਹੀ ਸਮਰੱਥ ਹਨ ਮਸੰਦਾਂ ਵਾਂਗ। ਅਤੇ ਹਮਾਰੇ ਜਿਮੀਦਾਰ ਆਦਿਕ ਹਿੰਦੂ ਸਿਖੋ ਭਰਾਵੋ ਇਨਸੇ ਬਚ ਕਰ ਰਹਨਾ

Sri Satguru Jagjit Singh Ji Elibrary NamdhariElibrary@gmail.com

ਯਹ ਏਕ ਨਵਾਂ ਟੋਲਾ ਥੋੜਾ ਕਾਲ ਹੀ ਰਹਿਨੇ ਵਾਲਾ ਗੁਰੂ ਸੇ ਬਿਰੁੱਧ ਪੈਦਾ ਹੋਇਆ ਹੈ।

## ਪੂਜਾ ਦਾ ਧਾਨ ਸ਼ਸਤ੍ਰਧਾਰੀ ਕੋ ਨਿਸ਼ਿੱਧ ਹੈ

ਸ਼ੰਕਾ—ਗੁਰੂ ਜੀ ਨੇ ਤਾਂ ਸਿੰਘਾਂ ਪਿਆਰਿਆਂ ਨੂੰ ਹੀ ਦਾਨ ਦੇਣਾ ਅਤੇ ਪੂਜਨਾ ਲਿਖਾ ਹੈ ॥ ਕਹਾਂ ॥

ਉੱਤਰ ਸਵਈਏ ਸ੍ਰੀਮੁਖ ਵਾਕ ਪਾਤਸ਼ਾਹੀ ੧੦ ਜੋ ਕੁਛ ਲੇਖ ਲਿਖਿਉ ਬਿਧਿਨਾ ਸੋਈ ਪਾਯਤ ਮਿਸਰ ਜੂ ਸੋਕ ਨਿਵਾਰੋ। ਮੇਰੋ ਕਛੂ ਅਪਰਾਧ ਨਹੀ ਗਯੋ ਜਾਦ ਤੇ ਭੂਲ ਨ ਕੋਪ ਚਿਤਾਰੋ। ਬਾਗੋ ਨਿਹਾਲੀ ਪਠੈ ਦੈ ਹੈ ਆਜ ਭਲੇ ਤੁਮ ਕੋ ਨਿਹਚੇ ਜੀਅ ਧਾਰੋ। ਛਤਰੀ ਸਭੈ ਭ੍ਰਿਤ ਬਿਪਨ ਕੇ ਇਨ ਹੂੰ ਪੈ ਕਟਾਛ ਕ੍ਰਿਪਾ ਕੈ ਨਿਹਾਰੋ ॥

ਜੁਧ ਜਿਤੇ ਇਨ ਹੀ ਕੇ ਪ੍ਰਸਾਦ ਇਨ ਹੀ ਕੇ ਪ੍ਰਸਾਦ ਸੁਦਾਨ ਕਰੇ। ਅਘ ਓਘ ਟਰੇ ਇਨ ਹੀ ਕੇ ਪ੍ਰਸਾਦ ਕ੍ਰਿਪਾ ਇਨ ਕੀ ਪੁਨ ਧਾਮ ਭਰੇ। ਇਨ ਹੀ ਕੇ ਪ੍ਰਸਾਦ ਸੁਬਿਦਜਾ ਭਏ ਇਨ ਹੀ ਕੀ ਕ੍ਰਿਪਾ ਸਭ ਸਤਰ ਮਰੇ। ਇਨ ਹੀ ਕ੍ਰਿਪਾ ਕੇ ਸਜੇ ਹਮ ਹੈ ਨਹੀ ਮੋ ਸੇ ਗ੍ਰੀਬ ਕਰੋਰ ਪਰੇ॥

ਸੇਵ ਕਰੀ ਇਨ ਹੂੰ ਕੀ ਭਾਵਤ ਔਰ ਕੀ ਸੇਵ

Sri Satguru Jagjit Singh Ji Elibrary NamdhariElibrary@gmail.com

ਸੁਹਾਤ ਨ ਜੀਕੋ। ਦਾਨ ਦਯੋ ਇਨ ਹੂੰ ਕੋ ਭਲੋ ਅਰ ਆਨਕੋ ਦਾਨ ਨ ਲਾਗਤ ਨੀਕੋ। ਆਗੈਂ ਫਲੈ ਇਨ ਹੂ ਕੋ ਦਯੋ ਜਗ ਮੈ ਜਸ ਔਰ ਦਯੋ ਸਭ ਫੀਕੋ। ਮੋ ਗ੍ਰਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ॥

ਦੋਃ—ਚਟਪਟਾਇ ਚਿਤ ਮੈਂ ਜਰਿਯੋ, ਤ੍ਰਿਣ ਜਿਯੋ ਕ੍ਰੁਧਤ ਹੋਇ। ਖੋਜ ਰੋਜ ਕੇ ਹੇਤ ਲਗ, ਦਯੋ ਮਿਸਰ ਜੂ ਰੋਇ॥ ਪੰਨੇ ਦਸਮ ਦਰਬਾਰ ੪੦੨॥

ਤਥਾਪਿ ਇਨ ਸਵਈਯੋਂ ਕਾ ਅਰਥ ਤੋ ਤਹਾਂ ਲਿਖਾ ਨਹੀਂ ਤੁਮਾਰੇ ਕੋ ਕੈਸੇ ਨਿਰਣਾ ਹੈ ਕਿ ਇਨ ਹੀ ਕਰਕੇ ਸਿੰਘਾਂ ਨੂੰ ਕਹਾ ਹੈ। ਅਗਰ ਮਾਨੈ ਤੋ ਤਿਸੀ ਗੁਰੂ ਕੇ ਵਾਕਾਂ ਨਾਲ ਵਿਰੋਧ ਹੋਵੈਗਾ।

ਤਥਾ ਸਵੈਯਾ ਸ੍ਰੀਮੁਖ ਭਗਵਾਨੋਵਾਚ—ਤਬਹੀ ਹਸਿਕੈ ਹਰਿ ਬਾਤ ਕਹੀ ਨੰਦ ਪਹ ਹਮਰੀ ਬਿਨਤੀ ਸੁਨ ਲਈਯੈ। ਪੂਜਹੁ ਬਿਪਨ ਕੋ ਮੁਖ ਗਊਨ ਪੂਜਨ ਜੋਇ ਰਹੈ ਤਹ ਜਈਯੈ। ਗਊਨ ਕੋ ਪਯ ਪੀਜਤ ਹੈ ਗਿਰਗੋ ਚੜ੍ਹ ਏਮਨ ਆਨੰਦ ਪਈਯੈ। ਦਾਨ ਦਏ ਤਿਨਕੋ ਜਸ ਹਿਯਾ ਪ੍ਰਲੋਕ ਗਏ ਜੁ ਦਯੋ ਸੋਊ ਖਈਯੈ॥ ਸ੍ਰੀ ਕ੍ਰਿਸ਼ਨਾਵਤਾਰ ਛੰਃ੩੪੧॥

ਤਥਾ ਖੜਗ ਸਿੰਘੋਵਾਚ ਸਵੈਯਾ—ਚਤੁਰਾਨਨ !

ਮੋ ਬਤੀਆਂ ਸੁਨ ਲੈ ਚਿਤ ਦੈ ਦੁਇ ਸਰੋਨਨ ਮੈਂ ਧਰੀਐ। ਉਪਮਾ ਕੋ ਜਬੈ ਉਮਗੈ ਮਨ ਤੋ ਉਪਮਾ ਭਗਵਾਨ ਹੀ ਕੀ ਕਰੀਐ। ਪਰੀਏ ਨਹੀ ਆਨ ਕੇ ਪਾਇਨ ਪੈ ਹਰਿ ਕੇ ਗੁਰ ਕੇ ਦਿਜ ਕੇ ਪਰੀਐ। ਜਿਹ ਕੋ ਜੁਗ ਚਾਰ ਮੈ ਨਾਉ ਜਪੈ ਤਿਹ ਸੋ ਲਰੀਏ ਮ਼ਰੀਏ ਤਰੀਐ॥ ਸ੍ਰੀ ਕ੍ਰਿਸ਼ਨਾਵਤਾਰ ਛੰ: ੧੬੮੬॥

ਤਥਾ ਮਾਰਗ ਲਾਖ ਕੈ ਬਿਪ੍ਰ ਜਵੈ, ਕਹ ਆਏਹਾਂ। ਤਥਾ ਵਾਰ ਮਗਾਇ ਤਹੀ ਦਿਜ ਕੋ, ਕਹ ਆਏ ਹਾਂ। ਅਵਤਾਰ ਮੰਡਨ ਮੇਂ।

ਤਥਾ—ਅਬ ਬਿਪਨ ਕੇ ਪਗ ਧੋਵਤ ਹੈ ਬ੍ਰਿਜ ਨਾਥ ਬਿਨਾ ਐਸੀ ਕੌਨ ਕਰੇ, ਕਹ ਆਏ ਹਾਂ॥ ਛੰ: ੨੩੫੦॥

ਤਥਾ ਸ੍ਰੀ ਗੁਰੂ ਦਸਮੇਸ ਜੀ ਛਪੈ ਛੰਦ—

ਦਿਜਨ ਦੀਜਿਯਹੁ ਦਾਨ ਦੁਰਜਨ ਕਹ ਦ੍ਰਿਸ਼ਟ ਦਖੈਯਹੁ। ਸੁਖੀ ਰਾਖਿਯਹੁ ਸਾਧ ਸਤਰ ਸਿਰ ਖੜਗ ਬਜੈਯਹੁ॥ ਚਰਿਤਰ ੨੧ ਛੰ: ੫੮॥

ਤਥਾ ਹੋਰ ਬਚਨ ਭੀ ਬਹੁਤ ਹਨ ਜੋ ਸ਼ਸਤ੍ਰ ਧਾਰੀ ਕੇ ਲੀਏ ਪੂਜਾ ਕਾ ਭੀ ਨਿਸ਼ੇਧ ਕਰਤੇ ਹੈਂ ਸੋ ਕਹੇਂਗੇ; ਤਿਨਕਾਭੀ ਵਿਰੋਧ ਹੋਵੇਗਾ; ਯਾਂਤੇ ਜਿਸ ਕਾਲ ਮੇਂ ਯਹ ਸਵਈਏ ਗੁਰੂਜੀਨੇ ਉਚਾਰੇ ਹੈਂ ਤਿਸ ਸਮੇਂ

Sri Satguru Jagjit Singh Ji Elibrary NamdhariElibrary@gmail.com

ਖਾਲਸਾ ਪੰਥ ਸਾਜਿਆ ਹੀ ਨਹੀਂ ਥਾ, ਸੋ ਸੂਰਜ ਪ੍ਰਕਾਸ਼ ਮੇਂ ਐਸੀ ਵਜਵਸਥਾ ਕਰੀ ਹੈ। ਸ੍ਰੀ ਦੇਵੀ ਮਾਤਾ ਨੂੰ ਪ੍ਰਗਟ ਕਰਕੇ ਸ੍ਰੀ ਗੁਰੂ ਜੀ ਨੇ ਜੱਗ ਕਰਨਾ। ਚੌਃ—

ਹੁਕਮ ਜੱਗ ਕਰਵੇ ਕੋ ਦਯੋ।
ਅਨਕ ਅਹਾਰ ਸੁਨਿਘਧ ਸੁ ਭਯੋ।
ਪੂਪ ਪੂਰਕਾ ਬਹੁ ਪੰਚਾਮ੍ਰਿਤ।
ਬਿੱਪਰ ਸਾਧ ਬੋਲੇ ਪਠ ਜਿਤਕਿਤ।
ਮਨ ਭਾਵਤ ਭੋਜਨ ਕੋ ਖਾਯੋ।
ਅਧਕ ਦਾਨ ਸਭਹਨ ਕੋ ਪਾਯੋ।
ਪਿਖ ਉਦਾਰਤਾ ਗੁਰ ਉਰ ਕੇਰੀ।
ਬਿਸਮ ਕੁਮੇਰ ਸੁਮੇਰ ਵਡੇਰੀ।
ਜੇ ਰੁਖ ਲਖ ਕਰ ਇਤ ਕੋ ਧਰੈ।
ਹਮ ਕੋ ਲੂਟ ਵਾਟਵੇ ਕਰੈ।

ਤਬ ਕੇਸਵ ਜੀ ਨੇ ਆਕਰ ਕਹਾ—

ਚੌਃ-ਪ੍ਰਿਥਮ ਬਿਪਰ ਸਿਖ ਸਾਧ ਜਿਵਾਏ।
ਪਾਛੇ ਤੇ ਮੁਝ ਬੋਲ ਪਠਾਏ।
ਸਹ ਨ ਜਾਇ ਬਿਪਰੀਤ ਵਡੇਰੀ।
ਹੁਤੋ ਮੁੱਖ ਸੁਧ ਨਹ ਤਿਸ ਕੇਰੀ।
ਕਰਮ ਜਿ ਉੱਤਮ ਜਗਤ ਮਝਾਰੀ।

Sri Satguru Jagjit Singh Ji Elibrary NamdhariElibrary@gmail.com

ਸਰਬ ਵਿਖੈ ਮੈਂ ਰਹਤ ਅਗਾਰੀ।

[ਵਿਸਤਾਰ ਦੇਖੋ ਰੁਤ ੩। ਅੰਸੂ ੧੨]

ਤਬ ਤਿਸ ਕੇ ਪ੍ਰਥਾਇ ਸਵਈਏ ਉਚਾਰੇ ਹੈਂ ਚਟਪਟਾਇ ਏਹ ਦੋਹਾ ਆਗੇ ਰਖਕੇ ਅਰਥ ਕਰਨਾ ਤੋ ਈਹਾਂ ਇਨਹੀਂ ਸ਼ਬਦ ਕਰਕੇ ਤੋ ਸਾਧੂ ਬ੍ਰਾਹਮਣ ਹੈਂ ਭੋਜਨ ਛਕਨੇ ਵਾਲੇ। ਅਗਰ ਯਹ ਵਯਵਸਥਾ ਨਾ ਮਾਨੇਂ ਤੋ ਪੂਰਬ ਕਹੇ ਬ੍ਰਾਹਮਣੋਂ ਕੋ ਦਾਨ ਦੇਨਾ ਉਨ ਵਾਕਯੋਂ ਸੇ ਵਿਰੋਧ ਹੋਵੇਗਾ।

ਤਥਾ ਸ੍ਰੀਮੁਖ ਵਾਕ ਪਾਤਸ਼ਾਹੀ ੧੦ ਪਉੜੀ— ਦਾਨ ਦੇਤ ਸਾ ਪਾਨ ਪਾਵਨੰ ਬ੍ਰਹਮ ਦਿਜ ਬਰ ਪੂਜਨੰ। ਭੂਮ ਕੰਚਨ ਬਸਨ ਭੂਖਨ ਅੰਨ ਭੀਖਕ ਭੋਜਨੰ। ਗ੍ਰਿਹ ਨਾਰਿ ਦਾਸਨ ਦਾਸ ਪੁਰ ਗੋ ਬਤਸ ਛੇਤਰ ਦਾਨ ਹੇ। ਦੇਤ ਭਿਛਕਨ ਬਿਬਿਧ ਬਿਧ ਸੁਭ ਦਰਬ ਦਛਨਾ ਧਾਨ ਹੇ। ਕਰ ਰਛਿਆ ਦੀਨ ਪਰਜਨ ਨਗਰ ਬਾਸਨ ਧੁਜਾ ਹੇ। ਦਲਤ ਮੁਸਟਨ ਬਾਹੁ ਬਿਕ੍ਰਮ ਕ੍ਰਿਪਾਨ ਪਾਨਨ ਭੁਜਾ ਹੇ। ਸਰਬਲੋਹ ਧਿਃ ੫॥ ਪੰਃ ੨੯੬ ਛੰਃ ੧੧੪॥

ਤਥਾ ਸਸ਼ਤ੍ਰ ਧਾਰੀ ਵਾਸਤੇ ਪੂਜਾ ਕੇ ਨਿਸ਼ੇਧਕ ਵਾਕਯ ਭੀ ਸੰਖੇਪ ਤੇ ਕਹਤੇ ਹੈਂ ਯਥਾ ਭਾਈ ਗੁਰ- ਦਾਸ ਜੀ ਪਉੜੀ॥ ਜਿਉ ਮਰਜਾਦਾ ਹਿੰਦੂਆਂ ਗਊ

Sri Satguru Jagjit Singh Ji Elibrary NamdhariElibrary@gmail.com

ਮਾਸ ਅਖਾਜੁ। ਮੁਸਲਮਾਣਾ ਸੂਅਰਹੁ ਸਉਗੰਦ ਬਿਆਜੁ। ਸਹੁਰਾ ਘਰ ਜਾਵਾਈਐ ਪਾਣੀ ਮਦਰਾਜੁ। ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ। ਜਿਉਂ ਮਿਠੈ ਮੱਖੀ ਮਰੈ ਤਿਸ ਹੋਇ ਅਕਾਜੁ। ਤਿਉ ਧਰਮ ਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥ ਵਾਰ ੩੫॥ ਪੌ: ੧੨॥

ਤਥਾ ਖਰਾ ਦੁਹੇਲਾ ਜਗ ਵਿਚ ਜਿਸ ਅੰਦਰ ਝਾਕ। ਸੋਨੇ ਨੋ ਹਥ ਪਾਇੰਦਾ ਹੁਇ ਵੰਵੈ ਖਾਕ। ਇੱਠ ਮਿੱਤ ਪੁਤ ਭਾਇਰਾ ਵਿਹਰਨ ਸਭ ਸਾਕ। ਸੋਗ ਵਿਜੋਗ ਸਰਾਪ ਹੈ ਦੁਰਮਤਿ ਨਾਪਾਕ। ਵੱਤੈ ਮੁੱਤੜ ਰੰਨ ਜਿਉਂ ਦਰ ਮਿਲੈ ਤਲਾਕ। ਦੁੱਖ ਭੁੱਖ ਦਾਲਦ ਘਣਾ ਦੋਜ਼ਕ ਅਉਤਾਕ॥ ਪੌ: ੧੩॥

ਤਥਾ—ਵਿਗੜੇ ਚਾਟਾ ਦੁਧ ਦਾ ਕਾਂਜੀ ਦੀ ਚੁਖੈ। ਸਹਸ੍ਰ ਮਣਾ ਰੂਈਂ ਜਲੈ ਚਿਨਗਾਰੀ ਧੁੱਖੈ। ਬੂਰ ਬਿਣਾਹੈ ਪਾਣੀਐ ਖਉ ਲਾਖਹੁ ਰੁੱਖੈ। ਜਿਉਂ ਉਦ-ਮਾਦੀ ਅਤੀਸਾਰ ਖਈਰੋਗ ਮਨੁੱਖੈ। ਜਿਉਂ ਜਾਲ ਪੰਖੇਰੂ ਫਾਸਤੇ ਚੁਗਣਦੀ ਭੁੱਖੈ। ਤਿਉਂ ਅਜਰ ਝਾਕ ਭੰਡਾਰ ਦੀ ਵਿਆਪੈ ਵੇਮੁੱਖੈ॥ ਪੌ: ੧੪॥

ਤਥਾ ਪੂਜਾ ਦਾ ਧਾਨ ਨਹੀਂ ਪਚਦਾ। ਅਉਚਰ ਝਾਕ ਭੰਡਾਰ ਦੀ ਚੁੱਖ ਲਗੈ ਚੁੱਖੀ। ਹੋਇ ਦੁਕੁਧਾ

Sri Satguru Jagjit Singh Ji Elibrary NamdhariElibrary@gmail.com

ਨਿਕਲੈ ਭੋਜਨ ਮਿਲ ਮੱਖੀ। ਰਾਤ ਸੁਖਾਲਾ ਕਿਉਂ ਸਵੈ ਤਿਨ ਅੱਦਰ ਅੱਖੀ। ਕੱਖਾਂ ਦਬੀ ਅੱਗ ਜਿਉਂ ਓਹ ਰਹੇ ਨ ਰੱਖੀ। ਝਾਕ ਝਕਾਈਐ ਝਾਕ ਵਾਲ ਕਰ ਭੁੱਖ ਅਭੁੱਖੀ। ਗੁਰ ਪਰਸਾਦੀ ਉਬਰੇ ਗੁਰ ਸਿੱਖਾਂ ਲੱਖੀ। ਪੌ: ੧੫ ॥

ਤਬਾ ਜਿਉਂ ਘੁਣ ਖਾਧੀ ਲਕੜੀ ਵਿਣ ਤਾਣ ਨਿਤਾਣੀ। ਜਾਣ ਡਰਾਵਾ ਖੇਤ ਵਿਚ ਨਿਰਜੀਤ ਪਰਾਣੀ। ਜਿਉਂ ਧੂਅਰ ਝੜਵਾਲ ਦੀ ਕਿਉਂ ਵਰਸੈ ਪਾਣੀ। ਜਿਉਂ ਥਣ ਗਲ ਵਿਚ ਬੱਕਰੀ ਦੁਹਿ ਦੁਧ ਨ ਆਣੀ। ਝਾਕੈ ਅੰਦਰ ਝਾਕ ਵਾਲ ਤਿਸ ਕਿਆ ਨੀਸਾਣੀ। ਜਿਉਂ ਚੰਮ ਚੱਟੈ ਗਾਇ ਮਹਿ ਓਹ ਭਰਮ ਭੁਲਾਣੀ। ਵਾਰ। ੩੫। ਪੌ:। ੧੬। ਗੁਰਦਸ ਜੀ ਇਤਿ ॥

ਨੋਟ–ਅਖਾਜੁ ਕਹੀਏ ਹਰਾਮ, ਪਾਣੀ ਹੀ ਜਵਾਈ ਦੇ ਘਰਦਾ ਸ਼ਰਾਬ ਦੇ ਤੁਲ ਹੈ ਸਹੁਰੇ ਨੂੰ, ਮੁਹਤਾਜ, ਗ੍ਰੀਬ, ਖੰਡੂਪਾਜ, ਵਿਖ ਕੇ ਊਪਰ ਖੰਡ ਕਾ ਪਾਜ, ਅਕਾਜ ਭਾਵ ਨਾਸ, ਇਠ ਪਿਆਰੇ, ਵਿਹਰਨ ਛੋਡ ਦੇਤੇ ਹਨ, ਮੁਤੜ, ਛੁੱਟੜ, ਚੁੱਖੈ ਕਣੀ ਭਰ, ਧੁਖੈ ਧੁਖਣ ਨਾਲ, ਲਾਖ ਨਾਲ ਨਾਸ ਹੋਤਾ ਹੈ, ਅਜਰ ਨਾ ਜ਼ਰੀ ਜਾਣ ਵਾਲੀ, ਅਉਚਰ ਅਚਰ ਅਭੱਖ, ਚਖੀ ਚੁਖਣ ਦੀ, ਤਿੱਣ, ਦੁਕਧਾ ਕਹਿਯੇ ਉਲਟਾ ਧੂੰਏ ਦੇ ਬਦਲ ਤੋਂਵਾ ਵਹੀੜ ਤੋਂ ॥ ਇਤਿ ॥

ਤਬਾ–ਸੌ ਸਾਖੀ ਮੇ। ਸਿਖ ਨਾ ਪੂਜਾ ਖਾਇ ਰੰਚ ਨਿਤ ਕੜਾਹ ਲੇ। ਗੁਰੂ ਭੁਗਤ ਹੀ ਖਾਈਐ ਜੋ

Sri Satguru Jagjit Singh Ji Elibrary NamdhariElibrary@gmail.com

ਅਰਦਾਸੀ ਦੇ। ਸਾਖੀ। ੮।

ਤਥਾ—ਇਹੁ ਅੱਠਵੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੩। ਅੰਸੂ। ੫੦। ਮੇ ਭੀ ਸਪਸ਼ਟ ਹੈ।

ਤਥਾ—ਸੌ ਸਾਖੀ। ਅਨੰਦ ਪੁਰ ਸਾਹਿਬ ਵਿਚ ਪੂਜਾ ਦਾ ਖਜਾਨਾ ਸਤਲੁਜ ਮੇ ਗੇਰਾ ਹੈ ਸਿਖ ਬਹੁਤ ਭੁੱਖੇ ਮਰਨ ਲਗੇ ਬਹੁਤ ਦੁਖੀ ਹੂਏ ਤਾਂ ਮਾਤਾ ਗੂਜਰੀ ਜੀ ਨੇ ਕਹਾ (ਸਿਖਾਂ ਕੀ ਗੁਨਾਹ ਕਰਿਆ ਹੈਗਾ ਕਿਸ ਤਰਾਂ ਜੂਝੇ ਗੇ ਪਾਇ ਪਾਇ ਭਰ ਅੰਨ ਖਾਣੇ ਨੂ ਮਿਲਦਾ ਹੈ ਬਖਸੀਏ ਸੰਗਤ ਨੂ ਤਾਂ ਗੁਰੂ ਜੀ ਬੋਲੇ ਇਹ ਪੰਥ ਕਰਤਾਰ ਦੇ ਹੁਕਮ ਨਾਲ ਹੂਆ ਹੈ ਪੰਥ ਵਧਾਵਣਾ ਹੈ ਗਾਲਣਾ ਨਹੀ। ਜਿਸ ਦਿਨ ਪੂਜਾ ਦੇ ਖਜਾਨੇ ਲਗੇ ਖਾਵਨ ਤਾਂ ਦਿਨ ਘਾਟਾ ਹੋ ਜਾਵੈਗਾ। ਸੁਣ ਮਾਤਾ ਜੀ ਜਹਰ ਪੂਜਾ ਦਾ ਧਾਨ ਜੋ ਖਾਵੈਗਾ ਸੋ ਦਘਦ ਹੋ ਜਾਵੈਗਾ। ਮੈ ਪੰਥ ਜੁਧ ਵਾਸਤੇ ਖੜਾ ਕੀਤਾ ਹੈ ਭੁੱਖਾ ਨੰਗਾ ਹੀ ਭਲਾ ਹੈ। ਮੈ ਨਰਕ ਨਹੀ ਪਾਵਣਾ ਅਤੇ ਬੁਰਾ ਨਹੀ ਕਰਣਾ। ਜੈਸੇ ਹਮ ਤੇਰੇ ਪੁਤਰ ਹਾਂ ਤੂੰ ਮਾਤਾ ਸਾਨੂ ਜਹਰ ਦੇ ਕਿਉਂ ਤੂੰ ਦੇ ਸਕਨੀ ਹੈਂ। ਨਹੀ ਨ ਦੇ ਸਕਤੀ ਹਮ ਭੀ ਸਿਖਾਂ ਪੁਤਾਂ ਨੂੰ ਪੂਜਾ ਦਾ ਜਹਰ ਨਹੀ ਦੇਣਾ। ਸਾਖੀ। ੩੭।

ਤਥਾ—ਇਹੁ ਸੈਤੀਸਵੀ ਸਾਖੀ ਦਾ ਪ੍ਰਸੰਗ ਸੂਰਜ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ ਰੁਤ। ੬। ਅੰਸੂ। ੨੦। ਮੇ ਭੀ ਸਪਸ਼ਟ ਹੈ।

ਤਥਾ—ਸੌ ਸਾਖੀ ਦੋ:—

ਮੇਰਾ ਸਿਖ ਗ੍ਰੰਥੀਆ ਪੂਜਾ ਖਾਇ ਅਰਦਾਸ।
ਲਿਖ ਖਾਵੈ ਝੂਠਾ ਚੁਗਲ ਮੇਰਾ ਨਾਹ ਸੁ ਦਾਸ॥

ਤਥਾ—ਖਾਲਸਾ ਸੋ ਜੋ ਲਏ ਨ ਦਾਨ, ਹਿੰਦੂ ਤੁਰਕ ਕੀ ਰਖੈ ਨ ਆਨ।

ਤਥਾ—ਸ਼ਸਤ੍ਰ ਧਾਰਕੇ ਖਾਈਏ ਇਹੁ ਸ਼ਸਤ੍ਰਨ ਕੀ ਰੀਤ, ਬਿੱਪ੍ਰ ਸੰਤੋਖੀ ਦਾਨ ਭੁਲਾ ਖਾਵੈ ਭਜੈ ਸੁ ਮੀਤ॥

ਸਾਖੀ। ੬੨ ਤਥਾ—

ਇਹੁ ਵਾਹਟਵੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੫। ਅੰਸੂ। ੩੭। ਮੇ ਭੀ ਸਪਸ਼ਟ ਹੈ॥

ਤਥਾ—ਸੌ ਸਾਖੀ ਦੋ:—

ਪੰਥ ਰਚਾ ਮੈ ਧਰਮੁ ਹਿਤ ਪੂਜਾ-ਦਾਨ ਨਾ ਖਾਇ।
ਲੋਭ ਬੰਧ ਮਾਨਤ ਨਹੀ ਸੂਕਰ ਜੂਨੀ ਜਾਇ॥

ਸਾਖੀ ੮੫।

ਤਥਾ—ਇਹੁ ਪੰਚਾਸੀਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੫। ਅੰਸੂ। ੨੩ ।੨੪ ।੨੫ ਮੇਂ। ਸਪਸ਼ਟ ਹੈ। ਸੋ ਇਨ ਸਰਬ ਵਾਕੋਂ ਕਾ ਭੀ ਵਿਰੋਧ ਪ੍ਰਾਪਤਿ ਹੋਗਾ ਜੋ ਤਿਨ ਸਵਈਆਂ ਕਾ ਅਰਥ ਸਿਖ ਨੂੰ ਪੂਜਾ ਕੇ ਅਧਕਾਰਤਾ ਮੇ ਅਰਥ ਕਰੇਂਗੇ। ਯਾਂਤੇ ਇਨ

ਹੀ ਕਰਕੇ ਜੋ ਸਾਧੂ ਬ੍ਰਾਹਮਣ ਜੱਗ ਮੇਂ ਭੋਜਨ ਛਕਣੇ ਵਾਲੇ ਸੋਈ ਹੈਂ।

ਸ਼ੰਕਾ—ਉਦਾਸੀਨ ਸਾਧੂਓਂ ਸੇ ਹਮਾਰਾ ਕੋਈ ਮੇਲ ਨਹੀਂ ਕਯੋਂਕਿ ਨਾਰਾਯਣ ਦਾਸ ਨੇ ਹਮਾਰੇ ਭਾਈ ਮਾਰ ਦੀਏ ਯਾਂਤੇ ਸਾਧੂ ਸਾਡੇ ਵੈਰੀ ਹਨ।

ਉੱਤਰ—ਯਦਯਪਿ ਸਾਧੂ ਕਹਤੇ ਹੈਂ ਹਮਾਰੇ ਭੀ ਸਾਧੂ ਮਾਰੇ ਗਏ, ਕਰਤਾਰ ਹੀ ਜਾਣੇ, ਪਰੰਤੂ ਕੁਛਕ ਨਿਰਣਯ ਸੁਨੋ! ਪ੍ਰਥਮ ਤੋ ਸਾਧੂਆਂ ਨੂੰ ਆਪ ਵੈਰੀ ਕਹਤੇ ਹੋ, ਤੋ ਹਮ ਪੂਛਤੇ ਹੈਂ ਸਿੰਘਾਂ ਨਾਲ ਤੁਮਾਰਾ ਕਯਾ ਸਲੂਕ ਹੈ? ਕਿਉਂਕਿ ਸੰ: ੧੯੭੭ ਦੀ ਦੀਪਮਾਲਾ ਕੋ ਨਿਹੰਗਾਂ ਸਿੰਘਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ ਸੌਗੰਦ ਦੇਕਰ ਕਹਾ ਕਿ ਤੁਸੀਂ ਸਾਡੇ ਵਡੇ ਭਾਈ, ਹਮ ਤੁਮਾਰੇ ਛੋਟੇ ਭਾਈ, ਆਓ ਤਖਤ ਅਕਾਲਬੁੰਗਾ ਸੰਭਾਲੋ, ਸ੍ਰੀ ਅਮ੍ਰਿਤਸਰ ਜੀ ਮੇਂ ਕੋਈ ਕੂਹੜਾ ਚੁਮਾਰ ਨਹੀਂ ਤਖਤ ਪਰ ਰਹੇਗਾ। ਆਪ ਸ਼ਸਤ੍ਰ ਰਖਕੇ ਦਰਸ਼ਨ ਕਰੋ, ਤਬ ਨਿਹੰਗਾਂ ਸਿੰਘਾਂ ਨੇ ਇਨ ਕਾ ਸਿੰਘ ਲਿਬਾਸ ਦੇਖਕਰ ਇਤਬਾਰ ਪਰ ਸਲੋਤਰ ਲਸ਼੍ਰਿਕਾਦਿਕ ਜੋ ਸਾਧਾਰਣ ਹਾਥ ਮੇਂ ਹੋਤੇ ਹੈਂ ਰਖ ਦੀਏ, ਨਿਹੰਗ ਸਿੰਘ ਤੋ ਅਠ ਦਸਕ ਹੀ ਸਨ ਇਨਕਾ ਜੱਥਾ ਬਹੁਤ ਥਾ, ਇਕ ਇਕ ਸਿੰਘ ਨੂੰ ਦਸ ਦਸ

Sri Satguru Jagjit Singh Ji Elibrary NamdhariElibrary@gmail.com

ਲਿਪਟ ਗਏ ਮਾਰੇ, ਕੂਟੇ, ਫੱਟੜ ਕਰੇ ਦਮਾਲਿਆਂ ਦੀ ਬੇਅਦੰਵੀ ਕਰੀ ਅਤੇ ਵੁੱਢਾ ਦਲ ਬਹੀਰ ਨਿਹੰਗ ਸਿੰਘਾਂ ਕਾ ਤਿਨ ਕਾ ਜਥੇਦਾਰ ਭਾਈ ਸਾਹਿਬ ਸਿੰਘ ਜੋਂ ਜੋ ਦੇਵਤਾ ਸੁਭਾਵ. ਤਿਸ ਕੇ ਏਕ ਹਾਥ ਪਰ ਸਖਤ ਚੰਡ ਲਗਾਯਾ ਯਾਂਤੇ ਸੌਂਹ ਖਾਇਕਰ ਦਗਾ ਕੀਆ। ਦੋ:—

ਚਰਨ ਕਮਲ ਗੁਰਦੇਵ ਕੇ, ਤਾਹੀ ਕੋ ਉਰਠਾਨ। ਨਹ ਉਪਮਾ ਕਛੁ ਕਹ ਸਕੂੰ, ਸਾਹਿਬ ਸਿੰਘ ਤਿਹ ਨਾਮ॥ ਕਿਧੋ ਉਨ ਹੀ ਕਾ ਸ੍ਰਾਪ ਨਨਕਾਣਾ ਸਾਹਬ ਮੇਂ ਪਹੁੰਚਾ, ਵਾ ਸ਼੍ਰੀ ਰਾਮ, ਕ੍ਰਿਸ਼ਨ ਭਗਵਾਨ, ਵੇਦ ਭਗਵਾਨ ਕੀ ਨਿੰਦਾ ਵਾ ਸ੍ਰੀ ਮਾਤਾ ਦੇਵੀ ਕੀ ਨਿੰਦਾ ਕਾ ਹੀ ਤੁਛ ਫਲ ਮਿਲਾ, ਵਾ ਦਸਮ ਦਰਬਾਰ ਕੋ ਅਨਜ ਕਵੀਓਂ ਕੀ ਬਾਣੀ ਕਹਣਾ। ਤਿਸ ਕਾ ਫਲ ਵਾ ਸਾਖਜਾਤ ਬਾਬਾ ਸ੍ਰੀਚੰਦ੍ਰ ਬਾਲ ਜਤੀ ਮਹਾਰਾਜ ਕੀ ਨਿੰਦਾ ਕਾ ਫਲ ਹੀ ਨਨਕਾਣਾ ਸਾਹਿਬ ਮੇਂ ਪਹੁੰਚਾ ਵਾ ਆਸਾ ਮਃ ੧—ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥ ਸ਼ਬਦ ੩੯॥ ਭਾਵ. ਸ੍ਰੀ ਗੁਰੂ ਨਾਨਕ ਦੇਵ ਹੀ ਲੀਲਾ ਕਰਨੇ ਵਾਲੇ ਹੋਤੇ ਭਯੇ।

ਮਹੰਤ ਯਾ ਕਿਸੀ ਔਰ ਕਾ ਕੋਈ ਦੋਸ਼ ਨਹੀਂ

ਭਾਣਾ। ਯਥਾ ਮਾਝ ਦੀ ਵਾਰ ਵਿਚੋ ਮਃ ੨ । ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ, ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ॥ ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ, ਗੁਰਮੁਖ ਸਿਉ ਮਨ ਮੁਖੁ ਅੜੈ ਡੁਬੈ ਹਕਿ ਨਿਆਇ, ਦੁਹਾ ਸਿਰਿਆ ਆਪੇ ਖਸਮੁ ਹੈ ਵੇਖੈ ਕਰਿ ਵਿਉਪਾਇ, ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ ॥ ਪੌਃ ੨੨ ॥

ਤਥਾ ਸ੍ਰੀ ਮੁਖ ਸੋਲਹੇ ਮਃ ੧ । ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ । ਸਬਦ । ੧੦ । ਤਥਾ ਬਿਲਾਵਲੁ ਮਃ ੫ । ਸੁਣਿ ਸੁਣਿ ਜੀਵੈ ਦਾਸੁ ਤੁਮ ਬਾਣੀ ਜਨ ਆਖੀ । ਪ੍ਰਗਟ ਭਈ ਸਭ ਲੋਅ ਮਹਿ ਸੇਵਕ ਕੀ ਰਾਖੀ । ਸਬਦ । ੫੨ । ਤਥਾ ਬਿਲਾਵਲ ਮਃ ੫ । ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ । ਸਗਲ ਦੁਸਟ ਖੰਡ ਖੰਡ ਕੀਏ ਜਨ ਲੀਏ ਮਾਨੀ । ਸਤਿ ਬਚਨ ਨਾਨਕੁ ਕਹੈ ਪਰਗਟ ਸਭ ਮਾਹਿ । ਪ੍ਰਭ ਕੇ ਸੇਵਕ ਸਰਣਿ ਪ੍ਰਭ ਤਿਨ ਕਉ ਭਉ ਨਾਹਿ । ਸਬਦ । ੫੬ । ਤਥਾ ਬਿਲਾਵਲੁ ਮਃ ੫ । ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ । ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ । ਸਬਦ । ੬੬ । ਤਥਾ ਸਾਰਿੰਗ ਮਃ ੫ । ਹਰਿ ਭਗਤਾ

Sri Satguru Jagjit Singh Ji Elibrary NamdhariElibrary@gmail.com

ਕਰਿ ਰਾਖੇ ਅਪਨੇ ਦੀਨੀ ਨਾਮੁ ਵਡਾਈ। ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜਾਈ। ਅਸਟਪਦੀ ੧ ॥

ਤਥਾ ਦਸਮ ਦਰਬਾਰ ਵਿਚੋਂ ਚੌਃ—

ਜੋ ਕੋਊ ਧਾਮ ਕਿਸੀ ਕੇ ਜਾਵੈ।
ਕਿਯੋ ਨਹਿ ਐਸ ਤੁਰਤ ਫਲ ਪਾਵੈ।
[ਚਰਿਤ੍ਰ ੧੯੫]

ਚੌਃ-ਬੁਰੀ ਬਾਤ ਜੋ ਕੋਊ ਬਨਾਵੈ।
ਉਲਟ ਕਾਮ ਤਾਹੂੰ ਕੇ ਆਵੈ।
ਜੈਸਾ ਕਿਓ ਤੈਸਾ ਫਲ ਪਾਯੋ।
ਤਾਂਹਿ ਹਨਤ ਥੀ ਆਪ ਹਨਾਯੋ।
[ਚਰਿਤ੍ਰ ੩੨੭]

ਤਥਾ ਸੂਰਜ ਪ੍ਰਕਾਸ਼ੋਕ੍ਤ ਦੋਃ—

ਬੁਰਾ ਚਿਤਵ ਕਰ ਅਪਰ ਕੋ, ਆਪਨ ਆਨੰਦ ਠਾਨ। ਪ੍ਰਭੁ ਬਿਪ੍ਰਯੋ ਕਰਤ ਤਿਸ ਇਹ ਤੋ ਵਿਦਤ ਜਹਾਨ॥ ਰਾਸ ੩ ਅੰਸੂ ੧॥

ਚੌਃ-ਮਹਾ ਪੁਰਖ ਸੋਂ ਜੋ ਛਲ ਠਾਨੈ।
ਛਲਿਯੋ ਜਾਇ ਤ੍ਰੈਲੋਕ ਸੁ ਹਾਨੈ।
[ ਰੁਤ ੬। ਅੰਸੂ ੨੬। ]

ਚੌਃ-ਦਗਾ ਬੁਰਾ ਸਿੰਘੋ ਨਾ ਕਰੀਏ।

Sri Satguru Jagjit Singh Ji Elibrary NamdhariElibrary@gmail.com

ਰਣ ਮਹਿ ਲਰਤੇ ਸਤ੍ਰੂ ਸੰਘਰੀਏ।

[ਰੁਤ ੬। ਅੰਸੂ ੨੧। ਸੂਰਜ ਪ੍ਰਕਾਸ਼ ਇਤਿ]

ਤਥਾ ਭਾਣਾ ਹੀ ਮੰਨੋ ਤਿਲੰਗ ਮਃ ੪॥ ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ। ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥ ਸ਼ਬਦ ੨੨॥੨॥ ਯਾਂਤੇ ਅਬ ਮਹਾਤਮਾ ਕੀ ਸੇਵਾ ਹੀ ਭਲੀ ਹੈ ਜੈਸੇ ਬਿਲ੍ਹਾਵਲੁ ਮਹਲਾ ੫॥ ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ। ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥੧॥ ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ। ਮਾਇਆਧਾਰੀ ਛਤ੍ਰਪਤਿ ਤਿਨ ਛੋਡਉ ਤਿਆਗਿ॥ ੧॥ ਰਹਾਉ॥ ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ। ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥੨॥ ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ। ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ॥੩॥ ਸਾਕਤ ਸਿਉ ਮੁਖ ਜੋਰਿਐ ਅਧ ਵੀਚਹੁ ਟੂਟੈ। ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ॥੪॥ ਸਭ ਕਿਛੁ ਤੁਮਹੀ ਤੇ ਹੋਆ ਆਪਿ ਬਣਤ ਬਣਾਈ। ਦਰਸਨੁ ਭੇਟਤ ਸਾਧਕਾ ਨਾਨਕ ਗੁਣ ਗਾਈ॥੫॥ ਸਬਦ ੪੪॥

ਤਥਾ ਬਿਲਾਵਲੁ ਮਃ ੫॥ ਜਲੁ ਢੋਵਉ ਇਹ

ਸੀਸ ਕਰਿ ਕਰ ਪਗ ਪਖਲਾਵਉ। ਬਾਰਿ ਜਾਉ ਲਖ ਵੇਰੀਆ ਦਰਸੁ ਪੇਖਿ ਜੀਵਾਵਉ ॥ ੧ ॥ ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ। ਦੇਉ ਸੂਹਨੀ ਸਾਧਕੈ ਬੀਜਨੁ ਢੋਲਾਵਉ ॥ ੧ ॥ ਰਹਾਉ ॥ ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ। ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥ ੨ ॥ ਜਬ ਭਗਤਿ ਕਰੇ ਸੰਤ ਮੰਡਲੀ ਤਿਨ ਮਿਲ ਹਰਿ ਗਾਵਉ । ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥ ੩ ॥ ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ। ਸ਼ਬਦ ੫੧ ॥ ਪਰੰਤੂ ॥ ਕਲਿਆਨ ਮਹਲਾ ੪ ॥ ਮਹਾ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ। ਤਿਨ੍ਹਾ ਤ੍ਰਿਸਨਾ ਜਲਤ ਜਲਤ ਨਹੀ ਬੂਝਹਿ ਡੰਡੁ ਧਰਮ ਰਾਇ ਕਾ ਦੀਜੈ ॥ ਅਸਟਪਦੀ ੩ ॥

ਤਥਾ ਸ੍ਰੀਮੁਖ ਵਾਕ ਪਾਤਸ਼ਾਹੀ ੧੦ ਚੌਂ:—

ਦੂਖ ਭੂਖ ਤਿਨ ਕੋ ਰਹੇ ਲਾਗੀ।
ਸੰਤ ਸੇਵ ਤੇ ਜੋ ਹੈ ਤਿਆਗੀ।
ਜਗਤ ਬਿਖੈ ਕੋਊ ਕਾਮ ਨ ਸਰਹੀ।

ਅੰਤਹ ਕੁੰਡ ਨਰਕ ਕੀ ਪਰਹੀ।

ਬਿਚਿਤ੍ਰ ਨਾਟਕ ਧਿਃ ੧੩ ਛੰਃ ੬]

ਤਥਾ ਗੁਰਬਿਲਾਸ ਮੇਂ ਚੌਃ—

ਕਿਸੀ ਸੰਤ ਪਰ ਕੋਪ ਨ ਕਰੋ।
ਸਾਧ ਅਵੱਗਯਾ ਤੇ ਸਦ ਟਰੋ।
ਸੰਤ ਸਾਧ ਕੀ ਸੇਵਾ ਕਰੀਓ।
ਸਦ ਗੁਰ ਓਟ ਸਦਾ ਚਿਤ ਧਰੀਓ।

[ਧਿਃ ੧੩। ਪੰਃ ੩੨੨ ]

ਚੌਃ-ਜੋ ਸੰਤਨ ਕੋ ਖੇਦ ਧਰਾਵੈ।
ਸਕਰ ਰਾਜ ਹ੍ਵੈ ਛਾਰ ਮਿਲਾਵੈ।
ਹੋਇ ਰੰਕ ਸੰਤਨ ਕਰ ਸੇਵਾ।
ਭੋਗ ਰਾਜ ਸੁਖ ਧਾਰ ਅਭੇਵਾ।

[ਧਿਃ ੧੮। ਪੰਃ ੪੧੭ ਗੁਰ ਬਿਲਾਸ ਇਤਿ]

ਤਥਾ ਦੋਃ—ਤਲਾ ਮੂਲ ਤੇ ਤੇ ਗਏ, ਜਿਨੈ ਦੁਖਾਏ ਸੰਤ। ਤੀਨੋ ਤਾਲਾ ਦੇਗਏ, ਰਾਵਣ ਕੈਰੋਂ ਕੰਸ॥

ਤਥਾ ਭਾਈ ਗੁਰਦਾਸ ਜੀ ਪੌਃ-ਨਿੰਦਾ ਕਰ ਹਰਨਾ ਖਸੈ ਵੇਖਹੁ ਫਲ ਬੱਟੈ । ਲੰਕ ਲੁਟਾਈ ਰਾਵਣੈ ਮਸਤਕ ਦਸ ਕੱਟੈ। ਕੰਸ ਗਇਆ ਸਣ ਲਸ਼ਕਰੈ ਸਭ ਦੈਂਤ ਸੁਘੱਟੈ। ਵੰਸ ਗਵਾਇਆ ਕੈਰਵਾਂ ਖੂਹਨ ਲਖ ਫੱਟੈ। ਦੰਤ ਬਕਤ੍ਰ ਸ਼ਸਪਾਲ ਦੇ ਦੰਦ ਹੋਇ ਖੱਟੈ।

ਨਿੰਦਿਆ ਕੋਇ ਨ ਸਿਝਿਉ ਇਉ ਵੇਦ ਉਘੱਟੈ।
ਦੁਰਬਾਸੇ ਨੇ ਸਰਾਪ ਦੇ ਜਾਦਵ ਸਭ ਤੱਟੈ॥ ਵਾਰ
੩੫॥ ਪੌ: ੫॥ ਯਾਂਤੇ ਸ੍ਰੀਮੁਖ ਵਾਕ ਪਾਤਸ਼ਾਹੀ ੧੦
ਦੋ:-ਜੇ ਸਾਧੂ ਸਰਨੀ ਪਰੇ ਤਿਨਕੇ ਕਵਣ ਵਿਚਾਰ।
ਦੰਤ ਜੀਭ ਜਿਮ ਰਾਖ ਹੈਂ ਦੁਸ਼ਟ ਅਰਿਸ਼ਟ ਸੰਘਾਰ॥
ਵਿਚਿਤ੍ਰ ਨਾਟਕ ਧਿ: ੧੩॥

ਤਥਾ—ਜੋ ਆਪਨੇ ਕਹਾ ਹਮਾਰੇ ਭਾਈ ਮਾਰੇ ਗਏ ਹਮ ਪੂਛਤੇ ਹੈਂ ਵਹ ਕਿਸਕੀ ਰਾਇ ਸੇ ਗਏ ਔਰ ਕੌਨ ਸੇ ਧਰਮ ਕੇ ਵਾਸਤੇ ਮਿਰਤੂ ਹੂਏ। ਕਿਆ ਨਿਹੰਗ ਸਿੰਘ ਨਾਮਧਾਰੀ ਨਿਰਮਲੇ ਉਦਾਸੀ ਆਦਿਕ ਗੁਰੂ ਜੀ ਕੇ ਸਿਖ ਨਹੀਂ ਥੇ, ਸੋ ਇਨ ਮੇ ਸੇ ਤੋ ਕਿਸੀ ਕੀ ਰਾਇ ਨਹੀਂ ਥੀ ਕਿ ਕਿਸੀ ਪਰ ਆਕ੍ਰਮਣ ਕਰੋ! ਪਰੰਤੂ ਇਨ ਨਵੀਨ ਸਿਖੋਂ ਨੇ ਸੁਧਾਰ ਦੀ ਆੜ ਵਿਚ ਕਿਤਨੇ ਹੀ ਸਾਧੂ ਉਦਾਸੀਨ ਤਥਾ ਨਿਹੰਗ ਸਿੰਘਾਂ ਦੇ ਅਕਾਲ ਤਖਤ ਸ੍ਰੀ ਬਾਬੇ ਦੀ ਬੇਰਾਦਿਕ ਗੁਰਦੁਆਰੇ ਡੇਰੇ ਜਬਰਦਸਤੀ ਸੇ ਖੋਹੇ ਖਿੰਜੇ। ਪ੍ਰੰਤੂ ਸਨਾਤਨੀ ਸਿਖ ਤਥਾ ਸਾਧੂ ਜਨ ਤੋ ਐਸਾ ਭਰੋਸਾ ਰਖਦੇ ਸਨ, ਜੈਸੇ ਸੂਰਜ ਪ੍ਰਕਾਸ਼ ਚੌ:—

ਜੋ ਗੁਰਪੁਰ ਕੋ ਵਿਘਨ ਉਠੈ ਹੈਂ।
ਬਿਨ ਮਾਰੇ ਆਪੇ ਮਰਜੈ ਹੈਂ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਦਰਵਾਰ ਬਾਹੁ ਪਕਰਾਈ।
ਅਬਚਲ ਜਿਸ ਕੀ ਨੀਵ ਰਖਾਈ।
ਸ੍ਰੀ ਹਰਿਮੰਦਰ ਮਹਾ ਪਰਤਾਪੂ।
ਬੰਦਹੁ ਨਿਤ ਰੱਛਕ ਹੈ ਆਪੂ।

[ਰਾਸ ੭ ॥ ਅੰਸੂ ੧੭]

ਤਥਾ ਬਿਲਾਵਲ ਮਃ ੫ ॥ ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ ॥ ਸ਼ਬਦ ੨੭ ॥ ਤਥਾ ਬਿਲਾਵਲ ਮਃ ੫ ॥ ਬਿਨ ਹਰਿ ਕਾਮਿ ਨ ਆਵਤ ਹੇ। ਜਾ ਸਿਉ ਰਾਚਿ ਮਾਚਿ ਤੁਮ ਲਾਗੇ ਓਹ ਮੋਹਨੀ ਮੋਹਾਵਤ ਹੇ ॥ ੧ ॥ ਰਹਾਉ ॥ ਕਨਿਕ ਕਾਮਿਨੀ ਸੇਜ ਸੋਹਨੀ ਛੋਡਿ ਖਿਨੈ ਮਹਿ ਜਾਵਤ ਹੇ। ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ ॥ ੧ ॥ ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ। ਐਸੇ ਗੜ੍ਹ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ ॥ ੨ ॥ ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ। ਦ੍ਰਿਸ਼ਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦਮਾਵਤ ਹੇ ॥ ੩ ॥ ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ। ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿ ਗੁਰੁ ਪੁਰਖੁ ਧਿਆਵਤ ਹੇ ॥ ਸ਼ਬਦ ੮੮ ॥

Sri Satguru Jagjit Singh Ji Elibrary NamdhariElibrary@gmail.com

ਤਥਾ ਬਿਲਾਵਲੁ ਦੀ ਵਾਰ ਵਿਚੋਂ ਮਃ ੩ ॥ ਦੁਸਟਾ ਸੇਤੀ ਪਿਰਹੜੀ ਜਨਸਿਉ ਵਾਦੁ ਕਰੰਨਿ । ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨਿ॥ ਪੌਃ੧੨ ॥

ਤਥਾ ਮਾਰੂ ਰਾਗ ਦੀ ਵਾਰ ਮਹਲੇ ਤੀਜੇ ਦੀ ਪਉੜੀ ਹਰਿ ਜੀਉ ਅਹੰਕਾਰੁ ਨ ਭਾਵਈ, ਵੇਦ ਕੂਕਿ ਸੁਣਾਵਹਿ । ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥ ਪੌਃ ੯ ॥

ਤਥਾ—ਆਪਕੀ ਗੁਰੂ ਗ੍ਰੰਥ ਸਾਹਿਬ ਜੀ ਸੇ ਕਿਆ ਮਿਤਰਤਾਈ ਹੈ, ਕੈਸੇ ਗੁਰੂ ਹੈਂ ?

ਮਾਰੂ ਮਃ ੫ ॥ ਸਾਧ ਰੂਪ ਅਪਨਾ ਤਨੁ ਧਾਰਿਆ। ਮਹਾ ਅਗਨਿ ਤੇ ਆਪਿ ਉਬਾਰਿਆ ॥ ਸ਼ਬਦ ੧੯ ॥

ਸੋ ਆਪਨੇ ਤਿਨਕੇ ਸਾਥ ਐਸਾ ਸਲੂਕ ਕੀਤਾ ਕਿ ਆਰਤੀ ਧੂਪਾਦਕ ਸਭ ਬੰਦ ਕਰ ਦਿਤੇ ਮਿਟੀ ਦਾ ਤੇਲ ਜਿਸ ਕੋਲੋਂ ਦੁਰਗੰਧੀ ਆਵੈ ਸੋ ਗੁਰੂ ਗ੍ਰੰਥ ਜੀ ਦੇ ਆਗੇ ਹਾਜਰ ਕੀਤਾ ॥

## ਧੂਪ ਦੀਪ ਆਰਤੀ ਆਦਿਕ ਕਰੋ !

ਸ਼ੰਕਾ—ਆਰਤੀ ਧੂਪਾਦਿਕ ਸਾਮਗ੍ਰੀ ਕਹਾਂ ਲਿਖੀ ਹੈ।

ਉਤਰ—ਹੋਸ਼ ਕਰ ! ਅਤੇ ਸੁਣ !! ਪ੍ਰਿਥਮ ਤੋ

ਗੁਰੂ ਅਰਜਨ ਦੇਵ ਜੀ ਗੁਰ ਬਿਲਾਸੋਕਤ ॥

ਦੋਹ:—ਨਿਕਸ ਦਰਵਾਰ ਸਮੁਖ ਖਰੇ ਉਸਤਤਿ ਕੀਨ ਉਚਾਰ। ਖੀਰ ਸਿੰਧ ਕੋ ਤਿਆਗ ਕੇ ਇਹਠਾ ਆਇ ਮੁਰਾਰ ॥

ਸਵੈਯਾ—ਜਿਹ ਨਾਮ ਲੀਏ ਅਘ ਬ੍ਰਿੰਦ ਟਰੈਂ ਭਵ ਸਾਗਰ ਤੇ ਨਰ ਪਾਰ ਉਤਾਰੇ। ਜਿਹ ਨਾਮ ਲੀਏ ਜਲੁ ਸੈਲ ਤਰੈ ਭਵ ਫੰਧ ਮਿਟੈ ਨਹ ਰੰਚਕ ਵਾਰੇ। ਸੋਈ ਮੁਰਾਰ ਬਨਿਓ ਨਿਰਧਾਰ ਸ੍ਰੀ ਰਾਮਦਾਸ ਗੁਰੂ ਦਰਵਾਰੇ। ਤਾਹਿ ਸਰੂਪ ਗ੍ਰੰਥ ਬਿਰਾਜ ਗੁਰੂ ਕਲ ਮੈ ਜਗ ਕੋ ਨਿਸਤਾਰੇ ॥

ਤਥਾ ਚੌਂ:-ਸਦਾ ਘ੍ਰਿਤ ਕੋ ਜੋਤ ਜਗਾਵੇ।
ਇਹ ਬਿਧਿ ਕਰ ਸੇਵਾ ਫਲ ਪਾਵੇ।
ਭੂਮਿ ਸੈਨ ਸਭ ਤਹਾਂ ਬਿਰਾਜੇ।
ਗੁਰੂ ਗ੍ਰੰਥ ਮੰਜੀ ਪਰ ਰਾਜੇ।
ਭੂਮਾਸਨ ਸਤਿਗੁਰ ਜੀ ਕੀਨੋ।
ਗੁਰੂ ਗ੍ਰੰਥ ਅਦਬ ਚਿਤ ਲੀਨੋ।
ਸ੍ਰੀ ਗੁਰੂ ਚੌਰ ਆਪ ਕਰ ਧਾਰਿਓ।
ਬਜੇ ਸੰਖ ਧੁਨ ਅੰਤ ਨ ਪਾਰਿਓ।
[ ਪੰ: ੭੯ ]

ਤਥਾ ਦੋਂ:—ਭੂਮਿ ਸੈਨ ਨਿਤ ਪ੍ਰੀਤਿ ਕਰੈ, ਗੁਰੂ

ਗ੍ਰੰਥ ਕੇ ਪਾਸ ॥ ਗੁਰੂ ਗ੍ਰੰਥ ਭਗਵੰਤ ਸਮ, ਜਾਨ ਕਰੈ ਅਰਦਾਸ ॥ ਵਿਸਤਾਰ ਦੇਖੋ ਧਿ:੫ । ਪੰ: ੯੧ਸੇ ੯੩।

ਤਥਾ ਗੁਰੂ ਹਰਿ ਗੋਬਿੰਦ ਜੀ ਨੇ ਹੁਕਮ ਦੇਣਾ ਜਬ ਕਰਤਾਰ ਪੁਰ ਕੋ ਗੁਰੂ ਗ੍ਰੰਥ ਸਾਹਿਬ ਭੇਜਾ ਹੈ

ਚੌ:-ਸ੍ਰੀ ਗੁਰੂ ਗ੍ਰੰਥ ਧਾਰ ਅਤਿ ਖਾਸੇ ।
ਬਾਬੇ ਕੋ ਅਸ ਬੈਨ ਪ੍ਰਕਾਸੇ ।
ਧੂਪ ਦੀਪ ਸੇਵਾ ਤੁਮ ਧਰੀਓ ।
ਗੁਰੂ ਨਾਨਕ ਸਮ ਸੇਵਾ ਕਰੀਓ ।
[ਦੇਖੋ ਧਿ: ੧੯ । ਪੰ: ੪੩੫]

ਦੋ:—ਗੁਰੂ ਗ੍ਰੰਥ ਕਲ ਜੁਗ ਭਯੋ ਸ੍ਰੀ ਗੁਰੂ ਰੂਪ ਮਹਾਨ । ਦਸ ਪਾਤਸਾਹੀਆਂ ਰੂਪ ਇਹੁ ਗੁਰੂ ਗ੍ਰੰਥ ਜੀ ਜਾਨ ॥ ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ । ਬਾਤ ਕਰਨ ਗੁਰ ਸੋਂ ਚਹੈ ਪੜੈ ਗ੍ਰੰਥ ਮਨ ਲਾਇ ॥ ਧਿ: ੪ ਪੰ: ੭੭ ॥ ਗੁਰਬਿਲਾਸ ਇਤਿ ॥

ਤਥਾ ਸੌ ਸਾਖੀ—ਸ੍ਰੀ ਮੁਖ ਵਾਕ ਪਾਤਸ਼ਾਹੀ ੧੦- ਦਸ ਅਵਤਾਰ ਗੁਰੂ ਏਕ ਸਮ ਜਿਉ ਜਾਨੇ ਜੋ ਮੇਰ । ਏਕ ਦਸਾ ਗੁਰੂ ਗ੍ਰੰਥ ਜੀ ਬਾਣੀ ਸਤ ਭਾਰ ਹੋਰ ॥ ਸਾਖੀ ੭੮ । ਤਥਾ ਇਹ ਅਨੱਤ੍ਰ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੫ ਅੰਸੂ ੧੫ ਮੇਂ ਭੀ ਸਪਸ਼ਟ ਹੈ

Sri Satguru Jagjit Singh Ji Elibrary NamdhariElibrary@gmail.com

ਤਥਾ ਗੁਰੂ ਸਾਹਬ ਗੁਰ ਬਾਣੀ ਕਾ ਆਪ ਭੀ ਐਸਾ ਅਦਬ ਰਖਦੇ ਸਨ, ਏਕ ਸਮੇਂ ਸਿਖੋਂ ਸੇ ਸ਼ਬਦ ਪੜ੍ਹਦੇ ਸੁਨ ਕਰ ਸਾਤਵੇਂ ਪਾਤਸਾਹਿਬ ਚੌਂ:—

ਹਰਬਰਾਇ ਜਬ ਨਿੰਦਰਾ ਤਿਆਗੀ ॥ ਧਾਟੀ ਚੋਟ ਗੋਡ ਪਰ ਲਾਗੀ। ਤਜ ਪ੍ਰਯੰਕ ਉਠੇ ਕ੍ਰਿਪਾਲਾ। ਜਾਨੁ ਲਗਯੋ ਉਤਰਵੇ ਕਾਲਾ ॥

ਪੁਨਾ ਸਿਖਾਂ ਨੇ ਵੇਨਤੀ ਕਰਨੀ ਚੌਂ:—

ਸੰਕ ਨ ਕਿਸ ਕੀ ਰਾਵਰ ਧਰੀ।
ਕਾਰਨ ਕਵਨ ਸੀਘ੍ਰਤਾ ਕਰੀ।
ਸੁਨ ਕਰ ਸ੍ਰੀ ਹਰਿ ਰਾਏ ਉਚਾਰੇ।
ਸੁਨਹੁ ਸਿਖ ਤੁਮ ਹੋ ਮਮ ਪਿਆਰੇ।

ਵਚਨ ॥ ਚੌਂ:—

ਜੋ ਸਿਖ ਗੁਰਬਾਨੀ ਭੈ ਕਰ ਹੈ।
ਬਿਨ ਪ੍ਰਯਾਸ ਭਵ ਸਾਗਰ ਤਰਹੈ।
ਜਿਨ ਭੈ ਅਦਬ ਨਾ ਬਾਨੀ ਧਾਰਾ।
ਜਾਨੋ ਸੋ ਸ਼ਿਖ ਨਹੀਂ ਹਮਾਰਾ।
ਇਮ ਸਤਿਗੁਰ ਤੇ ਸੁਨ ਉਪਦੇਸ਼।
ਲਖਿਓ ਮਹਾਤਮ ਸ਼ਬਦ ਵਿਸ਼ੇਸ।

[ਰਾਸ ੧੦ ਅੰਸੂ ੨੧]

ਤਥਾ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵਾਚਨਃ—

ਚੌਪਈ-ਗੁਰੂ ਗ੍ਰੰਥ ਸਾਹਿਬ ਸਭ ਕੇਰਾ।
ਜੋ ਹਮਰੋ ਚਹ ਦਰਸਨ ਹੇਰਾ।
ਹਮ ਸੋਂ ਬਾਤ ਕਰਨ ਜੋ ਚਹ ਹੈ।
ਪਠੈ ਸੁਣੈ ਗੁਰੂ ਗ੍ਰੰਥ ਉਮਹ ਹੈ।
ਹੋਇ ਕਾਮਨਾ ਸਿਖ ਕੈ ਕੋਈ।
ਵਿਘਨ ਪਰੈ ਕੈ ਸੰਕਟ ਕੋਈ।
ਸਰਨਿ ਗ੍ਰੰਥ ਸਾਹਿਬ ਕੀ ਜਾਇ।
ਤਿਤ ਦਿਨ ਸਤਿਗੁਰ ਬਨੈ ਸਹਾਇ।
ਨਿਤ ਦਰਸਨ ਕਰ ਮਸਤਕ ਟੇਕੋ।
ਹਨੋ ਬਿਕਾਰਨ ਪਾਇ ਬਿਬੇਕੋ।

[ਰਾਸ ੧੦। ਅੰਸੂ ੫੧। ਸੂਰਜ ਪ੍ਰਕਾਸ਼ ਇਤਿ]

ਤਥਾ ਸ੍ਰੀਮੁਖ ਵਾਕ ਪਾਤਸਾਹੀ ੧੦॥ ਸਤਿਗੁਰੂ ਅਪਨੇ ਪੋ ਖਾਲਸੇ ਦੀਨਾ ਦੁਤੀਆ ਰੂਪ ਸਤਿਗੁਰੂ ਗ੍ਰੰਥਾ। ਬੋਲਨ ਸਤਿਗੁਰ ਸਬਦ ਸੰਭਾਖਨ ਨਾਮ ਗੋਬਿੰਦ ਕੀਰਤਨ ਸੰਥਾ। ਗੁਨਾਨੁਬਾਦ ਪੁਨ ਸਿਫਤ ਸਲਾਹਨ ਊਠਤ ਬੈਠਤ ਸੈਨ ਕਰੰਥਾ॥ ਸਰਬ ਲੋਹ ਧਿਃ ੫॥ ਪੰਃ ੩੭੭॥

ਤਥਾ ਸਵੀਏ ਮਹਲੇ ਚੌਥੇ ਕੇ—ਇਕ ਪੜਹਿ ਸੁਣਹਿ ਗਾਵਹ ਪਰਭਾਤਿਹਿ ਕਰਹਿ ਇਸ੍ਨਾਨੁ।

ਇਸ੍ਨਾਨੁ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥ ਇਤਜ੍ਯਾਦਿਕ ਔਰ ਭੀ ਵਚਨ ਹੈਂ

ਤਥਾ ਭਾਈ ਗੁਰਦਾਸ ਜੀ—ਕਰ ਆਰਤੀ ਪ੍ਰਸਾਦ ਵਡੰਦੇ, ਪੂਰਬ ਦ੍ਵਿਤੀਯਾਧਜਾਯ ਮੇਂ ਕਹ ਆਏ ਹਾਂ।

ਤਥਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਦੋਹ—

ਲੋਪ ਚੰਡਕਾ ਹੋਇ ਗਈ ਸੁਰ ਪਤਿ ਕੌ ਦੇ ਰਾਜ। ਦਾਨਵ ਮਾਰਿ ਅਭੇਖ ਕਰਿ ਕੀਨੇ ਸੰਤਨ ਕਾਜ।੫੩।

ਸਵੈਯਾ—ਯਾਤੇ ਪ੍ਰਸੰਨਿ ਭਏ ਹੈਂ ਮਹਾਂ ਮੁਨਿ ਦੇਵਨ ਕੇ ਤਪ ਮੈ ਸੁਖ ਪਾਵੈਂ। ਜੱਗਜ ਕਰੈ ਇਕ ਬੇਦ ਰਰੈ ਭਵ ਤਾਪ ਹਰੈ ਮਿਲ ਧਿਆਨਹਿ ਲਾਵੈਂ। ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰਸਾਜ ਮਿਲਾਵੈਂ। ਕਿੰਨਰ ਗੰਧ੍ਰਪ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥ ੫੪ ॥

ਸੰਖਨ ਕੀ ਧੁਨ ਘੰਟਨਿ ਕੀ ਕਰ ਫੂਲਨ ਕੀ ਬਰਖਾ ਬਰਖਾਵੈਂ। ਆਰਤੀ ਕੋਟ ਕਰੈ ਸੁਰ ਸੁੰਦਰ ਪੇਖ ਪੁਰੰਦਰ ਕੇ ਬਲਿ ਜਾਵੈਂ। ਦਾਨਤ ਦੱਛਨ ਦੈਕੇ ਪ੍ਰਦੱਛਨ ਭਾਲ ਮੈਂ ਕੁੰਕੁਮ ਅੱਛਤ ਲਾਵੈਂ। ਹੋਤ ਕੁਲਾਹਲ ਦੇਵ ਪੁਰੀ ਮਿਲਿ ਦੇਵਨ ਕੇ ਕੁਲ ਮੰਗਲ ਗਾਵੈਂ।

ਦੋਹ—ਐਸੇ ਚੰਡ ਪ੍ਰਤਾਪ ਤੇ, ਦੇਵਨ ਬਢਿਓ

ਪ੍ਰਤਾਪ। ਤੀਨ ਲੋਕ ਜੈ ਜੈ ਕਰੈ, ਰਰੈ ਨਾਮ ਸਤਿ ਜਾਪ॥ ਸ੍ਰੀ ਚੰਡੀ ਚਰਿਤ੍ਰ ਉਕਤ ਬਿਲਾਸ ਕੇ ਤ੍ਰਿਤੀਯ ਅਧਯਾਯ ਮੇਂ ਸਪਸ਼੍ਟ ਹੈਂ।

ਤਥਾ ਸਰਬਲੋਹ ਵਿਚੋਂ—ਧੂਪ ਦੀਪ ਤਿਲਕਾਦ ਸੁਗੰਧਾ ਪੁਹਪ ਲਲਤ ਕਰਲੀਏ। ਨਿਰਮਲ ਅੰਬ ਕਲਸ ਕੰਚਨ ਭਰ ਪਾਕ ਸੁਬਿਧ ਬਿਧ ਕੀਏ। ਜਬ ਸ੍ਰੀਚੰਡੀ ਜੀ ਕੀ ਆਰਤੀ ਕਰੀ ਹੈ ਦੇਵਤਾਓਂ ਨੇ ਧਿঃ ੧ ਛੰঃ ੩੩੯॥

ਤਥਾ ਵਿਸ਼ਨੂ ਭਗਵਾਨ ਜੀ ਦੀ ਆਰਤੀ—

ਧੂਪ ਦੀਪ ਸਵਾਰ ਆਰਤੀ ਕਰਤ ਪੂਜਾ ਚਾਰੁ ਸੁਰ। ਘਸਤ ਕੁੰਕਮ ਅਗਰ ਚੰਦਨ ਪੁਸਪ ਗੰਧ ਸੁਗੰਧ ਚੁਰ। ਨਈਵੇਦ ਨਾਨਾ ਭਾਂਤਿ ਬਿੰਜਨ ਬਿਬਿਧ ਮੇਵੇ ਜਾਤ ਤਰ। ਅਨੇਕ ਕੁਸਮ ਸੁਗੰਧ ਨਾਨਾ ਭਾਂਤ ਪਰਮਲ ਪਰਸਪਰ। ਰੁਚਰ ਚਰਚਤ ਈਸ ਅਰਪਤ ਕਰਤ ਜੈ ਜੈਕਾਰ ਸੁਰ। ਬਜਤ ਤਾਲ ਮ੍ਰਿਦੰਗ ਮਹਾਵਰ ਨਚਤ ਅਪਸਰ ਗਨ ਚਤੁਰ॥ ਧਿঃ ੨ ਛੰঃ ੬੦੨॥

ਤਥਾ—ਦੈ ਦੈ ਅਸੀਸਾ ਦੇਵ ਮੁਨੀਸਾ ਪ੍ਰਦੱਛਨ ਸੁਰ ਸਕਲੇ ਕਰੇਂ॥ ਧਿঃ ੨॥ ਛੰঃ ੬੧੪॥

ਤਥਾ ਬਸੰਤ ਹਿੰਡੋਲ॥ ਧੁਖਤ ਸ੍ਰੀ ਖੰਡ ਧੂਪ ਬਾਸਵ ਮੁਸਟ ਪਰਗਟ ਗੰਧਨੀ। ਕਸਤੂਰੀ ਕੁੰਕਮ ਅਗਰ

Sri Satguru Jagjit Singh Ji Elibrary NamdhariElibrary@gmail.com

ਚੰਦਨ ਗੁਲਾਬ ਅਤਰ ਸੁਗੰਧਨੀ ॥ ਧਿ: ੪ ॥ ਛੰ: ੬੯ ॥

ਤਥਾ—ਮੰਗਲ ਆਰਤੀ ਜੋ ਕੋਈ ਗਾਵੈ ਪੁਨਰਪ ਗਰਭ ਨ ਲੇਟੇ। ਬਿਸ੍ਵ ਬਿਭੂਤ ਆਰਤੀ ਕਰਹੈ ਜਮ ਜਾਗਾਤਿ ਨ ਭੇਟੇ। ਕ੍ਰਿਤ ਅਘ ਦੋਖ ਬਿਲਾਤ ਚਿਰਨ ਕੇ ਅਪਦਾ ਕਾਲਖ ਮੇਟੇ। ਮੁਖ ਊਜਲ ਮਨ ਨਿਰਮਲ ਹੋਵੈ ਪੜਤ ਨ ਜਮ ਕੇ ਫੇਟੇ ॥ ਧਿ: ੫। ਛੰ: ੧੨੩।

ਤਥਾ—ਕੰਚਨ ਥਾਲਾਦਕ ਸੁਗੰਧੀਆਂ ਕਹ ਕਰ। ਬਹੁਰ ਅੰਜਲ ਪਦ ਬਿਨੈ ਕਰਤ ਸਭ ਨਾ ਜਾਨੋ ਪੂਜਾ ਤੋਰੀ। ਤੁਲਸੀ ਦਲ ਗੰਗੋਦਕ ਮਾਕੋ ਹੇਤ ਪ੍ਰਸੰਨ ਨਿਹੋਰੀ। ਦਾਸ ਗੋਬਿੰਦ ਫਤਹ ਸਤਿਗੁਰ ਕੋ ਸੁਰ ਪੂਜੇ ਕਰ ਜੋਰੀ। ਤਥਾ—ਛੀਰ ਨੀਰ ਖੀਰ ਪਾਇਸ ਘ੍ਰਿਤ ਦਧ ਮਧ ਮਿਸਟਨ ਅਰਪੇ। ਪੰਚਾਮ੍ਰਿਤ ਖੋੜਸ ਬਿਧ ਮਹਾ ਕਾਲ ਸਾਮਰਪੇ ॥ ਧਿ: ੫ ॥ ਪੰਨੇ ੪੨੫ ॥

ਤਥਾ—ਅਸਟ ਗੰਧ ਸੁਭ ਆਰਤੀ ਧਰੇ। ਸਕਲ ਸਾਮਗ੍ਰੀ ਰਾਜ ਤੁਲ ਕਰੇ ॥ ਧਿ: ੫ ॥ ਪੰਨੇ ੪੩੧ ॥

ਤਥਾ—ਅਬਕੇ ਪਾਪ ਪੂਰਬਲੇ ਪਾਪਾ।
ਮਿਟੇ ਸਕਲ ਜੀਵਨ ਸੰਤਾਪਾ।
ਪਰਬ ਪਰਬ ਉਤਸਵ ਬਿਧ ਕਰੈ।
ਆਰਤੀ ਸਮੈ ਪੂਜ ਅਨੁਸਰੈ।

Sri Satguru Jagjit Singh Ji Elibrary NamdhariElibrary@gmail.com

ਪੰਚ ਪਚਾਰ ਪੂਜੈ ਸੂਬ ਲੋਹੈ।
ਗ੍ਰੰਥ ਹਰੀ ਮੇ ਭੇਦ ਨ ਕੋਹੈ।
ਆਰਤੀ ਸਮੈ ਸਮੈ ਪਰ ਕਰੈ।
ਉਦਾਰ ਚਿਤ ਹ੍ਵੈ ਪੂਜ ਅਨੁਸਰੈ।
ਧ੍ਵਜਾ ਕੁੰਭ ਤੋਰਨ ਨਵ ਪਲੱਵ।
ਪੁਸਪ ਫਲਨ ਜੁਤ ਬਾਂਧੇ ਭੱਲਵ।
ਪੰਚ ਤੂਰ ਵਾਦਿੱਤ੍ਰ ਬਜਾਵੈ।
ਰਾਗ ਰਾਗਨੀ ਪਦ ਸਭ ਗਾਵੈ।
ਨਾਰਦੀ ਭਗਤਿ ਕਰੇ ਸੂਬ ਲੋਹੈ।
ਪ੍ਰੇਮ ਮਗਨ ਉਮਾਹ ਪਦ ਛੋਹੈ।
ਭੂਸਨ ਬਸਨ ਸੁਗੰਧ ਪਕਵਾਨਾ।
ਅਰਪੈ ਹਿਤ ਕਰ ਸ੍ਰੀ ਭਗਵਾਨਾ।
ਸੰਤ ਮਨਾਵੈ ਪੂਜਾ ਗ੍ਰੰਥਾ।
ਦਰਸ ਪਰਸ ਪਾਵੈ ਪਠ ਸੰਥਾ।
ਮੰਗਲ ਦਰਬ ਕਦਲੀਤਰੁ ਦ੍ਵਾਰੈ।
ਆਰੰਭ ਸਮੈ ਸਦ ਗ੍ਰੰਥ ਅਨੁਸਾਰੈ।
ਪਰਸਮਾਤਿ ਗ੍ਰੰਥ ਹੋਇ ਜਬੈ।
ਕਰਾਹ ਗੁਰ ਪਰਬ ਕਰੈ ਸਿਖ ਤਬੈ।
ਪੂਜੈ ਸੂਬ ਲੋਹ ਭਗਵਾਨਾ।
ਅਰਪੈ ਸੂਬ ਕਾਮਨਾ ਪ੍ਰਧਾਨਾ।

Sri Satguru Jagjit Singh Ji Elibrary NamdhariElibrary@gmail.com

ਪੁਸਪ ਅੰਜਲੀ ਪੂਜੈ ਹਰਿ ਦੇਵਾ।
ਸਰਬ ਫਲ ਸਰਬ ਅੰਨ ਸਭ ਮੇਵਾ।
[ਧਿ: ੫। ਪੰ: ੪੯੧। ਸਰਬਲੋਹ ਇਤਿ]

ਤਥਾ—ਸੂਰਜ ਪ੍ਰਕਾਸ਼ੋਕਤ—ਢਾਕੇ ਦੇ ਪ੍ਰਸੰਗ ਵਿਚੋਂ ਏਕ ਵਿਰਧਾ ਮਾਈਨੇ ਨੌਮੇ ਗੁਰੂ ਜੀ ਦੀ ਪੂਜਾਦਿਕ ਕਰਨੀ ਚੌ:—

ਧੂਪ ਦੀਪ ਨਈਵੇਦ ਸੁਧਾਰਾ।
ਕਰ ਪੂਜਨ ਸਤਿਗੁਰੂ ਉਦਾਰਾ।
[ਵਿਸਤਾਰ ਦੇਖੋ ਰਾਸ ੧੨ ਅੰਸੂ ੪]

ਤਥਾ ਢਾਕੇ ਦੇ ਹੀ ਪ੍ਰਸੰਗ ਵਿਚੋਂ ਨੌਮੇ ਗੁਰੂ ਜੀ ਦੀ ਆਰਤੀ। ਚੌ:—

ਤਬ ਉਠ ਕਰ ਸਭ ਸੰਗਤ ਰਾਸ।
ਜਿਨ ਮੁਹ ਅਗਰ ਬੁਲਾਕੀ ਦਾਸ।
ਦੀਪਕ ਵਾਰ ਆਰਤੀ ਕਰੀ।
ਧੂਪ ਧੁਖਾਇ ਅਗਾਰੀ ਧਰੀ।
ਫੂਲਨ ਮਾਲ ਗਰੇ ਪਹਰਾਈ।
ਅਧਿਕ ਸੁਗੰਧੈ ਛਿਰ ਛਿਰਕਾਈ।
[ਰਾਸ ੧੨। ਅੰਸੂ ॥ ੫ ॥]

ਤਥਾ ਨੌਮੇ ਗੁਰੂ ਜੀ ਦੀ ਸਮਾਧ ਵਾਸਤੇ ਦੋਹ—

ਇਕ ਗੁਰਬਖਸ਼ ਸਾਧ ਤਿਹ ਤਿਆਗਾ।

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਤੇਗ ਬਹਾਦਰ ਜਾਗਾ।
ਧੂਪ ਦੀਪ ਨਿਤ ਕਰਤੇ ਰਹੀਐ।
ਆਨ ਥਾਨ ਜੈਬੇ ਨਹ ਚਹੀਐ।
[ਰੁਤ ੧। ਅੰਸੂ ੧੭]

ਤਥਾ ਆਗਰੇ ਦਾ ਪ੍ਰਸੰਗ ਦਸਮੇਸ ਜੀ ਚੌਃ—

ਇਤ ਸਤਿਗੁਰ ਪੂਜਤ ਨਵ ਰਾਤੇ।
ਚੰਦਨ ਧੂਪ ਫੂਲ ਬਹੁ ਭਾਂਤੇ।
ਦੁਰਗਾ ਪਾਠ ਅਨੇਕ ਕਰੰਤੇ।
ਸੌਜ ਸਕੇਲੀ ਹਵਨ ਹੁਵੰਤੇ।
ਦੀਪ ਸਮੂਹ ਘ੍ਰਿਤ ਕੇ ਵਾਰੇ।
ਸ਼ਸਤ੍ਰ ਸਕੇਲ ਅਨੇਕ ਪ੍ਰਕਾਰੇ।
[ਐਨ ੨। ਅੰਸੂ ੧। ਸੂਰਜ ਪ੍ਰਕਾਸ਼ ਇਤਿ]

ਹੋਸ਼ ਕਰੋ ! ਸੰਗਤ ਗੁਰੂ ਕੀ ਗੁਰੂ ਜੀ ਪਰ ਸੁਗੰਧੀ ਛਿੜਕਣ ਵਾਲੀ ਮੰਨੀ ਜਾਵੇ ਕਿ ਮਿਟੀ ਦਾਂ ਤੇਲ। ਹੋਰ ਸੁਣ ! ਮੁਕਤ ਮਾਰਗ ਮੇ ਭੀ ਧੂਪ ਦੀਪਾਦਕ ਸਪਸ਼ਟ ਹੈ ਤਥਾ ਅਖੰਡ ਪਾਠ ਮੇ ਚਾਰ ਵਾ ਆਠ ਸਿਖ ਕਰੇਂ ਇਹ ਨ੍ਰਿਣਾ ਦੇਖੋ ਮੁਕਤ ਮਾਰਗ ਮੇ।

ਤਥਾ—ਧੂਪ ਦੀਆਂ ਵਸਤੂ ਸੰਖੇਪਤੇ ਕਹਤੇ ਹੈਂ।

ਗੁਗਲ ਪਾ ਪੱਕੀ (੧) ਛੁਹਾਰੇ ਛਟਾਂਕ (੨) ਖੋਪਾ ਦੋ ਠੂਠੀ (੩) ਬਦਾਮ ਗਿਰੀ ਦੋ ਤੋਲੇ (੪) ਕਪੂਰ ਛੀ

Sri Satguru Jagjit Singh Ji Elibrary NamdhariElibrary@gmail.com

ਮਾਸੇ (੫) ਲੈਚੀ ਛੋਟੀ ਛਟਾਂਕ (੬) ਅਗਰ ਤਗਰ ਦੋ ਤੋਲੇ (੭) ਛੜ ਤੋਲਾ (੮) ਦੋਨੋ ਚੰਦਨ ਦੋ ਤੋਲੇ (੯) ਸੌਗੀ ਦੋ ਛਟਾਂਕ (੧੦) ਕਸਤੂਰੀ ਦੋ ਰੱਤੀ (੧੧) ਕੇਸਰ ਛੀ ਮਾਸੇ (੧੨) ਭੋਜਪਤ੍ਰ ਤੋਲਾ (੧੩) ਖਸ ਤੋਲਾ (੧੪) ਨਾਗਰਮੋਥਾ ਤੋਲਾ (੧੫) ਜੈਫਲ ਤੋਲਾ (੧੬) ਜਾਵੱਤਰੀ ਤੋਲਾ (੧੭) ਲੌਂਗ ਤੋਲਾ (੧੮) ਗੋਰੋਚਨ ਦੋ ਰੱਤੀ (੧੯) ਮੁਸ਼ਕੰਬਰ ਦੋ ਰੱਤੀ (੨੦) ਤਿਲ ਕਾਲੇ ਛਟਾਂਕ (੨੧) ਦੇਸੀ ਜੌਂ ਦੋ ਛਟਾਂਕ ਪੱਕੇ (੨੨) ਖੰਡ ਅਧਸੇਰ ਪੱਕੀ (੨੩) ਘ੍ਰਿਤ ਗੋਕਾ ਸਵਾ ਸੇਰ ਕੱਚਾ (੨੪) ਲੋਹਬਾਣ ਤੋਲਾ (੨੫) ਧੂਪ ਗੱਠੀ ਤੋਲਾ(੨੬) ਛਲੀਰਾ ਤੋਲਾ (੨੭) ਵੱਚ ਤੋਲਾ(੨੮) ਕਚੂਰ ਤੋਲਾ (੨੯) ਕੰਕੋਲ ਤੋਲਾ (੩੦) ਇੰਦ੍ਰ ਜੌਂ ਤੋਲਾ (੩੧) ਦੇਵਦਾਰ ਤੋਲਾ (੩੨) ਅਣਟੁਟ ਚੌਲ ਤੋਲਾ (੩੩) ਕਪੂਰ ਕਚਰੀ ਤੋਲਾ (੩੪) ਸੰਦਲ ਸਪੈਦ ਏਕ ਮਾਸਾ (੩੫) ਸੁਰਖ ਸੰਦਲ ਏਕ ਮਾਸਾ (੩੬) ਬਾਲਛੜ ਤੋਲਾ (੩੭)

(ਅਬ ਨਈਵੇਦ)

ਸੁਪਾਰੀ ੫, ਜੈਫਲ ੫, ਖੋਪੇ ਠੂਠੀ ੫, ਮਿਸ੍ਰੀ ਦੇਸੀ ਕੂਜੇ ੫, ਬਦਾਮ ਸੇਰ ਪੱਕੇ, ਸੌਗੀ ਪਾ ਪੱਕੀ, ਦਰਿਆਈ ਸਵਾ ਹੱਥ, ਨਲੇਰ ਇਕ, ਖੰਮਣੀਆਂ

Sri Satguru Jagjit Singh Ji Elibrary NamdhariElibrary@gmail.com

ਚਰਣਾਠੀ, ਲੈਦੀਆਂ ਛੋਟੀਆਂ ਛਟਾਂਕ।

# ਸ੍ਰੀ ਗੁਰੂ ਗ੍ਰੰਥ ਸਾਹਿਬ ਅਖੰਡ ਪਾਠ ਬਿਧਿ॥

ਪਾਠੀਆਂ ਧੂਪੀਆਂ ਮੇ ਅਮਲੀ ਸ਼ਾਮਲ ਨਹੀ ਕਰਨਾ। ਸਾਧੂ ਸਿਖ ਬ੍ਰਾਹਮਣ ਪਾਠ ਕਰਨੇ ਕਾ ਸਭ ਕਾ ਅਧਿਕਾਰ ਹੈ। ਪਾਠ ਸਮਾਪਤੀ ਸੇ ਹੋਮ ਕਰਣਾ।

ਤਥਾ—ਜਬ ਸ੍ਰੀ ਦਰਬਾਰ ਸਾਹਿਬ ਲੈਨ ਜਾਨਾ ਵਾ ਛੋੜਨੇ ਜਾਨਾ ਹੋ ਤੋ ਪਹਲੇ ਅਗੇ ਸੇ ਰਸਤਾ ਸਾਫ ਕਰਲੋ ਅਤੇ ਛੜਕਾਓ ਅਤੇ ਫਿਰ ਨੀਚੇ ਬਸਤ੍ਰ ਬਛਾਵਤੇ ਜਾਓ ਤੋ। ਰਾਮਕਲੀ ਦੀ ਵਾਰ ਮਹਲੇ ੩ ਵਿਚੋਂ ਮ: ੩। ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ। ਪੌ: ੫। ਇਹੁ ਫਲ ਹੋਗਾ ਤਥਾ—

ਜਿਸ ਜਗਾ ਭੰਡਾਰ ਮੇ ਗੁਰੂ ਜੀ ਵਾਸਤੇ ਪ੍ਰਸਾਦ ਤਿਆਰ ਹੋਤਾ ਹੋ ਤਹਾਂ ਭੀ ਮਿਟੀ ਦਾ ਤੇਲ ਨਹੀ ਲੇ ਜਾਨਾ। ਘ੍ਰਿਤ ਵਾ ਮਿਠੇ ਤੇਲ ਦਾ ਦੀਪਕ ਜਾਲੋ*। ਅਤੇ ਜੋ ਦਰਬਾਰ ਜੀ ਪਾਸ ਜਾਵੈ ਸੋ ਚਰਨ ਧੋਇ ਕੈ ਜਾਵੈ। ਅਤੇ ਮੋਨ ਹੋਕਰ ਪਾਠ ਸੁਣੈ ਜੋ ਬੀਚ ਮੇ ਬੋਲੇ ਗਾ ਤੋ ਜਥਾ ਸੌ ਸਾਖੀ ਚੌ:—

---

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਜਿਲਦ ਨੂ ਚਮੜਾ ਨਹੀਂ ਲਗਾਨਾ ਚਾਹੀਏ॥

Sri Satguru Jagjit Singh Ji Elibrary NamdhariElibrary@gmail.com

ਹਰਿ ਜਸ ਸੁਨਤੈ ਬਾਤ ਚਲਾਵੈ।
ਵਹੁ ਤਨਖਾਹੀਆ ਵਡਾ ਕਹਾਵੈ।

[ ਸਾਖੀ ੧੧ ]

ਤਥਾ ਇਹ ਗਿਆਰਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੩ ਅੰਸੂ ੩੪ ਮੇਂ ਭੀ ਸਪਸ਼੍ਰ ਹੈ।

ਸ਼ੰਕਾ—ਮੁਕਤ ਮਾਰਗ ਮੇਂ ਤੋ ਮਾਯਾ ਸਿਖਾਂ ਨੂੰ ਅਰਦਾਸ ਕਰਾਵੈ ਲਿਖੀ ਹੈ, ਪੀਛੈ ਖੰਡਨ ਕਰੀ ਹੈ।

ਉੱਤਰ—ਅਭਯਾਗਤ ਗਰੀਬ ਸਿਖ ਹੋਵੈ ਤੋ ਜੇਕਰ ਭੋਜਨ ਛਕੈ ਤੋ ਪੰਜ ਪਾਠ ਕਰੈ ਜਪ ਜੀ ਕੇ ਜੇਕਰ ਵਸਤ੍ਰ ਲੇਵੈ ਤੋ ੨੫ ਪਾਠ ਕਰੈ, ਜੇਕਰ ਨਗਦ ਲੇਵੈ ੧੦੦੦੦੦ ਲਖ ਪਾਠ ਕਰੈ ਤੌ ਸੁਖ ਸਾਂਤ ਰਹੇ, ਯਹ ਮੁਕਤ ਮਾਰਗ ਗ੍ਰੰਥ ਕੇ ੩੬ ਪੰਨੇ ਪਰ ਸਪਸ਼ਟ ਹੈ। ਯਾਂਤੇ ਈਹਾਂ ਭੀ ਪੂਜਾ ਨਾ ਖਾਨੇ ਹੀ ਮੇਂ ਤਾਤਪਰਯ ਹੈ ਕਿਉਂਕਿ ਇਤਨਾ ਪਾਠ ਕਰਨਾ ਹੀ ਮੁਸ਼ਕਿਲ ਹੈ ਤਥਾ ਪੂਰਬ ਗੁਰੂ ਵਾਕਯੋਂ ਸੇ ਵਿਰੋਧ ਹੋਗਾ, ਅਤੇ ਜੇਹੜੀ ਪੂਜਾ ਹੋਵੈ ਸੋ ਤੁਰਤ ਹੀ ਗੁਰੂ ਜੀ ਕੇ ਆਗੇ ਵਾਂਟ ਦੇਵੈ, ਗਰੀਬਾਂ ਅਭਯਾਗਤਾਂ, ਸਾਧੂਆਂ ਬ੍ਰਾਮਹਣਾਂ ਨੂੰ, ਆਪ ਨ ਲੇਵੈ ਸੋ ਸਿਖ ਗੁਰੂ ਕੇ ਧਾਮ ਕੋ ਪ੍ਰਾਪਤਿ ਹੋਵੇਗਾ, ਅਤੇ ਸ਼ਬਦ ਪਾਲਟੀ ਗੁਰੂ ਜੀ ਕੇ ਅੱਗ੍ਰ ਭਾਵ ਹੋਵੈ ਸਿਖ

ਗੁਰੂ ਜੀ ਵਲ ਮੁਖ ਰਖਣ ਵਾ ਚੌਫੇਰੇ ਸੰਗਤ ਜਾਵੈ, ਪੀਛੇ ਸ਼ਬਦ ਪਾਰਟੀ ਨਹੀਂ ਕਰਨੀ ਗੁਰੂਜੀ ਕੇ, ਯਥਾ ਸੂਰਜ ਪ੍ਰਕਾਸ਼ੋਕਤ ਚੌਂ:—

ਵਾਦਤ ਵਾਜੇ ਜਾਤ ਅਗਾਰੀ।
ਚਵਰ ਢੁਰੈ ਸਿਰ ਪੁਰ ਗੁਰ ਭਾਰੀ।
[ਰਾਸ ੪। ਅੰਸੂ ੧੨]

ਧੌਂਸਾ ਧੁੰਕਿਤਿ ਜਾਤਿ ਅਗਾਰੀ।
ਚਮੂੰ ਤੁਰੰਗਨਿ ਬਲੀ ਪਿਛਾਰੀ।
[ਰਾਸ ੪। ਅੰਸੂ ੫੧]

ਤਥਾ-ਦੁੰਦਭ ਬਾਜਤ ਚਲਹ ਅਗਾਰੀ।
ਛੁਟੇ ਨਿਸਾਨਨ ਫਰੱਰੇ ਭਾਰੀ।
[ਰੁਤ ੪। ਅੰਸੂ ੭। ਸੂਰਜਪ੍ਰਕਾਸ਼ ਇਤਿ]

ਆਗੈ ਪਾਛੈ ਸੰਗਤ ਜਾਵੈ।
ਮੱਧ ਗੁਰੂ ਸਸਿ ਜਿਉਂ ਛਬਿ ਪਾਵੈ।

ਤਥਾ ਗੁਰਬਿਲਾਸ ਮੇਂ ਚੌਂ:—

ਸਿਖਨ ਧੁਨ ਕਰ ਅਗਰ ਸਿਧਾਰੇ।
ਓਰ ਖਡੂਰ ਗੁਰੂ ਨਿਰੰਕਾਰੇ।
[ ਧਿ: ੪। ਪੰ: ੪੩ ]

ਇਤਯਾਦਿਕ ਅਨੇਕ ਬਚਨ ਹਨ।

ਸ਼ੰਕਾ—ਸਾਧੂ ਕੋ ਦਰਬਾਰ ਸ਼ਾਹਿਬ ਕੀ ਤਾਬਿਆ

Sri Satguru Jagjit Singh Ji Elibrary NamdhariElibrary@gmail.com

ਬੈਠਣੇ ਯਾ ਪਾਠ ਕਰਨੇ ਕਾ ਅਧਿਕਾਰ ਹੈ ਯਾ ਨਹੀਂ।

ਉੱਤਰ—ਅਹੋ ਮਹਾ ਸ਼ੋਕ ਹੈ ਮੈਂ ਕਿਆ ਕਹੂੰ, ਅਰੇ ਸ਼ੰਕਾਬਾਦੀ ! ਸੁਣ ਥੋੜਾ ਮਾਤ੍ਰ ਰਾਗ ਗੌਂਡ ਸ੍ਰੀ ਕਬੀਰ ਜੀ—ਜੈਸੇ ਮੰਦਰ ਮਹਿ ਬਲ ਹਰ ਨਾ ਠਾਹਰੈ। ਨਾਮ ਬਿਨਾ ਕੈਸੇ ਪਾਰਿ ਉਤਰੈ। ਕੁੰਭ ਬਿਨਾ ਜਲੁ ਨਾ ਟੀਕਾਵੈ। ਸਾਧੂ ਬਿਨੁ ਐਸੇ ਅਵਗਤੁ ਜਾਵੈ। ੧। ਜਾਰਉ ਤਿਸੈ ਜੁਰਾਮ ਨ ਚੇਤੈ। ਤਨ ਮਨ ਰਮਤ ਰਹੈ ਮਹਿ ਖੇਤੈ।.੧। ਰਹਾਉ। ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ। ਸੂਤ ਬਿਨਾ ਕੈਸੇ ਮਣੀ ਪਰੋਈਐ। ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ। ਸਾਧੂ ਬਿਨੁ ਤੈਸੇ ਅਬਗਤੁ ਜਾਈਐ। ੨। ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ। ਖਿੰਬ ਬਿਨਾ ਕੈਸੇ ਕਪਰੇ ਧੋਈ। ਘੋਰ ਬਿਨਾ ਕੈਸੇ ਅਸਵਾਰ। ਸਾਧੂ ਬਿਨੁ ਨਾਹੀ ਦਰਵਾਰ॥ ੩ ॥ ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ। ਖਸਮਿ ਦੁਹਾਗਨਿ ਤਜਿ ਅਉ ਹੇਰੀ। ਕਹੈ ਕਬੀਰ ਏਕੈ ਕਰਿ ਕਰਨਾ। ਗੁਰਮੁਖ ਹੋਇ ਬਹੁਰਿ ਨਹੀ ਮਰਨਾ॥ ਸਬਦ ੯॥ ਯਾਂ ਤੇ ਹੋਸ਼ ਕਰ ਘੁਗੂਆ ! ਤਥਾ ਦੋਹ:—

ਅਪਰ ਕਥਾ ਯਹ ਸੁਨੀ ਵਡਨ ਤੇ।

Sri Satguru Jagjit Singh Ji Elibrary NamdhariElibrary@gmail.com

ਕਹੂੰ ਕੁਛਕ ਭੈ ਗ੍ਰੰਥ ਵਢਨ ਤੇ।
ਜਬ ਗੁਰ ਕਾਂਸ਼ੀ ਸ੍ਰੀ ਦਸਮੇਸ।
ਰਹੇ ਕਾਲ ਬਹੁ ਕਰ ਉਪਦੇਸ਼।
ਧੀਰ ਮੱਲ ਸੌਂ ਗ੍ਰੰਥ ਮੰਗਾਯੋ।
ਤੀਨ ਬੇਰ ਸੰਗਤ ਪਰਤਾਯੋ।
ਸ੍ਰੀ ਕਲਗੀਧਰ ਵਚਨ ਵਖਾਨਾ।
ਸੁਨੋ ਸਿਖ ਤੁਮ ਪਰਮ ਸੁਜਾਨਾ।
ਐਸੀ ਵਸਤੁ ਜਗਤ ਮੋ ਨਾਹੀ।
ਸੰਗਤ ਕੋ ਮੈਂ ਦੇਵੋਂ ਨਾਹੀ।
ਕਾਗਦ ਸੈਂਚੀ ਕਰੋ ਤਿਆਰਾ।
ਸੁਨਤ ਵਚਨ ਸਿਖਨ ਹਿਤ ਧਾਰਾ।
ਕੇਲਾ ਪਤ੍ਰ ਅੰਬ ਫਲ ਜੋਈ।
ਤੁਰਤ ਵਸਤੁ ਸਭ ਤਿਆਰ ਸੁਹੋਈ।
ਤਿਸੀ ਵੇਰ ਤੇ ਤਨੀ ਕਨਾਤ।
ਤਿਸ ਭੀਤਰ ਬੈਠੇ ਗੁਰ ਨਾਥ।
ਸੰਗਤ ਬੈਠੀ ਬਾਹਰ ਤੰਬੂ।
ਕਰ ਸਮਾਧਿ ਬੈਠੇ ਗੁਰ ਸੰਭੂ।
ਮਨੀ ਸਿੰਘ ਕੋ ਬਚਨ ਪ੍ਰਕਾਸ਼ਾ।
ਲਿਖੋ ਸਿਖ ਹੌਂ ਕਰਤ ਪ੍ਰਕਾਸ਼ਾ।
ਭਾਈ ਮਨੀ ਸਿੰਘ ਕਰ ਵੰਦ।

Sri Satguru Jagjit Singh Ji Elibrary NamdhariElibrary@gmail.com

ਇਤੀ ਸ਼ਕਤਿ ਨਹ ਅਹੇ ਮੁਕੰਦ ।
ਜੁਗਾ ਜੁਗਾਂਤਰ ਸਿਰਜਨ ਹਾਰੇ ।
ਗੋਵਿੰਦ ਗੁਰੂ ਤਬ ਵਚਨ ਉਚਾਰੇ ।
ਕਮਲ ਬਦਨ ਸੌਂ ਗਿਰਾ ਅਲਾਈ ।
ਪਵਨ ਸਮਾਨ ਕਲਮ ਤੁਹਿ ਜਾਈ ।
ਲਿਖਨੇ ਲਗੇ ਭਾਈ ਗੁਨ ਧਾਮ ।
ਜਿਉਂ ਜਿਉਂ ਉਚਰਤ ਸ੍ਰੀ ਗੁਨਧਾਮ ।
ਸੋਲਾਂ ਪਹਰ ਲਿਖਯੋ ਕਰ ਤਿਆਰ ।
ਜਿਮ ਉਚਾਰ ਕੀਤਾ ਗੁਰ ਦਿਆਰ ।
ਵਹੀ ਰੀਤ ਪੂਛੀ ਗੁਰ ਸਿੱਖ ।
ਦੱਖਣ ਜਾਂਦੇ ਜਬ ਗੁਰ ਪਿੱਖ ।
ਦੀਨ ਬੰਧੁ ਬੋਲੇ ਹਰਖਾਇ ।
ਅਖੰਡ ਪਾਠ ਇਹੁ ਰੀਤ ਸੁਹਾਇ ।
ਸੋਲਾਂ ਪਹਰ ਸੁ ਅੰਤਰ ਪਾਠ ।
ਤਬ ਅਖੰਡ ਭਾਖਾ ਸੁਰ ਨਾਥ ।
ਜਬੈ ਖੋੜਸੌਂ ਊਪਰ ਹੋਇ ।
ਤੌ ਸਾਧਾਰਣਹ ਪਾਠ ਸੁ ਜੋਇ ।
ਬਿਧੀ ਸਹਿਤ ਜੋ ਕਰੈ ਕਰਾਵੈ ।
ਅਸ੍ਵਮੇਧ ਕੋਟਿਨ ਫਲ ਪਾਵੈ ।
ਮਿੱਟੀ ਤੇਲ ਜੋ ਤਾਂ ਪਰ ਬਾਲੇ ।

Sri Satguru Jagjit Singh Ji Elibrary NamdhariElibrary@gmail.com

ਵਹੀ ਤੇਲ ਫਿਰ ਤਿਨਕਉ ਜਾਲੇ।
ਚਮੜ ਕਮਰ ਲੇ ਅੰਤਰ ਜਾਇ।
ਕਹੈਂ ਗੁਰੂ ਜਮ ਦੇਤ ਸਜਾਇ।
ਧੂਪ ਦੀਪ ਜੋ ਕਰਹਿ ਨ ਅੰਧ।
ਅਗਨ ਕੋਪ ਜਿਮ ਦਹੇ ਮਸੰਦ।
ਸਿਖ ਨਹੀ ਸੋ ਵੈਰੀ ਮੇਰਾ।
ਉਭੈ ਲੋਕ ਲਹ ਕਸ਼ਟ ਵਡੇਰਾ।
ਪੁਨਾ ਪੋਥੀਆਂ ਹਮਰੀ ਸੋਈ।
ਤਾਹਿ ਨ ਗੁਰ ਕੀ ਭਾਖੈ ਜੋਈ।
ਤਿਹ ਕੀ ਜਰ ਉਖਰੈ ਬਿਨ ਵਾਰਾ।
ਸਕਲ ਸਿਖ ਲੇਹੁ ਮਨ ਨਿਰਧਾਰਾ।
ਦਸਮਾ ਲਖਯੋ ਯਹ ਹਮਰਾ ਦੇਹ।
ਧਰੋਂ ਅਪਰ ਜਬ ਭਾਵੈ ਤੇਹ।
ਨਹੀ ਸ਼ੰਕ ਕਛੂ ਮਨਹਿ ਵਿਚਾਰੋ।
ਦੋਊ ਗ੍ਰੰਥ ਕੀ ਸੇਵਾ ਧਾਰੋ।
ਜੋ ਇਨ ਪੈ ਕੋਈ ਤਰਕ ਉਠਾਵੈ।
ਕਰੋਂ ਤਾਹਿ ਸੋਂ ਜੋ ਮੁਹਿ ਭਾਵੈ।
ਭਾਗੈ ਫਿਰਹਿ ਟਿਕਣ ਕਿਮ ਪਾਵੈਂ।
ਮਰ ਕਮੌਤ ਜਮ ਲੋਕ ਸਿਧਾਵੈਂ।
ਮਾਤ ਵੰਡ ਕੀ ਜੋ ਕਰ ਨਿੰਦ।

ਕ੍ਰਪਹਿ ਤਾਹਿ ਪਰ ਸਭੈ ਨਰਿੰਦ।
ਇਤਨੀ ਕਥਾ ਦਾਸ ਨੇ ਸੁਨੀ।
ਭਾਖੇਂ ਬਿਰਧ ਵਡੇ ਜਿਮ ਗੁਨੀ॥ ਇਤਿ॥

ਸੋ ਨਵੀਨੋਂ ਹੋਸ਼ ਪਕੜੋ ਵੇਲਾ ਜਾਂਦਾ ਹੈ, ਕਯੋਂ ਗੁਰੂਆਂ ਦੀ ਧੂਪ ਦੀਪ ਆਰਤੀ ਬੰਦ ਕਰੀ ਹੈ ਯਾਂਤੇ ਗੁਰੂ ਗ੍ਰੰਥ ਜੀ ਨਾਲ ਭੀ ਆਪਕਾ ਕੋਈ ਸਲੂਕ ਨਹੀਂ।

ਤਥਾ ਸ੍ਰੀ ਦੇਵੀ ਜੀ ਕੀ ਭੀ ਨਿੰਦਾ ਕਰਤੇ ਹੋ ਇਸ ਰੀਤ ਸੇ ਆਪ ਕਾ ਕੇਵਲ ਸਾਧੂ ਬ੍ਰਾਹਮਣਾਦਿਕੋਂ ਸੇ ਹੀ ਦ੍ਵੇਸ਼ ਨਹੀਂ, ਕਿੰਤੂ ਗੁਰੂ ਜੀ ਕੇ ਸਾਥ ਭੀ ਹੈ ਸੋ ਦੇਖੋ ਕਰਤਾਰ ਦੇ ਰੰਗ:—

## ਸ੍ਰੀ ਬਾਬਾ "ਸ੍ਰੀਚੰਦ" ਜੀ

ਸ਼ੰਕਾ—ਸ੍ਰੀਚੰਦ ਨਾਲਾਇਕ ਅਤੇ ਉਸ ਕਾ ਪੰਥ ਭੀ ਤੈਸਾ ਹੀ ਹੈ, ਯਾਂਤੇ ਯਹ ਭੀ ਸਾਧੂ ਨਹੀਂ।

ਉੱਤਰ—ਐ ਦੁਸ਼ਟ! ਅਸੁਰ ਬੁੱਧੀ! ਸ਼ੰਕਾਬਾਦੀ! ਜੋ ਤੂੰ ਸ੍ਰੀ ਬਾਬਾ "ਸ੍ਰੀ ਚੰਦ" ਜੀ ਗੁਰੂ ਨਾਨਕ ਦੇਵ ਜੀ ਕੇ ਸਪੁਤ੍ਰ ਕੋ ਦੁਰਵਚਨ ਕਹਤਾ ਹੈਂ ਤੇਰੀ ਰਸਨਾ ਪਰ ਕ੍ਰਿਮ ਕਿਉਂ ਨਹੀਂ ਪੜਤੇ। ਕਾਰਣ ਕਿ ਸ੍ਰੀਬਾਬਾ 'ਸ੍ਰੀਚੰਦ' ਜੀ ਪਿਤਾ 'ਗੁਰੂ ਨਾਨਕ ਦੇਵ' ਜੀ ਕੇ ਸਮਾਨ ਸ਼ਾਂਤਾਵਤਾਰ ਹਨ, ਅਤੇ ਸਮਦਰਸੀ ਹਨ, ਪ੍ਰੰਤੂ ਗੁਰੂ

ਅਰਜਨ ਦੇਵ ਜੀ ਦੇ ਵਚਨਾਨੁਸਾਰ ਇਸ ਨਿੰਦਾ ਕਾ ਫਲ ਸ਼ੀਘਰ ਹੀ ਪਾਵੇਂਗੇ॥

ਯਥਾ ਗਉੜੀ ਸੁਖਮਨੀ ਮਃ ੫ ॥ ਸੰਤਕੇ ਦੂਖਨਿ ਆਰਜਾ ਘਟੈ। ਸੰਤ ਕੇ ਦੂਖਨਿ ਜਮਤੇ ਨਹੀ ਛੁਟੈ। ਸੰਤ ਕੈ ਦੂਖਨਿ ਸੁਖੁ ਸਭੁ ਜਾਇ। ਸੰਤ ਕੈ ਦੂਖਨਿ ਨਰਕ ਮਹਿ ਪਾਇ। ਸੰਤ ਕੈ ਦੂਖਨਿ ਮਤਿ ਹੋਇ ਮਲੀਨ। ਸੰਤ ਕੈ ਦੂਖਨਿ ਸੋਭਾ ਤੇ ਹੀਨ। ਸੰਤਕੇ ਹਤੇ ਕਉ ਰਖੈ ਨ ਕੋਇ। ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ।ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ।ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ॥ ੧ ॥ ਸੰਤ ਕੈ ਦੂਖਨ ਤੇ ਮੁਖੁ ਭਵੈ। ਸੰਤ ਕੈ ਦੂਖਨਿ ਕਾਗ ਜਿਉ ਲਵੈ। ਸੰਤਨ ਕੈ ਦੂਖਨਿ ਸਰਪ ਜੋਨਿ ਪਾਇ। ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ। ਸੰਤ ਕੈ ਦੂਖਨਿ ਤ੍ਰਿਸਨਾ ਮਹਿ ਜਲੈ। ਸੰਤ ਕੈ ਦੂਖਨਿ ਸਭੁ ਕੋ ਛਲੈ। ਸੰਤ ਕੈ ਦੂਖਨਿ ਤੇਜੁ ਸਭੁ ਜਾਇ। ਸੰਤ ਕੈ ਦੂਖਨਿ ਨੀਚੁ ਨੀਚਾਇ। ਸੰਤ ਦੋਖੀ ਕਾ ਥਾਉ ਕੋ ਨਾਹਿ। ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥ ੨ ॥ ਸੰਤ ਕਾ ਨਿੰਦਕੁ ਮਹਾ ਹਤਿਆਰਾ। ਸੰਤ ਕਾ ਨਿੰਦਕੁ ਪਰਮੇਸਰਿ ਮਾਰਾ। ਸੰਤ ਕਾ ਨਿੰਦਕੁ ਰਾਜ ਤੇ ਹੀਨੁ। ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ। ਸੰਤ ਕੇ ਨਿੰਦਕੁ ਕਉ ਸਰਬ

Sri Satguru Jagjit Singh Ji Elibrary NamdhariElibrary@gmail.com

ਰੋਗ। ਸੰਤ ਕੇ ਨਿੰਦਕੁ ਕਉ ਸਦਾ ਬਿਜੋਗ। ਸੰਤ ਕੀ ਨਿੰਦਾ ਦੋਖ ਮਹਿ ਦੋਖੁ। ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ ॥ ੩ ॥ ਸੰਤ ਕਾ ਦੋਖੀ ਸਦਾ ਅਪਵਿਤੁ। ਸੰਤ ਕਾ ਦੋਖੀ ਕਿਸੈ ਕਾ ਨਾਹੀ ਮਿਤੁ। ਸੰਤ ਕੇ ਦੋਖੀ ਕਉ ਡਾਨੁ ਲਾਗੈ। ਸੰਤ ਕੇ ਦੋਖੀ ਕਉ ਸਭੁ ਤਿਆਗੈ। ਸੰਤ ਕਾ ਦੋਖੀ ਮਹਾ ਅਹੰਕਾਰੀ। ਸੰਤ ਕਾ ਦੋਖੀ ਸਦਾ ਬਿਕਾਰੀ। ਸੰਤ ਕਾ ਦੋਖੀ ਜਨਮੈ ਮਰੈ। ਸੰਤ ਕੀ ਦੂਖਨਾ ਸੁਖ ਤੇ ਟਰੈ। ਸੰਤ ਕੇ ਦੋਖੀ ਕਉ ਨਾਹੀ ਠਾਉ। ਨਾਨਕ ਸੰਤ ਭਾਵੈ ਤਾ ਲਏ ਮਿਲਾਇ ॥ ੪ ॥ ਸੰਤ ਕਾ ਦੋਖੀ ਅਧ ਬੀਚ ਤੇ ਟੂਟੈ। ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ। ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ। ਸੰਤ ਕਾ ਦੋਖੀ ਉਝੜਿ ਪਾਈਐ। ਸੰਤ ਕਾ ਦੋਖੀ ਅੰਤਰ ਤੇ ਥੋਥਾ। ਜਿਉ ਸਾਸ ਬਿਨਾ ਮਿਰਤਕ ਕੀ ਲੋਥਾ। ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ। ਆਪਨ ਬੀਜ ਆਪੇ ਹੀ ਖਾਹਿ। ਸੰਤ ਕੇ ਦੋਖੀ ਕਉ ਅਵਰੁ ਨ ਰਾਖਨ ਹਾਰੁ। ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥ ੫ ॥ ਸੰਤ ਕਾ ਦੋਖੀ ਇਉ ਬਿਲਲਾਇ। ਜਿਉ ਜਲ ਬਿਹੂਨ ਮਛੁਲੀ ਤੜਫੜਾਇ। ਸੰਤ ਕਾ ਦੋਖੀ ਭੂਖਾ ਨਹੀ ਰਾਜੈ। ਜਿਉ ਪਾਵਕੁ ਈਧਨਿ ਨਹੀ ਧ੍ਰਾਪੈ। ਸੰਤ ਕਾ ਦੋਖੀ ਛੁਟੈ ਇਕੇਲਾ। ਜਿਉ ਬੂਆੜੁ

ਤਿਲੁ ਖੇਤ ਮਾਹਿ ਦੁਹੇਲਾ। ਸੰਤ ਕਾ ਦੋਖੀ ਧਰਮ ਤੇ ਰਹਤ। ਸੰਤ ਕਾ ਦੋਖੀ ਸਦ ਮਿਥਿਆ ਕਹਤ। ਕਿਰਤੁ ਨਿੰਦਕ ਕਾ ਧੁਰਿ ਹੀ ਪਇਆ। ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥ ੬ ॥ ਸੰਤ ਕਾ ਦੋਖੀ ਬਿਗੜ ਰੂਪ ਹੋਇ ਜਾਇ। ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ। ਸੰਤ ਕਾ ਦੋਖੀ ਸਦਾ ਸਹ ਕਾਈਐ। ਸੰਤ ਕਾ ਦੋਖੀ ਨ ਮਰੈ ਨ ਜੀਵਾਈਐ। ਸੰਤ ਕੇ ਦੋਖੀ ਕੀ ਪੂਜੈ ਨ ਆਸਾ। ਸੰਤ ਕਾ ਦੋਖੀ ਉਠਿ ਚਲੈ ਨਿਰਾਸਾ। ਸੰਤ ਕੈ ਦੋਖ ਨ ਤ੍ਰਿਸਟੈ ਕੋਇ। ਜੈਸਾ ਭਾਵੈ ਤੈਸਾ ਕੋਈ ਹੋਇ। ਪਇਆ ਕਿਰਤੁ ਨ ਮੇਟੈ ਕੋਇ। ਨਾਨਕ ਜਾਨੈ ਸਚਾ ਸੋਇ ॥ ੭ ॥ ਅਸਟਪਦੀ ੧੩ ॥

ਯਾਂਤੇ ਬਾਬਾ ਸ੍ਰੀ ਚੰਦ ਬਾਲ ਜਤੀ ਜੀ ਕੀ ਉਸਤਤ ਕਰੋ ਜੇ ਬਚਣਾ ਹੈ ਨਹੀਂ ਤੋ ਨਰਕ......................

ਸ਼ੰਕਾ—ਸਾਧੂ ਕੈਸਾ ਹੋਨਾ ਚਾਹੀਏ !

ਉਤਰ—ਹਮ ਪੂਛਤੇ ਹੈਂ ਗ੍ਰਹਸਤੀ ਕੈਸਾ ਹੋਨਾ ਚਾਹੀਏ, ਸਿਖ ਕੈਸਾ ਹੋਨਾ ਚਾਹੀਏ, ਬ੍ਰਾਹਮਣ ਕੈਸਾ ਹੋਨਾ ਚਾਹੀਏ। ਸਾਰੇ ਹੀ ਬਰਣਾਸ਼ਰਮ ਕਾ ਧਰਮ ਕਹਨਾ ਹੋਗਾ ਤੋ ਗ੍ਰੰਥ ਵੱਧ ਜਾਵੇਗਾ ਯਾਂਤੇ ਜੋ ਸ੍ਰੇਸ਼ਟ ਮਹਾਤਮਾ ਹੈਂ ਉਨਕੀ ਸੇਵਾ ਪੂਜਾ ਅਵਸ਼ ਕਰਤੱਵਜ ਹੈ ਜੋ ਮਾਂਸ ਸ਼ਰਾਬ ਜੂਆ ਆਦੀ ਕੁਕਰਮ ਕਰਨੇ ਵਾਲਾ

ਹੈ ਉਸ ਕਾ ਤਿਆਗ ਕਰੋ। ਪ੍ਰੰਤੂ ਸ਼ੋਕ ਦੀ ਬਾਤ ਹੈ ਕਿ ਅੰਧੇ ਲੋਕ ਬਾਬੇ ਸ੍ਰੀ ਚੰਦ ਬਾਲ ਜਤੀ ਜੀ ਕੀ ਜਬ ਨਿੰਦਾ ਕਰਤੇ ਹੈਂ ਤੋ ਉਨ ਕੀ ਨਾਦੀ ਸੰਤਾਨ ਜੋ ਉਦਾਸੀ ਮਹਾਤਮਾ ਹੈਂ ਉਨ ਪਰ ਸ਼ਰਧਾ ਕਬ ਹੂਈ। ਯਦਪਿ ਰਾਮ ਕਲੀ ਦੀ ਵਾਰ ਸਤੇ ਡੂਮ ਵਾਲੀ ਵਿਚੋਂ:—

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ। ਦਿਲਿ ਖੋਟੈ ਆਕੀ ਫਿਰਨਿ ਬੰਨਿ ਭਾਰੁ ਉਚਾਇਨਿ ਛਟੀਐ॥

ਤਥਾ—ਇਸੀ ਤੁਕ ਦਾ ਆਸ਼ਯ ਭਾਈ ਗੁਰਦਾਸ ਜੀ ਨੇ ਪਹਲੀ ਵਾਰ ਦੀ ੩੮ ਪਉੜੀ ਮੇ ਭੀ ਲਿਖਾ ਹੈ।

ਤਥਾਪਿ ਰਾਮਕਲੀ ਦੀ ਵਾਰ ਵਾਲੀ ਤੁਕ ਦਾ ਦੁਤੀਆ ਅਰਥ ਯਹ ਭੀ ਕਰਤੇ ਹੈਂ ਮਹਾਤ੍ਮਾ ਸਤਾਬਲਵੰਡ ਆਖਦੇ ਹਨ ਹੇ ਪੀਰੋ ਸਤਿ ਗੁਰੋ ਅਸਾਂ ਆਪਨੀ ਪੁਤ੍ਰੀ ਦਾ ਬਚਨ ਭੀ ਨਾ ਪਾਲਿਆ ਕਿਉਂ ਜੋ ਓਹ ਅਸਾਂ ਨੂੰ ਆਖ ਰਹੀ ਗੁਰੂ ਜੀ ਪਾਸੋਂ ਮਾਫੀ ਮੰਗ ਲਓ। ਪਰ ਅਸੀਂ ਮੋਢਾ ਹੀ ਮਰੋੜਦੇ ਰਹੇ ਅਸੀਂ ਦਿਲ ਖੋਟੇ ਵਾਲੇ ਗੁਰਾਂ ਤੋਂ ਆਕੀ ਫਿਰਦੇ ਰਹੇ ਹੰਕਾਰ ਭਾਰ ਦੀ ਛਟ ਭਰਕੇ ਬੰਨ੍ਹਕੇ ਚੁਕਦੇ ਰਹੇ। ਭਾਈ ਵਿਸ਼ਨ ਸਿੰਘ ਵਾਲੇ ਟੀਕਾ ਮੇ ਦੇਖੋ। ਅਤੇ ਪਰਮ ਹੇਤੂ ਯਹੇ ਕਿ ਜਦੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕਦੇਵ ਜੀ ਦੀ ਨਿੰਦਾ ਸੁਣ ਕੇ ਤੋ ਸਰਾਪ ਦੀਆ ਫਿਰ ਉਨਕੇ ਪੁਤ੍ਰ ਕੀ ਨਿੰਦਾ ਸੁਣ ਸਕਦੇ ਸਨ। ਅਤੇ ਨ ਉਹ ਰਬਾਬੀ ਡਰਦੇ ਕਹ ਹੀ ਸਕਦੇ ਸਨ।

ਤਥਾ ਭਾਈ ਗੁਰਦਾਸ ਜੀ ਕੀ ਇਸ ਪੌੜੀ ਕੇ ਭੀ ਤਤ ਨੂੰ ਨਾ ਸਮਝ ਕੇ ਨਿੰਦਾ ਮੇਂ ਪ੍ਰਵਿਰਤ ਹੋ ਜਾਤੇ ਹੈਂ (ਯਥਾ) ਬਾਲਜਤੀ ਹੈ-ਸ੍ਰੀਚੰਦ ਬਾਬਾਣਾ ਦੇਹੁਰਾ

Sri Satguru Jagjit Singh Ji Elibrary NamdhariElibrary@gmail.com

ਬਣਾਯਾ। (ਪਰੰਤੂ) ਲਖਮੀ ਦਾਸਹੁ ਧਰਮਚੰਦ ਪੋਤਾ ਹੋਇਕੈ ਆਪ ਗਣਾਯਾ । ਮੰਜੀ ਦਾਸ ਬਹਾਲਿਆ ਦਾਤਾ ਸਿਧਾਸਣ ਸਿਖ ਆਯਾ । ਮੋਹਣ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ। (ਪਰੰਤੂ) ਮੀਣਾ ਹੋਇਆ ਪ੍ਰਿਥੀਆ ਕਰ ਕਰ ਟੇਢਕ ਬਰਲ ਚਲਾਯਾ । ਮਹਾਂਦੇਉ ਅਹੰਮੇਉ ਕਰ ਕਰ ਬੇਮੁਖ ਪੁਤਾਂ ਭਉਕਾਯਾ।ਚੰਦਨ ਵਾਸ ਨ ਵਾਸ ਬੁਹਾਯਾ ਵਾਰ ੨੬। ਪੌ: ੩੩। ਯਹ ਪੌੜੀ ਵਿਚਾਰਣੀਯ ਹੈ ਕਾਹਿ ਤੈ ਇਸ ਕਾ ਗੁਰੂ ਪੁਤ੍ਰੋਂ ਕੀ ਨਸ਼ੇਧੀ ਮੇਂ ਤਾਤਪਰਯ ਸਮਝਣੇ ਸੇ ਆਦਿ ਦਰਵਾਰ ਸਾਹਿਬ ਦੀ ਬਾਣੀ ਸੇ ਵਿਰੋਧ ਹੋਵੇਗਾ। ਯਥਾ ਗਉੜੀ ਛੰਤ ਮ: ੫ ॥

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ ॥ ੧ ॥

ਤਥਾ—ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ ॥ ੨ ॥

ਤਥਾ—ਮੋਹਨ ਤੁਧ ਸਤ ਸੰਗਤਿ ਧਿਆਵੈ ਦਰਸ ਧਿਆਨਾ ॥ ੩ ॥

ਤਥਾ—ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ ॥ ੪ ॥ ਇਹੁ ਚਾਰੇ ਸਬਦ ਮੋਹਣ ਜੀ ਜੋ ਤੀਸਰੇ ਗੁਰੂਜੀ ਕੇ ਪੁਤ੍ਰ ਥਨ ਤਿਨਕੀ ਉਸਤਤੀ ਕੇਹੈਂ, ਯਹ

Sri Satguru Jagjit Singh Ji Elibrary NamdhariElibrary@gmail.com

ਵਜਵਸਥਾ ਗੁਰਬਿਲਾਸ ਕੇ ਚੌਥੇ ਅਧਜਾਯ ਕੇ ਪੰਨੇ ੩੯ ਪਰ ਭੀ ਕਰੀ ਹੈ।

ਤਥਾ ਰਾਮਕਲੀ ਸਦੁ ਵਿਚੋਂ—ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥

ਤਥਾ-ਧਰਮਚੰਦ ਜੀ ਦੀ ਪੰਜਸੌ ਮੋਹਰ ਅਤੇ ਘੋੜਾਭੇਟਾ ਕਰਕੇ ਸ੍ਰੀਚੰਦ ਜੀ ਪਾਸ ਗਏ ਗੁਰੂ ਹਰਿ ਗੋਬਿੰਦਜੀ। ਧਿ: ੧੬। ਪੰ: ੩੬੬। ਗੁਰਬਿਲਾਸ ਮੇਂ ਸਪਸ਼ਟ ਹੈ।

ਤਥਾ ਗੁਰਬਿਲਾਸ ਦੋਹਰਾ—

ਰਾਮ ਦਾਸ ਕੋ ਤਿਲਕ ਜਬ, ਅਮਰਦਾਸ ਗੁਰ ਦੀਨ। ਮੋਹਰੀ ਸੁਤ ਚਰਨੀ ਲਗੋ ਕਹੀ ਕਥਾ ਜਿਉਂ ਚੀਨ ॥ ਧਿ: ੪। ਪੰ: ੪੧ ॥

ਤਥਾ—ਬਾਲਜਤੀ ਸ੍ਰੀਚੰਦ ਮਹਾਰਾਜ ਕੀ ਬਾਣੀ ਭੀ ਗੁਰੂ ਅਰਜਨ ਦੇਵ ਜੀ ਗ੍ਰੰਥਸਾਹਿਬ ਮੇਂ ਚੜ੍ਹਾਵਤੇ ਭਏ ਤਹਾਂ ਬਾਰਠ ਨਾਮ ਨਗਰ ਜੋ ਪਹਾੜ ਦੀ ਕੰਢੀ ਮੇਂ ਹੈ ਜਹਾਂ ਥੰਮ ਸਾਹਿਬ ਅਬਤਕ ਪ੍ਰਸਿੱਧ ਹੈ ਗੁਰੂ ਅਰਜਨ ਸਾਹਿਬ ਜੀ ਵਹਾਂ ਗਏ ਸ੍ਰੀਚੰਦ ਜੀ ਕੀ ਪ੍ਰਸੰਨਤਾ ਅਰਥ, ਸੋਲਾਂ ਅਸਟਪਦੀਆਂ ਸੁਖਮਨੀ ਸਾਹਿਬ ਦੀਆਂ ਭੇਟਾ ਕਰੀਆਂ ਅਰ ਕਹਾ ਜੀ ਚੌਵੀ ਪੂਰੀਆਂ ਕਰੋ। ਸੁਨ ਕਰ ਸ੍ਰੀਚੰਦ ਜੀ ਪਰਮ ਪ੍ਰਸੰਨ ਭਏ ਔਰ ਇਸ ਬਾਣੀ ਕਾ ਅਤਿ ਮਹਾਤਮ

Sri Satguru Jagjit Singh Ji Elibrary NamdhariElibrary@gmail.com

**ਉਚਾਰਨ ਕੀਆ ਤਬ ਆਦਿ ਸੱਚ ਏਹ ਸਲੋਕ ਸ੍ਰੀ ਚੰਦ ਜੀ ਨੇ ਕਹਾ ਅਗੇ ਅੱਠ ਅਸ਼੍ਟਪਦੀਆਂ ਗੁਰੂ ਜੀ ਨੇ ਉਚਾਰਨ ਕਰੀਆਂ ਯਹ ਵਜਵਸਥਾ ਫਰੀਦਕੋਟ ਵਾਲੇ ਟੀਕਾ ਮੇਂ ਸਪਸ਼ਟ ਹੈ ਇਤਿ ॥**

ਇਨ ਸਰਵ ਵਾਕਜੋਂ ਕਾ ਵਿਰੋਧ ਹੋਵੇਗਾ ਯਾਂਤੇ ਪੂਰਬੋਕਤ ਗੁਰਦਾਸ ਜੀ ਕੀ ਪੌੜੀ ਕਾ ਬਾਬਾ ਸ੍ਰੀਚੰਦਾਦਿਕੋਂ ਕੇ ਵਾਸਤਵਿਕ ਅਹੰਕਾਰ ਨਾ ਹੋਨੇ ਪਰ ਭੀ ਅਭਿਮਾਨ ਕਾ ਆਰੋਪ ਕਰਕੇ ਕੈਮੁਤਿਕ ਨਜਾਯ ਸੇ ਅਹੰਕਾਰ ਕੀ ਦੁਸ਼ਟਤਾ ਦਿਖਲਾਨੇ ਮੇਂ ਤਾਤਪਰਯ ਹੈ, ਅਨਜਥਾ ਆਦਿ ਗੁਰੂ ਗ੍ਰੰਥ ਸਾਹਿਬ ਆਦਿਕੋ ਕੇ ਵਚਨੋਂ ਸੇ ਵਿਰੋਧ ਹੋਵੈਗਾ ਹਾਂ, ਪ੍ਰਿਥੀਚੰਦ ਮੇਂ ਅਭਿਮਾਨ ਸੱਚਾ ਥਾ ਸੋ ਗੁਰ ਬਿਲਾਸ ਕੇ ਧਿ: ੭ ਮੇਂ ਜਹਾਂ ਪਰਲੋਕ ਮੇਂ ਗੁਰੂਆਂ ਕੇ ਸਮੀਪ ਸ੍ਰੀ ਚੰਦ ਲਖਮੀ ਚੰਦਾਦਿਕ ਗੁਰੂ ਪੁਤ੍ਰ ਬਿਰਾਜ ਮਾਨ ਥੇ ਤਹਾਂ ਪ੍ਰਿਥੀਚੰਦ ਕੋ ਗੁਰੂ ਜੀ ਨੇ ਨਹੀਂ ਬੈਠਨੇ ਦੀਆ, ਵਿਸਤਾਰ ਦੇਖੋ ਧਿ: ੭। ਪੰ: ੧੨੫।

ਪ੍ਰੰਤੂ ਪੁਤ੍ਰ ਤੋ ਸ੍ਰੀ ਨਰੰਕਾਰ ਅਕਾਲ ਪੁਰਖ ਸ੍ਰੀ ਗੁਰੂ ਰਾਮ ਦਾਸ ਜੀ ਹੀ ਕੇ ਥੇ ਯਾਂਤੇ ਅਸੀਂ ਪਾਮਰ ਜੀਵ ਗੁਰੂ ਜੀ ਕੇ ਪੁਤ੍ਰੋਂ ਪਰ ਦੂਸ਼ਣ ਅਰੋਪਣ ਕੇ ਹਕਦਾਰ ਨਹੀਂ।

**ਤਥਾ—**ਯਦੀ ਜਨਮ ਸਾਖੀ ਨਾਨਕ ਪ੍ਰਕਾਸ਼ਾਦਿਕੋਂ ਮੇਂ ਗੁਰੂ ਜੀ ਕੇ ਬਚਨ ਨਾ ਮਾਨਨੇ ਸੇ ਗੁਰੂ ਪਦਵੀ ਕੋ ਪ੍ਰਾਪਤ ਨਾ ਹੂਏ, ਵਿਚਾਰ ਕਰ ਸ਼੍ਰੀਚੰਦ੍ਰ ਜੀ ਤਥਾ ਲਖਮੀਚੰਦ ਜੀ ਨੇ ਗੁਰੂ ਪਿਤਾ ਜੀ ਕੇ ਚਰਣਾਂ ਮੇਂ ੨ ਨਾ ਪ੍ਰਾਰਥੀ ਹੋਕਰ ਖਿਮਾ ਮਾਂਗੀ, ਗੁਰੂਜੀ ਸੇ ਸਰਵ ਰਿੱਧੀ ਸਿੱਧੀ ਲੋਕ ਪ੍ਰਤਿਸ਼ਠਾ ਕਾ ਬਰਦਾਨ ਪ੍ਰਾਪਤ ਕੀਆ। ਤੋ ਪੂਰਬ ਕਿੰਚਿਨਮਾਤ੍ਰ ਨਾ ਆਗਿਆ ਪਾਲਨ ਸੇ ਪੁਤ੍ਰੋਂ ਪਰ ਅਪ੍ਰਸੰਨ ਹੂਏ ਗੁਰੂ ਜੀ ਨੇ ਫਿਰ ਉਨ ਕੀ ਪ੍ਰਾਰਥਨਾ ਸੇ ਪ੍ਰਸੰਨ ਹੋਕਰ ਬਰਦਾਨ ਦੀਆ। ਨਯਾਯ ਸੇ ਵਿਚਾਰੀਏ ਤੋ, ਉਤਰ ਵਾਰਤਾ ਮਾਨਨੀਯ ਹੈ। ਪੂਰਬ ਦੋਸ਼ੋ ਸੇ ਮੁਕਤ ਕਰ ਦੀਏ ਬਾਬਾ ਸ਼੍ਰੀਚੰਦ੍ਰ ਜੀ। ਸੋ ਸੰਛੇਪ ਸੇ ਕਹਤੇ ਹੈਂ:—

ਯਥਾ ਜਨਮਸਾਖੀ—ਹੇ ਸ੍ਰੀ ਬਾਬਾ ਜੀ ! ਕਰਤਾਰ ਦੀ ਦੁਹਾਈ ਚਾਰ ਘੜੀਆਂ ਗੱਲਾਂ ਕਰ ਜਾਵੋ ਤਾਂ ਸ੍ਰੀ ਗੁਰੂ ਜੀ ਸਚਖੰਡ ਵਿਚੋਂ ਆਕੇ ਫਿਰ ਉਠ ਬੈਠੇ ਔਰ ਬੋਲੇ ਬਚਨ ( ਹੇ ਪੁਤ੍ਰ ! ਜੇ ਕਦੀ ਚਾਰ ਜੁਗ ਮੰਗਦੇ ਤਾਂ ਅਸੀਂ ਚਾਰ ਜੁਗ ਰਹਿੰਦੇ ਤੁਹਾਡੇ ਪਾਸ ) ਹੱਛਾ, ਕਰੋ ਗੱਲਾਂ, ਤਾਂ ਸਾਹਿਬਜ਼ਾਦਿਆਂ ਬੇਨਤੀ ਕਰੀ ਹਮਾਰੇ ਕੋ ਕੋਈ ਮਾਨੇਗਾ ਭੀ।

(ਗੁਰੂ ਜੀ—ਜੋ ਗੁਰੂਪੀਰ ਹੁੰਦੇ ਹਨ ਉਨ ਕੇ ਕੂਕਰ ਪੂਜੀਤੇ ਹੈਨ ਤੁਸੀਂ ਤਾਂ ਖਾਸ ਮੇਰੇ ਪੁਤ੍ਰ ਹੋ। ਚਿੰਤਾ ਨਾ ਕਰੋ ਜੋ ਕੋਈ ਇਸ ਸੰਸਾਰ ਤੇ ਪਿਛੇ ਸਾਨੂੰ ਮੰਨੇਗਾ, ਓਹ ਹੀ ਤੁਹਾਨੂੰ ਮੰਨੇਗਾ ਸਾਡੇ ਪੀਛੇ ਸਾਹਬਜ਼ਾਦੇ ਕਰਕੇ ਪੂਜੇ ਜਾਓਗੇ ਤਬ ਦੋਹਾਂ ਪੁਤ੍ਰਾਂ ਪਰ ਗੁਰੂ ਜੀ ਨੇ ਬਹੁਤ ਖੁਸ਼ੀ ਕੀਤੀ। ਵਿਸ-ਤਾਰ ਦੇਖੋ ਚਲਾਣੇ ਦੀ ਸਾਖੀ ਪੰਨੇ ੬੩੧।

ਤਥਾ ਗੁਰਬਿਲਾਸ ਮੇਂ ਦੋਹਾ—ਸ੍ਰੀਗੁਰੂ ਤਬ ਐਸੇ ਕਹਾ, ਤੁਮਰੇ ਦਰਬ ਅਪਾਰ। ਕਲਹ ਸਦਾ ਤੁਮਰੇ ਰਹੈ ਪੂਜਜ ਤੁਮੇ ਸੰਸਾਰ॥ ਧਿਃ ੧੬ ਪੰਃ ੩੬੩॥

ਤਥਾ—ਸੂਰਜ ਪ੍ਰਕਾਸ਼ ਮੇਂ ਰੌਰੇ ਦਾ ਬਰਤੌ ਖਾਲਸੇ ਨੂੰ ਭੀ ਦਸਮ ਰੂਪ ਹੋਕਰ ਦੀਆ ਹੈ।

ਚੌਃ-ਪੰਥ ਖਾਲਸੇ ਮੈ ਵਡ ਰੌਰਾ।
ਕਰਿਯੋ ਬਚਨ ਸੋਢੀ ਸਿਰ ਮੌਰਾ।
ਕਬ ਹੂੰ ਮਿਟਤ ਨਹੀਂ ਅਬ ਸੋਈ।
ਵਰਤਹ ਕੁਛਕ ਸ਼ੋਰ ਵਡ ਹੋਈ।
[ਐਨ ੨। ਅੰਸੂ ੧੪। ]

ਸੋ ਪ੍ਰਸਿੱਧ ਹੀ ਹੈ, ਤਥਾ ਉਦਾਸੀਨ ਸੰਪ੍ਰਦਾਯ ਕੇ ਜੁਧ ਜੰਗ ਲੜਾਈਆਂ ਸੂਰਜ ਪ੍ਰਕਾਸ਼ਾਦਿਕੋਂ ਮੇਂ ਪ੍ਰਸਿੱਧ ਹਨ। ਸ੍ਰੀਬਾਬੇ ਗੁਰਦਤੇ ਜੀ ਦਾ ਜੁਧ ਦੇਖੋ ਰਾਸ ੯ ਅੰਸੂ ੨੮ ਸੂਰਜ ਪ੍ਰਕਾਸ਼ ਇਤ੍ਰਿ।

ਤਥਾ ਬਾਬੇ ਕ੍ਰਿਪਾਲ ਦਾਸ ਜੀ ਦਾ ਜੰਗ ਦੇਖੋ ਬਿਚਿੱਤ੍ਰਨਾਟਕ ਦਸਮ ਦਰਬਾਰ ਧਿਃ ੯ ਤਥਾ ਸੂਰਜ ਪ੍ਰਕਾਸ਼ੋਕਤ ਚੌਪਈ—

Sri Satguru Jagjit Singh Ji Elibrary NamdhariElibrary@gmail.com

ਨਾਮ ਕ੍ਰਿਪਾਲ ਮਨੋ ਸ਼ਿਵ ਵੈਸਾ।
ਥਿਰਉ ਅਡੋਲ ਸਮਾਧੀ ਹੈਸਾ।

ਤਥਾ ਗੁਰੂ ਦਸਮੇਸ ਜੀ ਨੇ ਵਚਨ ਕਰਨਾ ਉਸ ਮਹੰਤ ਨੂੰ ਪ੍ਰਸੰਨ ਹੋਕਰ। ਚੌਃ—

ਕਲਗੀ ਧਰ ਸ੍ਰੀ ਮੁਖ ਮੁਸਕਾਨੇ।
ਭਏ ਪ੍ਰਸੰਨ ਕ੍ਰਿਪਾ ਰਸ ਸਾਨੇ।
ਜਾਹੁ ਅਵਹ ਤਿਹ ਲੇਹੁ ਬੁਲਾਈ।
ਰਖੀ ਭੇਖ ਕੀ ਲਾਜ ਵਡਾਈ।

ਵਿਸਤਾਰ ਦੇਖੋ ਰੁਤ ੨। ਅੰਸੂ ੨੩। ਤਥਾ ਗੁਰੂ ਦਸਮੇਸ਼ ਜੀ ਦੇ ਚਲਾਣੇ ਸਮੇਂ ਹਜ਼ੂਰ ਸਾਹਿਬ ਮੇਂ—

ਚੌਃ—ਬਰਨੈ ਰਾਮ ਕੁਅਰ ਕਥ ਭਾਈ।
ਮੈ ਨ ਹੁਤੋ ਸੰਗਤ ਤਿਸ ਥਾਈ।
ਬਾਲੂ ਹਸਨੇ ਕੇਰ ਉਦਾਸੀ।
ਰਹੀ ਜਮਾਤ ਗੁਰੂ ਕੇ ਪਾਸੀ।
ਸਰਬ ਪ੍ਰਸੰਗ ਕੋ ਤਿਨਹੁ ਨਿਹਾਰਾ।
ਪੰਚ ਵਾਰ ਮੁਝ ਸੰਗ ਉਚਾਰਾ।

[ਐਨ ੨ ॥ ਅੰਸੂ ੨੬ ॥ ਸੂਰਜ ਪ੍ਰਕਾਸ ਇਤਿ]

ਬਿਧ ਰੀਤ ਸੈ ਉਦਾਸੀ ਸੰਪ੍ਰਦਾਇ ਕੇ ਮਹੰਤ ਸੰਤ ਗੁਰੂ ਜੀ ਕੇ ਸਮੀਪੀ ਹੋਨੇ ਤੇ ਬਰਦਾਨ ਪ੍ਰਾਪਤ ਕਰਨੇ ਸੇ ਅਬ ਤਕ ਭੀ ਤਿਨ ਮਹੰਤੋਂ ਮੇਂ ਸ਼ਕਤਿ ਗੁਰੂਓਂ ਕੇ

ਵਚਨੋਂ ਕੀ ਪੂਰਨ ਹੈ॥ ਇਤਿ ॥ ਤਬਾ ਪੂਰਬ ਪ੍ਰਕਰਣ ਯਹ ਨਾਨਕ ਪ੍ਰਕਾਸ਼ੋਕਤ ॥ ਚੌ:-

ਤਿਹ ਛਿਨ ਸ੍ਰੀ ਚੰਦ ਕਰ ਬੰਦੇ।
ਬੋਲਿਯੋ ਬਚਨ ਸੁਨੋ ਸੁਖ ਕੰਦੇ।
ਤੁਮ ਅੰਤਰਯਾਮੀ ਸਭ ਜਾਨੋ।
ਬਿਨਾ ਕਹੇ ਤੇ ਭੇਵ ਪਛਾਨੋ।

ਗੁਰਿਆਈ ਤੋ ਲਹਣੇ ਨੂੰ ਦਿਤੀ ਚੌ:-

ਨਹੀ ਹਮਾਰੋ ਚਾਰੋ ਕੋਊ।
ਜਿਉਂ ਭਾਵੈ ਤਿਉਂ ਕਰੀਏ ਸੋਊ।
ਜਗ ਮੈ ਮਨਤਾ ਹ੍ਵੈ ਨ ਹਮਾਰੀ।
ਕੋਇ ਨ ਦੇਵੈ ਭੇਟ ਅਗਾਰੀ।
ਨਾਮ ਲਾਜ ਤੁਮਹੀ ਕੋ ਸਾਰੀ।
ਇਮ ਕਹਿ ਮੁਖ ਤੇ ਤੂਸਨ ਧਾਰੀ।
ਗੁਨ ਖਾਨੀ ਸੁਨ ਕਰਨਾ ਠਾਨੀ।
ਬੋਲੇ ਸੁਤਨ ਸੰਗ ਪੁਨ ਬਾਨੀ।
ਰਿੱਧ ਸਿੱਧ ਸਭ ਹ੍ਵੈ ਕੁਲ ਮਾਹੀ।
ਪਟ ਧਨ ਧਾਮ ਤੋਟ ਕਬ ਨਾਹੀ।
ਗੁਰੂ ਪੀਰ ਕੇ ਜੇ ਹੈਂ ਸੁਆਨਾ।
ਤਿਨ ਕੋ ਮਾਨਹ ਜਗਤ ਮਹਾਨਾ।
ਤੁਮ ਤੋ ਤਾਤ ਭਏ ਮੁਝ ਤਨ ਤੇ।

Sri Satguru Jagjit Singh Ji Elibrary NamdhariElibrary@gmail.com

ਭੇਟਾ ਕਿਉਂ ਨ ਦੇਹ ਹਿਤ ਮਨਤੇ।
ਕਰਾਮਾਤ ਹ੍ਵੈ ਹੈ ਤੁਮ ਮਾਹੀ।
ਸਿਖ ਹਮਾਰੇ ਸਰਬ ਪੂਜਾਹੀ।
ਜਗਤ ਬਿਰਾਜਹੁ ਸਭ ਤੇ ਊਚੇ।
ਤੁਮਰੀ ਸਮਤਾ ਕੋ ਨ ਪਹੂਚੇ।

[ਵਿਸਥਾਰ ਦੇਖੋ ਉਤਰਾਰਧ ਧਿ: ਪ੭ ॥ ਪੰਨੇ ੨੯੩] ੨੯੪ ॥ ਇਸ ਰੀਤ ਸੇ ਏਹਾਂ ਭੀ ਗੁਰੂ ਜੀ ਨੇ ਬਹੁਤ ਪ੍ਰਸੰਨਤਾ ਸੈਂ ਬਰਦਾਨ ਦੀਏ, ਅਤੇ ਛੀਆਂ ਗੁਰੂਆਂ ਤ਼ਕ ਸ੍ਰੀ ਚੰਦ੍ਰ ਮਹਾਰਾਜ ਕੀ ਭੇਟਾ ਦੇਤੇ ਰਹੇ। ਸੋ ਸੰਛੇਪ ਤੇ ਕਹਤੇ ਹੈਂ, ਸੂਰਜ ਪ੍ਰਕਾਸ਼ੋਕਤ ਦੋ:—

ਏਕ ਦਿਨਾ ਸ੍ਰੀ ਚੰਦ ਜੀ ਮਨ ਮਹਿ ਕਰਤ ਬਿਚਾਰ।
ਰਾਮ ਦਾਸ ਅਬ ਗੁਰੂ ਭਏ ਹਮ ਸੋ ਕੈਸ ਪਜਾਰ।

ਚੌ:—ਐਸੇ ਮਨ ਮਹਿ ਕਰਤ ਬਿਚਾਰੀ। ਚਲੇ ਗੁਦੜੀਆ ਕਰ ਅਸਵਾਰੀ।
ਸੁਨਕੇ ਰਾਮ ਦਾਸ ਗੁਰ ਪੂਰੇ। ਤੂਰਨ ਚਲੇ ਪ੍ਰੇਮ ਭਰਪੂਰੇ।
ਹਾਥ ਜੋਰ ਕਰ ਕਰੀ ਪ੍ਰਨਾਮੂ। ਆਨੇ ਘਰ ਮਹਿ ਬਿਨੈ ਬਖਾਨੂ।
ਏਕ ਸੁ ਹੈ ਪੰਜ ਸਡ ਰੁਪੱਈਆ। ਦੀਨ ਭੇਟ ਬਹੁ ਸੇਵ ਕਮਈਆ।
ਏਕ ਜਾਮ ਦਿਨ ਜਬੈ ਰਹਾਇਓ। ਆਇ ਰਬਾਬੀ ਕੀਰਤਨ ਗਾਇਓ।
ਊਚ ਸਥਾਨ ਸ੍ਰੀ ਚੰਦ ਬੈਠਾਏ। ਆਪ ਨੰਮ੍ਰ ਕਰ ਤਰੇ ਤਕਾਏ।
ਸ੍ਰੀ ਚੰਦ ਬੋਲੇ ਤਤਕਾਲੂ। ਕਰਤ ਪਰਖਣਾ ਪ੍ਰੇਮਦਇਆਲੂ।
ਇਤਨਾ ਦਾੜ੍ਹਾ ਕੈਸ ਬਧਾਯੋ। ਸੁਨਕੇ ਸਤਿਗੁਰ ਭੇ ਨੰਮਰਾਯੋ।

ਦੋ:—ਚਰਨ ਗਹੇ ਕਰ ਪ੍ਰੇਮ ਸੋ ਪੋਛਹਿ ਬਾਰੰਬਾਰ।
ਇਸ ਹੀ ਹੇਤ ਬਧਾਤ ਭੇ ਸੁਨੀਏ ਸਤਿਗੁਰ ਦਯਾਰ॥

ਦੇਖ ਨੰਮਰਤਾ ਗੁਰੂ ਕੀ ਸ੍ਰੀਚੰਦ ਭਏ ਪ੍ਰਸੰਨ। ਅੰਗਦ

ਲੀਨੀ ਸੇਵ ਕਰ ਤੁਮਰੋ ਪ੍ਰੇਮ ਅਨੰਨ। ਤੁਮਰੀ ਮਹਿਮਾ ਅਧਿਕ ਹੈ ਕਹੀਏ ਕਾਹਿ ਬਨਾਇ। ਤੁਮਰੇ ਸਰ ਮਹਿ ਜੋ ਮਜਹਿ ਪਾਪੀ ਭੀ ਗਤਿ ਪਾਇ। ਐਸੇ ਬਰ ਦੈ ਚਲਤ ਭੇ ਜਹਿ ਪੁਰ ਸ੍ਰੀ ਕਰਤਾਰ। ਰਾਮ ਦਾਸ ਸ੍ਰੀ ਸਤਿਗੁਰੂ ਪਤਿਤ ਉਧਾਰਨ ਹਾਰ॥ ਰਾਸ੨॥ਅੰਸੂ੧੪॥

ਤਥਾ—ਛਠਮ ਸਾਹਿਬ ਜੀ ਨੇ ਅਪਨਾ ਵਡਾ ਪੁਤ੍ਰ ਗੁਰ ਦਿਤਾ ਜੀ ਸ੍ਰੀ ਚੰਦ੍ਰ ਜੀ ਕੀ ਭੇਟਾ ਕਰਨਾ। ਚੌ:—

ਸ੍ਰੀ ਅਮ੍ਰਿਤਸਰ ਕੋ ਤਬ ਛੋਰ। ਗਮਨੇ ਪ੍ਰਭੁ ਗਿਰਨ ਕੀ ਓਰ।
ਦੇਸ ਮਨੋਹਰਿ ਪ੍ਰਬਤ ਕਾਛੇ। ਤਿਸੈ ਨਿਹਾਰਤ ਸਤਿਗੁਰ ਬਾਛੇ।
ਸੁਨਿਓ ਪ੍ਰਿਥਮ ਹੀ ਤਿਸ ਦਿਸ ਮਾਹੀ। ਸ੍ਰੀਨਾਨਕ ਨੰਦਨ ਰਹਿ ਤਾਹੀ।
ਸ੍ਰੀ ਚੰਦ ਜਿਨ ਵੈਸ ਬਲੰਦ। ਜੋਰ ਬਿਰਤ ਕੋ ਲੇਤ ਅਨੰਦ।
ਸ੍ਰੀ ਹਰਿ ਗੋਬਿੰਦ ਚਹੈਂ ਨਿਹਾਰੈਂ। ਗਮਨੇ ਤਿਸਹੀ ਦੇਸ ਬਿਹਾਰੈਂ।

ਤਥਾ—ਬਹੁਰਿ ਜਹਾਂ ਸ਼੍ਰੀ ਨਾਨਕ ਨੰਦ। ਪਹੁੰਚੇ ਤਹਿ ਸ੍ਰੀ ਹਰਿ ਗੋਬਿੰਦ॥
ਉਤਰ ਤੁਰੰਗ ਤੇ ਲੇ ਸੁਤ ਚਾਰੀ। ਸ੍ਰੀਚੰਦ ਦਰਸੇ ਤਪ ਧਾਰੀ॥
ਚਰਨ ਕਮਲ ਪਰ ਬੰਦਨ ਕੀਨ। ਪੁਨ ਕਰ ਜੋਰ ਸਮੁਖ ਆਸੀਨ।
ਪਰਮ ਵਿਰਧ ਜੋਗੇਸੁਰ ਹੇਰਾ। ਸ੍ਰੀ ਬਾਬੇ ਸੁਤ ਕਹਿ ਤਿਸ ਵੇਰਾ।
ਕਹੁ ਪੁਰਖਾ ਕੇਤਕ ਹੈਂ ਨੰਦ। ਤਬ ਬੋਲੇ ਸ੍ਰੀ ਹਰਿ ਗੋਬਿੰਦ॥
ਪਾਂਚੋਂ ਤੇ ਇਕ ਭਾ ਪ੍ਰਲੋਕਹ। ਚਤੁਰ ਆਪਕੋ ਦਰਸ ਬਿਲੋਕਹ।
ਕਹਿ ਸ਼੍ਰੀਚੰਦ ਏਕ ਹਮ ਦੈਹੋ। ਅਪਰ ਆਪ ਕੇ ਸੰਗ ਰਖੈਹੋ॥
ਸੁਨ ਕਰ ਸ੍ਰੀ ਗੁਰੁ ਹਰਿਗੋਬਿੰਦ। ਵਡ ਸੁਤ ਅਰਪਿਉ ਤਬ ਸ਼੍ਰੀਚੰਦ॥
ਸ਼ਸਤ੍ਰ ਬਸਤ੍ਰ ਪਹਿਰਾਇ ਨਵੀਨ। ਢਿਗ ਬੈਠਾਇ ਕਰਬੰਦਨ ਕੀਨ।
ਸ੍ਰੀ ਨਾਨਕ ਸੁਤ ਭਯੋ ਪ੍ਰਬੀਨ। ਧਰਹੁ ਨੰਮ੍ਰਤਾ ਜਾਂਤੇ ਧੰਨ॥
ਸਭ ਕੁਛ ਲੀਨੋ ਪੂਰਬ ਤੁਮੈ। ਟੋਪੀ ਰਹੀ ਹੁਤੀ ਇਹ ਸਮੈ॥
ਸੋਪਿ ਲਈ ਤੁਮ ਜੁਤ ਵਡਿਆਈ। ਤੁਮਰੀ ਕ੍ਰਿਤ ਤੁਮੈ ਬਨਿ ਆਈ॥
ਇਮ ਕਹ ਟੋਪੀ ਸਿਰ ਤੇ ਲੀਨ। ਗੁਰ ਦਿਤੇ ਕੇ ਸਿਰ ਧਰ ਦੀਨ॥
ਅਪਰ ਪੁਤਰ ਗੁਰਕੇ ਲਖ ਚਿੱਤਾ। ਭਯੋ ਸੁ ਬਾਬੇ ਕੋ ਗੁਰ ਦਿੱਤਾ॥
ਇਹੀ ਬਸੇਸਨ ਸਬ ਜਗ ਲਹੈ। ਸ੍ਰੀ ਬਾਬਾ ਗੁਰਦਿਤਾ ਕਹੈ॥

Sri Satguru Jagjit Singh Ji Elibrary NamdhariElibrary@gmail.com

ਨਿੱਧ ਸਿੱਧ ਤਪ ਬਲ ਤੇ ਭਰੀ। ਟੋਪੀ ਗੁਰ ਦਿੱਤੇ ਸਿਰ ਧਰੀ॥
[ਰਾਸ ੭ । ਅੰਸੂ ੯।]

ਇਤਯਾਦਿਕ ਔਰ ਭੀ ਪ੍ਰਕਰਣ ਹੈਂ, ਯਾਂਤੇ ਪੂਰਬੋਕਤ ਭਾਈ ਗੁਰਦਾਸ ਜੀ ਕੀ ਤੁਕਾਂ ਦਾ ਯਾ ਤੋ ਭਿੰਨ ੨ ਕਰਕੇ ਅਰਥ ਕਰੋ, ਵਾ ਤਿਨ ਕਾ ਭਾਵ ਕਹ ਆਏ ਹਾਂ, ਨਹੀਂ ਤਾਂ ਦਰਬਾਰ ਸਾਹਿਬ ਸੇ ਤਥਾ ਗੁਰਬਿਲਾਸ ਜਨਮਸਾਖੀ ਆਦਿਕੋਂ ਸੇ ਵਿਰੁਧਹੋਕਰ ਅਪ੍ਰਮਾਣ ਹੋਵੇਂਗੀ,ਤਹਾਂ ਏਕ ਯਹ ਭੀ ਤਾਤਪਰਯ ਹੈ ਕਿ ਗੁਰੂ ਜੀ ਕੇ ਮਹੱਤ੍ਵ ਕੋ ਲੇਕਰ ਅਨਯ ਜੀਵੋਂ ਕੇ ਅਹੰਕਾਰ ਨਿਬ੍ਰਿਤ ਕਰਨੇ ਮੇਂ ਜੀਵੋਂ ਕੋ ਉਪਦੇਸ਼ ਹੈ ਨਾ ਕਿ ਸ੍ਰੀ ਬਾਬਾ ਸ੍ਰੀਚੰਦ ਬਾਲਜਤੀ ਕੀ ਨਿੰਦਾ ਕਹਕਰ ਕਲਜੁਗ ਦੇ ਫੱਟੜ ਅਸਮਦਾਦਿ ਪਾਮਰ ਜੀਵਾਂ ਕੋ ਨਰਕ ਮੇਂ ਡਾਲਨੇ ਮੇਂ ਤਾਤਪਰਯ ਹੈ ਯਾਂਤੇ ਬਾਬਾ ਸ਼੍ਰੀਚੰਦ੍ਰ ਜੀ ਕੀ ਐਸੇ ਉਸਤੁਤੀ ਕਰੋ ਜੈਸੇਃ—

ਕਵਿ ਉਵਾਚ ਸਵੈਯਾ—ਸ਼੍ਰੀਚੰਦ੍ਰ ਸੁਪੁਤ੍ਰ ਵਡੇ ਗੁਰ ਕੇ ਪੁਨਿ ਬਾਲਜਤੀ ਸੁ ਭਏ ਭਵ ਮਾਂਹੀ। ਜਨੁ ਦੂਸਰ ਰੂਪ ਧਰੇ ਗੁਰ ਨਾਨਕ ਜੀਵਨ ਕੋ ਸ਼ੁਭ ਪੰਥ ਚਲਾਹੀਂ। ਸੀਸ ਜਟਾ ਸੁ ਪ੍ਰਕਾਸ਼ ਰਹੀਂ ਪੁਨਿ ਔਰ ਨ ਕੋ ਸਮ ਤਿਹ ਧਰ ਮਾਹੀ। ਕਵਿ ਸਿੰਘ ਨਿਹੰਗ ਕਰੇ ਬੰਦਨਾ ਸ਼੍ਰੀਚੰਦ ਸ਼੍ਰੀ ਪਦ ਪੰਕਜ ਮਾਹੀਂ॥

ਗੁਰ ਰੂਪ ਸਰੂਪ ਭਏ ਗੁਰੁ ਕੇ ਗੁਰ ਚੰਦ ਸ਼੍ਰੀ ਚੰਦ ਪਾਵਨ ਸੰਤਾ। ਕਿਧੋਂ ਦੂਸਰ ਰੂਪ ਧਰੋ ਸ਼ਿਵ ਨੇ ਜਗ ਜੀਵਨ ਕੋ ਸ਼ੁਭ ਪਾਵਨ ਪੰਥਾ।ਜਿਹ ਸੂਰਤ ਸੂਰਤ ਮੂਰਤ ਪੂਰਤ ਚੂਰਤ ਦੂਰਤ ਪਾਪਨ ਹੰਤਾ। ਨਿਸ ਕੇ ਜਨ ਦੂਰ ਨਿਵਾਰਿਵੇ ਕੋ ਰਵਿ ਹੀ ਪ੍ਰਗਟੇ ਭਵ ਮੈਂ ਭਗਵੰਤਾ॥ ਇਤਿ॥

Sri Satguru Jagjit Singh Ji Elibrary NamdhariElibrary@gmail.com

# ਸ਼੍ਰੀ ਦੱਤਾਤ੍ਰੇਯ ਆਦਿ ॥

ਅਤੇ ਗੁਰੂ ਸਾਹਿਬਾ ਨੇ ਤੋ ਕਿਸੀ ਭੇਖ ਕਾ ਭੀ ਖੰਡਨ ਨਹੀਂ ਕੀਆ ਕਿੰਤੂ ਸਰਬ ਤਿਨ ਕੇ ਆਚਾਰਯੋਂ ਕੀ ਉਸਤਤਿ ਕਰੀ ਹੈ ਯਥਾ ਸ੍ਰੀਮੁਖ ਵਾਕ ਪਾਤਸ਼ਾਹੀ ੧੦ ॥ ਦੱਤ ਸਤੋਤ੍ਰ ਵਿਚੋਂ:—ਅਵਲੋਕ ਦੱਤ੍ਰ ਮਹਿਮਾ ਮਹਾਨ। ਦਸ ਚਾਰ ਚਾਰ ਵਿਦਯਾ ਨਧਾਨ ॥ ਛੰ: ਪ੦

ਤਥਾ—ਜਟ ਜੋਗ ਜਾਸ ਸੋਭੰਤ ਸੀਸ। ਅਸ ਧਰਾ ਰੂਪ ਸੰਨਿਆਸ ਈਸ ॥ ਆਭਾ ਅਪਾਰ ਕਥ ਸਕੈ ਕਉਨ। ਸੁਨਿ ਰਹੇ ਜੱਛ ਗੰਧ੍ਰਬ ਮਉਨ। ਚੱਕ ਰਹਿਉ ਬ੍ਰਹਮਾ ਆਭਾ ਵਿਚਾਰ। ਲਾਜਿਯੋ ਅਨੰਗ ਆਭਾ ਨਿਹਾਰ। ਅਤਿ ਗਿਆਨਵੰਤ ਕਰਮਨ ਪ੍ਰਬੀਨ। ਅਨ ਆਸ ਗਾਤ ਹਰਿਕੋ ਅਧੀਨ। ਛਬਿ ਦ੍ਿਪਤ ਕੋਟ ਸੂਰਜ ਪ੍ਰਮਾਨ। ਚਕ ਰਹਿਯਾ ਚੰਦ ਲਖ ਆਸਮਾਨ ॥ ਛੰਦ ੬੦ ॥

ਤਥਾ—ਇਹ ਭਾਂਤ ਦੱਤ ਅਸਤੋਤ੍ਰ ਪਾਠ। ਮੁਖ ਪੜ੍ਹਤ ਅਛਰ ਗਯੋ ਪਾਪ ਨਾਠ। ਛੰ: ੭੮ ॥ ਤਥਾ-ਜਿਨ ਚਰਨ ਦੱਤਕੇ ਗਹੇ ਆਨ। ਤੇ ਭਏ ਸਰਬ ਵਿਦਿਯਾ ਨਿਧਾਨ। ਛੰ: ੧੬੭। ਦਸਮ ਦਰਵਾਰ ਮੇ ਦੇਖੋ ਵਿਸਥਾਰ ਰੁਦਰਾਵਤਾਰ ਇਤਿ।

Sri Satguru Jagjit Singh Ji Elibrary NamdhariElibrary@gmail.com

ਤਬਾ ਜਨਮ ਸਾਖੀ॥ ਗੁਰੂ ਜੀ—ਖਟ ਦਰਸ਼ਨ ਸਭ ਪੰਥਹ ਦੇਖੇ ਭੇਖ ਤੁਮਾਰਾ ਊਚਾ। ਜਾਤ ਬਰਨ ਸਭ ਸੇਵਕ ਤੁਮਰੇ ਸੰਗ ਨ ਕੋਊ ਪਹੂਚਾ। ਰਿੱਧ ਸਿਧ ਸਭ ਪੀਛੈ ਡਾਲੀ ਏਕੈ ਕੀਆ ਅਧਾਰਾ। ਨਾਨਕ ਕਹਿ ਸੁਣ ਦੱਤਾ ਸੁਆਮੀ ਸਾਚਾ ਭੇਖ ਤੁਮਾਰਾ। ਦੇਖੋ ਪੰਨੇ। ੨੬੯ ਤਬਾ ਨਾਨਕ ਪ੍ਰਕਾਸ਼ ਛੇਜਤੀ॥

ਅਬ ਛੇ ਜਤੀ ਸੁਨੋ ਦੈ ਕਾਨ। ਲਛਮਨ ਗੋਰਖ ਅਰੁ ਹਨੂਮਾਨ।
ਭੀਸ਼ਮ ਭੈਰੋਂ ਦੱਤ ਪਛਾਨੋ। ਚੌਰਾਸੀ ਸਭ ਸਿੱਧ ਬਖਾਨੋ।
ਵਿਸਤਾਰ ਦੇਖੋ ਪੁਰਬਾਰਧ ਧਿ: ੬੪। ]

ਸ਼ੰਕਾ—ਕਹਤੇ ਹੈਂ ਦੱਤ ਜੀ ਚੌਬੀ ਅਵਤਾਰੋਂ ਮੈ ਹੈ ਸੋ ਤਿਨਕੇ ਨਾਮ ਕਹੋ।

ਉਤਰ—ਕਬਿਤ। ਸੰਤ ਕੁਮਾਰ ਅਵਤਾਰ ਜਾਨੋ ਬਾਲਕਾਂ ਦਾ ਬ੍ਰਾਹ ਰੂਪ ਧਾਰਕੇ ਪਤਾਲੋਂ ਧਰ ਲਿਆਂ-ਵਦਾ। ਜੱਗਜ ਰੂਪ ਧਾਰਕੇ ਤੈਂ ਰਾਜਿਆਂ ਕੋ ਸਿਖਾਏ ਜੱਗ ਬ੍ਰਹਮਾ ਕੋ ਨਿਗਮ ਨਰ ਘੋੜਾ ਹੋ ਪੜ੍ਹਾਮਦਾ। ਨਾਰਾਇਣ ਰੂਪ ਧਾਰਕੇ ਤਪੱਸਯਾ ਸਿਖਾਈ ਤੈਨੇ ਕਪਲ ਮੁਨੀ ਹੋਕੇ ਗਜਾਨ ਮਾਤਾ ਕੋ ਸਿਖਾਮਦਾ। ਦੱਤ ਰੂਪ ਧਾਰਕੈ ਪ੍ਰਹਲਾਦ ਕੋ ਪੜ੍ਹਾਯੋ ਵੇਦ ਰਿਖਵ ਜੀ ਹੁਇਕੇ ਮਤ ਜੈਨ ਦਾ ਚਲਾਮਦਾ॥ ੧ ॥ਪ੍ਰਿਥੂ ਅਵ-ਤਾਰ ਧਾਰ ਰਾਜ ਦੀ ਚਲਾਈ ਨੀਤ ਮੱਛ ਰੂਪ ਧਾਰਕੇ

ਬ੍ਰਹਮ ਵੇਦ ਲਿਆਂਵਦਾ। ਕੱਛ ਰੂਪ ਧਾਰਕੇ ਤੈਂ ਪੀਠ ਪੈ ਉਠਾਯੋ ਗਿਰ ਧਨੰਤ੍ਰ ਦਾ ਰੂਪ ਸਭ ਰੋਗ ਕੋ ਮਿਟਾਂਵਦਾ। ਮੋਹਣੀ ਰੂਪ ਧਾਰਕੇ ਪਯੂਖ ਪਾਨ ਦੇਵਨ ਕੋ ਨਰ ਸਿੰਘ ਹੁਇਕੇ ਪ੍ਰਲਾਦ ਕੋ ਵਚਾਂਵਦਾ। ਬਾਵਨਾ ਵਤਾਰ ਧਾਰ ਮਾਪਿਯੋ ਸਭ ਧਰਨੀ ਕੋ ਹੰਸ ਰੂਪ ਧਾਰ ਗਯਾਨ ਰਿਖੀ ਕੋ ਬਤਾਂਵਦਾ। ਨਾਰਦ ਕਹਾਯੋ ਪੰਚ ਰਾਤ੍ਰ ਬਣਾਯੋ ਵੇਦ ਹਰੀ ਰੂਪ ਧਾਰਕੇ ਗਜਿੰਦ੍ਰ ਤਰਾਮਦਾ। ਹੋਇਕੇ ਪਰਸ ਰਾਮ ਛੱਤ੍ਰੀ ਸੰਘਾਰ ਕਰੇ ਰਾਮਾਵਤਾਰ ਮਾਰ ਰੌਣ ਕੋ ਮੁਕਾਂਵਦਾ। ਬਿਆਸ ਰੂਪ ਧਾਰ ਚਾਰ ਵੇਦ ਕੋ ਮੱਥਨ ਕੀਆ ਕ੍ਰਿਸ਼ਨ ਦੇ ਹੱਥੋਂ ਸਸਪਾਲ ਮੋਖ ਪਾਂਵਦਾ। ਬੋਧ ਰੂਪ ਧਾਰ ਜੱਗਯ ਰਾਖਸ਼ਾ ਦਾ ਬੰਦ ਕੀਤਾ ਕਲਕੀ ਸਰੂਪ ਅਗੇ ਤੇਜ ਨੂੰ ਦਿਖਾਂਵਦਾ॥ ੩ ॥ ਇਹੁ ਮਹਾਤਮਾ ਕੇ ਕਬਿਤ ਹੈਂ। ਇਨ ਅਵਤਾਰੋਂ ਕੀ ਕਥਾ ਕਾ ਵਿਸਥਾਰ ਦਸਮ ਗ੍ਰੰਥ ਸਾਹਿਬ ਤਥਾ ਭਾਗਵਤ ਮੈ ਭੀ ਦੇਖੋ। ਸਕੰਧ। ਪਹਲਾ ੧ ਧਿਃ ੩। ਤਥਾ—

ਸ੍ਰੀਹਨੂਮਾਨਾਦਕੋਂ ਕੀ ਉਸਤਤੀ। ਬਸੰਤ ਕਬੀਰ ਜੀ ਜਾਗੈ ਸੁਕ ਦੇਉ ਅਰੁ ਅਕ੍ਰੂਰੁ। ਹਣਵੰਤੁ ਜਾਗੈ ਧਰਿ ਲੰਕੂਰੁ। ਸੰਕਰੁ ਜਾਗੈ ਚਰਨ ਸੇਵ। ਕਲਿ ਜਾਗੇ ਨਾਮਾ ਜੈ ਦੇਵ। ਸਬਦ ੨॥

Sri Satguru Jagjit Singh Ji Elibrary NamdhariElibrary@gmail.com

ਅਰਥਾਂਤ ਇਹੁ ਗਜਾਨ ਜਾਗ੍ਰਤੇ ਮੇ ਜਾਗਤੇ ਹੈਂ । ਧਰ ਲੰਕੂਰ ਕਹੀਏ ਮਹਾਰਾਜਾ ਸੁਗ੍ਰੀਵ। ਅਰਥ ਟੀਕਾ ਮੇ ਸਪਸ਼੍ਰ ਹੈ। ਤਥਾ ਬਸੰਤ ਰਾਗ ਮੇ ਰਾਮਾਨੰਦ ਮਹਾਰਾਜ ਵੈਰਾਗੀ ਤਿਨਕੀ ਬਾਣੀ ਗੁਰੂ ਜੀ ਨੇ ਲਿਖੀ । ਤਥਾ ਪ੍ਰਮਾਨੰਦ ਜੀ ਤਿਨੋ ਕੇ ਗੁਰ ਭਾਈ ਕੀ ਬਾਣੀ ਸਾਰੰਗ ਰਾਗ ਮੇ ਸਪਸ਼੍ਰ ਹੈ। ਤਥਾ ਸ੍ਰੀ ਬਾਬਾ ਬੰਦਾ ਬਹਾਦਰ ਵੈਰਾਗੀ ਜਿਸਨੇ ਸਾਹਿਬ ਜਾਦਿਆਂ ਦਾ ਬਦਲਾਲੀਆ ਤਿਸਕਾ ਕੁਛਕ ਪ੍ਰਸੰਗ। ਸੌ ਸਾਖੀ ਤਹਾਂ। ਚੌਃ—

ਜਹਾਂ ਵਾਗ ਤਹਾਂ ਵੈਰਾਗੀ । ਬਾਮਣ ਕੁਲ ਸੇਵਕ ਤਪਰਾਗੀ।

ਤਥ—ਗੁਰੂ ਜੀ। ਪੰਥ ਤੇਜ ਤੇਰੇ ਹੀ ਦੀਨਾ। ਕਹ ਇਹ ਵਾਕ ਸ਼ਸਤ੍ਰ ਇਕ ਦੀਨਾ। ਸਾਖੀ। ੫੭॥

ਤਥਾ—ਇਹੁ ਬਾਬੇ ਬੰਦੇ ਦਾ ਪ੍ਰਸੰਗ ਸੂਰਜ ਪ੍ਰਕਾਸ਼ ਐਨ॥ ੨ ॥ ਅੰਸੂ ੪ ॥ ੫ ॥ ਆਦਿਕਾਂ ਮੇਂ ਭੀ ਸਪਸ਼ਟ ਹੈ।

ਤਥਾ—ਸੌ ਸਾਖੀ ਮੇ ਮਾਨ ਦਾਸਾਦਿਕ ਵੈਰਾਗੀ ਹੋਰ ਭੀ ਗੁਰੂ ਜੀ ਕੇ ਸਾਥ ਰਹੇ ਦੇਖੋ ਸਾਖੀ ੮੯।

ਤਥਾ—ਇਹੁ ਨਵਾਸੀਵੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੫। ਅੰਸੂ ੨੬। ੨੭। ਮੈਂ ਭੀ ਸਪਸ਼੍ਰ ਹੈ, ਬਾਬੇ ਬੰਦੇ ਕਾ ਨਾਮ ਪਹਿਲੇ ਮਾਧੋ ਦਾਸ ਥਾ ਯਥਾ ਸੂਰਜ ਪ੍ਰਕਾਸ਼ ਚੌਃ—

ਮਾਧੋ ਦਾਸ ਸੁਨਤੁ ਰਿਸ ਠਾਨੀ । ਕੋ ਐਸੋ ਜਗ ਪੁਰਖ ਗਮਾਨੀ।
[ਐਨ। ੨। ਅੰਸੂ। ੫॥

ਇਤਯਾਦਿਕ ਇਸ ਵਿਸ਼ੇ ਮੇ ਬਹੁਤ ਪ੍ਰਸੰਗ ਹਨ ॥ ਇਤਿ ॥

**ਯਾਂਤੇ ਜੋ ਇਨ ਗੁਰੂਜੀਕੇ ਸੱਚੇ ਭਾਵੋਂਕੋ ਨਹੀ ਪ੍ਰਗਟ**

Sri Satguru Jagjit Singh Ji Elibrary NamdhariElibrary@gmail.com

ਕਰਦੇ ਸੋ ਚੋਰ ਹੈਂ । ਕ੍ਰਿਤਘਨ ਹੈਂ ਨਰਕ ਕੋ ਜਾਵੈਂਗੇ ਈਹਾਂ ਦੁਖੀ । ਜੋ ਕਹਤੇ ਹੈਂ ਸਾਧੂ ਬ੍ਰਾਹਮਣ ਤੋ ਕੋਈ ਰਹਾ ਨਹੀ ਕਿਸ ਕੋ ਪੂਜੈਂ ਤੋ ਪਿਛਲਿਆਂ ਸਚਿਆਂ ਗੁਰੂ ਦਿਆਂ ਸਿਦਕੀਆਂ ਦੀ ਕੇਹੜਾ ਓਹ ਪੂਜਨਾ ਕਰਤੇ ਹੈਂ । ਇਸ ਰੀਤ ਸੈ ਭ੍ਰਮਣਾ ਨਹੀ ਗੁਰੂ ਸਿਧਾਂਤ ਸਰਬ ਪ੍ਰਤਿ ਸਾਂਝਾ ਹੈ। ਔ ਜਹਾਂ ਕਹੂੰ ਕਹੂੰ ਨਿਸ਼ੇਧਕ ਵਾਕਯ ਹਨ ਤਹਾਂ ਅਸਮਦਾ ਦੀ ਪਾਮ੍ਰ ਤਥਾ ਦ੍ਰਿਸ਼ਟਾ-ਤਮਾ ਜੀਵਾਂ ਕੀ ਦ੍ਰਿਸ਼ਟੀ ਕੋ ਲੇਕਰ ਨਹੀ ਕਿੰਤੂ ਨ੍ਰਿਪੇਖਯ ਨਿਰੰਕਾਰ ਸਰਬ ਬਿਆਪਕ ਕੀ ਅਪੇਖਯਾ ਕੋ ਲੇਕਰ ਹੈ। ਹੋਸ਼ ਕਰੋ ਕੀ ਅਨਰਥਕ ਬਾਤਾਂ ਟਰੈ-ਕਟਾਂ ਵਿਚ ਛਾਪਕੇ ਦੁਨਿਆ ਦੇ ਨਿਸਕਪਟ ਲੋਕਾਂ ਨੂ ਭਰਮੌਣਾ ਸ਼ੁਰੂ ਕੀਤਾ ਹੈ। ਅਤੇ ਮਹੰਤ ਨਾਰਾਇਣ-ਦਾਸ ਜੀ ਨੂੰ ਫੇਰੂ ਮਸੰਦ ਦੀ ਅੰਸ਼ ਲਿਖਾ ਹੈ ਸੋ ਬੇਸਮਝੀ ਹੈ, ਜੇਕਰ ਉਸ ਪ੍ਰਸੰਗ ਨੂੰ ਪੜ੍ਹੋ ਤੋ ਫੇਰੂ ਮਸੰਦ ਕੈਸਾ ਸਿਦਕੀ ਪ੍ਰੇਮੀ ਹੈ ਅਤੇ ਜਿਸ ਕੋ ਦਸਮੇਸ਼ ਜੀ ਨੇ ਸਿਰ ਪਾਓ ਦੀਆ ਹੈ । ਦੇਖੋ ਸੂਰਜ ਪ੍ਰਕਾਸ਼ ਰੁਤ ੩. ਅੰਸੂ ੩੦ ॥

Sri Satguru Jagjit Singh Ji Elibrary NamdhariElibrary@gmail.com

# ਜੈਸਾ ਕਰਮ ਤੈਸਾ ਫਲ

ਨਿਰਣਾ ਸੁਣ ! ਪ੍ਰਭਾਤੀ ਮਃ ੧ ॥ ਜਿਉ ਮਨੁ ਦੇਖਹਿ ਪਰਮਨੁ ਤੈਸਾ। ਜੈਸੀ ਮਨਸਾ ਤੈਸੀ ਦਸਾ ॥ ਅਸਟ ਪਦੀ ੧ ॥ ਤਥਾ ਸੌ ਸਾਖੀ—ਭਾਈ ਸਿਖੋ ਜੋ ਕੋਈ ਝੂਠੀ ਸੌਹ ਕਰਦਾ ਹੈ ਸੋ ਸਹੰਸਰ ਕੋਟ ਜਨਮ ਪਾਵੇਗਾ ਨਰਕ ਭੋਗੇਗਾ। ਤਥਾ ਮੇਰਾ ਸਿਖ ਨਹੀ ਚੋਟ ਹੈ ਗੁਰੂ ਕਾ ਜੇਹੜਾ ਸੌਂਹ ਗੁਰੂ ਕੀ ਕਰੇਗਾ ॥

ਦੋ:—ਸੌਂਹ ਨ ਕਰੀਏ ਸਾਚ ਪਰ ਝੂਠੇ ਟਿਕੇ ਨ ਪਾਇ। ਸਚਾ ਜੂਨੀ ਪਰ ਭੁਗੇ ਝੂਠਾ ਕੈਸਾ ਥਾਇ ॥ ਸਾਖੀ ੭੩ ॥ ਤਥਾ ਇਹ ੭੩ ਸਾਖੀਂ ਦਾ ਪ੍ਰਸੰਗ ਸੂਰਜ ਪ੍ਰਕਾਸ਼ ॥ ਰੁਤ ੫ ॥ ਅੰਸੂ ੧੧ ॥ ੧੨ ॥ ਮੈਂ ਭੀ ਸਪਸ਼ਟ ਹੈ ॥ ਤਥਾ ਚੌਃ—

ਸਪਤ ਖਾਇ ਸੋ ਸਿਖ ਨ ਮੇਰਾ।
ਤੱਸਕਰ ਹੈ ਲਹ ਕਸਟ ਬਡੇਰਾ।

[ਰੁਤ। ੫। ਅੰਸੂ। ੧੧। ਸੂਰਜ ਪ੍ਰਕਾਸ਼ ਇਤਿ ॥]

ਯਾਂਤੇ ਧਨਾਸਰੀ ਮਃ੧ ॥ ਚੋਰ ਕੀ ਹਾਮਾ ਭਰੇ ਨ ਕੋਇ। ਚੋਰੁ ਕੀਆ ਚੰਗਾ ਕਿਉ ਹੋਇ ॥ ਸ਼ਬਦ ੬ ॥

ਤਥਾ ਗਉੜੀ ਦੀ ਪਹਲੀ ਵਾਰ ਵਿਚੋਂ ਮ: ੫ ॥ ਨਰਕ ਘੋਰ ਬਹੁ ਦੁਖ ਘਣੇ ਅਕਿਰਤ ਘਣਾ ਕਾ

Sri Satguru Jagjit Singh Ji Elibrary NamdhariElibrary@gmail.com

ਥਾਨੁ । ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮ ॥ ਪੌ: ੨੯ ॥

ਤਥਾ ਧਨਾਸਰੀ ਮ: ੫ ॥ ਹਰਿ ਹਰਿ ਲੀਨੇ ਸੰਤ ਉਬਾਰਿ । ਹਰਿ ਕੇ ਦਾਸ ਕੀ ਚਿਤਵੈ ਬੁਰਿਆਈ ਤਿਸ ਹੀ ਕਉ ਫਿਰਿ ਮਾਰਿ ॥ ੧ ॥ ਰਹਾਉ ॥ ਜਨਕਾ ਆਪਿ ਸਹਾਈ ਹੋਆ ਨਿੰਦਕ ਭਾਗੇ ਹਾਰਿ । ਭ੍ਰਮਤ ਭ੍ਰਮਤ ਊਹਾਂ ਹੀ ਮੂਏ ਬਾਹੁੜਿ ਗ੍ਰਿਹਿ ਨ ਮੰਝਾਰਿ ॥ ੧ ॥ ਨਾਨਕ ਸਰਣਿ ਪਰਿਓ ਦੁਖ ਭੰਜਨ ਗੁਨ ਗਾਵੈ ਸਦਾ ਅਪਾਰਿ । ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ ॥ ਸ਼ਬਦ ੧੫ ॥

ਤਥਾ—ਭਾਈ ਗੁਰਦਾਸ ਜੀ । ਜੇਕਰ ਉਧਰੀ ਪੂਤਨਾ ਵਿਹੁ ਪੀਆਲਣ ਕੰਮ ਨ ਚੰਗਾ । ਗਨਿਕਾ ਉਧਰੀ ਆਖੀਐ ਪਰ ਘਰ ਜਾਇ ਨ ਲਈਐ ਪੰਗਾ । ਬਾਲਮੀਕ ਨਿਸਤਾਰਿਆ ਮਾਰੈ ਵਾਟ ਨ ਹੋਇ ਨਿਸੰਗਾ। ਬੱਧਕ ਉਧਰੈ ਆਖੀਅਨਿ ਫਾਹੀ ਪਾਇ ਨ ਫੜੀਐ ਟੰਗਾ । ਜੇ ਕਾਸਾਈ ਉਧਰਿਆ ਜੀਆਂ ਘਾਇ ਨ ਖਾਈਐ ਭੰਗਾ । ਪਾਰ ਉਤਾਰੈ ਬੋਹਿਥਾ ਸੋਇਨਾ ਲੋਹ ਨਹੀਂ ਇਕ ਰੰਗਾ । ਇਤ ਭਰਵਾਸੈ ਰਹਿਣ ਕੁਢੰਗਾ । ਵਾਰ । ੩੧ । ਪੌ: । ੯ । ਤਥਾ—

ਸਤਿਗੁਰ ਪੁਰਖ ਅਗੰਮ ਹੈ ਨਿਰਵੈਰ ਨਿਰਾਲਾ ।

Sri Satguru Jagjit Singh Ji Elibrary NamdhariElibrary@gmail.com

ਜਾਣਹੁ ਧਰਤੀ ਧਰਮ ਕੀ ਸੱਚੀ ਧਰਮ ਸਾਲਾ। ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ । ਜਿਉਂ ਕਰ ਨਿਰਮਲ ਆਰਸੀ ਜਗ ਵੇਖਣ ਵਾਲਾ । ਜੇਹਾ ਮੁਹ ਕਰ ਭਾਲੀਐ ਤੇਹੋ ਵੇਖਾਲਾ। ਸੇਵਕ ਦਰਗਹ ਸੁਰ-ਖਰੂ ਵੇਮੁਖ ਮੁਹਕਾਲਾ। ਵਾਰ। ੩੪। ਪੌ: ੧। ਤਥਾ ਘੰਟ ਘੜਾਇਆ ਚੂਹਿਆਂ ਗਲ ਬਿੱਲੀ ਪਾਈਐ। ਮਤਾ ਪਕਾਇਆ ਮੱਖੀਆਂ ਘਿਉ ਅੰਦਰ ਨ੍ਹਾਈਐ। ਸੂਤਕ ਲਹੈ ਨ ਕੀੜਿਆਂ ਕਿਉਂ ਝੱਬ ਲੰਘਾਈਐ। ਸਾਵਣ ਰਹਿਣ ਭੰਬੀਰੀਆਂ ਜੇ ਪਾਰ ਬਸਾਈਐ। ਕੂੰਜੜਿਆਂ ਵੈਸਾਖ ਵਿੱਚ ਜਿਉਂ ਜੂਹ ਪਰਾਈਐ। ਵਿਣ ਗੁਰ ਮੁਕਤਿ ਨ ਹੋਵਈ ਫਿਰ ਆਈਐ ਜਾਈਐ। ਵਾਰ। ੩੬। ਪੌ: ੧੬। ਗੁਰਦਾਸ ਜੀ ਇਤਿ ॥

ਕਵਿ ਉਵਾਚ—ਓਹਨਾ ਸਤ ਹੀ ਚੌਕੜੀ ਭੁਲ ਜਾਂਦੀ, ਸਿਰ ਜਿਨਾਂ ਦੇ ਕਾਲ ਦੇ ਬਾਨ ਲਗੇ। ਜੇਕਰ ਅਕਲ ਏਹ ਕਿਸੇ ਦੀ ਮੰਨ ਲੈਂਦੇ, ਕਾਹਨੂੰ ਖਤਮ ਥੇ ਹੋਨ ਪ੍ਰਾਨਲਗੇ। ਕਿਸੇ ਰਾਜੇ ਔ ਰਈਅਤ ਦਾ ਦੋਸ਼ ਨਾਂਹੀ ਕਰਮ ਜਥਾ ਥੇ ਤਥਾ ਫਲਾਨ ਲਗੇ॥ ਨਾਸ ਹੋਵਣਾ ਪਾਪ ਦਾ ਸੱਤ ਜਾਣੋ ਗੁਰੂ ਦਸਮ ਜੇ ਕਮਰ ਕਸਾਨ ਲਗੇ। ਸੁਪਨੇ ਵਿਚ ਦ੍ਰਿਸਟਾਂਤ ਇਹ ਹੋਇਆ ਪੂਰਾ ਕਵਿ ਸਿੰਘ ਨਹੰਗ ਬਤਾਨ ਲਗੇ। ਗੁਰੂ ਜੀ ॥

ਮੇਰੇ ਰੂਪ ਨੂ ਵਿਰਲਾ ਹੀ ਸੰਤ ਜਾਣੂ ਇਹੁ ਆਖਕੇ ਆਪ ਤੁਰ ਜਾਣ ਲਗੇ। ਦਾਸ ਦੌੜਕੇ ਗੁਰਾਂ ਦੇ ਚਰਨ ਪਕੜੇ ਜਾਣੀ ਮੈਨੂ ਭੀ ਗਲੇ ਲਗਾਨ ਲਗੇ। ਹੇ ਰਾਮ ਜੀ ਕਾਸਤੋਂ ਦੇਰ ਲਾਈ ਬ੍ਰਗੇ ਦੇਸਦੇ ਹੋਨ ਬਰਾਨ ਲਗੇ। ਤੜਕੇ ਉਠਿਆ ਮਾਰਕੇ ਧਾ ਰੋਇਆ ਕਲਗੀ-ਧਰ ਜਾਂ ਨਜਰ ਨਾ ਆਨ ਲਗੇ। ਕਲਗੀ ਵਾਲੇ ਨੇ ਦੇਣਾ ਦਿਦਾਰ ਮੈਨੂ ਚਿੰਨ੍ਹ ਅਗੇ ਹੀ ਪਏ ਬਤਾਨ ਲਗੇ। ਸਾਧੂ ਸਿੰਘ ਔ ਬਿੱਪ੍ਰ ਵ੍ਰਿੰਦਤਾਇ ਨਹੰਗ ਸਿੰਘ ਜੀ ਫਤੇ ਗਜਾਨ ਲਗੇ॥

ਸ਼ੰਕਾ—ਰਾਮਕਲੀ ਦੀ ਵਾਰ ਵਿਚੋਂ ਮਃ ੧ । ਰੋਵੈ ਰਾਮੁ ਨਿਕਾਲਾ ਭਇਆ । ਸੀਤਾ ਲਖਮਣੁ ਵਿਛੁੜਿ ਗਇਆ। ਤੀਜੇ ਮਹਲੇ ਦੀ ਵਾਰ ਪੌਃ ੧੪। ਤਥਾ-ਵਾਰਾਂ ਤੇ ਵਧੀਕ ਮਃ ੧। ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ। ਸਲੋਕ । ੨੫ । ਤਥਾ ੨੬। ਤਥਾਪਿ ਇਨਕਾ ਅਰਥ—

ਟੀਕਾ—ਮੈ ਐਸੇ ਲਿਖਾ ਹੈ। ਸ੍ਰੀ ਰਾਮ ਚੰਦ੍ਰ ਜੀ ਸਰੀਰ ਸੰਬੰਧੀ ਹੋਕਰ ਕਪੋਂ ਕਾ ਦਲ ਇਕੱਤ੍ਰ ਕਰਕੇ ਝੂਰਤੇ ਭਏ ਹੈਂ। ਯਦਪ ਰਿਦੇ ਵੀਚ ਸ੍ਰਿਸ਼ਟ ਕੇ ਉਲਟਾਵਨੇ ਕਾ ਬਲ ਭੀ ਥਾ ਤਥਾਪਿ ਤਿਸ ਬਲਕੇ ਦਿਖਾਵਨੇ ਕਾ ਅਧਿਕਾਰ ਨਾ ਸਮਝਿਆ। ਕਿ ਮਾਨਸ ਜਨਮ ਧਾਰਨੇ ਸੇ ਉਸੀ ਤਰਾਂ ਚੇਸ਼ਟਾ ਕਰਨੀ ਚਾਹੀਏ ॥ ਇਤਿ॥

ਤੈਸੇ ਹੀ ਦਸ ਗੁਰੂਓਂ ਨੇ ਭੀ ਵਜਕਤੀ ਧਾਰ ਕਰ

Sri Satguru Jagjit Singh Ji Elibrary NamdhariElibrary@gmail.com

ਮਨੁਸ਼ਜ ਲੀਲਾ ਕਰੀ ਸਪਸ਼੍ਰ ਹੈ, ਤਥਾਪਿ ਇਤਜਾਦਿਕ ਸ਼ਬਦੋਂ ਕਰਕੇ ਸ੍ਰੀ ਰਾਮਾਦਿਕ ਅਵਤਾਰੋਂ ਕਾ ਖੰਡਨ ਨਹੀਂ ਕਿੰਤੂ ਚੌਃ—

ਉਮਾ ਅਖੰਡ ਰਾਮ ਰਘੁਰਾਈ । ਨਰ ਗਤਿ ਭਾਵ ਕ੍ਰਿਪਾਲ ਦਿਖਾਈ।

[ਤੁਲਸੀ ਰਾਮਾਇਣ ਲੰਕਾ ਕਾਂਡ]

ਤਥਾ—ਜਿਨ ਕੇ ਦੂਤੋਂ ਮੇਂ ਇਤਨੀ ਸ਼ਕਤੀ ਥੀ ਤਿਸ ਰਾਮ ਜੀ ਮੇਂ ਰੋਨਾਦਿਕ ਅਸੰਭਵ ਹੈ, ਪੂਰਬ ਗੁਰੂ ਜੀ ਕੇ ਵਾਕ ਤੇ ਬਹੁਤ ਕਹ ਆਏ ਹਾਂ ਤਥਾ ਅਧਜਾਤਮ ਰਾਮਾਇਣੋਕਤ ਸਵੈਯਾ—

ਇਹ ਭਾਂਤ ਚਲੇ ਹਨੂਮਾਨ ਤਬੈ ਸੀਆ ਕੇ ਪਦ ਮੈਂ ਅਤਿ ਬੰਦਨ ਧਾਰੇ। ਗਿਰ ਕੇ ਸਿਰ ਕੂਦ ਚੜ੍ਹੇ ਹਨੂਮਾਨ ਸੋ ਜਾਵਨ ਹੇਤ ਮਹੋਦਧ ਪਾਰੇ। ਗਿਰ ਤੇ ਕਪਿ ਕੂਦ ਆਕਾਸ ਚੜ੍ਹੇ ਪਦ ਭਾਰ ਧਸੇ ਗਿਰ ਭੂਮਿ ਮਝਾਰੇ। ਗਿਰ ਜੋਜਨ ਤੀਸ ਉਚਾਨ ਹੁਤੋ ਭਯੋ ਭੂਮਿ ਸਮਾਨ ਹਨੂ ਪਦ ਮਾਰੇ ॥ ਸੁੰਦਰ ਕਾਂਡ ਧਿਃ ੫ ॥

ਤਥਾ ਸ੍ਰੀ ਹਨੂਮਾਨ ਨਾਟਕ ਦੋਃ—ਵੇਦ ਚਾਰ ਅਵਤਾਰ ਦਸ, ਰੁੱਦ੍ਰ ਇਕਾਦਸ ਜਾਨ। ਦ੍ਵਾਦਸ ਭਾਨੁ ਸਮਾਨ ਨਹਿ, ਤੋ ਸੋ ਤੂੰ ਹਨੂਮਾਨ ॥ ਧਿਃ ੧੩ ॥

ਤਥਾ ਸ੍ਰੀ ਤੁਲਸੀ ਜੀ ਅੰਗਦੋਵਾਚ ਚੌਃ—

ਜੋ ਮਮ ਚਰਨ ਸਕੈ ਸਠ ਟਾਰੀ। ਫਿਰਹਿ ਰਾਮ ਸੀਤਾ ਮੈ ਹਾਰੀ।

ਤਬ ਬਹੁਤ ਜ਼ਬਰਦਸਤ ਦੈਤਜ ਉਠਾਨੇ ਲਗੇ

ਤੋ ਦੋਹਾ—

ਭੂਮਿ ਨ ਛਾਡੈ ਕਪਿ ਚਰਨ, ਦੇਖਤ ਰਿਪੁ ਮਦ ਭਾਗ। ਕੋਟਿ ਵਿਘਨ ਜਿਮ ਸੰਤ ਕਹਿ, ਤਦਪਿ ਨੀਤਿ ਨਹਿ ਤਿਆਗ॥

ਤਥਾ ਚੌਪਈ—

ਉਮਾ ਰਾਮ ਕਰ ਭ੍ਰਿਕੁਟਿ ਬਿਲਾਸਾ । ਹੋਇ ਵਿਸ਼੍ਵ ਪੁਨਿ ਪਾਵਹਿ ਨਾਸਾ॥
ਤ੍ਰਿਣ ਤੇ ਕੁਲਿਸ਼ ਕੁਲਿਸ਼ ਤ੍ਰਿਣਕਰਹੀ। ਤਾਸੁ ਦੂਤ ਪਦ ਕਹੁ ਕਿਮ ਟਰਹੀ॥
[ਲੰਕਾ ਕਾਂਡ]

ਇਤਯਾਦਿਕ ਮਹਿਮਾ ਅਪਾਰ ਹੈ. ਅਤੇ ਜੋ ਹੰਕਾਰੀ ਨਹੀਂ ਜਾਨਤੇ ਤਿਨ ਕੀ ਦਸ਼ਾ ਜੈਸੇ ਗਉੜੀ ਮਃ ੧॥ ਬ੍ਰਹਮੈ ਗਰਬ ਕੀਆ ਨਹੀ ਜਾਨਿਆ। ਬੇਦ ਕੀ ਬਿਪਤਿ ਪੜੀ ਪਛੁਤਾਨਿਆ । ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥ ੧॥ ਐਸਾ ਗਰਬੁ ਬੁਰਾ ਸੰਸਾਰੇ । ਜਿਸੁ ਗੁਰ ਮਿਲੈ ਤਿਸੁ ਗਰਬੁ ਨਿਵਾਰੈ॥ ੧॥ ਰਹਾਉ॥ ਬਲਿ ਰਾਜਾ ਮਾਇਆ ਅਹੰਕਾਰੀ । ਜਗਨ ਕਰੈ ਬਹੁ ਭਾਰ ਅਫਾਰੀ। ਬਿਨੁ ਗੁਰ ਪੂਛੇ ਜਾਇ ਪਇਆਰੀ॥ ੨॥ ਹਰੀਚੰਦੁ ਦਾਨੁ ਕਰੈ ਜਸੁ ਲੇਵੈ। ਬਿਨੁ ਗੁਰ ਅੰਤੁ ਨ ਪਾਇਆ ਭੇਵੈ। ਆਪਿ ਭੁਲਾਇ ਆਪੇ ਮਤਿ ਦੇਵੈ ॥ ੩॥ ਦੁਰਮਤਿ ਹਰਣਾਖਸੁ ਦੁਰਾਚਾਰੀ। ਪ੍ਰਭੁ ਨਾਰਾਇਣ ਗਰਬ ਪ੍ਰਹਾਰੀ। ਪ੍ਰਹਲਾਦ ਉਧਾਰੇ ਕਿਰਪਾ ਧਾਰੀ।

Sri Satguru Jagjit Singh Ji Elibrary NamdhariElibrary@gmail.com

॥ ੪ ॥ ਭੂਲੋ ਰਾਵਣੁ ਮੁਗਧੁ ਅਚੇਤਿ । ਲੂਟੀ ਲੰਕਾ ਸੀਸ ਸਮੇਤਿ । ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥ ੫ ॥ ਸਹਸ ਬਾਹੁ ਮਧੁਕੀਟ ਮਹਿਖਾਸਾ । ਹਰਣਾਖਸੁ ਲੇ ਨਖਹੁ ਬਿਧਾਸਾ । ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥ ੬ ॥ ਜਰਾਸੰਧਿ ਕਾਲਜਮਨੁ ਸੰਘਾਰੇ । ਰਕਤ ਬੀਜੁ ਕਾਲੁਨੇਮੁ ਬਿਦਾਰੇ । ਦੈਤ ਸੰਘਾਰਿ ਸੰਤ ਨਿਸਤਾਰੇ ॥ ੭ ॥ ਆਪੇ ਸਤਿਗੁਰ ਸਬਦੁ ਬੀਚਾਰੇ । ਦੂਜੇ ਭਾਇ ਦੈਤ ਸੰਘਾਰੇ । ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥ ੮ ॥ ਬੂਡਾ ਦੁਰਜੋਧਨੁ ਪਤਿ ਖੋਈ । ਰਾਮੁ ਨ ਜਾਨਿਆ ਕਰਤਾ ਸੋਈ । ਜਨਕਉ ਦੂਖਿ ਪਚੈ ਦੁਖੁ ਹੋਈ ॥ ੯ ॥ ਜਨਮੇਜੈ ਗੁਰ ਸਬਦੁ ਨ ਜਾਨਿਆ ਕਿਉ ਸੁਖਿ ਪਾਵੈ ਭਰਮਿ ਭੁਲਾਨਿਆ । ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥ ੧੦ ॥ ਕੰਸੁ ਕੇਸੁ ਚਾਂਡੂਰੁ ਨ ਕੋਈ । ਰਾਮੁ ਨ ਚੀਨਿਆ ਅਪਨੀ ਪਤਿ ਖੋਈ । ਬਿਨੁ ਜਗਦੀਸ ਨ ਰਾਖੈ ਕੋਈ ॥ ੧੧ ॥ ਬਿਨੁ ਗੁਰ ਗਰਬੁ ਨ ਮੇਟਿਆ ਜਾਇ । ਗੁਰਮਤਿ ਧਰਮੁ ਧੀਰਜੁ ਹਰਿ ਨਾਇ । ਨਾਨਕ ਨਾਮੁ ਮਿਲੈ ਗੁਣ ਗਾਇ ॥ ਅਸਟਪਦੀ ੯ ॥

ਹੋਸ਼ ਕਰ ! ਮਹਿਖਾਸੁਰ ਤਥਾ ਰਕਤ ਬੀਜ ਕੇ ਮਾਰਨੇ ਵਾਲੀ ਸ੍ਰੀ ਦੇਵੀ ਈਹਾਂ ਭੀ ਪੂਰਨ ਹੈ, ਇਸ ਅਸਟਪਦੀ ਪਰ ਪੁਰਾਣੋਂਦਿ-

Sri Satguru Jagjit Singh Ji Elibrary NamdhariElibrary@gmail.com

ਕੋਂ ਕੇ ਬਹੁਤ ਇਤਿਹਾਸ ਹੈਂ ਵਿਸਤਾਰ ਭਯ ਸੇ ਲਿਖਾ ਨਹੀਂ, ਕਾਲਨੇਮ ਕਾ ਮਾਰਨੇ ਵਾਲਾ ਸ੍ਰੀ ਹਨੁਵੰਤ ਯਹਾਂ ਭੀ ਜਾਗਤਾ ਹੈ। ਤਥਾ ਰਕਤ ਬੀਜਾਦਿਕੋਂ ਕਾ ਮਾਰਨ ਪ੍ਰਸੰਗ ਦਸਮ ਦਰਬਾਰ ਚੰਡੀ ਚਰਿਤ੍ਰ ਅਧਯਾਯ ੪ ਆਦਕੋਂ ਮੇਂ ਸਪਸ਼ਟ ਹੈ ਤਥਾ ਸਰਬਲੋਹ ਮੇਂ।

## ਸ੍ਰੀਮੁਖਵਾਕ ਪਾਤਸ਼ਾਹੀ ੧੦—

ਆਦਿ ਪ੍ਰਸੰਗ ਸਪਤਸ੍ਰ ਕਾ ਕਹੀ। ਦੁਰਗਾ ਚਰਿਤ ਪਾਵਨ ਸਰਵ ਮਹੀ। ਮਧੁ ਕੈਟਭ ਕੋ ਯੁਧ ਜਿਮ ਭਯੋ। ਪੰਚ ਸਹੱਸ੍ਰ ਸੰਬਤਸਰ ਠਯੋ॥ ੧॥

ਸੰਕ੍ਰਾਦੇਵ ਮਹਾਤਮੀ—

ਗਦਾ ਧਰਮ ਸਮਰਬਿਜੈਤਿਸ ਕੀਨਾ। ਕਲਜ ਤ੍ਰਾਣ ਕੀਨਸੁਖਦੀਨਾ।
ਪੁਨਿ ਮਹਿਖਾਸੁਰ ਸੈਨ ਸੰਗ੍ਰਾਮਾ। ਭਯੋ ਘੋਰ ਦਾਰੁਣ ਘਮਸਾਨਾ।
ਮਹਿਖਾਸੁਰ ਕੋ ਬਧੁ ਮਾ ਕੀਨਾ। ਸੁਰ ਸੁਰੇਸ ਕਹ ਸੁਖ ਬਹੁਦੀਨਾ।
[॥ ੨ ॥ ਦੇਵਮੁਖੀ ਅਮਲ ਪਦੀ ]

ਬਹੁਰੋ ਦੂਤ ਸੁੰਭ ਪੈ ਕਹਿਯੋ। ਸੁਰਕੰਨਜਾ ਇਸਤ੍ਰੀ ਰਤਨ ਲਹਿਯੋ।
ਪਠੈ ਧੂਮ੍ਰ ਲੋਚਨ ਦਲ ਦੈਕੈ। ਲਿਆਵਹੁ ਪਕੜਿ ਬਧੂ ਜੁਧ ਕੈ ਕੈ।
[॥ ੩ ॥ ਕੰਜਮੁਖੀ ]

ਨਿਧਨ ਕਰਜੋ ਰਾਛਸ ਕੋ ਮਾਤਾ। ਪਠਏ ਚੰਡ ਮੁੰਡ ਦ੍ਵੈ ਭ੍ਰਾਤਾ।
ਤਾ ਕਹੁ ਹਤਿਯੋ ਸ੍ਰੀ ਜਗਦੰਬੈ। ਰਕਤਬੀਰਜ ਪੁਨ ਚਢਯੋ ਅਬਲੰਬੈ।
[॥ ੪ ॥ ਚੰਡ ਕਰਮਾ ]

ਤਾਹਿ ਸੰਘਾਰ ਸੰਖ ਧ੍ਵਨ ਭਯੋ। ਦੇਵ ਸਕਲ ਜੈ ਜੈ ਵਚ ਕਹਿਯੋ।
[ ਧਿ: ੫ । ਪੰ: ੪੯੬। ]

ਯਾਂਤੇ ਇਤਯਾਦਿਕ ਗੁਰੂ ਵਚਨੋਂ ਦ੍ਵਾਰਾ ਭੀ ਸ੍ਰੀ ਦੇਵੀ ਮਾਤਾ ਔਰ ਸ਼੍ਰੀ ਕ੍ਰਿਸ਼ਨ ਭਗਵਾਨਾਦਿਕੋਂ ਸੇ ਜੋ ਬੇਮੁਖ ਹਨ ਸੋ ਕਿੰਚਿਤ ਮੂਰਖਤਾ ਕਾ ਆਦਰ ਕਰਤੇ ਹੂਏ ਤਥਾ ਬੇਮੁਖਤਾ ਕਾ ਖ਼ਿਤਾਬ ਹਾਸਿਲ ਕਰਤੇ ਹੂਏ ਬੜੀ ਖ਼ੁਸ਼ੀ ਨਾਲ ਕੁੰਭੀ ਨਰਕ ਮੇਂ ਪ੍ਰਾਪਤ ਹੋ ਸਕਦੇ ਹਨ।

ਇਤਿ ਸ਼੍ਰੀ ਨਿਹੰਗ "ਸਪੂਰਨ ਸਿੰਘ" ਵਿਰਚਿਤੇ
ਸੂਰਜ ਬੰਸ਼ੀਯ ਖਾਲਸਾ ਪੰਥ ਗੁੰਥੇ ਗੁਰ
ਮਤਿ ਅਨੁਸਾਰ ਸ਼੍ਰੀ ਬਾਬਾ ਸ਼੍ਰੀਚੰਦ੍ਰ ਤਥਾ
ਜਥਾ ਕਰਮ ਤਥਾ ਫਲਾਦਿਕ ਪ੍ਰਸੰਗ
ਵਰਣਨੰ ਨਾਮ ਤ੍ਰਿਤੀਯੋ ਧ੍ਯਾਯ:
॥ ੩ ॥

Sri Satguru Jagjit Singh Ji Elibrary NamdhariElibrary@gmail.com

ੴ ਸਤਿਗੁਰਪ੍ਰਸਾਦਿ ॥

# ਅਥ ਚਤੁਰਥੋ ਧਯਾਯਃ

॥ ਸਲੋਕ ॥

ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ।
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥
[ਗਉੜੀ ਬਾਵਨ ਅਖਰੀ ਸਃ ਪੌਃ ੩੫]

ਤਥਾ ਸਲੋਕ—ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ । ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥ ਗਉੜੀ ਸੁਖਮਨੀ ਵਿਚੋਂ ਅਸਟਪਦੀ ੨੦॥

ਤਥਾ ਪਉੜੀ॥ ਸੁੰਭ ਨਿਸੁੰਭ ਪਠਾਇਆ ਜਮ ਦਾਮ ਨੋ। ਇੰਦ੍ਰ ਸੱਦ ਬੁਲਾਇਆ ਰਾਜ ਅਭਖੇਕਨੋ। ਸਿਰ ਪਰ ਛਤ੍ਰ ਫਿਰਾਇਆ ਰਾਜੇ ਇੰਦ੍ਰਦੈ। ਚਉਦਹ ਲੋਕਾ ਛਾਇਆ ਜਸੁ ਜਗ ਮਾਤ ਦਾ। ਦੁਰਗਾ ਪਾਠ ਬਣਾਇਆ ਸਭੇ ਪਉੜੀਆ। ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥ ਚੰਡੀ ਦੀ ਵਾਰ ਪੌਃ ੫੫॥

Sri Satguru Jagjit Singh Ji Elibrary NamdhariElibrary@gmail.com

## ॥ ਸ਼ੰਕਾ ॥

ਪੁਰਖ ਧਰਮ ਕੌਨ ਹੈਂ ? ॥ ੧ ॥

ਨਾਟਕਾਦਿਕੋਂ ਕੇ ਪ੍ਰਮਾਣ ਗੁਰੂ ਮਤ ਮੇਂ ਪ੍ਰਮਾਣ ਨਹੀਂ ।

ਤਥਾ ਦੇਵੀ ਕੇ ਜਸ ਕਹਨੇ ਸੇ ਕੋਈ ਜਨਮ ਮਰਨ ਨਿਬ੍ਰਿਤ ਨਹੀਂ ਹੋਤਾ, ਕਿਉਂਕਿ ਰਾਗ ਗੌਂਡ ਨਾਮਦੇਵ ਜੀ—ਤੂ ਕਹੀ ਅਤਿ ਹੀ ਆਦਿ ਭਵਾਨੀ । ਮੁਕਤਿ ਕੀ ਬਰੀਆ ਕਹਾ ਛਪਾਨੀ ॥ ਸਬਦ ੬ ॥

ਤਥਾ ਚੰਡੀ ਦੀ ਵਾਰ—ਤੁਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸ ਕਰਾਇਆ ॥ ਪੌ: ੧ ॥

ਤਥਾ—ਜਾਤਿ ਪਾਤਿ ਗੁਰੂ ਮਤਿ ਮੇ ਕੋਈ ਨਹੀ । ਜੈਸੇ ਗਉੜੀ ਕਬੀਰ ਜੀ ॥ ਗਰਭ ਵਾਸ ਮਹਿ ਕੁਲੁ ਨਹੀ ਜਾਤੀ । ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥ ਸਬਦ ੭ ॥

ਤਥਾ ਗੌਂਡਨਾਮ ਦੇਵ ਜੀ—ਹਿੰਦੂ ਅੰਨ੍ਹਾ ਤੁਰਕੂ ਕਾਣਾ । ਦੁਹਾਂ ਤੇ ਗਿਆਨੀ ਸਿਆਣਾ ॥ ਸਬਦ ੭ ॥

ਤਥਾ ਬਿਹਾਗੜੇ ਦੀ ਵਾਰ ਵਿਚੋਂ ਮ: ੧ ॥ ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ । ਨਾਰਦਿ ਕਹਿਆ ਸਿਪੂਜ ਕਰਾਹੀ । ਅੰਧੇਰੁੰਗੇ ਅੰਧ ਅਧਾਰੁ । ਪਾਥਰੁ

Sri Satguru Jagjit Singh Ji Elibrary NamdhariElibrary@gmail.com

ਲੇ ਪੂਜਹਿ ਮੁਗਧ ਗਵਾਰ। ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰ ਪੌਃ ਦੇਖੋ ੨੦॥

ਤਥਾ ਭੈਰਉ ਕਬੀਰ ਜੀ—ਹਮਰਾ ਝਗਰਾ ਰਹਾ ਨ ਕੋਊ। ਪੰਡਿਤ ਮੁਲਾਂ ਛਾਡੇ ਦੋਊ॥

ਤਥਾ—ਪੰਡਿਤ ਮੁਲਾਂ ਜੋ ਲਿਖਿ ਦੀਆ । ਛਾਡਿ ਚਲੇ ਹਮ ਕਛੂ ਨ ਲੀਆ॥ ਸਬਦ ੭॥

ਤਥਾ—ਭੈਰਉ ਕਬੀਰ ਜੀ ਦੀ ਬਾਣੀ ਵਿਚ ਮਃ ੫ ਜੋ ਪਾਥਰ ਕਉ ਕਹਤੇ ਦੇਵ । ਤਾਕੀ ਬਿਰਥਾ ਹੋਵੈ ਸੇਵ॥ਸ਼ਬਦ॥੧੨॥ ਇਤਯਾਦਿਕ ਸ਼ਬਦੋਂ ਕਰਕੇ ਪੂਜਾ-ਦਿਕੋਂ ਕਾ ਨਿਸ਼ੇਧ ਹੈ। ਤਥਾ ਸਾਧ ਸਿਖ ਕਾ ਕੋਈ ਮੇਲ ਨਹੀਂ, ਤਥਾ ਕਛਹਰਾ ਲੰਙੜੀਏ ਨੇ ਦੀਆ ਹੈ ਇਸ ਮੇਂ ਕੌਨ ਪ੍ਰਮਾਣ ਹੈ, ਕ੍ਰਿਪਾਨ ਭਗਵਤੀ ਨੇ ਦਈ ਹੈ ਇਹ ਕਹਾਂ ਲਿਖੀ ਹੈ ?

ਤਥਾ ਭਗੌਤੀ ਸਬਦ ਕਾ ਕਿਆ ਅਰਥ ਹੈ ?

ਤਥਾ ਹਿੰਦੂ ਸ਼ਬਦ ਕਾ ਕਯਾ ਅਰਥ ਹੈ ? ਤਥਾ ਖਾਲਸਾ ਸ਼ਬਦ ਕਾ ਕਯਾ ਅਰਥ ਹੈ ? ਤਥਾ ਹਿੰਦੂ ਸਬਦ ਕਾ ਕਿਆ ਅਰਥ ਹੈ ਤਥਾ ਚੱਕ੍ਰ ਜੰਜੀਰਾਦਿਕ ਰਖਨੇ ਕਹਾਂ ਲਿਖੇ ਹੈਂ ? ਤਥਾ ਤਖਤਾਦਿਕੋਂ ਪਰ ਬੈਠਕਰ ਤਥਾ ਕੀਰਤਨ ਨਹੀਂ ਕਰਨਾ ਚਾਹੀਦਾ।

Sri Satguru Jagjit Singh Ji Elibrary NamdhariElibrary@gmail.com

## ॥ ਉੱਤਰ ॥

### ॥ ਮਨਮੁਖਾਂ ਦੀ ਦਸ਼ਾ ॥

ਜੈਸੇ ਗਉੜੀ ਚੇਤੀ ਕਬੀਰ ਜੀ—ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ। ਬਾਤਨ ਹੀ ਅਸਮਾਨੁ ਗਿਰਾਵਹਿ ॥ ੧ ॥ ਐਸੇ ਲੋਗਨ ਸਿਉ ਕਿਆ ਕਹੀਐ। ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨਤੇ ਸਦਾ ਡਰਾਨੇ ਰਹੀਐ ॥ ੧ ॥ ਰਹਾਉ ॥ ਆਪਿ ਨ ਦੇਹਿ ਚੁਰੂ ਭਰਿ ਪਾਨੀ। ਤਿਹ ਨਿੰਦਹਿ ਜਿਹ ਗੰਗਾ ਆਨੀ। ॥ ੨ ॥ ਬੈਠਤ ਉਠਤ ਕੁਟਿਲਤਾ ਚਾਲਹਿ। ਆਪੁ ਗਏ ਅਉਰਨਹੂ ਘਾਲਹਿ ॥ ੩ ॥ ਛਾਡਿ ਕੁਚਰਚਾ ਆਨ ਨ ਜਾਨਹਿ। ਬ੍ਰਹਮਾ ਹੂ ਕੋ ਕਹਿਓ ਨ ਮਾਨਹਿ ॥ ੪ ॥ ਆਪੁ ਗਏ ਅਉਰਨ ਹੂ ਖੋਵਹਿ। ਆਗਿ ਲਗਾਇ ਮੰਦਰ ਮੈ ਸੋਵਹਿ ॥ ੫ ॥ ਅਵਰਨ ਹਸਤ ਆਪ ਹਹਿ ਕਾਨੇ। ਤਿਨ ਕਉ ਦੇਖਿ ਕਬੀਰ ਲਜਾਨੇ ॥ ੬ ॥ ਸਬਦ ॥ ੪੪ ॥

ਅਰਥਹਿ ਛਾਡਿ ਅਨਰਥ ਬਤਾਵਤ, ਇਹ ਪੂਰਬ ਕਹ ਆਏ ਹਾਂ ਜਾਨ ਲੈਣਾ, ਤਥਾ ਪੂਰਬ ਸ਼ੰਕਾਓਂ ਕੇ ਉਤਰ ਸੁਣ, ਰਾਮਾਯਣ ਜੁਗ ਜੁਗ ਅਟਲ ਕਹ ਆਏ ਹਾਂ, ਤਥਾ ਦਸਮ ਦਰਬਾਰੋਕਤ ਸ੍ਰੀ ਦਸਰਥ ਜੁਧ ਪ੍ਰਸੰਗ ਮੇਂ ਤੋਟਕ:—

ਪੁਨ ਦੇਵ ਅਦੇਵਨ ਜੁਧ ਪਰੋ। ਜਹਿ ਜੁਧ ਘਣੋ ਨਿਰਪ ਆਇਪਰੋ।
ਹਤ ਸਾਰਥੀ ਸਜੰਦਨ ਨਾਰਿ ਹਕਜੋ। ਯਹ ਕੌਤਕ ਦੇਖ ਨਰੇਸ ਚਕਿਯੋ।

ਪੁਨ ਰੀਝ ਦੀਏ ਦੋਊ ਤੀਯਾ ਬਰੰ। ਚਿਤਮੋ ਸੋ ਵਿਚਾਰ ਕਛੂ ਨ ਕਰੰ।
ਕਹੀ ਨਾਟਕ ਮਧ ਬਿਚਿਤ੍ਰ ਕਥਾ। ਜਯ ਦੀਨ ਸਰੋਸ ਨਰੇਸ ਜਥਾ।
[ ਸ੍ਰੀ ਰਾਮਾਵਤਾਰ ਪੰਃ ੧੧੯। ਛੰਃ ੧੭। ]

ਈਹਾਂ ਗੁਰੂ ਜੀ ਨੇ ਸ੍ਵਯੰ ਭੀ ਨਾਟਕ ਕਾ ਪ੍ਰਮਾਣ ਸ੍ਵੀਕਾਰ ਕੀਆ ਹੈ ਤਥਾ ਪੂਰਬ ਬਹੁਤ ਕਹ ਆਏ ਹਾਂ।

**ਤਥਾ ਗੌਂਡ ਨਾਮਦੇਵ ਜੀ—ਗੁਰ ਮਤਿ ਰਾਮ ਨਾਮ ਗਹੁ ਮੀਤਾ। ਪ੍ਰਣਵੈ ਨਾਮਾ ਇਉ ਕਹੈ ਗੀਤਾ। ਸਬਦ। ੬ ॥**

ਤਥਾ—ਯਹ ਬਾਤ ਵਿਰਧੋਂ ਸੇ ਭੀ ਸੁਨੀ ਹੈ ਕਿ ਹਨੂਮਾਨ ਨਾਟਕ ਕੋ ਸ੍ਰੀ ਦਸਮੇਸ ਜੀ ਗਾਤ੍ਰੇ ਰਖਾ ਕਰਤੇ ਥੇ ਔ ਜਹਾਂ ਪਹਲੇ ਅੰਕ ਮੇ ਕਹੇ ਕਵਿ ਕਾਸੀ ਰਾਮ ਲਿਖਾ ਹੈ ਸੋ ਕਾਸੀ ਰਾਮ ਕਵਿ ਹਿਰਦਾ ਰਾਮ ਭੱਲੇ ਖਤ੍ਰੀ ਕਾ ਸੰਬਧੀ ਥਾ ਤਿਸਕੋ ਕਲਗੀ ਧਰ ਜੀ ਨੇ ਕਹਾ ਜੋ ਇਸਮੇ ਕੋਈ ਛੰਦ ਰੁਲ ਗਏ ਹੈਂ ਸੋ ਆਪ ਪੂਰੇ ਕਰੋ ਤਬ ਕਹਾ ਗੁਰੂ ਜੀ ਮੈ ਤੋ ਉਚਾਰਨੇ ਨਹੀ ਜਾਨਤਾ। ਗੁਰੂ ਜੀ ਨੇ ਕਹਾ ਨਾਮ ਤੋ ਤੁਮ ਅਪਨਾ ਲਿਖ ਦੇਵੋ ਛੰਦ ਪੂਰੇ ਅਸੀਂ ਕਰ ਦੇਤੇ ਹੈਂ। ਯਾਂਤੇ ਸੋ ਛੰਦ ਭੀ ਗੁਰੂ ਜੀ ਕੇ ਹੈਂ। ਇਸਤੇ ਨਾਟਕਾ-ਦਿਕੋ ਕੇ ਪ੍ਰਮਾਣ ਭੀ ਹਮਾਰੇ ਕੋ ਇਸਟ ਹੈਂ ਗੁਰਮਤਿ ਅਨੁਸਾਰ ਹੋ ਨੇਤੇ ॥

## ਸਾਧੂ ਸਿਖ ਦੇਵਤੇ

**ਤਥਾ—ਸਾਧੂ ਸਿਖ ਦੇਵ ਕੋਟੀ ਮੈ ਹੈ ਇਨਕਾ ਮੇਲ ਹੈ, ਦੈਤੋਂ ਕਾ ਨਹੀ।**

**ਯਥਾ—ਸ੍ਰੀ ਰਾਗ ਮਃ ੫। ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ। ਸਬਦ। ੧੬ ॥**

**ਤਥਾ—ਗਉੜੀ ਮਃ ੫। ਸਫਲੁ ਓਹੁ ਮਾਥਾ ਸੰਤ ਨਮਸਕਾਰਸਿ। ਚਰਣ ਪੁਨੀਤ ਚਲਹਿ ਹਰਿ**

ਮਾਰਗਿ । ੩ । ਕਹੁ ਨਾਨਕ ਭੁਲਾ ਮੇਰਾ ਕਰਮ ਜਿਤੁ ਭੇਟੇ ਸਾਧੂ ਕੇ ਚਰਨ । ਸਬਦ । ੬੦ । ਤਥਾ—ਚਾਰ ਪਦਾਰਥ ਜੇਕੋ ਮਾਗੈ । ਸਾਧ ਜਨਾ ਕੀ ਸੇਵਾ ਲਾਗੈ । ਗਉੜੀ ਸੁਖਮਨੀ ਅਸਟਪਦੀ ॥ ੩ ॥

ਤਥਾ—ਸਾਧਕੀ ਸੋਭਾ ਸਾਧ ਬਨਿਆਈ । ਨਾਨਕ ਸਾਧ ਪ੍ਰਭ ਭੇਦੁ ਨ ਭਾਈ । ਗਉੜੀ ਸੁਖਮਨੀ ਅਸਟ-ਪਦੀ ॥ ੭ ॥ ਤਥਾ ॥ ਚਰਨ ਸਾਧਕੇ ਧੋਇ ਧੋਇ ਪੀਉ ਅਰਪਿ ਸਾਧ ਕਉ ਅਪਨਾ ਜੀਉ । ਗਉੜੀ ਸੁਖਮਨੀ ਅਸਟਪਦੀ ॥ ੧੫ ॥ ਤਥਾ—ਗਉੜੀ ਕਬੀਰ ਜੀ ॥ ਕਹੁ ਕਬੀਰ ਇਹ ਕਹੀਐ ਕਾਹਿ । ਸਾਧ ਸੰਗਤਿ ਬੈਕੁੰਠੈ ਆਹਿ ॥ ਸਬਦ ॥ ੧੦ ॥ ਤਥਾ ਸੂਹੀ ਮਃ ੫ । ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ । ਸਾਧਿ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥ ਸਬਦ ॥ ੫੦ ॥ ਤਥਾ ॥ ਸੂਹੀ ਸ੍ਰੀ ਕਬੀਰ ਜੀ । ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ । ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾਕਾ ਨਾਉ ਬਿਬੇਕੋੁ ॥ ਸਬਦ ॥ ੫ ॥ ਤਥਾ ॥ ਰਾਮਕਲੀ ਮਃ ੫ ॥ ਸੰਤਹ ਚਰਨ ਮਾਥਾ ਮੇਰੋ ਪਉਤ । ਅਨਿਕ ਬਾਰ ਸੰਤਹ ਡੰਡਉਤ ॥ ਸਬਦ ॥ ੨੧ ॥

Sri Satguru Jagjit Singh Ji Elibrary NamdhariElibrary@gmail.com

ਤਥਾ ॥ ਰਾਮਕਲੀ ਮਃ ੫ ॥ ਅਠ ਸਠਿ ਤੀਰਥ ਜਹ ਸਾਧ ਪਗ ਧਰਹਿ । ਤਹ ਬੈਕੁੰਠੁ ਜਹ ਨਾਮੁ ਉਚਰਹਿ ॥ ਸ਼ਬਦ ੨੫ ॥ ਤਥਾ ॥ ਭੈਰਉ ਮਃ ੪ ॥ ਸਤ ਸੰਗਤਿ ਸਾਧ ਧੂਰਿ ਮੁਖਿ ਪਰੀ। ਇਸਨਾਨੁ ਕੀਓ ਅਠ ਸਠਿ ਸੁਰਸਰੀ ॥ ਸ਼ਬਦ ੨ ॥ ਤਥਾ ॥ ਬਸੰਤ ਮਃ੫ ਮਾਣਸ ਸੇਵਾ ਖਰੀ ਦੁਹੇਲੀ। ਸਾਧ ਕੀ ਸੇਵਾ ਸਦਾ ਸੁਹੇਲੀ ॥ ੨ ॥ ਜੇ ਲੋੜਹਿ ਸਦਾ ਸੁਖੁ ਭਾਈ। ਸਾਧੂ ਸੰਗਤਿ ਗੁਰਹਿ ਬਤਾਈ ॥ ਸ਼ਬਦ ੮ ॥ ਤਥਾ ॥ ਬਸੰਤ ਮਃ ੫ ॥ ਜਿਸ ਕਉ ਚਾਹਹਿ ਸੁਰਿ ਨਰ ਦੇਵ। ਸੰਤ ਸਭਾ ਕੀ ਲਗਹੁ ਸੇਵ ॥ ਸ਼ਬਦ ੯ ॥ ਤਥਾ ॥ ਸਾਰਗ ਮਃ ੫ ॥ ਹਰਿ ਜਨ ਰਾਮ ਰਾਮ ਰਾਮ ਧਿਆਂਏ। ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥ ਸ਼ਬਦ ੨੩ ॥ ਤਥਾ ਮਲਾਰ ਮਃ ੪ ॥ ਗੰਗਾ ਜਮਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ। ਕਿਲ ਵਿਖ ਮੈਲੁ ਭਰੇ ਪਰੇ ਹਮਰੈ ਵਿਚ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ੧ ॥ ਤੀਰਥਿ ਅਠ ਸਠਿ ਮਜਨੁ ਨਾਈ। ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ ਸਭ ਦੁਰਮਤਿ ਮੈਲੁ ਗਵਾਈ ॥ ੧ ॥ ਰਹਾਉ ॥ ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ। ਕਾਂਸੀ ਕ੍ਰਿਸਨੁ ਚਰਾਵਤ

ਗਾਊ ਮਿਲਿ ਹਰਿ ਜਨ ਸੋਭਾ ਪਾਈ ॥ ੨ ॥ ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ। ਹਰਿ ਕਾ ਸੰਤੁ ਮਿਲੈ ਗੁਰ ਸਾਧੂ ਲੈ ਤਿਸ ਕੀ ਧੂਰਿ ਮੁਖਿ ਲਾਈ ॥ ੩ ॥ ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭਿ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ। ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਹਰਿ ਪਾਰ ਲੰਘਾਈ ॥ ੪ ॥ ਸ਼ਬਦ ੨ ॥

ਸ਼ੰਕਾ—ਸਾਧੂ ਤੋ ਗੁਰੂ ਜੀ ਹੀ ਹਨ !

ਉਤਰ—ਤਾਂ ਸਿਖ ਭੀ ਗੁਰੂ ਜੀ ਹੀ ਹਨ।

ਯਥਾ ਭਾਈ ਗੁਰਦਾਸ ਜੀ—ਸਤਿਗੁਰ ਨਾਨਕ ਦੇਉ ਆਪ ਉਪਾਇਆ। ਗੁਰ ਅੰਗਦ ਗੁਰ ਸਿੱਖ ਬਬਾਣੈ ਆਇਆ। ਗੁਰ ਸਿੱਖ ਹੈ ਗੁਰ ਅਮਰ ਸਤਿਗੁਰ ਭਾਇਆ। ਰਾਮਦਾਸ ਗੁਰ ਸਿੱਖ ਗੁਰ ਸਦਵਾ—ਇਆ। ਗੁਰ ਅਰਜਨ ਗੁਰ ਸਿੱਖ ਪਰਗਟੀਆਇਆ। ਗੁਰ ਸਿੱਖ ਹਰ ਗੋਬਿੰਦ ਨ ਲੁਕੈ ਲੁਕਾਇਆ ॥ ਵਾਰ ੨੦ ॥ ਪੌਃ ॥ ੧ ॥

ਯਾਂਤੇ—ਇਕ ਸਿਖ ਦੋਇ ਸਾਧ ਸੰਗ ਪੰਜੀ ਪਰ—ਮੇਸੁਰ ॥ ਵਾਰ ॥ ੧੩ ॥ ਪੌਃ ॥ ੧੯ ॥

ਇਤਯਾਦਕ ਅਨੇਕ ਵਾਕਯ ਹੈਂ। ਅਤੇ ਖਾਲਸੇ ਕੀ ਉਪਮਾ ਆਗੇ ਕਹੇਂਗੇ ॥

Sri Satguru Jagjit Singh Ji Elibrary NamdhariElibrary@gmail.com

# (ਉਦਾਸੀ)

**ਸ਼ੰਕਾ—** ਕੋਈਕ ਕਹਤੇ ਹੈਂ ਕਿ ਉਦਾਸੀ ਨ੍ਰਿਬਾਣ ਪੰਥ ਸ੍ਰੀਚੰਦ ਜੀ ਸੇ ਚਲਾ ਹੈ।

ਉਤਰ—ਜਨਮਸਾਖੀ। ਰੰਗਾ ਜੀ ਦੀ ਸਾਖੀ ਵਿਚੋਂ—

ਗੁਰੂ ਜੀ ਕਾ ਸ਼ਬਦ ਸੁਣਕੇ ਸਭ ਹੀ ਗੁਰੂ ਜੀ ਦੇ ਚਰਨਾ ਪਰ ਢਹ ਪਏ ਓਹਨਾ ਸਭਕੁਛ ਲੁਟਾਇ ਦਿਤਾ ਘੋੜੇ ਮਾਲ ਬਹਲਾਂ ਕਪੜੇ ਲੁਟਾਇ ਦਿਤੇ ਅਤੇ ਕਹਿਆ ਭਾਈ ਜੀ ਜੋ ਕਿਸੇ ਨੂੰ ਲੋੜ ਹੈ ਸੋ ਲੈਜਾਓ ਤਾਂ ਬਾਬੇ ਜੀ ਪਹਲੋਂ ਓਹਨਾ ਤਾਈ ਲੰਗੋਟਬੰਧ ਉਦਾਸੀ ਕੀਤਾ। ਨ੍ਰਿਬਾਣੀ ਪੰਥ ਬਣਾਯਾ। ਯਾਂਤੇ ਪਹਲਾਂ ਗੁਰੂ ਨਾਨਕ ਦੇਵ ਜੀ ਨੇ ਰੰਗਾ ਜੀ ਪਰ ਪੰਥ ਸਾਜਿਆ ਦੇਖੋ ਪੰਨੇ ੩੨੧॥

ਤਥਾ—ਗੁਰੂ ਜੀ ਸੁਯੰ ਭੀ ਕਹਤੇ ਹੈਂ:—

ਸਿਧ ਗੋਸਟ ਰਾਮਕਲੀ ਮ: ੧॥ ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ। ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥ ਪੌ: ੧੭॥

ਉਤਰ—ਗੁਰਮੁਖਿ ਖੋਜਤ ਭਏ ਉਦਾਸੀ। ਦਰਸਨ ਕੈ ਤਾਈ ਭੇਖੁ ਨਿਵਾਸੀ॥ ਪੌ: ੧੮॥

ਤਥਾ ਮਾਰੂ ਮ: ੧॥ ਗੁਰ ਬਚਨੀ ਬਾਹਰਿ ਘਰਿ ਏਕੋ ਨਾਨਕੁ ਭਇਆ ਉਦਾਸੀ॥ ਸ਼ਬਦ॥ ੧੧॥

Sri Satguru Jagjit Singh Ji Elibrary NamdhariElibrary@gmail.com

ਤਥਾ ਭਾਈ ਗੁਰਦਾਸ ਜੀ ॥ ਬਾਬੇ ਭੇਖ ਬਣਾ-ਇਆ ਉਦਾਸੀ ਕੀ ਰੀਤ ਚਲਾਈ ॥ ਵਾਰ ੧ ॥ ਪੌ: ੨੪ ॥

ਤਥਾ ਜਨਮਸਾਖੀ ॥ ਬਾਬੇ ਨਾਨਕ ਜੀ ਤਮਾਮ ਆਲਮ ਤਾਰਨੇ ਕੇ ਲੀਏ ਭੇਖ ਉਦਾਸੀ ਕਾ ਧਰ ਕਰ ਸਭ ਧਰਤੀ ਕਾ ਸੈਲ ਕੀਆ ॥ ਸਾਖੀ ਮੱਕੇ ਦੀ ਪੰਨੇ ੧੨੪ ॥ ਤਥਾ ਆਖਰੀ ਇਸ ਜਮਾਨ ਦੇ ਨਾਨਕ ਸ਼ਾਹ ਫਕੀਰ । ਮਾਰਿਆ ਸਿਕਾ ਸੱਚ ਦਾ ਸਿਰ ਪੀਰਾਂ ਦੇ ਪੀਰ ॥ ਪੰਨੇ ੧੭੬ ॥

ਤਥਾ—ਤੁਸੀ ਮਹਰਮ ਨਾਹੀ ਪੀਰ ਜੀ ਨਾਨਕ ਵਡਾ ਫਕੀਰ । ਰੱਬ ਜਿਨ੍ਹਾ ਦੇ ਹੁਕਮ ਵਿਚ ਸੇ ਸਭਨਾ ਦੇ ਸਿਰ ਪੀਰ ॥ ਸਾਖੀ ਮੱਕੇ ਦੀ ਪੰਨੇ ੧੮੭ ॥

ਤਥਾ ਨਾਨਕ ਪ੍ਰਕਾਸ਼ੋਕਤ ਦੋ:—

ਸਿਰ ਪਰ ਨੁਕਤਹ ਜੁਗਲ ਗਜ, ਖਫਨੀ ਗਲ ਬਰ ਚੀਰ । ਸਬਯਾਨ ਭਗਵੇ ਸਜੈ, ਧਰਿਯੋ ਸੁ ਵੇਖ ਸਰੀਰ ॥ ਪੂਰਬਾਰਧ ਧਿ: ੩੩ ॥

ਤਥਾ—"ਸਾਧ ਰੂਪ ਅਪਨਾ ਤਨ ਧਾਰਿਆ" ਕਹ ਆਏ ਹੈਂ । ਇਸ ਰੀਤ ਸੇਂ ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਇਸ ਭੇਖ ਕੇ ਮੂਲਾਚਾਰਯ ਹੈਂ ਔਰ ਸ਼੍ਰੀ ਬਾਬਾ ਸ਼੍ਰੀਚੰਦ੍ਰ ਜੀ ਪ੍ਰਵਰਤਕਾਚਾਰਯ ਹੈਂ ਅਤੇ ਕੋਈਕ ਪਾਮਰ ਲੋਕ ਇਸ ਗੁਰੂ ਜੀ ਦੇ ਪਵਿਤ੍ਰ ਭੇਖ ਨੂੰ ਵੇਖੋ ਵੇਖੀ ਸੁਆਹ ਪਾਈ ਕਹਤੇ ਹੈਂ ॥

Sri Satguru Jagjit Singh Ji Elibrary NamdhariElibrary@gmail.com

ਯਾਂਤੇ ਉਨ ਕੀ ਦਸ਼ਾ ਐਸੀ ਹੋਵੈਗੀ ਯਥਾ ਗਉੜੀ ਕੀ ਵਾਰ ਮਃ ੪ ਪਉੜੀ ॥ ਨਾਨਕ ਵਿਚਾ-ਰਹਿ ਸੰਤਿ ਜਨ ਚਾਰਿ ਵੇਦ ਕਹੰਦੇ। ਭਗਤ ਮੁਖੈ ਤੇ ਬੋਲਦੇ ਸੇ ਬਚਨ ਹੋਵੰਦੇ । ਪ੍ਰਗਟ ਪਾਹਾਰਾ ਜਾਪਦਾ ਸਭਿ ਲੋਕ ਸੁਣੰਦੇ। ਸੁਖ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ। ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ। ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ। ਜੋ ਮਾਰੇ ਤਿਨਿ ਪਾਰ ਬ੍ਰਹਮਿ ਸੇ ਕਿਸੈ ਨ ਸੰਦੇ । ਵੈਰੁ ਕਰਹਿ ਨਿਰਵੈਰੁ ਨਾਲਿ ਧਰਮ ਨਿਆਇ ਪਚੰਦੇ। ਜੋ ਜੋ ਸੰਤਿ ਸਰਾ-ਪਿਆ ਸੇ ਫਿਰਹਿ ਭਵੰਦੇ। ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ਪੌਃ ੧੨ ॥

ਸ਼ੰਕਾ—ਕੋਈਕ ਐਸੇ ਭੀ ਕਹਤੇ ਹੈਂ ਕਿ ਸੰਤ ਰੇਣ ਜੀ ਸੇ ਗੁਰੂ ਨਾਨਕ ਜੀ ਨੇ ਮੰਤ੍ਰ ਲੀਆ ਹੈ ?

ਉੱਤਰ—ਯਹ ਬਾਤ ਨਿਰਮੂਲ ਹੈ, ਅਤੇ ਕਪੋਲ ਕਲਪਨਾ ਮਾਤ੍ਰ ਹੈ, ਸੋ ਜਨਮ ਸਾਖੀ ਮੇਂ ਸਚੇ ਸੌਦੇ ਦੀ ਸਾਖੀ ਮੇਂ ਯਹ ਸਪਸ਼੍ਟ ਹੈ ਕਿ ਸੰਤ ਰੇਣ ਨੇ ਕਹਾ ਉਸ ਕਾ ਤੇਜ ਹਮਾਰੇ ਸੇ ਸਹਾਰਿਆ ਨਹੀਂ ਜਾਤਾ ਥਾ ਵਹ ਆਪ ਹੀ ਨਿਰੰਕਾਰ ਥਾ। ਦੇਖੋ ਪੰਨੇ ੩੩, ੩੪ ॥ ਤਥਾ ਤੇਜ ਨਾ ਸਹਾਰਨੇ ਕਾ ਪ੍ਰਸੰਗ ਨਾਨਕ

Sri Satguru Jagjit Singh Ji Elibrary NamdhariElibrary@gmail.com

ਪ੍ਰਕਾਸ਼ ਪੂਰਬਾਰਧ ਧਿ: ੧੫ ਮੇਂ ਭੀ ਸਪਸ਼੍ਟ ਹੈ।

ਤਥਾ ਸ੍ਰੀਰਾਗ ਮ: ੧—ਹਰਿ ਬਿਨੁ ਜੀਉ ਜਲਿ ਬਲਿਜਾਉ। ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ ਸ਼ਬਦ ੧॥

ਸ਼ੰਕਾ—ਗੁਰੂ ਜੀ ਕੇ ਗੁਰੂ ਕੌਨ ਹੈਂ ?।

ਉੱਤਰ ਰਾਮ ਕਲੀ ਮ: ੧—ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ॥ ੪॥ ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ॥ ੫॥ ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ॥ ੬॥ ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ॥ ਅਸਟਪਦੀ ੮॥

ਇਤਜ਼ਾਦਿਕ ਔਰ ਭੀ ਬਹੁਤ ਵਚਨ ਹੈਂ, ਸੋ ਤਿਨ ਕੀ ਵਜਵ-ਸਥਾ ਟੀਕਾਦਿਕੋਂ ਤਥਾ ਮਹਾਤਮਾ ਤਥਾ ਨਾਨਕ ਸੂਰਜੋਦਯ ਆਦਿਕੋਂ ਮੇਂ ਐਸੇ ਕਰੀ ਹੈ। ਜਬ ਗੁਰੂ ਜੀ ਬੇਈਂ ਮੇਂ ਗੋਤਾ ਲਗਾ ਕਰ ਸ਼੍ਰੀ ਮਹਾ ਬਿਸ਼ਨੂ ਜੀ ਪਾਸ ਗਏ ਹੈਂ॥ ਨਸਾਨੀ ਛੰਦ॥

ਪੁਰ ਸੁਲਤਾਨ ਭਯੋ ਤਬੈ ਇਹ ਸੋਚ ਅਪਾਰਾ। ਉਤ ਸ੍ਰੀ ਨਾਨਕ ਜੀ ਗਏ ਜਹ ਸ੍ਰੀ ਕਰਤਾਰਾ॥ ਕੀਨ ਦੰਡਵਤ ਪਗਨ ਪਰ ਪਿਖ ਭਯੋ ਅਨੰਦਾ। ਆਵਹੁ ਨਾਨਕ ਰੂਪ ਮਮ ਇਮ ਭਨਯੋ ਮੁਕੰਦਾ॥

ਤਥਾ—ਵਢਿਓ ਪਾਪ ਜਗ ਮੈ ਘਨੋ ਤੁਮ ਬੇਗ

ਪਧਾਰੋ। ਭਾਇ ਭਗਤਿ ਪ੍ਰਗਟਾਇ ਕਰ ਧਰ ਭਾਰ ਨਿਵਾਰੋ ॥

ਤਥਾ ਦੋਃ—ਮਹਮਾ ਨਾਮ ਪ੍ਰਕਾਸ਼ ਕਰ, ਪੁਨ ਆਵਹੁ ਮਮ ਐਨ। ਸੁਨ ਗੁਨ ਐਨ ਭਨੇ ਤਬੈ ਸ੍ਰੀਰਾਗ ਮੈ ਵੈਨ ॥ ਸ੍ਰੀਰਾਗ ਮਃ ੧ ॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥ ਸਬਦ ੨

ਇਹ ਸਾਰਾ ਸ਼ਬਦ ਉਚਾਰਾ। ਤਥਾ ਸੋਰਠਾ--

ਬਿਗਸੇ ਸ੍ਰੀ ਕਰਤਾਰ, ਮੰਤ੍ਰ ਦੀਨ ਗੁਰ ਹ੍ਵੈ ਤਬੈ। ਸੁਨੋ ਤਾਹਿ ਨਿਰਧਾਰ, ਸ੍ਰੀ ਨਾਨਕ ਧਾਰਿਓ ਰਿਦੈ ॥ ਬਿਸਤਾਰ ਦੇਖੋ ਨਾਨਕ ਸੂਰਜੋਦਯ ਧਿਃ ੨੪ ॥ ਪੰਨੇ ਪ੮ ॥

ਤਥਾ ਸ੍ਰੀ ਨਾਨਕ ਪ੍ਰਕਾਸ਼ ਵਿਚੋਂ ਦੋਃ—

ਪਾਰਬ੍ਰਹਮ ਬਿਗਸੇ ਸੁਨਤ, ਮੰਤ੍ਰ ਦੀਨ ਗੁਰ ਹੋਇ। ਸ੍ਰੀਨਾਨਕ ਧਾਰਨ ਕਰਯੋ ਬਰਨ ਸੁਨਾਵੌਂ ਸੋਇ ॥ ਪੂਰਬਾਰਧ ਧਿਃ ੨੯ ॥

ਤਥਾ—ਇਸ ਰੀਤ ਸੇ ਗੁਰੂ ਜੀ ਕੇ ਗੁਰੂ ਮਹਾ ਬਿਸ਼ਨੂ ਨਿਰੰਕਾਰ ਜੀ ਹੈਂ।

## (ਪਰਮ ਹੰਸ)

ਤਥਾ—ਪਰਮਹੰਸ ਭੀ ਗੁਰੂ ਜੀ ਨੇ ਅਪਨੇ ਪਿਆਰੇ ਲਿਖੇ ਹੈਂ ਜੈਸੇ ਸੌਸਾਖੀ ਮੇਂ—

ਮੁੰਡੀ ਸੰਗਤੀ ਗੁਰੂ ਕੇ ਪਿਆਰੇ। ਤਿਸ ਹਿਤ

Sri Satguru Jagjit Singh Ji Elibrary NamdhariElibrary@gmail.com

## ਉਪਦੇਸ ਗੁਰੂ ਕਾ ॥ ਸਾਖੀ ੬੨ ॥

ਤਥਾ ਸੂਰਜ ਪ੍ਰਕਾਸ਼ੋਕਤ। ਸਿਖਾਂ ਨੇ ਅਰਜ ਕਰਨੀ ਦਸਮੇਸ ਜੀ ਅਗੇ ਚੌਃ—

ਰਾਮ ਕੁਯਰ ਜੀ ਸਿਖ ਵਸੇਸ । ਕਿਉਂਨਾ ਧਾਰਤ ਹੈ ਸਿਰ ਕੇਸ।
ਦਯਾ ਸਿੰਘ ਸੁਨਕੇ ਸਭ ਬੈਨ । ਰਾਮ ਕੁਯਰ ਕੀ ਦਿਸ ਕਰ ਨੈਨ।
ਇਸਕੇ ਸਿਰ ਪਰ ਭੀ ਵਡ ਕੇਸ। ਨਿਤ ਅੰਤਰ ਕੋ ਵਧੈਂ ਵਸੇਸ।
ਅਪਰਨ ਕੇ ਸਿਰ ਊਪਰ ਵਾਹਿਰ। ਸਭਕੇ ਸਕਲ ਵਿਲੋਕਤ ਜਾਹਿਰ।
ਇਸਕੇ ਅੰਤਰ ਵਧੈਂ ਹਮੇਸ । ਜਾਹਿ ਤਰੇ ਕੋ ਦੀਰਘ ਕੇਸ।
ਤਿਸ ਕਾਰਨ ਤੇ ਭੁਜਗਹ ਪਾਨੀ। ਸਭਨ ਵਿਖੈ ਮੁਖ ਮਧੁਰ ਬਖਾਨੀ।
ਮੋਹਿ ਤੋਹਿ ਮੈ ਭੇਦ ਨ ਕੋਊ । ਏਕ ਰੂਪ ਕੇ ਤਨ ਹੈਂ ਦੋਊ।
[ਵਿਸਤਾਰ ਦੇਖੋ। ਰੁਤ। ੪। ਅੰਸੂ। ੩੫॥]

**ਤਥਾ ਮੋਹਰ ਰਾਗ ਗੌਂਡ ਸ੍ਰੀ ਕਬੀਰ ਜੀ—**

**ਸੁਨਿ ਅੰਧਲੀ ਲੋਈ ਬੇਪੀਰਿ। ਇਨਿ ਮੁੰਡੀਅਨ ਭਜਿ ਸਰਨਿ ਕਬੀਰ। ਸਬਦ ੬ ਤਥਾ ਸਲੋਕ ਕਬੀਰ ਜੀ। ਕਬੀਰ ਪ੍ਰੀਤ ਇਕ ਸਿਉ ਕੀਏ ਆਨ ਦੁਬਿਧਾ ਜਾਇ। ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ। ਸਲੋਕ। ੨੫॥**

ਇਤਯਾਦਕ ਬਹੁਤ ਵਚਨ ਹਨ। ਯਹ ਰਾਮ ਕੁਅਰ ਜੀ ਬਾਬੇ ਬੁਢੇ ਜੀ ਤੋ ਸਾਤਵੀਂ ਜਗਾ ਸਨ। ਬ੍ਰਹਮ ਗਿਆਨੀ ਅਤੇ ਪ੍ਰਮਹੰਸ । ਔ ਯਹ ਭੀ ਜਾਨਣਾ ਕਿ ਦਯਾ ਸਿੰਘ ਜੀ ਕੋ ਜੰਞੂ ਉਤਾਰਨੇ ਮੇ ਕੁਛ ਕਹਾ ਨਹੀ ਕਿਉਂਕਿ ਮੇਰਾ ਬ੍ਰਹਮ ਗਿਆਨੀ ਸਿਖ ਹੈ। ਦੂਸਰੋਂ ਵਾਸਤੇ ਜੰਞੂ ਅਰਥ ਸਿਧ ਹੈ। ਨਾ ਮਾਨੋ ਤੋ ਰਾਮ ਕੁਯਰ ਜੀ ਕੀ ਕੇਸਾਂ ਕੀ ਵਿਵਸਥਾ ਕੇ ਸਾਥ ਵਿਰੋਧ ਹੋਵੈਗਾ। ਯਾਂਤੇ ਸਰਬਤ ਸੰਗਤ ਸਿਖ ਸਾਧੂ ਸਤਿਗੁਰੂ ਕੇ ਪਿਆਰੇ ਹਨ ਮੇਲ ਹਮਾਰਾ ਬਨੈ ਹੈ। ਯਾਂਤੇ ਗੁਰੂ ਜੀ ਭੀ ਕਹੇ ਹੈਂ। ਯਥਾ ਗੂਜਰੀ ਮਃ ੫॥

**ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ। ਮਿਲਬੇ ਕੀ ਮਹਿਮਾ ਬਰਨਿ ਨ ਸਾਕਉ**

Sri Satguru Jagjit Singh Ji Elibrary NamdhariElibrary@gmail.com

ਨਾਨਕ ਪਰੈ ਪਰੀਲਾ ॥ ਸਬਦ । ੧੩ ॥

ਤਥਾ ਗੁਰ ਬਿਲਾਸ ਮੇਂ ਕਬਿਤ—

ਫੂਟ ਪ੍ਰਹਲਾਦ ਹਰਨਾਖ ਨਰ ਹਰ ਹਤਿਓ ਫੂਟਕੈ ਭਵੀਖਨ ਲੁਟਾਇ ਲੰਕ ਦਈ ਹੈ। ਫੂਟ ਕੁਰ ਪੰਡੁ ਗਏ ਸਭੈ ਕੁਲਨਾਸ ਕਏ ਫੂਟੀ ਦੇਖੋ ਕੇਕਈ ਸੁ ਰਾਮ ਸੀਆ ਗਈ ਹੈ। ਫੂਟੈ ਰਾਜ ਪੂਤ ਜੋਈ ਵਡੋ ਦੁਖ ਪਾਵੈ ਸੋਈ ਔਰ ਹੈ ਅਨੇਕ ਗਾਬ ਜੋਊ ਪਾਛੈ ਭਈ ਹੈ। ਮੇਲ ਕੀਏ ਹੋਤ ਸੁਖ ਫੂਟਨ ਤੇ ਮਹਾਂ ਦੁਖ ਤਾਂਤੇ ਮੇਲ ਕਰੋ ਪਾਛੈ ਭਈ ਬੀਤ ਗਈ ਹੈ॥ ਧਿਃ ੩ ॥ ਪੰਨੇ॥ ੨੭ ॥ ਤਥਾ ਤੁਲਸੀ ਜੀ ਚੌਃ—

ਜਹਾਂ ਸੁਮਤਿ ਤਹਾਂ ਸੰਪਤਿ ਨਾਨਾ । ਜਹਾਂ ਕੁਮਤਿ ਤਹਾਂ ਵਿਪਤਿ ਨਿਦਾਨਾ।
ਸੁੰਦਰ ਕਾਂਡ ॥ ਯਾਂਤੇ ਐਸੇ ਬੇਨਤੀ ਕਰੋ:—

ਯਥਾ ਬਾਰਹਮਾਹਾ ਮਾਝ ਮਹਲਾ ੫ ॥ ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ। ਤਥਾ ਸੋਰਠਿ ਮਃ ੫ ॥ ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ ਸ਼ਬਦ ॥ ੧੨ ॥ ਇਤਿ ॥

## ਬਰਣ ਧਰਮ

ਪੁਨਾ ਜੌ ਗੁਰੂ ਜੀ ਕੇ ਵਾਕਯ ਬਰਨਾਸਰਮ ਕੇ ਨਖੇਧਕ ਪ੍ਰਤੀਤ ਹੋਤੇ ਹੈਂ ਸੋ ਜੀਵੋਂ ਕੇ ਅਪਨੇ ਭ੍ਰਮ ਸੇ ਪ੍ਰਤੀਤ ਹੋਤੇ ਹੈਂ। ਗੁਰੂ ਵਚਨੋ ਮੇ ਬਰਨਾਸਰਮ ਕਾ ਨਖੇਧ ਨਹੀ। ਉਤਪਤੀ ਵਿਖਜਕ ਤੋ ਪੂਰਬ ਕਹ ਆਏ ਹਾਂ ਧਰਮ ਕੇ ਵਿਸ਼ੇ ਮੇ ਸੰਖੇਜਪਤੇ ਕਹਤੇ ਹੈਂ ਯਥਾ—

Sri Satguru Jagjit Singh Ji Elibrary NamdhariElibrary@gmail.com

ਥਿਤੀ ਗਉੜੀ ਮਃ ੫ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ ॥ ਪੌਃ ੧੭ ॥

ਤਥਾ ਸੂਹੀ ਮਃ ੫ ॥ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥ ਸ਼ਬਦ ॥ ੫੦ ॥ ਤਥਾ ਆਸਾਦੀਵਾਰ ਵਿਚੋ ॥ ਮਃ ੨ ॥ ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਮਣਹ। ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ- ਕ੍ਰਿਤਹ। ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥ ਨਾਨਕੁ ਤਾਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ ਪੌਃ ੧੨ ॥

ਤਥਾ ਗਉੜੀ ਮਃ੪ ॥ ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥ ਸੂਦੁ ਵੈਸੁ ਪਰਕਿਰਤਿ ਕਮਾਵੈ ਸ਼ਬਦ ॥ ੧॥

ਤਥਾ ਦਸਮ ਗੁਰੂ ਗ੍ਰੰਥ ਸ੍ਰੀ ਮੁਖ ਚੌਃ—

ਬਰਨ ਬਰਨ ਅਪਨੀ ਕ੍ਰਿਤ ਲਾਏ । ਚਾਰ ਚਾਰ ਹੀ ਬਰਨ ਚਲਾਏ।
ਛਤ੍ਰੀ ਕਰੈ ਬਿਪ੍ਰ ਕੀ ਸੇਵਾ । ਬੈਸ ਲਖ਼ੈ ਛਤ੍ਰੀ ਕਹ ਦੇਵਾ।
ਸੂਦ੍ਰ ਸਭਨ ਕੀ ਸੇਵ ਕਮਾਵੈ । ਜੱਹ ਕੋਈ ਕਹੈ ਤਹੀ ਵਹ ਧਾਵੈ।
ਜੈਸਕ ਹੁਤੀ ਬੇਦ ਸਾਸਨਾ । ਨਿਕਸਾ ਤੈਸ ਰਾਮ ਕੀ ਰਸਨਾ।

[ਸ੍ਰੀ ਰਾਮਾਵਤਾਰ ਛੰਃ ੮੩੯]

ਤਥਾ ਸੂਰਜ ਪ੍ਰਕਾਸ਼ ਮੇ ਹਜ਼ੂਰ ਸਾਹਿਬ ਮੇਂ ਦੋਃ—

ਬ੍ਰਨਾਸ੍ਰਮ ਕੀ ਪੰਗਤੀ ਪ੍ਰਿਥਕ ਪ੍ਰਿਥਕ ਬੈਠਾਇ

Sri Satguru Jagjit Singh Ji Elibrary NamdhariElibrary@gmail.com

ਸਾਦਰ ਦੇਤ ਅਹਾਰ ਕੋ ਨੀਰ ਪ੍ਰਿਥਮ ਕਰ ਪਾਇ ਐਨ॥ ੨ ਅੰਸੂ ॥੨੧॥ ਦੇਖੋ॥

ਇਤਯਾਦ ਅਨੇਕ ਵਾਕਯ ਹੈ ਵਿਸਤਾਰ ਭੈ ਸੇ ਨਹੀ ਲਿਖੇ॥ ਇਸ ਰੀਤ ਸੈ ਜਾਤੀ ਧਰਮਾਦਕ ਸਿਧ ਹੈਂ॥ ਨਾਮ ਜਪਣੇ ਕਾ ਸ੍ਰਬ ਕਾ ਅਧਿਕਾਰ ਹੈ॥

ਯਥਾ ਮਾਰੂ ਮਃ ੫—ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ॥ ਸ਼ਬਦ॥ ੧੦॥

ਤਥਾ ਗੀਤਾ ਕੇ ੯ ਧਿਃ ਕੇ ੩੨ ਸ਼ਲੋਕ ਮੇ ਮੇਰੇ ਪਰਮਾਤਮਾ ਸ੍ਰੀਕ੍ਰਿਸ਼ਨ ਭਗਵਾਨ ਨੇ ਪਰਮਪਵਿਤ੍ਰ ਮੁਖਾਰ ਬਿੰਦੁ ਸੇ ਕਹਾ ਹੈ। ਕਿ ਜੋ ਪਾਪ ਜੋਨੀ ਇਸਤ੍ਰੀ ਸੂਦ੍ਰਾ ਦਕ ਭੀ ਮੇਰਾ ਆਸਰਾ ਲੇ ਕਰਕੇ ਪਰਮ ਗਤੀ ਕੋ ਪ੍ਰਾਪਤਿ ਹੋਤੇ ਹੈਂ॥ ਇਤਿ॥

ਪ੍ਰੰਤੂ — ਚੰਡਾਲ ਬ੍ਰਾਹਮ ਜਾਤੀ ਨਹੀ ਕਹਲਾ ਸਕਤਾ।

ਜੈਸੇ ਪ੍ਰਭਾਤੀ ਮਃ੧॥ ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ॥ ਅਸਟਪਦੀ॥ ੩॥

ਟੀਕਾ॥ ਫੋਕਟ ਕਹੀਏ ਨਿਸਫਲ॥ ਭਾਵ ਇਸ਼ਨਾਨਾਦਿਕ ਕਰਮੋ ਸੇ ਚੰਡਾਲ ਬ੍ਰਾਹਮਣੋ ਕੀ ਪੰਗਤੀ ਕਾ ਅਧਕਾਰੀ ਨਹੀ ਹੋ ਸਕਦਾ॥ ਇਤਿ॥

## ਭਗਤ ਜਾਤੀ

ਹਾਂ ਯਹ ਬਾਰਤਾ ਹਮਾਰੇ ਕੋ ਭੀ ਸ੍ਵੀਕਾਰ ਹੈ ਔਰ ਪੌਰਾਣਾਦਕੋ ਸੇਂ ਸਿਧ ਭੀ ਹੈ। ਤਥਾ ਗੁਰੂ ਜੀ ਫੁਰਮਾਵਤੇ ਹੈਂ॥ ਕਿ ਭਗਤ ਔ ਸੰਤ ਜੋ ਹਰੀ ਸੇ ਅਭੇਦ ਹਨ। ਤਿਨ ਕੀ ਸੰਸਾਰਕ ਜਾਤੀ ਕਾ ਵਿਚਾਰ ਨਹੀ॥

ਜਥਾ ਤਿਲੰਗ ਮਃ ੧– ਕੇਸਰਿ ਕੁਸਮ ਮਿਰਗ ਮੈ ਹਰਣਾ ਸਰਬ ਸਰੀਰੀ ਚੜਣਾ। ਚੰਦਨ ਭਗਤਾ ਜੋਤਿ ਇਨੇ ਹੀ ਸਰਬੇ ਪਰਮਲੁ ਕਰਣਾ॥ ੨ ॥ ਘਿਅਪਟ ਭਾਂਡਾ ਕਹੈ ਨ ਕੋਇ। ਐਸਾ ਭਗਤੁ ਵਰਨ ਮਹਿ ਹੋਇ॥ ਸਬਦ॥ ੨ ॥ ਤਥਾ ਕਾਨੜਾ ਮਃ ੪॥ ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈ ਗੋ। ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈ ਗੋ॥ ੬॥ ਜਾਤ ਨ ਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈ ਗੋ। ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈ ਗੋ॥ ੭॥ ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈ ਗੋ। ਨਾਨਕ ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੈ ਦਾਸਨਿ ਦਾਸ ਕਰਾਵੈ ਗੋ॥ ੮॥ ਅਸਟ- ਪਦੀ॥ ੨॥

ਤਥਾ ਪ੍ਰਭਾਤੀ ਮਃ ੧ ॥ ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ। ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ ਸਬਦ॥ ੧੦॥

ਅਰਥ ਟੀਕਾ ਮੇਂ ਸਪਸ਼ਟ ਹੈ। ਇਤਯਾਦਕ ਹੋਰ ਭੀ ਵਚਨ ਹੈਂ।

ਤਥਾ ਭਾਈ ਗੁਰਦਾਸ ਜੀ॥ ਅਸੁਰ ਭਭੀਖਣ ਭਗਤਿ ਹੈ ਬਿਦਰੁ ਧ੍ਰੂ ਵਿਖਲੀ ਸਰਨਾਈ। ਧੰਨਾ ਜਟ

ਵਖਾਣੀਐ ਸਧਨਾ ਜਾਤ ਅਜਾਤ ਕਸਾਈ । ਭਗਤ ਕਬੀਰ ਜਲਾਹੜਾ ਨਾਮਾ ਛੀਂਬਾ ਹਰਿ ਗੁਣ ਗਾਈ। ਕੁਲ ਰਵਿਦਾਸ ਚੁਮਾਰ ਹੈ ਸੈਣ ਸਨਾਤੀ ਅੰਦਰ ਨਾਈ। ਕੋਇਲ ਪਾਲੈ ਕਾਂਵਣੀ ਅੰਤ ਮਿਲੈ ਕੁਲ ਅਪਣੈ ਜਾਈ। ਕਿਸ਼ਨ ਜਸੋਧਾ ਪਾਲਿਆ ਵਾਸਦੇਵ ਕੁਲ ਕਵਲ ਸਦਾਈ। ਘਿਉ ਭਾਂਡਾ ਨ ਵੀਚਾਰੀਐ ਭਗਤਾ ਜਾਤਿ ਸਨਾਤ ਨ ਕਾਈ। ਚਰਨ ਕਮਲ ਸਤਿਗੁਰ ਸਰਨਾਈ ਵਾਰ ॥ ੨੫ ॥ ਪੌ: ॥ ੫ ॥

ਇਤਯਾਦਕ ਵਚਨੋ ਸੇ। ਪ੍ਰੰਤੂ। ਭਗਤ ਜਨ ਸ੍ਵਯੰ ਮੁਖਾਰ ਬਿੰਦ ਸੇ ਅਪਣੀ ਜਾਤੀ ਪ੍ਰਗਟ ਕਰਤੇ ਹੈ। ਯਥਾ

ਗਉੜੀ ਕਬੀਰ ਜੀ। ਜਾਤਿ ਜੁਲਾਹਾ ਮਤਿ ਕਾਧੀਰੁ । ਸਹਜਿ ਸਹਜਿ ਗੁਣ ਰਮੈ ਕਬੀਰੁ। ਸਬਦ ॥ ੨੬॥

ਤਥਾ-ਆਸਾ ਕਬੀਰ ਜੀ। ਤੂੰ ਬ੍ਰਾਮਨੁ ਮੈ ਕਾਸੀ ਕਾ ਜੁਲਹਾ ਬੂਝਹੁ ਮੋਰਗਿਆਨਾ। ਤੁਮਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ। ਸਬਦ॥੨੬॥

ਤਥਾ–ਰਾਗ ਗੂਜਰੀ ਕਬੀਰ ਜੀ। ਓਛੀ ਮਤਿ ਮੇਰੀ ਜਾਤਿ ਜੁਲਾਹਾ । ਹਰਿਕਾ ਨਾਮੁ ਲਹਿਓ ਮੈ ਲਾਹਾ ।ਸ਼ਬਦ ॥ ੨ ॥ ਤਥਾ-ਕਬੀਰ ਜਾਤਿ ਜੁਲਾਹਾ ਕਿਆ ਕਰੈ ਹਿਰਦੈ ਬਸੇ ਗੁਪਾਲ। ਕਬੀਰ ਰਮਈਆ ਕੰਠ ਮਿਲੁ ਚੂਕਹਿ ਸਰਬ ਜੰਜਾਲ ॥ ਸਲੋਕ ੮੨ ॥

Sri Satguru Jagjit Singh Ji Elibrary NamdhariElibrary@gmail.com

ਤਥਾ-ਆਸਾ ਬਾਣੀ ਧੰਨੇ ਦੀ ਵਿਚੋਂ ਮ:੫ ॥ ਬੁਨਨਾ ਤਨਨਾ ਤਿਆਗਿਕੈ ਪ੍ਰੀਤਿ ਚਰਨ ਕਬੀਰਾ । ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ਸ਼ਬਦ ੨ ॥ ਸਾਰਾ ਜਾਣ ਲੈਣਾ ॥

ਤਥਾ ਸੌ ਸਾਖੀ—"ਤਾਂ ਗੁਰੂ ਜੀ ਬੋਲੇ ਸਿਖੋ ! ਨਾਮ ਕੀ ਮਹਿਮਾ ਐਸੀ ਹੈ ਤਾਂ ਕਬੀਰ ਜੁਲਾਹਾ ਕੰਗਾਲ ਉਸ ਨੂੰ ਸਭ ਕੋਈ ਜਾਣਦਾ ਹੈ" ਸਾਖੀ ੩੦

ਤਥਾ ਸੂਰਜ ਪ੍ਰਕਾਸ਼ ਵਿਚੋਂ—'ਜਾਤਿ ਜੁਲਾਹਾ ਰੰਕ ਜੋ ਭਜ ਨਾਮ ਕਬੀਰੰ । ਸਭ ਕੋਈ ਜਾਨੈ ਜਗਤ ਘਰ ਘਰ ਮੈ ਧੀਰੰ' ਰੁਤ ੩ । ਅੰਸੂ ੪੩ ॥

ਤਥਾ ਆਸਾ ਧੰਨਾ ਜੀ ਮ: ੫ ॥ 'ਇਹ ਬਿਧਿ ਸੁਨਿਕੈ ਜਾਟਰੋ ਉਠਿ ਭਗਤੀ ਲਾਗਾ । ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡ ਭਾਗਾ'॥ ਸਬਦ ੨ ॥

ਤਥਾ ਸੋਰਠਿ ਰਵਿਦਾਸ ਜੀ—'ਮੇਰੀ ਜਾਤਿ ਕਮੀਨੀ ਪਾਤਿ ਕਮੀਨੀ ਓਛਾ ਜਨਮੁ ਹਮਾਰਾ । ਤੁਮ ਸਰਨਾਗਤਿ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ' ਸਬਦ ੬ ॥

ਤਥਾ ਭੈਰਉ ਰਵਿਦਾਸ ਜੀ—'ਬਰਨ ਸਹਿਤ ਜੋ ਜਾਪੈ ਨਾਮੁ । ਸੋ ਜੋਗੀ ਕੇਵਲ ਨਿਹਕਾਮੁ ।' ਸਬਦ ॥ ੧ ॥

Sri Satguru Jagjit Singh Ji Elibrary NamdhariElibrary@gmail.com

ਤਥਾ ਮਲਾਰ ਰਵਿਦਾਸ ਜੀ—'ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚਮਾਰੰ। ਰਿਦੈ ਰਾਮ ਗੋਬਿੰਦ ਗੁਨ ਸਾਰੰ' ॥ ਸਬਦ ੧ ॥

ਤਥਾ ਭੈਰਉ ਸ੍ਰੀ ਨਾਮਦੇਵ ਜੀ ॥ ਹੀਨੜੀ ਜਾਤਿ ਮੇਰੀ ਜਾਦਮ ਰਾਇਆ। ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ਸਬਦ ॥ ੬ ॥

ਤਥਾ—ਬਖਸੀ ਹਿੰਦੂ ਮੈ ਤੇਰੀ ਗਾਇ ਭੈਰਉ ਨਾਮ ਦੇਉ ॥ ਸਬਦ ॥ ੧੦ ॥ ਕਹ ਆਏ ਹਾਂ।

ਤਥਾ ਆਸਾ ਦੀ ਵਾਰ ਮਃ ੧ ॥ ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ। ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹੁਕਾਰੁ ॥ ਪੌਃ ॥ ੬ ॥

ਇਤਯਾਦਕ ਔਰ ਭੀ ਬਹੁਤ ਸਬਦ ਹਨ। ਯਾਂਤੇ ਜੋ ਪੂਰਬ ਗਰਭਾ ਵਾਸ ਮੈ ਕੁਲ ਤਥਾ ਹਿੰਦੂ ਐਨ੍ਹਾਦਿਕ ਸਬਦ ਹੈਂ ਸੇ ਤਿਨਕਾ ਤਾਤਪ੍ਰਯ ਜਾਤੀ ਕੇ ਖੰਡਨ ਮੇ ਨਹੀ ਕਿਉਂਕੇ ਊਪਰ ਕਹੇ ਗੁਰੂ ਵਚਨੋ ਸੇ ਵਿਰੋਧ ਹੋਗਾ। ਹਾਂ ਪੰਡਿਤ ਮੁਲਾਂ ਛਾਡੇ ਦੋਊ ਇਤਯਾਦਕ ਸਬਦੋਂ ਕੇ ਨਾ ਤੱਤ ਨੂ ਸਮਝ ਕਰ ਤਿਸ ਅਵਸਥਾ ਕੀ ਪ੍ਰਾਪਤੀ ਸੇ ਰਹਤ ਸ੍ਰੀ ਕਬੀਰ ਰਵਿਦਾਸਾਦਿਕੋਂ ਕੀ ਜਾਤੀ ਮਾਤ੍ਰ ਕੇ ਅਧਿਕਾਰੀ ਤੋ ਹੋ ਸਕਤੇ ਹੈਂ ॥ ਨ੍ਹਿਨਾ ਯਹ ॥ ਸੋ ਕਬੀਰ ਜੀ ਕਾ ਸਾਰਾ ਸਬਦ ਕਹਤੇ ਹੈਂ ॥

ਭੈਰਉ ਕਬੀਰ ਜੀ—ਉਲਟਿ ਜਾਤਿ ਕੁਲ ਦੋਊ ਬਿਸਾਰੀ। ਸੁੰਨ ਸਹਜ ਮਹਿ ਬੁਨਤ ਹਮਾਰੀ ॥ ੧ ॥ ਹਮਰਾ ਝਗਰਾ ਰਹਾ ਨ ਕੋਊ। ਪੰਡਿਤ ਮੁਲਾਂ ਛਾਡੇ ਦੋਊ ॥ ੧ ॥ ਰਹਾਉ ॥ ਬੁਨਿ ਬੁਨਿ ਆਪ ਆਪੁ

ਪਹਿਰਾਵਉ । ਜਹ ਨਹੀ ਆਪੁ ਤਹਾ ਹੋਇ ਗਾਵਉ ॥ ੨ ॥ ਪੰਡਿਤ ਮੁਲਾਂ ਜੋ ਲਿਖਿ ਦੀਆ । ਛਾਡਿ ਚਲੇ ਹਮ ਕਛੂ ਨ ਲੀਆ ॥੩॥ ਰਿਦੈ ਇਖਲਾਸੁ ਨਿਰਖਲੇ ਮੀਰਾ । ਆਪੁ ਖੋਜਿ ਖੋਜਿ ਮਿਲੇ ਕਬੀਰਾ ॥ ਸ਼ਬਦ ੭ ॥

**ਟੀਕਾ**—ਸੰਸਾਰ ਕੀ ਤਰਫ ਸੇ ਉਲਟ ਕਰ ਜਾਤੀ ਔਰ ਕੁਲ ਕੀ ਅਭਿਮਾਨਤਾ ਦੋਨੋ ਵਿਸਾਰ ਦਈ ਹੈਂ । ਸੁੰਨ ! ਸਹਜ ਕਹੀਏ ਅਫੁਰ ਅਚੁਤ ਪਰਮੇਸ਼ੂਰ ਮੇਂ ਹਮਾਰੀ ਬੁਨਤ ਹੋ ਰਹੀ ਹੈ ਭਾਵ ਤਿਸ ਮੇਂ ਹਮਾਰੀ ਬਿਰਤੀ ਲਗ ਰਹੀ ਹੈ । ਹੇ ਭਾਈ ਹਮਾਰਾ ਝਗਰਾ ਕਿਸੀਕੇ ਸਾਥ ਨਹੀਂ ਰਹਾ ਪੰਡਿਤ ਅਰ ਮੁਲਾਂ ਹਮਨੇ ਦੋਨੋ ਛੋਡ ਦੀਏ ਹੈਂ । ਬੁਨਿ ਬੁਨਿ ਕਰ ਬ੍ਰਿਤੀ ਕੋ ਲਗਾਇ ਲਗਾਇ ਕਰ ਆਪ ਕੋ ਪਹਰਾਵਤਾ ਹੂੰ । ਅਰਥਾਤ ਅਨੰਦ ਭੋਗਤਾ ਹੂੰ । ਜਹਾਂ ਆਪਾ ਭਾਵ ਨਹੀਂ ਹੈ ਅਰਥਾਤ ਸਤਸੰਗ ਮੇਂ ਨਿਰ ਅਭਿਮਾਨ ਹਿਰਦੇ ਮੈਂ ਇਸਥਿਤ ਹੋਇ ਕੈ ਪ੍ਰਮੇਸ਼ੂਰ ਕੇ ਜਸ ਕੋ ਗਾਵਤਾ ਹੂੰ, ਪੰਡਿਤ ਔਰ ਮੂਲਾਣਿਓਂ ਨੇ ਜੋ ਕਰਮਕਾਂਡ ਔਰ ਸ਼ਰਹ ਲਿਖ ਦੀਆ ਹੈ ਇਨ ਦੋਨੋ ਕੋ ਛੋਡਕੇ ਚਲੇ ਹੈਂ ਇਨ ਕਾ ਮਤ ਹਮਨੇ ਗ੍ਰਹਣ ਨਹੀਂ ਕੀਆ ॥ ੩ ॥ ਰਿਦੇ ਕੇ ਇਖਲਾਸ ਕਹੀਏ ਪ੍ਰੇਮ ਕਰਕੇ ਮੀਰਾ ਕਹੀਏ ਪਾਤਸ਼ਾਹ ਪ੍ਰਮੇਸ਼ੂਰ ਕੋ ਨਿਰਖਲੇ ਕਹੀਏ ਦੇਖਲੀਆ ਹੈ । ਆਪ ਕਹੀਏ ਆਪਣੈਮੈਂ ਹਰੀਕੋ ਖੋਜ ਖੋਜ ਢੂੰਡ ੨ ਕਰਕੇ ਸ੍ਰੀ ਕਬੀਰ ਜੀ ਕਹਤੇ ਹੈਂ ਹਮ ਮਿਲੇ ਹੈਂ । ਭਾਵ ਅਭੇਦ ਹੂਏ ਹੈਂ ॥ ਇਤਿ ॥

ਇਸ ਰੀਤ ਸੇ ਐਸੀ ਅਵਸਥਾ ਮੇ ਸਰਬ ਸੰਸਾਰਕ ਕਰਮਕਾਂਡੀਆਂਸਹਤ ਕਰਮਕਾਂਡ ਕਾ ਖੰਡਨ ਕੀਆ ਹੈ । ਜੋ ਯਹ ਵਿਵਸਥਾ ਨਾ ਮਾਨੈ ਤੋ ਛੋਡ ਕਤੇਬ ਕਰੈ ਸੈਤਾਨੀ ਇਤਯਾਦਕ ਸਰਬ ਵਾਕੋਂ ਸੇ ਵਿਰੋਧ ਹੋਗਾ ॥ ਇਤਿ ॥

## ॥ ਠਾਕੁਰ ਪੂਜਾ ਮੰਡਨ ॥

ਤਥਾ ਜੋ ਪਾਥਰ ਕਉ ਕਹਤੇ, ਇਤਯਾਦਿਕ ਬਚਨੋਂ ਕਾ ਯਦੀ ਠਾਕੁਰ ਪੂਜਾ ਕੀ ਨਿਸ਼ੇਧੀ ਮੇਂ ਹੀ ਤਾਤਪਰਯ ਮਾਨੇਂ ਤੋ ਜਹਾਂ ਨਾਮ ਦੇਵ ਜੀ ਕੇ ਪ੍ਰੇਮ ਕੀ ਪ੍ਰਧਾਨਤਾ ਕਹ ਕਰ ਸ੍ਰੀ ਗੁਰੂ ਅਰਜਨ ਦੇਵ ਜੀ, ਭਾਈ ਗੁਰਦਾਸ ਜੀ ਕੋ ਸੁਨਾਵਤੇ ਹੈਂ ਵਯਵਸਥਾ ਟੀਕਾਕੀ ਹੈ, ਔਰਯਹੀ ਵਯਵਸਥਾ ਪੰਡਿਤ ਤਾਰਾ ਸਿੰਘ ਜੀ ਨੇ ਮੂਰਤੀ ਕੋ ਦੂਧ ਪਿਲਾਣਾ ਸਪਸ਼ਟ ਕਰੀ ਹੈ ।

Sri Satguru Jagjit Singh Ji Elibrary NamdhariElibrary@gmail.com

ਭੈਰਉ ਨਾਮਦੇਵ ਜੀ—ਦੂਧੁ ਕਟੋਰੈ ਗਡਵੈ ਪਾਨੀ। ਕਪਲ ਗਾਇ ਨਾਮੈ ਦੁਹਿ ਆਨੀ ॥ ੧ ॥ ਦੂਧੁ ਪੀਉ ਗੋਬਿੰਦੇ ਰਾਇ। ਦੂਧੁ ਪੀਉ ਮੇਰੋ ਮਨੁ ਪਤੀਆਇ ॥ ਨਾਹੀ ਤ ਘਰ ਕੋ ਬਾਪੁ ਰਿਸਾਇ ॥ ੧ ॥ ਰਹਾਉ ॥ ਸੁੋਇਨ ਕਟੋਰੀ ਅੰਮ੍ਰਿਤ ਭਰੀ। ਲੈ ਨਾਮੈ ਹਰਿ ਆਗੈ ਧਰੀ ॥੨॥ ਏਕੁ ਭਗਤੁ ਮੇਰੇ ਹਿਰਦੇ ਬਸੈ। ਨਾਮੇ ਦੇਖਿ ਨਰਾਇਨੁ ਹਸੈ ॥ ੩ ॥ ਦੂਧੁ ਪੀਆਇ ਭਗਤੁ ਘਰਿ ਗਇਆ। ਨਾਮੇ ਹਰਿ ਕਾ ਦਰਸਨੁ ਭਇਆ ॥ ਸਬਦ ੩ ॥

ਟੀਕਾ—ਸ੍ਰੀ ਨਾਮਦੇਵ ਜੀ ਠਾਕੁਰ ਕੋ ਭੋਗ ਹੇਤ ਕਪਿਲਾ ਗਊ ਦੁਹਿ ( ਕਹੀਏ ) ਚੋਇ ਲਿਆਂਦੀ ਫਿਰ ਕਟੋਰੇ ਮੇਂ ਦੂਧ ਔਰ ਗਡਵੇ ਮੇਂ ਜਲ ਪਾਇਲੀਆ ॥ ੧ ॥ ਹੇ ਗੋਬਿੰਦ ਰਾਇ ਦੂਧ ਪੀਜੀਏ, ਜਬ ਆਪ ਦੂਧ ਪੀਵੋਗੇ ਤਬ ਮੇਰਾ ਮਨ ਪਤੀਆ ਜਾਵੇਗਾ ਕਿ ਮੇਰੇ ਨਾਨੇ ਜੀ ਸੇ ਦੂਧ ਪੀਤੇ ਰਹੇ ਹੋ, ਨਹੀਂ ਤੋ ਜੇ ਨਾ ਪੀਵੋਗੇ ਤੋ ਜੋ ਘਰ ਕਾ ਮਾਲਕ ਮੇਰਾ ਬਾਪ ( ਭਾਵ ਮੇਰਾ ਨਾਨਾ ਜੀ ) ਮੇਰੇ ਪਰ ਗੁਸੇ ਹੋਵੇਗਾ । ਸੋਨੇ ਕੀ ਕਟੋਰੀ ਅਮ੍ਰਿਤ ਰੂਪ ਦੂਧ ਕੀ ਭਰੀ ਹੂਈ ਲੇਕਰ ਨਾਮਦੇਵ ਜੀ ਨੇ ਹਰੀ ਕੇ ਆਗੇ ਧਰ ਦਈ ਜਬ ਕੁਛ ਦੇਰ ਭਈ ਤਬ ਨਾਮਦੇਵ ਜੀ ਕੀ ਪ੍ਰਾਰਥਨਾ ਕਰਨੇ ਸੇ ਠਾਕੁਰ ਜੀ ਨੇ ਦੂਧ ਨਾ ਪੀਆ ਤੋ ਨਾਮਦੇਵ ਜੀ ਅਪਨੇ ਪੇਟ ਮੇਂ ਕਟਾਰੀ ਮਾਰਨੇ ਲਗੇ। ਤਬ ਸ੍ਰੀ ਵਿਸ਼ਨੂ ਜੀ ਲਖਸ਼ਮੀ ਕੋ ਕਹਤੇ ਭਏ ਏਕ ਭਗਤ ਮੇਰੇ ਮਨ ਵੀਚ ਬਸਤਾ ਹੈ ਵਹਾਂ ਜਾਤਾ ਹੂੰ ਸੋ ਨਾਮ ਦੇਵ ਜੀ ਕੀ ਦ੍ਰਿੜ੍ਹ ਪ੍ਰੀਤੀ ਦੇਖ ਕਰ ਪ੍ਰਤੱਖ ਹੋ ਕਰ ਵਿਸ਼ਨੂ ਜੀ ਹਸਤੇ ਭਏ। ਸ੍ਰੀ ਠਾਕੁਰ ਜੀ ਕੋ ਦੂਧ ਪਿਆਇ ਕਰ ਭਗਤ ਅਪਨੇ ਘਰ ਕੋ ਜਾਤਾ ਭਇਆ । ਇਸ ਪ੍ਰਕਾਰ ਨਾਮਦੇਵ ਜੀ ਕੋ ਹਰੀ ਕਾ ਦਰਸ਼ਨ ਹੋਤਾ ਭਯਾ ॥ ੪ ॥ ੩ ॥ ਦੇਖੋ ਟੀਕਾ ਫਰੀਦਕੋਟ ਇਤਿ ॥

ਤਥਾ ਭਾਈ ਗੁਰਦਾਸ ਜੀ ਜਿਸ ਕੀਆਂ ੪੦ ਵਾਰਾਂ ਪਰ ਗੁਰੂ ਅਰਜਨ ਦੇਵ ਜੀ ਨੇ ਦਸਖਤ ਕਰੇ ਔਰ ਰਚਨੇ ਕਾ ਹੁਕਮ ਦੀਆ ਯਥਾ

ਗੁਰ ਬਿਲਾਸ ਚੌਂ:—

ਭਾਈ ਜੀ ! ਸੁਨੀਏ ਨਿਰਧਾਰਾ । ਤੁਮਰੀ ਬਾਣੀ ਅਪਰ ਅਪਾਰਾ ।
ਮਨੋ ਗ੍ਰੰਥ ਕੋ ਟੀਕਾ ਭਯੋ । ਯਾਹਿ ਪੜੇ ਦੁਖ ਸਗਲਾ ਗਯੋ ।

ਦੋ:—ਜੀਵ ਟੂਟੇ ਕੇ ਮੇਲ ਹੈ, ਤੁਮ ਬਾਨੀ ਨਿਰ- ਧਾਰ । ਸਿਖੀ ਪ੍ਰਾਪਤਿ ਹੋਇ ਤਿਹ, ਜੋਊ ਪੜੇ ਹਿਤ ਧਾਰ ॥ ਜਨਮ ਮਰਨ ਸੰਸਾ ਮਿਟੈ, ਤੁਮ ਬਾਣੀ ਪ੍ਰਤਾਪ ॥ ਐਸੇ ਕਹ ਦਸਖਤ ਕਰੇ, ਤਿਸੀ ਆਦਿ ਗੁਰ ਆਪ ॥ ॥ ਚੌਪਈ ॥

ਵਾਰ ਚਾਲੀਸ ਰਚੋ ਤੁਮ ਪੂਰੀ । ਜਾਕੇ ਪੜੇ ਹੋਇ ਭ੍ਰਮ ਦੂਰੀ ।
ਕਬਿਤ ਰਚੇ ਪੰਜ ਸੈ ਛਪੰਜਾ । ਜਾਕੇ ਪੜੇ ਮਿਟੈ ਸਭ ਝੰਝਾ ।
[ ਧਿ: ੪ । ਪੰ: ੭੨ । ]

ਤਥਾ ਸੂਰਜ ਪ੍ਰਕਾਸ਼ ਮੇਂ ਚੌਂ:—

ਅਰ ਕੀਨਸ ਗੁਰਦਾਸ ਜੋ ਬਾਨੀ । ਗੁਰਬਾਨੀ ਕੈ ਆਸ਼ੈ ਸ਼ਾਨੀ ।
[ ਰਾਸ ੩ । ਅੰਸੂ ੬੫ । ]

ਇਤਜਾਦਿਕ, ਸੋ ਐਸੇ ਗੁਰੂ ਜੀ ਕੇ ਪਰਮ ਪ੍ਰੇਮੀ ਗੁਰਦਾਸ ਜੀ ਭੀ ਕਹਤੇ ਹੈਂ ਪਉੜੀ:—

ਕੰਮ ਕਿਤੇ ਪਿਉ ਚਲਿਆ ਨਾਮ ਦੇਵ ਨੋ ਆਖ ਸਿਧਾਇਆ ॥ ਠਾਕੁਰ ਦੀ ਸੇਵਾ ਕਰੀਂ ਦੁਧ ਪੀਆ- ਵਣ ਕਹਿ ਸਮਝਾਇਆ । ਨਾਮਦੇਉ ਇਸਨਾਨ ਕਰ ਕਪਲ ਗਾਇ ਦੁਹਿ ਕੈ ਲੈ ਆਇਆ । ਠਾਕੁਰ ਕੋ ਨ੍ਹਾਵਾਲ ਕੈ ਚਰਣੋਦਕ ਲੈ ਤਿਲਕ ਚੜ੍ਹਾਇਆ । ਹਥ ਜੋੜ ਬਿਨਤੀ ਕਰੈ ਦੁਧ ਪੀਅਹੁ ਜੀ ਗੋਬਿੰਦ ਰਾਇਆ । ਨਿਹਚਉ ਕਰ ਆਰਾਧਿਆ ਹੋਇ ਦਇ- ਆਲ ਦਰਸ ਦਿਖਲਾਇਆ । ਭਰੀ ਕਟੋਰੀ ਨਾਮਦੇਵ

Sri Satguru Jagjit Singh Ji Elibrary NamdhariElibrary@gmail.com

ਲੈ ਠਾਕੁਰ ਨੋ ਦੁਧ ਪੀਆਇਆ। ਗਾਇ ਮੁਈ ਜੀਵਾਲੀਉਨ ਨਾਮ ਦੇਉ ਦਾ ਛਪ੍ਰਰ ਛਾਇਆ। ਫੇਰ ਦੇਹੁਰਾ ਰਖਿਉਨ ਚਾਰ ਬਰਣ ਲੈ ਪੈਰੀ ਪਾਇਆ। ਭਗਤ ਜਨਾ ਦਾ ਕਰੇ ਕਰਾਇਆ॥ ਵਾਰ ੧੦॥ ਪੌੜੀ ੧੧ ॥

ਤਥਾ-ਬਾਹਮਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ। ਧੰਨੇ ਡਿਠਾ ਚਲਿਤ ਏਹੁ ਪੂਛੈ ਬ੍ਰਾਹਮਣ ਆਖਿ ਸੁਣਾਵੈ। ਠਾਕੁਰ ਦੀ ਸੇਵਾ ਕਰੈ ਜੋ ਇਛਾ ਸੋਈ ਫਲ ਪਾਵੈ। ਧੰਨਾ ਕਰਦਾ ਜੋਦੜੀ ਮੈ ਭੀ ਦੇਹ ਇਕ ਜੇ ਤੁਧ ਭਾਵੈ। ਪੱਥਰ ਇਕ ਪਲੇਟ ਕਰ ਦੇ ਧੰਨੇ ਨੋ ਗੈਲ ਛੁਡਾਵੈ। ਠਾਕੁਰ ਨੋ ਨ੍ਹਾਵਾਲ ਕੈ ਛਾਹਿ ਰੋਟੀ ਲੈ ਭੋਗ ਚੜ੍ਹਾਵੈ। ਹਥ ਜੋੜ ਮਿੰਨਤ ਕਰੈ ਪੈਰੀਂ ਪੈ ਪੈ ਬਹੁਤ ਮਨਾਵੈ। ਹਉ ਭੀ ਮੁਹਿ ਨ ਜੁਠਾਲ ਸਾਂ ਤੂੰ ਰੁਠਾ ਮੈ ਕਿਹੁ ਨ ਸੁਖਾਵੈ। ਗੋਸਾਈ ਪ੍ਰਤਖ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ। ਭੋਲਾ ਭਾਉ ਗੋਬਿੰਦ ਮਿਲਾਵੈ॥ ਵਾਰ ੧੦ ਪੌ: ੧੩ ॥

ਇਤਜਾਦਿ ਵਾਕਜੋਂ ਸੇ ਭੀ ਵਿਰੋਧ ਹੋਵੇਗਾ ਯਾਂਤੇ ਇਨ ਸ਼ਬਦੋਂ ਸੇ ਠਾਕੁਰ ਪੂਜਾ ਸਪਸ਼ਟ ਹੈ ਤਥਾ ਭਗਤ ਤ੍ਰਿਲੋਚਨ ਰਵਿਦਾਸਾਦਿਕੋਂ ਕੇ ਪ੍ਰਸੰਗ ਦਸਵੀਂ ਵਾਰ ਮੇਂ ਪੜ੍ਹੋ। ਤਥਾ ਭਗਤ ਮਾਲਾਦਿਕੋਂ ਮੇਂ ਇਨ ਕੀ ਮੂਰਤੀ ਪੂਜਾ ਪ੍ਰਸਿੱਧ ਹੈ. ਇਸ ਰੀਤਿ ਸੇ ਇਨ ਸ਼ਬਦੋਂ ਕਾ ਤਾਤਪਰਯ ਕੇਵਲ ਠਾਕੁਰ ਪੂਜਾ ਕੇ ਤਥਾ ਹਿੰਦੂ ਐਨਾ ਕਹਨੇ ਕਰ ਨਿਖੇਧੀ ਮੇ ਨਹੀਂ ਕਿੰਤੂ ਵੀਚਾਰ ਕਰੇ ਹੈਂ।

Sri Satguru Jagjit Singh Ji Elibrary NamdhariElibrary@gmail.com

**ਹਿੰਦੂ ਮੂਲੇ**—ਟੀਕਾ। ਪ੍ਰਸ਼ਨ—ਸ਼੍ਰੀਨਾਰਦ ਜੀ ਕੇ ਉਪਦੇਸ ਸੇ ਤੋ ਪ੍ਰਿਥਮ ਬਜਾਸਾਦੀ ਅਨੰਤੋਂ ਕਾ ਉਧਾਰ ਹੂਆ ਹੈ, ਸ਼ੁੱਧ ਭਗਤੀ ਪ੍ਰੇਮਾ ਕਾ ਉਪਦੇਸ ਕਰਤਾ ਨਾਰਦ ਜੀ ਹੈਂ ਨਿਖੇਧ ਕਿਉਂ ਕੀਆ ?

**ਉੱਤਰ**—ਸ਼੍ਰੀ ਗੁਰੂ ਜੀ ਕਾ ਅਭਿਪ੍ਰਾਯ ਯਹ ਹੈ ਕਿ ਨਾਰਦ ਜੀ ਨੇ ਉਪਦੇਸ਼ ਨਾਮ ਕਾ ਕੀਆ ਹੈ। ਮਾਰੂ ਕਬੀਰ ਜੀ 'ਨਾਰਦ ਵਚਨ ਬਿਆਸ ਕਹਤ ਹੈ। 'ਮੁਨ ਨਾਰਦ ਵਚਨ ਪੁਕਾਰੇ'। ਤਥਾ ਬਚਨ ਸਭ ਸ੍ਰਿਸਟ ਕਰੇਨਾ ਆਦੀ ਪੁਰਾਣ ਮੰਡਨ ਮੇਂ ਕਹ ਆਏ ਹਾਂ ਸੋ ਜਾਨ ਲੈਣਾ।

**ਤਥਾ ਭਾਈ ਗੁਰਦਾਸ ਜੀ—ਨਾਰਦ ਮੁਨਿ ਉਪ-ਦੇਸਿਆ ਨਾਮ ਨਿਧਾਨ ਅਮਿਉ ਰਸ ਪੀਤਾ॥ ਧ੍ਰੂ ਜੀ ਨੂੰ ॥ ਵਾਰ ੧੦॥ ੧॥**

**ਤਥਾ 'ਨਾਰਦ ਮੁਨਿ ਉਪਦੇਸਿਆ ਭਗਤ ਭਾਗਵਤ ਪੜ੍ਹ ਪਤੀਆਣਾ'॥ ਵਾਰ ੨੫ ਪੌ: ੯॥**

ਯਾਂਤੇ ਇਸ ਮੂਲ ਭਾਵ ਨਾਰਦ ਕੋ ਭੂਲ ਕਰ ਭਾਵ ਨਾਰਦ ਜੀ ਨੇ ਨਾਮ ਮਹਾਤਮੇ ਕਹਾ ਹੈ ਤਿਸ ਸੇ ਭੂਲ ਕਰ ਕੇਵਲ ਪੂਜਾ ਮਾਤ੍ਰ ਸੇ ਮੁਕਤੀ ਮਾਨਤੇ ਹੈ ਤਿਨ ਪਰ ਕਥਨ ਹੈ। ਅਖੁਟੀ ਵਿਖਮ ਰਸਤੇ ਮੈ ਜਾਤੇ ਹੈਂ। ਅੰਧੇ ਗੁੰਗੇ ਜੋ ਉਨ ਗ੍ਰੰਥੋਂ ਕੇ ਪੜ੍ਹਨੇ ਹਾਰੇ ਹੈਂ ਅਗਿਆਨੀ ਮੁਗਧ ਜੋ ਪਾਥਰ ਪੂਜਾ ਹੀ ਨਾਰਦ ਜੀ ਕਾ ਸਿਧਾਂਤ ਸਮਝ ਕਰ ਜੋ ਨਾਰਦ ਜੀ ਨੇ ਪ੍ਰਿਦਮ ਅਵਸਥਾ ਮੇ ਅਗਿਆਨੀਓਂ ਕੇ ਮਨ ਅਸਥਿਰ ਕਰਨੇ ਵਾਸਤੇ ਕਹਾ ਹੈ ਉਸ ਭਾਵ ਕੋ ਨਾ ਸਮਝ ਕਰ ਹਮ ਨਾਰਦ ਜੀ ਕੇ ਅਨੁਸਾਰ ਪੂਜਾ ਕਰਤੇ ਹੈਂ ਐਸੇ ਕਹਤੇ ਹੈ। ਪਰੇਮ ਭਾਵ ਨਾਮ ਤੱਤੁ ਨਹੀ ਜਾਨਤੇ ਸੋ ਸ੍ਰੀ ਗੁਰੂ ਜੀਕਾ ਕਥਨ ਉਨ ਪਰ ਹੈ ਭਾਵ ਯਹ ਕਲਜੁਗੀ ਜੀਵ ਜਾਤੋਂ ਭੂਤੋਂ ਕੀ ਪੂਜਾ ਕਰਤੇ ਹੈਂ ਜੋ ਪਹਲੇ ਸਲੋਕ ਮੇ ਕਹਾ ਹੈ ਕਲੀ ਅੰਦਰ ਨਾਨਕਾ ਜਿਨਾ ਦਾ ਅਵਤਾਰ। ਯਹ ਅਰਥ ਟੀਕਾ ਮੇ ਲਿਖਾ ਹੈ। ਤੌ ਭੀ ਵੀਚਾਰ ਹੈ ਸੋ ਕਹਤੇ ਹੈਂ। ਜੋ ਪੁਰਸ਼ ਪੱਥਰ ਬੁਧੀ ਸੇ ਪੂਜਾ ਕਰਤੇ ਹੈਂ ਤਿਨਕਾ ਖੰਡਨ ਹੈ ਪੂਜਾ ਠਾਕੁਰ ਪੂਜਾ ਨਾਮ ਭਗਤੀ ਪਰੇਮ ਸਹਤ ਕਾ ਖ਼ੰਡਨ ਨਹੀ। ਜੌ ਮਾਨੇ ਤੋ ਪਰਸਪਰ ਪੂਰਬੋ-ਕਤ ਵਾਕੋਂ ਸੇ ਬਿਰੋਧ ਹੋਕਰ ਵਾਕਜ ਅਪ੍ਰਮਾਣ ਹੋਵੈਂਗੇ ਸੋ ਅਨਿਸ਼ਟ ਹੋਵੇ-

ਗਾ। ਇਸਤੇ ਪੂਰਬੋਕਤ ਵਿਵਥਾ ਮਾਨਨੀ ਚਾਹੀਏ। ਔ ਹਿੰਦੂ ਅੰਨ੍ਹੇ ਇਤਨੀ ਅੰਸ ਮੇ ਹੈਂ ਜੋ ਕਿ ਵੇਦ ਪੁਰਾਣੋ ਮੇ ਕਥਨ ਕੀਏ ਹੂਏ ਸਿਧਾਂਤ ਕੋ ਸ਼ਰਧਾ ਗਿਆਨ ਰੂਪੀ ਨੇਤ੍ਰੋਂ ਸੇ ਨਾ ਦੇਖ ਕਰ ਭੂਤ ਪ੍ਰੇਤ ਤਥਾ ਗੁਗਾ ਲਾਲਾਂ ਵਾਲਾ ਸਰਵਰਾਦਕ ਜੋ ਮੁਸਲਮਾਨੀ ਤਾਮਸੀ ਪੂਜਾ ਮੇ ਪ੍ਰਵਰਤ ਹੋਕਰ ਉਨਕੇ ਪੂਜਾਰੀ ਮਲੇਛ ਚੂਹੜੇ ਚੁਮਾਰੋ ਕੋ ਅਪਨੇ ਮਨੋਰਥ ਪੂਰਾ ਕਰਨੇ ਵਾਲੇ ਮਾਨਿਆ ਔ ਵੇਦ ਪੁਰਾਣ ਕੀ ਕਹੀ ਹੁਈ ਅਗਰ ਵਾਸਾਦਿਕ ਸਾਂਤਕ ਪੂਜਾ ਸੇ ਭ੍ਰਸ਼ਟ ਕ੍ਰਿਤਘਨ ਹਿੰਦੂਓਂ ਕੋ ਅੰਧਾ ਕਹਾ। ਨਾ ਕਿ ਹਿੰਦੂ ਮਾਤ੍ਰ ਕੋ ਕਾਹਿਤੇ ਗੁਰੂ ਜੀ ਆਪ ਹਿੰਦੂ ਥੇ ਤਥਾ ਹਿੰਦੂ ਮਤ ਕੀ ਅਨੇਕ ਜਗਾ ਪ੍ਰਸੰਸਾ ਕਰੀ ਹੈ ਸੋ ਸੰਖੇਜਪਤੇ ਪੂਰਬ ਕਹ ਆਏ ਹੈਂ। ਇਸ ਗੁਰੂ ਜੀਕੇ ਸਿਧਾਂਤ ਸੇ ਬਿਰੋਧ ਆਵੈਗਾ। ਔ ਗਰਭ ਵਾਸ ਮੈ ਕੁਲ ਇਤਯਾਦਕ ਜੋ ਵਚਨ ਹੈਂ ਤਿਨਕਾ ਤਾਤਪ੍ਰਯ ਅਤਿਯੰਤ ਮੂਰਖ ਗਾਵਾਰ ਪੁਰਸ਼ ਜਾਤੀ ਮਾਤ੍ਰ ਸੇ ਕ੍ਰਿਤਾਰਥ ਮਾਨਨੇ ਵਾਲੇ ਕੇ ਨਖੇਧ ਮੇ ਹੈ ਨਾਕਿ ਵੇਦ ਸ਼ਾਸਤ੍ਰ ਤਥਾ ਗੁਰਮਤਿ ਅਨੁਸਾਰ ਜਾਤੀ ਕੇ ਖੰਡਨ ਮੇ ਹੈ। ਅਗਰ ਜਾਤੀ ਕਾ ਹੀ ਨਖੇਧ ਮਾਨੇ ਤੋ ਪੂਰਬੋਕਤ ਸਰਬ ਗੁਰੂ ਤਥਾ ਗੁਰੂ ਘਰਕੇ ਪੁਸਤਕੋਂ ਸੇ ਬਿਰੋਧ ਹੋਵੈਗਾ। ਕਾਹਿਤੇ ਚਾਰੋਂ ਬਰਣ ਕਾ ਖੰਡਨ ਕਰਕੇ ਏਕ ਬਰਣ ਸ੍ਰਿਸ਼ਟੀ ਹੋ ਜਾਨੇ ਸੇ ਗੁਰੂ ਜੀ ਧਰਮਕਾ ਨਾਸ ਕਹਤੇ ਹੈਂ। ਜੈਸੇ ਧਰਮ ਕੀ ਗਤ ਰਹੀ ਕਹਾ ਹੈ। ਇਤਯਾਦਕ ਸੰਤ ਜਨ ਔਰ ਭੀ ਵਿਵਸਥਾ ਕਰ ਲੇਵੈਂ॥

## ਅਧਿਕਾਰੀ ਭੇਦ ਸੇ ਭ੍ਰਿਖਯਾ ਮੰਡਨ

ਕਿਉਂਕੇ ਜੈਸੇ ਸੋਰਠਿ ਦੀ ਵਾਰ ਵਿਚੋਂ ਮਃ ੩॥ ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ। ਪੌਃ ੧੨ ਤਥਾ—

ਸੂਹੀ ਮਃ ੩—ਮਹਾ ਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ॥ ਅਸਟਪਦੀ॥ ੩॥ ਭਾਵ ਕਿਸੀ ਕੇ ਪਰਥਾਇ ਸਬਦ ਉਚਾਰ ਕਰਕੇ ਉਪਦੇਸ਼ ਸਰਬ ਪਰਤਿ ਹੋਤਾ ਹੈ। ਜੈਸੇ ਇਕ ਬ੍ਰਾਹਮਣ ਕੇ ਪ੍ਰਥਾਇ

ਸ੍ਰੀ ਰਾਗ ਦੀ ਵਾਰ ਵਿਚੋਂ ਮਃ ੧ ॥ ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ। ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ। ਪੌਃ ॥ ੨੦ ॥ ਤਥਾ ਦਇਆ ਕਪਾਹ ਆਦੀ ਪੁਨਾ ਕਹੀਂ ਅਧਿਕਾਰੀ ਭੇਦ ਹੋਤਾ ਹੈ। ਜੈਸੇ ॥ ਰਾਮਕਲੀ ਮਃ ੧ ॥ ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ। ਘਰਿ ਘਰਿ ਮਾਗਤ ਲਾਜ ਨ ਲਾਗੈ। ਤਥਾ—ਬਿੰਦੁ ਨ ਰਾਖਹਿ ਜਤੀ ਕਹਾਵਹਿ । ਮਾਈ ਮਾਗਤ ਤ੍ਰੈ ਲੋਭਾਵਹਿ ॥ ਅਸ਼ਟਪਦੀ ॥ ੨ ॥

ਤਥਾ—ਮਾਰੂ ਦੀ ਪਹਲੀ ਵਾਰ ਵਿਚੋਂ ਮਃ ੩ ॥ ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ। ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ। ਪੌਃ ੯ ॥ ਤਥਾ ਸਾਰੰਗ ਦੀ ਵਾਰ ਵਿਚੋਂ ਮਃ ੧ ॥ ਗੁਰੁ ਪੀਰੁ ਸਦਾਏ ਮੰਗਣ ਜਾਇ। ਤਾਕੈ ਮੂਲਿ ਨ ਲਗੀਐ ਪਾਇ। ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ ॥ ਪੌਃ ੨੨ ॥

ਇਤਜਾਦਿਕ ਜੋ ਵਾਕਜ ਹੈਂ ਸੋ ਤਿਨ ਕਾ ਤਾਤਪਰਜ ਜੈਸੇ ਆਸਾ ਦੀ ਵਾਰ ਮਃ ੧—

ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥ ਪੌਃ ੧੧ ॥

Sri Satguru Jagjit Singh Ji Elibrary NamdhariElibrary@gmail.com

ਤਥਾ ਪ੍ਰਭਾਤੀ ਮਃ ੫—ਪ੍ਰੀਅਰ ਤਾਪ ਗੇਰੀ ਕੇ ਵਸਤ੍ਰਾ। ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥ ਅਸ਼ਟਪਦੀ ੨॥

ਤਥਾ—ਸ੍ਰੀ ਮੁਖਵਾਕ ਪਾਤਸ਼ਾਹੀ ੧੦—ਜੋਗੀ ਸੰਨਿਆਸੀ ਹੈਂ ਜੇਤੇ। ਮੁੰਡੀਆ ਮੁਸਲਮਾਨ ਗਨ ਤੇਤੇ। ਭੇਖ ਧਰੇ ਲੂਟਤ ਸੰਸਾਰਾ। ਛਪਤ ਸਾਧ ਯਹ ਨਾਮ ਅਧਾਰਾ। ਪੇਟ ਹੇਤ ਨਰ ਡਿੰਭ ਦਿਖਾਈ॥ ਡਿੰਭ ਕੀਏ ਬਿਨ ਪਾਈਅਤ ਨਾਹੀ॥ ਦਸਮ ਦਰਬਾਰ ਪੰਨੇ ੧੦੦॥ ਚੌਬੀਸ ਅਵਤਾਰ ਛੰਃ ੨੫॥

ਤਥਾ ਸ੍ਰੀ ਤੁਲਸੀ ਜੀ ਚੌਃ—

ਜੇ ਬਰਨ ਅਧਮ ਤੇਲੀ ਕੁੰਮਹਾਰਾ। ਸ੍ਵਪਚ ਕਿਰਾਤ ਕੋਲ ਕਲਵਾਰਾ।
ਨਾਰ ਮੁਈ ਗ੍ਰਿਹ ਸੰਪਤਿ ਨਾਸੀ। ਮੂੰਡ ਮੂੰਡਾਇ ਭਏ ਸੰਨਿਆਸੀ।
ਤੇ ਬਿਪ੍ਰਨ ਸਨ ਪਾਦ ਪੁਜਾਵੈਂ। ਉਭੈ ਲੋਕ ਨਿਜ ਹਾਥ ਨਸਾਵੈਂ।
[ਰਾਮਾਇਣ ਉਤਰ ਕਾਂਡ]

ਇਤਯਾਦਿਕ ਜੋ ਮੰਦ ਵੈਰਾਗਧਾਰੀ ਈਸ਼੍ਵਰ ਸੇ ਬਿਮੁਖ, ਕੇਵਲ ਦੰਭੀ ਪੁਰਸ਼ ਸਾਧੂਆਂ ਕਾ ਨਾਮ ਹੀ ਬਦਨਾਮ ਕਰਨੇ ਵਾਲੇ ਉਦਰ ਪਰਾਯਣ ਹੈਂ ਉਨ ਕੇ ਲੀਏ ਭਿਖਯਾ ਕਾ ਭੀ ਨਿਖੇਧ ਹੈ। ਅਤੇ ਆਸਾ ਮਃ ੧

ਜੋਗੀ ਜਤੀ ਜੁਗਤ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ। ਤਉ ਕਾਰਣਿ ਸਾਹਿਬਾ ਰੰਗਿ ਰਤੇ। ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ॥ ੧॥ ਰਹਾਉ॥ ਦਰ ਘਰ ਮਹਲਾ ਹਸਤੀ

Sri Satguru Jagjit Singh Ji Elibrary NamdhariElibrary@gmail.com

ਘੋੜੇ ਛੋਡਿ ਵਲਾਇਤ ਦੇਸ ਗਏ। ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥ ੨ ॥ ਸਾਦ ਸਹਜ ਸੁਖ ਰਸਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ। ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ ੩ ॥ ਸਬਦ ੩੩ ॥

ਇਤਯਾਦਿਕ ਵਾਕ੍ਯ ਔਰ ਭੀ ਹੈਂ ਤਿਨ ਕੇ ਲੀਏ ਭਿਖ੍ਯਾਟਨ ਕਾ ਸਾਫ ਵਿਧਾਨ ਹੈ ਸੋ ਕਹਤੇ ਹੈਂ:–

ਮਾਰੂ ਮਃ ੧–ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ। ਛਾਦਨ ਭੋਜਨ ਕੀ ਆਸਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਅਸਟਪਦੀ ੭ ॥

ਅਚਿੰਤ ਕਹੀਏ ਅਚਾਨਕ ਮਿਲੇ ਸੋ ਛਕਲੇਵੈ।

ਤਥਾ-ਮਾਰੂਰਾਗਦੀ ਵਾਰ ਮਃ ੩ ਵਿਚੋਂ ਮਃ ੧-ਅਲ ਗਉ ਜੋਇ ਮਧੂਕੜਉ ਸਾਰੰਗ ਪਾਨਿ ਸਬਾਇ। ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥ ਪੌਃ ॥ ੧੨ ॥

ਤਥਾ–ਸਲੋਕ ਕਬੀਰ ਜੀ। ਕਬੀਰ ਹੈ ਗੈਇ ਬਾਹਨ ਸਘਨ ਘਨ ਲਾਖ ਧਜਾ ਫਹਰਾਇ। ਇਹ ਸੁਖ ਤੇ ਭਿਖ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ ॥ ਸਲੋਕ ॥ ੧੧੨ ॥

ਤਥਾ–ਊਚ ਭਵਨ ਕਨ ਕਾਮਨੀ ਸਿਖਰਿ ਧਜਾ ਫਹਰਾਇ। ਤਾਤੇ ਭਲੀ ਮਧੂਕਰੀ ਸੰਤ ਸੰਗ ਗੁਨ ਗਾਇ ॥ ਸਲੋਕੁ ॥ ੧੫੦ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਕਬੀਰ ਭਲੀ ਮਧੂਕਰੀ ਨਾਨਾ ਬਿਧਿ ਕੋ ਨਾਜੁ। ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡੁ ਰਾਜੁ॥ ਸਲੋਕੁ॥ ੧੬੮॥ ਇਤਯਾਦਕ॥

ਤਥਾ ਜਨਮ ਸਾਖੀ—ਅਤੇ ਜੇਹੜੇ ਏਥੇ ਮੰਗ ਮੰਗ ਖਾਂਦੇ ਹੈਨ ਤੇ ਪਰਮੇਸ਼ਰ ਜਪਦੇ ਹੈਨ ਉਨਕੋ ਦਰਗਹ ਪ੍ਰਮੇਸੁਰ ਦੀ ਵਡੀਆਂ ਵਡੀਆਈਆਂ ਮਿਲਨ ਗੀਆਂ ਧਰਮਰਾਇ ਉਨ ਕਾ ਆਦਰ ਕਰੇਗਾ॥ ਸਾਖੀ ਪਾਧੇ ਨਾਲ ਪੰਨੇ॥ ੯॥

ਤਥਾ—ਸੌ ਸਾਖੀ, ਦੋ ਬੇਲੇ ਭਿਛਿਆ ਨਹੀ ਕਰਨੀ ਬਾਣਾ ਨਹੀ ਬਦਲਨਾ ਜਥਾ ਸ਼ਕਤਿ ਦੂਧ ਭਿਛਿਆ ਲੈਣੀ ਚਿਰ ਨਹੀ ਠਹਰਨਾ॥ ਸਾਖੀ॥੫॥ ਤਥਾ ਇਹੁ ਤਪਸੀ ਵਾਲੀ ਪੰਜਵੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ॥ ੩॥ ਅੰਸੂ॥ ੪੭॥ ਮੇ ਭੀ ਸਪਸ਼ਟ ਹੈ॥ ਯਾਂਤੇ ਭਾਈ ਗੁਰਦਾਸ ਜੀ ਕਹਤੇ ਹੈਂ॥ ਗੁਰ ਸਿਖਾਂ ਗੁਰ ਸਿਖ ਸੇਵ ਕਮਾਵਣੀ। ਚਾਰ ਪਦਾਰਥ ਭਿੱਖ ਫਕੀਰਾਂ ਪਾਂਵਣੀ। ਵਾਰ ੧੪॥ ਪੌ: ੧੭॥ ਇਤਿ॥

ਤਥਾ—ਗਉੜੀ ਗੁਆਰੇਰੀ॥ ਮ: ੫॥ ਪੁਤ੍ਰ ਕਲਤ੍ਰ ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ ਰਾਮ ਕੇ ਦਾਸਾ॥ ਸਬਦ॥ ੧੩॥

ਤਥਾ-ਆਸਾ ਮ: ੧॥ਬੰਧਨ ਮਾਤ ਪਿਤਾ ਸੰਸਾਰਿ ਬੰਧਨ

ਸੁਤ ਕੰਨਿਆ ਅਰੁ ਨਾਰਿ ॥ ੨ ॥ ਬੰਧਨ ਕਰਮ ਧਰਮ ਹਉ ਕੀਆ । ਬੰਧਨ ਪੁਤੁ ਕਲਤੁ ਮਨਿ ਬੀਆ ॥ ੩ ॥ ਬੰਧਨ ਕਿਰਖੀ ਕਰਹਿ ਕਿਰਸਾਨ । ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥ ਅਸਟਪਦੀ ॥ ੧੦ ॥ ਤਥਾ ॥ ਧਨਾਸਰੀ ਮ: ੧ ॥ ਸਤਿਗੁਰ ਕੀ ਐਸੀ ਵਡਿਆਈ । ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥ ਸਬਦ ॥ ੪ ।

ਇਤਯਾਦਕ ਔਰ ਭੀ ਰੋਚਕ ਭਿਆਨਕ ਯਥਾਰਥ ਵਾਕਯ ਅਧਿਕਾਰੀ ਭੇਦ ਕਰ ਅਨੰਤ ਹੈਂ । ਸੋ ਮਹਾਤਮਾ ਤਿਨ ਕੀ ਵਿਵਸਥਾ ਕਰ ਲੇਵੈਂ । ਤਾਕਿ ਜਗਤ ਮੇ ਗੁਰਮਤਿ ਅਨੁਸਾਰ ਸਨਾਤਨ ਧਰਮ ਕਾ ਝੰਡਾ ਝੂਲਤਾ ਰਹੈ । ਔ ਮੈ ਕੌਨ ਕੀਟ ਹਾਂ ਜੋ ਸਤਿ ਗੁਰਾਂ ਦੀ ਗੰਭੀਰਤਾ ਨੂੰ ਜਾਣਾਂ । ਪ੍ਰੰਤੂ ਜੈਸੇ ਸੁਖਮਨੀ ਸਾਹਿਬ ਵਿਚੋਂ ॥

ਬੇ ਸੁਮਾਰ ਅਥਾਹ ਅਗਨਤ ਅਤੋਲੈ । ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥ ਅਸ਼ਟਪਦੀ ॥ ੨੧ ॥

ਤਥਾ—ਸੂਹੀ ਮ: ੫ ॥ ਗੁਣਵੰਤੀ ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥ ਸਬਦ ॥ ੩ ॥

ਭਾਵ ਉਸ ਪ੍ਰਮਾਤਮਾ ਕੀ ਪ੍ਰੇਰਨਾ ਸੇ ਹੀ ਕਹਤਾ ਹੂੰ ॥

ਤਥਾ—ਗੁਰ ਪੀਰ ਸਦਾਏ ॥

ਇਤਯਾਦਿਕ ਗੁਰੂ ਵਚਨੋ ਕਾ ਭਾਵ ਕਰਾਮਾਤੀ ਸ਼ਕਤੀਮਾਨ ਗੁਰ ਪੀਰੋਂ ਕੀ ਗਦੀ ਨਸ਼ੀਨ ਹੋਕਰ ਅਧਿਕ ਤ੍ਰਿਸ਼ਨਾਤੁਰ ਹੋਕਰ ਜੋ ਮਾਂਗਨੇ ਜਾਤੇ ਹੈਂ । ਉਨ ਕੇ ਨਖੇਧ ਮੈ ਹੈ । ਧਰਮ ਪਰਾਇਣ ਮਹਾਤਮਾ ਕੀ ਭਿਖਯਾ ਕਾ ਨਖੇਧ ਨਹੀ ਕਾਹਿਤੈ ਭਿਖਯਾ ਵਿਧਾਇਕ ਵਾਕੋਂ ਸੇ ਵਿਰੋਧ ਹੋਵੈਗਾ ।

—•—

# (ਖਾਲਸਾ ਅਤੇ ਹਿੰਦੂ ਸ਼ਬਦ ਕਾ ਅਰਥ)

ਯਾਂਤੇ ਅਬ ਖਾਲਸਾ ਸ਼ਬਦ ਕਾ ਅਰਥ ਕਹਤੇ ਹੈਂ ਪ੍ਰਿਥਮ ਤੋ ਵ੍ਯਾਕਰਣ ਕੀ ਰੀਤਿ ਸੇ ਤਹਾਂ ਸੂਤ੍ਰ (ਤਸ੍ਯ ਸਮੂਹਃ) ਅਸ਼ਟਾਧ੍ਯਾਈ ਧਿਃ ੪ ॥ ਪਾਦ ੨ ॥ ਸੂਤ੍ਰ ੩੭ ॥ ਇਸ ਸੂਤ੍ਰ ਸੇ ਅਣ ਪ੍ਰਤ੍ਯਯ ਹੋਤਾ ਹੈ, ਔਰ ਦ੍ਵਿਤੀਯ ਸੂਤ੍ਰ (ਆਤੋ ਨੁਾਸਰਗੇ ਕਃ) ਅਸ਼ਟਾਧ੍ਯਾਈ ਧਿਃ ੩ ॥ ਪਾਦ ੨ ॥ ਸੂਤ੍ਰ ੩ ॥ ਇਸ ਸੂਤ੍ਰ ਸੇ 'ਸ਼ੋ. ਅੰਤ ਕਰਮਣਿ' ਧਾਤੂ ਸੇ ਕਃ ਪ੍ਰਤ੍ਯਯ ਹੋਕਰ ਖਾਲਸਾ ਸ਼ਬਦ ਸਿੱਧ ਹੋਤਾ ਹੈ ਯਥਾ,—'ਖਲਾਨਾਂ ਸਮੂਹਃ ਖਾਲਃ, ਤਾਨ ਸ਼੍ਯਤਿ ਹੰਤਿ ਨਾਸ਼ਯਤਿ ਇਤਿ ਖਾਲਸਃ।'

ਅਰਥਾਤ ਮੂਰਖੋਂ ਕੇ ਸਮੁਦਾਯ ਕਾ ਨਾਮ 'ਖਾਲ' ਹੈ, ਉਸ ਕੋ ਨਾਸ ਕਰੇ ਸੋ ਕਹੀਏ 'ਖਾਲਸਾ' ( ਭਾਵ. ਦੁਸ਼੍ਟ ਦਮਨ ॥) ਦੁਸ਼ਟ ਬਾਹਜ ਅਭਯੰਤਰ ਭੇਦ ਸੇ ਦੋ ਪ੍ਰਕਾਰ ਕੇ ਹੈਂ ॥

ਤਥਾ ਸੋਰਠਿ ਕਬੀਰ ਜੀ—ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ। ਕਹੁ ਕਬੀਰ ਜਨ ਭਏ ਖਾਲਸੇ* ਪ੍ਰੇਮ ਭਗਤਿ ਜਿਹ ਜਾਨੀ ॥ ਸਬਦ ॥ ੩ ॥

---

* ਪਾਠਾਂਤਰ ਖਾਲਸੇ ਭੀ ਹੈ. ਅਰਥ ਏਕ ਹੀ ਹੈ( ਬੰਧਨ ਰਹਿਤ )

Sri Satguru Jagjit Singh Ji Elibrary NamdhariElibrary@gmail.com

ਤਥਾ—ਸ੍ਰੀ ਮੁਖਵਾਕ ਪਾਤਸਾਹੀ ੧੦ ॥ ਪੂਰਨ ਜੋਤ ਜਗੈ ਘਟ ਮੈ ਤਬ ਖਾਲਸਾ ਤਾਹਿ ਨਿਖਾਲਸ ਜਾਨੈ ॥ ਸਵੈਯਾ ॥ ੧ ॥

ਆਗੇ ੩੨ ਹੋਰ ਭੀ ਹਨ। ਇਹ ਸਵੈਯਾ ਕਿਸੀ ਬੀੜ ਮੈਂ ਹੈ ਕਿਸੀ ਮੇ ਨਹੀਂ। ਹੈ ਗੁਰੂ ਜੀ ਕਾ ਹੀ।

ਤਥਾ—ਸ੍ਰਬਲੋਹ ਪ੍ਰਕਾਸ਼ ਮੇ ਸੇ ਸ੍ਰੀ ਮੁਖ ਵਾਕ ਪਾਤਸਾਹੀ ੧੦ ॥ ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ। ਪ੍ਰਭ ਮੈ ਮੋ ਮੈ ਤਾਸ ਮੈ ਰੰਚਕ ਨਾਹਨ ਭੇਵ ॥ ਧਿਃ ੫ ॥ ਪੰਃ ੩੮੯ ॥ ਸੇ ੩੯੦ ॥

ਇਤਯਾਦਕ ਸਬਦ ਖਾਲਸੇ ਸ਼ਬਦ ਕੇ ਅਰਥ ਕੋ ਕਹ ਰਹੇ ਹੈਂ। ਤਥਾ ਹਿੰਦੂ ਸ਼ਬਦ ਕਾ ਅਰਥ ਕਹਤੇ ਹੈਂ।

ਸ੍ਲੋਕ—ਹਿਨਸ੍ਤਿ ਦੁਰਵਿਨੀਤਾਨ ਯਃ ਪੂਰ੍ਣ-ਮਤਿ ਮਹਾਤਮਨਃ ॥ ਦੁਗਧੇ ਅਰਥਿ ਜਨਕਾਮਾਨਵੈ ਤੇ ਹਿੰਦੂ ਚਕ੍ਸ਼ਤੇ ਬੁਧਾ: ॥” ਤਥਾ,—‘ਦੁਰਿਤ ਵਾਯੁ ਵੇਗੋਤਪਾਟ੍ਯਮਾਨ ਸੁਕ੍ਰਿਤ ਦ੍ਰੁਮੰ ਸ੍ਥਾਪਯਿਤਾ ਯਥਾ ਪੂਰਬੰ ਹਿੰਦੁਰਿਤ੍ਯਭਿਧੀਯਤੇ ॥’

ਤਥਾ—ਹਿੰਦੁਃ ਕਸ੍ਮਾਤ, ਹਿੰਸਨਾਤ. ਨਮਨਾਤ. ਦ੍ਰੋਹਨਾਤ ॥

ਅਰਥਾਤ—ਜੋ ਦੁਸ਼ਟੋਂ ਕਾ ਹਨਨ ਕਰੇ ਔਰ ਮਹਾਤਮਾ ਕੋ ਨੰਮਸਕਾਰ ਕਰੇ, ਤਥਾ ਯਾਚਕੋਂ ਕੀ ਕਾਮਨਾਓਂ ਕੋ ਪੂਰਣ ਕਰੇ. ਉਸੇ ਵਿਦ੍ਵਾਨ ਪੁਰਸ਼ ਹਿੰਦੂ ਕਹਤੇ ਹੈਂ ॥ ਪਾਪ ਰੂਪੀ ਵਾਯੂ ਕੇ ਬੇਗ ਸੇ ਜੜ ਸੇ ਉਖਾੜੇ ਜਾਰਹੇ ਧਰਮ ਰੂਪੀ ਬ੍ਰਿੱਛ ਕੋ ਪਹਿਲੇ ਕੀ ਤਰਹ ਸਥਾਪਿਤ ਕਰੇ ਵਹ ਹਿੰਦੂ ਕਹਾ ਜਾਤਾ ਹੈ।

Sri Satguru Jagjit Singh Ji Elibrary NamdhariElibrary@gmail.com

।ਇਨ ਦੋਨੋਂ ਸ਼ਲੋਕੋਂ ਕਾ ਕਹਾ ਹੂਆ ਅਰਥ ਯਾਸਕ ਰਿਸ਼ੀ ਪ੍ਰਣੀਤ ਨਿਰੁਕ੍ਤ ਕੀ ਰੀਤਿ ਸੇ ਸਿੱਧ ਹੈ । ਭਾਵ. ਯਹ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੇਂ ਯਹ ਹਿੰਦੂ ਸ਼ਬਦ ਕੇ ਅਰਥ ਘਟਤੇ ਹੈਂ ਇਸ ਲੀਏ ਗੁਰੂਜੀ ਤਥਾ ਤਿਨ ਕੇ ਸੁਪੁਤ੍ਰ ਸਿੰਘ ਸਾਹਿਬ ਜੀ ਭੀ ਪੱਕੇ ਹਿੰਦੂ ਹੈਂ, ਜੋ ਗੁਰੂ ਜੀ ਸੇ ਉਲਟ ਹਨ ਸੋ 'ਸਿੱਖ' ਕਹਲਾਨੇ ਕੇ ਹਕਦਾਰ ਨਹੀਂ ਯਾਂਤੇ ਜੋ ਦੁਸ਼ਟੋਂ ਕੀ ਸਫਾਈ ਤਥਾ ਧਰਮ ਨੂੰ ਵਧੌਨਾ ਅਤੇ ਦਾਨ ਕੇ ਦਾਤਾ ਅਰਥ ਖਾਲਸਾ ਸ਼ਬਦ ਕਾ ਹੈ । ਤੈਸੇ ਹੀ ਹਿੰਦੂ ਸ਼ਬਦ ਕਾ ਅਰਥ ਸਿੱਧ ਹੂਆ । ਇਸ ਰੀਤਿ ਸੇ ਭੀ ਖਾਲਸਾ ਸ਼ਬਦ ਕੇ ਅਰਥ ਕੀ ਹਿੰਦੂ ਸ਼ਬਦ ਕੇ ਅਰਥ ਸੇ ਏਕ ਰੂਪਤਾ ਹੈ ਇਤਿ ॥

# (ਮੁਕ੍ਤੀ ਭੇਦ ਅਤੇ ਭਗੌਤੀ ਕਾ ਅਰਥ)

ਤਥਾ ਜੋ ਭਵਾਨੀ ਕੇ ਮੁਕਤੀ ਨਾ ਦੇਣ ਮੇਂ ਆਸ਼ੰਕਾ ਥੀ ਤਿਸ ਕਾ ਭਾਵ ਯਹ ਕਿ ਮੁਕਤੀ ਦੋ ਪ੍ਰਕਾਰ ਕੀ ਹੈ ਏਕ ਤੌ ਸਗੁਣ ਕੀ ਪ੍ਰਾਪਤਿ ਰੂਪ । ਏਕ ਨਿਰਗੁਣ ਕੀ ਪ੍ਰਾਪਤਿ ਰੂਪ ਸੋ ਸਗੁਣ ਕੀ ਪ੍ਰਾਪਤੀ ਰੂਪ ਸਾਲੋਕ ਸਾਮੀਪ ਸਾਯੁਜ ਸਾਰੂਪ ਭੇਦ ਸੇ ਚਾਰ ਪ੍ਰਕਾਰ ਕੀ ਹੈ । ਯਾਂਤੇ ਸਗੁਣ ਉਪਾਸਜ ਜੋ ਪਾਂਚ ਹੈਂ ਗਣਪਤਿ, ਗਿਰਪਤੀ, ਗੋਪਤੀ,ਗਿਰਜਾਂ, ਗੌਰਿ ਦਿਨੇਸ ਯਹ ਤੌ ਸਾਯੁਜਾਦਕੋਂ ਕੇ ਦਾਤਾ ਹੈਂ ਔ ਸ਼ੁਧ ਮੋਖਜ ਤੌ ਗਿਆਨ ਸੈ ਹੋਵੈ ਹੈ। ਯਾਂਤੇ ਉਸ ਪੂਰਬ ਸਬਦ ਮੇ ਦੇਵੀ ਭਗਵਤੀ ਕੀ ਨਿੰਦਾ ਨਹੀਂ ਜੋ ਮਾਨੈ ਤੌ ਬਿਰੋਧ ਹੋਵੈਗਾ ਸੋ ਆਗੇ ਦੇਵੀ ਪ੍ਰਗਟ ਪ੍ਰਸੰਗ ਮੇ ਕਹੇਂਗੇ। ਤਥਾ—"ਤੁਹੀ ਦੁਰਗਾ ਸਾਜਕੇ" ਜਬ ਰਕਤਬੀਜ ਤਥਾ ਮਹਖਾਸੁਰ ਮਰਤਾ ਨਹੀਂ ਥਾ ਔਰ ਬਹੁਤ ਅਸੁਰ ਵਧਤੇ ਜਾਤੇ ਥੇ ਤਬ ਸ੍ਰੀ ਚੰਡਕਾ ਨੇ—

## ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥ ਚੌਃ—

ਕ੍ਰੋਧ ਜ੍ਵਾਲ ਮਸਤਕ ਤੇ ਵਿਗਸੀ । ਤਾਤੇ ਆਪ ਕਾਲਕਾ ਨਿਕਸੀ ।

[ਚੰਡੀ ਚਰਿਤ੍ਰ ਧਿਃ ੧]

ਤਥਾ—ਦੋਃ ॥ ਚੰਡੀ ਕਾਲੀ ਦੁਹੂੰ ਮਿਲ ਕੀਨੋ ਇਹੈ ਵਿਚਾਰ । ਹਉ ਹਨਹੋਂ ਤੂੰ ਸੋਣਪੀ ਅਰਿ ਦਲ ਡਾਰਹਿ ਮਾਰ ॥ ਚੰਡੀ ਚਰਿਤ੍ਰ ਧਿਃ ੫ ॥

ਤਥਾ—ਚੰਡੀ ਕੀ ਵਾਰ ॥ ਨਿਕਲੀ ਮਥਾ ਫੋੜ ਕੈ

**ਜਣ ਫਤੇ ਨੀਸਾਨ ਬਜਾਇ ਕੈ ॥ ਪੌਃ ੪੧ ॥**

ਪੁਨਾ ਹੇ ਦੇਵੀ ਮਾਤਾ ਤੈਥੋਂ ਹੀ ਰਾਮ ਜੀ ਨੇ ਬਲ ਲਿਆ ਅਤੇ ਤੈਥੋਂ ਹੀ ਸ੍ਰੀਕ੍ਰਿਸ਼ਨ ਜੀ ਨੇ। ਯਹ ਅਰਥ ਪ੍ਰਯਾਯ ਮੇਂ ਭੀ ਸਪਸ਼ਟਹੈ।ਜੇਕਰ ਅਕਾਲ ਪੁਰਖ ਅਰਥ ਕਰੈਂ ਤੋ ਪਹਲੇ ਪ੍ਰਿਥਮ ਭਗੌਤੀ ਕਾ ਸਿਮਰਨ ਲਿਖਾ ਹੈ। ਯਾਂਤੇ ਪ੍ਰਿਥਮ ਅਕਾਲ ਚਾਹੀਏ ਥਾ। ਸੋ ਭਗੌਤੀ ਸ਼ਬਦ ਕਾ ਅਰਥ ਯਹ—

**ਯਦਪਿ ਸ੍ਰੀ ਰਾਗ ਦੀ ਵਾਰ ਵਿਚੋਂ ਮ: ੩ ॥ ਸੋ ਭਗਉਤੀ ਜੋ ਭਗਵੰਤੈ ਜਾਣੈ । ਗੁਰ ਪਰਸਾਦੀ ਆਪੁ ਪਛਾਣੈ ॥ ਪੌਃ ੧੪ ॥**

**ਤਥਾ—ਸੁਖਮਨੀ ਸਾਹਿਬ ਵਿਚੋਂ ॥ ਭਗਉਤੀ ਭਗਵੰਤ ਭਗਤਿ ਕਾ ਰੰਗੁ। ਸਗਲ ਤਿਆਗੈ ਦੁਸਟ ਕਾ ਸੰਗੁ ॥ ਅਸਟਪਦੀ ॥ ੯ ॥**

ਟੀਕਾ—ਭਗਉਤੀ ਕਹੀਏ ਜਿਸ ਕੋ ਭਗਵੰਤ ਕੀ ਭਗਤੀ ਕਾ ਰੰਗ ਚੜ੍ਹਾ ਹੋ ਸੋ ਭਗਉਤੀ ਕਹੀਤਾ ਹੈ ਵਹ ਕਾਮ ਆਦਿਕ ਸਰਬਦੁਸ਼ਟੋਂ ਕਾ ਸੰਗ ਤਿਆਗ ਦੇਤਾ ਹੈ।

**ਤਥਾ— ਚੰਡੀ ਦੀ ਵਾਰ ਪਉੜੀ ॥ ਲਈ ਭਗੌਤੀ ਦੁਰਗ ਸਾਹ ਬਰ ਜਾਗਨ ਵਾਗੋ ॥ ਪੌਃ ॥ ੫੩ ॥**

ਈਹਾਂ ਤਲਵਾਰ ਅਰਥ ਭੀ ਕਰਤੇ ਹੈਂ। ਤਥਾਪਿ—ਜਹਾਂ ਦਸ਼ਮ ਗੁਰੂ ਗ੍ਰੰਥ ਸਾਹਿਬ ਮੇਂ ਵਾਰ ਭਗੌਤੀ ਜੀ ਕੀ ਪਾਤਸ਼ਾਹੀ ੧੦ ॥ "ਪ੍ਰਿਥਮ ਭਗੌਤੀ ਸਿਮਰ ਕੈ" ਯਹ ਪਾਠ ਹੈ ਤਹਾਂ ਪਰ ਭਗੌਤੀ ਸ੍ਰੀ ਚੰਡੀ ਅਸ਼ਟਭੁਜੀ ਕਾ ਨਾਮ ਹੈ। ਕਾਹਿਤੈਂ ਇਸ ਬਾਣੀ ਕਾ ਨਾਯਕ ਸ੍ਰੀ ਦੇਵੀ ਹੀ ਹੈ। ਅਰਥਾਤ ਦੇਵੀ ਮਾਤਾ ਕਾ ਹੀ ਯਸ ਨਿਰੂਪਣ ਕੀਆ ਹੈ।

**ਯਥਾ ਸ੍ਰੀਮੁਖਵਾਕ ਪਾਤਸ਼ਾਹੀ ੧੦ ॥ ਦੋਃ—† ਦੈਤ ਰਾਜ ਛਿਨ ਮੈ ਹਨਿਯੋ ਦੇਵੀ ਇਹ ਪਰਕਾਰ। ਅਸ਼ਟ**

† ਦੈਤ ਰਾਜ ਸੁੰਭ।

Sri Satguru Jagjit Singh Ji Elibrary NamdhariElibrary@gmail.com

ਕਰਨ ਮੈ ਸਸਤਰ ਗਹ ਸੈਨਾ ਦਈ ਸੰਘਾਰ ॥ ਚੰਡੀ ਚਰਿਤ੍ਰ ॥ ਧਿ: ੭ ॥ ਛੰ: ੨੨੩ ॥

ਤਬਾ—ਕਬਿਤ ॥ ਮਿਲਕੈ ਸੁਦੇਵਨ ਵਡਾਈ ਕਰੀ ਕਾਲਕਾ ਕੀ ਏਹੋ ਜਗ ਮਾਤ ਤੈਤੋ ਕਟਿਓ ਬਡੋ ਪਾਪ ਹੈ। ਦੈਤਨ ਕੋ ਮਾਰ ਰਾਜ ਦੀਨੋ ਹੈ ਸੁਰੇਸ ਹੂੰ ਕੋ ਵਡੋ ਜਸ ਲੀਨੋ ਜਗ ਤੇਰੋ ਹੀ ਪ੍ਰਤਾਪ ਹੈ। ਦੇਤ ਹੈ ਅਸੀਸ ਦਿਜ ਰਾਜ ਰਿਖ ਬਾਰ ਬਾਰ ਤਹਾ ਹੀ ਪੜਿਓ ਹੈ ਬ੍ਰਹਮ ਕਉਚ ਹੂੰ ਕੋ ਜਾਪ ਹੈ। ਐਸੇ ਜਸ ਪੂਰ ਰਹਿਯੋ ਚੰਡਕਾ ਕੋ ਤੀਨ ਲੋਕ ਜੈਸੇ ਧਾਰ ਸਾਗਰ ਮੈ ਗੰਗਾ ਜੀ ਕੋ ਆਪ ਹੈ ॥ ਧਿ: ੮। ਛੰ: ੨੨੭

ਤਬਾ—ਸਵੈਯਾ ॥ ਬਰ ਮਾਂਗਤੇ ਹੈਂ ॥ ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਵਹੂੰ ਨ ਟਰੋ ॥ ਧਿ: ੮। ਛੰਦ ੨੩੧ ॥

ਤਬਾ—ਪਉੜੀ ॥ ਦੁਰਗਾ ਅਤੇ ਦਾਨਵੀ ਭੇੜ ਪਿਯਾ ਸਬਾਹੀ। ਸ਼ਸਤਰ ਪਯੂਤੇ ਦੁਰਗ ਸ਼ਾਹ ਗਹ ਸਭਨੀ ਵਾਹੀ। ਸੁੰਭ ਨਸੁੰਭ ਸੰਘਾਰਿਆ ਵਥ ਜੇਹੇ ਸਾਹੀ। ਫੌਜਾਂ ਰਾਖਸ ਆਰੀਆ ਦੇਖ ਰੋਵਣ ਧਾਂਹੀ। ਮੂਹ ਕੜੂਚੇ ਘਾ ਦੇ ਛਡ ਘੋੜੇ ਰਾਹੀ। ਭਜਦੇ ਹੋਏ ਮਾਰੀਅਨ ਮੁੜ ਝਾਕਣ ਨਾਹੀ ॥ ਚੰਡੀ ਵਾਰ ਪੌ: ॥ ਪ੪ ॥ ਪੰਨੇ ॥ ੮੦ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਸੁੰਭ ਨਸੁੰਭ ਪਠਾਇਆ ਜਮਦੇ ਧਾਮਨੋ। ਕਹ ਆਏ ਹਾਂ ॥ ਪੌਃ ੫੫ ॥ ਇਤਿ ॥

---

# (ਚਕ੍ਰ ਕਛਹਰਾਦਿਕ)

ਅਬ ਚਕ੍ਰ ਕਛਹਰੇ ਆਦਕੋਂ ਕਾ ਪ੍ਰਸੰਗ ਕਹਤੇ ਹੈਂ ॥

ਸੌ ਸਾਖੀ ਉਕਤ ॥ ਫੇਰ ਵੰਡ ਦਿਤੇ ਦੋਇ ਕੜੇ ਇਕ ਛਾਪ ਦੋਇ ਚਕਰ ਦੋ ਜੰਜੀਰੀ ਏਕ ਕਰਦ ਪਾਂਚ ਭਲੇ। ਸਰਬਤਰ ਨੂ ਬਰਤਾਇ ਦਿਤੇ ਖਾਲਸੇ ਲੈ ਲੀਤੇ ਖੁਸ਼ੀ ਹੋਇ ॥ ਸਾਖੀ ॥ ੫੯ ॥

ਤਥਾ—ਇਹੁ ਉਨਾਹਟ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੫ ॥ ਅੰਸੂ ॥ ੯ ॥ ਮੇ ਭੀ ਸਪਸ਼ਟ ਹੈ ॥

ਤਥਾ—ਜਬ ਸ੍ਰੀ ਦੇਵੀ ਅੰਤਰ ਧਿਆਨ ਹੂਈ ਪੀਛੇ ਸੇ।

ਯਥਾ—ਸੌ ਸਾਖੀ ਉਕਤ ॥ ਲੰਕੜੀਆ ਬੋਲਾ ਭੇਟਾ ਲੇਹੁ। ਕਛਨੀ ਭਛਨੀ ਛੁਹਿ ਮਮ ਹੋਹੂ। ਤੁਮਰੀ ਸਹਾਇ ਜੁਧ ਮੈ ਆਊਂ। ਪੰਥ ਲਾਜ ਕੋ ਪਤਤ ਨ ਪਾਊਂ ॥ ਸਾਖੀ ॥ ੧੭ ॥

ਤਥਾ—ਇਹੁ ਸਤਾਰਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੩ ॥ ਅੰਸੂ ॥ ੩੯ ॥ ਮੇ ਭੀ ਪੜ੍ਹੋ ॥

ਤਥਾ—ਸੂਰਜ ਪ੍ਰਕਾਸ਼ੋਕਤ ਚੌਃ—

ਅੰਤਰ ਧਿਆਨ ਭਈ ਜਬ ਮਾਈ। ਤਬ ਲੰਕੜੀਏ ਗਿਰਾ ਅਲਾਈ।
ਮਮ ਬਾਨਾ ਕਛਨੀ ਇਹ ਲੀਜੈ। ਅਪਨੇ ਸਰਬ ਪੰਥ ਮੈ ਦੀਜੈ।
ਜੰਗ ਸਮੇ ਕੋ ਹੈ ਇਹ ਬਾਨਾ। ਜਾਂਤੇ ਹ੍ਵੈ ਹੈ ਤੇਜ ਮਹਾਨਾ।

Sri Satguru Jagjit Singh Ji Elibrary NamdhariElibrary@gmail.com

ਪੰਥ ਤੁਮਾਰੇ ਬਲ ਬਿਰਧਾਊਂ । ਜੁਧ ਸਹਾਇ ਹੇਤ ਮੈ ਆਊਂ।
ਇਮ ਕਹ ਲੋਪ ਭਈ ਤਤਕਾਲਾ । ਕਰਦ ਹਾਥ ਪਰ ਥਿਰੇ ਕ੍ਰਿਪਾਲਾ।
[ਰੁਤ । ੩ । ਅੰਸੂ । ੧੧ । ਛੰਃ ੨੭] ਇਤਿ ॥

ਜੋ ਇਸ ਪਰਕਰਣ ਕੋ ਨਾਹੀ ਮਾਨਤੇ ਸੋ ਕ੍ਰਿਤਘਨ ਹੈਂ ਨਰਕ ਕੋ ਜਾਵੈਂਗੇ। ਈਹਾਂ ਭੀ ਖੁਆਰ ਹੋਵਨ ਗੇ ॥

**ਸ਼ੰਕਾ**—ਦੇਵੀ ਪ੍ਰਸਿਧੀ ਮੇ ਕੌਣ ਪ੍ਰਮਾਣ ਹੈ ॥

**ਉਤਰ**—ਅਰੇ ਅੰਧੇ ਹੋਸ਼ ਕਰ ਅਨੇਕ ਸ਼ਬਦ ਤੋ ਕਹ ਦੁਕਾ ਹੂ ਕੁਛ ਧੀਰਜ ਕਰ ਔਰ ਭੀ ਕਹੇਂਗੇ ॥

---

# ਬੈਠਕਰ ਕਥਾ ਕੀਰਤਨ ਮੇਂ ਪ੍ਰਮਾਣ

ਪ੍ਰਿਥਮ ਤੋ ਹਮ ਪੂਛਤੇ ਹੈਂ ਨਿਸ਼ੇਧਕ ਪ੍ਰਮਾਣ ਕੌਨ ਹੈ ? ਦ੍ਵਿਤੀਯ ਖੜੋਇ ਕਰ ਵਯਾਖਯਾਨ ਕਰਨੇ ਮੇਂ ਕੌਨ ਸਾਧਕ ਪ੍ਰਮਾਣ ਹੈ ? ਹਾਂ ਕਹੀਂ ਦੂਰ ਬੁਲੰਦ ਆਵਾਜ਼ ਪਹੁੰਚਾਨੀ ਹੋ ਤੋ ਉਸ ਮੇਂ ਵਿਚਾਰ ਹੈ ਪਰੰਤੂ ਗੁਰਮਤ ਯਹ ਹੈ:—

ਗਉੜੀ ਮਃ ੪—ਜੇ ਗਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ । ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਕੀ ਵਡਿਆਈ ॥ ਸ਼ਬਦ ॥ ੮ ॥

ਤਥਾ ਆਸਾ ਛੰਤ ਮਃ ੪—ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ।ਸ਼ਬਦ ੧੨॥ ਛੰਤ ੫ ॥

ਤਥਾ ਰਾਮਕਲੀ ਮਃ ੧ ॥ ਸਿਧਗੋਸਟਿ॥ 'ਸਿਧ

ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ ॥ ਪੌੜੀ ੧ ॥

ਤਥਾ-ਰਾਮਕਲੀ ਦੀ ਵਾਰ ਬਲਵੰਡ ਤਥਾ ਸਤੇ ਡੂਮ ਆਖੀ ਵਿਚੋਂ,—'ਗੁਰੂ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ । ਨਾਨਕ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈਡਾਲੀ' ॥ ਪੌ: ੩ ॥

ਤਥਾ—ਤਖਤਿ ਬੈਠਾ ਅਰਜੁਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ ॥ ਪੌ: ੮ ॥ ਰਾਮਕਲੀ ਇਤਿ ॥

ਤਥਾ ਮਾਰੂ ਵਾਰ ਮਹਲੇ ਤੀਜੇ ਦੀ ਵਿਚੋਂ,—'ਸਚੈ ਤਖਤਿ ਬੈਠਾ ਨਿਆਉ ਕਰਿ ਸਤਿ ਸੰਗਤਿ ਮੇਲਿ ਮਿਲਾਈ । ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿਆਈ' ॥ ਪੌ: ੨ ॥

ਤਥਾ—ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਪੌ:੬ ॥

ਤਥਾ—ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ਪੌ:੧੮ ॥ ਮਾਰੂ ਵਾਰ ਇਤਿ ॥

ਤਥਾ—ਕਾਨੜਾ ਮ:੪—ਜਨਕ ਜਨਕ ਬੈਠੇ ਸਿੰਘਾ-ਸਨਿ ਨਉ ਮੁਨੀ ਧੂਰਿ ਲੈ ਲਾਵੈਗੋ ॥ ਅਸਟਪਦੀ ॥੨॥

ਤਥਾ—ਸਵਈਏ ਮ: ੪ ਕੇ ॥ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮ ਦਾਸ ॥ ੪ ॥

Sri Satguru Jagjit Singh Ji Elibrary NamdhariElibrary@gmail.com

ਤਥਾਸਵਈਏ ਮਃ ੫ ਕੇ—ਅੰਤ ਤੁਕ ॥ ਛਤ੍ਰ ਸਿੰਘਾ-ਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ।

ਤਥਾ ਸ੍ਰੀ ਦਸਮ ਦਰਵਾਰੋਕਤ—ਹਰਿ ਗੋਬਿੰਦ ਪ੍ਰਭੁ ਲੋਕ ਸਿਧਾਰੇ । ਹਰੀ ਰਾਇ ਤਿਹਠਾ ਬੈਠਾਰੇ । ਬਚਿਤ੍ਰ ਨਾਟਕ ਧਿਃ੫ ॥

ਤਥਾ—ਸ੍ਰੀ ਗੁਰਦਾਸ ਜੀ ॥ ਛਠਮ ਪੀਰ ਵੈਠਾ ਗੁਰ ਭਾਰੀ ॥ ਵਾਰ ੧ ॥ ਪੌਃ ੪੮ ॥

ਤਥਾ—ਹਰਿ ਸਚੇ ਤਖਤੁ ਰਚਾਇਆ ਸਤ ਸੰਗਤਿ ਮੇਲਾ ॥ ਵਾਰ ॥ ੪੧ ॥ ਪੌਃ ੧ ॥

ਤਥਾ—ਦਸਮ ਦਰਵਾਰੋਕਤ । ਗਿਯਾਰਾ ਸਹਸ ਬਾਨਵੇ ਛੰਦ । ਕਹੇ ਦਸਮ ਪੁਰ ਵੈਠ ਅਨੰਦ । ਸ੍ਰੀ ਕ੍ਰਿਸ਼ਨਾ ਵਤਾਰ ਆਦਿ ॥

ਤਥਾ— ਸੌ ਸਾਖੀ ਵਿਚੋਂ ॥ ਏਕ ਬੇਰ ਗੁਰੂ ਜੀ ਬੈਠੇ ਦਰਸਨ ਨੂੰ ਸੰਗਤ ਬਹੁਤ ਕਠੀ ਆਨ ਭਈ ਥੀ ॥ ਸੋ ਗੁਰੂ ਜੀ ਕੇ ਦਰਸ਼ਨ ਕੀ ਮਹਮਾ ਕਰਤੇ ਥੇ ਤਹਾਂ ਦ੍ਰਿਸ਼ਨ ਦੀਆ ਗੁਰੂ ਜੀ ਸਾਲ ਸਾਬ ਪੁਸ਼ਾਕੀ ਪਹਰੇ ਸੁੰਦਰ ਮਾਨੋ ਕੁਮੇਰ ਰਾਜਾ ਬੈਠਾ ਹੈ ॥ ਸਾਖੀ ॥ ੩ ॥

ਤਥਾ—ਇਹ ਤੀਜੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੩ ॥ ਅੰਸੂ ॥ ੪੬ ॥ ਮੇ ਭੀ ਲਿਖਾ ਹੈ ॥

ਤਥਾ—ਏਕ ਬਾਰ ਗੁਰੂ ਜੀ ਬੈਠੇ ਥੇ । ਸੰਗਤ ਦਰਸ਼ਨ

Sri Satguru Jagjit Singh Ji Elibrary NamdhariElibrary@gmail.com

ਕਰਕੇ ਤ੍ਰਿਪਤਿ ਨਾ ਹੋਵੈ ॥ ਸਾਖੀ ॥ ੪ ॥

ਤਥਾ—ਸੂਰਜ ਪ੍ਰਕਾਸ਼ ਰੁਤ ॥ ੩ ॥ ਅੰਸੂ ॥ ੪੭ ॥ ਮੇ ਭੀ ਸਪਸ਼ਟਹੈ ॥

ਤਥਾ—ਏਕ ਬਾਰ ਦੀਵਾਨ ਵਿਚ ਗੁਰੂ ਜੀ ਬੈਠੇ ਥੇ ਇਕ ਸਿਖ ਨੇ ਕਹਿਆ ਤਰਨ ਉਪਾਉ ਗੁਰੂ ਜੀ ਸੁਖਾਲਾ ਕਹੀਏ ॥ ਸਾਖੀ ੩੧ ॥

ਤਥਾ ਚੌ:-ਬਹੁਰ ਏਕ ਦਿਨ ਸਭਾ ਮਝਾਰੇ। ਗੁਰ ਬੈਠੇ ਸੇਵਕ ਪ੍ਰਵਾਰੇ।
[ਸੂਰਜ ਪ੍ਰਕਾਸ਼ ਰੁਤ। ੩। ਅੰਸੂ ੪੨]

ਤਥਾ—ਗੁਰ ਬਿਲਾਸੋਕਤ ॥ ਦੋਃ—ਗੁਰ ਅਰਜਨ ਬੈਠੇ ਤਹਾ ਸੁੰਦਰ ਲਗੋ ਦਿਵਾਨ। ਦੋਊ ਤਹਿ ਆਵਤ ਭਏ ਮਨ ਮੈ ਅਤਿ ਚਿੰਤਾਨ ॥ ਧਿਃ ੫॥ ਪੰਨੇ ੮੫ ॥

ਤਥਾ ਚੌਃ—

ਸ੍ਰੀ ਗੁਰ ਬੈਠੇ ਲਾਇ ਦੀਵਾਨ। ਜੋ ਆਵਤ ਸੋ ਪਾਵਤ ਦਾਨ।
[ਧਿ: ੫। ਪੰਨੇ ੯੮]

ਤਥਾ ਚੌਃ—

ਗੁਰੁਨਾਨਕ ਨਿਜ ਧਾਮ ਸਿਧਾਏ। ਗੁਰੂ ਅਰਜਨ ਤਹਿ ਤਖਤ ਸੁਹਾਏ।
[ਧਿਃ ੬ ॥ ਪੰਨੇ ੧੧੨]

ਤਥਾ ਦੋਃ—ਅਬਦੁਲ ਢਾਢੀ ਦੇਖ ਛਬ ਸ੍ਰੀ ਗੁਰੂ ਤਖਤ ਸੁਹਾਇ। ਸਨਮੁਖ ਹ੍ਵੈ ਠਾਢਾ ਭਯੋ ਪਉੜੀ ਜਸ ਪ੍ਰਗਟਾਇ ॥ ਛੀਵੇਂ ਗੁਰੂ ਜੀ ਦਾ ॥

ਪਉੜੀ ॥ ਸਚਾ ਤਖਤ ਸੁਹਾਯੋ ਸ੍ਰੀ ਗੁਰੂ ਪਾਇਕੈ। ਛਬ ਬਰਨੀ ਨਹਿ ਜਾਇ ਕਹੋਂ ਕਿਆ ਗਾਇਕੈ।ਰਵਿ ਸਸ ਭਏ ਮਲੀਨ ਸੁ ਦਰਸ ਦਿਖਾਇਕੈ। ਸ੍ਰੀ ਗੁਰੂ ਤਖਤ ਬਿਰਾਜੇ ਪ੍ਰਭੁ ਧਿਆਇਕੈ। ਮੀਰ ਅਬਦੁਲ ਔ ਨੱਥਾ

Sri Satguru Jagjit Singh Ji Elibrary NamdhariElibrary@gmail.com

ਜਸ ਕਹੈ ਬਨਾਇਕੈ ॥ ਧਿ: ੮ ॥ ਪੰਨੇ ੧੩੮ ॥

ਤਥਾ–ਗੁਰੂ ਨਾਨਕ ਦੇਵ ॥ ਸਵੈਯਾ ॥ ਮੰਜੀ ਤੇ ਬੈਠ ਨਿਹਾਲ ਕਰੈ ਜਨ ਆਇਸ ਪਾਲਨ ਪੁਤ੍ਰ ਵਿਚਾਰੇ ॥ ਧਿ: ੯ ॥ ਪੰਨੇ ॥ ੨੫੨ ॥

ਤਥਾ–ਦੋਹ: ਬੁੰਗਾ ਤਖਤ ਅਕਾਲ ਜੀ ਸੁੰਦ੍ਰ ਤਖਤ ਅਕਾਲ । ਸ੍ਰੀ ਸਤਿਗੁਰ ਤਹਿ ਬੈਠ ਕਰ ਮਨ ਮੈ ਭਏ ਕ੍ਰਿਪਾਲ ॥ ਧਿ: ੧੦ ॥ ਪੰਨੇ ੨੧੦ ॥

ਤਥਾ-ਛੀਮੇ ਸਤਿ ਗੁਰੂ ਜੀ ਕਾ ਹੁਕਮ ॥ ਚੌਂ:–

ਫਰਸ ਕਰੋ ਰਾਗੀ ਸੁ ਬੁਲਾਵੋ ॥ ਗੁਰ ਕੀ ਆਸਾ ਵਾਰ ਸੁਨਾਵੋ ॥
ਸਨਮੁਖ ਆਸਨ ਊਚ ਸੁਹਾਏ । ਸਨਮਾਨ ਸਹਤ ਰਾਗੀ ਬੈਠਾਏ ॥
ਪਲਘ ਤਰੇ ਸਤਿ ਗੁਰ ਤਬ ਰਾਜੈ । ਦੇਖ ਦੀਵਾਨ ਸਕਲ ਮਨ ਲਾਜੈ ॥
[ਅਧਿ: ੧੨ ਪੰਨੇ ੨੯੧ ।ਗੁਰਬਿਲਾਸ ਇਤਿ ]

ਤਥਾ ਨਾਨਕ ਪ੍ਰਕਾਸ਼ੋਕਤ ਚੌਂ:–

ਬਹੁ ਵਿਹੰਗ ਹੈ ਅਨਗਨ ਜਹਿਵਾ । ਕਾਕ ਭਸੁੰਡ ਬਿਰਾਜੈ ਤਹਿਵਾ ।
ਬੈਸਯੋ ਆਪ ਸਭਨ ਕੇ ਮਾਹੀ । ਉਚਰਤ ਕਥਾ ਪ੍ਰੇਮ ਉਰ ਜ਼ਾਹੀ ॥
[ ਪੂਰਵਾਰਧ ਧਿ: ੬੫ ]

ਤਥਾ ਗੁਰੂ ਨਾਨਕ ਦੇਵ ਜੀ ਚੌਂ:–

ਅਨੁਮਾਨਤ ਤਿਹ ਪਰੈ ਲਖਾਈ । ਅਪਨੋ ਤਖਤ ਦੇਯ ਤਿਹ ਥਾਈ ।

ਤਥਾ ਚੌਂ:–

ਇਸ ਪ੍ਰਕਾਰ ਤਿਹ ਤਖਤ * ਬੈਠਾਯੋ । ਬਹੁਰੋ ਸਭ ਸੋਂ ਵਚਨ ਅਲਾਯੋ ।
[ਉਤਰਾਰਧ ਧਿ: ੫੨ ॥ ਇਤਿ ॥]

ਤਥਾ ਸੂਰਜ ਪ੍ਰਕਾਸ਼ੋਕਤ ਚੌਂ:–

ਇਕ ਦਿਨ ਮਹਿ ਸ੍ਰੀ ਹਰਿ ਗੋਬਿੰਦ । ਵੈਠੇ ਦਿਪਤ ਸੰਗਤਾਂ ਬ੍ਰਿੰਦ ।
[ਰਾਸ । ੬ । ਅੰਸੂ । ੫੪ । ]

---

* ਸ੍ਰੀ ਗੁਰੂ ਅੰਗਦ ਜੀ ਨੂੰ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਪਾਧੜੀ ਛੰਦ ॥ ਪੋਸਸ ਨਵੀਨ ਪਹਰੇ ਪ੍ਰਭਾਤ। ਪੁਨ ਅਲੰਕਾਰ ਸੋਭੰਤ ਗਾਤ। ਦਿਨ ਚਰਿਯੋ ਆਸਨ ਪਰ ਥਿਰੰਤ। ਯੁਤ ਬਸਤ੍ਰ ਸ਼ਸਤ੍ਰ ਅਤਸੈ ਸੋਭੰਤ ॥ ਰੁਤ। ੩। ਅੰਸੂ। ੪ ॥

ਤਥਾ ਚੌਃ—

ਬੈਠੇ ਆਇ ਚਾਨਣੀ ਤਰੇ। ਸੁਭਟ ਸਿਖ ਸੈਕਰ ਤਹਿ ਖਰੇ।
ਤਥਾ ਚੌ:-ਮੂਛਨ ਤਾਉ ਦੀਨ ਕਰ ਬੰਕੀ। ਆਸਨ ਕਰ ਬੈਠੇ ਅਕਲੰਕੀ।
[ਦਸਮੇਸ ਜੀ। ਰੁਤ। ੩। ਅੰਸੂ। ੧੯ ॥]

ਤਥਾ ਦੋਃ—ਇਕ ਦਿਨ ਬੈਠੇ ਸਤਿਗੁਰੂ ਸਿਖ ਸੰਗਤ ਚਹੁੰਫੇਰ। ਏਕ ਸਿਖ ਤਹਾਂ ਆਇਕੈ ਬਿਨੈ ਕਰੀ ਤਿਸ ਬੇਰ ॥ ਰੁਤ। ੩। ਅੰਸੂ। ੪੩ ॥

ਤਥਾ ਚੌਃ—

ਇਕ ਦਿਨ ਸ੍ਰੀ ਸਤਿਗੁਰ ਭਗਵਾਨ। ਬੈਠੇ ਸਭਾ ਸਹਤ ਉਚ ਥਾਨ।
ਚਾਮਰ ਚਾਰ ਚਲਾ ਚਲ ਫੇਰੈ। ਸਿਖ ਹਜਾਰਹੁ ਦਰਸ਼ਨ ਹੇਰੈ।
[ਰੁਤ। ੫। ਅੰਸੂ। ੩੨। ਸੂਰਜ ਪ੍ਰਕਾਸ਼ ਇ.ਤੈ]

ਤਥਾ ਸ੍ਰੀ ਤੁਲਸੀ ਦਾਸ ਜੀ ਦੋਃ—ਜਹਿ ਵੈਠੈ ਮੁਨਿ ਗਣ ਸਹਿਤ ਨਿਤ ਸੀਆ ਰਾਮ ਸੁਜਾਨ। ਸੁਨਹਿ ਕਥਾ ਇਤਹਾਸ ਸਭ ਆਗਮ ਨਿਗਮ ਪੁਰਾਣ ॥

ਤਥਾ ਚੌਃ—

ਵੇਦੀ ਪਰ ਮੁਨਿ ਸਾਧ ਸਮਾਜੂ। ਸੀਆ ਸਹਿਤ ਰਾਜਤ ਰਘੁ ਰਾਜੂ।

ਤਥਾ ਦੋਃ—ਲਸ਼ਤ ਮੰਜੂ ਮੁਨਿ ਮੰਡਲੀ ਮੱਧ ਸੀਆ

Sri Satguru Jagjit Singh Ji Elibrary NamdhariElibrary@gmail.com

**ਰਘੁਨੰਦ। ਗਗ੍ਯਾਨ ਸਭਾ ਜਨੁ ਤਨੁ ਧਰੇ ਭਗਤਿ ਸਚ ਦਾ ਨੰਦ॥ ਰਾਮਾਯਣਅਯੁਧਯਾ ਕਾਂਡ॥**

ਇਤਯਾਦਕ ਅਨੇਕ ਪ੍ਰਮਾਣ ਹਨ। ਤਥਾ ਪੂਰਬ ਰਿਖੀ ਮਹਾ ਰਿਖੀ ਸਭ ਬੈਠ ਕਰ ਹੀ ਕਥਾ ਕੀਰਤਨ ਕਰਤੇ ਰਹੇ ਹੈਂ। ਵਿਸਤਾਰ ਹੈ ਸੇ ਹੋਰ ਗ੍ਰੰਥੋਂ ਕੇ ਪ੍ਰਮਾਣ ਲਿਖੇ ਨਹੀ। ਇਸ ਰੀਤ ਸੈਂ ਅਨੇਕ ਵਾਕ੍ਯ ਹੈ ਜੋ ਤਖਤ ਤਥਾ ਚੋਕੀ ਵਾ ਮੰਜੀ ਵਾ ਵੇਦਿਕਾਦਕ ਉਚ ਸਥਲੋਂ ਪਰ ਵਕਤਾ ਕੋ ਬੈਠਨਾ ਸਿਧ ਕਰਤੇ ਹੈਂ। ਔ ਗੁਰੂ ਬਾਣੀ ਤਥਾ ਵੇਦ ਬਾਣੀਕਾ ਅਦਬ ਰਖਨੇ ਕੇ ਲੀਏ ਉਸ ਬਕਤਾ ਸੇ ਨੀਚੇ ਬੈਠਨਾ ਸਫੁਟ ਕਰ ਰਹੇ ਹੈਂ। ਯਾਂਤੇ ਗੁਰਮਤ ਛੱਤ੍ਰੀ ਸਨਾਤਨੀ ਮਤ ਯਹੀ ਚਲਾ ਆਤਾ ਹੈ ਔ ਜੋ ਨਵੀਨ ਪੁਰਸ਼ ਹੁਣੇ ਹੀ ਸਿਖੀ ਦਾ ਖਜਾਨਾ ਉਠ ਕਰਕੇ ਸਰਬ ਮਹਾਤਮਾ ਤਥਾ ਸਨਾਤਨੀ ਸਿਖੀ ਤੇ ਬੇ ਦਾਵੇ ਦਾ ਪਾਸ ਕਰਤੇ ਹੂਏਂ ਨਿੰਦਾ ਕਰ ਕਰ ਅਸਮਦਾਦੀ ਪਾਪੀ ਜੀਵਾਂ ਦੀ ਮੈਲ ਨੂੰ ਜੀਭ ਨਾਲ ਚਟਕੇ ਸਾਫ ਕਰਨੇ ਵਾਲੇ ਪਰ ਉਪਕਾਰੀ ਹਨ ਤਿਨਕਾ ਤੋ ਕੇਵਲ ਧੰਨ ਹੀ ਵਾਦ ਹੈ। ਅਤੇ ਜੇ ਕਹੇ ਗੁਰੂ ਜੀ ਦੀ ਰੀਸ ਨਹੀ ਕਰਨੀ ਯਾਂਤੇ ਊਚੇ ਬੈਠ ਕਰ ਸ਼ਬਦਾਦਕ ਨਹੀ ਪੜਨੇ। ਤੋ ਹਮ ਪੂਛਤੇ ਹੈਂ ਜੋ ਹੋਰ ਰਹਤ ਮਰਜਾਦਾ ਪੰਚ ਕਕਾਰ ਕਛਹਰਾਦੀ ਧਾਰਨ ਕਰਨਾ ਭੀ ਗੁਰੂ ਜੀ ਕੀ ਬਰਾਬਰੀ ਹੀ ਹੈ ਇਸ ਮੈ ਭੀ ਦੋਸ਼ ਆ ਵੈਗਾ। ਯਾਂਤੇ ਪੂਰਬੋਕਤ ਵਿਵਸਥਾ ਮਾਨਨੇ ਜੋਗ੍ਯ ਹੈ॥ ਹੋਸ਼ ਕਰ॥

---

# (ਮੁਕਤਿ ਨਾਮਾ)

ਪੁਰਸ਼ ਧਰਮ ਮੁਕਤਿ ਨਾਮਾਦਿਕ ਸੁਣ॥ ਸੌ ਸਾਖੀ ਉਕਤ॥

**ਸੁਣ ਗੁਰ ਸਿਖਾ ਮੁਕਤ ਨਾਮਾ ਸਭ ਸਿਖਾਂ ਉਪ-ਦੇਸ। ਜੋ ਨਾ ਕਰ ਹੈ ਗੁਰ ਉਕਤ ਬੇਮੁਖ ਝੂਠਾ ਭੇਸ। ਕਰਜ ਨਾ ਲੇਵੈ ਕਿਸੀ ਕਾ ਲੈ ਤੋ ਦੇਵੈ ਭਾਵ। ਖੁਸ਼ੀ ਕਰੇ ਘਰ ਸਿਖਣੀ ਭਲਾ ਦਿਖਾਵੈ ਰਾਵ। ਝੂਠ ਨਾ**

ਬੋਲੈ ਝੂਠ ਨ ਸੁਣੈ ਝੂਠ ਨਾ ਕਰਹੈ ਪਰੀਤ । ਸਚ ਕਮਾਵੈ ਸਚ ਸੰਗਤੀ ਸਚੀ ਪਾਲੈ ਰੀਤ। ਸਚ ਵਪਾਰੀ ਸਚ ਸੂਰਮਾ ਸਚਾ ਪੰਡਿਤ ਸਿਖ। ਸਚੀ ਖੇਤੀ ਸਚ ਕਸਵ ਸਚੇ ਰੰਗ ਪਰਬੁਧ । ਸਿਖ ਹੋਇ ਜੂਠ ਨਾ ਖਾਵੈ। ਸਿਖ ਹੋਇ ਧਨਤੇ ਛੁਟਕਾਵੈ। ਸਿਖ ਪਰਸਾਦ ਵੰਡ ਕਰ ਖਾਇ। ਨਾਗੇ ਕੇਸ ਭੋਗ ਨਾ ਸੁਵਤਾਇ। ਖਾਵੈ ਗੁਰ ਕਾ ਨਾਮ ਜਪ ਜਪ ਪੜਲੈ ਪ੍ਰਸਾਦ

ਇਤਨੀ ਵਿਸ਼ੇਸਤਾ ਹੈ ਤ੍ਰਿਤੀਏ ਪਣੇ ਕੀ, ਪਾਠਕ ਆਗੇ ਭੀ ਖਿਆਲ ਰਖਣ ॥

ਤਥਾ—ਨਗਨ ਨਾ ਦੇਖੇ ਨਾਇਕਾ ਨਾਰੀ ਰੂਪ ਨਾ ਜਾਦ। ਧਨ ਪਰਖਰ ਕੋ ਛੁਵੈ ਨਾਹਿ ਨੀਚ ਜਾਤਿ ਤੇ ਦੂਰ। ਕੁਸਾ ਮਾਸ ਨ ਖਾਈਏ ਪਾਲਿਆ ਖਾਇ ਨ ਸੂਰ। ਮਦ ਕੋ ਛੋਡੇ ਊਚ ਰਹਤ ਚੀਤੇ ਪੀਛੇ ਅੰਭ। ਮਲ ਤਿਆਗਕੇ ਮਿਰਤਕਾ ਕਰਪਦ ਪਾਨੀ ਹੋਭ। ਸੀਤ ਨਾਇ ਜਾਮ ਰਹ ਰਾਤ ਖਾਇ ਕਰ ਵੰਡ। ਕਹੇ ਗੁਰੂ ਗੋਬਿੰਦ ਸਿੰਘ ਜਮੂਆ ਕਰੇ ਨਾ ਡੰਡ। ਪੂਜਾ ਤੇ ਨਿਆਰੋ ਮਿਲੈ ਰਹਤ ਬਿਹਾਰੇ ਮਾਝ। ਜਗਤ ਜੂਠ ਕੋ ਛਾਡੀਏ ਪਹਰੇ ਰੰਗ ਨ ਰਾਂਝ। ਸੁਰਮਾ ਅੰਜਨ ਦਿਨ ਤਜੈ ਨਗਨ ਨ ਸੋਵੈ ਅੰਗ । ਨਾਮ ਸਿਮਰ ਕਰ

ਆਰਤਾ ਗੁਰੂ ਮਿਟਾਵੈ ਕੰਗ। ਹੁਰ ਕੀ ਪਾਹਿਲ ਸਿਖ ਲੈ ਰਹਤ ਕਮਾਵੈ ਗ੍ਰੰਥ। ਜੋ ਬੇੜਾ ਸੋ ਸੇਵਿਆ ਔਰ ਨ ਭਰਮੇ ਪੰਥ॥ ਵਿਸ਼ੇਸ਼ਾਂਸ॥

ਤਥਾ—ਗੁਰੂ ਸਿਖ ਕਾ ਖਾਈਏ ਕੰਨਿਆ ਘਰ ਸਿਖ ਸੋਧ। ਅਨ ਰਿਣ ਹਿਤ ਕਰ ਵੇਦ ਬਿਧਿ ਹੋਵੈ ਚਿਤ ਪ੍ਰਬੋਧ। ਪੁਤ੍ਰ ਕੁਸੰਗੀ ਨਾ ਹੁਵੈ ਕੁਸੰਗੀ ਹੋਇ ਨ ਨਾਰ। ਗੁਰ ਮੰਤ੍ਰ ਪੜ੍ਹਦਾ ਰਹੈ ਘਰਕੇ ਨਿਤ ਉਠ ਕਾਰ। (ਸਿਖ ਨਾ ਪੂਜਾ ਖਾਇ ਕਹ ਆਏ ਹਾਂ) ਪ੍ਰਸਾਦ ਅਰਦਾਸੀ ਬਾਂਟ ਦੇ ਸਭਕੋ ਸਮਤਾ ਛਾਂਟ। ਜੋ ਪ੍ਰਸਾਦ ਮੈ ਈਰਖਾ ਕਰਤਾ ਤੋੜੇ ਸਾਂਠ। ਲੋਭ ਕਰੇ ਪ੍ਰਸਾਦ ਮੈ ਜਮਕੀ ਖਾਵੈ ਮਾਰ। ਸੋ ਪ੍ਰਸਾਦ ਗਾਲੈ ਤਿਸੀ ਰਾਗ ਦੋਖ ਧੰਨ ਖੁਆਰ। ਖਾਇ ਭੁਗਤ ਜਾ ਸਮੈ ਸਿਖ ਉਠੇ ਨਾ ਛੋਡੇ ਥਾਇ। ਜੋ ਛੋਡੇ ਫਿਰ ਖਾਇ ਨਹ ਸੁਖੀ ਧਨੀ ਗੁਰ ਪਾਹਿ। ਤੁਰਕ ਤੁਰਕਣੀ ਤੇ ਵਚੈ ਤੁਰਕ ਨਾ ਕਰਹੈ ਸਿਖ। ਚਾਰ ਬਰਣ ਗੁਰ ਭਾਇ ਜੋ ਖਾਇ ਖਵਾਵੈ ਭਿਖ। ਭੇਖਨ ਕੀ ਬਾਣੀ ਤਜੈ ਤਜੈ ਸੀਤਲਾ ਭੋਗ। ਕਲਮਾ ਕਾ ਅੰਨ ਦੂਰ ਧਰ ਤੁਰਕਨ ਜਾਣੈ ਰੋਗ॥ ਵਸ਼ੇਸ਼ਾਂਸ॥ ਠਗੂਆ ਵਿੱਪਰ ਸਿਖ ਭੇਖ ਖੰਡਨ ਨਾਰੀ ਹੋਇ। ਮੁਸੈ ਭੁਲਾਵੈ ਗਰਬ ਬਿਨ ਵਿਸਵਾਸਾ ਸਿਖ ਨਾ ਕੋਇ। ਕਰੇ ਕੜਾਹ ਤ੍ਰਿਭਾਵਲੀ ਸੁਚ ਪਵਿਤ੍ਰ

ਤਨ ਢਾਇ। ਗੁਰ ਪ੍ਰਸਾਦ ਅਰਦਾਸ ਕਰ ਕਰ ਨਾਂਗਾ ਭੋਗ ਨਾ ਆਹਿ। ਜਿਤ ਕਾਰਜ ਗੁਰ ਭਾਵ ਹਿਤ ਹੋਇ ਭਾਵਨੀ ਪੂਰ। ਈਹਾਂ ਸਿਦਕ ਸਾਬਤ ਭਇਆ ਆਗੇ ਸੁਖ ਭਰਪੂਰ। ਆਧਾ ਨਾਮ ਜੋ ਲੇ ਸਿਖ ਸੋ ਤਨ ਖਾਈ ਮੂੜ੍ਹ। ਜਮ ਪੁਰ ਬਾਸਾ ਪਾਇਗੋ ਕਰੇ ਮਲੇਛੀ ਹੂੜ੍ਹ। ਬਿਨਾ ਅਨੰਦ ਵਿਵਾਹਕੇ ਭੁਗਤੇ ਪਰਕੀ ਜੋਇ। ਸੁਣ ਸਿਖਾ ਗੁਰ ਕਹ ਬਕੇ ਮੇਰਾ ਸਿਖ ਨ ਸੋਇ। ਸਾਂਝ ਸਵੇਰੇ ਸੋਇ ਨਹ ਜੂਠਾ ਅਸੁਚ ਰਹੇ ਦੂਰ। ਗੁਰੂ ਨਿਕਟ ਸੋ ਸਿਖ ਹੈ ਦੇਵਨ ਰਹੈ ਹਜੂਰ। ਗੁਰ ਸਿਖ ਖੁਲੈ ਕੇਸ ਨਹ ਖਾਵੈ ਜੂੜਾ ਕੇਸ। ਦਸਬੰਧ ਗੁਰੂ ਕਾ ਦੇਕੇ ਖਾਇ ਕਮਾਈ ਸੇਸ॥ ਸਾਖੀ ੮॥

ਤਥਾ ਜਨਮ ਸਾਖੀ ਮੇ ਦੋਃ—ਦਸਮਾ ਹਿਸਾ ਵੰਡਕੈ ਰਾਹ ਖੁਦਾਇ ਦੇਹ। ਪਾਵਹ ਰਾਜ ਵਹਿਸ਼ਤ ਦਾ ਰਾਹ ਹਕੀਕਤ ਏਹ॥ ਸਾਖੀ ਮੱਕੇ ਦੀ॥ ਪੰਨੇ॥ ੧੫੨॥

ਤਥਾ—ਸੌ ਸਾਖੀ॥ ਦਾਤਨ ਕਰੈ ਪ੍ਰਾਤ ਉਠ ਅਸ਼-ਨਾਨ ਕਰੈ ਗੁਰਵਾਕ। ਪੜ ਬਾਣੀ ਮੱਥਾ ਟੇਕੈ ਗੁਰ ਸਿਖਨ ਸੋ ਸਾਕ। ਦੋਇ ਗੋਤ੍ਰ ਕੰਨਿਆ ਤਜੈ ਨਾਨਕ ਦਾਦਕ ਮਾਨ। ਸੋਈ ਗੁਰਮੁਖ ਸੰਤਤੀ ਸਤਿਗੁਰ ਦੇਵੈ ਦਾਨ॥ ਅਧਿਕਤਾ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ—ਮੋਏ ਹੀ ਸਿਖ ਕੋ ਬਾਂਧਵ ਕੋ ਨਿਤ ਰੋਵਤ ਨਾਹਿ ਕੜ੍ਹਾ ਕਰਾਵੈ। ਆਨੰਦ ਪੜ ਸਭ ਸੋਕ ਤਜੈ ਸਿਖ ਪੀਟੇ ਨਾ ਨਾਰ ਨ ਸਬਦ ਪੜ੍ਹਾਵੈ। ਮਿਤ ਸਮੂਹਨ ਬਿਪ੍ਰਨ ਸਿਖਨ ਦੇ ਖਵਾਇ ਸੁ ਭੇਟ ਚੜ੍ਹਾਵੈ। ਵੇਦ ਕੀ ਰੀਤ ਕੋ ਤਿਆਗ ਕਰੇ ਨਹ ਕ੍ਰਿਯਾ ਕੋ ਮਾਨ ਸੋ ਸਿਖ ਸਦ੍ਹਾਵੈ। ਸਾਖੀ ੮ ॥

ਸ਼ੰਕਾ—ਸਿਰ ਮੁੰਡਨਾਦੀ ਭੀ ਚਾਹੀਏ।

ਉੱਤਰ—ਸ੍ਰੀ ਮੁਖਵਾਕ ਪਾਤਸਾਹੀ ੧੦ ॥ ਗੁਰਕੀ ਛਾਪ ਸਿਰ ਕੇਸ ਕੀ ਪਾਹਲ ਦੇ ਉਤਾਰ ਸੋ ਬੇਮੁਖ ਜਾਨੋ। ਬੇਟੇ ਬੰਧੂ ਕੋ ਛਾਪ ਮੁੰਡਾਵਤ ਜਮ ਦੂਖ ਭੋਗ ਕੈ ਪਰੇਤ ਪਛਾਨੋ। ਸਾਕ ਤਜੈ ਤਹਿ ਮਾਨ ਤਜੈ ਜੋ ਪਾਲਹ ਤਾਕੋ ਸੋ ਪਾਪੀ ਹੀ ਮਾਨੋ। ਜੋ ਗੋਬਿੰਦ ਸਿੰਘ ਨਸੰਗ ਕਹੈ ਇਹ ਬੇਮੁਖ ਤਿਆਗ ਕਿਓ ਪਾਪ ਨਸਾਨੋ ਤੁਰਕ ਪਾਰਸੀ ਜੋ ਪੜੇ ਜੀਵਨ ਲੀਏ ਸਿਖ। ਤੁਰਕ ਮੀਤ ਵਿਸਾਹ ਕਰ ਗੁਰ ਤੇ ਸਦਾ ਬੇਮੁਖ। ਵਿਵਾਹਨ ਮੈ ਸੁਤ ਜਨਮ ਮੈ ਮਰਨ ਤਨਖਾ ਬਖਸਾਹ। ਸੋ ਸਿਖ ਗੁਰ ਕਾ ਜਾਨੀਏ ਮੋਨੇ ਅੰਨ ਨਾ ਖਾਇ। ਸਿਲਾ ਨਾ ਪੂਜੇ ਪਾਹਿਲੀ ਸਿਲਾ ਨਾ ਪਾਨੀ ਪੀਉ। ਬਰਨਾਸਰਮ ਕੀ ਰੀਤ ਤੇ ਵਖੇਸੁ ਸਿਖਨ ਸੀਉ। ਬਹੁਤਾ ਕਰਮ

Sri Satguru Jagjit Singh Ji Elibrary NamdhariElibrary@gmail.com

ਸੰਸਾਰ ਕਾ ਪਿਤਾ ਪਿਤਾਮਾ ਦੇਵ। ਗੁਰ ਰਖਿ ਆਨ ਨ ਮਾਨੀਏ ਸੋ ਸਿਖ ਮੇਰੋ ਸੇਵ। ਜੋ ਗੁਰਕੇ ਘਰ ਜਾਇਆ ਵਡਾ ਕਹੇ ਜਹਿ ਵੇਦ। ਤਪ ਜਪ ਦਾਨੀ ਭੂਪ ਬਿਪ੍ਰ ਦੇ ਨ ਇਨਕੋ ਖੇਦ॥ ਸਾਖੀ॥ ੮॥

ਕਾਹਿ ਤੈਂ ਸ੍ਰੀ ਭਗਵਾਨ ਗੀਤਾ ਮੇ ਕਹਤੇ ਹੈਂ—ਨਰਾਣਾਂਚ ਨਰਾਧਿਪੰ॥ ਨਰੋਂ ਮੇਂ ਰਾਜਾ ਮੇਰੇ ਕੋ ਜਾਣ। ਧਿ: ੧੦॥ ਸਲੋਕ ੨੭॥

ਜਾਂਤੇ ਰਾਜਾ ਕੇ ਸਾਥ ਮੁਕਾਵਲਾ ਰਾਜਾ ਕਰੇ ਵਾ ਤਿਸਤੇ ਅਧਿਕ ਸ਼ਕਤੀ ਬਿਨਾ ਕਰਨਾ ਬੇ ਸਮਝੀ ਹੈ।

ਯਥਾ ਭਾਈ ਗੁਰਦਾਸ ਜੀ—ਜੇ ਕੋ ਆਪ ਗਣਾਇਕੈ ਪਾਤਸਾਹ ਤੇ ਆਕੀ ਹੋਵੈ। ਹੋਇ ਕਤਲਾਮ ਹਰਾਮ ਖੋਰ ਗੋਰ ਨ ਕਫਨ ਵਿਣਾ ਨ ਹੋਵੈ॥ ਵਾਰ॥ ੨੬॥ ਪੌ: ॥ ੩੨॥

ਇਸੀ ਰੀਤ ਮੈਂ ਰਾਜਾ ਈਸਰ ਅੰਸ ਭੀ ਲਿਖਾ ਹੈ। ਔਰ ਭਗਵਾਨ ਨੇ ਆਪਨੇ ਕੋ ਹੀ ਕਹਾ ਹੈ ਜਾਂਤੇ ਕੋਈ ਭਗਵਾਨ ਕੋ ਹੀ ਅਪਣੀ ਭਗਤੀ ਬਲ ਸੇ ਜੈ ਕਰਨੇ ਵਾਲਾ ਰਾਜਾ ਸੇ ਅੜੇ ਨਹੀਂ ਤੋ ਖੁਆਰ ਹੋਗਾ। ਹੋਰ ਪ੍ਰਮਾਣ ਕਹੇ ਨਹੀਂ ਵਿਸਤਾਰ ਭੈ ਸੇ।

ਸ਼ੰਕਾ—ਸ੍ਰੀ ਭਗਵਾਨ ਸੇ ਕੌਨ ਵਡਾ ਹੈ !

ਉਤਰ—ਰਾਗ ਸਾਰੰਗ ਨਾਮਦੇਵ ਜੀ॥ ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ। ਏਕ ਸਮੇ

Sri Satguru Jagjit Singh Ji Elibrary NamdhariElibrary@gmail.com

ਮੋ ਕਉ ਗਹਿ ਬਾਂਧੈ ਤਉ ਫੁਨ ਮੋ ਪੈ ਜਬਾਬੁ ਨ ਹੋਇ।

ਤਥਾ—ਸ੍ਰੀ ਤੁਲਸੀ ਰਾਮਾਇਣ ॥ ਕਾਕ ਭੁਸੁੰਡੋ ਵਾਚ ਚੌ:—

ਮੋਰੇ ਮਨ ਪ੍ਰਭੁ ਅਸ ਵਿਸਵਾਸਾ। ਰਾਮ ਤੇ ਅਧਿਕ ਰਾਮ ਕਰ ਦਾਸਾ। ਉਤਰ ਕਾਂਡ। ਇਤਯਾਦਕ। ਪੂਰਬ ਪ੍ਰਕਰਣ ਸਾਖੀ ੮ ਯਹ:—

ਰੋਵੈ ਵੇਦੀ ਭੇਦ ਬਿਨ ਰੋਵੈ ਪਾਪੀ ਲੋਗ। ਬੇਮੁਖ ਗੁਰ ਫਟਕਾਰਿਆ ਰੋਵੈ ਦੀਰਘ ਰੋਗ। ਮੇਰੇ ਘਰ ਜੋ ਆਇਆ ਗੁਰ ਸਬਦਨ ਸੋ ਹੇਤ। ਗੁਰ ਸਿਖਯਾ ਸੁਨ ਧਾਰੀਏ ਰਹਣੀ ਰਹੇ ਸੁਚੇਤ। ਮੈ ਬਖਸੋਂਗਾ ਪਾਰ ਕਰ ਉਸ ਪਦ ਦਾਤਾ ਆਪ। ਨਾ ਸੰਕਰ ਦਤ ਰਾਮਨੁਜ ਗੋਰਖ ਮਹੱਮਦ ਮਾਪ। ਵਰਸ਼ਾ ਬਰਸੇ ਧਰਨ ਪਰ ਖੇਤੀ ਖੂਬ ਬਨਾਇ। ਗੁਰ ਸਨਮੁਖ ਸਭ ਧਰਮ ਫਲ ਦੀਨੋ ਗੁਰ ਫੁਰਮਾਇ। ਮੁਕਤਿ ਨਾਮਾ ਪੜੈ ਜਨ ਤੀਰਥ ਮੁਕਤਸਰ ਨ੍ਹਾਇ। ਬੁਰੇ ਕਰਮ ਤੇ ਛੂਟ ਕਰ ਗੁਰ ਘਰ ਮਰ ਕਰ ਜਾਇ। ਵੈਨ ਬਤਾਲੀ ਫਲ ਸੁਨੈ ਸੁਨ ਸਿਖ ਦੀਨੇ ਤੋਇ। ਡੁਗਣੀ ਛੋੜ ਤੂੰ ਜੂਨ ਕੋ ਜਿਉਂ ਸਮੀਰ ਬਖਸੋਇ। ਤਾਂ ਗੁਰੂ ਜੀ ਕਹਿਆ ਨਿਹਾਲ ਭਾਈ ਨੀਗਰਾ ਵਗਾਸ ਰਹਤ ਸਿਖ ਕੀ ਰਹਣੀ ਸੰਸਾਰੀਆਂ ਕੀ ਸੁਣਨੀ ਮੰਨਣੀ ਨਾਹੀ। ਸਾਖੀ੯

ਤਥਾ–ਯਹ ਅਸ਼ਟਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੩ ॥ ਅੰਸੂ ॥ ੫੦ ॥ ਮੇ ਭੀ ਸਪਸ਼ਟ ਹੈ ॥ ਅਤੇ–

'ਮੋਨੇ ਅੰਨ ਨਾ ਖਾਇ' ਇਸ ਕਾ ਤਾਤਪਰਯ ਯਹ ਕਿ ਮਲੇਛ ਮੁਸਲਮਾਨ ਤਥਾ ਨਾਸਤਕ ਰੋੜੇ ਜੈਨੀ ਆਦਿਕ ਜਾਨਨੇ। ਜੋ ਪ੍ਰਮਹੰਸ ਵੈਦਕ ਗੁਰਮਤਿ ਮਹਾਤਮਾ ਹੈਂ। ਤਿਨ ਕਾ ਨਾਮ ਨਹੀ ਕਾਹਿਤੈ। ਮੁੰਡੀ ਸੰਗਤੀ ਗੁਰੂ ਕੇ ਪਿਆਰੇ, ਇਤਯਾਦਕੋਂ ਸੇ ਵਿਰੋਧ ਹੋਗਾ। ਔਰਃ–

'ਤੁਰਕ ਸੰਗ ਬੈਠੇ ਨਾ ਖਾਇ' ਸਾਖੀ ॥ ੬੨ ॥

ਤਥਾ–ਸੰਸਾਰੀ ਕਰਕੇ ਮਾਇਆ ਧਾਰੀ ਜਾਨਨੇ ਜੈਸੇ ॥ ਗਉੜੀ ਦੀ ਵਾਰ ਪਹਲੀ ਵਿਚੋਂ ਮਃ ੩ ॥ ਮਾਇਆ ਧਾਰੀ ਅਤਿ ਅੰਨ੍ਹਾ ਬੋਲਾ। ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਪੌਃ ੨੪ ॥

ਤਥਾ–ਸਾਰੰਗ ਦੀ ਵਾਰ ਵਿਚੋਂ। ਮਃ ੩ ॥

ਅੰਦਰਿ ਕਪਟੁ ਉਦਰੁ ਭਰਣ ਕੈ ਤਾਈ ਪਾਠ ਪੜਹਿ ਗਾਵਾਰੀ ॥ ਪੌਃ ੨੪ ॥

ਇਤਯਾਦਕ ਵਚਨੋ ਦੁਆਰਾ ਜੋ ਸ੍ਵਾਰਥਾਂਧ ਹੈਂ। ਤਿਨ ਕੀ ਸੁਨਨੀ ਮੰਨਣੀ ਨਹੀ। ਔਰ ਜੋ ਗੁਰ ਬਾਣੀ ਤਥਾ–ਵੇਦ ਬਾਣੀ ਕੇ ਅਨੁਸਾਰੀ ਹੈ। ਤਿਨ ਕੇ ਸਾਥ ਰਾਮ ਚਰਚਾ ਕਰਨੀ।

---

## (ਪ੍ਰਸ਼ਾਦ)

**ਸ਼ੰਕਾ**–ਪ੍ਰਸ਼ਾਦ ਕੀ ਬਿਧਿ ਕੈਸੇ ਹੈ ?

**ਉਤਰ**–ਸੰਛੇਪ ਤੇ ਸੋ ਸਾਖੀ ੧੭ਕਤ ॥

ਗੁਰੂ ਜੀ ਕੈ ਹਜੂਰ ਪਰਮਾਨੰਦ ਵਜੀਰ ਮਿਲਾ ਸੀ ਤਾਂ ਪਰਮ ਸਨੇਹ ਕਰ ਗੁਰੂ ਜੀ ਕੇ ਹਜੂਰ ਦਿਵਾਨ ਵਿਚ ਸਭ ਦਿਵਾਨ ਪੂਰਨ ਥਾ ਤਾਂ ਅਪਨੇ ਅਪਨੇ ਪੰਥ ਕੀ ਕਥਾ ਚਲੀ। ਮਦਨ ਦਾਸ ਵੈਰਾਗੀ ਬੇਨਤੀ ਕਰੀ ਜੀ ਪਾਤਸ਼ਾਹ ਕੜਾਹੇ ਕਾ ਕੜਾਹ ਪ੍ਰਸਾਦ ਮੋਹਨ ਭੋਗ ਹਨੂਮਾਨ ਦੇਵੀ ਕਾ ਪ੍ਰਸਾਦ ਨਾਨਕ ਬਾਬੇ ਕਿਉਂ ਲੀਤਾ। ਵੁਢੇ ਆਹਿ ਤਾ ਪਿਆਰਾ ਲਗਾ ਆਹਾ। ਵਚਨ ਹੂਆ ਏਕ ਵਾਰ ਸਾਂਈ ਦਾਸ ਵੈਰਾਗੀ ਭੀ ਪੁਛਿਆ ਸੀ ਤਾ ਗੁਰੂ ਬਾਬੇ ਸਾਹਿਬ ਜੀ ਕਹਿਆ ਏਕ ਵਾਰ ਹਮ ਉਤਰ ਖੰਡ ਗਏ ਆਹੇ ।ਪਹਲੀ ਉਦਾਸੀ ਥੀ। ਤਾਂ ਜਾਂਦੇ ਜਾਂਦੇ ਹਿਮਨੂਰ ਪ੍ਰਬਤ ਪਰ ਗਏ । ਤਹਾਂ ਸਿਧ ਨਾਥ ਆਇ ਬੈਠੇ। ਆਦੇਸ ਸਾਧੋ ਆਦੇਸ ਤਾਂ ਗੁਰੂ ਜੀ ਬੋਲੇ ਕਰਤਾਰ ਸਤ ਸਤ ਕਰਤਾਰ ਸਿਧੋ ਤਾਂ ਸਭ ਪੁਕਾਰੇ। ਨਾਨਕ ਤਪਾ ਭੰਡਾਰਾ ਦੇਵੇ ਸਿਧਾਂ ਕੋ ਭੰਡਾਰੇ ਕਾ ਪ੍ਰਸਾਦ ਖਵਾਵੇ ਤਾਂ ਗੁਰੂ ਮਰਦਾਨੇ ਨੂੰ ਭਾਈ ਬਾਲੇ ਨੂੰ ਵੈਠਾਇਕੇ ਚਲੇ ਬਣਕੋ ਸਿਧਾਂ ਨੂੰ ਨਿਵਤਾ ਭੰਡਾਰੇ ਕਾ ਕਹ ਕਰ ਵੈਠੇ ਕਰਤਾਰ ਦੇਵੇਗਾ। ਦੂਰ ਨਦੀ ਗੰਗਾ ਕੇ ਤਟ ਚਲੇ ਜਾਤੇ ਥੇ ਅਗੇ ਇਕ ਸਿਧ ਆਇਆ ਰੇਤਾ ਦੇ ਗਿਆ ਏਕ ਸਿਧ ਕਾ ਰੂਪ ਦ੍ਰੋਹਣ ਜਲ ਦੇ ਗਿਆ ਇਕ ਮਹਾਂ ਦੇਵ ਸਿਧ ਭਭੂਤ

ਦੇ ਗਿਆ ਬਹੁਤੇ ਫਲ ਦਾਖ ਮਿਰਚਾ ਚੋਰੰਜੀ ਲੇ ਮਿਲੇ। ਫੇਰ ਅੰਤਰ ਧਿਆਨ ਹੋ ਗਏ ਆਹੇ । ਤਾ ਬਾਬਾ ਮੁੜ ਕਰ ਆਏ। ਬਾਲੇ ਨੂੰ ਕਰਕੇ ਪੜਦਾ ਸਿਲਕਾ ਵੈਠਾ ਦਿਤਾ ਜਾਂ ਬਾਬਾ ਜੀ ਗਏ ਤਾ ਸਿਧਾਂ ਵਿਚਾਰਿਆ ਸੀ ਕੰਦ ਮੂਲ ਲੈਣੇ ਤਪਾ ਗਿਆ ਹੈਗਾ ਅਸੀ ਭੀ ਵਿਰਪ ਹੋ ਵੈਠੀਏ ਸਭ ਸਿਧ ਬ੍ਰਿਧ ਵਡੇ ਜਿਨ੍ਹਾਂ ਦੇ ਦਾਂਤ ਭੀ ਨਹੀ ਐਸੇ ਹੋਇ ਬੈਠੇ। ਤਾਂ ਬੋਲੇ ਗੁਰੂ ਜੀ ਸਿਧੋ ਲੇਵੋ ਲਗੇ ਦੇਵਣ ਤਾਂ ਸਿਧ ਸਮੂਹ ਹੋਇ ਵੈਠੇ ਤਾਂ ਗੁਰੂ ਜੀ ਰਿਧ ਵਧਾਈ । ਸਭ ਨੂ ਪੁਕਾਰ ਕਰ ਦਿਤਾ। ਤਾਂ ਪਿਛੋਂ ਸਿਧ ਬੋਲੇ ਤਪਾ ਜੀ ਧੰਨ ਧੰਨ ਇਹ ਪ੍ਰਸਾਦ ਤੁਮ ਭੀ ਅਚਵੋ ਤੁਹਾਨੂ ਭੀ ਖਾਇਆ ਚਾਹੀਏ ਤਾਂ ਗੁਰੂ ਜੀ ਖਾਇਕੇ ਬੋਲੇ ਇਹ ਹਮਾਰਾ ਸਿਧ ਜੀ ਪਾਵਨ ਕਰਣਾ ਪਰਸਾਦ। ਤਪ ਜਪ ਬਰਤ ਸਭ ਬ੍ਰਿਧ ਹੋਇ ਹੋਵੈ ਮਨ ਅਹਲਾਦ। ਤਬੈ ਸਿਧ ਬੋਲੇ ਵਾਹ ਵਾਹ ਤਪਾ ਜੀ। ਖੰਡ ਦਈ ਥੀ ਵਿਸ਼ਨ ਜੀ ਮੈਦਾ ਦੀਆ ਮਹਾਂਦੇਵ। ਜਲ ਘੀ ਬ੍ਰਹਮਾ ਦੀਆ ਫਲ ਦੀਨੋ ਰਿਖ ਦੇਵ। ਕਪੜਾ ਪੜਦਾ ਪਤਰਕਾ ਦੀਆ ਭਵਾਨੀ ਹਾਥ। ਜਿਨ ਕੇ ਰਖਕ ਆਪ ਈਸ਼ ਹਮਰੀ ਝੂਠੀ ਰਾਰ। ਕਰੋ ਖਿਮਾ ਸਭ ਦੇਵ ਭੋਗ ਮਹਾ ਪਰਸਾਦ। ਕਲ ਮੈ ਦੇਵੈ ਪਰੋਤ ਖਾਇ ਪੁੰਨ ਪਾਪ

Sri Satguru Jagjit Singh Ji Elibrary NamdhariElibrary@gmail.com

ਨਹ ਖਾਂਦ। ਪੀਛੇ ਵਚਨ ਕੀਤਾ ਸਿਧੋ ਸੌਂਫ ਵਾਲਾ ਕੜ੍ਹਾ ਹਨੂਮਾਨ ਨੂੰ ਖੋਪੇ ਵਾਲਾ ਦੇਵੀ ਦਾ। ਮਿਰਚਾਂ ਮੇਵਾ ਚੁਰੰਜੀ ਵਾਲਾ ਗੁਰੂ ਜੀ ਨੂ ਭੋਗ ਲਗੇਗਾ ਤ੍ਰਿਭ੍ਰਾ ਵਲੀ ਤੇ ਘਟ ਗੁਰੂ ਜੀ ਨੂ ਨਾ ਪਹੁਚੇਗਾ। ਤਾਂ ਸਿਧ ਅੰਤਰ ਧਿਆਨ ਹੋ ਗਏ ॥ ਸਾਖੀ ੨ ॥

ਤਥਾ—ਇਹੁ ਦੁਤੀਜ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੩ ਅਸੂ ੪੫ ॥ ਮੇਂ ਭੀ ਸਪਸ਼ਟ ਹੈ।

ਤਥਾ—ਰਾਮਕਲੀ ਕੀ ਵਾਰ ਸਤੈ ਡੂਮਿ ਆਖੀ ਵਿਚੋਂ—ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ। ਪੌ: ੬।

ਸ੍ਰੀ ਦੇਵੀ ਮਾਤਾ ਪੜਦਾਦਿਕ ਦੇਨੇ ਮੇਂ ਈਹਾਂ ਭੀ ਪੂਰਨ ਹੈਂ।

---

## (ਇਸ਼ਨਾਨ ਕਰੋ)

ਸੰਕਾ—ਅਸਨਾਨ ਕਰੇ ਗੁਰਵਾਕ, ਸੋ ਕੌਨ ਵਾਕ ਹੈ!

ਉਤਰ—ਗਉੜੀ ਦੀ ਪਹਲੀ ਵਾਰ ਵਿਚੋਂ ਮਃ ੪। ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ। ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ। ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲ ਵਿਖ ਪਾਪ ਦੋਖ

Sri Satguru Jagjit Singh Ji Elibrary NamdhariElibrary@gmail.com

ਲਹਿ ਜਾਵੈ। ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ। ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰ ਸਿਖੁ ਗੁਰੂ ਮਨਿ ਭਾਵੈ। ਜਿਸਨੋ ਦਿਆਲ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ। ਜਨ ਨਾਨਕੁ ਧੂੜਿ ਮੰਗੈ ਤਿਸ ਗੁਰ ਸਿਖ ਕੀ ਜੋ ਆਪਿ ਜਪੈ ਅਵ-ਰਹ ਨਾਮੁ ਜਪਾਵੈ ॥ ਪੌਃ ੧੧ ॥

ਤਥਾ ਗੁਰਦਾਸ ਜੀ ਕਾ ਵਚਨ--ਜਾਇ ਅੰਦਰ ਦਰਯਾ ਨਵੰਦੇ, ਪੂਰਬ ਕਹ ਆਏ ਹਾਂ।

ਤਥਾ—ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥ ਸਲੋਕ ੧੦੭ ॥

ਯਾਂਤੇ ਭਾਈ ਗੁਰਦਾਸ ਜੀ—ਪਿੱਛਲ ਰਾਤੀ ਜਾਗਣਾ ਨਾਮ ਦਾਨ ਇਸਨਾਨ ਦ੍ਰਿੜਾਏ ॥ ਵਾਰ ॥ ੨੮ ॥ ਪੌ: ੧੫ ॥

ਤਥਾ ਜਨਮ ਸਾਖੀ ਉਕਤ—ਵੇਦ ਦੀ ਆਗਿਆ ਹੈ ਜੋ ਪਹਰ ਰਾਤ ਨਾਲ ਨ੍ਹਾਵੇ ਤਾਂ ਸਵਾ ਮਣ ਸੁਇਨੇ ਕਾ ਪੁੰਨ ਹੋਤਾ ਹੈ। ਅਤੇ ਜੋ ਪੰਜ ਘੜੀਆਂ ਰਾਤ ਨਾਲ ਨਾਵੈ ਉਸ ਨੂ ਸਵਾ ਮਣ ਰੁੱਪੇ ਦਾ ਪੁੰਨ ਹੁੰਦਾ ਹੈ। ਦੁਇ ਘੜੀ ਰਾਤ ਰਹਦੀ ਨਾਵੈ ਉਸ ਨੂ ਸਵਾ ਮਣ ਦੂਧ ਕਾ ਪੁੰਨ ਹੋਤਾ ਹੈ। ਅਤੇ ਜੋ ਪ੍ਰਾਤਾਕਾਲ ਨਾਵੈ

Sri Satguru Jagjit Singh Ji Elibrary NamdhariElibrary@gmail.com

ਉਸ ਨੂ ਸਵਾ ਮਣ ਪਾਣੀ ਦਾ ਪੁੰਨ ਹੁੰਦਾ ਹੈ। ਅਤੇ ਜੋ ਦਿਨ ਚੜ੍ਹੇ ਨਾਵੈ ਨਾ ਉਸ ਨੂ ਪੁੰਨ ਨਾ ਉਸ ਨੂੰ ਪਾਪ ਹੁੰਦਾ ਹੈ। ਸਾਖੀ ਸ਼ਿਵਨਾਭ ਤਥਾ ਏਕ ਘਾਣੀਏ ਨਾਲ॥ ਪੰਨੇ ੪੦੩॥

ਤਥਾ—ਸੌ ਸਾਖੀ ਉਕਤ ਸ੍ਰੀ ਦਸਮੇਸ ਜੀ ਕਹਤੇ ਹੈਂ- ਪਹਰ ਰਾਤ ਇਸਨਾਨ ਸਦਾ ਕੀ ਥਾਂਵਦੀ। ਅਸ਼ਮੇਧ ਗੋ ਮੇਧ ਘਟੀ ਘਟ ਜਾਮਦੀ। ਤੀਜੇ ਹੈ ਅਗਨ ਹੋਤਰ ਸ਼ਟੋਮ ਜੋਤ ਮਾਮਦੀ। ਸ੍ਵਰਨ ਚਾਂਦੀ ਅਰ ਦੂਧ ਤਾਂਬਾ ਦੇਸਾਂਵਦੀ। ਰਸਮ ਦੇਖ ਜਲ ਦਾਨ ਪਾਪ ਹਨ ਜਾਮਦੀ। ਹੋ ਅਪਵਿਤਰ ਕਾਇ ਨਾਇ ਦੁਪਹਰ ਜੋ। ਤੀਜੈ ਮਲੇਛ ਇਸਨਾਨ ਚਤੁਰਥੇ ਕਹਰ ਜੋ। ਰਾਤ ਰਾਖਸੀ ਨਾਇ ਅਰਧ ਹੋਇ ਪਾਤ ਕੀ। ਹਿੰਸਾ ਸਭ ਕੀ ਪਾਪ ਜਲ ਕਾਲ ਨਾ ਜਾਤ ਕੀ। ਏਹੀ ਨੇਮ ਕੀ ਰੀਤ ਨਾਇ ਭਜ ਨਾਮ ਕੋ। ਹੂਆ ਜਗਤ ਤੇ ਪਾਰ ਸਚ ਬਰਤ ਅਰਾਮ ਕੋ॥ ਸਾਖੀ॥ ੮੧॥

ਤਥਾ—ਯਹ ਇਕਾਸੀਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ॥ ੫॥ ਅੰਸੂ॥ ੧੬॥ ਮੇਂ ਭੀ ਦੇਖੋ !

ਤਥਾ—ਸਰਬ ਲੋਹ ਵਿਚੋਂ ਸ੍ਰੀ ਮੁਖਵਾਕ ਪਾਤਸ਼ਾਹੀ ੧੦॥ ਕਲਿਯਾਨ॥ ਉਠ ਪ੍ਰਭਾਤ ਕਰੋ ਇਸਨਾਨਾ ਪਦ ਪੰਕਜ ਮਹਿ ਲੀਨਾ। ਜਥਾ ਸਕਤਿ ਦਾਨ ਭੂਖੇ

Sri Satguru Jagjit Singh Ji Elibrary NamdhariElibrary@gmail.com

ਕਉ ਨਿਮਖ ਨਿਮਖ ਰੰਗ ਭੀਨਾ । ਕ੍ਰੋਧ ਨਿਵਾਰ ਦਇਆ ਮਨ ਲਾਵੇ ਹਿੰਸਾ ਦੁਰਮਤਿ ਤਿਆਗੋ। ਇਕ ਮਨ ਹੋਇ ਭਜਹੁ ਨਾਰਾਇਨ ਖਿਮਾ ਧਰਮ ਅਨੁ-ਰਾਗੋ ॥ ਧਿਃ ੧। ਛੰਦ। ੩੨੭ ॥ ਇਤਿ ॥

***

## (ਪੁਰਸ਼ ਸਿਖਯਾ)

ਯਥਾ ਗਉੜੀ ਸੁਖਮਨੀ—ਪਰਤ੍ਰਿਆ ਰੂਪੁ ਨ ਪੇਖੈ ਨੇਤ੍ਰ। ਸਾਧ ਕੀ ਟਹਲ ਸੰਤ ਸੰਗ ਹੇਤ ॥ ਅਸਟ-ਪਦੀ ॥ ੯ ॥

ਤਥਾ ਭਾਈ ਗੁਰਦਾਸ ਜੀ—ਏਕਾ ਨਾਰੀ ਜਤੀ ਹੋਇ ਪਰਨਾਰੀ ਧੀ ਭੈਣ ਵਖਾਣੈ। ਪਰਧਨ ਸੂਅਰ ਗਾਇ ਜਿਉਂ ਮਕਰੂਹ ਹਿੰਦੂ ਮੁਸਲਮਾਣੈ ॥ ਵਾਰ। ੬। ਪੌਃ। ੮ ॥ ਤਥਾ—ਸ੍ਰੀ ਦਸਮ ਦਰਵਾਰ ਵਿਚੋਂ ॥ ਛਪੈ ਛੰਦ ॥ ਲੋਕ ਲਾਜਕੋ ਛਾਡ ਕਛੂ ਕਾਰਜ ਨਹ ਕਰੀਯਹੁ। ਪਰ ਨਾਰੀ ਕੀ ਸੇਜ ਪਾਵ ਸੁਪਨੇ ਹੂੰ ਨ ਧਰਯਹੁ। ਗੁਰ ਜਬਤੇ ਮੁਹਿ ਕਹਿਯੋ ਇਹੈ ਪ੍ਰਣ ਲਹਯੋ ਸੁ ਧਾਰੈ। ਹੇ ਪਰਧਨ ਪਾਹਨ ਤੁਲ ਤਿਰੀਯਾ ਪਰ ਮਾਤ ਹਮਾਰੈ ॥ ਚਰਿਤ੍ਰ ॥ ੨੧। ਛੰਦ। ੫੮ ॥

ਤਥਾ ਦੋਃ—ਤ੍ਰਿਯਹਿ ਨ ਅੰਤਰ ਦੀਜੀਐ ਤਾਕੋ

ਹੀਜੈ ਭੇਦ। ਬਹੁ ਪੁਰਖਨ ਕੇ ਕਰਤ ਹੈ ਹਿਰਦੇ ਚੰਚਲਾ ਖੇਦ ॥ ਚਰਿਤ੍ਰ ॥ ੧੦ ॥

ਤਬਾ—ਅੜਿਲ ॥ ਨਿਜ ਮਨ ਕੀ ਕਛੂ ਬਾਤ ਨ ਤ੍ਰਿਯਾ ਕੋ ਦੀਜੀਐ। ਤਾਂਕੋ ਚਿਤ ਚੁਰਾਇ ਸਦਾ ਹੀ ਲੀਜੀਐ। ਨਿਜ ਮਨ ਕੀ ਤਾਸੋ ਜੋ ਬਾਤ ਸੁਨਾਈਯੈ। ਹੋ ਬਾਹਰ ਪ੍ਰਗਟਤ ਹੈ ਜਾਇ ਆਪ ਪਛੁਤਾਈਐ। ਚਰਿਤ੍ਰ ॥ ੧੧। ਛੰਦ। ੨੦ ॥

ਤਬਾ ਦੋਃ—ਸਕਲ ਜਗਤ ਮੈ ਜੋ ਪੁਰਖ ਤ੍ਰਿਯਾ ਕੋ ਕਰਤ ਵਿਸ੍ਵਾਸ। ਸਾਤ ਦਿਵਸ ਭੀਤਰ ਤੁਰਤ ਹੋਤ ਤਵਨ ਕੋ ਨਾਸ ॥ ੧੧ ॥ ਜੋ ਨਰ ਕਾਹੂੰ ਤ੍ਰਿਯਾ ਕੋ ਦੇਤ ਆਪਨੋ ਚਿਤ। ਤਾਂ ਨਰ ਕੋ ਇਹ ਜਗਤ ਮੈ ਹੋਤ ਖੁਆਰੀ ਨਿਤ ॥ ਚਰਿਤ੍ਰ ॥ ੧੫। ਛੰਦ। ੧੨ ॥

ਤਬਾ ਦੋਃ—ਰੀਤ ਨ ਜਾਨਤ ਪਰੀਤ ਕੀ ਪੈਸਨ ਕੀ ਪਰਤੀਤ। ਬਿਛੂ ਵਿਸੀਅਰ ਬੇਸ਼ਜਾ ਕਹੋ ਕਵਨ ਕੇ ਮੀਤ ॥ ਚਰਿਤ੍ਰ ॥ ੧੬। ਛੰਦ। ੪੩ ॥

ਤਬਾ ਦੋਃ—ਕੋਟ ਕਸ਼ਟ ਸਿਯਾਨੇ ਸਹਹਿ ਕੈਸੋ ਦਹੈ ਅਨੰਗ। ਨੈਕ ਨੇਹ ਨਹ ਕੀਜੀਯੋ ਤਉ ਤਰਨ ਕੇ ਸੰਗ ॥ ਚਰਿਤ੍ਰ ॥ ੧੭। ਛੰਃ। ੨੭ ॥

ਤਬਾ—ਪ੍ਰੀਤ ਕੈਸਿਯੈ ਤਨ ਬਢੈ ਕਸਟ ਕੈਸ ਹੂੰ ਹੋਇ। ਤਊ ਤਰਨਿ ਸੋ ਦੋਸਤੀ ਭੂਲਿ ਨ ਕਰੀਯਹੂ

ਕੋਇ ॥ ਚਰਿਤ੍ਰ ॥ ੧੯ । ਛੰਃ । ੧੦ ॥

ਤਥਾ—ਜੋ ਸਿਯਾਨੇ ਹੈ ਜਗਤ ਮੈ ਤ੍ਰਿਯਾ ਸੋ ਕਰਤ ਪਿਆਰ । ਤਾਹਿ ਮਹਾ ਜੜ੍ਹ ਸਮਝੀਯੈ ਚਿਤ ਭੀਤਰ ਨਿਰਧਾਰ ॥ ਚਰਿਤ੍ਰ ॥ ੨੦ । ਛੰਦ । ੧੪ ॥

ਤਥਾ ਦੋਃ—ਸਭ ਕੁਛ ਟੂਟੇ ਜੁਰਤ ਹੈ ਜਾਨ ਲੇਹੁ ਮਨ ਮਿਤ । ਇਹ ਦ੍ਵੈ ਟੂਟੇ ਨਾ ਜੁਰਹਿ ਏਕ ਸੀਸ ਅਰ ਚਿਤ ॥ ਛੰਃ । ੪੧ ॥ ਚਾਕਰ ਕੀ ਅਰ ਨਾਰਿ ਕੀ ਏਕੈ ਬਡੀ ਸਜਾਇ । ਜੀਯਤੇ ਕਵਹੂੰ ਨ ਮਾਰੀਯਹਿ ਮਨਤੇ ਮਿਲੈ ਭੁਲਾਇ ॥ ਚਰਿਤ੍ਰ ॥ ੩੩ । ਛੰਃ । ੪੨ ॥

ਤਥਾ—ਜਨਨਿ ਜਠਰ ਮਹਿ ਆਇ ਪੁਰਖ ਬਹੁਤੋ ਦੁਖ ਪਾਵਹਿ । ਮੂਤਰ ਧਾਮ ਕੋ ਪਾਇ ਕਹਤ ਹਮ ਭੋਗ ਕਮਾਵਹਿ । ਥੂਕ ਤ੍ਰਿਯਾ ਕੋ ਚਾਟਿ ਕਹਤ ਅਧਰਾਂਮ੍ਰਿਤ ਪਾਯੋ । ਬਿਰਥਾ ਜਗਤ ਮੈ ਜਨਮ ਬਿਨਾ ਜਗਦੀਸ ਗਵਾਯੋ ॥ ਚਰਿਤ੍ਰ ॥ ੮੧ ॥ ਛੰਃ ॥੪੯ ॥

ਇਸ ਰੀਤ ਸੈਂ ਨੈਤਕ ਵਚਨ ਗੁਰੂ ਦਸਮੇਸ ਜੀ ਨੇ ਚਰਿਤ੍ਰਾਂ ਮੇ ਬਹੁਤ ਕਹੇ ਹਨ । ਤਥਾ—ਤਿਆਗ ਵੈਰਾਗਾਦਕੋਂ ਕੇ ਸਾਧਿਕ, ਪ੍ਰੰਤੂ ਬੇ ਸਮਝ ਲੋਕ ਜੋ ਹੈਂ ਸੋ ਕਹਤੇ ਹੈਂ । ਚਰਿਤ੍ਰ ਗੁਰੂ ਜੀ ਕੀ ਬਾਣੀ ਨਹੀ । ਸੋ ਤਿਨ ਕੀ ਅਤੀ ਦੁਰਗਤੀ ਹੋਵੈਗੀ ॥

ਤਥਾ—ਔਰ ਕਹਤੇ ਹੈਂ ॥

ਦੋਃ—ਵਿਰਧ ਤਾਤ ਅਰ ਮਾਤ ਕੀ ਸੇਵਾ ਕਰੀਯੇ

ਨਿਤ । ਤਿਆਗ ਨ ਬਨ ਕੋ ਜਾਈਐ ਯਹੈ ਧਰਮ ਸੁਨ ਮਿਤ॥ ਚਰਿਤ੍ਰ ੮੧॥ ਛੰਃ॥ ੯੨॥

ਤਥਾ ਬ੍ਰਹਮਾ ਵਿਸਨ ਸੁਰ ਅਸੁਰ ਸਭ ਰੈਨਾ-ਧਿਪ ਦਿਨਰਾਇ। ਵੇਦ ਬਿਆਸ ਅਰ ਵੇਦ ਤ੍ਰਿਯਾ ਭੇਦ ਸਕੈ ਨਹ ਪਾਇ॥ ਚਰਿਤ੍ਰ॥ ੧੨੪॥ ਛੰਃ।੧੫॥

ਤਥਾ—ਜੋ ਕੁਛ ਛਿਦ੍ਰ ਇਨ ਕੇ ਛਲ ਕੌ ਲਖ ਪਾਈਐ। ਹੋ ਸਮਝ ਚਿਤ ਚੁਪ ਰਹੋ ਨ ਕਿਸੂ ਬਤਾਈਐ ॥ ਚਰਿਤ੍ਰ॥ ੧੪੪॥ ਛੰਃ॥ ੧੭॥

ਤਥਾ—ਅੜਿਲ ॥ ਇਸ਼ਕ ਮੁਸ਼ਕ ਖਾਂਸੀ ਅਰ ਖੁਰਕ ਵਖਾਨੀਐ। ਖੂਨ ਖੈਰ ਮਦ ਮਾਨ ਸੁ ਬਹੁਰ ਪ੍ਰਮਾਨੀਐ। ਕਸ ਕੋਊ ਕਹੀ ਸਾਤ ਛਪਾਇ ਛਪਤ ਨਹ। ਹੋ ਹੋਵਤ ਪ੍ਰਗਟ ਨਿਦਾਨ ਸੁ ਸਾਰੀ ਸ੍ਰਿਸ਼ਟ ਮਹ॥ ਚਰਿਤ੍ਰ॥ ੧੫੪। ਛੰਦ ੬॥

ਤਥਾ—ਜੇ ਕੋਊ ਪਰ ਨਾਰੀ ਸੋ ਪਾਗੈ । ਪਨਹੀ ਇਹਾਂ ਨਰਕ ਤਿਹ ਆਗੈ॥ ਵਿਸਤਾਰ ਦੇਖੋ। ਚਰਿਤ੍ਰ। ੧੮੫। ਛੰਃ। ੧੧॥

ਤਥਾ—ਭਾਈ ਗੁਰਦਾਸ ਜੀ ॥ ਧਿਰਗ ਲੋਇਣ ਗੁਰ ਦਰਸ ਬਿਨ ਵੇਖੇ ਪਰ ਤਰਨੀ॥ ਵਾਰ। ੨੭॥ ਪੌਃ। ੧੦॥

ਤਥਾ—ਦਸਮ ਗੁਰੂ ਜੀ ॥ ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ। ਪਰ ਨਾਰੀ ਕੇ ਭਜੇ ਚੰਦਰ ਕਾਲੰਕ ਲਗਾਏ। ਪਰ ਨਾਰੀ ਕੇ ਹੇਤ ਸੀਸ ਦਸ ਸੀਸ ਗਵਾਯੋ। ਹੋ ਪਰ ਨਾਰੀ ਕੇ ਹੇਤ ਕਟਕ ਕਵ-ਰਨ ਕੋ ਘਾਯੋ। ਪਰ ਨਾਰੀ ਸੋ ਨੇਹੁ ਛੁਰੀ ਪੈਨੀ ਕਰ ਜਾਨੋ। ਪਰ ਨਾਰੀ ਕੇ ਭਜੇ ਕਾਲ ਬਿਆਪਿਯੋ ਤਨ ਮਾਨੋ। ਅਧਕ ਹਰੀਫੀ ਜਾਨਿ ਭੋਗ ਪਰ ਤ੍ਰਿਯਾ ਜੋ ਕਰਹੀ। ਹੋ ਅੰਤ ਸੁਆਨ ਕੀ ਮਿਰਤ ਹਾਥ ਲੇਡੀਕੇ ਮਰਹੀ ॥ ਚਰਿਤ੍ਰ ॥ ੨੧। ਛੰਃ। ੫੩ ॥

ਤਥਾ—ਪ੍ਰਭਾਤੀ ਮਃ ੧ ॥ ਦਖਣੀ ॥ ਗੋਤਮੁ ਤਪਾ-ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੋਭਾਇਆ। ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾ-ਇਆ ॥ ਅਸਟਪਦੀ ॥ ੪ ॥

ਤਥਾ—ਦਸਮ ਗੁਰੂ ਜੀ ॥ ਜੋ ਦਾਸੀ ਸੋ ਪ੍ਰੇਮ ਪੁਰਖ ਉਪਜਾਵਈ। ਅੰਤ ਸੁਆਨ ਕੀ ਮਿਰਤੁ ਮਰੈ ਪਛਤਾਵਈ ॥ ਚਰਿਤ੍ਰ ॥ ੧੯੨। ਛੰਃ। ੬ ॥

ਚੰਚਲਾ ਕੇ ਚਰਿਤ ਕੋ ਸਕਤ ਨਾ ਕੋਊ ਪਾਇ। ਵਹ ਚਰਿਤਰ ਤਾਕੋ ਲਖੈ ਜਾਕੇ ਸ਼ਿਯਾਮ ਸਹਾਇ ॥ ਚਰਿਤ੍ਰ ॥ ੧੯੩। ਛੰਦ। ੭ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਜੋ ਪਰ ਤ੍ਰਿਯ ਪਰਸੇਜ ਭਜਤ ਹੈ ਜਾਇ ਕਰ। ਹੇ ਪਾਪ ਕੁੰਡ ਕੇ ਮਾਹਿ ਪਰਤ ਸੋ ਧਾਇ ਕਰ॥ ਚਰਿਤ੍ਰ ॥੨੪੪॥ ਛੰਃ॥੨੦॥

ਤਥਾ ਦੋਃ—ਇਹ ਛਲ ਮਾਰਾ ਤਾਹਿ ਸੋ ਜੋ ਨ ਰਮਾ ਤਿਹ ਸੰਗ। ਸੁਕਬ ਸਿਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ॥ ਚਰਿਤ੍ਰ ॥੨੯੬॥ ਛੰਃ॥੧੧॥

ਈਹਾ ਭੀ ਕਬਿਸਿਯਾਮ ਗੁਰੂ ਜੀ ਕਾ ਹੀ ਨਾਮ ਹੈ।

ਤਥਾ—ਜੇ ਨਰ ਤੁਰਕਹ ਦੇਤ ਦੁਲਾਰੀ। ਧ੍ਰਿਗ ਧ੍ਰਿਗ ਜਗ ਤਿਹ ਕਰਤ ਉਚਾਰੀ। ਜੋ ਛਤ੍ਰੀ ਅਸ ਕਰਮ ਕਮਾਵੈ। ਕੁੰਭੀ ਨਰਕ ਦੇਹ ਜੁਤ ਪਾਵੈ॥ ਛੰਃ॥੨੫॥

ਲੋਕ ਪ੍ਰਲੋਕ ਤਾਹਿ ਕੋ ਜੈਹੈ। ਛਤਰੀ ਸੁਤਾ ਤੁਰਕ ਕੋ ਦੈਹੈ॥ ਛੰਃ॥੨੬॥

ਦੁਹਿਤਾ ਇਹੈ ਪਿਤਹ ਸਮਝਾਵੈ। ਛਤਰੀ ਜਨਮ ਫੇਰ ਨਹੀ ਆਵੈ॥ ਚਰਿਤ੍ਰ ॥੨੯੭॥ ਛੰਃ॥੩੬॥

ਤਥਾ—ਕਿਨਹੂ ਨਾ ਤਾਕੇ ਭੇਦ ਵਿਚਾਰਾ। ਕਸ ਚਰਿਤਰ ਏਹ ਨਾਰਿ ਦਿਖਾਰਾ। ਔਰਨ ਕੀ ਕੋਊ ਕਹਾਂ ਵਖਾਨੈ। ਆਪ ਆਪ ਮੇ ਤੇਊ ਨ ਜਾਨੈ॥ ਚਰਿਃ ॥੩੩੪॥ ਛੰਃ॥੧੧॥

ਤਥਾ॥ ਦੋਃ—ਮੁਖ ਮਾਗੀ ਜੋ ਪੁਰਖ ਕੋ ਭਲੋ ਬੁਰੋ ਕਛੂ ਹੋਇ। ਤੌ ਦੁਖੀਆ ਇਹੁ ਜਗਤ ਮੇ ਜੀਯਤ ਨ

ਉਬਰੈ ਕੋਇ ॥ ਚਰਿਤਰ ॥ ੩੬੪ ॥ ਛੰਃ ॥ ੧੫ ॥

ਤਥਾ—ਭਗਤ ਮਾਲੋਕਤ ॥ ਕਬਿਤ ॥

ਜੋ ਹੈ ਨਰ ਨਾਰੀ ਬਸ ਨਰਹੂੰ ਨ ਜਾਨੋ ਤਾਕੋ ਪੰਡਿਤ ਪਰਬੀਨ ਤਾਂਕੋ ਨਾਰੀ ਹੂੰ ਕਹਤ ਹੈਂ। ਸਾਖੀ ਧ੍ਰੂ ਜੀ ਦੀ ॥ ਛੰਃ ॥ ੫ ॥

,ਕੀਰਤ ਸਿੰਘ ਵਾਲੀ ਟੀਕਾ'

ਤਥਾ—ਪ੍ਰਬੋਧ ਚੰਦ੍ਰ ਨਾਟਕੋਕਤ ॥ ਸਵੈਯਾ ॥ ਵਸਤੁ ਵਿਚਾਰ ਕਰੇ ਨਰੁ ਜੋ ਤਿਹ ਕੋ ਯੁਵਤੀ ਇਮ ਦੇਤ ਦਿਖਾਈ। ਮਲ ਮਾਸਕਿ ਕੀਚੜ ਸੰਗ ਬਰੰਚਿ ਸੁ ਹਾਡਨ ਕੀ ਪੁਤਲੀ ਸੁ ਬਨਾਈ। ਮੁਖ ਬੂਕ ਸੁ ਨਾਕ ਮੈ ਸੀਂਢ ਭਰੀ ਨਿਸ ਬਾਸਰ ਨੈਨਨ ਗੀਡ ਬਹਾਈ। ਦੁਰਗੰਧ ਮਲੀਨ ਸੁ ਨਾਰਿ ਮਨੋ ਖਿਰਕੀ ਯਮਧਾਮ ਬਿਰੰਚਿ ਲਗਾਈ ॥ ਧਿਃ ॥ ੪ ॥ ਛੰਃ ॥ ੬੧ ॥

ਤਥਾ—ਯਾ ਬ੍ਰਿਧ ਨਾਰਿਨ ਕੋ ਸੁਖ ਜੋ ਖਿਣ ਏਕ ਭਜੇ ਦੁਖ ਦੇਵਤ ਭਾਰੀ। ਨਾਰਿਨ ਸੰਗਮ ਤੇ ਜਨ ਮੂਰਖ ਘੋਰ ਸੰਸਾਰ ਬਹੇ ਬਹੁ ਬਾਰੀ। ਧ੍ਰਿਗ ਹੈ ਤਿਨ ਕੇ ਕਛੁ ਪਾਇ ਬਿਬੇਕ ਜੋ ਪ੍ਰੀਤ ਕਰੇ ਪੁਨ ਨਾਰਿ ਮਝਾਰੀ। ਕਵਿ ਸਿੰਘ ਗੁਲਾਬ ਨਹੀਂ ਨਰ ਤੇ ਜਗ ਸਾਚ ਕਹੋ ਵਹਿ ਨਾਰਿ ਬਿਗਾਰੀ ॥ ਧਿਃ। ੪। ਛੰਃ। ੭੯।

ਤਥਾ—ਹੈ ਮਲ ਮੂਤ ਕਸੂਤ ਸਭੋ ਪੁਨ ਔਰ ਸਭੋ-

Sri Satguru Jagjit Singh Ji Elibrary NamdhariElibrary@gmail.com

ਖਮ ਭਾਂਜਨ ਭਾਰੀ। ਨਾਕ ਕੀ ਮੈਲ ਜਬੈ ਨਿਕਸੈ ਅਰ ਨਾਂਹਿ ਸੰਭਾਰ ਸੁ ਪੋਢ ਉਤਾਰੀ। ਤੌ ਮੁਖ ਚੰਦ ਕਹੇ ਜਿਹ ਕੋ ਵਹਿ ਨਾਂਹਿ ਨਿਹਾਰ ਸਕੇ ਤਬ ਨਾਰੀ। ਪਿਖ ਰੰਚਕ ਮੈਲ ਗਿਲਾਨਿ ਕਰੇ ਸਠ ਜਾਨਤ ਨਾਂਹਿ ਇਹੈ ਕਛੁਸਾਰੀ ॥ ਧਿਃ ॥ ੫ ॥ ਛੰਃ ॥ ੧੨੮ ॥ ਪ੍ਰਬੋਧ ਚੰਦ੍ਰ ਨਾਟਕ ਇਤਿ ॥

---

## ਦੁਤਾਰਾ ਅਤੇ ਸਹੰਸਰ ਦਾਨ ਤਥਾ ਹਾਲਾ

ਸੰਕਾ—ਦੁਤਾਰਾ ਵਜਾਨਾ ਕਹਾਂ ਲਿਖਾ ਹੈ !

ਉਤਰ—ਗੁਰਬਿਲਾਸ ॥ ਸੋਰਠਾ—ਤੂਬਰ ਹਾਥ ਸੁ ਧਾਰ ਗੁਰ ਅਰਜਨ ਮੁਖ ਕਮਲ ਸੋਂ। ਕੀਨੋ ਸਬਦ ਉਚਾਰ ਮੋਹਨ ਕੀ ਉਪਮਾ ਲੀਜੇ। ਧਿਃ ੪। ਪੰਨੇ੩੬

ਤਥਾ—ਜਾਮੈ ਏਕ ਰਬਾਬੀ ਆਯੋ। ਦੁਤਾਰਾ ਹਾਥ ਅਨਾਥ ਸੁਹਾਯੋ ॥ ਧਿਃ ੭ ॥ ਪੰਨੇ ੧੩੬ ॥ ਗੁਰ ਬਿਲਾਸ ਇਤਿ ॥

ਤਥਾਸੂਬਲੋਹ ਗ੍ਰੰਥ ਵਿਚੋਂ—ਬਜਤ ਬਾਂਸੁਰ ਮਉਹਰੋ ਬੇਨ ਤੁਰੀ ਬਜੈ ਢੋਲ ਧਉਸਾ ਮਜੀਰੋ ਦੁਤਾਰਾ ॥ ਧਿਃ ੨ ॥ ਛੰਃ ੪੫੩ ॥

ਇਤਯਾਦਕ ਅਨੇਕ ਪ੍ਰਮਾਣ ਹੈਂ।

Sri Satguru Jagjit Singh Ji Elibrary NamdhariElibrary@gmail.com

**ਸੰਕਾ**—ਪੂਜਾ ਗੁਰੂ ਜੀ ਕੋ ਚੜ੍ਹਤੀ ਥੀ ਕਿਉਂ ਲੀਤੀ ਤਥਾ ਸਿਖਾਂ ਨੂੰ ਕਿਥੋਂ ਦਿੰਦੇ ਸਨ।

**ਉਤਰ**— ਯਦਪ ਸਰਵੱਗਜ ਸਨ ਗੁਰੂ ਜੀ ਤਥਾਪਿ ਸ਼ਸਤ੍ਰ ਧਾਰ ਕੇ ਪੂਜਾ ਨੂੰ ਹਥ ਨਹੀਂ ਲਗਾਇਆ। ਗੁਰ ਬਿਲਾਸ ਚੌ—

ਬਸਤ੍ਰ ਧਨ ਕੀ ਗਨਤ ਨਾ ਆਵੈ। ਮਨ ਬਾਛਤ ਕਰ ਪੂਜ ਚੜ੍ਹਾਵੈ।

ਮਾਯਾ ਹਾਥ ਨ *ਗੁਰੂ ਚੁਹਾਈ। ਆਗੈ ਪੂਜ ਚੜੈ ਬਹੁ ਆਈ।

[ਧਿਃ ੮ ॥ ਪੰਨੇ ੧੮੯]

ਤਦਾ—ਹਾਲਾਂ ਭੀ ਲੇਤੇ ਥੇ ਦਸਮ ਗੁਰੂ ? ਜੈਸੇ ਸੂਰਜ ਪ੍ਰਕਾਸ਼ ਚੌਃ—
ਪ੍ਰਜਾ ਭਰਨ ਲਗੀ ਸਭ ਹਾਲਾ। ਖ਼ੁਸ਼ੀ ਬਸਨ ਲਾਗੈ ਤਿਸ ਕਾਲਾ।

[ਵੇਖੋ ਰੁਤ। ੫। ਅੰਸੂ ੩੨]

**ਸ਼ਿਕਾ**—ਆਪ ਭਗਤ ਮਾਲਾਦਕੋਂ ਕੇ ਪ੍ਰਮਾਣ ਕਹ ਰਹੇ ਹੋ ਗੁਰੂ ਜੀ ਨੂੰ ਇਸ਼ਟ ਨਹੀਂ ਹੈਂ।

**ਉਤਰ**—ਜਰਾ ਅਕਲ ਦਿਆ ਪੱਕਿਆ ਦੁਸ਼ਮਣਾ ! ਆਪਣੇ ਹੀ ਚਿਤ ਦੀ ਗਰਮੀ ਕਿਉਂ ਨਹੀਂ ਜਾਹਰ ਕਰਦਾ ਗੁਰੂ ਜੀ ਦਾ ਨਾਮ ਕਿਉਂ ਲੇਤਾ ਹੈਂ। ਗੁਰੂ ਜੀ ਤੋ ਐਸੇ ਕਹਤੇ ਹੈਂ।

**ਗਉੜੀ ਕਬੀਰ ਜੀ—ਰਾਮ ਜਪਉ ਜੀਅ ਐਸੇ ਐਸੇ। ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥ ਸਬਦ ॥ ੬੧ ॥**

---

*ਛੀਵੇਂ ਸਾਹਿਬਾਂ ਨੇ।

Sri Satguru Jagjit Singh Ji Elibrary NamdhariElibrary@gmail.com

ਤਥਾ ਰਾਮਕਲੀ ਵਾਰ ਮਹਲੇ ਤੀਜੇ ਦੀ ਵਿਚੋਂ ਮਃ ੧—ਸਹੰਸਰ ਦਾਨ ਦੇ ਇੰਦ੍ਰ ਰੋਆਇਆ ਪਰਸਰਾਮੁ ਰੋਵੈ ਘਰਿ ਆਇਆ ॥ ਸਾਰਾ ਸ਼ਬਦ ਜਾਣ ਲੈਣਾ ॥ ਪੌਃ ੧੪ ॥

ਤਥਾ ਨਟ ਮਃ ੪—ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟ ਬੁਧੀ ਅਪਨਾ ਘਰੁ ਲੂਕੀ ਜਾਰੇ ॥ ਅਸਟਪਦੀ ੪ ॥

ਇਤਯਾਦਿਕ ਅਨੇਕ ਬਚਨ ਹਨ। ਭਾਵ, ਮੈਂ ਇਸ ਸ਼ੰਕਾ-ਬਾਦੀ ਪੂਰੇ ਅਕਲ ਦੇ ਭੰਡਾਰ ਸੇ ਪੂਛਤਾ ਹੂੰ ਕਿ ਯਹ ਪ੍ਰਸੰਗ ਕਹਾਂ ਸੇ ਮਿਲੇਂਗੇ। ਭਾਵ, ਚੰਦ੍ਰਹਾਸਾਦਿਕੋਂ ਕੇ ਪ੍ਰਕਰਣ ਜੈਮਿਨੀ ਅਸ਼੍ਵਮੇਧ ਕੇ ੫੬, ੫੭ ਆਦਿਕ ਅਧਯਾਯ ਸੇ ਤਥਾ ਦਸ ਪਤ੍ਰੇ ਚੰਦ੍ਰਹਾਸ ਕੇ ਭਗਤ ਮਾਲ ਮੇਂ ਸਪਸ਼ਟ ਹੈਂ। ਇਸ ਰੀਤਿ ਸੇ ਇੰਦ੍ਰਾਦਿਕੋਂ ਕੇ ਪ੍ਰਕਰਣ ਭੀ ਪੁਰਾਣ ਇਤਿਹਾਸੋਂ ਮੇਂ ਖੋਜਨੇ ਜ਼ਰੂਰੀ ਹੈਂ। ਐਸੇ ਮੰਨ। ਹਾਂ ਰਾਖਸ਼ ਮਾਲਾ ਗੁਰੂਜੀ ਕੋ ਇਸ਼ਟ ਨਹੀਂ।

---

## ॥ ਸ਼੍ਰੀ ਜਨਕ ਅਵਤਾਰ ਮੇਂ ਸ਼ੰਕਾ ਤਥਾ ਭਵਿਸ਼ਯਤ ਸ਼ਲੋਕ ॥

**ਸ਼ੰਕਾ**—ਕਿਸੀ ਵੇਦ ਭਗਵਾਨ ਤਥਾ ਪੁਰਾਣ ਤਥਾ ਸ੍ਰੀ ਰਾਮ ਕ੍ਰਿਸ਼ਨ ਜੀ ਸੇ ਪੱਕੇ ਬੇਮੁਖ ਦੀਃ—"ਤ੍ਰੇਤੈ ਤੈ ਮਾਣਿਓ ਰਾਮ" ਐਸੇ ਲਿਖ ਕਰ ਦੂਜੇ ਪਾਤਸਾਹਿਬ ਦੇ ਸਵਈਓਂ ਮੇਂ ਐਸੇ ਲਿਖ ਦੀਆ। 'ਤ੍ਰੂਤਾ ਜਨਕ ਰਾਜਾ ਅਉਤਾਰ' ਇਸ ਤੇ ਪ੍ਰਿਥਮ ਤੋ ਸੀਤਾ ਕਾ ਪਤੀ ਰਾਮ। ਫਿਰ ਤਿਸੀ ਕੋ ਜਨਕ ਤਿਸ ਕਾ ਪਿਤਾ ਕਹਿਣਾ ਅਨੁਚਿਤ ਹੈ।

Sri Satguru Jagjit Singh Ji Elibrary NamdhariElibrary@gmail.com

**ਉੱਤਰ**—ਹਮ ਭੀ ਆਪ ਕੇ ਮਤ ਮੇਂ ਬਹੁਤ ਸੇ ਆਖੇਪ ਕਰ ਸਕਤੇ ਹੈਂ ਪਰੰਤੂ ਹਮ ਤੁਮਾਰੀ ਨਾਈਂ ਉਨ ਵਡੇ ਸੇ ਵਡੇ ਜਤੀਆਂ ਸਤੀਆਂ ਕੀ ਨਿੰਦਾ ਨਹੀਂ ਕਰ ਸਕਤੇ ਕਾਹਿਤੈ ਵਹ ਭੀ ਹਮਾਰੇ ਹੀ ਵਡੇ ਹੈਂ। ਸਮਾਧਾਨ ਭੀ ਸੁਣ! ਇਨ ਤੁਕਾਂ ਪਰ ਭੀ ਤੋ ਖਿਆਲ ਕਰ ਜੈਸੇ ਤ੍ਰਿਤੀਏ ਸਵਈਏ ਮੇਂ—

## "ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ"

**ਅਰਥ**—ਟੀਕੇ ਦਾ। ਜਨਕਾਦਿਕ ਰਾਜ ਰਿਖੀ ਔਰ ਜੋਗ ਮੇਂ ਜੁੜੇ ਹੂਏ ਜੋ ਜੋਗੀਉਂ ਕੇ ਈਸ਼ਰ ਹੈਂ ਸੋ ਭੀ ਸਰਬ ਕਲਾ ਮੇਂ ਪੂਰਨ ਹਰੀ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਕੇ ਗੁਣੋਂ ਕੋ ਰਸ ਪੂਰਬਕ ਗਾਵਤੇ ਹੈਂ। ਸੋ ਈਹਾਂ ਤੋਂ ਗੁਰੂ ਜੀ ਕਾ ਜਸ ਕਹਨੇ ਵਾਲਾ ਰਾਜਾ ਜਨਕ ਹੈਂ।

## ਤਥਾ—ਚੌਥੇ ਗੁਰੂ ਜੀ ਕੇ ਤੇਰ੍ਹਵੇਂ ਸਵਈਯੇ ਮੇਂ 'ਜਨਕ ਸੋਇ ਜਿਨ ਜਾਣਿਆ ਉਨਮਨ ਰਥੁ ਧਰਿਆ'

**ਅਰਥ**—ਪ੍ਰੰਤੂ ਈਹਾਂ ਜਨਕ ਸ਼ਬਦ ਕਾ ਅਰਥ ਯਹ ਕਰਾ ਹੈ। ਸੋਈ ਜਨਕ ਕਹੀਏ ਸੰਸਾਰ ਕਾ ਪਿਤਾ ਵਿਸ਼ਨੂ ਰੂਪ ਹੋ ਜਿਸ ਆਪਨੇ ਸਰੂਪ ਕੌ ਜਾਣਿਆ ਹੈ। ਯਥਾ ਜਿਨ ਜਾਤਾ ਸੋ ਤਿਸ ਹੀ ਜੇਹਾ। ਔਰ ਜਿਸ ਆਪਨੇ ਉਨਮਨ ਕਹੀਏ ਤੁਰੀਆ ਪਦਮੇ ਅਪਨੀ ਬ੍ਰਿਤੀ ਕਾ ਪ੍ਰਵਾਹ ਰੂਪ ਰਥ ਠਹਰਾਇਆ ਹੈ।

## ਤਥਾ—ਇਹੁ ਜਨਕ ਰਾਜੁ ਗੁਰ ਰਾਮ ਦਾਸ ਤੁਝ ਹੀ ਬਣਿ ਆਵੈ॥ ਸ੍ਵੈਯਾ॥ ੧੩॥

**ਟੀਕਾ**—ਤਾਂਤੇ ਜਨਕ ਰਾਜ ਕਹੀਏ ਗਿਆਨ ਕਾ ਪ੍ਰਕਾਸ਼ ਹੇ ਰਾਮ ਦਾਸ ਗੁਰੂ ਜੀ ਆਪ ਕੋ ਹੀ ਸੋਭਾ ਪਾਵਤਾ ਹੈ ਇਤਜਾਦਿਕ ਹੋਰ ਭੀ ਬਚਨ ਹੈਂ।

ਤਥਾ—ਸ੍ਰੀ ਵੇਦ ਬਿਆਸ ਜੀ ਕਾ ਯਹ ਪਵਿਤ੍ਰ ਸਲੋਕ ਹੈਂ—

Sri Satguru Jagjit Singh Ji Elibrary NamdhariElibrary@gmail.com

'ਏਵੰ ਵੈ ਧਰਮ ਪ੍ਰਾਚੁਰਯੰ, ਭਵਿਸ਼ਜਤਿ ਯਦਾ ਕਲੌ। ਤਦਾ ਵੈ ਲੋਕ ਰਕਸ਼ਾਰਥੰ ਮਲੇਛਾਨਾਂ ਨਾਸ਼ ਹੇਤਵੇ॥ ਪਸ਼੍ਚਿਮੇ ਤੁ ਸ਼ੁਭੇ ਦੇਸ਼ੇ ਵੇਦਿ ਵੰਸ਼ੇਚ ਨਾਨਕਃ। ਸਃ ੩੪ ॥'

ਨਾਮ੍ਨਾ ਚ ਭੁਵਿ ਰਾਜਰਸ਼ਿਰ, ਬ੍ਰਹਮ ਗਜਾਨੈਕ ਮਾਨਸਃ। ਭਵਿਸ਼ਜਤਿ ਕਲੌ ਸ੍ਕੰਦਸ੍ਤਤ੍ਵਿਤ ਕਲਯਾ ਹਰੇਃ॥ ਸਃ ੩੫ ॥

ਸ ਸ਼੍ਰੀਮਦ੍ਰਾਜਸ਼ਾਰਦੂਲਾ ਨੁਪਦਿਸ਼ਜ ਚ ਪੁਨਃ ਪੁਨਃ। ਮਲੇਛਾਨ ਹਨਿਸ਼ਜਤਿ ਸ੍ਕੰਦ ਧਰਮਤਤ੍ਵੋ-ਪਦੇਸ਼ ਕ੍ਰਿਤ॥ ਸਃ ੩੬ ॥ ਤੇਨੋਪਦਿਸ਼੍ਟੰ ਮਾਰਗੀ ਵੈ ਯੇ ਗ੍ਰਿਹੀਸ਼ੰਜਤਿ ਭੂਮਿਪਾਃ। ਤੇ ਵੈ ਰਾਜਜੰ ਕਰਿਸ਼ੰਜਤਿ ਤਸਜ ਸ਼ਿਕਸ਼ਾਨੁਸਾਰਤਃ। ਭਵਿਸ਼ਯਤ ਪੁਰਾਣ ਪੂਰਬਾਰਧ ਤ੍ਰਾਸ੍ਰ ਕਲਪ॥ ਧਿਃ॥ ੧੨੯ ॥

ਤਥਾ—ਸਵਈਏ ਮਹਲੇ ਤੀਜੇ ਕੇ॥ ਆਪਿ ਨਰਾ-ਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ। ਨਿਰੰ-ਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ ਸਵੈਯਾ॥ ੧੬॥ ਇਸ ਰੀਤ ਸੈ ਸ੍ਰੀ ਗੁਰੂ ਜੀ ਪਰ ਜੋ ਵੈਦਕ ਹੋਕਰ ਦੂਖਣ ਕਲਪਣਾ ਕਰੇਗਾ। ਸੋ ਤਿਸ ਕੀ ਗੜੀ ਕਰਨੇ ਮੇ ਤਿਸਕਾ ਇਸ਼ਟ ਹੀ ਇਨਕਾਰੀ ਕਰ ਦੇਵੇਗਾ॥ ਯਹ ਨਿਸਚੈ ਹੈ॥

Sri Satguru Jagjit Singh Ji Elibrary NamdhariElibrary@gmail.com

# (ਰਾਮਸਤ ਅਤੇ ਸ੍ਰੀ ਚੰਡੀ ਅਵਤਾਰ)

**ਸ਼ੰਕਾ**—ਰਾਮਸਤ ਬੋਲਣੀ ਮਾਈਆਂ ਵਾਸਤੇ ਕਿਤੇ ਲਿਖੀ ਹੈ ਵਾ ਨਹੀ ॥

**ਉਤਰ**—ਗੁਰ ਬਿਲਾਸ ਮੇ। ਮੋਹਰੀਜੀਦੇ ਮਹਲਾਂ ਦਾ ਸਨੇਹਾ। ਚੌ:—

ਰਾਮਸੱਤ ਗੰਗਾ ਕੋ ਕਹੀਉ। ਅਪਨ ਜਾਨ ਹਮਕੋ ਚਿਤ ਚਹੀਓ ॥
[ਧਿ: ੩। ਪੰਨੇ ੪੩ ॥]

**ਤਥਾ ਚੌ:—**

ਨਿਮ੍ਰਤ ਹੋਇ ਗੁਰ ਵਚਨ ਅਲਾਏ। ਵਡੇ ਭਰਾਤ ਪਿਤ ਸਮ ਜਗ ਗਾਏ
[ਧਿ: ੨। ਪੰਨੇ। ੨੫ ॥]

**ਤਥਾ ਚੌ:—**

ਸੀਲ ਖਾਨ ਕੰਨਜਾ ਇਕ ਹੋਵੈ। ਪੁਤ੍ਰੀ ਬਿਨ ਜਗ ਗ੍ਰਸਤ ਵਿਗੋਵੈ।
[ਧਿ: ੮। ਪੰਨੇ। ੨੦੩ ॥

**ਤਥਾ—ਸ੍ਰੀ ਬੀਰੋ ਜੀ ਚੰਡਕਾ ਦਾ ਅਵਤਾਰ ਹੈ ॥**

**ਦੋ:—ਮਾਤ ਦਮੋਦਰੀ ਉਦਰ ਤੇ ਪਵਨ ਨਿਕਸ ਦਿਖ ਨੈਨ। ਮਹਾ ਜੋਤ ਆਯੁਧ ਧਰੇ ਮਨੋ ਰੂਪ ਕੋ ਐਨ ॥ ਨਮੋ ਨਮੋ ਮਾਤਾ ਕਰੀ ਚੰਡ ਪ੍ਰਚੰਡ ਲਖਾਇ। ਕੈਸ ਜਨਮ ਮੋਰੇ ਲੀਓ ਕਹੋ ਬਾਤ ਸਮਝਾਇ ॥ ਚੰਡ ਕਾ ਵਾਚ ॥ ਦਿਆ ਸਿੰਧ ਆਗਿਆ ਕਰੀ ਤੋਹਿ ਮੰਤ੍ਰ ਕੇ ਸਾਥ। ਤੁਮ ਜਾਚਨ ਮੋਰਾ ਕੀਉ ਦਾਸੀ ਜਾਨ ਅਨਾਥ ਚੌ:—**

ਇਹ ਤੇ ਅਪਨਾ ਰੂਪ ਦਿਖਾਯੋ। ਖੋਜ ਥਕੇ ਨਰ ਹਾਥ ਨ ਆਯੋ।

ਅਬ ਹਉ ਪੁਤਰੀ ਭਈ ਤੁਹਾਰੀ। ਪ੍ਰਭ ਕੀ ਆਇਸ ਸਿਰ ਪਰ ਧਾਰੀ।
[ਧਿ: ੯। ਪੰਨੇ। ੨੪੨॥ ਗੁਰ ਬਿਲਾਸ ਇਤ॥]

ਭਾਵ ਸ਼ੰਕਾ ਵਾਦੀ ਦੇਵੀ ਭਗਵਤੀ ਕਾ ਨਿੰਦਕ ਇਸ ਰੀਤ ਸੈ ਭੀ ਨਰਕ ਕਾ ਹਿਸੇ ਦਾਰ ਹੈ॥ ਇਤਿ॥

---

# ਸਨਾਤਨ ਸਿਖ ਉਪਮਾ ਤਥਾ ਖਾਲਸਾ ਬੀਰ

ਯਥਾ ਗਉੜੀਦੀ ਵਾਰ ਮਹਲੇ ੪ ਕੀ ਵਿਚੋਂ ਮ: ੪॥ ਗੁਰ ਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾ ਨੋ ਲੋਚੈ ਸੋ ਗੁਰ ਖੁਸੀ ਆਵੈ॥ ਪੌ:। ੩੩॥

ਤਥਾ—ਆਸਾ ਮ: ੧॥ ਸਿਖ ਸਭਾ ਦੀਖਿਆ ਕਾ ਭਾਉ। ਗੁਰਮੁਖਿ ਸੁਣਣਾ ਸਾਚਾ ਨਾਉ॥ ਸਬਦ। ੬।

ਤਥਾ—ਸੋਰਠ ਕੀ ਵਾਰ ਵਿਚੋਂ। ਸਭਦੂ ਵਡੇ ਭਾਗ ਗੁਰ ਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ॥ ਪੌ:। ੧੮॥

ਤਥਾ— ਸੂਹੀ ਮ: ੫॥ ਗੁਣਵੰਤੀ॥ ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥ ਸਬਦ॥ ੩॥

ਤਥਾ—ਨਟ ਮ: ੪॥ ਬਾਣੀ ਗੁਰੂ ਗੁਰੂ ਹੈ ਬਾਣੀ

ਵਿਚਿ ਬਾਣੀ ਅੰਮ੍ਰਿਤੁ ਸਾਰੇ। ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ਅਸ਼ਟਪਦੀ॥੪॥

ਤਥਾ—ਰਾਮਕਲੀ ਦੀ ਵਾਰ। ਸਤੇ ਬਲਵੰਡ ਆਖੀ। ਗੁਰ ਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ ॥ ਪੌੜੀ ॥ ੩ ॥

ਤਥਾ—ਵਾਰਾਂ ਤੋਂ ਵਧੀਕ ਮਃ ੪ ॥ ਗੁਰ ਸਿਖਾ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ ॥ ਸਲੋਕ ॥ ੨੭ ॥

ਤਥਾ—ਭਾਈ ਗੁਰਦਾਸ ਜੀ ॥ ਗੁਰ ਸਿਖਾਂ ਸ਼ਾਬਾਸ ਜਨਮ ਸਵਾਰਿਆ ॥ ਵਾਰ ੨੧ ॥ ਪੌੜੀ ੧੯ ॥

ਤਥਾ—ਗੁਰ ਸਿਖਾਂ ਜੈਕਾਰ ਸਤਿਗੁਰ ਪਾਇਆ ॥ ਵਾਰ ॥ ੨੧ ॥ ਪੌੜੀ ੨੦ ॥

ਤਥਾ—ਛੀਵੇਂ ਸਾਹਿਬ ਕਹਤੇ ਹੈਂ ਚੌਪਈ—

ਸਿਖ ਤ੍ਰਿਪਤੇ ਮੈਂ ਤ੍ਰਿਪਤਾਯੋ। ਸਿਖ ਮੈ ਮੇਰੋ ਰੂਪ ਸੁਹਾਯੋ।
[ਗੁਰ ਬਿਲਾਸ ਧਿਃ ੧੧। ਪੰਨੇ ੩੦੦]

ਤਥਾ—ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ। ਵਾਰ ॥ ੪੧ ॥ ਪੌੜੀ ॥ ੧ ॥

ਤਥਾ—ਸਰਬਲੋਹ ਵਿਚੋਂ ਸ੍ਰੀ ਮੁਖਵਾਕ ਪਾਤਸਾਹੀ ੧੦ ॥ ਚਰਪਟ ॥ ਖਾਲਸਾ ਮੇਰੋ ਰੂਪ ਹੈ ਖਾਸ। ਖਾਲਸਾ ਮਹ ਹਉ ਕਰਉ ਨਿਵਾਸ। ਖਾਲਸਾ ਮੇਰੋ

Sri Satguru Jagjit Singh Ji Elibrary NamdhariElibrary@gmail.com

ਮੁਖ ਹੈ ਅੰਗਾ। ਖਾਲਸੇ ਕੇ ਹੌ ਬਸਤ ਸਦ ਸੰਗਾ ॥ ੧॥ ਖਾਲਸਾ ਮੇਰੋ ਇਸਟ ਸੁਹਿਰਦ। ਖਾਲਸਾ ਮੇਰੋ ਕਹੀ-ਅਤ ਬਿਰਦ। ਖਾਲਸਾ ਮੇਰੋ ਪੱਛ ਅਰੁ ਪਾਦ। ਖਾਲਸਾ ਮੇਰੋ ਸੁਖ ਅਹਿਲਾਦਿ ॥ ੨ ॥ ਖਾਲਸਾ ਮੇਰੋ ਮਿਤ੍ਰ ਸਖਾਈ। ਖਾਲਸਾ ਮਾਤ ਪਿਤਾ ਸੁਖਦਾਈ। ਖਾਲਸਾ ਮੇਰੀ ਸੋਭਾ ਸੀਲ। ਖਾਲਸਾ ਬੰਧੁ ਸਖਾ ਸਦ ਡੀਲ ॥੩॥ ਖ਼ਾਲਸਾ ਮੇਰੀ ਜਤ ਅਰੁ ਪਤ । ਖਾਲਸਾ ਸੋ ਮਾਕੋ ਉਤਪਤ। ਖਾਲਸਾ ਮੇਰੋ ਭਵਨ ਭੰਡਾਰਾ। ਖਾਲਸੇ ਕਰ ਮੇਰੋ ਸਦਕਾਰਾ ॥ ੪ ॥ ਖਾਲਸਾ ਮੇਰੋ ਸ੍ਵਜਨ ਪਰਵਾਰ। ਖਾਲਸਾ ਮੇਰੋ ਕਰਤ ਉਧਾਰ। ਖਾਲਸਾ ਮੇਰੋ ਪਿੰਡ ਪਰਾਣ । ਖਾਲਸਾ ਮੇਰੀ ਜਾਨ ਕੀ ਜਾਣ ॥ ੫ ॥ ਮਾਨ ਮਹਤ ਮੇਰੀ ਖਾਲਸਾ ਸਹੀ । ਖਾਲਸਾ ਮੇਰੋ ਸ੍ਵਾਰਥ ਕਹੀ। ਖਾਲਸਾ ਮੇਰੋ ਕਰੈ ਨ੍ਰਿਵਾਹ। ਖਾਲਸਾ ਮੇਰੋ ਦੇਹ ਅਰੁ ਸਾਹ ॥ ੬ ॥ ਖਾਲਸਾ ਮੇਰੋ ਧਰਮ ਅਰ ਕਰਮ। ਖਾਲਸਾ ਮੇਰੋ ਭੇਦ ਨਿਜ ਮਰਮ । ਖਾਲਸ਼ਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸੱਜਨ ਸੂਰਾ॥੭॥ ਖਾਲਸਾ ਮੇਰੋ ਬੁਧਿ ਅਰੁ ਗਿਆਨ। ਖਾਲਸੇ ਕਾ ਹਉ ਧਰੌ ਧਿਆਨ। ਉਪਮਾ ਖਾਲਸਾ ਜਾਤ ਨ ਕਹੀ। ਜਿਹਵਾ ਏਕ ਪਾਰ ਨਹੀ ਲਹੀ ॥ ੮ ॥ ਸੇਸ ਰਸਨ ਸਾਰਦ ਸੀ ਬੁਧਿ। ਤਦਪ ਨ ਉਪਮਾ ਬਰਨਤ ਸੁੱਧ।

Sri Satguru Jagjit Singh Ji Elibrary NamdhariElibrary@gmail.com

ਯਾਮੈ ਰੰਚ ਨ ਮਿਥਿਆ ਭਾਖੀ । ਗੁਰ ਪਾਰ ਬ੍ਰਹਮ ਗੁਰ ਨਾਨਕ ਸ਼ਾਖੀ ॥ ੯ ॥ ਰੋਂਮ ਰੋਂਮ ਰਸਨਾ ਜੌ ਪਾਵੈ । ਤਦਪ ਨ ਖਾਲਸਾ ਜਸਹ ਤਰਾਓ । ਹਉ ਖਾਲਸੇ ਕੋ ਖਾਲਸਾ ਮੇਰੋ । ਓਤ ਪੋਤ ਸਾਗਰ ਬੂੰਦੇਰੋ ॥ ੧੦ ॥ ਖਾਲਸਾ ਅਕਾਲ ਪੁਰਖ ਕੀ ਫੌਜ । ਪ੍ਰਗਟਿਓ ਖਾਲਸਾ ਪ੍ਰਮਾਤਮ ਕੋ ਮੌਜ ॥ ੧ ॥ ਖਾਲਸੇ ਕੇ ਪਰਸਾਦਿ ਕਰ ਸੁਤ ਬਿਤ ਕੋਸ ਭੰਡਾਰ । ਰਾਜ ਮਾਲ ਸਾਦਕ ਸਕਲ ਪੁਤ੍ਰ ਕਲਿਤ੍ਰ ਵਿਵਹਾਰ । ਲਸਕਰ ਨੇ ਵ ਖਵਾਸ ਬ੍ਰਿਤ ਅਨਚਰ ਦਾਸੀ ਦਾਸ । ਮਿਤ੍ਰ ਕੁਟੰਬ ਬੰਧਨ ਭਵਨ ਮਮ ਸਮ੍ਰਿਧ ਕ੍ਰਿਪਾ ਕਰ ਤਾਸ ॥ ੨ ॥ ਗ੍ਰਿਹ ਬਾਰੀ ਅਰੁ ਸਾਹਿਬੀ ਤਨ ਮਨ ਪਿੰਡ ਪਰਾਣ । ਪ੍ਰਸਾਦਿ ਖਾਲਸੇ ਕਰ ਮਿਲਿਓ ਦਾਨ ਮਾਨ ਸਨਮਾਨ ॥ ੩ ॥ ਕ੍ਰਿਪਾ ਵੰਤ ਖਾਲਸਾ ਸਗਲ ਤਿਹ ਪ੍ਰਸਾਦਿ ਭਯੋ ਗੌਰ । ਮੋਸੇ ਰੰਕ ਅਨਾਥ ਜਗ ਭਟਕਤ ਫਿਰਤ ਕਿਰੋਰ ॥ ੪ ॥ ਸੇਵ ਖਾਲਸੇ ਕੀ ਸਫਲ ਪੂਜਾ ਅਸਤਵਨ ਅਰਘ ਪਾਦ । ਦਾਨ ਮਾਨ ਸਨਮਾਨ ਕਰ ਖੋੜਸ ਬਿਧਕੋ ਸ੍ਵਾਦ ॥ ੫ ॥ ਆਨ ਸੇਵ ਨਹ ਸਫਲ ਕਛੂ ਈਤ ਊਤ ਪਰਲੋਕ । ਨਿਹਫਲ ਸੇਵਾ ਤਿਸ ਬਿਨਾ ਕਬੀ ਹਰਖ ਕਬੀ ਸੋਗ ॥ ੬ ॥ ਜਜਨ ਭਜਨ ਮਮ ਖਾਲਸਾ ਖਾਲਸਾ ਪੂਜਬੇ ਜੋਗ । ਦਾਸ

Sri Satguru Jagjit Singh Ji Elibrary NamdhariElibrary@gmail.com

ਫਤਹ ਗੋਬਿੰਦ ਖਾਲਸਾ ਦਰਸਨ ਪ੍ਰਸ ਮਿਟੇ ਰੋਗ ॥
੭ ॥ ਮੇਰੋ ਇਸ਼ਟ ਅਰੁ ਨੇਸ਼ਠਾ ਖਾਲਸਾ ਪੂਜ ਧਿਆਨ।
ਦਰਸਨ ਪਰਸਨ ਖਾਲਸਾ ਮੁਕਤਿ ਰੂਪ ਸਭ ਜਾਨ ॥
੮ ॥ ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ।
ਪ੍ਰਭਮੈ ਮੋ ਮੈ ਤਾਸ ਮੈ ਰੰਚਕ ਨਾਹਨ ਭੇਵ ॥ ਧਿਃ ੫॥
ਪੰਨੇ। ੩੮੯ ਸੇ ੩੯੦ ॥

ਯਾਂਤੇ ਐਸਾ ਖਾਲਸਾ ਬੀਰ

ਦੋਃ--ਨਉ ਲਾਖ ਐਰਾਕੀ ਮਿਲੈ ਮਿਲੈ ਸਰਾਯ ਚੈ ਲਾਖ। ਸਵਾ ਲਾਖ ਹਾਥੀ ਮਿਲੈ ਦੇਹੁ ਯਹੈ ਅਭਿ-ਲਾਖ। ਖਾਸ ਸਵਾਰੀ ਮੋ ਚਲੈ ਨੇਜਾ ਲਾਖ ਨਿਸਾਨ। ਵਾਹਗੁਰੂ ਕਾ ਖਾਲਸਾ ਜੀਤੈ ਸਤ੍ਰ ਚੌਗਾਨ ॥ ਧਿਃ ੫ ਪੰਨੇ ੪੯੬ ॥ ਸ੍ਰਬਲੋਹ ਇਤਿ ॥

ਤਥਾ—ਸੌ ਸਾਖੀ ॥ ਗੁਰੂ ਖਾਲਸਾ ਖਾਲਸਾ ਗੁਰੂ ਸਾਖੀ ੨੧ ॥ ਤਥਾ ਬਚਨ ਹੋਇਆ ਮਾਤਾ ਜੀ ਖਾਲਸੇ ਨੂੰ ਸਾਬਤ ਕਰੋ ਸਾਡੀ ਸਭ ਜੋਤ ਖਾਲਸੇ ਦੇ ਵਿਚ ਹੈ ਖਾਲਸਾ ਹੀ ਭਲੀ ਕਰੇਗਾ ॥ ਸਾਖੀ ੨੬ ॥ ਤਥਾ ਤਾਂ ਵਚਨ ਕੀਆ ਤਾਂ ਕਹਾ 'ਗੁਰੂ ਖਾਲਸਾ ਖਾਲਸਾ ਗੁਰੂ' ਹੋਵੈਗਾ ਨਿਤਾਣਿਆਂ ਕਾ ਤਾਣ ਨਿਥਾਂਵੇ ਕਾ ਥਾਵ ॥ ਸਾਖੀ ੫੯॥

**ਤਥਾ—ਸਾਰੇ ਜਗਤ ਕੀ ਕਾਰ ਖਾਲਸੇਲਈ ਅਮੀਰੀ ਵਜੀਰੀ ਫਕੀਰੀ ਤਤਬੀਰੀ ਜਹੀਰੀ ਅਕਲ ਕੀਰੀ ਦਾਨ ਕੀ ਦਹੀਰੀ ਬੰਦੂਕ ਤਰਗਸ ਗੀਰੀ ਸਾਖੀ ਪ੯॥**

**ਤਥਾ—ਸੂਰਜ ਪ੍ਰਕਾਸ਼ੋਕਤ। ਜੋ ਪੂਰਬ ਕਹੀਆਂ ਮਰਜਾਦਾ ਪਰ ਕਾਇਮ ਹੈਂ ਸਨਾਤਨ ਸੂਰ ਬੀਰ ਚੌ:-**

ਰਹਤ ਬਤਾਈ ਤਿਆਗੈ ਜੋਇ। ਆਪਨ ਮਤ ਕੀ ਧਾਰੈ ਕੋਇ।
ਸੋ ਮਤਿ ਹੀਨ ਮਹਾ ਬੁਰਿਆਰੀ। ਨਹ ਕੀਮਤ ਨਿਜ ਪੰਥ ਮਝਾਰੀ।
ਪੰਥ ਖਾਲਸੇ ਨਿੰਦਜਾ ਕਰੈ। ਸੋ ਪਾਪੀ ਨਰ ਦੋਜਕ ਪਰੈ।
ਲੋਕ ਪ੍ਰਲੋਕ ਵਸਤੁ ਜੋ ਸਾਰ। ਜਿਸ ਮਹਿ ਇਹ ਸਭ ਅੰਗੀ ਕਾਰ।
ਬਿਨ ਦੂਖਨ ਮਹਿ ਮੰਡਲ ਭੂਖਨ। ਉਪਜਯੋ ਪੰਥ ਜੁ ਮਤ ਉਡਪੂਖਨ।
ਬਡੇ ਭਾਗ ਪੂਰਬਲੇ ਜਾਹੀ। ਹੇ ਪ੍ਰਭੁ ਸਰਨ ਆਪ ਕੀ ਪਾਹੀ।
ਜੋ ਪਾਮਰ ਨਿਰਭਾਗ ਮਹਾਨੇ। ਸੋ ਤੁਮ ਕੋ ਨਹਿ ਸਕੈ ਪਛਾਨੈ।
ਨਹੀ ਪੰਥ ਕੀ ਮਹਮਾ ਮਾਨਹਿ। ਜਨਮ ਮਰਨ ਮਹਿ ਸੇ ਅਨਜਾਂਨਹਿ।
ਮੁਨ ਗਨ ਸੁਰਗਨ ਜਿ ਪਦ ਚਾਹਿਤ। ਤਪ ਮਖ ਕਰਕੈ ਲੇਨ ਉਮਾਹਿਤ।
ਅਨਕ ਉਪਾਇ ਨ ਪਾਇਓ ਜੋਈ। ਦਯੋ ਖਾਲਸੇ ਕੋ ਪਦ ਸੋਈ।
ਬਹੁ ਮੈ ਅਪਨੋ ਰੂਪ ਬਨਾਯੋ। ਸ਼ਸਤਰ ਧਰਨ ਉਪਦੇਸ ਦ੍ਰਿੜ੍ਹਾਯੋ।

[ਰੁਤ। ੩। ਅੰਸੂ। ੨੨]

ਤਥਾ—ਸਸਤਰਨੈਂ ਕੋ ਵਿਸਾਹੁ ਨ ਕਰੈ। ਰਾਤ ਦਿਵਸ ਅੰਗ ਸੰਗ ਧਰੈ।

[ਰੁਤ। ੩। ਅੰਸੂ। ੨੩]

***

# (ਸ਼ਸਤ੍ਰ ਉਪਮਾ)

[ਸ਼ਸਤ੍ਰ ਸ੍ਰੀਦੇਵੀ ਜੀ ਦਾ ਰੂਪ ਹਨ, ੭ ]

ਤਥਾ—ਸ਼ਸਤ੍ਰਾਂ ਨੂੰ ਪੈਰ ਲਗਾ ਕਰ ਮਾਰਵਾੜੀਏ ਮਾਂਜਨ ਲਗੇ ਸਨ ਤਾਂ ਦਸਮੇਸ ਜੀ ਨੇ—

**ਲਲਤਪਦ ਛੰਦ-ਕਹਿਯੋ ਬੇਅਦਵੀ ਸ਼ਸਤ੍ਰਨ ਕੇਰੀ ਤੈ ਕਿਉਂ ਚਰਨ ਲਗਾਯੋ । ਅਤਿ ਪ੍ਰਿਯਾ ਖੜਗ ਅਕਾਲ ਪੁਰਖ ਕੋ ਨਿਜ ਧੁਜ ਵਿਖੈ ਸੁਹਾਯੋ । ਆਦਿ ਸ਼ਕਤਿ ਸ੍ਰੀ ਚੰਡ ਇਹ ਰੂਪਾ ਇਹ ਪੂਜਨ ਜੋਗ ਸਦੀਵਾ । ਸਰਬ ਸੁਰਾਸੁਰ ਨਰ ਕਿਯਾ ਬਪੁਰੇ ਜਿਸ ਕੇ ਵਸ ਮੈ ਥੀਂਵਾ ॥ ਰੁਤ ੪ ॥ ਅੰਸੂ ੩੨ ॥ ਸੂਰਜਪ੍ਰਕਾਸ਼ ਇਤਿ ॥**

**ਤਥਾ—ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਅਸ ਕ੍ਰਿਪਾਨ ਖੰਡੋ ਖੜਗ ਤੁਵਕ ਤਬਰ ਅਰ ਤੀਰ । ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ । ਸ਼ਸਤ੍ਰਮਾਲ ਛੰ: ੩ ।**

**ਤਥਾ ਦੋਃ—ਕਾਲ ਤੁਹੀਂ ਕਾਲੀ ਤੁਹੀਂ ਤੁਹੀਂ ਤੇਗ ਅਰ ਤੀਰ । ਤੁਹੀਂ ਨਿਸਾਨੀ ਜੀਤ ਕੀ ਆਜ ਤੁਹੀਂ ਜਗ ਬੀਰ ॥ ਛੰਃ ੫ ॥**

**ਤਥਾ ਦੋਃ—ਮੱਛ ਕੱਛ ਬਰਾਹ ਤੁਮ ਤੁਮ ਬਾਵਨ ਅਵਤਾਰ । ਨਾਰ ਸਿੰਘ ਬਉਧਾ ਤੁਹੀ ਤੁਹੀ ਜਗਤ ਕੋ ਸਾਰ । ਤੁਹੀ ਰਾਮ ਸ੍ਰੀਕ੍ਰਿਸ਼ਨ ਤੁਮ ਤੁਹੀ ਵਿਸਨ ਕੋ ਰੂਪ । ਤੁਹੀ ਪ੍ਰਜਾ ਸਭ ਜਗਤ ਕੀ ਤੁਹੀ ਆਪ ਹੀ ਭੂਪ ॥**

Sri Satguru Jagjit Singh Ji Elibrary NamdhariElibrary@gmail.com

ਛੰ: ੧੭ ॥ ਤੁਹੀ ਬਿਪ੍ਰ ਛਤ੍ਰੀ ਤੁਹੀ ਤੁਹੀ ਰੰਕ ਅਰ ਰਾਉ । ਸਾਮ ਦਾਮ ਅਰ ਡੰਡ ਤੂੰ ਤੁਮਹੀ ਭੇਦ ਉਪਾਉ ॥ ਛੰ: ੧੮ ॥ ਭਗੌਤੀ ਜੀ ਕਾ ਧਿ: ੧ ॥

ਤਥਾ—ਸਿੰਘ ਸਬਦ ਭਾਖੋ ਪ੍ਰਿਥਮ ਬਾਹਨ ਬਹੁਰ ਉਚਾਰ । ਸਭੈ ਨਾਮ ਜਗ ਮਾਤ ਕੇ ਲੀਜਹ ਸੁ ਕਬਿ ਸੁਧਾਰ ॥ ਛੰ: ॥ ੩੨ ॥

ਤਥਾ ॥ ਦੋ:—ਸ੍ਰੀ ਸਰੋਹੀ ਸੇਰ ਸਮ ਜਾ ਸਮ ਅਉਰ ਨ ਸੋਇ । ਤੇਗ ਜਾਪ ਤੁਮਹੂ ਜਪੋ ਭਲੋ ਤੁਹਾਰੋ ਹੋਇ । ਛੰ: ॥ ੪੩ ॥ ਸ਼ਸਤ੍ਰਮਾਲ ॥ ਇਤਿ ॥

ਯਾਂਤੇ ਸ੍ਰੀ ਦੇਵੀ ਆਦਕੋਂ ਕਾ ਰੂਪ ਜਾਣਕੇ ਧੂਪ ਦੀਪ ਕਰੇ ਸਸਤ੍ਰਾਂ ਨੂੰ, ਯਥਾ ਗੁਰ ਬਿਲਾਸ ਦੋ: 'ਹਰਿ ਗੋਬਿੰਦ ਹਰਖਤ ਭਏ, ਧੂਪ ਸੁ ਦੀਪ ਜਗਾਇ । ਸ਼ਸਤ੍ਰਨ ਕੀ ਪੂਜਾ ਕਰੈਂ ਮਨ ਮੈ ਹਰਖ ਵਧਾਇ ॥ ਧਿ: ॥ ੧੦ ॥ ਪੰਨੇ ॥ ੨੯੨ ॥

ਇਸ ਰਹਤ ਕੋ ਧਾਰਨ ਕਰੋ ਨਹੀ ਤੋ ਜਨਮ ਸਾਖੀ ਉਕਤ—

---

# (ਮਦ ਮਾਂਸਾਦਿਕ ਨਿਸ਼ੇਧ)

ਨਾਨਕ ਆਖੇ ਰੁਕਨ ਦੀਨ ਲਿਖਿਆ ਵਿਚ ਕਤਾਬ।
ਦਰਗਹ ਅੰਦਰ ਮਾਰੀਐ ਜੋ ਪੀਂਦੇ ਭੰਗ ਸ਼ਰਾਬ।

ਚਰਸ ਅਫੀਮੀ ਪੋਸਤੀ ਚਿਲਮਾ ਛਿਕਨ ਪਸ਼ਾਬ।
ਖਾਨ ਮਜੂਨਾ ਕਤਲੀਆਂ ਸੀਖੀ ਲਾਇ ਕਬਾਬ।
ਪੀਂਦੇ ਭੰਗ ਤਰਕਾਇਕੇ ਜਹੁਰੀ ਨਾਲ ਰਲਾਇ।
ਦੁਨੀਆਂ ਮਾਨਤ ਮਸਤੀਆਂ ਦਰਗਹ ਲਹਨ ਸਜਾਇ।
ਜਿਓਂ ਤਿਲ ਘਾਣੀ ਪੀੜੀਐ ਦੁਹਾਂ ਜਹਾਨਾ ਮਾਹਿ।
ਰਮਣ ਪਰਾਈ ਔਰਤਾਂ ਤਪਤ ਥੰਭ ਗਲ ਲਾਇ।
ਸਿਤ੍ਰਾ ਗਾਲ ਸਹੰਸਰ ਮਣ ਮੂਹੀ ਤਿਨਾਂ ਦੀ ਪਾਇ।
ਜੋ ਅਮਲ ਬਿਕਾਰੀ ਸੰਗ ਕਰੇ ਤਿਨਾ ਮਿਲੇ ਸਜਾਇ॥
ਸਾਖੀ ਮੱਕੇ ਦੀ॥ ਪੰਨੇ। ੧੫੭॥

ਤਥਾ–ਸੋਰਠ ਮਃ ੫॥ ਦੇਇ ਕਿਵਾੜ ਅਨਿਕ ਪੜਦੇ ਮਹਿ ਪਰਿਦਾਰਾ ਸੰਗਿ ਫਾਕੈ। ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥ ਸਬਦ ॥ ੨੬ ॥

ਤਥਾ–ਮਲਾਰ ਦੀ ਵਾਰ ਵਿਚੋਂ॥ ਪਉੜੀ॥ ਚੋਰ ਜਾਰ ਜੂਆਰ ਪੀੜੇ ਘਾਣੀਐ। ਨਿੰਦਕ ਲਾ ਇਤਬਾਰੁ ਮਿਲੇ ਹੜਵਾਣੀਐ॥ ਪੌਃ। ੨੧॥

ਤਥਾ–ਜਨਮਸਾਖੀ॥ ਮਿਲਨ ਸਜਾਈ ਬਹੁਤੀਆਂ ਮਲਕੁਲ ਮੌਤ ਹਜੂਰ। ਲੇਖਾ ਪੁਛਨ ਚਿਤ ਗੁਪਤ ਛਿਪ ਕਮਾਏ ਧੂੜ । ਨਾਸਾਂ ਲੋਇਣ ਮੁਕਰੇ ਤੋਬਹ ਕਰਹ ਪੁਕਾਰ। ਦੇਵਨ ਕੰਨ ਓੁਗਾਹੇਆਂ ਅੰਧਾ ਖੂਹ

ਬਿਕਾਰ॥ ਵਿਸਤਾਰ ਦੇਖੋ ਸਾਖੀ ਮੱਕੇ ਦੀ ਪੰਨੇ।੧੫੪।

ਤਥਾ—ਸਰਬ ਲੋਹ ਉਕਤ। ਕੰਡੇ ਦੇਨ ਚਸਮੋ ਦੇ ਅੰਦਰ ਜਿਨ ਨੇਤ੍ਰੀ ਪਰਤ੍ਰਿਆ ਪਿਖੇ। ਕੰਨ ਮਰੋੜਨ ਜਿਕੇ ਘਤਿਨ ਤਾਇ ਤਾਇ ਜਮਦੂਤ ਤਿਖੇ। ਰਸਨਾ ਕਟੀਅਨ ਤਿਲ ਤਿਲ ਕਰ ਕਰ ਨਾਮ ਬਿਤ੍ਰਿਕ ਸੁਆਦਿ ਚਖੇ। ਨਾਸਕਾ ਮੇਲਨ ਤਪਤ ਸਲਾਈ ਬਾਸ ਬਿਕਾਰ ਜੁਗ ਘ੍ਰਾਨ ਮਖੇ॥ ਸਿਯਾਮ ਮਲਾਰ॥ ਕੰਡੇ ਮਾਰਨ ਪੈਰਾ ਤਲੀਆ ਮਾਰਗ ਪੰਥ ਕੁਪੰਥ ਚਲੇ। ਸੱਪ ਅਠੂਹੇ ਹਥੀ ਲੜਸਨ ਦਾਨ ਪੁੰਨ ਨਹੀ ਕੀਏ ਭਲੇ। ਤਪਤ ਖੰਭ ਗਲ ਮੇਲਨ ਜੀਅ ਕੇ ਪਰਤ੍ਰਿਆ ਜੇਤੈ ਲਾਇ ਗਲੇ। ਸੰਗਲ ਘੱਤ ਚਲੇ ਲੈ ਜਮਗਨ ਤਪਤ ਰੇਤ ਮੈ ਖੜੇ ਕੀਏ। ਕਾਗ ਚੀਲ ਸਹੀਏ ਸਿਰ ਮਾਰਨ ਅਖੀਂ ਖੋਭਨ ਤੋਬ ਕਰੇ। ਏਤੀ ਮਾਰ ਪਵੈ ਜੀ ਤਾਂਈ ਵਰਖੈ ਅੱਗ ਅੰਗਿਯਾਰ ਝਰੇ॥ ਧਿਃ ੨। ਛੰਃ ੮੩੫ ਪੰਃ ੧੨੬॥

ਤਥਾ ਬਿਹਾਗੜੇ ਦੀ ਵਾਰ ਵਿਚੋਂ ਮਃ ੩—'ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ। ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ। ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ। ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਲੈ

Sri Satguru Jagjit Singh Ji Elibrary NamdhariElibrary@gmail.com

ਸਜਾਇ। ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।' ਪੌ: ੧੬॥

ਯਦਪਿ, ਮਲਾਰ ਦੀ ਵਾਰ ਵਿਚੋਂ ਮ: ੧-ਪਹਲ਼ਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥

ਇਹ ਸਾਰਾ ਸ਼ਲੋਕ ੨੫ ਪੌੜੀ ਦਾ ਜਾਣ ਲੇਣਾ। ਤਥਾਪਿ ਇਸ ਸ਼ਲੋਕ ਕਾ ਤਾਤਪਰਯ ਟੀਕਾ ਮੇਂ ਮਾਂਸ ਮੰਡਨ ਅਰਥ ਨਹੀਂ, ਕਿੰਤੂ ਏਕ ਨਾਨੂ ਰਾਮ ਨਾਮਕ ਬ੍ਰਾਹਮਣ ਥਾ ਤਿਸ ਕੇ ਪਰਾਜਯ ਕਰਨੇ ਮੇਂ ਤਾਤਪਰਯ ਹੈ ਪੁਨਾ ਸੋਈ ਮ੍ਰਿਗ ਕਾ ਮਾਂਸ ਤਸਈ ਬਨਾਕੇ ਦਿਖਾਦਿ ਦਈ। ਵਜਵਸਥਾ ਟੀਕਾ ਮੇਂ ਦੇਖੋ, ਵਾ ਮੁਕਤੀ ਮਾਰਗ ਕੇ ੮੬ ਪੰਨੇ ਪਰ ਇਸ ਕਾ ਸਵਾ ਲਾਖ ਪਾਠ ਕਰਕੇ ਹੋਮ ਕਰਨਾ ਲਿਖਾ ਹੈ ਸਰਜੀਤ ਕਰਨੇ ਕਾ ਮੰਤ੍ਰ ਹੈ ਅਨਜਥਾ ਵਿਰੋਧ ਹੋਗਾ।

ਯਥਾ—ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ। ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਂਹਿ॥ ਸਲੋਕ ੨੩੩ ॥

ਤਥਾ ਜਨਮਸਾਖੀ ਮੇਂ,—'ਦੇ ਅਜ਼ਾਬ ਗ਼ੀਬ ਨੂ ਖਾਇ ਤਿਨਾਂ ਦਾ ਮਾਸ। ਮੁਰਗੀ ਮਾਰੇ ਪੀਰ ਜੀ ਦਗਾ ਕਰੇ ਗਰਬੀ ਘਾਤ। ਹੋਰ ਵਿਚਾਰੇ ਵਹੁ ਜਾਨ-ਵਰਾ ਪਾਇ ਪਰਿੰਦੇ ਲੱਖ। ਮਾਰਨ ਪਾਇ ਹਰਾਮ ਹੋਇ ਸੋ ਹਹ ਜਲਾਂਦਾ ਭੱਖ॥ ਜਬਰਾਂ ਮਾਰ ਨ ਸਕਨੀ ਫੀਲਾਂ ਸ਼ੇਰ ਪਲੰਗ। ਥੀਏ ਹਰਾਮ ਬਹੁ ਜਾਲਮਾ ਜੋ ਮਾਰਨ ਅਗੋਂ ਡੰਗ। ਡਾਢਿਆਂ ਕੋਇ ਨ ਮਾਰਈ ਕਰਨ ਜੋ ਅਗੋਂ ਜੋਰ। ਜੋ ਗ਼ੀਬ ਨਮਾਨੜੇ ਤਿੰਨਾਂ

Sri Satguru Jagjit Singh Ji Elibrary NamdhariElibrary@gmail.com

ਲੈਂਦੇ ਪਿੰਡ ਅਧੋੜ। ਲਿਖਿਆ ਚਾਰ ਕਿਤਾਬ ਵਿਚ ਸਭ ਪਰ ਜ਼ੋਰ ਹਰਾਮ। ਸੋਈ ਕਲਮੇ ਪਾਕ ਜੋ ਮੰਨੇ ਰੱਬ ਕਲਾਮ।' ਸਾਖੀ ਮੱਕੇ ਦੀ ਪੰ: ੧੮੩ ॥

ਤਥਾ ਮਾਝ ਦੀ ਵਾਰ ਵਿਚੋਂ ਮ: ੧,—'ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ। ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।' ਪੌ: ੬ ॥

ਤਥਾ ਪ੍ਰਭਾਤੀ ਕਬੀਰ ਜੀ,—'ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ।' ਸ਼ਬਦ ੪ ॥

ਤਥਾ—ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ। ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ॥ ਸਲੋਕ ੧੮੭ ॥

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ। ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ। ਸਲੋਕ ੧੮੮ ॥

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ। ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ॥ ਸਲੋਕ ੧੯੯ ॥

ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ। ਦਫਤਰੁ ਲੇਖਾ ਨੀਕਸੈ ਮਾਰ ਮੁਹੈ ਮੁਹਿ

ਖਾਇ ॥ ਸਲੋਕ ੨੦੦ ॥

ਤਥਾ ਭਾਈ ਗੁਰਦਾਸ ਜੀ,--'ਸੀਂਹ ਪਜੂਤੀ ਬਕਰੀ ਮਰਦੀ ਹੋਈ ਖਿੜ ਖਿੜ ਹੱਸੀ। ਸੀਂਹ ਪੁਛੈ ਬਿਸਮਾਦ ਹੁਇ ਇਤ ਅਉਸਰ ਕਿਤ ਰਹਸ ਰਹੱਸੀ। ਬਿਨਹੁ ਕਰੇਦੀ ਬਕਰੀ ਪੁਤ ਅਸਾਡੇ ਕੀਚਨ ਖੱਸੀ। ਅੱਕ ਧਤੂਰਾ ਖਾਧਿਆਂ ਕੁਹਿ ਕੁਹਿ ਖੱਲ ਉਖੱਲਬਣੱਸੀ ਮਾਸ ਖਾਨ ਗਲ ਵਢਕੇ ਹਾਲ ਤਿਨਾੜਾ ਕਉਣ ਹੋਵੱਸੀ । ਗਰਬ ਗਰੀਬੀ ਦੇਹ ਖੇਹ ਖਾਜ ਅਖਾਜ ਅਕਾਜ ਕਰੱਸੀ। ਜਗ ਆਇਆ ਸਭ ਕੋਈ ਮਰੱਸੀ।' ਵਾਰ ੨੫ ॥ ਪੌ: ੧੭ ॥

ਤਥਾ--ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ। ਹਸ ਹਸ ਬੋਲੇ ਕੁਹੀ ਦੀ ਖਾਧੇ ਅੱਕ ਹਾਲ ਇਹੁ ਹੋਆ। ਮਾਸ ਖਾਨ ਗਲ ਛੁਰੀ ਦੇ ਹਾਲ ਤਿਨਾੜਾ ਕਉਨ ਅਲੋਆ। ਜੀਭੈ ਹੰਦਾ ਫੇੜਿਆ ਖਉ ਦੰਦਾਂ ਮੁਹ ਭੱਨ ਵਿਗੋਆ। ਪਰ ਤਨ ਪਰ ਧਨ ਨਿੰਦ ਕਰ ਹੋਇ ਦੁਜੀਭਾ ਵਿਸੀਅਰ ਭੋਆ। ਵੱਸਆਵੈ ਗੁਰ ਮੰਤ ਸੁਣ ਨਿਗੁਰਾ ਮਨਮੁਖ ਸੁਣੈ ਨ ਸੋਆ ਵੇਖ ਨ ਚਲੈ ਅਗੈ ਟੋਆ ॥ ਵਾਰ ੩੭ ਪੌ: ੨੧ ॥

ਗੁਰਦਾਸ ਜੀ ਇਤਿ ॥ ਇਤ੍ਯਾਦਿਕ ਅਨੇਕ ਪ੍ਰਮਾਣ ਹੈਂ:—

ਤਥਾ ਕਬਿਤ—ਰੌਰੀ ਤੇ ਸ਼ਰਾਬ ਨਾਲ ਵੇਸਵਾ ਦਾ

ਭੋਗ ਜਾਣ ਹੱਤਿਆ ਬ੍ਰਹਮ ਨਾਲ ਨਿੰਦਾ ਕੋ ਮਿਲਾਂ-ਵਦਾ। ਕੰਨਜਾ ਦਾ ਦਰਬ ਔਰ ਜੂਏ ਕੋ ਭੀ ਜਾਣ ਲੈਣਾ ਭੋਗ ਗੁਰੂ ਪਤਨੀ ਸੇ ਪਾਪ ਕੌ ਸੁਣਾਵਦਾ। ਝੂਠੀ ਅਗਵਾਹੀ ਘਾਤ ਬਾਲਕਾਂ ਦਾ ਜਾਣੋ ਚਿਤ ਖਾਵਣਾ ਆਮਿਖ ਭਾਨੀ ਧਰਮੁ ਕਹਾਂਵਦਾ। ਗੁਰੂ ਕਾ ਦ੍ਰੋਹੀ ਹਤਿਆ ਉਤਰੇ ਨਾ ਮੂਲ ਕਦੇ ਮਾਰਨਾ ਬਿਸੁਧ ਚੌਦਾਂ ਪਾਪ ਕਵਿ ਗਾਂਵਦਾ॥

ਤਥਾ—ਯਹ ਚੌਦਾਂ ਪਾਪ ਸ੍ਰੀ ਮਨੂ ਸਿਮ੍ਰਤੀ ਕੇ ਦਸਮੇ ਅਧਿਃ ਕੇ ੫੪ ਸਲੋਕ ਸੇ ਲੇਕਰ ੭੨ ਸਲੋਕ ਤਾਂਈ ਭੀ ਸਪਸ਼ਟ ਹਨ॥ ਇਤਿ॥

---

## ਯਥਾ ਅੰਨ ਤਥਾ ਬੁਧਿ, ਅਤੇ ਗ੍ਰਹਸਥ (ਧਰਮ)

ਯਥਾ ਸੌ ਸਾਖੀ ਮੇਂ—ਜੋ ਜਾਕੀ ਰਹਤ ਨ ਜਾਣੀਏ ਗੁਰ ਮੰਤਰ ਨਹ ਰੀਤ। ਤਾਕਾ ਭੋਜਨ ਖਾਇਕੇ ਬਿਗੜੇ ਹਰਿ ਕੀ ਪ੍ਰੀਤ॥ ਸਾਖੀ॥ ੫॥

ਤਥਾ—ਇਹ ਪੰਜਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੩॥ ਅੰਸੂ ੪੭॥ ਮੇਂ ਭੀ ਸਪਸ਼ਟ ਹੈ। ਤਥਾ—ਵੈਰਾਗਸ਼ੱਤਕ ਵਿਚੋਂ:—

ਦੋਃ—ਮਲਨ ਅੰਨ ਕਰ ਮਲਨ ਮਨ ਸੁਧ ਅੰਨ ਕਰ ਸ਼ੁੱਧਿ। ਜਲਵਤ ਚਿਤ ਜਾ ਸੋ ਮਿਲੇ ਭਵਤ ਤਥਾ

Sri Satguru Jagjit Singh Ji Elibrary NamdhariElibrary@gmail.com

ਬਿਧਿ ਬੁੱਧਿ ॥ ਧਿ: ੮ ॥ ਛੰਤ ਪ੯ ॥

ਤਥਾ—ਸੌ ਸਾਖੀ ਮੇਂ—ਆਧਾ ਖਾਣਾ ਦੇ ਨਹ ਭੁਖਾ ਰਹੇ ਜੋ ਅਹਾਰ। ਦਾਤਾ ਐਸਾ ਨਰਕ ਜਾਇ ਕਹੇ ਇ ਵੇਦ ਮਝਾਰ ॥ ਸਾਖੀ ॥ ੬ ॥

ਤਥਾ—ਇਹੁ ਛੀਵੀਂ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੩ ॥ ਅੰਸੂ ੪੮ ਮੇਂ ਦੇਖੋ!

ਤਥਾ—ਨਾਨਕ ਪ੍ਰਕਾਸ਼ ਵਿਚੋਂ। ਗੁਰੂ ਨਾਨਕ ਦੇਵ ਜੀ ਰੰਮਕ ਖੰਡ ਤੋਂ:—

ਚੌਪਈ—

ਬਿਦਾ ਹੋਇ ਕੀਨੋ ਪੁਨ ਗਵਨੰ। ਭੱਦ੍ਰ ਖੰਡ ਪਹੁੰਚੇ ਗੁਨ ਭਵਨੰ ॥੪੨॥
ਤਿਹ ਨਿਰਪ ਸੁਨਯੋ ਸੰਤ ਪੁਰ ਆਏ। ਮਿਲਯੋ ਆਨ ਕਰ ਸੀਸ ਝੁਕਾਏ ॥
ਬੰਦ ਹਾਥ ਦ੍ਵੈ ਬੈਠ ਸਮੀਪਾ। ਬੋਲਯੋ ਕੌਲ ਨਾਭ ਅਵਨੀਪਾ ॥੪੩॥
ਆਸ੍ਰਮ ਚਾਰ ਲਿਖੇ ਜੋ ਆਹੀ। ਸ੍ਰੇਸ਼ਟ ਕੌਨ ਕਹੋ ਇਸ ਮਾਹੀ।
ਪੂਰਨ ਸੰਤ ਜਾਨ ਕਰ ਪੂਛਾ। ਕਰਹੁ ਮੁਝੈ ਸੰਸੈ ਤੇ ਛੂਛਾ ॥੪੪॥
ਸੁਨ ਕਰ ਬੋਲੇ ਵਚਨ ਕ੍ਰਿਪਾਲਾ। ਸਭ ਤੇ ਜਾਨਹੁ ਗ੍ਰਿਹਸਤ ਬਿਸ਼ਾਲਾ।
ਉਤਪਤਿ ਕਰਨ ਹਾਰ ਸਭ ਹੀ ਕੋ। ਬਹੁਰੋ ਪਾਲਨ ਕਰਹੈ ਨੀਕੋ ॥੪੫॥
ਜਿਉਂ ਜਲ ਕਮਲਨ ਕੋ ਨਿਪਜਾਈ। ਬਹੁਰੋ ਪਾਲਨ ਕਰਹਿ ਬਨਾਹੀ।
ਮੂਲ ਬਿਟਪ ਕੋ ਗ੍ਰਿਹਸਤ ਪਛਾਨਹੁ। ਆਸ੍ਰਮ ਚਾਰ ਜਿ ਸਾਖਾ ਮਾਨਹੁ ॥੪੬॥
ਯਾਂਕੋ ਲਖਹੁ ਸਮੁੰਦ੍ਰ ਸਮਾਨਾ। ਮੁਕਤਾਦਿਕ ਨਿਕਸਤ ਹੈਂ ਨਾਨਾ।
ਬ੍ਰਹਮ ਚਰਜ ਪੁਨ ਬਾਨ ਪ੍ਰਸਤਾ। ਅਰ ਸੰਨਿਆਸ ਸਭਨ ਕੋ ਕਰਤਾ ॥੪੭॥
ਵੰਡ ਖ਼ਾਇ ਅਰਦਾਸ ਕਰੇਈ। ਛੂਛ ਨ ਫਿਰੈ ਅਭਿਆਗਤ ਜੇਈ।
ਨੀਰ ਕੂਪਜੇ ਨਿਕਸਤ ਨਾਹੀ। ਠਹਰਤ ਗੰਦਾ ਹ੍ਵੈ ਤਿਸ ਮਾਹੀ ॥੪੮॥
ਨਿਕਸਤ ਰਹੈ ਨੀਰ ਜੇ ਤਾਹੂ। ਮਧੁਰ ਹੋਇ ਜਾਨੋ ਸਭ ਕਾਹੂ
ਤਿਉਂ ਗ੍ਰਿਹਸਤਨ ਕੀ ਰੀਤ ਸੁਹਾਈ। ਕਰਹਿ ਜਿ ਨਰ ਇਤਉਤਸੁਖਦਾਈ ॥੪੯॥

[ਉਤ੍ਰਾਰਧ ਧਿ: ੩ । ਛੰ: ੪੯]

ਤਥਾ ਰਾਮਕਲੀ ਕੀ ਵਾਰ ਮ: ੩ ਵਿਚੋਂ ਮ: ੧—ਪੁੰਨ ਦਾਨ ਕਾ ਕਰੇ ਸਰੀਰੁ। ਸੋ ਗਿਰਹੀ ਗੰਗਾ ਕਾ ਨੀਰੁ॥ ਪੌ: ੧੨ ॥

ਤਥਾ—ਕਬੀਰ ਜਉ ਗ੍ਰਿਹੁ ਕਰਹਿ ਤ ਧਰਮ ਕਰੁ ਨਹੀ ਤ ਕਰੁ ਬੈਰਾਗੁ। ਬੈਰਾਗੀ ਬੰਧਨੁ ਕਰੈ ਤਾਕੋ ਬਡੋ ਅਭਾਗੁ ॥ ਸਲੋਕ ॥ ੨੪੩ ॥

ਭਾਵ—ਜਬ ਗ੍ਰਹਸਤੀ ਲੋਗ ਹੀ ਧਰਮ ਸੇ ਪਤਤ ਹੋਗਏ ਤੋ ਮੂਲ ਨਾਸ ਤੇ ਉਨ ਕਾ ਅੰਨ ਲੜਕੀਆਂ ਦੇ ਦਾਮ ਚੋਰੀ ਠੱਗੀ ਸੇ ਕਠੇ ਕੀਏ ਹੂਏ ਕਾ ਖਾਇ ਕਰ ਮਹਾਤਮਾ ਕੈਸੇ ਧਰਮ ਪਰ ਤਤਪਰ ਹੋਨ ਯਾਂਤੇ ਹੱਕ ਦੀ ਕ੍ਰਿਤ ਕਰਕੇ ਮਹਾਤਮਾਵੋਂ ਕੋ ਦੇਵੋ !

ਯਥਾ ਭਾਈ ਗੁਰਦਾਸ ਜੀ—ਗੁਰ ਸਿਖੀ ਦਾ ਕਰਮ ਇਹੁ ਗੁਰ ਫੁਰਮਾਏ ਗੁਰ ਸਿਖ ਕਰਣਾ ॥ ਵਾਰ ੨੮ ॥ ਪੌ: ੧੦ ॥

ਤਥਾ—ਮਿਠਾ ਬੋਲਣ ਨਿਵ ਚਲਣ ਹਥਹੁ ਦੇਕੈ ਭਲਾ ਮਨਾਏ। ਥੋੜਾ ਸਵਣਾ ਖਾਵਣਾ ਥੋੜਾ ਬੋਲਣ ਗੁਰ ਮਤਿ ਪਾਏ ॥ ਵਾਰ ੨੮ ॥ ਪੌ: ੧੫ ॥

ਤਥਾ ਆਸਾ ਦੀ ਵਾਰ ਵਿਚੋਂ—ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥ ਪੌ: ੭ ॥

ਤਥਾ—ਰਾਮਕਲੀ ਪਾਤਸਾਹੀ ੧੦ ॥ ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ ॥

# ਪੰਜ ਤਰਾਂ ਦੀ ਸਿਖੀ ਅਤੇ ਚਾਰ ਸਸੇ ਆਦਿਕ ਰਹਿਤ

ਯਥਾ ਸੌ ਸਾਖੀ—ਜਾ ਲਗ ਰਹਤ ਖਾਲਸਾ ਨਿਆਰਾ ਤਾ ਲਗ ਤੇਜ ਦੀਯੋ ਮੁਹਿ ਸਾਰਾ ॥ ਸਾਖੀ ॥ ੧੫ ॥

ਤਥਾ—ਸੂਰਜ ਪ੍ਰਕਾਸ਼ ਰੁਤ ੩ ॥ ਅੰਸੂ ੩੭ ॥

ਤਥਾ ਸੌ ਸਾਖੀ—ਪੰਡਿਤ ਪਾਧੇ ਜੋਤਸੀ ਰਾਗੀ ਪਰੇਰਕ ਭਾਮ। ਔਰਨ ਕਹਤੇ ਰਹੈਂ ਆਪ ਨ ਕਰਹੈਂ ਅਰਾਮ ॥ ਸਾਖੀ ੨੨ ॥ ਅਤੇ ਸੂਰਜ ਪ੍ਰਕਾਸ਼ ਰੁਤ ੩ ॥ ਅੰਸੂ ੪੦॥

ਤਥਾ—ਸੌ ਸਾਖੀ ॥ ਭਾਈ ਸਿਖੀ ਪੰਜ ਤਰਾਂ ਦੀ ਹੈ ਇਕ ਧੰਦੇ ਦੀ ਦੂਜੀ ਵੇਖੀ ਸਿਖੀ । ਤੀਜੀ ਹਿਰਸੀ ਸਿਖੀ। ਚੌਥੀ ਸਿਦਕੀ ਸਿਖੀ। ਪੰਜਮੀ ਭਾਵ ਦੀ ਸਿਖੀ। ਧੰਦੇ ਦੀ ਇਹ ਲੋਕ ਕਹੈ ਨਹੀ ਨਿਗੁਰਾ। ਭਾਈਚਾਰੇ ਰਲਣ ਦੀ ਦੇਖੀ। ਇਹ ਸਿਖ ਹੋਇਆ ਕੋਈ ਉਸਦੇ ਘਰ ਪਦਾਰਥ ਬਹੁਤ ਹੋ ਗਿਆ ਧਨ ਪੁਤਰ ਦੁਧ ਪਤ ਆਦਰ ਦੇਖਕੇ ਚਾਹ ਵਾਲਾ ਹੋਰ ਭੀ ਲੋਭ ਕਰ ਪਦਾ-ਰਥ ਦਾ ਸਿਖ ਹੋ ਗਿਆ ॥ ਪਦਾਰਥ ਦੀ ਲੋੜ ਰਹੀ ਗੁਰੂ ਨਾਲ ਸਬਦ ਦੀ ਪ੍ਰੀਤਾ ਨਾ ਲਗਾ। ਤੀਜੀ ਹਿਰਸੀ ਬਹੁਤੇ ਜੋ ਕਰਣ ਸੋ ਕਰਣਾ । ਆਪਣੀ ਸੋਝੀ ਅਤੇ ਚਾਹੜ ਨਾ ਸਿਖੀ ਨਾ ਸੰਗਤ ਵਿਚ ਬੈਠਾ ਪਾਹਿਲ

ਗੁਰੂ ਕੀ ਦਾ ਭੇਦ ਨਾ ਜਾਣਿਆ। ਸਤਿ ਗੁਰ ਪੂਰਨ ਜਿਨਕੇ ਤਿਨਕੀ ਪੂਰੀ ਆਸ। ਨਾਨਕ ਜਪੀਏ ਨਾਮ ਨਿਤ ਸਿਮਰੋ ਸਾਸ ਗਰਾਸ। ਸਾਖੀ ੧੨ ॥

ਤਥਾ—ਸੂਰਜ ਪ੍ਰਕਾਸ਼ ਰੁਤ ੩। ਅੰਸੂ ੩੪॥ ਮੇਂ ਦੇਖੋ !

ਤਥਾ ਸੌ ਸਾਖੀ—ਜਹਾ ਵਡਾ ਗੁਣ ਹੁੰਦਾ ਹੈ ਤਹਾਂ ਬਿਕਾਰ ਭੀ ਹੁੰਦਾ ਹੈ। ਗੁਣੀ ਬਿਕਾਰੀ ਰਹਤ ਜੋ ਬਿਧ ਕ ਹੋ ਇਨਸਾਨ। ਤਿਸ ਮੂਰਤ ਬਲਿਹਾਰਨੇ ਨਾਨਕ ਤਿਸ ਕੁਰਬਾਨ ॥ ਸਾਖੀ ੨੫ ॥

ਤਥਾ-ਤਾਂ ਗੁਰੂ ਕੇ ਬੋਲੇ 'ਜਟ ਪੰਜਾਲੀ ਚਕ ਗੁਰੂਕਾ ਹੱਕ ਕਮਾਇਕੇ ਚਕ ਸਿਖਾਂ ਪੁਛਿਆ ਜੀ ਸਚੇ ਪਾਤਸਾਹ ਤੇਰੇ ਤਾਂ ਸਿੰਘ ਸਭੋ ਬ੍ਰਾਹਮਣ ਖਤ੍ਰੀ ਵੈਸ਼ ਸ਼ੂਦਰ ਹੈਨ ਜਟ ਤੁਸਾਂ ਭਲਾ ਸਲਾਹਿਆ ਤਾਂ ਗੁਰੂ ਜੀ ਕਹਿਆ ਜਟ ਭਟ ਨਟ ਧਨਟ ਮੂਹ ਦੇ ਹਠ ਨੂੰ ਪਾਲਦੇ ਹੈਨ। ਅਤੇ ਸਿਖੋ ਸਿਖ ਮੇਰੇ ਸਿਦਕੀ ਤਿਨ ਹੈਨ। ਜਟ ਬਣਜਾਰਾ ਰੋੜਾ ਸਾਰਾ। ਤੀਸਰੀ ਸਿਖੀ ਵੰਡ ਦਿਤੀ ਸਭ ਸੰਗਤ ਨੂੰ ਪਰ ਭਾਈ ਹੋਰ ਸਿਖ ਖਾਵਣ ਦੇ ਅਤੇ ਲੋੜਦੇ ਸਿਖ ਹੈਨ। ਕਿਆ ਕਰੇਗਾ ਸਿਖ ਜਾਂ ਸਿਦਕ ਨਾ ਧਾਰਦਾ। ਕਿਆ ਕਰੇਗਾ ਬਣਜ ਜਾਂ ਨਾਹਿ ਪਸਾਰਦਾ। ਕਿਆ ਕਰੇਗਾ ਵੈਦ ਜਾਂ ਲੋਭ ਨਾ ਹਾਰਦਾ। ਕਿਆ ਕਰੇਗਾ ਜਨਮ ਜਾਂ ਨਦੀ ਚਿਤਾਰਦਾ। ਨਾਨਕ

Sri Satguru Jagjit Singh Ji Elibrary NamdhariElibrary@gmail.com

ਸਫਲ ਕਰਮ ਜਾਂ ਨਾਮ ਕਰਤਾਰ ਦਾ। ਭਾਈ ਚਾਰ ਸਸਿਆਂ ਦਾ ਵਿਸਾਹੁ ਨਹੀ। ਸੁਨਾਰਾ ਸੌਕਣ ਸਪ ਸੀਹ ਕਰੇ ਘਾਤ ਅਗੀਹ। ਅਤੇ ਚਾਰ ਕਕੇ ਅਪਨਾ ਮੁਕਾ ਬਲਾ ਹੀ ਸਮਝਦੇ ਹੈਨ। ਕਾਜੀ ਕਰਾਲ ਕਾਨੂੰਗੋਇ ਕਸਵੀ । ਅਤੇ ਚਾਰ ਦੰਮਾ ਦੇ ਪਿਆਰੇ ਬਬੇ। ਬਾਮਣ ਬਣੀਆ ਬਖਸੀ ਬਲੰਤਣ ॥ ਸਾਖੀ ੨੫ ॥

ਤਥਾ ਸੂਰਜ ਪ੍ਰਕਾਸ਼ੋਕਤ ਚੌ:—

ਚਾਰ ਸਕਾਰ ਵਿਸਾਹੁ ਨ ਦੀਹ। ਸੁਨਿਆਰਾ ਸੌਕਣ ਸੱਪ ਸੀਹ।
ਤਿਮ ਹੀ ਲਖੀਐ ਚਾਰ ਕਕਾਰ। ਨਿਜ ਮੁਕਾਬਲਾ ਸਮਝਨ ਹਾਰ।
ਕਾਜੀ, ਕਾਨੂਗੋਇ, ਕਲਾਲ,। ਚੌਥਾ ਕਸਵੀ ਹੈ ਇਨ ਨਾਲ।
ਚਾਰ ਬਕਾਰ ਦੂਬ ਕੇ ਪਿਆਰੇ। ਇਨ ਤੇ ਭੀ ਰਹ ਆਪ ਸੰਭਾਰੇ।
ਬਾਹਮਣ ਬਣੀਆਂ ਬਖਸ਼ੀ ਹੋਇ। ਚਤੁਰਥ ਬਾਲਤਣ ਹਿਯਾ ਸੋਇ।
ਕਾਮੀ, ਕਪਟੀ, ਕਲਹੀ, ਕੂਰ । ਇਨ ਕੋ ਜਾਨ ਰਹੇ ਨਿਤ ਦੂਰ ।
ਚਾਰ ਕਕਾਰ ਸੰਗ ਨਹ ਕਰੈ। ਜੋ ਨਰ ਕਰੈ ਨਰਕ ਮੈ ਪਰੈ ।
ਇਮ ਕਲਗੀਧਰ ਵਚਨ ਉਚਾਰੇ। ਪੁਨਾ ਤਾਹਿਤੇ ਸਦਨ ਸਿਧਾਰੇ।

[ਰੁਤ ੩। ਅੰਸੂ ੪੨]

## (ਕੇਸ)

ਯਥਾ ਸੌ ਸਾਖੀ—ਏਕ ਵਾਰ ਸਭ ਦੇਸ ਪਰ ਤਾਪ ਆਇਆ ਗਰਜ ਕੇ ਤਾਂ ਡਲੇ ਕਹਿਆ ਪੁਛ ਕੇ ਗੁਰੂ ਪਾਸੋ ਸਿਰ ਕੇਸ ਰਖੋ ਅਤੇ ਬਾਣੀ ਪੜੋ ਭਾਏ ਕੇ ਮਾਰੇ

Sri Satguru Jagjit Singh Ji Elibrary NamdhariElibrary@gmail.com

ਸੰਗਤ ਪੜਨੂ ਗਈ ਦਮਦਮੇ ਨੂੰ ਸਾਰੇ ਸੁਖੇਨ ਹੀ ਰਹੇ। ਗੁਰੂ ਜੀ ਇਹੁ ਵਚਨ ਕੀਤਾ। ਧਰਮ ਸਾਲ ਬਣਾਵੇ ਟਹਲ ਕਰੋ ਤਾਪ ਤੇ ਵਚੋਗੇ ॥ ਸਾਖੀ ੪੧ ॥

ਤਥਾ—ਸੂਰਜ ਪ੍ਰਕਾਸ਼ ਦੇਖੋ ਐਨ ੧ ॥ ਅੰਸੂ ੨੬ ॥

ਤਥਾ—ਸੂਰਜ ਪ੍ਰਕਾਸ਼ ਵਿਚੋਂ ਚੌਃ—

ਦਾਨ ਸਿੰਘ ਸੁਨ ਕਾਰਨ ਜਾਕੋ। ਹੇਰਹਿ ਪਰਯੋ ਨਰਕ ਸਿਖ ਜਾਂਕੋ।
ਕੇਸਨ ਤੇ ਹਮ ਲੇਹੁ ਪਛਾਨ। ਚਹੈਂ ਵਚਾਵਨ ਕਸ਼ਟ ਮਹਾਨ।
ਕੇਸਨ ਤੇ ਗਹ ਤੁਰਤ ਨਿਕਾਰਹਿ। ਅਪਨੀ ਲਾਗੀ ਛਾਪ ਵਿਚਾਰੈ।
[ਐਨ। ੧। ਅੰਸੂ ੧੭]

ਤਥਾ—ਆਸਾ ਮਃ ੫—ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ। ਗੁਰ ਕੇ ਚਰਨ ਕੇਸ ਸੰਗਿ ਝਾਰੇ। ਸ਼ਬਦ ॥ ੬੧ ॥

ਤਥਾ ਸੂਹੀ ਮਃ ੫—ਕੇਸਾ ਕਾ ਕਰਿ ਬੀਜਨਾ ਸੰਤ ਚੰਉਰੁ ਢੁਲਾਵਉ। ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ ॥ ਸਬਦ ॥ ੪੨ ॥

ਤਥਾ ਸੂਹੀ ਮਃ ੫—ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ। ਸਬਦ ੫੪। ਇਤਯਾਦਕ।

## (ਬ੍ਰਾਹਮਣ ਸਾਧ ਕੀ ਸੇਵਾ ਕਰੋ)

ਯਥਾ ਸੌ ਸਾਖੀ ਵਿਚੋਂ—ਏਕ ਸਿਖ ਨੇ ਜਲ ਲਿਆਂਦਾ ਕਲਗੀਧਰ ਜੀ ਨੇ (ਸੁਣਦੇ ਹੀ ਜਲ ਸੁਟ

ਦਿਤਾ ਅਤੇ ਕਹਣ ਲਗੇ ਕੁਸਿਖ ਦਾ ਹਥ ਛੁਹਿਆ ਹੈ ਤਾਂ ਸਿਖ ਡਰਕੇ ਚਰਨ ਪਕੜ ਲੀਏ ਅਤੇ ਸਿਰ-ਮਿਦਾ ਹੋਇ ਬੋਲਿਆ ਮੈ ਸਿਖ ਆਦੀ ਹਾਂ ਚਰਨਾ ਦੀ ਪਾਹਲ ਹੈ ਵਖਸੀਏ। ਤਾਂ ਵਚਨ ਹੂਆ ਪੜੇਤੇ ਸਿਖ ਨਹੀ ਸਿਦਕ ਟਹਲ ਹੈ ਸੋਤੋ ਕਿਸੇ ਦੀ ਨਾ ਕਰੀ। ਤਾਂ ਸਿਖਾ ਹਥ ਤਾਹੀ ਪਵਿਤ੍ਰ ਹੋਵੈ ਜਾਂ ਟਹਲ ਕੀ ਹੋਗ ਚਰਨ ਤਾਹੀ ਪਵਿਤ੍ਰ ਹੁੰਦੇ ਹੈਨ ਜਾਂ ਤੀਰਥਾਂ ਨੂੰ ਗੁਰਾਂ ਸਾਧਾਂ ਨੂੰ ਦੂਸ਼ਨ ਕਰਨ ਜਾਵੈ। ਸਭ ਦੇਹ ਅਤੇ ਇੰਦ੍ਰੀਆਂ ਸੁਭ ਕਰਮ ਕੀ ਟਹਲ ਤੇ ਪਵਿਤ੍ਰ ਹੁੰਦੇ ਹੈਨ। ਸੋ ਸਿਖਾ ਕਰੀ ਨਹੀ ਟਹਲ ਕਾਹੂੰ ਕੀ ਇਸ ਤੇ ਤੇਰੇ ਹਥ ਅਪਵਿਤ੍ਰ ਕਾ ਜਲ ਐਸਾ ਹੈ ਜੈਸੇ ਮੁਰਦੇ ਦੇ ਅੰਗ ਅਪਵਿਤ੍ਰ ਹੁੰਦੇ ਹੈਨ ਤਾਂ ਸਿਖ ਨੇ ਵਖਸਾਇ ਕੇ ਟਹਲ ਉਠਾਈ ਸਿਖਾਂ ਕੀ ਸਾਧਾਂ ਬ੍ਰਾਹਮਣਾ ਅਥਿਤ ਕੋਈ ਹੋਵੈ॥ ਸਾਖੀ ੫੦॥

ਤਥਾ ਸੂਰਜ ਪ੍ਰਕਾਸ਼ ਰੁਤ ੪। ਅੰਸੂ ੭। ਤਾਂਤੇ ਐ ਅਕਲ ਤੋਂ ਹੱਥ ਧੋਕੇ ਬੈਠਣ ਵਾਲੇ ਸੰਕਾ ਬਾਜ਼ੀ! ਬ੍ਰਾਹਮਣ ਤੀਰਥਾਦਿਕ ਸੇਵਣੇ ਈਹਾਂ ਭੀ ਸਪਸ਼੍ਟ ਹਨ। ਅੱਖ ਉਘਾੜ ਕੇ ਦੇਖਃ—

## ( ਰਹਤ )

ਹੋਰ ਸੁਣ! ਸੌ ਸਾਖੀ ਵਿਚੋਂ,—'ਇਕੇਲੇ ਕੀ ਕੁਛ ਸੁਚ ਨ ਕਰਨੀ। ਬਹੁਤੇ ਬਾਲ ਜਹਾਂ ਸੁਚੇ

Sri Satguru Jagjit Singh Ji Elibrary NamdhariElibrary@gmail.com

ਬਰਨੀ। ਭਗਤ ਸੁਧ ਨਹੀ ਸੁਧ ਅਚਾਰ। ਬਹੁਤਨ ਗ੍ਰਿਹ ਸਦ ਸੁਧ ਸਵਾਦ। ਘਰ ਸੁਧੀ ਗਰਹਸਤੀ ਜਹਿ ਬਹੁਤੇ। ਏਕਲ ਘਰ ਧ੍ਰਿਗ ਦੇਵ ਨ ਭੁਗਤੇ ॥'

ਦੋਃ—ਸਾਧੂ ਏਕਾਕੀ ਭਲਾ ਸੁਧ ਦੇਹ ਮਨ ਸੁਧ। ਗਰਿਹੀ ਬਹੁਤੇ ਸੁਧ ਕਰ ਸੁਚ ਤਨ ਮਾਨਿਉ ਬੁਧ।' ਸਾਖੀ ॥ ੫੭ ॥

ਤਥਾ ਸੂਰਜ ਪ੍ਰਕਾਸ਼ ਐਨ ੧ ॥ ਅੰਸੂ ੪੫ ਮੇਂ ਭੀ ਸਪਸ਼ਟ ਹੈ।

ਤਥਾ ਸੌਸਾਖੀ ਦੋਃ—ਸਿਖਨ ਪੂਛਾ ਪ੍ਰੇਮ ਸੋ ਰਹਣੀ ਕੋ ਬਰਤੰਤ। ਕਿਸ ਕੋ ਦੇਵੈ ਕਿਮ ਰਹੈਂ ਕੈਸੇ ਵਰਤੈਂ ਸੰਤ। ਗੁਰੂ ਕਹੈਂ ਸੁਣ ਖਾਲਸਾ ਕੇਸ ਪਾਹਿਲ ਮੁਕਤ। ਕੈ ਖੰਡ੍ਹਾ ਪਾਹਿਲ ਭਲੀ ਕੈ ਚਰਨਨ ਕੀ ਜੁਗਤ। ਧਰੇ ਕੇਸ ਪਾਹਿਲ ਬਿਨਾ ਭੇਖੀ ਮੂੜ੍ਹਾ ਸਿਖ ਮੇਰਾ ਦਰਸਨ ਨਾਹਿ ਤਿਸ ਪਾਪੀ ਤਿਆਗੇ ਭਿਖ॥ ਏਕ ਮਜਬ ਰਹਣਾ ਭਲਾ, ਦੋ ਮੈ ਰਹੇ ਨ ਕੋਇ। ਮੇਰਾ ਸਿਖ ਕਹਾਇ ਕੈ, ਭਰਮੇ ਪਾਪੀ ਸੋਇ । ਤੀਨ ਪਰਕਾਰ ਮਮ ਸਿਖ ਕੇ, ਸਹਜੀ ਚਰਨੀ ਖੰਡ। ਜਾਤੇ ਕੇਸੀ ਹੋਇ ਸਿਖ, ਤੀਨੋ ਕਰੇ ਵਿਹੰਡ॥ ਏਕ ਸੋ ਕੇਸੀ ਜਾਨੀਏ ਦੂਜਾ ਕਹੋਂ ਉਪਕੇਸ। (ਚਰਨ ਪਾਹਿਲੀਉ ਕੇਸੀ॥ ਸਾਖੀ ੬੨।)

Sri Satguru Jagjit Singh Ji Elibrary NamdhariElibrary@gmail.com

ਮੁੰਡੀ ਸੰਗਤੀ ਕਹ ਆਏ ਹਾਂ।

# ( ਤੁਰਕ )

ਯਥਾ ਸੌ ਸਾਖੀ ਚੌਃ—

ਮੇਰਾ ਸੋ ਜੋ ਰਹਤ ਰਹਾਵੈ। ਪਹਰ ਰਾਤ ਅਸਨਾਨ ਕਰਾਵੈ।
ਬਾਨੀ ਗੁਰ ਕੀ ਅਵਰ ਨ ਪਾਠ। ਪੜੈ ਗੁਰਮੁਖੀ ਤਿਆਗੇ ਠਾਠ।
ਵੇਦ ਸ਼ਾਸਤ੍ਰ ਗੁਰ ਵਾਕ ਕੋ ਧਾਰੈ। ਅਵਰ ਵਿਆਧ ਸਮ ਸਗਰੀ ਟਾਰੈ।
ਅਰਬੀ ਫਾਰਸੀ ਅਖਰ ਨਾ ਪੜ੍ਹੇ। ਮੇਰਾ ਸਿਖ ਨੌਕਰੀ ਕਹੂੰ ਕਰੇ।
ਤੁਰਕ ਕੋ ਮਾਥਾ ਕਵਹੂੰ ਨਾ ਝੁਕਾਇ। ਤੁਰਕ ਸੰਗ ਵੈਠੇ ਨਾ ਖਾਇ।
[ਸਾਖੀ। ੬੨॥]

ਤਥਾ—ਤੁਰਕ ਪਾਰਸੀ ਜੋ ਪੜੈ ਜੀਵਨ ਲੀਏ ਸਿਖ। ਤੁਰਕ ਮੀਤ ਵਿਸਾਹੁ ਕਰ ਗੁਰ ਤੇ ਸਦਾ ਬੇਮੁਖ॥ ਸਾਖੀ। ੮॥

ਤਥਾ—ਸੂਰਜ ਪ੍ਰਕਾਸ਼ ਵਿਚੋਂ ਚੌਃ—

ਜਮਨ ਸੰਗ ਤੇ ਨਾਸਹਿ ਧਰਮ। ਬੋਲਨ ਮਿਲਨ ਸਪਰਸ਼ ਅਧਰਮ।
[ਰਾਸ। ੧੨। ਅੰਸੂ। ੧੦॥]

ਤਥਾ—ਅਸ਼ਟਮ ਗੁਰੂ ਵਾਕਯ। ਜੈ ਸਿੰਘ ਰਾਜੇ ਪ੍ਰਤਿ ਚੌਃ—

ਤੁਰਕ ਦਰਸ਼ ਲੇਨੋ ਨਹ ਦੇਨਾ। ਇਹੁ ਦ੍ਰਿੜ ਜਾਨਹੁ ਕਬਹੁ ਚਲੇ ਨਾ।
ਨਿਜ ਨਿਸਚੋ ਹਮਨੇ ਕਹ ਦੀਨਸ। ਤੂੰ ਬੁਧਵਾਨ ਲੇਹੁ ਮਨਿ ਚੀਨਸ।
[ਰਾਸ। ੧੦। ਅੰਸੂ। ੪੦॥

ਤਥਾ—ਚਾਣਕਯ ਨੀਤੀ ਦਰਪਣੋਕਤ॥ ਸਲੋਕ—

ਚਾਂਡਾਲਾਨਾਂ ਸਹਸ੍ਰੈਸ਼੍ਚ ਸੂਰਿਭਿਸਤੱਤ੍ਵ ਦਰਸ਼ਿਭਿਃ॥
ਏਕੋ ਹਿ ਯਵਨਃ ਪ੍ਰੋਕ੍ਤੋ ਨ ਨੀਚੋ ਯਵਨਾਤਪਰਃ॥
[ ਸਃ ੫॥ ਧਿਃ ੮॥ ]

ਦੋਹ:—ਏਕ ਸਹਸ ਚੰਡਾਲ ਸਮ ਯਵਨ ਨੀਚ ਇਕ ਹੋਇ। ਤਤ ਦਰਸੀ ਕਹਿ ਯਵਨ ਤੇ ਨੀਚ ਔਰ ਨਹ ਕੋਇ॥ ਧਿ: ੮। ਸ: ੫॥

ਤਥਾ—ਸੌ ਸਾਖੀ॥ ਮੁਸਲਮਾਨ ਕੀ ਅਨ ਅਤ-ਵਾਰੀ ਸਿਖ। ਖਾਵਤ ਜਾਕਾ ਕਾਗ ਸਮ ਤਿਸੀ ਬੁਰਾਈ ਲਿਖ॥ ਸਾਖੀ। ੯੭॥

ਤਥਾ—ਸੂਰਜ ਪ੍ਰਕਾਸ਼ ਐਨ। ੨। ਅੰਸੂ। ੧੯॥

ਤਥਾ—ਸੌ ਸਾਖੀ॥ ਚਾਰ ਮਮਿਆਂ ਦਾ ਬਸਾਹ ਨ ਕਰੀਏ। ਮੁਸਲਮਾਨ॥ ੧॥ ਮਤਰੇਈ॥ ੨॥ ਮੱਖੀ॥ ੩॥ ਮਨ॥ ੪॥ ਸਾਖੀ। ੯॥

ਤਥਾ—ਸੂਰਜ ਪ੍ਰਕਾਸ਼ ਰੁਤ। ੩। ਅੰਸੂ। ੫੧॥

ਤਥਾ ਸੂਰਜ ਪ੍ਰਕਾਸ਼ੋਕਤ—ਸ੍ਰੀ ਦਸਮੇਸ ਜੀ ਪਾਸੋਂ ਭਾਗਨੇ ਲਗਿਆਂ ਮੁਸਲਮਾਨਾਂ ਨੌਕਰਾਂ ਨੂੰ ਗੁਰੂ ਜੀ ਨੇ ਕਹਣਾ ਚੌ:—

ਜਿਨਕੇ ਪੰਚ ਪਚੀਸਹੁ ਪਾਇ। ਬਨੋ ਬੀਰ ਉਰ ਧੀਰ ਟਿਕਾਇ।
[ਰੁਤ। ੨। ਅੰਸੂ। ੨੦॥]

ਤਥਾ—ਤਊ ਨਾ ਧੀਰ ਮੂਢ ਕੋ ਆਈ। ਲਖੈ ਜੰਗ ਕੋ ਮਿਰਤੁ ਨਿਯਾਰਾਈ।
ਤਥਾ—ਸੁਨ ਕਲਗੀਧਰ ਵਚਨ ਬਖਾਨੇ। ਨਿਕਸਹੁ ਗੀਦੀ ਮੂਢ ਮਹਾਨੇ।
ਅਸਧੁਜ ਕਰਹਿ ਹੋਇ ਹੈ ਸੋਈ। ਤੁਰਕਨ ਕੋ ਵਿਸਵਾਸ ਨ ਕੋਈ।
[ਰੁਤ। ੨। ਅੰਸੂ। ੨੧। ਸੂਰਜ ਪ੍ਰਕਾਸ਼ ਇਤਿ॥]

Sri Satguru Jagjit Singh Ji Elibrary NamdhariElibrary@gmail.com

ਤਥਾ—ਨੀਚ ਜਾਤ ਤੇ ਦੂਰ (ਰਹਣਾ) ਕਹ ਆਏ ਹਾਂ ॥

ਤਥਾ ਦਸਮ ਗੁਰੂ ਗ੍ਰੰਥ ਵਿਚੋਂ ॥ ਦੋ:—ਨੀਚ ਸੰਗ ਕੀਜੋ ਨਹੀ ਸੁਨਹੋ ਮੀਤ ਕੁਮਾਰ । ਭੇਡ ਪੂਛ ਭਾਦੋ ਨਦੀ ਕੋ ਗਹਿ ਉਤਰਯੋ ਪਾਰ ॥ ਚਰਿਤ੍ਰ ॥ ੧੯੨ । ਛੰ: । ੧੫ ॥

ਯਾਂਤੇ ਤੁਰਕ ਸੇ ਵਾਟਾ ਅਭੇਦ ਕਰਨ ਵਾਲੋਂ ਕੋ ਈਹਾਂ ਭੀ ਧੋਖਾ ਲਗੇਗਾ ॥

---

## (ਰਹਤ)

ਯਥਾ—ਸੌ ਸਾਖੀ ॥ ਲੋਭੀ ਠਹਰੇ ਨਾਹੀ ਮੀਤ । ਸਿਖ ਪਹਾੜੀ ਕਰੈ ਨ ਪਰੀਤ । ਚਾਰ ਬਰਨ ਸੰਗ ਬਰਤੇ ਐਸੇ । ਸੁਨ ਸਿਖ ਮਮ ਵਚਨ ਹੈਂ ਜੈਸੇ । ਬ੍ਰਾਹਮਣ ਚਰਨ ਪਾਹਲੀ ਹੋਵੈ । ਅਥਵਾ ਸਹਜੀ ਸਿਖੀ ਹੋਵੇ । ਮੇਰਾ ਸਿਖ ਆਨ ਸਭ ਤਿਆਗੇ । ਭੇਖ ਬ੍ਰਾਹਮਣ ਦਾਨ ਨ ਛਾਜੇ । ਲੋਭੀ ਬ੍ਰਾਹਮਣ ਦੂਰ ਤਿਆਗੈ । ਮੇਰਾ ਸੋ ਜੋ ਮੁਖ ਨਹਿ ਲਾਗੈ । ਸਰਵਰੀ ਸ਼ਕਤੀ ਬ੍ਰਾਹਮਣ ਤਿਆਗ । ਆਡਾਟੀਕੇ ਮੁਖੋ ਨ ਲਾਗ । ਬ੍ਰਾਹਮਣ ਸਿਖ ਨਿੰਦਿਆ ਕਰੈ । ਤਿਸ ਪਾਪੀ ਕੇ ਦੋ ਸੌ ਮਰੈ । ਖੰਡੇ ਪਾਹਿਲ ਕਰੇਨਾ ਪਿੰਡ । ਪਿਤ-

Sri Satguru Jagjit Singh Ji Elibrary NamdhariElibrary@gmail.com

ਰਨ ਹੇਤ ਭੁਗਾਵੈ ਅੰਨ। ਦੇਹ ਪੁਛਾਕੀ ਧਨ ਸਭ ਦੇ। ਅਵਰ ਮਜਬ ਕੇ ਸਿਖਨ ਦੇ। ਜੇਕੋ ਮੇਰਾ ਨਾਹੀ ਸਿਖ। ਤਿਸ ਬ੍ਰਾਹਮਣ ਦੇ ਨਾ ਭਿਖ । ਅਥਵਾ ਬ੍ਰਾਹਮਣ ਮੇਰਾ ਪੰਥ। ਚਰਣ ਪਾਹਲ ਮੋਹ ਸੋ ਕੰਥ। ਬਾਹਮਣ ਕੇਸ ਬਿਨ ਪਾਹਲ ਧਾਰੇ । ਪਾਖੰਡੀ ਕੋ ਦੂਰ ਨਿਵਾਰੇ ॥

ਦੋ:—ਮੇਰੇ ਸਿਖਨ ਭੇਖ ਧਰ ਦਾਨ ਲੂਟਨੇ ਹੇਤ। ਧਰੇ ਕੇਸ ਰਿਖ ਧੰਦ ਤਜ ਕਪਟੀ ਪਾਪੀ ਕੇਤ। ਬਿਪ੍ਰ ਬਰਣ ਉਤਮ ਵਡੋ ਤੀਨ ਦੇਵਕੋ ਰੂਪ। ਪਲਟੇ ਮਜਬ ਪੀਰਨ ਜਜੈ ਸੋ ਪਾਪੀ ਪੜੇ ਕੂਪ । ਪ੍ਰਿਥਮ ਰਿਖ ਸਮਾਨ ਹੈ ਜਟਾ ਜੂਟ ਵਿਵਹਾਰ। ਅਰਧ ਵਾਲ ਪੁਨ ਪਾਹਲੀ ਚਰਨ ਪ੍ਰੇਮੀ ਸਾਰ। ਭੇਖੀ ਕੇਸ ਧਰ ਆਨ ਸਿਖ ਪੂਜਤ ਤੁਛੰਨ ਦੇਵ। ਤਾਹਿ ਨ ਪਾਨੀ ਦੀਜੀਏ ਮੇਰਾ ਸਿਖ ਸੁਸੇਵ। ਕੇਸ ਧਾਰੀ ਭੇਖੀਆ ਜੀਵਨ ਕੇ ਤਿਨ ਕਾਜ। ਧਰੇ ਕੇਸ ਚੰਡਾਲ ਸਮ ਦੀਆ ਦਾਨ ਤਿਸ ਬਾਦ ਚੌ:—

ਮੇਰਾ ਸਿਖ ਸੀਤਲਾ ਮਾਨੈ । ਭੇਖੀ ਕੋ ਜੋ ਦੇਵੈ ਦਾਨੈ।
ਜਹਾਂ ਕਹਾਂ ਖਾਵੈ ਪ੍ਰਸਾਦ । ਮੇਰਾ ਸਿਖ ਨ ਆਦ ਜੁਗਾਦ।
ਬਿਨਾ ਬੂਝੈ ਦੇਵਨ ਕੋ ਜਜੈ। ਮੈ ਛੋਡਾ ਸੋ ਸਿਖ ਮਮ ਤਜੈ।
ਮੇਰਾ ਸਿਖ ਜੋ ਤੀਰਥ ਜਾਵੈ । ਅਥਿਤ ਦੇਖਕੇ ਭੋਗ ਭੁਗਾਵੈ।
ਜੋ ਦੇਵੈ ਦਾਨ ਪਰਬ ਕੋ ਮਾਨ । ਗੁਰਵਿਸਵਾਸੀ ਗੁਰਅਸਥਾਨ।
ਵੇਖੇ ਨਾਹਿ ਤੀਰਥ ਕੇ ਪਾਂਡੇ । ਕਰੈ ਭੇਖ ਵਨ ਆਵੈ ਆਡੇ।

ਰਹੈ ਅਕਾਂਤ ਪਰੀਤ ਜਨ ਦੂਰ । ਮਮ ਵਿਚਾਰ ਸੁ ਨਿਤ ਭਰਪੂਰ ।
ਸਿਖ ਭੁਗਾਵੈ ਮੇਰਾ ਸਿਖ । ਸਿਖ ਭੇਖ ਨਹਿ ਮੇਰਾ ਬਿਖ ।

ਦੋਹ:—ਕੇਸ ਵਾਨ ਬਿਨ ਕੇਸ ਹੋਇ ਮੇਰਾ ਹੋਇ ਨਸੰਗ । ਬਾਹਮਣ ਸੋਈ ਬਿਆਸ ਸਮ ਦੇਵੈ ਦਾਨ ਨਸੰਗ ॥ ਸਾਖੀ । ੬੨ ॥

ਤਥਾ ਸੂਰਜ ਪ੍ਰਕਾਸ ਵਿਚੋਂ ਦੋਹ:—ਹੋਇ ਸਕੇਸ ਕੈ ਕੇਸ ਬਿਨ ਮੇਰਾ ਹੋਇ ਨਸੰਗ, ਆਗੇ ਪਾਠ ਵਹੀ ਹੈ, ॥ ਰੁਤ । ਪ । ਅੰਸੂ । ੩੭ ॥

ਤਥਾ—ਸੌ ਸਾਖੀ ॥ ਕੰਨਿਆ ਦੇਵੈ ਸਿਖ ਕੋ ਲੇਵੈ ਨਹ ਕੁਛ ਦਾਮ । ਮੇਰਾ ਸੋਈ ਸਿਖ ਹੈ ਪਹੁੰਚੈ ਮੇਰੇ ਧਾਮ । ਪੀਰ ਸਰਵਰੀ ਸੀਤਲਾ ਜੋਗੀ ਭੂਤ ਨਾ ਸੇਵ । ਗੁਰ ਸੇਵੈ ਸਭ ਕਾਜਮੈ ਪਹੁੰਚੈ ਮਮ ਦਰ ਤੇਵ । ਅਨੰਦ ਜਪ ਨਿਤ ਹੀ ਪੜੇ ਥੋੜਾ ਸਾਰਾ ਸਿਖ । ਰਹਿਰਾਸ ਆਰਤੀ ਸਬਦ ਪੁਨ ਕੀਰਤਨ ਸੁਨੈ ਸੁਭਿਖ । ਸਿਖ ਸਿਖਣੀ ਮਿਲ ਬਹੈ ਚਰਚਾ ਕਰੈ ਅਪਾਰ । ਭਜਨ ਸਿਖਾਵੈ ਪੂਤ੍ਰ ਕੋ ਨਿਤ ਭਜ ਵਾਰੰਬਾਰ । ਖਤ੍ਰੀ ਸਿਖ ਪੁਨ ਵੈਸ ਹੋਇ ਸਰਾਧ ਪਿਤ੍ਰ ਕੋ ਜਾਨ । ਕਰੈ ਕਰਾਵੈ ਵਿੱਪ੍ਰ ਸਿਖ ਆਨਨ ਵਿੱਪ੍ਰਨ ਮਾਨ । ਦੇ ਕੁਦਾਨ ਜੋ ਸਿਖ ਮਮ ਗਾਹਕ ਜਾਵੈ ਨਰਕ । ਆਪਨੋ ਭਲੋ ਤਾਕੋ ਬੁਰਾ ਤਾਹੀ ਤੇ ਕਰ ਫਰਕ । ਗੁਰੂ ਭਰੋਸਾ ਆਸ ਗੁਰ

ਨਾ ਕੋਈ ਲੋਕ ਪ੍ਰਲੋਕ । ਸਦਾ ਸਨਾਨੀ ਗਿਆਨ ਸਿਖ ਸਿਖ ਰੀਤ ਬਿਨ ਸੋਕ ॥ ਸਾਖੀ । ੬੨ ॥

---

## (ਫ਼ਾਰਸੀ)

**ਸ਼ੰਕਾ**—ਸ੍ਰੀ ਗੁਰੂ ਜੀ ਆਪ ਫ਼ਾਰਸੀ ਪੜ੍ਹੇ ਹੋਏ ਸਨ, ਹਿਕਾਇਤ ਆਦਿਕ ਲਿਖੀਆਂ ਹੈਂ ਅਤੇ ਪੂਰਬ ਫ਼ਾਰਸੀ ਅਰਬੀ ਅਖਰ ਮਨ੍ਹਾ ਕਰੇ ਹੈਂ ।

**ਉਤਰ**—ਠੀਕ ਸਤਿਗੁਰਾਂ ਦਾ ਵਚਨ ਹੈ ।

**ਸ੍ਰੀ ਰਾਗ ਦੀ ਵਾਰ ਵਿਚੋਂ ਮਃ ੩—ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ । ਮਨਮੁਖੁ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ ॥ ਪੌਃ ੧੨ ॥**

ਕਿਉਂ ਜੂਨੀਆਂ ਮੇਂ ਭ੍ਰਮਣੇ ਕੀ ਪੋਟ ਉਠਾਈ ਹੈ । ਪ੍ਰਿਥਮ ਤੋ ਹਮ ਪੂਛਤੇ ਹੈਂ ਗੁਰੂ ਜੀ ਕਿਸ ਸੇ ਪੜ੍ਹੇ । ਪਹਿਲੇ ਅਢਪੜ੍ਹ ਸਿਧ ਹੂਏ । ਯਾਂਤੇ ਐਸੇ ਮਨਨਾ ਜੋਗ ਹੈ ਪ੍ਰਿਥਮ ਤੋ ਗੁਰੂ ਜੀ ਕੇ ਮੁਖਾਰਬਿੰਦ ਸੇ ਪ੍ਰਗਟ ਭਈ ਤਥਾ ਗੁਰਮੁਖੀ ਕੇ ਪਰਮ ਪਵਿਤ੍ਰ ਅਖਰੋਂ ਮੇ ਲਿਖੀ ਗਈ ਯਾਂਤੇ ਗੁਰਮੁਖੀ ਹੀ ਹੈ । ਵਾ ਇਸ ਮੇਂ ਮਲੇਛ ਧਰਮ ਕੀ ਸਿਖਜਾ ਨਹੀਂ ਹੈ ਅਤੇ ਵੈਦਿਕ ਧਰਮ ਕੀ ਨਿੰਦਾ ਕਰਕੇ ਹਿੰਦੂ ਧਰਮ ਮੈ ਗਿਲਾਨੀ ਨਹੀਂ ਕਰਵਾਈ ਜਾਂਦੀ ਵਾ ਸ੍ਰੀ ਗੁਰੂ ਜੀ ਕਾ ਹੀ ਪਰਮ ਪਵਿਤ੍ਰ ਅਨੁਭਵ ਰੂਪ ਹੈ । ਇਸ ਤੇ ਇਸ ਕੇ ਪੜ੍ਹਨੇ ਸੇ ਤੋ ਪੁੰਨ ਕੀ ਉਤਪਤੀ ਹੈ ਔਰ ਜੋ ਗੈਰ ਧਰਮ ਕੀ ਸਿਖਿਆ ਕੀ ਸ਼ਕਲ ਮੇਂ ਵੈਦਕ ਧਰਮ ਸੇ ਵਿਰੁਧ ਤਿਸ ਕੇ ਪੜ੍ਹਨੇ ਸੇ ਸਿਖੀ ਸੇ ਬੇਮੁਖ ਹੋ ਜਾਤਾ ਹੈ ।

Sri Satguru Jagjit Singh Ji Elibrary NamdhariElibrary@gmail.com

ਯਥਾ ਸੌ ਸਾਖੀ–ਪਰਨਾਰੀ ਰਮਤਾ ਜੋਈ ਪੜ੍ਹੇ ਪਾਰਸੀ ਜੀਵ। ਨਾਮੈ ਤਾਕਾ ਨਾਹ ਮਮ ਸਿਖ ਨਾ ਜਲ ਤਿਸ ਪੀਵ। ਫਾਰਸੀ ਜਾਕੇ ਘਰ ਪੜੈ ਤਾਕਾ ਨਹੀ ਵਸਾਹ। ਤਾਂਕਾ ਛੁਹਿਆ ਨਾ ਖਾਈਐ ਤਜਿਆ ਧਰਮ ਕਾ ਰਾਹ॥ ਸਾਖ ੬੨॥

ਤਥਾ–ਇਹੁ ਬਾਹਟ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ। ੫। ਅੰਸੂ ੩੭। ਮੇਂ ਭੀ ਸਪਸ਼ਟ ਹੈ।

ਤਥਾਸੂਰਜ ਪ੍ਰਕਾਸ਼ੋਕਤ–ਨੌਰੰਗਜੇਬ ਨੇ ਮਲੇਛ ਧਰਮ ਫੈਲਾਵਨਾ॥ ਚੌਃ॥

ਵਾਰ ਵਧੂ ਹਿੰਦਵਾਇਨ ਜੇਤੀ॥ ਵੀਚ ਬਜਾਰਨ ਬਰਜੀ ਤੇਤੀ॥
ਕਰੀ ਪਠਾਵਨ ਸਭ ਤੁਰਕਾਨੀ॥ ਇਮ ਵਿਚਾਰਉਰਮੈ ਵਿਧਿ ਠਾਨੀ॥
ਹਿੰਦਨੀ ਵੇਸ਼ਜਾ ਨਹ ਜਬ ਹੋਇ॥ ਰਮੈ ਤੁਰਕਣੀ ਹਿੰਦੂ ਜੋਇ॥
ਤਤ ਛਿਨ ਅਪਨੋ ਧਰਮ ਨਸਾਵੈ॥ ਤੁਰਕ ਮਤੋ ਇਮ ਵਧਤੋ ਜਾਵੈ॥
ਰਜਕ ਕੁਜਰੇ ਪਾਨੀ ਹਾਰ॥ ਸਗਰੇ ਤੁਰਕ ਕਰੇ ਤਿਸ ਵਾਰ॥
ਤਥਾ ਚੌਃ-ਸ਼ਾਸਤ੍ਰ ਤੇ ਸੁ ਜੀਵਕਾ ਹਟੀ। ਪਠਨ ਸੁਨਤ ਤੇ ਸਭ ਮਤਿ ਲਟੀ॥
ਪਢੈ ਪਾਰਸੀ ਹਿੰਦੂ ਜੋਇ। ਅਧਿਕ ਜੀਵਕਾ ਪ੍ਰਾਪਤਿ ਹੋਇ॥
ਇਮ ਵਿਧਿ ਲਖ ਕੈ ਹਿੰਦੂ ਧਨੀ। ਲਗੇ ਪਾਰਸੀ ਪੜਬੇ ਘਨੀ॥
ਸਲਾਮਾਲੇਕਮ ਮੁਖੋ ਅਲਾਵੈਂ। ਵੈਠ ਮਸੀਤੇਂ ਸਬਕ ਪਕਾਵੈ॥
ਰਾਮ ਰਾਮ ਅਰ ਵੰਦਨ ਕਰਨੀ। ਸਭਨ ਪਰਸਪਰ ਕੀਨਸ ਹਰਨੀ॥
ਮਿਲਤ ਸਲਾਮ ਕਰੈ ਸਭ ਕੋਇ। ਸ਼ਾਸਤ੍ਰ ਵਿਦਿਆ ਨਿੰਦਜਾ ਸੋਇ॥
ਕਹੈਂ ਡਕੌਂਤੀ ਪੜਨੋ ਏਹੁ। ਹੇ ਸੁਤ ਕਿਆ ਇਸ ਪਠ ਕਰ ਲੇਹੁ॥

ਨਿਜ ਸਿਸ ਤੁਰਕ ਸਮੀਪ ਪਠਾਵੈਂ । ਕਹੈਂ ਪਠੋ ਇਸਤੇ ਧਨ ਪਾਵੈਂ ॥
ਤਥਾ—ਛਤਰੀ ਪਠਹਿ ਪਾਰਸੀ ਇਲਮ । ਤਿਆਗਤ ਧਰਮ ਨ ਲਾਵੈ ਬਿਲਮ।
ਤਥਾ—ਤੰਬੇ ਤੇਰ ਪਾਇ ਕਰ ਜਾਇ । ਇਤਯਾਦਕ ਬਿਪਰਯੇ ਸਮਦਾਇ ॥
ਤਥਾ—ਜਿਮ ਰਾਵਣ ਗਨ ਧਰਮ ਹਟਾਏ । ਤਪਸੀ ਆਦਿਕ ਅਧਿਕ ਦੁਖਾਏ ।
ਤਿਮ ਨੌਰੰਗ ਵਾਦੀ ਚਵਗੱਤਾ । ਨਾਨਾ ਭਾਂਤਨ ਕੀਨ ਕੁਮੱਤਾ ॥
ਤਥਾ—ਕਵ ਸੰਤੋਖ ਸਿੰਘ ਇਸੀ ਪ੍ਰਕਾਰੁ । ਹਿੰਦੂ ਅਨਕ ਧਰਮ ਗਏ ਹਾਰ ॥

[ਰਾਸ ॥ ੯ ॥ ਅੰਸੂ ॥ ੩੨ ॥

ਤਥਾ ਦਸਮ ਗੁਰੂ ਵਾਕਜ ਸੌ ਸਾਖੀ ਦੋਃ—

ਅਬ ਭੀ ਮਲੇਛੀ ਵਧੀ ਅਧਕ, ਸਿੰਘ ਖਪਾਵੈ ਬੀਰ । ਮੇਰੀ ਸਿਖਿਆ ਸਾਤ ਜਾਨ, ਨਾਹਿ ਭੁਲਾਵਹੁ ਧੀਰ ॥ ਸਾਖੀ ॥ ੬੫ ॥

ਤਥਾ—ਇਹੁ ੬੫ ਸਾਖੀ ਦਾ ਪ੍ਰਸੰਗ ॥ ਰੁਤ ॥ ੫ ॥ ਅੰਸੂ ॥ ੩੮ ॥ ਮੇ ਭੀ ਜਾਨਣਾ ॥

ਤਥਾ—ਦਸਮ ਦਰਵਾਰ ਵਿਚੋਂ ॥ ਫਾਰਸੀ ਬੋਲ ਮਲੇਛ ਕਹੈਂ ਰਨ ਤੇ ਟਰਕੇ ਪਗ ਏਕ ਨ ਆਵੈ । ਸ੍ਰੀ ਕ੍ਰਿਸ਼ਨਾਵਤਾਰ ॥ ਛੰਃ ॥ ੧੯੦੪ ॥

ਯਾਂਤੇ ਈਹਾਂ ਭੀ ਫਾਰਸੀ ਮਲੇਛ ਭਾਸ਼ਾ ਸਪਸ਼ਟ ਹੈ । ਯਾਂਤੇ ਇਤਯਾਦਕ ਗੁਰੂ ਵਚਨਾ ਤੋਂ ਫਾਰਸੀ ਪੜਨੇ ਵਾਲਾ ਧਰਮ ਦਾ ਪੂਰਾ ਭੰਡਾਰਾ ਕਿਉਂ ਨਾ ਹੋ ਜਾਵੇ ।

ਤਥਾ ਸੌ ਸਾਖੀ ਵਿਚੋਂ—ਸਰਾਧ ਕਰਾਈ ਬਿਆਹ ਧਨ ਮੇਰਾ ਸਿਖ ਦਿਜ ਖਾਹਿ । ਸੋ ਭੇਖੀ ਪਾਪੀ ਅਧਿਕ ਤਿਥ ਨ ਦੇਵੈ ਤਾਹਿ । ਗ੍ਰਹ ਪੂਜਾ ਪੁਨ ਗਾਇਤ੍ਰੀ ਵੇਚ ਦਾਮ ਲੇ ਵਿੱਪ੍ਰ । ਗ੍ਰਹਣ ਦਾਨ ਛਾਇਆ ਪਸੂ ਖਾਵਤ ਨਰਕੀ ਖਿਪਤ । ਗਰਹਣ ਵੇਲ ਪੂਜਾ ਜਪੈ ਹੋਮ

Sri Satguru Jagjit Singh Ji Elibrary NamdhariElibrary@gmail.com

ਤ੍ਰਿਪਣੀ ਸਨਾਨ। ਛੁਟਾ ਗ੍ਰਹਣ ਦੇ ਦਾਨ ਮਮ ਸਿਖ *ਭੁਲਾਈ ਜਾਨ। ਦਾਨ ਲੇ ਜੋ ਗ੍ਰਹਣ ਮੈ ਆਤਮ ਘਾਤੀ ਮੂੜ੍ਹ। ਮੇਰਾ ਸਿਖ ਤਿਸ ਮੂੜ੍ਹ ਦਿਜ ਗੇਰੇ ਕੂਪਨ ਗੂੜ੍ਹ॥ ਦਾਨ ਪ੍ਰਿਤਗ੍ਰਹ ਨ੍ਰਿਧਨਾ ਲੇ ਕੁਲੀਨੀ ਜੋਇ। ਸਮ ਮਲੇਛ ਹੋਇ ਵਿਪ੍ਰਤਾ ਤਾਹਿ ਸ੍ਵਰਗ ਨਹ ਹੋਇ। ਕੰਨਿਆਂ ਧਨ ਦਿਜ ਗ੍ਰਹਣ ਧਨ ਦੇਵ ਪੂਜ ਜੋ ਖਾਇ। ਈਹਾਂ ਤਿਆਗੇ ਤਾਹਿ ਕੋ ਸੋ ਸਿਖ ਧਾਮ ਮਮ ਜਾਇ। ਮੇਰਾ ਸਿਖ ਗ੍ਰਿਥੀਆ ਕਹ ਆਏ ਹਾਂ। ਵਿਪ੍ਰ ਪ੍ਰਤਗ੍ਰੇਹੀ ਛੁਵੈ ਨ ਅੰਗ। ਸੋ ਮੇਰਾ ਹੈ ਤਿਸ ਕਾ ਸੰਗ। ਭੇਖ ਪਿਆਰਾ ਨਾਹਿ ਮਮ ਬਰਨ ਪਿਆਰਾ ਨਾਹਿ। ਰਹਤ ਪਿਆਰੀ ਮੋਹ ਕੋ ਸਿਦਕ ਪਿਆਰਾ ਆਹਿ। ਰਹਣੀ ਸਤਿਗੁਰ ਸਿਖ ਕੀ ਕਹੀ ਸੁ ਹਿਤ ਚਿਤ ਲਾਇ। ਪੜ੍ਹੈ ਸੁਣੈ ਭਰਾਤੀ ਲਹੈ ਮੁਕਤਿ ਗੁਰੂ ਘਰ ਜਾਇ॥ ਸਾਖੀ ੬੨॥

ਤਥਾ—ਸੂਰਜ ਪ੍ਰਕਾਸ਼ ਰੁਤ ੫। ਅੰਸੂ ੩੭।

---

*ਪਾਠਾਂਤ੍ਰ ਸੁਭ ਹੈ। ਸੂਰਜ ਪ੍ਰਕਾਸ਼ ਰੁਤ ੫॥ ਅੰਸੂ ੩੭॥

---

ਇਤਿ ਸ੍ਰੀ ਨਿਹੰਗ ਸੰਪੂਰਨ ਸਿੰਘ ਵਿਰਚਤੇ ਸੂਰਜ ਵੰਸ਼ੀਯ ਖਾਲਸਾ ਪੰਥ ਗ੍ਰੰਥੇ ਗੁਰਮਤਿ ਅਨੁਸਾਰ ਰਹਤਾ-ਦਿਕ ਵਯਵਸਥਾ ਵਰਣਨੰ ਨਾਮ ਚਤੁਰਥੋ-ਧਯਾਯਃ ॥ ੪ ॥

Sri Satguru Jagjit Singh Ji Elibrary NamdhariElibrary@gmail.com

੧ ਓ ਸਤਿਗੁਰਪ੍ਰਸਾਦਿ ॥

## ਅਥ

# ਪੰਚਮੋ ਧਯਾਯਃ ॥

## ਮੰਗਲ ॥

ਧਨਾਸਰੀ ਮਃ ੩—ਬਹੁਤੇ ਫੇਰ ਪਏ ਕਿਰਪਨ ਕਉ ਅਬਿ ਕਿਛੁ ਕਿਰਪਾ ਕੀਜੈ। ਹੋਹੁ ਦਇਆਲ ਦਰਸਨੁ ਦੇਹੁ ਆਪੁਨਾ ਐਸੀ ਬਖਸ ਕਰੀਜੈ। ਸਬਦ ੯।

ਤਥਾ ਦਸਮ ਗੁਰੂ ਗ੍ਰੰਥ ਸਾਹਿਬ ਵਿਚੋਂ ਸਵੈਯਾ— ਤਿਆਗ ਗਏ ਨ ਲਈ ਇਨਕੀ ਸੁਧ ਹੇਤ ਕਛੂ ਮਨ ਮੋਹ ਤੁਹਾਰੇ। ਆਪ ਰਚੇ ਪੁਰ ਬਾਸਨ ਸੋਂ ਇਨਕੇ ਸਭ ਪ੍ਰੇਮ ਬਿਦਾ ਕਰ ਡਾਰੇ। ਤਾਤੇ ਨ ਮਾਨ ਕਰੋ ਫਿਰ ਆਵਹੁ ਜੀਤਤ ਭੇ ਤੁਮਹੂੰ ਹਮ ਹਾਰੇ। ਤਾਤੇ ਤਜੋ ਮਥੁਰਾ ਫਿਰ ਆਵਹੁ ਹੇ ਸਭ ਗਊਅਨਿ ਕੇ ਰਖਵਾਰੇ॥ ਸ੍ਰੀ ਕ੍ਰਿਸ਼ਨਾ ਵਤਾਰ ਛੰਃ ੯੫੨ ॥

ਤਥਾ—ਜੈਤਸਰੀ ਦੀ ਵਾਰ ਵਿਚੋਂ ਸਲੋਕ ॥ ਚੰਦਨ ਚੰਦੁਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ। ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ॥ ਪੌਃ ੧੭ ॥

ਤਥਾ—ਮਾਰੂ ਵਾਰ ਮਃ ੫॥ ਡਖਣੇ॥ ਤੂ ਚਉ

Sri Satguru Jagjit Singh Ji Elibrary NamdhariElibrary@gmail.com

ਸਜਣ ਮੈਡਿਆ ਡੇਈ ਸਿਸੁ ਉਤਾਰਿ। ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥ ੧ ॥

ਤਥਾ—ਮਾਰੂ ਡਖਣੇ ਮ:੫—ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ। ਜੀਉ ਮਹਿਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ ॥ ਪੌ: ੨ ॥

ਤਥਾ—ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥ ਸਵੈਯਾ ॥ ਬੇਦ ਕਤੇਬ ਨ ਭੇਦ ਲਹਿਯੋ ਤਿਹਿ ਸਿਧ ਸਮਾਧਿ ਸਬੈ ਕਰਿ ਹਾਰੇ।ਸਿਮ੍ਰਿਤ ਸਾਸਤ੍ਰ ਵੇਦ ਸਬੈ ਬਹੁ ਭਾਂਤਿ ਪੁਰਾਨਿ ਬੀਚਾਰ ਬੀਚਾਰੇ।ਆਦਿ ਅਨਾਦਿ ਅਗਾਧਿ ਕਥਾ ਧ੍ਰੂਅ ਸੇ ਪ੍ਰਹਿਲਾਦਿ ਅਜਾਮਲ ਤਾਰੇ। ਨਾਮੁ ਉਚਾਰ ਤਰੀ ਗਨਿਕਾ ਸੋਈ ਨਾਮੁ ਅਧਾਰ ਬੀਚਾਰ ਹਮਾਰੇ ॥ ਛੰ:੯ ਪੰਨੇ ॥ ੬੯੪ ॥ ਟੈਪ ਦੀ ਬੀੜ ॥

ਗਨਕਾ ਉਧਰੀ ਹਰਿ ਕਹੇ ਤੋਤ ਇਸ ਸਬਦ ਨਾਲ ਮਿਲਾ ਲੈਣਾ।

ਤਥਾ—ਵਿਸਨਪਦ ਕਾਫੀ ਪਾਤਸਾਹੀ ੧੦ ॥ ਤਾਂ ਦਿਨ ਦੇਹ ਸਫਲ ਕਰ ਜਾਨੋ। ਜਾਂ ਦਿਨ ਜਗਤ ਮਾਤ ਪਰ ਫੁਲਿਤ ਹ੍ਵੈ ਦੇਹਿ ਬਿਜੈ ਬਰ ਦਾਨੋ। ਤਾਂ ਦਿਨ ਸੱਸਤ੍ਰ ਅੱਸਤ੍ਰ ਕਟ ਬਾਂਧੋ ਚੰਦਨ ਚਿਤਰ ਲਗਾਊ। ਜਾਕਹੁ ਨੇਤ ਨਿਗਮ ਕਹਿ ਬੋਲਤ ਤਾਸ ਸੁ ਬਰ ਜਬ ਪਾਂਊ। ਸ੍ਰੀ ਪਾਰਸਨਾਥਾਵਤਾਰੇ ॥ ਛੰ: ੭੬ ॥

ਤਥਾ—ਸੂਰਜ ਪ੍ਰਕਾਸ਼ ਵਿਚੋਂ ॥ ਕਬਿੱਤ ॥ ਨ੍ਰਿਦ੍ਰ

ਗੋਦਾਵਰੀ ਬਿਹੀਨ ਮਲ ਚਲੈ ਜਲ ਸਲਤਾ ਸੋ ਤੁਲ ਗੰਗ ਕੂਲ ਛਬ ਪਾਵਈ। ਖਰੇ ਖਰੇ ਤਰੁ ਖਰੇ ਹਰੇ ਹਰੇ ਪਾਤ ਜਰੇ ਪਾਂਤ ਪਾਂਤ ਕਰੇ ਛਾਇ ਸੰਘ ਨੀਕੋ ਛਬਵਾਈ। ਬੋਲਤ ਵਿਹੰਗ ਰੰਗ ਰੰਗ ਕੇ ਉਤੰਗ ਧੁਨਿ ਸ੍ਰੀ ਗੋਬਿੰਦ ਸਿੰਘ ਕੋ ਸਿੰਘਾਸਨ ਸੁਹਾਵਈ। ਜਾਇ ਦਰਸਾਵਈ ਮਨੋਰਥ ਉਠਾਵਈ ਸੁ ਕਾਮਨਾ ਕੋ ਪਾਵਈ ਸੰਤੋਖ ਸਿੰਘ ਗਾਵਈ ॥ ਐਨ ੨ ॥ ਅੰਸੂ ੨੫ ॥

ਸ਼ੰਕਾ—ਕੌਨ ਸੀ ਦੇਵੀ ਦਾ ਮੰਗਲ ਕੀਤਾ ਹੈ ਊਪਰ।

ਉੱਤਰ—ਤੇਰੇ ਨਾਸ ਕਰਨ ਵਾਲੀ ਦਾ। ਸੁਣ ਅਗੇ ਕੁਤਰਕੀਆ ਖਿਆਲ ਕਰ ਫਰੀਦ ਜੀ ਕਾ ਵਾਕਜ ਹੈ:—

ਫਰੀਦਾ ਮਉਤੈਦਾ ਬੰਨਾ ਏਵੈ ਦਿਸੈ ਜਿਉ ਦਰੀ ਆਵੈ ਢਾਹਾ। ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਾਹਾਹਾ। ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇਪਰਵਾਹਾ। ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥ ਸਲੋਕ ॥ ੯੮ ॥

ਤਥਾ—ਸੌ ਸਾਖੀ ਵਿਚੋਂ ॥ ਤੀਨ ਪੁਰਖ ਪਰ ਵੇਦ ਵਾਕ ਚੌਥੇ ਨਹੀ ਅਧਿਕਾਰ। ਮੁਕਤ ਮਮੁਖਜ਼ੂ ਵਿਖੇ ਕੋ ਪਾਮਰ ਚੌਥਾ ਧਾਰ ॥ ਸਾਖੀ ॥ ੬੩ ॥

ਤਥਾ—ਸੂਰਜ ਪ੍ਰਕਾਸ਼ ॥ ਰੁਤ ॥ ੫ ॥ ਅੰਸੂ ॥ ੧੦ ॥ ਦੇਖੋ! ਯਹ ਵੇਦਾਂਤ ਕਾ ਵਿਸ਼ੇ ਹੈ ਵਿਸਤਾਰ ਭੈ ਸੇ ਲਿਖਾ ਨਹੀ।

Sri Satguru Jagjit Singh Ji Elibrary NamdhariElibrary@gmail.com

# ਧਰਮ ਪ੍ਰੀਛਾ ਬ੍ਰਾਹਮਣੋ ਕੇ ਭੇਦ ਅਤੇ ਮਾਂਸਾਦਿਕ ਨਛੇਦ

ਯਥਾ ਸੌ ਸਾਖੀ—ਏਕ ਸਮੇ ਸ੍ਰੀ ਗੁਰੂ ਜੀ ਧਰਮੁ ਪਰੀਛਾ ਹੇਤ। ਕਰਿਉ ਜਗ ਨਿਉਤਾ ਦੀਆ ਭੋਜਨ ਕਰਾ ਸੰਕੇਤ। ਐਸੇ ਕਹਿਉ ਸੁਨਾਇਕੈ ਮਾਸ ਖਾਇ ਦਿਜ ਜੋਇ। ਸ਼ਿਰਫੀ ਏਕ ਦਛਣਾ ਤਿਸੈ ਐਸੇ ਕਹਿਉ ਸੁ ਜੋਇ। ਖੀਰ ਖਾਂਡਕਾ ਭੋਗੜਾ ਏਕ ਰੁਪਈਆ ਤਾਹਿ। ਜਬ ਖਾਇ ਚੁਕੇ ਬਹੁ ਲੋਭ ਕਰ ਮਾਸ ਅਹਾਰੀ ਆਇ। ਖੀਰ ਅਹਾਰੀ ਮੋਹਰ ਕਰ ਮਾਸ ਰੁਪਈਆ ਇਕ। ਵਚਨ ਦੀਆ ਸ੍ਰੀ ਗੁਰੂ ਜੀ ਲੋਭੀ ਧਰਮ ਨ ਜਿਕ। ਇਹ ਸਾਧੂ ਜਿਨ ਲੋਭ ਨਹ ਧਰਮ ਕਮਾਇਓ ਸਤ। ਮਾਸ ਖਾਇ ਵਿੱਪ੍ਰ ਕਹਾਂ ਸੋ ਚੰਡਾਲ ਕਾ ਮਿਤ। ਪੀਛੇ ਸਤਿਗੁਰ ਇਉਂ ਕਹਾ ਸੁਨੋ ਸਿਖ ਚਿਤ ਲਾਇ। ਮੇਰਾ ਸਿਖ ਸੋ ਜਾਨੀਓ ਮਾਸ ਖਾਇ ਦਿਜ ਨਾਇ। ਵਚਨ ਸੁਨਿਆ ਸਭ ਸੰਗਤੀ ਕਰੀ ਬੇਨਤੀ ਏਹ। ਜੋ ਵਿੱਪ੍ਰ ਪਾਹਲੀ ਹੋਵੈ ਤਾਕੀ ਕਰਨੀ ਕੇਹ। ਵਚਨ ਹੂਆ ਤਬ ਗੁਰੂ ਕਾ ਆਲਮ ਸਿੰਘ ਸਪੂਤ। ਧਰਮ ਛਤਰੀ ਪਾਇਕੇ ਦਿਜਤੇ ਹੂਆ ਪਰ ਹੂਤ । ਤਾਂਕੀ ਦਿਜਤਾ ਛਤਰ ਕੀ ਕਰੈ ਖੜਗ ਕੀ ਸੇਵ। ਨਾ ਨਿਉਤਾ ਨਾ

## ਦਾਨ ਪੂਜ ਜੋ ਦੇਵੈ ਤਿਹ ਦੁਖ ਤੇਵ ॥ ਸਾਖੀ ॥ ੬੪ ॥

ਭਾਵ ਕੈ ਮ੍ਰਿਤਿਕ ਯਦੀ ਬ੍ਰਾਹਮਣ ਕੋ ਭੀ ਛਤਰੀ ਧਰਮ ਕੋ ਪ੍ਰਾਪਤਿ ਹੂਏ ਦਾਨ ਨਿਓਂਦੇ ਕਾ ਅਧਿਕਾਰ ਨਹੀ ਤੋ ਜੋ ਜਨਮ ਕਾਹੀ ਛੱਤ੍ਰੀ ਹੈ ਤਿਸਕੇ ਵਾਸਤੇ ਕਹਾਂ ਅਧਿਕਾਰ ਹੋ ਸਕਦਾ ਹੈ ॥ ਪੁਜਾਰੀਆ ਹੋਰ ਬੋਲ ॥

ਤਥਾ ਸੌਸਾਖੀ–ਜਾਹੀਤੇ ਹਮ ਉਤਰਿਉ ਜਗਤ ਪਵੀਤ ਕੀ ਆਨ। ਮਦਰਾ ਮਾਸ ਕੋ ਛੋਡਨਾ ਯਹੀ ਬਿਪਰ ਕੀ ਮਾਨ। ਬ੍ਰਾਹਮਣ ਹੋਇਕੈ ਬਿਧ ਕਰੈ ਹਿੰਸਾ ਮਾਸ ਨ ਖਾਇ। ਖਾਵੈ ਸੋ ਲੁਚਾ ਵਿਪ੍ਰ ਸਮ ਚੰਡਾਲ ਕਹਾਇ। ਲੋਭ ਰਹਤ ਸਮਤਾ ਜਿਸੈ ਕਰੈ ਗਿਆਨ ਕਾ ਅੰਗ। ਦੇਵ ਰਿਖੀ ਸੋ ਹੋਤ ਹੈ ਮੇਰੇ ਵਚਨ ਅਭੰਗ। ਜੋ ਗਰੇਹੀ ਜੰਗਲ ਬਸੈ ਵੇਦ ਪੜੈ ਚਿਤ ਲਾਇ। ਉਛ ਸਿਲਾ ਕਰ ਜੀਵਹੈ ਮੁਨ ਸੋ ਵਿਪ੍ਰਨ ਰਾਇ। ਨਗਰ ਬਾਸ ਗ੍ਰਹ ਧਰਮ ਜੁਤ ਨਿੰਦਾ ਈਰਖਾ ਛੋਰ। ਸੋ ਬ੍ਰਾਹ-ਮਣ ਬਿਪ੍ਰ ਸਹੀ ਐਸੇ ਜਾਨੋ ਮੋਰ। ਸ਼ਸਤ੍ਰ ਤੇ ਛਤਰੀ ਭਇਆ ਹੱਟੀ ਤੇ ਹੈ ਵੈਸ। ਕਸਵ ਦਾਰ ਸੂਦ੍ਰ ਸਹੀ ਦਿਜਕਾ ਛਟਮਾ ਭੇਸ। ਗਾਇ ਨਿਰਤ ਤੇ ਨਟ ਬਿਪ੍ਰ ਚੁਗਲ ਦੂਤ ਤੇ ਮਲੇਛ। ਭਖ ਅਭਖ ਸਮਝੇ ਨਹੀ ਮਦ ਮਾਸ ਪਰ ਨਾਰ। ਸੋ ਚੰਡਾਲ ਤਿਹ ਤਿਆਗ ਕਰ ਮੇਰੋ ਸਿਖ ਨਿਹਾਰ। ਆਪ ਲੇ ਲੋਭੀ ਵਡਾ ਅਵ-ਰਨ ਦੇਖ ਘੁਰਰਾਇ। ਸੋ ਮਝਾਰ ਦਿਜ ਜਾਨੀਓ

ਤਾਹਿ ਨਾ ਦੇਵੈ ਭਾਇ । ਪਾਧਾ ਬ੍ਰਾਹਮਣ ਬਿਆਹ ਧਨ ਦਖਣਾ ਲੇ ਪਰ ਜੋਗ ! ਕਸਵੀ ਬਿੱਪ੍ਰ ਪਾਪ ਘਰ ਤਹ ਦਾਤਾ ਅਘ ਘੋਰ । ਬਿਪਰ ਪੜੈ ਹਰਕੋ ਭਜੈ ਨਿੰਦਾ ਉਸਤਤਿ ਤਿਆਗ । ਕਰੈ ਸੁਭਾਵਕ ਕਰਮ ਕੋ ਸੋ ਪਾਤਰ ਸੁਭ ਵਾਰ ਚੌ:—

ਬਿਪ੍ਰ ਹੋਇਕੇ ਏਕਤ ਬਿਆਹ । ਬਿਪਰ ਬਰਣ ਕੋ ਵਿਆਹਨ ਬਿਆਹ ।
ਬਿਆਹ ਕਰਾਈ ਲੇ ਨਾ ਦਾਨ । ਆਨ ਦੇਵ ਕੀ ਕ੍ਰੈ ਨਾ ਕਾਨ ।
ਵਿਧਿ ਕਰ ਤਾਗਾ ਵਿਧਿ ਕਰ ਵੇਦ । ਵਿਧਿ ਕਾ ਦਾਨ ਨਾ ਧਾਰੈ ਭੇਦ ।
ਭੋਜਨ ਦਾਨ ਕੁਦਾਨ ਤਿਆਗ । ਸੋ ਬਿੱਪ੍ਰ ਪੂਜਤ ਵਡ ਭਾਗ ।
ਗਰਹ ਨਾ ਲੇਵੈ ਤੁਲੈ ਨਾ ਮੂਰਤ । ਛਾਇਆ ਮ੍ਰਿਤਕ ਜਨਮ ਗਰਹ ਦੂਰਤ ।
ਬਿਨ ਮਾਂਗੇ ਪੜ ਵੇਦ ਪੁਰਾਣ । ਦੇਵ ਦੱਤ ਭੋਗੈ ਸੁਰ ਗਿਆਨ ।
ਲੇਵੇ ਦੇਵੈ ਮੋਹ ਨ ਕਰੈ । ਸੋ ਦਿਜ ਸਗਲ ਜਗਤ ਤੇ ਪਰੈ ।
ਤਿਨਕੇ ਪਾਇ ਪਰਤ ਮੁਹ ਤੇਜ । ਦੇਵ ਗਿਆਨੀ ਕਰਮਨ ਚੇਤ ।
ਮੈ ਜੋ ਪੰਥ ਕਰਾ ਤਹ ਕਾਰਨ । ਨਹ ਤੋ ਮੇਰੋ ਜਨਮ ਅਕਾਰਨ ।
ਮੇਰਾ ਸਿਖ ਨਾ ਨਿਵਤਾ ਮਾਨੈ । ਮੇਰਾ ਸਿਖ ਸੋ ਦਾਨਨ ਦਾਨੈ ।
ਮੇਰਾ ਸਿਖ ਵੈਰਾਗੀ ਰਹੈ । ਆਜ ਕਾਲ ਕਰ ਕਾਲ ਸੰਗ ਰਹੈ ।
ਸੁਆਮੀ ਧਰਮ ਕਰੈ ਨਿਤ ਪਾਲੈ । ਧਰਮ ਪਾਲ ਸੁਭ ਰਸਤਾ ਭਾਲੈ ।
ਸਮੈ ਸਮੈ ਸਿਰ ਭੋਗਨ ਸੇਵ । ਛਾਡ ਮੂੜ੍ਹਤਾ ਬਾਣੀ ਗੁਰਦੇਵ ।
ਸੁਨੋ ਸਿਖ ਮਮਤਾ ਨਹੀ ਕਰਨੀ । ਭਲੇ ਬੁਰੇ ਕੀ ਸੇਵਾ ਧਰਨੀ ।
ਨੀਚ ਸੰਗ ਨਹੀ ਕਰੀਓ ਮਿਤ੍ਰ । ਵਚਨ ਹਾਰ ਕਾ ਝੂਠ ਚਰਿਤ੍ਰ॥ਸਾਖੀ॥੬੪॥

ਤਥਾ—ਇਹ ਚੌਹਟ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ । ੫ । ਅੰਸੂ । ੩੮ । ਦੇਖੋ ॥

Sri Satguru Jagjit Singh Ji Elibrary NamdhariElibrary@gmail.com

# ਨੀਚ ਊਚੀ ਜਗਾ ਬੈਠਕੇ ਉਚਾ ਨਹੀ ਹੋ ਸਕਦਾ

ਯਥਾ ਭਾਈ ਗੁਰਦਾਸ ਜੀ ਪਉੜੀ—ਜੇ *ਖੁੱਥੀ ਬਿੰਡਾ ਬਹੈ ਕਿਉਂ ਹੋਇ ਬਜਾਜ । ਕੁਤੇ ਦੇ ਗਲ ਵਾਸਣੀ ਨ ਸਰਾਫੀ ਸਾਜ । ਰਤਨ ਮਣੀ ਗਲ ਬਾਂਦਰੈ ਜਉਹਰੀ ਨ ਕਾਜ । ਗਦਹੁੰ ਚੰਦਨ ਲੱਦੀਐ ਨਹਿੰ ਗਾਂਧੀ ਗਾਜ । ਜੇ ਮੱਖੀ ਮੁਹਿ ਮੱਕੜੀ ਕਿਉ ਹੋਵੈ ਬਾਜ । ਸਚ ਸਚਾਵਾ ਕਾਢੀਐ ਕੂੜ ਕੂੜਾ ਪਾਜ । ਵਾਰ । ੩੬ । ਪੌ: । ੧੭ ॥

ਤਥਾ ਸ੍ਰੀ ਤੁਲਸੀ ਜੀ ਚੌ:—

ਨਿਵਨ ਨੀਚ ਕੀ ਅਤਿ ਦੁਖਦਾਈ । ਜਿਮ ਅੰਕੁਸ਼ ਧਨ ਉਰਗ ਬਿਲਾਈ ।
ਭੈਦਾਇਕ ਖਲਕੀ ਪ੍ਰਿਯ ਬਾਨੀ । ਜਿਮ ਅਕਾਸ ਕੇ ਸੁਮਨ ਭੁਵਾਨੀ ।
[ ਰਾਮਾਇਣ ਆਰੰਣਜ ਕਾਂਡ]

---

## ॥ ਨਵਾਂ ਜਨਮ ॥

ਯਥਾ ਸੌ ਸਾਖੀ ਵਿਚੋਂ—ਜੋ ਕੋਈ ਮੇਰਾ ਸਿਖ ਕਹਾਵੈ । ਪਾਹਲ ਲੇ ਸੁਭ ਕਰਮ ਕਮਾਵੈ । ਪਿਛਲੇ

*ਥਾਨਾ ਦੀ ਗਠ ॥

Sri Satguru Jagjit Singh Ji Elibrary NamdhariElibrary@gmail.com

ਕਰਮ ਸਭ ਜਾਇ ਬਿਲਾਇ। ਗੁਰ ਸਰਨੀ ਜਬ ਆਵੈ ਧਾਇ ॥ ਸਾਖੀ। ੬੪ ॥

ਤਥਾ ਸੋਰਠਿ ਮਃ ੫—ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ ਸਬਦ ੬੨ ॥

ਤਥਾ—ਰਾਮਕਲੀ ਸਿਧ ਗੋਸਟ ਵਿਚੋਂ ਮਃ ੧ ॥ ਸਤਿਗੁਰ ਕੈ ਜਨਮੇ ਗਵਨੁ ਮਿਟਾਇਆ। ਅਨਹਤਿ ਰਾਤੇ ਇਹੁ ਮਨੁ ਲਾਇਆ ॥ ਪੌਃ ੨੦ ॥

ਤਥਾ—ਕਾਨੜਾ ਮਃ ੪ ॥ ਫਿਰਿ ਉਲਟਿਓ ਜਨਮੁ ਹੋਵੈ ਗੁਰ ਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ। ਅਸਟਪਦੀ ॥ ੪ ॥ ਇਤਯਾਦੀ ॥

ਤਥਾ ਸੌ ਸਾਖੀ—ਅਸੁਰ ਭੂਤ ਕੀ ਸੇਵਾ ਤਜੈ। ਪਾਹਨ ਕੀ ਪੂਜਾ ਨਹ ਜਜੈ। ਪਾਹਿਨ ਪੂਜਾ ਕਲਕਾ ਭਾਉ। ਮੜ੍ਹੀ ਮਸਾਣੀ ਝੂਠਾ ਸੁਆਉ ॥ ਸਾਖੀ ੬੪ ॥

ਤਥਾ—ਚੌਹਟ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ੫। ਅੰਸੂ ੩੮ ॥ ਮੇਂ ਦੇਖੋ !

---

## ਤੀਨੋ ਭਗਤ ਔ ਨਵਾਂ ਸੇ ਅਵਿਰੋਧ ਤਥਾ ਨੀਤੀ ਗਰਭ ਗੀਤਾਦਿਕ ਵਿਚੋਂ ਰਹਤ ॥

ਯਥਾ ਸੌ ਸਾਖੀ—ਅਧਕ ਧਿਆਨ ਹਰਿ ਨਾਮ ਨਿਤ

Sri Satguru Jagjit Singh Ji Elibrary NamdhariElibrary@gmail.com

ਬਾਣੀ ਬਿਨੈ ਸੁ ਸੀਲ। ਸ਼ਾਸਤ੍ਰ ਸੂਰਾ ਦਇਆਵਾਨ ਤਾਂ ਸਮ ਅਵਰ ਨ ਸੀਲ। ਏਕ ਸਮਾਲੈ ਨਾਮੁ ਕੋ ਏਕ ਕਰੰਤਾ ਧਿਆਨ। ਏਕ ਕਰੰਤਾ ਸਿਲਾ ਪੂਜ ਤੀਨੋ ਭਗਤ ਸੁਜਾਨ। ਨਾਮ ਜਪਤ ਹੈ ਹਰਿ ਭਗਤ ਧਿਆਨ ਧਰੈ ਸੁਖ ਗਿਆਨ। ਸਿਲਾ ਪੂਜਤੇ ਤਾਂਮਸੀ ਤੀਨੋ ਭਗਤ ਸੁਜਾਨ। ਹਮਰਾ ਮਤ ਹੈ ਭਜਨ ਕਾ ਧਿਆਨ ਜੁਗਤ ਰਹਰਾਸ। ਕਰਨੀ ਗੁਰੂ ਨਾਨਕ ਕਰੀ ਬਰਤੋ ਗੁਰ ਕੁਲ ਭਾਸ। ਕਾਲ ਬੁਰਾ ਅਤਿ ਬੁਰਾ ਸੀਤ ਬੁਰੀ ਰਾਂਡ ਕੀ ਪਰੀਤ। ਬੁਰੀ ਵਡਾਈ ਆਪਣੀ ਬੁਰੀ ਅਮਾਨੀ ਰੀਤ ॥ ਸਾਖੀ ੬੭ ॥

ਤਥਾਗਰਭਗੀਤਾ ਵਿਚੋਂ, ਅਰਜਨੋ ਵਾਚ—"ਸੁਤ ਦਾਰਾ ਹ੍ਵੈ ਨਾਸ ਜੋ ਔਰ ਨਪੁੰਸਕ ਹੋਇ। ਕਹੋ ਕਵਨ ਵਹ ਪਾਪ ਹੈ ਤੁਮ ਪੂਰਣ ਹਰਿ ਸੋਇ ॥"

ਸ੍ਰੀ ਪਰਮਤਾਮਾ ਵਾਚ—ਕਰਜ ਦੇਹ ਨਹਿ ਤੀ ਹਤੇ ਅਮਾਨ ਖਾਇ ਸੁਤ ਨਾਸ। ਵਚਨ ਕਰੇ ਤੇ ਖਿਸਕ ਜਾਇ ਹੋਇ ਨਪੁੰਸਕ ਆਪ ॥

ਤਥਾ ਸੌ ਸਾਖੀ—ਬੁਰਾ ਕਰਜ ਅਤਿ ਬੁਰੀ ਪ੍ਰੀਤ ਸਭ ਸੋ ਭੇਦ ਨ ਦੇਇ। ਜਾ ਵਿਧ ਬਰਤੇ ਜਗਤ ਮੈ ਇਸ਼ਟ ਘਟੀ ਨ ਲੇਇ। ਵੈਦ ਨ ਕੀਜੈ ਮਿਤ੍ਰਤਾ ਵੈਰੀ ਕਰੈ ਨ ਵੈਦ। ਜੋਤਿਸ ਬਹੁਤਾ ਸੁਨੈ ਨਹ ਪੂਛੈ ਨ

Sri Satguru Jagjit Singh Ji Elibrary NamdhariElibrary@gmail.com

## ਗਰਹ ਕੀ ਕੈਦ ॥ ਸਾਖੀ ੬੭ ॥

ਤਥਾ—ਸ੍ਰੀ ਤੁਲਸੀ ਜੀ ਚੌ:—

ਤਬ ਮਰੀਚ ਹਿਰਦਯ ਅਨੁਮਾਨਾ। ਨਵੈ ਵਿਰੋਧੇ ਨਾਹ ਕਲਿਆਨਾ।
ਸ਼ਸਤ੍ਰੀ ਮਰਮੀ ਪ੍ਰਭੁ ਸਠ ਧਨੀ। ਵੈਦ ਵੰਦ ਕਵਿ ਮਾਨਸ ਗੁਨੀ।
[ਰਾਮਾਇਣ ਆਰੰਣਯਕਾਂਡ]

ਤਥਾ ਸੌ ਸਾਖੀ—ਕੈਰ ਸਿਲਾਹੀ ਭਾਰਜਾ ਕਾਰਜ ਫੋਕਾ ਹੋਇ। ਪੂਛੇ ਬਿਨ ਕਾਰਜ ਬੁਰਾ ਪੂਛੇ ਨਾਹਮ ਗੋਇ। ਥੋੜਾ ਖਾਇ ਘਰਮੇ ਸੁਖੀ ਲੋਭ ਤਿਆਗੈ ਜੋਇ। ਧਨ ਕੋ ਮਨ ਕੋ ਸਪਨ ਕੋ ਆਪਨੋ ਕਰੈ ਨਾ ਕੋਇ ॥ ਸਲਲ ਸੇਵੀਏ ਪ੍ਰਾਤ ਉਠ ਸੀਤ ਮਾਝ ਤਪ ਆਗ। ਜਗੈ ਭੂਖ ਭੁਗਤੀ ਭਖੈ ਅਮ੍ਰਿਤ ਘਰ ਕਾ ਸਾਗ। ਪਰ ਸਸਤਰ ਪਰ ਘੋੜ ਕਾ ਪਰ ਨਾਰੀ ਪਰ ਗੇਹ। ਪਰ ਧਨ ਪਰ ਮਨ ਦੇਸ ਪਰ ਇਨਕਾ ਕਿਆ ਅਸਨੇਹ ॥ ਸਾਖੀ ੬੭ ॥

---

## [ਅੰਨ ਦਾਨ ਅਤੇ ਸੋਚਨ ਜੋਗ ਪੁਰਸ਼]

ਯਥਾ ਸੌ ਸਾਖੀ—ਧਰਤੀ ਧੀਨੂ ਸੂਰਨ ਅਸੂ ਨਾਰੀ ਮੰਦਰ ਪਾਠ। ਏਹੀ ਦਾਨ ਸਭ ਦਾਨ ਸਿਰ ਅੰਨ

ਸਭਨ ਤੇ ਸਾਰ ॥ ਸਾਖੀ ੬੭ ॥

ਤਥਾ ਚਾਣਕਜ ਨੀਤੀ ਸਲੋਕ—ਨਾਨ੍ਹੋਦਕ ਸਮੰ ਦਾਨੰ ਨ ਤਿਥਿਰ ਦ੍ਵਾਦਸ਼ੀ ਸਮਾ। ਨ ਗਾਯਤ੍ਰਯਾਃ ਪਰੋ ਮੰਤ੍ਰੋ ਨ ਮਾਤੁਰ ਦੈਵਤੰ ਪਰੰ ॥ ਧਿਃ ੧੭ ਸਃ ॥ ੭ ॥

ਤਥਾ ਸੌ ਸਾਖੀ—ਨਾਮ ਜਪਨ ਸਭ ਪਾਠਤੇ ਅੰਨ ਦਾਨ ਸਭ ਦਾਨ। ਸਭ ਜੂਨੀ ਤੇ ਅਧਕ ਨਰ ਕਰਿਓ ਸਿਖ ਸੁਰ ਗਿਆਨ। ਸਭ ਕਾ ਆਸਰਾ ਮੇਘਲਾ ਸਭ ਕਾ ਰਾਖਾ ਛੱਤਰ। ਘਰ ਕੀ ਰਾਖੀ ਨਾਰਿ ਜਿਉਂ ਅੰਡ ਰਖੈ ਹਰਿ ਮਿਤਰ। ਬੁਰਾ ਮਰਨ ਜੀਵਨ ਬੁਰਾ ਕਰਨੀ ਵਿਨ ਕਹਿ ਕਾਮ। ਸ਼ਸਤ੍ਰ ਹੀਨ ਛੱਤ੍ਰੀ ਬੁਰਾ ਅਣ ਪੜ ਦਿਜ ਬਰਾਨ ॥ ਸਾਖੀ। ੬੭ ॥

ਤਥਾ ਸ੍ਰੀ ਤੁਲਸੀ ਜੀ ਚੌਃ ਸ੍ਰੀ ਵਿਸਿਸ਼ਟੋ ਵਾਚ—

ਸੋਚੀਏ ਵਿੱਪ੍ਰ ਜੋ ਵੇਦ ਵਿਹੀਨਾ। ਤਜ ਨਿਜ ਧਰਮ ਵਿਖੈ ਲਵਲੀਨਾ।
ਸੋਚੀਏ ਨ੍ਰਿਪ ਜੋ ਨੀਤ ਨ ਜਾਨਾ। ਜੇਹਿ ਨ ਪ੍ਰਜਾ ਪ੍ਰਿਯਾ ਪ੍ਰਾਣ ਸਮਾਨਾ।
ਸੋਚੀਏ ਵੈਸ਼ ਕ੍ਰਿਪਨ ਧਨਵਾਨੂ। ਜੋ ਨ ਅਤਿਥਿ ਸ਼ਿਵ ਭਗਤਿ ਸੁਜਾਨੂ।
ਸੋਚੀਏ ਸੂਦ੍ਰ ਵਿੱਪ੍ਰ ਅਪਮਾਨੀ। ਮੂਖਰ ਮਾਨ ਪ੍ਰਿਯਾਗਿਆਨ ਗੁਮਾਨੀ।
ਸੋਚੀਏ ਪੁਨ ਪਤਿ ਵੰਚਕ ਨਾਰੀ। ਕੁਟਿਲ ਕਲਹ ਪ੍ਰਿਯ ਇੱਛਾ ਚਾਰੀ।
ਸੋਚੀਏ ਵਟੁ ਨਿਜ ਬ੍ਰਤ ਪਰਿਹਰਿਹੀ। ਜੋ ਨ ਗੁਰ ਆਇਸ ਅਨੁਸਰੀ।

ਦੋਃ—ਸੋਚੀਏ ਗ੍ਰਿਹੀ ਜੋ ਮੋਹ ਵਸ ਕਰੈ ਧਰਮ ਪਥ ਤਿਆਗ। ਸੋਚੀਏ ਜਤੀ ਪ੍ਰਪੰਚ ਰਤ ਵਿਗਤ ਬਿਬੇਕ

Sri Satguru Jagjit Singh Ji Elibrary NamdhariElibrary@gmail.com

## ਵਿਰਾਗ ॥ ਛੰਃ ੧੭੪ ਚੌਃ—

ਵੈਖਾਨਸ ਸੋਈ ਸੋਚਨ ਜੋਗੂ । ਤਪ ਵਿਹਾਇ ਜੇਹਿ ਭਾਵੈ ਭੋਗੂ ।
ਸੋਚੀਏ ਪਿਸਨ ਅਕਾਰਨ ਕ੍ਰੋਧੀ । ਜਨਨਿ ਜਨਕ ਗੁਰ ਬੰਧੁ ਵਿਰੋਧੀ ।
ਸਭ ਵਿਧ ਸੋਚੀਏ ਪਰ ਅਪਕਾਰੀ । ਨਿਜ ਤਨ ਪੋਖਕ ਨ੍ਰਿਦਯ ਭਾਰੀ ।
ਸੋਚਨੀਜ ਸਭ ਹੀ ਵਿਧਿ ਸੋਈ । ਜੋ ਨ ਛਾਡ ਛਲ ਹਰਿ ਜਨ ਹੋਈ ।

[ ਰਾਮਾਇਣ ਅਯੋਧਿਆ ਕਾਂਡ ]

ਤਥਾ ਸੌ ਸਾਖੀ—ਵਿੱਪ੍ਰ ਸ਼ਸਤਰ ਧਾਰੀ ਬੁਠਾ ਬੁਤਾ ਵਿੱਪ੍ਰ ਮਮ ਸਿੰਘ । ਵੈਸ ਪੜਾ ਸਭ ਤੇ ਬੁਰਾ ਛਤਰੀ *ਵੇਦੀ ਸਿੰਘ। ਸੂਦਰ ਪੜੇ ਜੋ ਵੇਦ ਵਾਕ ਤਿਆਗੀ ਧਾਰੈ ਨਾਰ । ਸਿਖ ਜੋ ਤਿਆਗੇ ਸਿਦਕ ਕੋ ਕਿਆ ਤਾਂਕਾ ਅਤਵਾਰ । ਮੰਤਰ ਤੰਤਰ ਕਾ ਬੁਰਾ ਸੰਗ ਪਰੇਤ ਸੇਵਨੀ ਨਾਰ । ਬੁਰਾ ਬਾਲ ਸੂਰਾ ਪਿਤਾ ਰਹੀਏ ਆਪ ਸਮਾਲ । ਬਹੁਤਾ ਖਾਣਾ ਬਾਤ ਵਹੁ ਬਹੁਤਾ ਅਮਲ ਤਿਆਗ । ਮੇਰਾ ਹੋਇ ਸੁਮਾਨ ਸਚ ਚਰਨੀ ਰਹੈ ਨਿਤ ਲਾਗ ॥ ਖਾਖੀ । ੬੭ ॥

ਤਥਾ—ਸੂਰਜ ਪ੍ਰਕਾਸ਼ ਰੁਤ । ੫ । ਅੰਸੂ । ੧੦ । ਦੇਖੋ ॥

---

*ਪਾਠਾਂਤ੍ਰ । ਵੇਵੀ । ਸੂਰਜ ਪ੍ਰਕਾਸ਼ ਰੁਤ । ੫ । ਅੰਸੂ । ੧੦ ॥

Sri Satguru Jagjit Singh Ji Elibrary NamdhariElibrary@gmail.com

# (ਗੁਰੂ ਸਚਾ)

ਸ਼ੰਕਾ-ਰਾਮਕਲੀ ਮਃ ੧ ਦਖਣੀ ਓਅੰਕਾਰੁ,-'ਕਾਚੇ ਗੁਰ ਤੇ ਮੁਕਤਿ ਨ ਹੂਆ ॥' ਪੌਃ ੨੧ ਇਤਜਾਦਿ ॥

ਉਤਰ—ਸਚਾ ਗੁਰੂ ਕੀ ਹਾਮੀ ਓਟਦਾ ਹੈ।

ਯਥਾ—ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ। ਅੰਧੇ ਏਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ ॥ ਸਲੋਕ ॥ ੧੫੮ ॥

ਤਥਾ ਸੌਸਾਖੀ—ਗਰਜੇ ਮੇਘਲਾ ਖੁਸ਼ੀ ਕਰ ਜਲ-ਲੇਇਨ ਖੇਤ। ਚਾਤ੍ਰਕ ਚੁਪਕਾ ਹੋਰਹਾ ਕਿਆ ਬਾਦਲ ਹੇਤ। ਚੰਦਨ ਪਰ ਉਪਕਾਰ ਹਿਤ ਬਨ ਰਹੈ ਸੁਚੇਤ। ਗੰਗਾ ਪਾਪਾਂ ਦੂਰ ਹਿਤ ਕਿਆ ਨਾਇਨ ਅਚੇਤ। ਗੁਰੂ ਵਿਚਾਰਾ ਕਿਆ ਕਰੈ ਸਿਖ ਫਸਿਆ ਏਤ। ਮੀਠਾ ਦੇਵੈ ਬਾਲ ਨੋ ਓਹ ਮਾਗੈ ਰੇਤ। ਘੜਾ ਲਜ ਹਥ ਖਸਮ ਦੇ ਕਿਆ ਕੂਪ ਨ ਦੇਤ। ਬਾਪ ਮਾਇ ਹਿਤ ਕਿਆ ਕਰੈ ਸੁਤ ਦੇ ਨਾ ਭੇਤ। ਲੇਪਨ ਹਾਰੇ ਦੋਸ ਕਿਆ ਭੀਤ ਗਿਰਦੀ ਰੇਤ। ਅਟਕਾ ਜਲ ਤਾਂ ਬੰਧੀਏ ਜਾਂ ਬੰਧਨ ਕੇਤ। ਧਨ ਵਡਿਆਈ ਦੀਏ ਕਿਸ ਖਰ ਧੂੜੀ ਲੇਤ। ਭਾੜ ਵਿਚਾਰਾ ਸੀਤ ਕਿਉਂ ਜਾਂ ਝੁਲਕਾ ਦੇਤ। ਧੰਦੇ ਅਟਕੇ ਸਿਖ ਸਭ ਪਰਵਾਰ ਸਮੇਤ। ਕਾਰੀਗਰ ਖਾਤੀ

Sri Satguru Jagjit Singh Ji Elibrary NamdhariElibrary@gmail.com

ਕਿਆ ਕਰੈ ਜੌ ਦਾਰੂ ਨ ਖੇਤ । ਨਦੀ ਵਾਰ ਕਿਉ ਪੀਵੀਏ ਜਉ ਕੁਣੀਆ ਲੇਤ। ਖਾਣਾ ਕਿਕੂੰ ਪੱਕਣਾ ਜਉ ਅਗਨ ਨ ਕੇਤ । ਬਿਨਾ ਸਮੇ ਤੇ ਬੁਧ ਨਹ ਕਿਆ ਹਠ ਕਾ ਹੇਤ। ਮਨ ਹੀ ਚਕ ਘੁਮਾਰ ਕਾ ਘੜ ਭਾਂਡੇ ਦੇਤ। ਮੁਹਕਾ ਆਖਣ ਰੀਸ ਹੈ ਫਿਰ ਮਨ ਹੀ ਚੇਤ। ਪਹਲਾਂ ਮੰਗੇ ਸੰਗਤੀ ਗੁਰ ਦੇਣ ਮਹੇਤ। ਕਰਮ ਕੜਾਕਾ ਹਾਥਕਾ ਮੁਹ ਮਾਰੈ ਸੇਤ। ਹਉ ਬਾਰ ਬਾਰ ਬਲਹਾਰਨੇ ਜਹ ਮਰਮਨ ਨੇਤ ॥ ਸਾਖੀ ੭੧ ॥

ਤਥਾ—ਸੂਰਜ ਪ੍ਰਕਾਸ਼ ਰੁਤ ੫ ॥ ਅੰਸੂ ੩੦ ॥

ਤਥਾ—ਹਾਂ ! ਗਉੜੀ ਸੁਖਮਨੀ ਮਃ ੫ ॥ ਸਤਿਗੁਰ ਸਿਖ ਕੇ ਬੰਧਨ ਕਾਟੈ। (ਪ੍ਰੰਤੂ) ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਅਸਟਪਦੀ ੧੮ ॥ ਇਤਯਾਦੀ ॥

## ਸ੍ਰਾਧ ਪਾਤ੍ਰ ਤਥਾ ਸੂਤਕ ਪਾਤਕ ਵਿਚਾਰ

ਯਥਾ ਸੌ ਸਾਖੀ—ਤਾਂ ਨੰਦ ਰਾਮ ਪੰਡਿਤ ਕਹਿਆ ਸ਼ਰਾਧ ਅਪੜਦਾ ਨਹੀ ਪਿਤਰਾਂ ਨੂੰ ਤਾਂ ਗੁਰੂ ਜੀ ਸ਼ਾਸਤ੍ਰ ਸੰਵਾਦ ਕਰਵਾਇਆ। ਮਲ ਮਾਸ ਕਾ ਨਖੇਧ ਕੀਆ ਪਛ ਸੁਧ ਕਾ ਨਿਰਨਾ ਕੀਆ ਭਾਈ ਸਿਖੋ ਇਹ ਸਭ ਕਾ ਨਿਰਨਾ ਪੂਛਾ ਗੁਰੂ ਜੀ ਨਿਰਵਾਦ ਕਹੋ

Sri Satguru Jagjit Singh Ji Elibrary NamdhariElibrary@gmail.com

ਤਾਂ ਸਾਸਤ੍ਰੀ ਬੋਲੇ ਸ਼ਰਾਧ ਦੁਪਹਰੀ ਅਤੇ ਰਾਤ ਨੂ
ਨਿਮੰਤ੍ਰਨਾ ਸਰਾਧ ਦਾ ਨਿਉਤਾ ਅੰਗਹੀਨ ਕੁਲਹੀਨ
ਪ੍ਰਤਗ੍ਰਾਹੀ ਮਹਾਂ ਦਾਨ ਦਾ ਛਾਇਆ ਮੂਰਤ ਤੁਲਾ
ਮ੍ਰਿਤਕ ਸੂਤਕ ਭੋਗੀ ਪਰ ਨਾਰੀ ਰਤ ਚੋਰ ਛਲੀਆ
ਦੂਤ ਖਤਰੀ ਕਰਮ ਤੁਲਾ ਧਰ ਵੈਦਕ ਧਨ ਭੋਗੀ।
ਗਣਕ ਧਨੀ ਗ੍ਰਹਣ ਬਸਤੁ ਗਰਾਹੀ ਅਜ ਅਸ੍ਵ ਗਜ
ਅੰਤ ਅਵਸਥਾ ਕਾ ਦਾਨ ਗਰਾਹੀ ਜਨੇਊ ਉਤਰਿਆ
ਕਰਮ ਭ੍ਰਿਸ਼ਟੀ ਅਸੁਧੀ ਸਭ ਅੰਨ ਭੋਗਤਾ ਬਹੁਤ ਪ੍ਰਾਣ
ਗ੍ਰਹਣੀ ਵਿਆਹ ਕਾ ਲਾਗ ਲੈਨ ਵਾਲਾ ਪਰਾਇਆ
ਜਾਪ ਕਰਕੇ ਮੁਲ ਕੀ ਦਖਣਾ ਲੈਨੇ ਵਾਲਾ ਧਰਮ ਧੁਜੀ
ਸ਼ਰਾਧ ਕਾ ਤਿਆਗੀ ਰੰਡਾ ਰੁੰਡਾ ਮੁੰਡਤ ਜਟਲ ਬ੍ਰਹਮ
ਗਿਆਨੀ ਸੰਡਿਆਸੀ ਬਿੱਪ੍ਰ ਬਗੈਰ ਪੜਿਆ ਖਤ੍ਰੀ ਵੈਸ
ਸੂਦ੍ਰ ਇਸਤ੍ਰੀ ਵਿਭਚਾਰੀ। ਵਕਵਾਦੀ ਅਮਲੀ ਵਿੱਪ੍ਰ
ਹੋਇਕੇ ਰਕਤ ਨੀਲ ਬਸਤਰ ਧਾਰੇ ਮਲੇਛ ਅੰਤਜ ਕਾ
ਲੇਨ ਵਾਲਾ ਸ਼੍ਰਾਧ ਮੇ ਨਿਉਂਦਾ ਖਟਪਟੀ ਕਾ ਖਾਵੇ ਤਾਂ
ਪਿਤ੍ਰ ਖਾਲੀ ਰੋਂਦੇ ਸਰਾਫ ਦੇਂਦੇ ਚਲੇ ਜਾਂਦੇ ਹੈਨ ਤਾਂ
ਗੁਰੂ ਜੀ ਸਭ ਲੋਕਾਂ ਨੂ ਬੋਲੇ ਸ਼ਾਸਤ੍ਰ ਵਿਧਿ ਦੂਰ ਹੈਗੀ
ਕੋਈ ਬਿਰਲਾ ਹੀ ਪਾਤ੍ਰ ਹੈਗਾ ਉਧਾਰ ਪਿਤਰਾਂ ਦਾ
ਅਤਿਥ ਵਾ ਤੀਰਥਾਂ ਦੇ ਸ਼ਰਾਧ ਕਰ ਹੁੰਦਾ ਹੈ॥
ਸਾਖੀ ੭੨॥

Sri Satguru Jagjit Singh Ji Elibrary NamdhariElibrary@gmail.com

ਤਥਾ--ਸੂਰਜ ਪ੍ਰਕਾਸ਼ ਚੌਃ--

ਤੀਰਥ ਪਰ ਸ਼ਰਾਧ ਕਰਵਾਵੈ। ਕਿਧੌ ਅਥਿਤ ਕੇ ਮੁਖ ਮੇ ਪਾਵੈ।
ਇਮ ਦ੍ਵੈ ਵਿਧ ਹ੍ਵੈ ਪਿਤਰ ਉਧਾਰਾ। ਕਰੈ ਸ਼ਰਾਧ ਇਮ ਅੰਗੀ ਕਾਰਾ।

[ਰੁਤ ੫। ਅੰਸੂ ੧੮]

ਤਥਾ ਸੌ ਸਾਖੀ—ਗੁਰੂ ਜੀ ਪੁਛਿਆ ਸੂਤਕ ਗ੍ਰਹਣ ਵਿਧਿ ਕਿਆ ਲਿਖੀ ਹੈ ਤਾਂ ਦੇਵਰਾਜ ਪੰਡਿਤ ਹਮਾ ਦਰੀ ਧਰਮ ਸ਼ਾਸਤ੍ਰ ਸੁਣਾਇਆ ਮਹੀਨੇ ਕਾ ਪੁਰਾਣ ਸੋ ਸਿਖੋ ਸਾਨੂ ਕਹਣਾ ਚੁਕ ਗਿਆ ਕਛੁ ਕਹਣ ਦਾ ਪ੍ਰਜੋਜਨ ਭੀ ਨਹੀ॥ ਸਾਖੀ। ੭੨॥

ਭਾਵ ਯਾਗ ਵਲਕਾਦੀ। ਸਿੰਮ੍ਰਤੀਆਂ ਮੇ ਸਪਸ਼ਟ ਹੈ।

ਤਥਾ ਸੌ ਸਾਖੀ—ਸਾਹਿਬ ਸਿੰਘ ਪੁਛਿਆ ਲਿਖਾਣੀ ਦਸਖਤ ਨਿਰਨਾ ਬੋੜਾ ਭੀ ਸਤਿਗੁਰਾਂ ਪਾਸ ਕਾ ਸੁਣਾਈਏ ਫੇਰ ਭਲਾ ਸਿਖ ਕਿਥੋਂ ਪੁਛਣ ਗੇ। ਤਾਂ ਬੋਲਾ ਵਾਕ ਸ੍ਰੀ ਗੁਰੂ ਜੀ ਪਾਤਸ਼ਾਹੀ ਦਸਮੀ॥ ੧੦॥
ਬ੍ਰਾਹਮਣ ਦਸ ਦਿਨ ਸੂਤਕੀ ਮਾਤਾ ਦੂਣੀ ਮਾਨ। ਛਤ੍ਰੀ ਬਾਰਾਂ ਵੈਸ ਇਕਪੰਚ ਸੂਦ੍ਰ ਤੀਸ ਪਹਚਾਨ। ਗੋਦਧ ਬਾਰਾਂ ਮਹੀਕਾ ਦੂਧ ਦੇਵ ਨਹੀ ਭੋਗ। ਸਰਾਧ ਕਰੀਏ ਜਗ ਨਹ ਖਾਵਤ ਭਵਕਾ ਰੋਗ। ਸੂਤਕ ਜੀਤੇ ਪਾਤਕੀ ਪਾਤਕ ਕਟੇ ਨਾ ਸੂਤ। ਅਗਨ ਕਟੈ ਦੋਨੋ

Sri Satguru Jagjit Singh Ji Elibrary NamdhariElibrary@gmail.com

ਧੁਖੀ ਬਿੱਪ੍ਰ ਅਗਨ ਮੈ ਕੂਤ। ਸੂਤਕ ਪਾਤਕ ਗਏ ਬਿਨ ਦਾਨ ਦੇ ਦਿਜ ਲੇ। ਬਾਨਰ ਗ੍ਰਾਹੀ ਦਾਤਾ ਨਰਕ ਮਾਨਖ ਦੇਹ ਨਸੇ। ਗ੍ਰਹਣ ਖਿਆਹੀ ਅਸ਼ਟਕਾ ਰੋਗੀ ਦੇਵੇ ਤਿਆਗ। ਅੰਤ ਦਾਨ ਅਰ ਮ੍ਰਿਤਕ ਕ੍ਰਿਯਾ ਕਰੈ ਸੂਤਕੀ ਰਾਗ। ਤੀਰਥ ਜਾਵੈ ਸਰਾਧ ਵਿਚ ਔਰਨ ਕਰ ਹੈ ਦਾਨ। ਰਾਖਸ ਹੋਇ ਚੰਡਾਲ ਘਰ ਭੋਗੇ ਦੀਆ ਆਨ। ਗ੍ਰਹਨ ਆਦ ਗੰਗਾ ਸਲਲ ਪੁਤ੍ਰ ਜਨਮ ਜਬ ਹੋਇ। ਵਿਆਹ ਸਮੇ ਨੰਦੀ ਕਰੈ ਦੋਖ ਸੰਕ ਦੇਹ ਧੋਇ। ਅਪਦਾ ਵਿਪਤ ਵਿਦੇਸ ਮੈ ਅਣ ਸੁਣ ਦੋਖ ਨ ਹੋਤ। ਸੁਧ ਬਿਪ੍ਰ ਕਰਮਨ ਕਰੈ ਅਵਰ ਦੋਖ ਭਸ ਹੋਤ। ਲੋਭੀ ਵਿੱਪ੍ਰ ਪਾਤਕੀ ਲੋਭੀ ਸਾਕ ਅਰ ਸਿਖ। ਨਰਕ ਭੋਗ ਪਸ਼ਾਚ ਹੋਇ ਏਹੀ ਵੇਦ ਕਹ ਰਿਖ। ਮੋਰ ਸਿਖ ਸਭ ਜਾਤਕਾ ਪੰਦ੍ਰਾਂ ਦਿਨ ਕਾ ਮਾਨ। ਪਿਤਰ ਦਿਵਸ ਪਛ ਏਕ ਕਰ ਸੋ ਮਮ ਨਿਕਟੇ ਮਾਨ। ਭਲਾ ਬਹੁਤ ਅਨਪੜ੍ਹ ਜਨਾ ਵਾ ਗਿਆਨੀ ਨਿਰਲੋਭ। ਪੜ੍ਹਿਆ ਪਾਪੀ ਨਾਰਕੀ ਜਉ ਲੋਭੀ ਵਹੁ ਹੋਗ॥ ਸਾਖੀ। ੭੨॥

ਤਥਾ—ਸੂਰਜ ਪ੍ਰਕਾਸ਼ ਰੁਤ। ੫। ਅੰਸੂ। ੧੯॥

ਸ਼ੰਕਾ—ਆਸਾ ਦੀ ਵਾਰ ਮਃ ੧॥ ਜੇਕਰਿ ਸੂਤਕੁ ਮੰਨੀਐ ਸਭਤੈ ਸੂਤਕੁ ਹੋਇ। ਗੋਹੇ ਅਤੈ ਲਕੜੀ

## ਅੰਦਰਿ ਕੀੜਾ ਹੋਇ ॥ ਪੌ: ੧੯ ॥

ਸਾਰਾ ਜਾਨ ਲੈਣਾ। ਇਸਤੇ ਸੂਤਕ ਪਾਤਕ ਕੋਈ ਨਹੀਂ।

**ਉਤਰ**—ਮੂਲੋਂ ਹੀ ਅਕਲ ਨੂੰ ਜਵਾਬ ਨਾ ਦੇਹ। ਤਿਸੀ ਸਲੋਕ ਮੇ

**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੈ ਧੋਇ ॥ ਯਹ ਭੀ ਲਿਖਾ ਹੈ ॥**

ਸੁਣ ਜੇਕਰ ਸੂਤਕ ਹੋਵੇ ਹੀ ਨਾ ਤੌ ਗਿਆਨ ਕਿਸ ਕੋ ਧੋਇ ਕੇ ਉਤਾਰੇ ਗਾ ਕਾਹਿ ਤੈਂ ਪ੍ਰਾਪਤਿ ਕਾ ਹੀ ਨਖੇਧ ਕੀਆ ਜਾਤਾ ਹੈ। ਯਾਂਤੇ ਗਿਆਨੀ ਕੀ ਦ੍ਰਿਸ਼ਟੀ ਸੇ ਯਹ ਪਾਰਮਾਰਥਿਕ ਸੂਤਕ ਹੈ ਇਸਕੀ ਨਿਬ੍ਰਤੀ ਗਿਆਨ ਸੇ ਹੋਵੈ ਹੈ ॥ ਸੂਤਕ ਨਾਮ ਅਸੁਧੀ ਕਾ ਹੈ ॥

ਤਥਾ ਸੌ ਸਾਖੀ—ਆਦਕੋਂ ਮੇ ਵਿਵਹਾਰੀ ਸੂਤਕ ਦਾ ਬਿਧਾਨ ਹੈ ਉਸਕੀ ਨਿਵਰਤੀ ਸ਼ਾਸਤ੍ਰ ਕੇ ਪ੍ਰਾਯਸਚਿਤ ਸੇ ਮਾਨਨੀ ਯੋਗਯ ਹੈ। ਯਾਂਤੇ ਵਿਵਹਾਰਕ ਤਥਾ ਪਾਰਮਾਰਥਿਕ ਕੋ ਇਕ ਕਰਨਾ ਮਹਾਂ ਬੇ ਸਮਝੀ ਹੈ ॥ ॥ ਇਤਿ ॥

---

# ਪਾਹਿਲ ਰੁਮਾਲ ਤਥਾ-ਕੁਰਹਤਾਂ ਅਤੇ ਸਿਖਯਾ

**ਯਥਾ ਸੌ ਸਾਖੀ ਉਕਤ—ਐਡਾ ਕੈਡਾ ਬੈਨੜਾ ਕੰਨਿਆਂ ਬੁਰਾ ਮਨਾਇ। ਬੇਮੁਖ ਇਨਸੋ ਵਰਚ ਰਹੋ**

Sri Satguru Jagjit Singh Ji Elibrary NamdhariElibrary@gmail.com

ਫਲੈ ਸੰਪਦਾ ਆਇ। ਨਾਰੀ ਕੀ ਮਾਨੈ ਨਹੀ ਬਾਲ ਨਾ ਕਰਨਾ ਮੀਤ। ਡੋਲੈ ਨਾਹਿ ਮਨ ਜੁਧਮੈ ਨਿਰਦੁਖ ਕਠਨੀ ਰੀਤ। ਸਿਖ ਕੀਆ ਤਬ ਹਰਿ ਗੁਪਾਲ ਚਰਨ ਪਾਹਲੀ ਦੇ। ਸਤਿ ਗੁਰ ਪੂਰਨ ਵਾਕ ਸੁਣ ਸਿਖ ਕਹੋਗਾ ਸੇ॥ ਸਾਖੀ॥ ੭੭॥

ਪਾਠਾਂਤ੍ਰ ਸੂਰਜ ਪ੍ਰਕਾਸ਼ ਮੇ ਸਿਖ ਕਰੈਗਾ ਸ੍ਰੇਯ ਹੈ॥ ਰੁਤ॥ ੫। ਅੰਸੂ। ੧੪।

ਤਬਾ—ਸੌ ਸਾਖੀ॥ ਜੇ ਨ ਸਿਖ ਬਹਾਲ ਹ੍ਵੈ ਹੋਇ ਨ ਸਿਦਕੀ ਮੇਲ। ਕੈਸੇ ਪਾਹਲ ਚਰਨ ਕੀ ਸਿਖ ਬਤਾਵੋ ਖੇਲ। ਸਤਿ ਗੁਰ ਬੋਲ ਸੁਣਾਇਆ ਸੁਣੋ ਵਿਸ਼ਿਭਟ ਰੀਤ। ਵਚਨ ਵਿਸਵਾਸੀ ਹੋਵਣਾ ਮੋ ਪਦ ਰਾਖੋ ਪ੍ਰੀਤ। ਦਸ ਅਵਤਾਰ ਗੁਰ ਏਕ ਸਮ ਕਹ ਆਏਹਾਂ। ਧੋਇ ਰੁਮਾਲ ਤਬ ਗੁਰ ਗ੍ਰੰਥ ਪਾਹਿਲ ਲੇਵੈ ਦੇ। ਸਿਦਕ ਸਮਾਲੈ ਕਰ ਕੜ੍ਹਾ ਬਾਟੈ ਅਤਿਥੀ ਲੇ। ਨਾਮ ਧਰੈ ਸਤਿ ਗੁਰ ਕਹੈ ਤੁਕ ਗਿਆਰਮੇ ਮਾਨ। ਪਤਰ ਸਿਰੇ ਅਖਰ ਧਰੇ ਪੁਨ ਪੁਨ ਧਰੇ ਸੁਜਾਨ। ਆਸ ਗੁਰੂ ਕੀ ਮੰਤਰ ਸਿਖ ਕਾਜ ਸੰਸਾਰੀ ਚੀਨ। ਬੋਲ ਗੀਬੀ ਸਿਖ ਕਰ ਕੰਨਿਆ ਦੇ ਮਸਕੀਨ। ਜਗ ਛੋਡੈ ਖੰਡੇ ਚਰਨ ਪਾਹਲ ਸਿਖ ਸਾਰ। ਪਾਹਲ ਖੰਡੇ ਹੋਇ ਜਹ ਚਰਨਨ ਪਾਹਲ ਧਾਰ॥ ਸਾਖੀ॥ ੭੮॥

Sri Satguru Jagjit Singh Ji Elibrary NamdhariElibrary@gmail.com

ਪਾਠਾਂਤ੍ਰ ਸੂਰਜ ਪ੍ਰਕਾਸ਼ ਮੇ ॥ ਪਾਹਲ ਖੰਡੇ ਹੋਇ ਜਹ ਚਰਨਨ ਕੀ ਨਹ ਧਾਰ ॥ ਰੁਤ ॥ ੫ ॥ ਅੰਸੂ ॥ ੧੫ ॥

ਤਥਾ—ਸੌ ਸਾਖੀ ॥ ਸਹਜ ਧਾਰੀ ਆਦਿ ਸਿਖ ਗੁਰ ਨਾਨਕ ਕੀ ਛਾਪ । ਖੰਡੇ ਪਾਹਿਲ ਮਾਰ ਹਿਤ ਤੁਰਕਨ ਸਿੰਘੀ ਥਾਪ ॥ ਸਾਖੀ ॥ ੮੦ ॥

ਤਥਾ—ਦੇਖੋ ਸੂਰਜ ਪ੍ਰਕਾਸ਼ ॥ ਰੁਤ ॥ ੫ ॥ ਅੰਸੂ ॥ ੧੬ ॥

ਤਥਾ—ਸੌ ਸਾਖੀ ॥ ਚਰਨ ਪਾਹਲੀ ਖੰਡੇ ਦੀ ਏਹ ਸਿਖ ਕਾ ਨਾਤਾ ਮਾਨ । ਜਹਾਂ ਨ ਹੋਵੈ ਤਹਾ ਕਰ ਹੋਵੈ ਤਾਂ ਆਪ ਨੀਸਾਨ । ਪੁਸ਼ਟ ਦੰਤ ਮੈ ਭੇਦ ਨਹ ਭੇਦ ਨ ਪਿਤਾ ਅਰ ਸੁਵਨ । ਤਿਉਂ ਸਿਖਾਂ ਕੀ ਏਕਤਾ ਪਾਹਿਲ ਭੇਦ ਨਾ ਤਵਨ । ਵਡੇ ਲਘੂ ਕੋ ਭੇਦ ਨਹ ਸਿਖਿਆ ਲੇਵੈ ਸਿਖ । ਬਰਨ *ਜਾਤ ਕੋ ਦੂਰ ਧਰ ਐਸਾ ਸਿਖ ਸੋ ਲਖ ॥ ਦੇਵੈ ਲੇਵੈ ਪ੍ਰੀਤ ਕਰ ਖਾਵੈ ਕਰਜ ਦਿਵਾਇ । ਸਿਖੀ ਪਦ ਜੋ ਦਗਾ ਕਰ ਠੌਰ ਨ ਕਤਹੂੰ ਪਾਇ । ਨਾਮ ਕੀ ਪ੍ਰੀਤ ਨਾਮ ਜਪ ਨਾਮ ਰਮੈ ਵਿਚ ਪਰਾਨ । ਨਾਮ ਉਪਦੇਸੈ ਨਾਮ ਸੁਖ ਸਖਾ ਸਾਚ-ਲੈ ਨਾਮ । ਜੀਵਨ ਜਾਕਾ ਧਰਮ ਹਿਤ ਚਲਨਾ ਗੁਰ

---

* ਨੋਟ—ਭਾਵ ਜਾਤੀ ਕਾ ਅਭਿਮਾਨ ਨਾ ਕਰੇ ॥

Sri Satguru Jagjit Singh Ji Elibrary NamdhariElibrary@gmail.com

ਕੀ ਰੀਤ। ਭੋਜਨ ਜਾਂਕਾ ਦੇਹ ਹਿਤ ਰਹੈ ਵੈਰਾਗੀ ਨੀਤ। ਜਿਉਂ ਰਾਹੀ ਪ੍ਰਦੇਸ ਜਾਇ ਨਿਤ ਮਾਰਗ ਕੀ ਆਸ। ਤਿਉਂ ਆਤਮ ਹਿਤ ਆਚਰੈ ਰਹੀਏ ਚਿਤ ਉਦਾਸ ॥

ਤਥਾ—ਏਕ ਸੌ ਏਕ ਅਰਦਾਸ ਕਰ ਸੌ ਬਰਸੀ ਕੇ ਦੋਖ। ਗੁਰੂ ਗਵਾਵੈ ਸ਼ਿਖ ਕੇ ਪਾਵੈ ਗੁਰ ਪਦ ਮੋਖ। ਜਬ ਉਤਰੈ ਤਬ ਸਿਖ ਘਰ ਦਸਬੰਧੀ ਗਤ ਪਾਇ ਸੋ ਅਰਦਾਸੀਆ ਜੋਗ ਹੈ ਤਾਕੇ ਪੂਜੈ ਪਾਇ। ਸਿਖ ਸੁਖੀ ਸੋ ਹੋਇਗਾ ਸੌ ਅਰਦਾਸ ਕਰਾਇ। ਸਤਿ ਗੁਰ ਹਿਤ ਦਸਬੰਧ ਦੇ ਸਿਖੀ ਜੁਗਤ ਰਹਾਇ। ਨਾਰੀ ਪਰ ਧਨ ਛੋਡ ਕੇ ਨਿਸਚਾ ਗੁਰ ਪਰ ਸਰਨ। ਬਾਣੀ ਸਤਿ ਗੁਰ ਕੀ ਪੜੈ ਕਾਟੈ ਜਨਮ ਮਰਨ ॥ ਸਾਖੀ ॥ ੧੮ ॥

ਤਥਾ—ਸੂਰਜ ਪ੍ਰਕਾਸ਼ ॥ ਰੁਤ ॥ ੫ ॥ ਅੰਸੂ ॥ ੧੫ ॥

ਤਥਾ—ਸੌ ਸਾਖੀ ॥ ਸਿਖੀ ਸਾਬਤ ਰਖਣੀ ਭਾਈ ਰਹਣੀ ਭਲੀ ਹੈ ਭੇਖ ਕੁਛ ਭਲਾ ਨਹੀ ਗੁਰੂ ਨੂ ਸਿਦਕ ਸਿਖੀ ਪਿਆਰੀ ਹੈ। ਗੁਰੂ ਕੇ ਕੁਛ ਭੇਟ ਕੇ ਧਨ ਕੇ ਲੋਭੀ ਨਹੀ ਜੋ ਧਨ ਕੇ ਲੋਭ ਤੇ ਕੁਰਹਤ ਨੂ ਬਖਸੇਗਾ ਸੋ ਸਿਖ ਗੁਰਾਂ ਕਾ ਚੋਰ ਹੈ ਉਸਕੀ ਸਿਖੀ ਗੁਰੂ ਕੇ ਹਜੂਰ ਨਾ ਪਵੇਗੀ ॥ ਸਾਖੀ ॥ ੯ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਸੂਰਜ ਪ੍ਰਕਾਸ਼॥ ਰੁਤ॥ ੩ ॥ ਅੰਸੂ ॥ ੫੧॥ ਦੇਖੋ

**ਸ਼ੰਕਾ**—ਕੁਰਹਤਾਂ ਕਿਤਨੀਆਂ ਹੈਂ।

**ਉਤਰ**—ਤੁਰਕਣੀ ਦਾ ਸੰਗ। ਤਮਾਕੂ ਛੂਹਨਾਦਿਕ। ਕੁਠਾ ਮਾਸਾਦਿਕ। ਕੇਸਾਂ ਦੀ ਬੇ ਅਦਵੀ ॥ ੪ ॥ ਯਹ ਗ੍ਰੰਥ ਕੇ ਵੀਚ ਹੀ ਸਪਸ਼੍ਟ ਹਨ। ਤਥਾ ਜੋ ਚੂਹੜੇ ਚੁਮਾਰਾਂ ਨਾਲ ਖਾਣੇ ਵਾਲੇ ਗੁਰੂ ਦਸਮ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਮ ਕਵੀਆਂ ਦੀ ਕਹਣ ਵਾਲੇ ਭੌਂਦੂ, ਅਤੇ ਸ੍ਰੀਰਾਮ ਕ੍ਰਿਸ਼ਨਾਦਕੋਂ ਕੇ ਨਿੰਦਕ ਤਥਾ ਜੋ ਕਹਣ ਹਮ ਹਿੰਦੂ ਨਹੀ ਗੋ ਬਕਰਾ ਏਕ ਬਤੌਣ ਵਾਲੇ ਤਿਨਕੇ ਸਾਥ ਅਭੇਦ ਬਰਤਣਾ ਯਹ ਪੰਜਮੀ ਭੀ ਮਹਾ ਕੁਰਹਤ ਜਾਨਣੀ॥

ਤਥਾ ਸੌ ਸਾਖੀ,—"ਭੁਦਨ ਨਾਮ ਸਿਖ ਕਿਉਂ ਕਰੈ। ਮੂਏ ਬੰਧੁ ਕਿਉਂ ਰੋਦਨ ਧਰੈ। ਬੁਰੇ ਕਰਮ ਤੇ ਆਪ ਵਚਾਏ। ਸਕਲ ਕੁਟੰਬ ਸੁਭ ਮਾਰਗ ਪਾਏ। ਫਲਨਾ ਵੇਚ ਕਰੈ ਵਾਪਾਰ। ਤ੍ਰਿਣ ਕਾਸ਼ਟ ਅਰ ਚਾਮ ਨਿਵਾਰ। ਕਰਜ ਨਾ ਦੇ ਨੀਚ *ਚੰਡਾਲ। ਵੇਸਿਆ ਨਾਰੀ ਰਿਨ ਨਹ ਸਾਲ। ਕਾਹੂ ਸੋ ਝਗੜਾ ਨਾ ਮਾਂਡੋ। ਅਪਨੀ ਰਹਤ ਮੂਲ ਨਾ ਛਾਡੋ। ਦੁਰਜਨ ਸੇਤੀ ਪ੍ਰੀਤ ਨ ਕਰੋ। ਹਿਰਦੇ ਰੋਸ ਕਾਮ ਪਰਹਰੋ। ਚੌਮਾਰਗ ਮੈ ਬੈਠੈ ਨਾਹਿ। ਟੂਟਾ ਬਾਂਸ ਨਾ ਮੰਜੀ ਲਾਹਿ। ਉਰਧ ਸੁਆਸ ਧੋ ਆਧਾ ਪਾਇ। ਦਾਤਨ ਸੋ ਨਖ ਦੇਤ ਰਤਾਇ। ਖਾਵਤ ਵੇਰ ਹਸੈ ਵਕਵਾਦ। ਭੋਜਨ ਪੀਛੇ

---

* ਨੋਟ—ਭਾਵ ਤਿਸਕਾ ਧਾਨ ਖਾਨਾ ਪੜੇਗਾ।

Sri Satguru Jagjit Singh Ji Elibrary NamdhariElibrary@gmail.com

ਪੇਟ ਜੋ ਬਾਪ। ਰੋਵੈ ਹਸੈ ਕਬਹੂੰ ਗੁਰ ਆਗੈ। ਲਖਮੀ ਨਾਸ ਦਰਿਦਰੀ ਪਾਗੈ। ਮਗ ਮੈਂ ਸੈਨ ਰਾਹ ਮੈ ਭੋਜ। ਮਲ ਮੂਤ੍ਰ ਨਹ ਮਗ ਮੈ ਰੋਜ ॥" ਸਾਖੀ। ੭੯ ॥

ਤਥਾ—ਸੂਰਜ ਪ੍ਰਕਾਸ਼ ਰੁਤ।੫। ਅੰਸੂ।੧੫।ਦੇਖੋ॥

# (ਧੇਨੁ ਦੁਧੈ ਤੇ)

ਸ਼ੰਕਾ ਮਾਝ ਬਾਰਹ ਮਾਹਾ ਮਃ ੫,—"ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥"

ਆਪ ਪੂਰਬ ਗਊ ਮਾਤਾ ਕਾ ਮੰਡਨ ਕਰ ਆਏ ਹੋ।

ਉਤਰ ਗੌਂਡ ਸ੍ਰੀ ਕਬੀਰ ਜੀ,—"ਨਰੂ ਮਰੈ ਨਰੁ ਕਾਮਿ ਨ ਆਵੈ। ਪਸੂ ਮਰੈ ਦਸ ਕਾਜ ਸਵਾਰੈ ॥" ਸਬਦ ॥ ੨ ॥

ਤਥਾ—ਸ੍ਰਬਲੋਹ ਮੇ ਗੁਰੂ ਦਸਮੇਸ ਜੀ ਕਹਤੇ ਹੈਂ।

ਪਸੂ ਮਰੇ ਬਹੁ ਕਾਜ ਸਵਾਰੇ। ਯਹ ਤਨ ਤੇ ਕਛੂ ਹੂੰ ਨ ਸਰੀ ਧਿਃ ੨। ਛੰਃ ੮੨੮ ॥

ਇਤਯਾਦਕ ॥ ਵਚਨੋ ਸੇ ਕੈਮੁਤਿਕ ਪ੍ਰਤੀਤ ਹੋਵੈ ਹੈ। ਯਦੀ ਮ੍ਰਿਤੂ ਹੂਏ ਪਸੂ ਮਾਤ੍ਰ ਭੀ ਬਹੁਤ ਕਾਰਜੋਂ ਕਾ ਸਾਧਕ ਲਿਖੇ ਹੈਂ ਤੋ ਜੀਵਤੇ ਜੋ ਵਸ਼ੇਸ ਸਰਬ ਸੇ ਗਊ ਮਾਤਾ ਪੂਜਨੀਯ ਕਿਉਂ ਨਹੀ ਹੋ ਸਕਤੀ। ਤਿਸਕੋ ਵਿਅਰਥ ਕਹਨਾ ਬਨੈ ਹੀ ਨਹੀ। ਤਥਾ ਪੂਰਬ ਕਹੇ ਅਨੇਕ ਵਚਨੋ ਸੇ ਗਊ ਕੇ ਮਾਰਨੇ ਵਾਲੇ ਕੀ ਕਿਆ ਗਤਿ ਹੋਵੇਗੀ ਜਬ ਲਾਤ ਲਗਾਨੇ ਸੇ ਹੀ ਕੁੰਭੀ ਨਰਕ ਕੀ ਸਾਧਕ ਹੈ।

Sri Satguru Jagjit Singh Ji Elibrary NamdhariElibrary@gmail.com

ਤਥਾ ਮਾਝ ਦੀ ਵਾਰ ਵਿਚੋਂ ਮਃ ੧,—"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ । ਗੁਰ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ।ਪੌਃ। ੭।

ਇਤਯਾਦਕ ਸਬਦੋਂ ਸੇ ਭੀ ਗੋ ਮਾਤ੍ਰ ਕੀ ਆਣ ਸਪਸ਼ਟ ਹੈ।

ਯਾਂਤੇ "ਕਿਤੈ ਨ ਆਵੈ ਕਾਮ"

ਇਸ ਗੁਰੂ ਵਚਨ ਕਾ ਤਾਤਪ੍ਰਯ ਦੂਧ ਵਾਲੀ ਗਊ ਕੀ ਪ੍ਰਧਾਨਤਾ ਮੇ ਹੈ ਨਾ ਕਿ ਦੂਧ ਹੀਨ ਗਊ ਕੀ ਨਿੰਦਾ ਮੇ ॥ ਇਤਿ ॥

---

## ॥ ਰਹਤ ਸੁਣੋ ॥

ਯਥਾ ਸੌਸਾਖੀ,—'ਰਹੈ ਅਕਾਂਤ ਬੈਠਕਰ ਧਿਆਨਾ। ਹਿਰਦੇ ਗਨੈਨ ਚਿਤਵਤ ਨਾਨੈ। ਪਾਮਰ ਨਾਰੀ ਪਰਕੀ ਬੁਰੀ। ਰਾਜ ਦੂਤ ਕੀ ਮੈਤਰੀ ਛੁਰੀ। ਸਕਲ ਰਾਤ ਜਾਗਰਣ ਨਹੀ ਰਹੈ। ਮੈਥਨ ਅਧਕ ਵੇਰ ਨਹੀ ਕਰੈ। ਸਿਥਲ ਦੂਤ ਅਨਭਿਆਸੀ ਸਿਖ। ਕਾਚਾ ਸੂਖਾ ਤਿਆਗ ਆਮਿਖ। ਪਰਕੀ ਰਮਤੀ ਨਾਰੀ ਛੋਰ। ਜਿਉਂ ਅਪਨੀ ਇੰਦ੍ਰੀ ਹੋ ਠੌਰ। ਦੰਭ ਨਾਸਤਕੀ ਮਤਸਰ ਤਜੈ। ਅਸੂਆ ਨਿੰਦਾ ਚਿੰਤ ਨ ਭਜੈ। ਖਗ ਤਰਵਰ ਜਗ ਵਾਸ ਨਿਹਾਰੈ।

ਰੈਨ ਦਿਨਾ ਨਿਜ ਤਤ ਵਿਚਾਰੈ। ਹੀਏ ਵੈਰਾਗ ਜਗਤ ਕੋ ਅਸਾਰ। ਦੇਹ ਪਰਾਣ ਗੁਣ ਆਤਮ ਨਿਆਰ । ਸੁਨਕਰ ਸਾਸਤ੍ਰ" ਪਹਿਲੇ ਕਹ ਆਏ ਹਾਂ ॥

ਤਥਾ-ਧੀਰਜ ਸੋ ਵਿਵਹਾਰ ਘਟਾਵੈ। ਸਹਜ ਸਹਜ ਸਭ ਸੋਂ ਛੁਟਕਾਵੈ। ਦੀਸੈ ਕੁਧੀ ਸੁਮਤ ਕਾ ਬੋਧਕ । ਪਰਾਨ ਅਪਾਨ ਕੀ ਗਤ ਕਾ ਸੋਧਕ। ਵਡੀ ਵੇਰ ਭੋਜਨ ਨਹ ਖਾਇ । ਮਾਨ ਵਡਾਈ ਅਪਣੀ ਨਾਹਿ। ਕੁਸਰ ਕੋ ਭੋਜਨ ਸ੍ਵਨਾਰੀ ਸੋਭਾ। ਇਨ ਕੋ ਤਜੈ ਮਾਨ ਅਪਭੋਗਾ। ਖਲਕੀ ਮਲਕੀ ਨਟਕੀ ਪੰਗਤ। ਪੁਤਰ ਪੜਾਵੈ ਸਾਧੂ ਸੰਗਤ। ਦੇਵ ਭਵਨ ਮੈ ਚਿਰ ਨਹੀ ਰਹੈ। ਕਰਨੀ ਭੇਦ ਕਾਹੂ ਨਹੀ ਕਹੈ। ਸਮਤਾ ਨਿਤ ਸਭਨ ਕੋ ਹੇਰੈ। ਨਿਆਇ ਸਮੇ ਕੁਛ ਪਛ ਨਾ ਟੇਰੈ। ਭੋਜਨ ਕੀ ਕੀਰਤ ਨਹ ਕੀਜੈ। ਖਾਨ ਪਾਨ ਮੈ ਥਿਤ ਮਨ ਭੀਜੈ । ਸੂਧਾ ਹਾਰ ਬਿਹਾਰ ਅਤਿ ਸੂਧਾ। ਕਰਤ ਹੀ ਸਿਖ ਤੂਹ ਘਰ ਧਨ ਰੂਧਾ ॥'ਸਾਖੀ ੭੯ ॥

ਤਥਾ ਸੂਰਜ ਪ੍ਰਕਾਸ਼ ਰੁਤ ੫। ਅੰਸੂ ੧੫ ॥

ਤਥਾ ਸੌਸਾਖੀ,—"ਆਦਿ ਅੰਤ ਰੋਟੀ ਗ੍ਰੇਹੀ ਦੇਵ ਪਿਤਰ ਹਿਤ ਦੇਨ। ਵੇਦ ਉਕਤ ਤੇ ਧਰਮਵਾਨ ਏਕ*

---

* ਆਟਾ [illegible] ਜੋ ਤੋਲ ਕੇ ਪੀਛੇ [illegible] ਕੋ [illegible]।

ਪਛਾੜੀ ਲੈਨ ॥" ਸਾਖੀ ੮੫ ॥ ਤਥਾ ਸੂਰਜ ਪ੍ਰਕਾਸ਼ ਰੁਤ ੫ ॥ ਅੰਸੂ ੨੩ । ੨੪ । ੨੫ ॥

ਤਥਾ ਸੌਸਾਖੀ,–'ਏਕ ਵਾਰ ਸਤਿਗੁਰ ਕਹਾ ਮੰਤਰ ਜੰਤਰ ਕਲ ਮਾਹਿ । ਲੋਗ ਕਰੇਂਗੇ ਜਗਤ ਮੈ ਮੇਰਾ ਸਿਖ ਨ ਚਾਹਿ । ਏਕ ਸਮੇ ਮੰਤ੍ਰੀ ਬਹੁਤ ਘਰ ਘਰ ਵਾਜੈ ਬਾਜ । ਜਪ ਤਪ ਨਿਹਚਾ ਨਾ ਰਹੈ ਕਰ ਹੈਂ ਦੇਖਤ ਸਾਜ । ਜੈਸੀ ਗੁਰ ਗੀ ਭਾਵਨਾ ਤੈਸੀ ਗਤਿ ਹੋਇ ਸਕਤ । ਸਰਨ ਭਜੋ ਸ੍ਰੀਰਾਮ ਜੀ ਕਲ ਮੈ ਨਿਹਚਾ ਮੁਕਤ । ਵਾਹਿਗੁਰੂ ਇਹੁ ਮੰਤ੍ਰ ਜਪ ਸਗਲ ਸਰੇਂਗੇ ਕਾਮ । ਸਿਖ ਗੁਰੂ ਕੇ ਹਿਤ ਕਰੋ ਨਿਤ ਸਵਾਰੇ ਕਾਮ† ॥" ਸਾਖੀ ੯੨ ॥ ਤਥਾ ਸੂਰਜਪ੍ਰਕਾਸ਼ ਰੁਤ ੫ ॥ ਅੰਸੂ ੨੭ ॥

## ਚੌਦਾਂ ਪ੍ਰਕਾਰ ਕਾ ਮ੍ਰਿਤੂ ਅਤੇ ਮਾਯਾ ਕੀ ਪ੍ਰਬਲਤਾ

ਯਥਾ–ਗਉੜੀ ਸੁਖਮਨੀ ਮਃ ॥ ੫ ॥ ਗੋਬਿੰਦ ਭਜਨ ਬਿਨੁ ਬ੍ਰਿਥੇ ਸਭ ਕਾਮ । ਜਿਉ ਕਿਰਪਨ ਕੇ ਨਿਰਾਰਥ ਦਾਮੁ ॥ ਅਸ਼ਟਪਦੀ ॥ ੫ ॥

---

†ਨੋਟ–ਪਾਠਾਂਤ੍ਰ ਰਾਮ ਹੈ । ਸੂਰਜ ਪ੍ਰਕਾਸ਼ ॥ ਰੁਤ ॥ ੫ ॥ ਅੰਸੂ ॥ ੨੭ ॥

Sri Satguru Jagjit Singh Ji Elibrary NamdhariElibrary@gmail.com

ਯਥਾ—ਸ੍ਰੀ ਤੁਲਸੀ ਜੀ ਚੌਃ ॥

ਕੌਲ ਕਾਮ ਵਸ ਕ੍ਰਿਪਣ ਵਿਮੂਢਾ । ਅਤੀ ਦਿਰਿਦ੍ਰੀ ਅਯਸੀ ਅਤਿ ਬ੍ਰਿਢਾ ।
ਸਦਾ ਰੋਗ ਵਸ ਸੰਤਤ ਕਰੋਧੀ । ਰਾਮ ਬਿਮੁਖ ਸ਼ੁਰਤੀ ਸੰਤ ਬਰੋਧੀ ।
ਤਨੁ ਪੋਖਕ ਨਿੰਦਕ ਅਘਖਾਨੀ । ਅਨ ਜੀਵਨ ਸਮ ਚੌਦਹ ਪ੍ਰਾਨੀ ।
[ਰਾਮਾਇਣ ਲੰਕਾ ਕਾਂਡ]

ਤਥਾ—ਯਾਂਤੇ ਆਸਾ ਸ੍ਰੀ ਕਬੀਰ ਜੀ । ਕਹਾ ਸੁਆਨ ਕਉ ਸਿੰਮ੍ਰਿਤਿ ਸੁਨਾਏ । ਕਹਾ ਸਾਕਤ ਪਹਿ ਹਰਿ ਗੁਨ ਗਾਏ ॥ ੧ ॥ ਰਾਮ ਰਾਮ ਰਾਮ ਰਮੇ ਰਮਿ ਰਹੀਐ । ਸਾਕਤ ਸਿਉ ਭੂਲਿ ਨਹੀ ਕਹੀਐ ॥ ੧ ॥ ਰਹਾਉ ॥ ਕਊਆ ਕਹਾ ਕਪੂਰ ਚਰਾਏ । ਕਹ ਬਿਸੀਅਰ ਕਉ ਦੂਧੁ ਪੀਆਏ ॥ ਸਬਦ ॥ ੨੦ ॥

ਤਥਾ ਸ੍ਰੀ ਤੁਲਸੀ ਜੀ ਚੌਃ—

ਸਠ ਸਨ ਬਿਨੈ ਕੁਟਿਲ ਸਨ ਪ੍ਰੀਤੀ । ਸਹਜ ਕ੍ਰਿਪਨ ਸਨ ਸੁੰਦ੍ਰ ਨੀਤੀ ।
ਮਮਤਾ ਰਤਿ ਸਨ ਗਿਆਨ ਕਹਾਨੀ। ਅਤੀ ਲੋਭੀ ਸਨ ਬ੍ਰਿਤ ਵਖਾਨੀ ।
ਕਰੋਧਹ ਸਮ ਕਾਮਹ ਹਰਿ ਕਥਾ । ਊਖਰ ਬੀਜ ਬਏ ਫਲ ਜਥਾ ।
ਯਾਂਤੇ—ਢੋਲ ਗਵਾਰ ਸੂਦ੍ਰ ਪਸੁ ਨਾਰੀ । ਯੇ ਸਭ ਤਾੜਨ ਕੇ ਅਧਿਕਾਰੀ ।
[ਸੁੰਦ੍ਰ ਕਾਂਡ ਰਾਮਾਯਣ]

ਯਾਂਤੇ ਮਾਝ ਦੀ ਵਾਰ ਵਿਚੋਂ ਮਃ ੧,—"ਮੂਰਖ ਗੰਢੁ ਪਵੈ ਮੁਹਿ ਮਾਰੁ । ਨਾਨਕੁ ਆਖੈ ਏਹੁ ਬੀਚਾਰੁ ॥" ਪੌੜੀ ੧੨ ॥

[ਕ੍ਰੋਧ ਕੈਸਾ ਹੈ]

ਸਵੈਯਾ—ਅੰਧ ਕਰੋਂ ਦ੍ਰਿਗ ਵੰਤਨ ਕੋ ਸੁਰਤ ਵੰਤਨ ਕੋ ਬਧਰੋ ਕਰ ਡਾਰੋਂ। ਧ੍ਰਿਤ ਵੰਤਨ ਕੋ ਸੁ ਅਧੀਰ ਕਰੋਂ ਪੁਨ ਚਾਤਰ ਕੀ ਮਤਿ ਦੂਰ ਨਿਵਾਰੋਂ। ਹਿਤ ਕਾਰਯ ਨਾਹਿ ਪਿਖੇ ਕਬਹੀ ਜਿਨਕੇ ਉਰ ਭੀਤਰ ਮੈ ਪਗ ਧਾਰੋਂ। ਹਿਤ ਆਪਨ ਨਾਹਿ ਸੁਨੇ ਕਬਹੀ ਪਢਿਯੋ ਜਿਤਨੋ ਖਿਨ ਮਾਹਿ ਵਿਸਾਰੋਂ॥ ਪ੍ਰਬੋਧ ਚੰਦ੍ਰ ਨਾਟਕ ਧਿ: ੨। ਛੰ:। ੧੩੫॥

ਤਥਾ ਆਸਾ ਕਬੀਰ ਜੀ,—"ਸਰਪਨੀ ਤੇ ਊਪਰਿ ਨਹੀ ਬਲੀਆ। ਜਿਨ ਬ੍ਰਹਮਾ ਬਿਸਨੁ ਮਹਾ ਦੇਉ ਛਲੀਆ॥" ਸਬਦ। ੧੯॥

ਤਥਾ ਸ੍ਰੀ ਤੁਲਸੀ ਜੀ, ਦੋ:—"ਗ੍ਯਾਨੀ ਭਗਤ ਸਿਰੋਮਣੀ ਤ੍ਰਿਭੁਵਨ ਪਤੀ ਕਾ ਯਾਨ। ਤਾਹਿ ਮੋਹਿ ਮਾਯਾ ਪ੍ਰਬਲ ਪਾਮਰ ਕਰਤ ਗੁਮਾਨੁ॥" ਛੰ:। ੮੬ ਚੌ:—

ਮੋਹ ਨ ਅੰਧ ਕੀਨ ਕਿਹ ਕੇਹੀ। ਕੋ ਜਗ ਕਾਮ ਨਚਾਵ ਨ ਜੇਹੀ।
ਤ੍ਰਿਸ਼ਨਾ ਕਿਹ ਨ ਕੀਨ ਬੌਰਾਹਾ। ਕਿਹ ਕੇ ਹਿਰਦੈ ਕ੍ਰੋਧ ਨਹ ਦਾਹਾ।

ਦੋ:—"ਗ੍ਯਾਨੀ ਤਾਪਸਿ ਸੂਰ ਕਵਿ ਕੋਵਿਦ ਗੁਣਆਗਾਰ ਕਿਹ ਕੈ ਲੋਭ ਵਿਡੰਬਨਾ ਕੀਨ ਨਾ ਯਹ ਸੰਸਾਰ॥ ੯੮॥

Sri Satguru Jagjit Singh Ji Elibrary NamdhariElibrary@gmail.com

ਸ੍ਰੀਮਦ ਬਕਰ ਨ ਕੀਨ ਕਿਹ, ਪ੍ਰਭੁਤਾ ਬਧਿਰ ਨ ਕਾਹਿ। ਮ੍ਰਿਗ ਨੈਨੀ ਕੇ ਨੈਨ ਸਰ, ਕੋ ਅਸ ਲਾਗ ਨ ਜਾਂਹਿ॥ ੯੯ ॥ ਚੌਃ—

ਗੁਣ ਕ੍ਰਿਤ ਸੰਨਪਾਤ ਨਹ ਕੇਹੀ। ਕੋ ਨ ਮਾਨ ਮਦ ਬਿਆਪਿਉ ਜੇਹੀ।
ਯੌਬਨ ਜ੍ਵਰ ਕਿਹ ਨਹ ਬਲਕਾਵਾ। ਮਮਤਾ ਕਿਹਕਤ ਜਸ ਨਾ ਨਸਾਵਾ।
ਮਤਿਸਰ ਕਾਹਿ ਕਲੰਕ ਨ ਲਾਵਾ। ਕਾਹਿ ਨਾ ਸੋਕ ਸੁਮੀਰ ਭੁਲਾਵਾ।
ਚਿੰਤਾ ਸਾਪਨਿ ਕਾਹਿ ਨ ਖਾਯਾ। ਕੋ ਜਗ ਯਾਹਿ ਨ ਬਿਆਪੀ ਮਾਯਾ।
ਕੀਟ ਮਨੋਰਥ ਦਾਰ ਸਰੀਰਾ। ਜਿਹ ਨਾ ਲਾਗ ਘੁਨ ਕੋ ਅਸਧੀਰਾ।
ਸੁਤ ਵਿਤਨਾਰਿ ਈਖਣਾ ਤੀਨੀ। ਕਿਹ ਕੀ ਮਤ ਇਨਕ੍ਰਿਤ ਨਾ ਮਲੀਨੀ।
ਯਹ ਸਭ ਮਾਯਾ ਕ੍ਰਿਤ ਪ੍ਰਵਾਰਾ। ਪ੍ਰਬਲ ਅਮਿਤ ਕੋ ਬਰਣੈ ਪਾਰਾ।
ਸ਼ਿਵ ਚਤੁਰਾਨਨ ਦੇਖ ਡਰਾਹੀ। ਅਪਰ ਜੀਵ ਕੇ ਲੇਖੇ ਮਾਹੀ॥

ਦੋਹਃ—"ਵਿਆਪ ਰਹਿਯੋ ਸੰਸਾਰ ਮਹਿ ਮਾਯਾ ਕਟਕ ਪ੍ਰਚੰਡ। ਸੈਨਾ ਪਤਿ ਕਾਮਾਦਿ ਭਟ ਦੰਭ ਕਪਟ ਪਾਖੰਡ॥" ਛੰਃ ੧੦੦ ਚੌਃ—

ਸੋ ਮਾਯਾ ਰਘੁਵਰ ਕਰ ਦਾਸੀ। ਕ੍ਰਿਪਾ ਰਾਮ ਤਬ ਹੋਵੈ ਨਾਸੀ।
[ਉਤਰ ਕਾਂਡ ਰਾਮਾਇਣ]

ਤਬਾ ਧਨਾਸਰੀ ਮਃ ੫,—"ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ। ਗੂੜੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ॥" ਸਬਦ। ੧੧॥

Sri Satguru Jagjit Singh Ji Elibrary NamdhariElibrary@gmail.com

# (ਭਗਤੀ ਕਰੋ ਅਤੇ ਸਾਤ ਪ੍ਰਸ਼ਨ)

ਯਥਾ ਬਿਲਾਵਲ ਮ: ੯,–"ਹਰਿਕੈ ਨਾਮੁ ਬਿਨਾ ਦੁਖੁ ਪਾਵੈ। ਭਗਤਿ ਬਿਨਾ ਸਹਸਾ ਨਹ ਚੂਕੈ ਗੁਰ ਇਹ ਭੇਦੁ ਬਤਾਵੈ ॥ ੧ ॥ ਰਹਾਉ ॥ ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ । ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥ ੧ ॥ ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ। ਕਹੁ ਨਾਨਕ ਇਹਿ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ ॥" ਸਬਦ । ੨ ॥

ਤਥਾ ਸ੍ਰੀ ਤੁਲਸੀ ਜੀ, ਸ੍ਰੀ ਗਰੜੋ ਵਾਚ ਚੌ:–

ਪੁਨ ਸਪ੍ਰੇਮ ਬੋਲਿਊ ਖਗ ਰਾਊ। ਜੋ ਕ੍ਰਿਪਾਲ ਮੁਹਿ ਊਪਰ ਭਾਊ।
ਨਾਥ ਮੋਹਿ ਨਿਜ ਸੇਵਕ ਜਾਨੀ। ਸਪਤ ਪ੍ਰਸਨ ਮਮ ਕਹੋ ਵਖਾਨੀ।
ਪ੍ਰਿਥਮਹਿ ਕਹੋ ਨਾਥ ਮਤਿ ਧੀਰਾ। ਸਭਤੇ ਦੁਰਲਭ ਕਵਨ ਸਰੀਰਾ।
ਵਡਦੁਖ ਕਵਨ ਕਵਨ ਸੁਖ ਭਾਰੀ। ਸੋ ਸੰਖੇਪਹਿ ਕਹਹੁ ਵਿਚਾਰੀ।
ਸੰਤ ਅਨੰਤ ਮਰਮ ਤੁਮ ਜਾਨੋ। ਤਿਨ ਕਰ ਸਹਜ ਸੁਭਾਵ ਵਖਾਨੋ।
ਕਵਨ ਪੁੰਨਸ਼੍ਰੁਤਿ ਵਿਦਤਬਿਸਾਲਾ।ਕਹਹੁਕਵਨ ਅਘ ਪਰਮ ਕਰਾਲਾ।
ਮਾਨਸ ਰੋਗ ਕਹਹੁ ਸਮਝਾਈ। ਤੁਮਸਰਵਗਜ ਕ੍ਰਿਪਾਅਧਿਕਾਈ।

ਸ੍ਰੀ ਕਾਕ ਭੁਸੰਡੋ ਵਾਚ ਚੌ:–

ਤਾਤ ਸੁਨੋ ਸਾਦਰ ਅਤਿ ਪ੍ਰੀਤੀ। ਮੈਂ ਸੰਖੇਪ ਕਹੌਂ ਯਹ ਨੀਤੀ।

Sri Satguru Jagjit Singh Ji Elibrary NamdhariElibrary@gmail.com

ਨਰ ਸਮਾਨ ਨਹਿੰ ਕਵਨਹੁ ਦੇਹੀ। ਜੀਵ ਚਰਾਚਰ ਯਾਚਤ ਜੇਹੀ।
ਨਰਕ ਸੁਰਗ ਅਪਵਰਗ ਨਸੇਨੀ। ਗਯਾਨ ਵੈਰਾਗ ਭਗਤਿ ਸੁਖਦੇਨੀ।

ਸੋ ਤਨ ਧਰ ਹਰਿ ਭਜੈ ਨ ਜੇ ਨਰ। ਹੋਇ ਵਿਖੈ ਰਤਿ ਮੰਦ ਮੰਦ ਤਰ।
ਕੰਚਨ ਕਾਂਚ ਬਦਲਿ ਸਠ ਲੇਹੀ। ਕਰ ਤੇ ਡਾਰ ਪਾਰਸ ਮਣਿ ਦੇਹੀ।

ਨਾਹਿ ਦਰਿਦ੍ਰ ਸਮ ਦੁਖ ਜਗ ਮਾਹੀ। ਸੰਤ ਮਿਲਨ ਸਮ ਸੁਖ ਕਛੁ ਨਾਹੀ।

ਪਰ ਉਪਕਾਰ ਵਚਨ ਮਨ ਕਾਯਾ। ਸੰਤ ਸੁਭਾਵ ਸਹਜ ਖਗ ਰਾਯਾ।

ਸੰਤ ਸਹੈਂ ਦੁਖ ਪਰ ਹਿਤ ਲਾਗੀ। ਪਰ ਦੁਖ ਹੇਤੁ ਅਸੰਤ ਅਭਾਗੀ।

ਭੂ ਰਜ ਤਰੁ ਸਮ ਸੰਤ ਕ੍ਰਿਪਾਲਾ। ਪਰ ਹਿਤ ਨਿਤ ਸਹਿ ਬਿਪਤਿ ਬਿਸਾਲਾ

ਸਣੀ ਇਵ ਖਲ ਪਰ ਬੰਧਨ ਕਰਹੀ। ਖਾਲ ਕਢਾਇ ਵਿਪਤ ਸਹ ਮਰਹੀ।
ਖਲ ਬਿਨ ਸ੍ਵਾਰਥ ਪਰ ਅਪਕਾਰੀ। ਅਹਿ ਮੂਖਕ* ਇਵ ਸੁਣ ਉਰਗਾਰੀ।
ਪਰ ਸੰਪਦਾ ਬਿਨਾਸ ਨਸਾਹੀ। ਜਿਮ ਸਸੀਹਤ ਹਿਮ ਉਪਲ ਬਲਾਹੀ।
ਦੁਸ਼੍ਰ ਉਦੇ ਯਗ ਅਨਰਥ ਹੇਤੂ। ਯਥਾ ਪ੍ਰਸਿੱਧ ਅਧਮ ਗ੍ਰਹ ਕੇਤੂ।
ਸੰਤ ਉਦਯ ਸੰਤਤ ਸੁਖ ਕਾਰੀ। ਵਿਸ੍ਵ ਸੁਖਦ ਜਿਮ ਇੰਦੁ ਤਮਾਰੀ।
ਪਰਮ ਧਰਮ ਸ਼੍ਰੁਤਿ ਵਿਦਿਤ ਅਹਿੰਸਾ। ਪਰ ਨਿੰਦਾ ਸਮ ਅਘ ਨ ਗਰਿੰਸਾ।
ਹਰਿ ਗੁਰ ਨਿੰਦਕ ਦਾਦੁਰ ਹੋਈ। ਜਨਮ ਸਹਸ੍ਰ ਪਾਵ ਤਨ ਸੋਈ।
ਦਿਜ ਨਿੰਦਕ ਬਹੁ ਨਰਕ ਭੋਗ ਕਰ। ਜਗ ਜਨਮਹਿ ਵਾਯਸ ਸਰੀਰ ਧਰ।

ਸੁਰ ਸ਼੍ਰੁਤੀ ਨਿੰਦਕ ਜੇ ਅਭਿਮਾਨੀ। ਰੌਰਵ ਨਰਕ ਪਰੈਂ ਤੇ ਪ੍ਰਾਨੀ।
ਹੋਹਿ ਉਲੂਕ ਸੰਤ ਨਿੰਦਾ ਰਤਿ। ਮੋਹਿ ਨਿਸਾ ਪ੍ਰਿਯਾ ਗਯਾਨ ਭਾਨੁਗਤ।

ਸਭ ਕੀ ਨਿੰਦਾ ਜੇ ਜੜ੍ਹ ਕਰਹੀ। ਤੇ ਚਮਗਾਦਰ ਹੋ ਅਵਤਰ ਹੀ।

ਸੁਨੋ ਤਾਤ ਅਬ ਮਾਨਸ ਰੋਗਾ। ਜਿਹ ਤੇ ਦੁਖ ਪਾਵੈ ਸਭ ਲੋਗਾ।
ਮੋਹਿ ਸਕਲ ਬ੍ਯਾਧਿਨ ਕਰ ਮੂਲਾ। ਤਿਹ ਤੇ ਪੁਨ ਉਪਜੈ ਬਹੁਸੂਲਾ।
ਕਾਮ ਵਾਤ ਕਫ ਲੋਭ ਅਪਾਰਾ। ਕ੍ਰੋਧ ਪਿਤ ਨਿਤ ਛਾਤੀ ਜਾਰਾ।
ਪ੍ਰੀਤ ਕਰੈਂ ਜੋ ਤੀਨੋ ਭਾਈ। ਉਪਜੈ ਸੰਨਪਾਤ ਦੁਖ ਦਾਈ।
ਵਿਸ਼ੇ ਮਨੋਰਥ ਦੁਰਗਮ ਨਾਨਾ। ਤੇ ਸਭ ਸੂਲ ਨਾਮ ਕੋ ਜਾਨਾ।

---

* ਯਥਾ ਧਨਾਸਰੀ ਮਃ ੫,—'ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ॥' ਸ਼ਬਦ ੪੨॥

Sri Satguru Jagjit Singh Ji Elibrary NamdhariElibrary@gmail.com

ਮਮਤਾ ਦੱਦ੍ਰ ਕੰਡ੍ਰੂ ਈਰਖਾਈ। ਹਰਖ ਬਿਖਾਦ ਗਿਬਰ ਬਹੁਤਾਈ।
ਪਰ ਸੁਖ ਦੇਖ ਜਰਨ ਸੋ ਛਈ। ਕੁਸ਼ਟ ਦੁਸ਼ਟਤਾ ਮਨ ਕੁਟਲਈ।
ਅਹੰਕਾਰ ਜੋ ਦੁਖਦ ਡਹਰੁਆ। ਦੰਭ ਕਪਟ ਮਦ ਮਾਨ ਨਹਰਵਾ।
ਤ੍ਰਿਸਨਾ ਉਦਰ ਬਿਰਧ ਅਤਿ ਭਾਰੀ। ਤ੍ਰਿ ਬਿਧਿ ਈਸ਼ਣਾ ਤਰੁਣ ਤਿਜਾਰੀ।
ਜੁਗ ਬਿਧਿ ਜ੍ਵਰ ਮਤਸਰ ਅਬਿਬੇਕਾ। ਕਹਿ ਲਗ ਕਹੌਂ ਕੁਰੋਗ ਅਨੇਕਾ।

**ਦੋ:—ਏਕ ਬਿਆਧਿ ਸਨ ਨਰ ਮਰੈ ਯਹ ਅਸਾਧ ਬਹੁ ਬਿਆਧ। ਸੰਤਤ ਪੀੜਹਿ ਜੀਵ ਕਹਿ ਸੋ ਕਿਮ ਲਹੈ ਸਮਾਧਿ॥ ਛੰ: ੧੯੨॥**

**ਨੇਮ ਧਰਮ ਆਚਾਰ ਤਪ ਗਿਆਨ ਜੱਗ ਜਪ ਦਾਨ। ਭੇਖਜ ਪੁਨ ਕੋਟਨ ਕਰੈ ਰੁਜ ਨ ਜਾਇ ਹਰਿ-ਯਾਨ॥ ਛੰ: ੧੯੩॥**

ਚੌ:-ਯਹ ਬਿਧਿ ਸਕਲ ਜੀਵ ਜਗ ਰੋਗੀ। ਸੋਕ ਹਰਖ ਭੈ ਪ੍ਰੀਤ ਵਿਜੋਗੀ।
ਮਾਨਸ ਰੋਗ ਕਛੁਕ ਮੈ ਗਾਏ। ਹੈਂ ਸਭ ਕੇ ਲਖ ਵਿਰਲੇ ਪਾਏ।
ਜਾਨੇ ਤੇ ਛੀਜੈ ਕਛੁ ਪਾਪੀ। ਨਾਸ ਨਾ ਪਾਵੈ ਜਨ ਪਰਤਾਪੀ।
ਵਿਖੇ ਕੁਪੰਥ ਪਾਇ ਅੰਕੁਰੇ। ਮੁਨਨਿ ਹਿਰਦੇ ਕਾ ਨਰ ਬਪੁਰੇ।
ਰਾਮ ਕ੍ਰਿਪਾ ਨਾਸਹ ਸਭ ਰੋਗਾ। ਜੋ ਇਹ ਭ੍ਹਾਂਤ ਬਨੈ ਸੰਜੋਗਾ।
ਸਤਿਗੁਰੁ ਵੈਦ ਵਚਨ ਵਿਸਵਾਸਾ। ਸੰਯਮ ਯਹ ਨਾ ਵਿਸ਼ੇ ਕੀ ਆਸਾ।
ਰਘੁਪਤਿ ਭਗਤਿ ਸੁ ਜੀਵਨ ਮੂਰੀ। ਅਨੁਪਾਨ ਸਰਧਾ ਅਤਿ ਰੂਰੀ।
ਇਹ ਬਿਧਿ ਭਲੇ ਕੁਰੋਗ ਨਸਾਹੀ। ਨਹ ਤੋ ਜਤਨ ਕੋਟਿ ਨਹ ਜਾਂਹੀ।
ਜਾਨੀਏ ਤਬ ਮਨ ਬਿਰੁਜ ਗੁਸਾਂਈ। ਜਬ ਉਰ ਬਲ ਵੈਰਾਗ ਅਧਿਕਾਈ।
ਸੁਮਤਿ ਛੁਧਾ ਵਾਢੈ ਨਿਤ ਨਈ। ਵਿਸ਼ੇ ਆਸ ਦੁਰਬਲਤਾ ਗਈ।

ਬ੍ਰਿਮਲ ਗਜ਼ਾਨ ਜਲ ਪਾਇ ਅਨੁਵਾਈ। ਤਬ ਰਹ ਰਾਮ ਭਗਤਿ ਉਰਛਾਈ।
ਸ਼ਿਵ ਅਜ ਸੁਕ ਸਨਕਾਦਿਕ ਨਾਰਦ। ਜੋ ਮੁਨਿ ਬ੍ਰਹਮ ਵਿਚਾਰ ਵਿਸ਼ਾਰਦ।
ਸਭ ਕਰ ਮਤਿ ਖਗ ਨਾਯਕ ਯੇਹਾ। ਕਰੀਏ ਰਾਮ ਪਦ ਪੰਕਜ ਨੇਹਾ।
ਸ਼੍ਰੁਤਿ ਪੁਰਾਣ ਸਦ ਗ੍ਰੰਥ ਕਹਾਹੀ। ਰਘੁਪਤਿ ਭਗਤਿ ਬਿਨਾ ਸੁਖ ਨਾਹੀ।
ਕੱਮਠ ਪੀਠ ਜਾਮੈ ਵਰੁ ਵਾਰਾ। ਬੰਧਜਾ ਸੁਤ ਵਰੁ ਕਾਹੁਹਿ ਮਾਰਾ।
ਫੂਲੈ ਨਭ ਵਰੁ ਵਹੁ ਬਿਧਿ ਫੂਲਾ। ਜੀਵ ਨ ਲਹ ਸੁਖ ਪ੍ਰਭੁ ਪ੍ਰਤਿਕੂਲਾ।
ਤ੍ਰਿਖਾ ਜਾਇ ਵਰੁ ਮ੍ਰਿਗ ਜਲ ਪਾਨਾ। ਵਰੁ ਜਾਮੈ ਸਸ ਸੀਸ ਵਿਖਾਨਾ।
ਅੰਧਕਾਰ ਵਰੁ ਰਵੈਂ ਨਸਾਵੈ। ਰਾਮ ਬਿਮੁਖ ਸੁਖ ਜੀਵ ਨ ਪਾਵੈ।
ਹਿਮ ਤੇ ਅਨਲ ਪ੍ਰਗਟ ਵਰੁ ਹੋਈ। ਰਾਮ ਬਿਮੁਖ ਸੁਖ ਪਾਵ ਨ ਕੋਈ।

**ਦੋਃ—ਵਾਰ ਮਥੇ ਵਰੁ ਹੋਇ ਘ੍ਰਿਤ, ਸਿਕਤਾ ਤੇ ਵਰੁ ਤੇਲ। ਬਿਨ ਹਰਿ ਭਜਨ ਨਾ ਭਵ ਤਰੈ, ਯਹ ਸਿੱਧਾਂਤ ਅਪੇਲ॥ ਛੰਃ ੧੯੪॥**

[ਰਾਮਾਇਣ ਉਤਰਕਾਂਡ ਇਤਿ]

**ਤਥਾ ਗਉੜੀ ਮਃ ੫,—'ਕਹੁ ਨਾਨਕ ਇਹੁ ਤਤ ਬੀਚਾਰਾ। ਬਿਨੁ ਹਰਿ ਭਜਨ ਨਾਹੀ ਛੁਟਕਾਰਾ॥ ਸਬਦ ੪੪॥**

**ਤਥਾ ਗਉੜੀ ਮਃ ੫,—'ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ। ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨ ਹੂ ਲਹਿਆ॥ ਸਬਦ ੧੬ ੨ ਇਤਿ॥**

Sri Satguru Jagjit Singh Ji Elibrary NamdhariElibrary@gmail.com

ਤਥਾ ਸੂਹੀ ਮਃ ੫,—

"ਰਾਸਿ ਮੰਡਲੁ ਕੀਨੋ ਆਖਾਰਾ।
ਸਗਲੋ ਸਾਜਿ ਰਖਿਓ ਪਾਸਾਰਾ ॥"

[ ਸ਼ਬਦ ੪੫ ]

ਤਥਾ ਮਾਰੂ ਸੋਲਹੇ ਮਃ ੫,—'ਨਿਰਾਹਾਰੀ ਨਿਰਵੈਰੁ ਸਮਾਇਆ। ਧਾਰਿ ਖੇਲੁ ਚਤੁਰਭੁਜੁ ਕਹਾਇਆ। ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ ॥ ( ਤਥਾ ) ਆਪੇ ਗੋਪੀ ਆਪੇ ਕਾਨਾ। ਆਪੇ ਗਊ ਚਰਾਵੈ ਬਾਨਾ ॥ ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ' ਸਬਦ ੧੧ ॥

॥ ਤਥਾ ਸ੍ਰੀਮੁਖ ਵਾਕ ਦਸਮ ਗੁਰੂ ਗ੍ਰੰਥ ਸਾਹਿਬ॥

ਸਵੈਯਾ—'ਸੁੰਦਰ ਠਉਰ ਬਿਖੈ ਕਵਿ ਸਿਆਮ ਕਹੈ ਮਿਲਿ ਗ੍ਵਾਰਨ ਖੇਲ ਕਰਯੋ ਹੈ। ਮਾਨਹੁ ਆਪਹੀਂ ਤੇ ਬ੍ਰਹਮਾ ਸੁਰ ਮੰਡਲ ਸੁੱਧਿ ਬਨਾਇ ਧਰਯੋ ਹੈ । ਜਾ ਪਿਖ ਕੇ ਖਗ ਰੀਝ ਰਹੈ ਮ੍ਰਿਗ ਤਿਆਗ ਤਿਸੈ ਨਹੀ ਚਾਰੋ ਚਰਯੋ ਹੈ। ਅਉਰ ਕੀ ਬਾਤ ਕਹਾਂ ਕਹੀਏ ਜਿਹ ਕੇ ਪਿਖਏ ਭਗਵਾਨ ਛਰਯੋ ਹੈ ॥' ਸ਼੍ਰੀ ਕ੍ਰਿਸਨਾਵਤਾਰ ਛੰਦ ੫੨੩ ॥

Sri Satguru Jagjit Singh Ji Elibrary NamdhariElibrary@gmail.com

ਤਥਾ ਸਵੈਯਾ,—'ਬ੍ਰਹਮਾ ਪਿਖ ਕੈ ਜਿਹ ਰੀਝ ਰਹਿਯੋ ਜਿਹ ਕੋ ਦਿਖ ਕੈ ਸ਼ਿਵ ਧਯਾਨ ਛੁਟਾ ਹੈ। ਜਾਂ ਨਿਰਖੇ ਰਤਿ ਰੀਝ ਰਹੀ ਰਤਿ ਕੇ ਪਤਿ ਕੋ ਪਿਖ ਮਾਨ ਟੁਟਾ ਹੈ। ਕੋਕਿਲ ਕੰਠ ਚੁਰਾਇ ਲੀਯੋ ਜਿਨ ਭਾਵਨ ਕੋ ਸਭ ਭਾਵ ਲੁਟਾ ਹੈ। ਗ੍ਵਾਰਨ ਕੇ ਘਨ ਬੀਚ ਬਿਰਾਜਤ ਰਾਧਿਕਾਂ* ਮਾਨਹੁ ਬਿੱਜ ਛਟਾ ਹੈ।' ਸ਼੍ਰੀ ਕ੍ਰਿਸ਼ਨਾਵਤਾਰ ਛੰਃ ੫੪੧ ॥

ਯਾਂਤੇ ਐਸੇ ਗੁਣ ਗਾਓ, ਯਥਾ ਕਮਲ ਫੂਲ ਪ੍ਰਕਾਸ਼ ਗ੍ਰੰਥ ਕ੍ਰਿਤ ਸੰਤ ਸੋਹਣ ਦਾਸ † ਵੈਰਾਗੀ, ਤਦੁਕੰਃ—

ਤੇਰੀ ਜੈ ਹੋ ਸਦਾ ਗਿਰਧਾਰੀ ॥ ਟੇਕ ॥
ਨਿਰਗੁਣ ਆਪੇ ਸਰਗੁਣ ਆਪੇ ਸਤਗੁਰ ਵਾਕ ਉਚਾਰੀ। ਆਪੇ ਕਰਤਾ ਭਰਤਾ ਹਰਤਾ, ਆਪੇ ਖੇਲ ਖਿਲਾਰੀ ਸ਼ਕਤੀ ਕੇ ਸੰਗ ਮਿਲ ਕਰ ਆਪੇ ਅਨਕ ਰੂਪ ਤਨ ਧਾਰੀ। ਦੇਵਕੀ ਨੰਦਨ ਕੰਸ ਨਿਕੰਦਨ ਮਧੁਸੂਦਨ ਬਨਵਾਰੀ॥ ਮੋਰ ਮੁਕਟ ਸਿਰ ਉਪਰ ਛਾਜੇ ਅਲਕਾਂ

---

* ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟ ਸੀਸ ਮੋਰ ਪੰਖ ਚਾਹਿ ਜੀਉ। ਇਸ ਪੂਰਬ ਕਹੇ ਸਵਈਏ ਨਾਲ ਸੰਬੰਧਿਤ ਕਰਨਾ, ਪ੍ਰਿਆ ਕਹੀਏ ਸ਼੍ਰੀ ਰਾਧਿਕਾ ਜੀ॥

† ਇਹ ਮਹਾਤਮਾ ਜੀ ਰਿਆਸਤ ਮਹਾਰਾਜਾ ਪਟਿਆਲਾ ਸੁਧਾਸਰ ਦੇ ਨਿਵਾਸੀ ਹਨ।

Sri Satguru Jagjit Singh Ji Elibrary NamdhariElibrary@gmail.com

ਕੀ ਛਬਿ ਨਿਯਾਰੀ। ਕਰ ਮੇਂ ਕੰਙਣ ਪਗ ਮੇਂ ਨੇਵਰ ਕਟ ਪੀਤਾਂਬਰ ਧਾਰੀ। ਬਿੰਦ੍ਰਾਬਨ ਮੇਂ ਰਾਸ਼ਾਂ ਖੇਲੇ ਮਾਧੋ ਕੁੰਜ ਬਿਹਾਰੀ। ਜਮਨਾ ਤੀਰੇ ਧੇਨੁ ਚਰਾਵੇ ਓਢੇ ਕਾਂਬਰ ਕਾਰੀ। ਅਦਭੁਤ ਬੇਨ ਬਜਾਕਰ ਹਰਿ ਨੇ ਮੋਹ ਲਈ ਬ੍ਰਜਨਾਰੀ।ਚੰਦ੍ਰਸਖੀ ਅਰ ਲਲਤਾ-ਆਦਿਕ ਰਾਧੇ ਕ੍ਰਿਸ਼ਨ ਪਿਯਾਰੀ। ਦਰਸ਼ਨ ਦੇਕੇ ਲੁਕ ਗਯੋ ਹਰਿ ਜੀ ਢੂੰਡਨ ਲਗੀ ਵਿਚਾਰੀ। ਗੋਕੁਲ ਢੂੰਡੀ ਮਥੁਰਾ ਢੂੰਡੀ ਢੂੰਡ ਥਕੀ ਬ੍ਰਜ ਸਾਰੀ। ਜਲ ਮੇਂ ਢੂੰਡਯੋ ਥਲ ਮੇਂ ਢੂੰਦਿਯੋ ਢੂੰਡਿਯੋ ਪਰਬਤ ਭਾਰੀ। ਪੂਰਬ ਢੂੰਡਿਯੋ ਪਸ਼੍ਚਮ ਢੂੰਡਿਯੋ ਉੱਤਰ ਦੱਖਣ ਚਾਰੀ। ਕਿਨਹੁ ਨ ਦੇਖਾ ਵੰਸੀ ਬਾਰਾ ਢੂੰਡ ੨ ਸਭ ਹਾਰੀ। ਬ੍ਰਹਮਾਦਿਕ ਤੇ ਭੇਦ ਨ ਪਾਵਤ ਕੌਨ ਲਖੇ ਗਤਿ ਥਾਰੀ। ਕ੍ਰਿਪਾ ਕਰਕੇ ਦਰਸ਼ਨ ਦੇਵੋ ਇਸ ਵਿਧਿ ਕੂਕ ਪੁਕਾਰੀ। ਕਮਲ ਨੈਨ ਮਨ ਮੋਹਨ ਸੁੰਦਰ ਭਗਤਨ ਕੇ ਹਿਤ ਕਾਰੀ। ਪ੍ਰੇਮ ਬਚਨ ਸੁਨ ਪ੍ਰਗਟ ਹੋ ਗਿਯੋ ਕੇਸ਼ਵ ਕ੍ਰਿਸ਼ਨ ਮੁਰਾਰੀ। ਦਰਸ਼ਨ ਪਾਕਰ ਆਨੰਦ ਹੋਵੇ ਸੋਹੰ ਸਦ ਬਲਿਹਾਰੀ॥

ਤਥਾ-ਦਰਸ਼ਨ ਦੇਨਾ ਮੇਰੇ ਪਿਆਰੇ ਯਾਦਵ ਰਾਯਾ॥ ਟੇਕ॥ ਗਜ ਅਰ ਗ੍ਰਾਹ ਲੜੇ ਜਲ ਭੀਤਰ ਲੜਤ ੨ ਦੁਖ ਪਾਯਾ। ਜੌਂ ਭਰ ਸੂੰਡ ਰਹੀ ਜਲ ਊਪਰ ਤਬ ਗਜ

Sri Satguru Jagjit Singh Ji Elibrary NamdhariElibrary@gmail.com

ਟੇਰ ਅਲਾਯਾ। ਭੀਲਨੀ ਬੇਰ ਸੁਦਾਮਾ ਤੰਦੁਲ ਰੁਚ ਰ ਭੋਗ ਲਗਾਯਾ। ਦੁਰਯੋਧਨ ਕੇ ਮੇਵੇ ਤਯਾਗੇ ਸਾਗ ਬਿਦੁਰ ਘਰ ਪਾਯਾ। ਧੰਨੇ ਭਗਤ ਕੇ ਵਛੜੇ ਚਾਰੇ, ਬਾਸੀ ਟੁਕੜਾ ਖਾਯਾ। 'ਕਰਮਾ' ਬਾਈ ਖਿਚੜੀ ਖਾਈ ਜਗੰਨਾਥ ਤੇ ਧਾਯਾ। ਨਾਮਦੇਵ ਕਾ ਦੇਹੁਰਾ ਫੇਰਾ ਨਾਮੇ ਦੂਧ ਪਿਆਇਆ। ਕਬੀਰ ਭਗਤ ਕਾ ਜਗ ਜੁ ਕੀਨਾ ਬਣ ਬਨਜਾਰਾ ਆਯਾ। ਨਾਮਦੇਵ ਕੀ ਛਾਨ ਛਵਾਈ ਬੇਢੀ ਬਣ ਕਰ ਆਯਾ। ਸੈਨ ਭਗਤ ਕੀ ਸੇਵਾ ਕੀਨੀ ਰਾਜੇ ਚਰਣ ਦਬਾਯਾ। ਰਵਿਦਾਸ਼ ਭਗਤ ਦੇ ਠਾਕੁਰ ਤਾਰੇ ਬਿਪ੍ਰਨ ਮਾਨ ਮਿਟਾਯਾ। ਸਧਨੇ ਭਗਤ ਕੀ ਰੱਛਾ ਕੀਨੀ ਜਬ ਹਰਿ ਬੁਰਜ ਗਿਰਾਯਾ। ਨਰਸੀ ਭਗਤ ਕੀ ਹੁੰਡੀ ਤਾਰੀ ਸਾਮਲ-ਸਾਹ ਕਹਾਯਾ। ਦ੍ਰੁਪਦ ਸੁਤਾ ਕੀ ਲੱਜਾ ਰਾਖੀ ਜਬ ਹਰਿ ਚੀਰ ਵਧਾਯੋ। ਆਪੇ ਗੋਪੀ ਆਪੇ ਕਾਨ੍ਹਾ ਆਪੇ ਰਾਸ ਰਚਾਯਾ। ਸੂਰਦਾਸ ਕੋ ਦੇ ਕਰ ਨੇਤ੍ਰ ਦਰਸ਼ਨ ਆਪ ਦਿਖਾਯਾ। ਸਤਿਜੁਗ ਮੇਂ ਹਰਿਨਾਖਸ਼ ਮਾਰੇ ਨਰਸਿੰਘ ਰੂਪ ਬਣਾਯਾ। ਤ੍ਰੇਤੇ ਮੇਂ ਹਰਿ ਰਾਵਣ ਮਾਰੇ ਰਾਮ ਨਾਮ ਸਭ ਧਿਆਇਆ। ਦ੍ਵਾਪਰ ਮੇਂ ਹਰਿ ਕੰਸ ਪਛਾੜੇ ਜਮੁਨਾ ਮਾਰ ਬਹਾਯਾ। ਕਲਜੁਗ ਮੇਂ ਗੁਰ ਨਾਨਕ ਸ੍ਵਾਮੀ ਸੰਤ ਰੂਪ ਧਰਿ ਆਯਾ॥ ਇਤਿ॥

Sri Satguru Jagjit Singh Ji Elibrary NamdhariElibrary@gmail.com

## ॥ ਕਵਿ ਉਵਾਚ ॥

ਦਸਮ ਰੂਪ ਧਰਿ ਹਿੰਦੂ ਰਾਖੇ ਹਥ ਵਿਚ ਬਾਜ ਸੁਹਾ-ਇਆ। ਨਿਹੰਗ ਸਿੰਘ ਕੇ ਐਸੇ ਸਤਿਗੁਰ ਚਰਨੀ ਸੀਸ ਨਿਵਾਇਆ ॥

ਯਾਂ ਤੇ ਤਿਸ ਪਰਮਾਤਮਾ ਕੀ ਮੂਰਤੀਓਂ ਕਾ ਏਕ ਰੂਪ ਜਾਨ ਕੇ ਨਾਮ ਜਪਨਾ ਸ਼੍ਰੇਸ਼੍ਟ ਹੈ।

ਯਥਾ ਮਾਰੂ ਮਃ ੧,—'ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ।' ਅਸਟਪਦੀ ੭ ॥

ਯਾਂਤੇ,—'ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ। ਨਰਕ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸੁ।' ਸਲੋਕ ੯੫ ॥

ਸ਼ੰਕਾ—ਸੋ ਰਾਮ ਜੀ ਕਹਾਂ ਨਿਵਾਸ ਕਰਤੇ ਹੈਂ ?

ਉੱਤਰ ਯਥਾ,—'ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ। ਬਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ।' ਸਲੋਕ ੧੯ ॥

ਪਰੰਤੂ ਸੋ ਹਿਰਦੇ ਰੂਪ ਘਰ ਐਸੇ ਪਵਿਤ੍ਰ ਚਾਹੀਏ ਜੈਸੇ ਸ੍ਰੀ ਬਾਲਮੀਕ ਜੀ ਸ੍ਰੀ ਰਾਮ ਪ੍ਰਤਿ ਕਹਤੇ ਹੈਂ। ਚੌ:—

Sri Satguru Jagjit Singh Ji Elibrary NamdhariElibrary@gmail.com

ਸੁਨੋ ਰਾਮ ਅਬ ਕਹੌਂ ਨਿਕੇਤਾ। ਬਸਹੁ ਜਹਾਂ ਸੀਆ ਲਖਣ ਸਮੇਤਾ।
ਜਿਨਕੇ ਸ਼੍ਰਵਣ ਸਮੁਦ੍ਰ ਸਮਾਨਾ। ਕਥਾ ਤੁਮਾਰਿ ਸੁਭਗ ਸਰਿ ਨਾਨਾ।
ਭਰਹਿ ਨਿਰੰਤਰ ਹੋਹਿ ਨ ਪੂਰੇ। ਤਿਨ ਕੇ ਹੀਏ ਸਦਨ ਤਬ ਰੂਰੇ।
ਲੋਚਨ ਚਾਤਕ ਜਿਨ ਕਰ ਰਾਖੇ। ਰਹਹਿ ਦਰਸ਼ਨ ਜਲਧਰ ਅਭਿਲਾਖੇ।
ਨਿਦਰਹਿ ਸਿੰਧੁ ਸਰਿਤ ਸਰਿ ਵਾਰੀ। ਰੂਪ ਵਿੰਦੁ ਜਲ ਹੋਹਿ ਸੁਖਾਰੀ।
ਤਿਨਕੇ ਹ੍ਰਿਦਯ ਸਦਨ ਸੁਖਦਾਯਕ। ਬਸਹੁ ਲਖਣ ਸੀਯ ਸਹ ਰਘੁਨਾਯਕ।

**ਦੋਃ—'ਯਸ ਤੁਮਾਰ ਮਾਨਸ ਵਿਮਲ, ਹੰਸਨਿ ਜੀਹਾ ਜਾਸ। ਮੁਕਤਾਹਲ ਗੁਣ ਗਣ ਚੁਗਹਿ, ਬਸਹੁ ਰਾਮ ਹਿਯ ਤਾਸ॥ ੧੨੭॥**

**ਚੌਪਈ—**

ਪ੍ਰਭੁ ਪ੍ਰਸਾਦ ਸ਼ੁਚਿ ਸੁਭਗ ਸੁਵਾਸਾ। ਸਾਦਰ ਜਾਸ ਲਹੈ ਨਿਤ ਨਾਸਾ।
ਤੁਮਹਿ ਨਿਵੇਦਤ ਭੋਜਨ ਕਰਹੀ। ਪ੍ਰਭੁ ਪ੍ਰਸਾਦ ਪਟ ਭੂਸ਼ਣ ਧਰਹੀ।
ਸੀਸ ਨਿਵਹਿ ਸੁਰਗੁਰ ਦਿਜ ਦੇਖੀ। ਪ੍ਰੀਤਿ ਸਹਿਤ ਕਰ ਵਿਨਯ ਵਿਸ਼ੇਖੀ।
ਕਰ ਨਿਤ ਕਰਹਿ ਰਾਮ ਪਦ ਪੂਜਾ। ਰਾਮ ਭਰੋਸ ਹ੍ਰਿਦਯ ਨਹਿ ਦੂਜਾ।
ਚਰਨ ਰਾਮ ਤੀਰਥ ਚਲ ਜਾਂਹੀ। ਰਾਮ ਬਸਹੁ ਤਿਨ ਕੇ ਮਨ ਮਾਂਹੀ।
ਮੰਤ੍ਰਰਾਜ *ਨਿਤ ਜਪਹਿ ਤੁਮ੍ਹਾਰਾ। ਪੂਜਹਿ ਤੁਮ੍ਹੈਂ ਸਹਿਤ ਪਰਿਵਾਰਾ।
ਤਰਪਣ ਹੋਮ ਕਰੈਂ ਬਿਧਿ ਨਾਨਾ। ਬਿਪ੍ਰ ਜੀਵਾਇ ਦੇਹਿ ਬਹੁ ਦਾਨਾ।
ਤੁਮ੍ਹਤੇ ਅਧਿਕ ਗੁਰਹਿ ਜੀਅ ਜਾਨੀ। ਸਕਲ ਭਾਵ ਸੇਵਹ ਸਨਮਾਨੀ।

---

* ਯਥਾਗੋਂਡ ਮਃ ੫,—"ਸਭ ਤੇ ਊਚ ਰਾਮ ਪਰਗਾਸ। ਨਿਸਿ ਬਾਸਰ ਜਪਿ ਨਾਨਕ ਦਾਸ। ਸ਼ਬਦ ੧੦॥"

ਤਥਾ ਸਲੋਕ ਸਹਸ ਕ੍ਰਿਤੀ ਮਃ ੫,—"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਵਤ੍ਰ ਪੂਰਨਹ॥ ਸਲੋਕ ੪੦॥" ਇਤਯਾਦਿਕ ਅਨੇਕ ਗੁਰੂ ਵਾਕਜ ਹੈਂ।

Sri Satguru Jagjit Singh Ji Elibrary NamdhariElibrary@gmail.com

ਦੋਂ:—ਸਭ ਕਰਮਾਂਗਹਿ ਏਕ ਫਲ, ਰਾਮ ਚਰਨ ਰਤਿ ਹੋਉ। ਤਿਨ ਕੇ ਮਨ ਮੰਦਿਰ ਬਸਹੁ, ਸੀਯਾ ਰਘੁਨੰਦਨ ਦੋਉ॥ ੧੨੮॥

ਚੌਪਈ—

ਕਾਮ ਕ੍ਰੋਧ ਮਦ ਮਾਨ ਨ ਮੋਹਾ। ਲੋਭ ਨ ਖੋਭ ਨ ਰਾਗ ਨ ਦ੍ਰੋਹਾ।
ਜਿਨ ਕੇ ਕਪਟ ਦੰਭ ਨਹ ਮਾਯਾ। ਤਿਨ ਕੇ ਹ੍ਰਿਦਯ ਬਸਹੁ ਰਘੁਰਾਯਾ।
ਸਭੇ ਪ੍ਰਿਯਾ ਸਭ ਕੇ ਹਿਤੁਕਾਰੀ। ਦੁਖ ਸੁਖ ਸਰਸ ਪ੍ਰਸ਼ੰਸਾ ਗਾਰੀ।
ਕਹਹਿ ਸਤਯ ਪ੍ਰਿਯਾ ਵਚਨ ਵਿਚਾਰੀ। ਜਾਗਤ ਸੋਵਤ ਸਦਨ ਤੁਮਾਰੀ।
ਤੁਮਹਿ ਛਾਡਿ ਗਤਿ ਦੂਸਰ ਨਾਹੀ। ਰਾਮ ਵਸਹੁ ਤਿਨਕੇ ਉਰ ਮਾਹੀ।
ਜਨਨੀ ਸਮ ਜਾਨਹਿ ਪਰ ਨਾਰੀ। ਧਨ ਪਰਾਯ ਵਿਖਤੇ ਵਿਖ ਭਾਰੀ।
ਜੋ ਹਰਖਹਿ ਪਰ ਸੰਪਤਿ ਦੇਖੀ। ਦੁਖਿਤ ਹੋਹਿ ਪਰ ਬਿਪਤਿਵਿਸ਼ੇਖੀ।
ਜਿਨਹਿ ਰਾਮ ਤੁਮ ਪ੍ਰਾਨ ਪਿਯਾਰੇ। ਤਿਨ ਕੇ ਉਰ ਸ਼ੁਭ ਸਦਨ ਤੁਮਾਰੇ।

ਦੋਂ:—ਸ੍ਵਾਮੀ ਸਖਾ ਪਿਤੁ ਮਾਤ ਗੁਰ, ਜਿਨ ਕੇ ਸਭ ਤੁਮ ਤਾਤ। ਤਿਨਕੇ ਮਨ ਮੰਦਿਰ ਬਸਹੁ ਸੀਆ ਸਹਿਤ ਦੋਊ ਭ੍ਰਾਤ॥ ੧੨੯॥

ਚੌਪਈ—

ਅਵਗੁਨ ਤਜ ਸਭਕੋ ਗੁਨ ਗਹਹੀ। ਵਿਪ੍ਰ ਧੇਨੁ ਹਿਤ ਸੰਕਟ ਸਹਹੀ।
ਨੀਤਿ ਨਿਪੁਣ ਜਿਨਕੀ ਜਗ ਲੀਕਾ। ਘਰ ਤੁਮਾਰ ਤਿਨਕੇ ਮਨ ਨੀਕਾ।
ਗੁਨ ਤੁਮਾਰ ਸਮਝਹਿ ਨਿਜ ਦੋਸੂ। ਜਹਿ ਸਭ ਭਾਂਤਿ ਤੁਮਾਰ ਭਰੋਸੂ।
ਰਾਮ ਭਗਤਿ ਪ੍ਰਿਯ ਲਾਗਹਿ ਜੇਹੀ। ਤੇਹਿ ਉਰ ਬਸਹੁ ਸਹਿਤ ਵੈਦੇਹੀ।
ਜਾਤਿ ਪਾਂਤਿ ਧਨ ਧਰਮ ਵਡਾਈ। ਪ੍ਰਿਯ ਪਰਿਵਾਰ ਸਦਨ ਸੁਖਦਾਈ।
ਸਭ ਤਜਿ ਤੁਮਹਿ ਰਹੈਂ ਲਿਵਲਾਈ। ਤਾਕੇ ਹ੍ਰਿਦਯ ਬਸਹੁ ਰਘੁਰਾਈ।

ਸ੍ਵਰਗ ਨਰਕ ਅਪਵਰਗ ਸਮਾਨਾ। ਜਹੱ ਤਹੱ ਦੀਖ ਧਰੇ ਧਨੁ ਬਾਨਾ।
ਮਨ ਕ੍ਰਮ ਵਚਨ ਜੋ ਰਾਉਰ ਚੇਰਾ। ਰਾਮ ਕਰੌ ਤਾਕੇ ਉਰ ਡੇਰਾ।

ਦੋਃ—ਜਾਹਿ ਨ ਚਾਹੀਏ ਕਵਹੂੰ ਕਛੁ, ਤੁਮ ਸਨ ਸਹਜ ਸਨੇਹ। ਬਸਹੁ ਨਿਰੰਤਰ ਤਾਸ ਉਰ, ਸੋ ਰਾਵਰ ਨਿਜ ਗੇਹ॥ ੧੩੦॥

ਚੌਪਈ—

ਇਹ ਬਿਧਿ ਮੁਨਿ ਬਰ ਠਾਮ ਦਿਖਾਏ। ਵਚਨ ਸਪ੍ਰੇਮ ਰਾਮ ਮਨ ਭਾਏ।
[ ਤੁਲਸੀਰਾਮਾਯਣ ਅਯੁਧਯਾ ਕਾਂਡ ਇਤਿ]

ਯਾਂਤੇ ਸਿਖਆ ਸੁਨੋ !

ਯਥਾ ਸੋਰਠਿ ਦੀ ਵਾਰ ਵਿਚੋਂ ਮਃ ੩ ॥ ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ। ਮਨੁ ਤਨੁ ਆਗੈ ਰਾਖਿਕੈ ਊਭੀ ਸੇਵ ਕਰੇਇ। ਇਉ ਗੁਰ ਮੁਖਿ ਆਪਿ ਨਿਵਾਰੀਐ ਸਭੁ ਰਾਜ ਸ੍ਰਿਸਟ ਕਾ ਲੇਇ। ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ॥ ਪੌਃ ੧੪॥

ਯਾਂਤੇ ਅਭਿਮਾਨ ਰਹਤ ਹੋ ਜਾਓ। ਨਹੀ ਤੋ !

ਸ੍ਰੀ ਤੁਲਸੀ ਜੀ ਚੌਃ—

ਸੇਵਕ ਸੁਖ ਚਹ ਮਾਨ ਭਿਖਾਰੀ। ਵਿਅਸਨੀ ਧਨ ਸੁਭ ਗਤਿ ਵਿਭਚਾਰੀ।
ਲੋਭੀ ਜਸ ਚਹ ਚਾਰ ਗੁਮਾਨੀ। ਨਭ ਦੁਹਿ ਦੂਧੁ ਚਾਹਿਤ ਕੋਊ ਪ੍ਰਾਨੀ।
[ਰਾਮਾਇਣ ਅਰੰਨ ਕਾਂਡ]

# (ਤਮਾਕੂ ਆਦਿਕ ਨਖੇਧ)

ਯਥਾ ਸੌ ਸਾਖੀ ਵਿਚੋਂ—ਭਲਕ ਹੂਆ ਸਤਿਗੁਰ ਸਭਾ ਸਿਖ ਸੰਗਤਿ ਕੀ ਭੀੜ। ਹਾਥ ਜੋੜ ਸਨਮੁਖ ਪੂਛੇ ਮੁਲਤਾਨੀ ਸਿਖ ਬੀਰ। ਦੋਊ ਭਰਾਤ ਕੋ ਉਮ-ਗਤਾ ਖਤਰੀ ਜਾਤ ਮੁਲਤਾਨ। ਪਾੜੇ ਸੰਗਤ ਸੁਵਨ ਦੋ ਕਹੋ ਤਮਾਕੂ ਕਾਨ । ਸ੍ਰੀ ਸਤਿਗੁਰ ਬੋਲਤ ਭਏ ਮੇਰੀ ਬਾਤ ਪ੍ਰਤੀਤ। ਸਕੰਧ ਸੰਘਤਾ ਸ਼ਿਵ ਕਹੀ ਕਥਾ ਭਵਿ-ਖਤ ਰੀਤ। ਸਕੰਦ ਪੂਛੇ ਹੇ ਤਾਤ ਜੀ ਜਗਤ ਜੂਠ ਕਿਉਂ ਨਿੰਦ। ਕਲਜੁਗ ਕੈਸੇ ਬਰਤੀਏ ਕਿਹ ਕਿਨ ਕੀਨ ਮੁਨਿੰਦ। ਸ਼ਿਵ ਕਹਨਾ ਸੁਨ ਪੂਤ ਹਿਤ ਜਾਕੀ ਚਰਚਾ ਜਾਇ। ਅਘਮ ਰਖਨ ਤੇ ਸੁਧ ਮਨ ਛੁਹੇ ਰੰਗ ਜਲ ਨਾਇ। ਖਾਵਤ ਜਪ ਤਪ ਨਾਸ ਹੋਇ ਮੰਤ੍ਰ ਭ੍ਰਸ਼੍ਰ ਕੀਏ ਪਾਨ । ਖੇਤੀ ਮਗਹਰ ਸਮ ਜਿਮੀ ਸੁਧ ਬਰਸ ਤੇ ਜਾਨ। ਕਥਾ ਸੁਨੋ ਸਤਜੁਗ ਨਹੀ ਤਰੇਤਾ ਨਾਹ ਜੁਗ ਦੂਜ । ਪਾਂਡਵ ਵੰਸ ਨੇਮਨਾਥ ਨਿਰਪ ਪ੍ਰਜਾ ਦੁਖਾਇ ਅਕੂਜ। ਪ੍ਰਜਾ ਵਾਰ ਤੁਟੀ ਜਵੈ ਦੁਖਤ ਭਏ ਸਭ ਲੋਗ। ਮਲੇਛ ਪੀਰ ਪਸਚਮ ਤਬੈ ਤਾਪੈ ਭਏ ਸੁ ਸੋਗ। ਤਿਨ ਮੇਲੋ ਬੁਰਕਾ ਨ੍ਰਿਪ ਬਡਾ ਮਲੇਛਨ ਰਾਜ। ਤਾਕੇ ਘਰ ਅਜਮੇਰ ਸੁਤ ਸੰਗੀ ਪੂਜਾ

Sri Satguru Jagjit Singh Ji Elibrary NamdhariElibrary@gmail.com

ਸਮਾਜ। ਮੁਨੀ ਰੂਪ ਦਿਖ ਮਨੂ ਦੇਸ ਗਇਆ ਪ੍ਰਹ
ਕਰੇ ਮਾਝ । ਬਨ ਸ਼ਿਵ ਗਹਬਰ ਗੁਬਾਲ ਅਜ
ਪਾਇਆ ਖੋਜ ਇਕ ਸਾਂਝ। ਉਨ ਕਹਿਆ ਸੁਨ ਸਾਧ
ਜੀ ਮੋਹ ਜਲ ਪਾਤ੍ਰ ਚੋਇ। ਪ੍ਰਗਟਾ ਨਰ ਮੁਹ ਕਹਿ
ਉਠਾ ਮਾਗ ਧਰਨ ਜਸ ਹੋਇ। ਲੇ ਤਾਕੋ ਤਪ ਕਰਤ
ਥਾ ਇਕ ਦਿਨ ਤਹਾਂ ਅਜਮੇਰ। ਪੁਰਖ ਵਾਚ ਗੋ
ਮੇਧ ਕੀ ਔਖਧ ਤੇ ਸਿਧ ਤੇਰ। ਪਸਚਮ ਗੋ ਮੇਧੀ
ਧਰਨ ਸਿਧ ਖਾਲ ਤੇ ਲਿਆਇ। ਈਹਾਂ ਆਨ ਪ੍ਰਗਟ
ਕੀਆ ਬਧੀ ਮਲੇਛੀ ਦਾਇ। ਅਜਾ ਪਾਲ ਰਾਜਾ
ਭਇਆ ਤਾਂਕੀ ਬੇਟੀ ਸੁਠ। ਮੁਨਿ ਸੁਤ ਜੀਤਾ ਪਾਨ
ਤੇ ਪੂਛਾ ਪੀਰ ਸਮੁੰਡ। ਗੋ ਮੇਧਕੇ ਕੁੰਡ ਤੇ ਉਪਜੀ
ਪਾਪਨ ਪਾਤ। ਜਪ ਤਪ ਸੰਜਮ ਬ੍ਰਤ ਚਹੈ ਤੀਰਥ
ਫਲ ਖਾਤ। ਗੋ ਹੱਤਿਆ ਸਮ ਜਗਤ ਜੂਠ ਪੀਰ ਅਜਾ
ਮੇਰ ਲਿਆਇ। ਹਿੰਦੂ ਦੇਸ ਫੈਲਤ ਸਹੀ ਵਾਕੀ ਐਸੀ
ਬਾਇ। ਪੋਤੇ ਥੋਮ ਅਰ ਕਰਨ ਤੇ ਹੂਆ ਤਮਾਕੂ ਨਿੰਦ
। ਮਨ ਮਰਤਾ ਸ੍ਵੈ ਇਸਟ ਤੇ ਤਾਂਤੇ ਤਜੀਏ *ਇੰਦ॥
ਜਾਂ ਦਿਨ ਆਇਆ ਬੀਜ ਸਤਿ ਤਿਆਗੀ ਭੂਅ ਸੁਰ
ਪਿਤ੍ਰ। ਸੋਈ ਦਿਜ ਕੇਸਵ ਕਹਾ ਸਾਚ ਤਿਆਗੋ ਮਿੱਤ੍ਰ।

---

*ਪਾਠਾਂਤ੍ਰ ਪ੍ਰਤਿਦ ਹੈ ਸੂਰਜ ਪ੍ਰਕਾਸ਼ ਰੁਤ ੫। ਅੰਸੂ ੨੯॥

Sri Satguru Jagjit Singh Ji Elibrary NamdhariElibrary@gmail.com

ਤਾਂਤੇ ਹਮ ਛੋਰਾ ਸੁਨਾ ਕਰਾ ਸੰਗਤੀ ਵਰਜ। ਕਥਾ ਏਹ ਬਰਨਨ ਕਰੀ ਦੇਖ ਕਲੰਕੀ ਖਰਜ ॥ ਸਾਖੀ ੯੩ ॥

ਤਥਾ—ਸੂਰਜਪ੍ਰਕਾਸ਼ ਰੁਤ ੫ ॥ ਅੰਸੂ ੨੮ ॥

ਤਥਾ— ਕਾਰਤਕ ਮਹਾਤਮ ਵਿਚੋਂ। ਗੋ ਮਾਤਾ ਕੇ ਰਧਰ ਸੇ ਇਸਕੀ ਉਤਪਤੀ ਲਿਖੀ ਹੈ।

ਸਲੋਕ—ਰੁਧਿਰੰਚ ਪਾਪਾਤੋਰਵਜ਼ਾਂ ਤ੍ਰੀਣਿ ਵਧਤ੍ਰੂ ਨਜਤੋ ਭਵਨ। ਕਰਣੰਭਜਸ਼੍ਹੂ ਤਮਾਲੰਚ ਪੁੱਛਾਦ ਗੋਭੀ ਵਭੂਭਹ ॥ ਧਿ: ੧ ॥ ਸ: ੧੬ ॥

ਤਥਾ— ਸੌ ਸਾਖੀ ਵਿਚੋਂ ਸ੍ਰੀ ਮੁਖਵਾਕ ਪਾਤਸਾਹੀ ੧੦ ॥ ਸੁਨੋ ਸਿਖ ਮਮ ਤਰਨ ਜੋ ਤਜੇ ਤਮਾਕੂ ਸੰਗ। ਮਰਨ ਮਰੈ ਤੋ ਅਤਿ ਭਲਾ ਜਗਤ ਜੂਠ ਨਹੀ ਅੰਗ। ਤਨਕ ਸਮਾਕੂ ਸੇਵੀਏ ਦੇਵ ਪਿਤ੍ਰ ਤਜ ਜਾਇ। ਪਾਣੀ ਤਾਂਕੇ ਹਾਥ ਕਾ ਮਦਰਾ ਸਮ ਹੋਇ ਆਹਿ। ਮਦਰਾ ਦਹਤਾ ਸਤ ਕੁਲ ਭੰਗ ਦਹੇ ਤਨ ਏਕ। ਸਤ ਕੁਲ ਦਹਤਾ ਜਗਤ ਜੂਠ ਨਿੰਦਾ ਵਹੈ ਅਨੇਕ। ਤਜੈ ਤਮਾਕੂ ਮਨੁਖ ਕਲ ਉਧਰਿਆ ਦਰ ਪਰਵਾਨ। ਪੂਰੀ ਪਰੀ ਤਿਸ ਭਾਵਨਾ ਸਫਲ ਕਮਾ-ਈ ਮਾਨ।ਸ਼ਾਸਤ੍ਰ ਅਖਾਜ ਜਾਕੋ ਕਹੈ ਕਹੈ ਆਪੇਯ †ਸਮਦ। ਨਿੰਦਾ ਕਹੈ ਜਹ ਨੀਚ ਕੀ ਪੁਰਖ ਸੰਗ

† ਪਾਠਾਤ੍ਰ ਅਪ੍ਰੇਯ, ਸੂਰਜ ਪ੍ਰਕਾਸ਼ ਰੁਤ ੫। ਅੰਸੂ ੨੮॥

Sri Satguru Jagjit Singh Ji Elibrary NamdhariElibrary@gmail.com

ਏਹ ਕੁਬਧਿ ॥ ਸਾਖੀ ੯੪ ॥

---

## (ਨੀਤੀ ਉਪਦੇਸ ਅਤੇ ਧਰਮ)

ਯਥਾ ਸੌ ਸਾਖੀ—ਘੋੜੀ ਚੜਨਾ ਛਤ੍ਰੂਕਾ ਬਿਪ੍ਰ ਚੜੇ ਜੋ ਬੈਲ। ਘੋੜੀ ਚੜਤ ਸੰਨਿਆਸ ਤਜੋ ਨਾਰੀ ਪੁਰਖ ਨਾ ਖੇਲ। ਪੰਡਤ ਈਰਖ ਵਾਨ ਜੋ ਸੂਦ੍ਰ ਪੱਛਮਹਿ ਬਿਪ੍ਰ। ਰਾਜਾ ਹੋਇ ਵਾਢੀ ਲਏ ਗਿਆਨੀ ਮਤਸਰ ਖਿਪ੍ਰ ॥ ਸਾਖੀ ੯੪ ॥

ਤਥਾ—ਸ੍ਰੀ ਤੁਲਸੀ ਜੀ ਚੌਃ—

ਸੇਵਕ ਸਠ ਨ੍ਰਿਪ ਕ੍ਰਿਪਣ ਕੁਨਾਰੀ। ਕਪਟੀ ਮਿਤ੍ਰ ਸੂਲ ਸਮ ਚਾਰੀ।
[ਰਾਮਾਇਣ ਕਿਸ ਕੰਧਾ ਕਾਂਡ]

ਹਾਂ ਤਥਾ—ਸੂਰਜ ਪ੍ਰਕਾਸ਼ੋਕਤ। ਨੌਮੇਂ ਗੁਰੂ ਸਾਹਿਬ ਨੇ ਖਰਕੇ ਨਾਮਕ ਗ੍ਰਾਮ ਮੇ ਸਿਖਾਂ ਪ੍ਰਤਿ ਚੌਃ—

ਤਪਨ ਮਹਾਤਮ ਧਰਮ ਕਮਾਵਨ। ਯਾਂਤੇ ਰਾਜ ਸੁ ਤੇਜ ਵਧਾਵਨ।
ਹੋਹਿ ਪ੍ਰਿਥਮੀ ਪਤਿ ਫਲ ਕੋ ਪਾਵੈਂ। ਨ੍ਰਿਪਤਿ ਬਨਹਿ ਪੁਨ ਧਰਮ ਕਮਾਵੈਂ।
ਕਰਹਿ ਨਿਆਉ ਨਹ ਲੋਭੀ ਬਨੈ। ਰਛਹ ਜਗਤ ਦਯਾ ਮਨ ਸਨੈ।
ਦੂਖ ਨਿਵਾਰੈ ਸੁਖ ਕੋ ਦੇਹ। ਉਚਤ ਪ੍ਰਜਾ ਤੇ ਧਨ ਕੋ ਲੇਹਿ।
ਤਸਕਰ ਬਾਟ ਪਾਰਨ ਕੋ ਮਾਰਹਿ। ਇਤਜਾਦਕ ਗਨ ਵਿਘਨ ਖਿਦਾਰਹਿ।

ਤਿਨ ਕੀ ਕੁਲ ਤੇ ਰਾਜ ਨ ਜਾਇ। ਜਥਾ ਜੋਗ ਜੋ ਧਰਮ ਚਲਾਇ।
ਰਾਸ ॥ ੧੨ ॥ ਅੰਸੂ ॥ ੩੪ ॥

Sri Satguru Jagjit Singh Ji Elibrary NamdhariElibrary@gmail.com

ਤਥਾ ਸੌਸਾਖੀ,—'ਕੰਨਿਆ ਜਾਰੀ ਵਿਰਧ ਕਾਮ ਬਹੁ ਨਾਰੀ ਪ੍ਰਸੰਗ। ਬਿਆਹ ਦਾਮ ਖਰ ਬੀਰਜ ਲੈ ਬੈਲ ਨਪੁੰਸਕ ਪੰਗ॥ ਧੇਨ ਲਾਦ ਪਰ ਬਸਤ੍ਰ ਲੈ ਉਚਿਸ਼ਟ ਭੋਗ ਕੁਰੀਤ। ਜੀਵ ਕੀ ਜੀਵਕਾ ਅਪ ਹਰੈ ਚੁਗਲੀ ਤੋਰ ਪ੍ਰੀਤ। ਧ੍ਰਿਗ ਜੀਵਨ ਇਹ ਪਾਪੀ ਹੈ ਇਨਹੁ ਸੁਰਗ ਕਹਾਂ ਕਾਲ। ਸਿਦਕ ਛੋਰ ਗੁਰ ਵਚਨ ਹੱਤ ਦੋਖ ਅਨਗਨੈ ਭਾਲ। ਦਸ ਕਰਮਨਕੇ ਸਾਲਸੀ ਕਾਇਆਂ ਮਨ ਅਰ ਵਾਚ। ਚਾਰ ਬਰਨ ਮੈ ਸਾਧ ਜੋ ਜਮ ਗ੍ਰਿਹ ਜਾਇ ਨਾ ਸਾਚ। ਹਿੰਸਾ ਪਰਤ੍ਰਿਆ ਪਰ ਦਰਵਤੀ ਤੀਨ ਤਜੈ ਏਹ ਦੇਹ। ਬੁਰਾ ਨ ਚਿਤਵੈ ਆਨਕਾ ਅਸਤ ਬਸਤ ਨਹੀ ਕੇਹ। ਪਰ ਨਾਰੀ ਚਿੰਤਾ ਤਜੈ ਤੀਨ ਮਾਨਸੀ ਤਿਆਗ। ਪਰਖ ਅਸਤ ਸਾਲਾਘਨੀ ਅਰਿਤ ਮੰਦ ਤਜ ਵਾਗ। ਪੀਛੈ ਭੂਲਾ ਬਖਸੀਏ ਸਦਾ ਕਰੈ ਦ੍ਰਿੜ੍ਹ ਮੂੜ੍ਹ। ਕਹਨੀ ਇਹ ਰਹਨੀ ਸਿਦਕ ਗੁਰ ਨਾਨਕ ਬਖਸੀ ਗੂੜ੍ਹ। ਨਾਮ ਜਪਤ ਦਸ ਸਾਧਨਾ ਸਿਖ ਹਮਾਰਾ ਸੋਇ। ਤਰਨ ਉਪਾਇ ਤੁਹਿ ਇਹੁ ਕਹੇ ਡੂਬਨ ਕਹੌਂ ਨ ਕੋਇ। ਸਮਤਾ ਨਿਮ੍ਰਤਾ ਬੰਕਤਾ ਸਿਦਕ ਸਾਬਤੀ ਜਾਂਹਿ। ਸੋ ਮੇਰਾ ਨਿਤ ਮਿਲਨ ਕੋ ਤਨ ਮਨ ਮੋ ਹੈ ਤਿਸ ਆਹਿ। ਮਰਨੇ ਕਾ ਸੰਸਾ ਨਹੀ ਜੀਵਨ ਲੀਨਾ

ਨਾਮ ॥ ਸਭ ਦੂਖੀ ਸੰਸਕਤ ਹੈ ਮੋਹਿ ਵਿਗਾਰਾ ਕਾਮ। ਖਾਧੇ ਕੀ ਉਪਮਾ ਬੁਰੀ ਬੁਰੀ ਖੁਸਾਮਤ ਨਿਤ। ਬੁਰਾ ਬਹੁਤ ਬੋਲਨ ਅਧਿਕ ਬੁਰਾ ਧੂਵਤੀ * ਮਿਤ। ਨਾਮ ਨ ਛੋਰੇ ਸ਼ਸਤ੍ਰ ਹਿਤ ਸਿਖ ਸਮਾਲਾ ਹੌਂ। ਖੁਜਤ ਤਰਕ ਨਾ ਕੀਜੀਏ ਮੇਰੀ ਕਰੈ ਨਾ ਸੌਂਹ॥' ਸਾਖੀ ੯੪॥

ਤਥਾ ਇਹ ਚੌਰਾਨਵੀਂ ਸਾਖੀ ਦਾ ਪ੍ਰਸੰਗ ਸੂਰਜਪ੍ਰਕਾਸ਼ ਰੁਤ ੫ ਅੰਸੂ ੨੮ ਦੇਖੋ–

ਤਥਾ ਸੌਸਾਖੀ,–'ਭਲਾ ਨ ਹੋਇ ਪਹਾੜੀਆ ਸਮਝ ਬਿਸਾਹੀ ਲੇਹ। ਭੀੜ ਪੜੇ ਸਾਧੂ ਬਣੇ ਦਗਾ ਬਾਪ ਕੋ ਦੇਹ॥ ਸਾਖੀ ੩੯॥'

ਤਥਾ ਸੂਰਜਪ੍ਰਕਾਸ਼ ਰੁਤ ੫। ਅੰਸੂ ੩॥ ਦੇਖੋ!

---

## ( ਬਹਾਦੁਰ ਸ਼ਾਹ ਦਾ ਪ੍ਰਸ਼ਨ )

ਯਥਾ ਸੌਸਾਖੀ,–"ਸੁਨੀ ਬਹਾਦਰ ਬਾਦਸਾਹ ਇਕ ਦਿਨ ਪੂਛਾ ਏਹ। ਹਿੰਦੂ ਧਰਮ ਕਾਚਾ ਅਧਿਕ ਮਾਨਤ

---

* ਪਾਠਾਂਤਰ ਪਰਬਤੀ, ਸੂਰਜ ਪ੍ਰਕਾਸ਼ ਰੁਤ ੫। ਅੰਸੂ ੨੮।

Sri Satguru Jagjit Singh Ji Elibrary NamdhariElibrary@gmail.com

ਭੀਤ ਲਿਖ ਦੇਇ । ਜਲ ਸੀਂਚੇ ਵਡੀਅਨ ਕਹਾਂ ਸਰਾਧ ਆਗ ਘ੍ਰਿਤ ਮੇਲ। ਤਬ ਬੋਲੇ ਭਗਵਾਨ ਗੁਰ ਹਿੰਦੂ ਕਰਮ ਸੁ ਜੇਲ। ਸੇਵਾ ਕਰੈ ਕ੍ਰਿਸਾਨ ਫਲ ਸੇਵਾ ਫਲ ਧੇਨ। ਸੇਵਾ ਫਲ ਦੇ ਭੂਪਤੀ ਸੁਆਮੀ ਸੇਵਕ ਦੇਨ। ਧਰੇ ਧਿਆਨ ਦਿਲ ਮਾਝ ਸਭ ਚਿਤਵਤ ਕਰ ਹੈ ਕਾਮ। ਜੇ ਲਿਖ ਪੂਜਾ ਦੇਹਲੀ ਸੇਵਕ ਸੇਵਾ ਭਾਮ। ਆਸਤ ਨਾਸਤਕ ਦੋ ਨਰ ਰਚੇ ਬਿਧਿ ਨੇ ਸੁਰਤਿ ਸਮਾਲ। ਆਸਤਕ ਤੇ ਹਿੰਦੂ ਭਏ ਨਾਸਤਕ ਮੁਸਲ-ਮਾਨ। ਤੁਮਰੀ ਆਸਾ ਰੋਗ ਕੀ ਹਿੰਦੂ ਨਿਰੁਜ ਪਛਾਨ। ਖਾਵਤ ਰੋਗੀ ਕਮ ਬਿਨ ਹਿੰਦੂ ਕਿਰਤ ਮਿਹਰਾਮ। ਜੜ ਸਿੰਚੇ ਜਿਉ ਬ੍ਰਿਛ ਕੀ ਫਲ ਲੁਣੀਏ ਸਿਰਤਾਸ। ਤਿਉ ਭੂ ਸੇਂਚੇ ਬਿਪ੍ਰ ਵਰ ਫਲ ਲੇਵਤ ਜਾ ਅਕਾਸ। ਤੁਮਰਾ ਮਤ ਕਾਢਾ ਅਧਿਕ ਕਬਰ ਪੂਜਤੇ ਨਿਤ। ਕਹੋ ਪੂਜਾ ਨਹ ਦੇਤ ਕਿਉ ਮੁਖ ਕਹਨਾ ਹੋਇ ਮਿਤ।

ਤਬਾ—ਤੁਮਰਾ ਬਾਪ ਬਿਦੇਸ ਬਸ ਲੀਨਾ ਤੁਮ ਨ੍ਰਿਪ ਸਾਨ। ਪੀਛੇ ਖਰਚ ਨਾ ਭੇਜਦੇ ਨਾ ਹੋਵਹੁ ਪਰੇਸਾਨ। ਤੁਮਰਾ ਬਿਖਰਚ ਦਰਗਾਹਿ ਮੈ ਹਮਰਾ ਖਰਚ ਮੁਵਾਹਿ। ਪਦਰ ਤੁਮਾਰਾ ਦੀਨ ਹੋਇ ਲੇਇ ਸੁਆਸ ਦਰਗਾਹ। ਬੇਖਰਚ ਗੁਲਾਮੀ ਕਰਤ ਹੈ ਬੇਖਰਚ ਚੋਰ ਠਗ ਮਾਰ। ਬਿਖਰਚ ਹਾਰ ਭੂਪਤਿ

ਮੁਸੈ ਮਾਇਨਾ ਏਹੁ ਸਮ੍ਾਰ। ਸਾਖੀ ੯੬ ॥"
ਤਥਾ ਸੂਰਜਪ੍ਰਕਾਸ਼ ਐਨ ੨। ਅੰਸੂ ੧੬ ॥ ਦੇਖੋ,

ਤਬ 'ਬਹਾਦਰਸ਼ਾਹ ਚਰਨੀ ਪੜਾ' ਯਹ ਪ੍ਰਸੰਗ ਪੂਰਬ ਸ਼੍ਰਾਧ ਮੰਡਨ ਮੇਂ ਜਾਨ ਲੇਣਾ, ਜੋ ਨਹੀਂ ਮਾਨਤੇ ਸੋ ਗੁਰੂ ਜੀ ਸੇ ਬੇਮੁਖ ਹੈਂ। ਔਰ ਜੋ ਗੁਰੂ ਜੀ ਨੇ ਇਸ ਸਾਖੀ ਮੇਂ ਅਪਨਾ ਨਿਸ਼ਚਾ ਪ੍ਰਗਟ ਕਰਾ ਹੈ ਵਾਸਤਵ ਸੱਤਾ ਕੋ ਲੇਕਰ, ਉਸਕੀ ਵਜਵਸਥਾ ਵਜਵਹਾਰਿਕ ਸੇ ਅਤਿਰਿਕਤ ਹੈ।

ਤਥਾ ਜੋ ਤੀਸਰਾ ਖਾਲਸਾ ਕਹਾ ਹੈ ਤਿਸ ਕਾ ਤਾਤਪਰਯ ਯਹ ਹੈ ਕਿ ਪਾਂਚ ਕਕਾਰਾਦਿਕ ਰਹਤ ਜੋ ਵਿਸ਼ੇਸ਼ ਅੰਸ਼ ਹੈ ਸੋ ਤ੍ਰਿਤੀਆ ਪਨਾ ਹੈ ਨਾਕਿ ਹਿੰਦੂ ਧਰਮ ਸੇ ਕੋਈ ਬਿਰੁਧ ਹੋਕਰ, ਨਹੀਂ ਤੋ ਵਿਰੋਧ ਹੋਗਾ ਜੈਸੇ ਪੂਰਬ ਹਮ ਹਿੰਦੂ । ਤਥਾ ਤੁਰਕ ਸੰਗ ਸਪਰਸ਼ ਕਰਨਾ ਭੀ ਮਨਾ ਕੀਤਾ ਹੈ ॥

---

## (ਜੇ ਹਮ ਕੋ ਅਤੇ ਗੋਖਾ ਕਵੀ)

ਯਦਪਿ ਸ੍ਰੀ ਮੁਖਵਾਕ ਪਾਤਸ਼ਾਹੀ ੧੦-ਜੇ ਹਮ ਕੋ ਪਰਮੇਸੁਰ ਉਚਰ ਹੈ। ਤੇ ਸਭ ਨਰਕ ਕੁੰਡ ਮਹਿ ਪਰਹੈ। ਮੋਕੋ ਦਾਸ ਤਵਨ ਕਾ ਜਾਨੋ । ਯਾਮੈ ਭੇਦ ਨ ਰੰਚ ਪਛਾਨੋ। ਮੈ ਹੋਂ ਪਰਮ ਪੁਰਖ ਕੋ ਦਾਸਾ । ਦੇਖਨ ਆਯੋ ਜਗਤ ਤਮਾਸਾ। ਬਚਿਤ੍ਰ ਨਾਟਕ ਧਿਃ ੬ ॥

ਤਥਾਪਿ ਗੋਂਡ ਮਃ ੫-ਗੁਰੁ ਪਰਮੇਸਰੁ ਏਕੋ ਜਾਣੁ। ਜੋ ਤਿਸੁ ਭਾਵੈ ਸੋ ਪਰਵਾਣੁ ॥ ਸ਼ਬਦ ੮ ॥

ਤਥਾ—ਭੈਰਉ ਮਃ ੫—ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥ ਸ਼ਬਦ ੨੪ ॥

ਇਤਯਾਦਕ ਅਨੇਕ ਵਾਕਯ ਹੈਂ ॥ ਤਥਾ ਸੂਰਜ ਪ੍ਰਕਾਸ਼ ਚੌਃ—

ਗੁਰੂ ਭਗਤ ਬਪੁ ਭੇ ਅਵਤਾਰਾ । ਪੂਰਬ ਰੂਪ ਨ ਕਹਿੰ ਉਚਾਰਾ ।
ਜਿਉਂ ਸ੍ਵਾਂਗੀ ਜਗ ਸ੍ਵਾਂਗ ਬਨਾਵੈ । ਤਸ ਕ੍ਰਿਯਾ ਕਰ ਤਥਾ ਅਲਾਵੈ ।
ਸੂਕਰ ਰੂਪ ਧਰਾ ਗੁਨ ਖਾਨੀ । ਘੁਰ ਘੁਰ ਸਬਦ ਕ੍ਰਿਯਾ ਤਸ ਠਾਨੀ ।
ਨਰਸਿੰਘ ਰੂਪ ਬਨਾਇ ਬਹੋਰੀ । ਗਰਜ ਕ੍ਰਿਯਾ ਤਸ ਕਰੀ ਨ ਔਰੀ ।
ਤਿਸ ਬਿਧਿ ਲਖੀਓ ਗਤਿ ਇਨ ਕੇਰੀ । ਭਗਤ ਰੀਤ ਕੀ ਰਹਤ ਘਨੇਰੀ ।
ਰੂਪ ਵਾਸਤਵ ਨਹੀ ਲਖਾਯੋ । ਆਸ਼ਯ ਅਪਰ ਸੁਨੋ ਤੁਮ ਪਾਯੋ ।
ਬ੍ਰਹਮ ਬਿਸ਼ਨੁ ਰੁਦ੍ਰ ਮਹੀਆਨ । ਇਨ ਪਰ ਤਰਕ ਕਰੀ ਤਿਸ ਥਾਨ ।
ਤਹਾਂ ਆਪ ਕੋ ਨਹ ਇਮ ਕਹਤੇ । ਤੌ ਬਹੁ ਲੋਗ ਰਿਦੇ ਮਹਿ ਲਹਤੇ ।
ਸਭ ਕੋ ਤਰਕਤ ਭੇ ਇਸ ਥਾਈ । ਪਰਮੇਸੁਰਤਾ ਆਪ ਜਨਾਈ ।
ਇਮ ਵਿਚਾਰ ਕਰ ਤਹਾਂ ਬਖਾਨਾ । ਜੇ ਅਵਤਾਰ ਸੁ ਦਾਸ ਸਮਾਨਾ ।
ਨਿਜ ਸਰੂਪ ਪ੍ਰਮੇਸੁਰ ਕੇਰਾ । ਧਿਆਵਤ ਰਹੇ ਸੁ ਸੰਝ ਸਵੇਰਾ ।
ਇਹ ਭੀ ਤਿਹ ਅਸਥਾਨ ਵਚ ਕਹਿਯੋ । ਜਿਸਤੇ ਆਸ਼ੇ ਬੁਧਿ ਜਨ ਲਹਿਯੋ ।

ਸ੍ਰੀ ਮੁਖਵਾਕ ਪਾਤਸਾਹੀ ੧੦—ਇਹ ਬਿਧਿ ਕਰਤ ਤਪਸਿਆ ਭਯੋ । ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥ ਬਚਿਤ੍ਰ ਨਾਟਕ ਧਿਃ ੬ ॥

ਵਜਵਸਥਾ ਸੂਰਜਪ੍ਰਕਾਸ਼ ਰੁਤ ੩ ॥ ਅੰਸੂ ੧੨ । ਮੇਂ ਦੇਖੋ ! ਇਸ ਰੀਤ ਸੈ ਯਹ ਵਿਵਸਥਾ ਮਾਨਨੇ ਜੋਗਯ ਹੈ । ਅਤੇ ਕਲਜੁਗ ਦੇ ਠਰਕਿਆਂ ਹੋਇਆਂ ਲੋਕਾਂ ਤੇ ਬਚ ਜਾਨਾ । ਯਥਾ ਕੋਈਕ ਪੁਰਸ਼ ਜੈਸੇ—

ਸ੍ਰੀ ਮੁਖਵਾਕ ਪਾਤਸਾਹੀ ੧੦—ਰੋਖਾ ਹੁਲਸਾਵੈ

**ਚੀਨ ਮਚੀਨ ਕੇ ਸੀਸ ਨਿਯਾਵੈ ਤਿਬਤੀ ਧਿਆਇ ਦੋਖ ਦੇਹ ਕੇ ਦਲਤ ਹੈ। ਅਕਾਲ ਉਸਤਤ। ਛੰ:੨੫੫।**

ਈਹਾਂ ਗੋਖਾ ਨਾਮਕ ਇਕ ਕਵੀ ਹੂਆ ਹੈ ਉਸ ਕੀ ਬਾਣੀ ਹੈ ਐਸੇ ਉਨ ਮਤਿ ਪ੍ਰਲਾਪ ਕਰਤੇ ਹੈਂ। ਤੌ ਹਮ ਪੂਛਤੇ ਹੈਂ ਕਿ–

**ਰਾਗੁ ਆਸ ਮਃ ੧ ॥ ਸੋਦਰੁ ॥ ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ। ਗਾਵਨਿ ਤੁਧਨੋ ਸਿਧ ਸਮਾਧੀ ਅੰਦਰਿ ਗਾਵਨਿ ਤੁਧਨੋ ਸਾਧ ਬੀਚਾਰੇ ॥**

ਇਤਜਾਦਕ ਇਹ ਕਿਉਂ ਨਾ ਗੁਰੂ ਜੀ ਸੇ ਭਿੰਨ ਕਵੀ ਸਿਧ ਹੋ ਜਾਣ ਯਾਂਤੇ ਗੋਖਾ ਦੇਸ ਬਸੇਸ ਹੈ।

**ਤਥਾ–ਸ੍ਰੀ ਮੁਖਵਾਕ ਪਾਤਸਾਹੀ ੧੦ ॥ ਚੌਃ–**

ਅਬ ਜੋ ਜੋ ਮੈ ਲਖੇ ਤਮਾਸਾ। ਸੋ ਸੋ ਕਰਤ ਤੁਮੈ ਅਰਦਾਸਾ।
ਤਥਾ-ਜੋ ਜੋ ਜਨਮ ਪੂਰਬਲੇ ਹੇਰੇ। ਕਹਿਹੋਂ ਸੁ ਪ੍ਰਭ ਪਰਾਕ੍ਰਮ ਤੇਰੇ।
ਤਥਾ-ਜੇ ਜੇ ਚਰਿਤ ਪੁਰਾਤਨ ਲਹੇ। ਤੇਤੇ ਅਬ ਚਹੀ ਅਹੈਂ ਕਹੇ।
ਤਥਾ-ਜਿਹ ਜਿਹ ਬਿਧ ਜਨਮਨ ਸੁਧਿ ਆਈ। ਤਿਮ ਤਿਮ ਕਹੇ ਗ੍ਰੰਥ ਬਨਾਈ।
ਪ੍ਰਿਥਮੇ ਸਤਿਜੁਗ ਜਿਹ ਬਿਧਿ ਲਹਾ। ਪਰਥਮ ਦੇਬਿ ਚਰਿਤ੍ਰ ਕੋ ਕਹਾ।
ਪਹਿਲੇ ਚੰਡੀ ਚਰਿਤ੍ਰ ਬਨਾਯੋ। ਨਖ ਸਿਖ ਤੇ ਕ੍ਰਮ ਭਾਖ ਸੁਨਾਯੋ।
ਛੋਰ ਕਥਾ ਤਬ ਪ੍ਰਿਥਮ ਸੁਨਾਈ। ਅਬ ਚਾਹਿਤ ਫਿਰ ਕਰੌਂ ਬਡਾਈ।

[ਬਚਿਤ੍ਰ ਨਾਟਕ ਧਿਃ ੧੪ ॥ ਛੰਃ ੧੧]

ਇਸ ਗੀਤ ਸੈ ਇਸ ਚੌਧਵੇਂ ਅਧਿਜਾਯ ਕੀ ਪਰਤਿਗਜਾ ਕੇ ਅਨੁਸਾਰ ਭੀ ਗੁਰੂ ਜੀ ਨੇ ਆਪ ਹੀ ਚੰਡੀ ਚਰਿਤ੍ਰ ਔਰ ਚੌਬੀਸ ਅਵਤਾਰ ਤਥਾ ਤ੍ਰਿਯਾ ਚਰਿਤ੍ਰਾਦਿਕ ਸਰਬ ਬਾਣੀ ਦੁਨੀਆਂ ਕੇ ਉਧਾਰ ਵਾਸਤੇ ਰਚੀ ਪੂਰਬ ਕਹੇ ਕਵਿ ਸਜਾਮ ਕਾ ਜਹਾਂ ਨ੍ਰਿਨਾ ਹੈ ਤਹਾਂ ਪਰ ਇਨ ਵਾਕੋਂ ਕੋ ਭੀ ਜਾਣ ਲੇਣਾ।

Sri Satguru Jagjit Singh Ji Elibrary NamdhariElibrary@gmail.com

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# (ਤਥਾ ਸ੍ਰੀ ਦੇਵੀ ਮਾਤਾ ਪ੍ਰਗਟ)

**ਸ਼ੰਕਾ—** ੧ ੴ ਸਤਿ ਨਾਮ ॥ ਇਸ ਕਾ ਅਰਥ ਕਿਆ ਹੈ ਤਥਾ ਫਤੇ ਸ਼ਬਦ ਕਹੀਂ ਆਦਿ ਗੁਰੂ ਗ੍ਰੰਥ ਸਾਹਿਬ ਮੇਂ ਭੀ ਹੈ। ਤਥਾ ਦੇਵੀ ਪ੍ਰਸਿਧੀ ਮੇਂ ਪ੍ਰਮਾਣ ਕਹੋ।

**ਉਤਰ—** ਇਕ ਜੋ ਪ੍ਰਮਾਤਮਾ ਅਖੰਡ ਅਦ੍ਵੈਤ ਸਰਬ ਬਿਆਪਕ ਔਰ ਓਅੰ ! ਉਚਾਰਣ ਮਾਤ੍ਰ ਸਰਬ ਕੀ ਰਖਜਾ ਕਰਤਾ ਇਸ ਸਰਬ ਅਰਥ ਕਾ ਵਿਸਤਾਰ ਤਤ੍ਵਾਨੁਸੰਧਾਨ ਕੇ ਪ੍ਰਿਥਮ ਪ੍ਰਛੇਦ ਕੇ ਅੰਤ ਮੇਂ ਦੇਖ ਲੇਨਾ। ਤਥਾ ਓਅੰ ਕਾ ਅਰਥ ਚੌਥੇ ਪ੍ਰਛੇਦ ਮੇਂ ਸਪਸ਼ਟ ਹੈ। ਵਿਸਤਾਰ ਭੈ ਸੇ ਲਿਖਾ ਨਹੀਂ

ਤਥਾ—(ਫਤੇ) ਸਲੋਕੁ ਬਾਵਨ ਅਖਰੀ ਮ:੫ ॥ ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ। ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ॥ ਪੌ: ੩੮ ॥

ਤਥਾ—ਸਤਿ ਸ੍ਰੀ ਅਕਾਲ ਭੀ ਗੁਰੂ ਨਾਨਕ ਦੇਵ ਜੀ ਕਾ ਹੀ ਬਾਂਗਾ ਹੈ

ਯਥਾ ਜਨਮ ਸਾਖੀ ਵਿਚੋਂ—ਸ੍ਰੀ ਗੁਰੂ ਜੀ ਉੱਚੀ ਸੁਰ ਨਾਲ ਬਾਂਗਾ ਦਿਤਾ ॥

ਸ੍ਰੀ ਮੁਖਵਾਕ ॥ ਗੁਰਬਰ ਅਕਾਲ ਸਤ ਸ੍ਰੀ ਅਕਾਲ ਚਿਤ ਚਰਣ ਨਾਮ ਘਰਿ ਘਰ ਪ੍ਰਣਾਮ

Sri Satguru Jagjit Singh Ji Elibrary NamdhariElibrary@gmail.com

ਸਭ ਪਰ ਕ੍ਰਿਪਾਲ ਫੈਰਸ ਜਵਾਲ ॥ ਤਾਂ ਏਹ ਸ਼ਬਦ ਗੁਰੂ ਜੀ ਉਚਾਰਿਆ ਜਾਂ ਮੁਸਲਮਾਨਾ ਨੇ ਏਹ ਬਲੰਦ ਅਵਾਜ਼ ਸੁਣੀ ਤਾਂ ਸਭੋ ਮੁਸਲਮਾਨ ਮੂਰਛਾ ਹੋਇ ਗਏ ॥ ਸਾਖੀ ਵਗਦਾਦ ਦੀ ਪੰਨੇ ੫੬੨ ॥

ਤਥਾ–ਯਹ ਪ੍ਰਸੰਗ ਪੱਥਰ ਦੇ ਛਾਪੇ ਵਾਲੀ ਜਨਮ ਸਾਖੀ ਵਿਚ ਭੀ ਸਪਸ਼ਟ ਹੈ।

ਤਥਾ–ਸ੍ਰੀ ਚੰਡਕਾ ਪ੍ਰਗਟ ਮੇ ਪ੍ਰਮਾਣ ਯਥਾ ਗਉੜੀ ਮਃ੧ ॥ ਸਹਸ ਬਾਹੁ ਮਧੁ ਕੀਟ ਮਹਿਖਾਸਾ। ਹਰਣਾਖਸੁ ਲੇ ਨਖਹੁ ਬਿਧਾਸਾ ॥ ਤਥਾ ॥ ਰਕਤਬੀਜੁ ਕਾਲੁ ਨੇਮੁ ਬਿਦਾਰੇ ॥ ਅਸਟਪਦੀ ॥ ੬ ॥ ਤਥਾ ਕੈਸੀ ਕਾਲੀ ਹੈ।

ਯਥਾ ਭੈਰਉ ਕਬੀਰ ਜੀ,–"ਲਟ ਛੂਟੀ ਵਰਤੈ ਬਿਕਰਾਲ । ਕੋਟਿ ਕਲਾ ਖੇਲੈ ਗੋਪਾਲ ॥" ਅਸਟ-ਪਦੀ ੨ ॥

ਅਰਥਃ–ਲਟਾਂ ਛੁਟੀਆਂ ਹੈਂ ਜਿਸਕੀਆਂ ਐਸੀ ਭਯਾਨਕ ਰੂਪ ਕਾਲੀ ਪਰਮੇਸ਼ੂਰ ਕੀ ਸ੍ਰਿਸ਼ਟੀ ਮੇਂ ਬਰਤਰਹੀ ਹੈ ਔਰ ਕੋਟਿ ਕਲਾਂਓਂ ਕੇ ਸੰਯੁਕਤ ਗੋਪਾਲ ਤਿਸ ਕੇ ਸੰਗ ਖੇਲ ਰਹਾ ਹੈ।

ਤਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦ ਚੌਃ–

ਤਹਿ ਹਮ ਅਧਿਕ ਤਪਸਜਾ ਸਾਧੀ। ਮਹਾਕਾਲ ਕਾਲਿਕਾ ਅਰਾਧੀ।
[ ਬਿਚਿਤ੍ਰ ਨਾਟਕ ਧਿ: ੬ ]

ਤਥਾ–

ਸਰਬਕਾਲ ਹੈ ਪਿਤਾ ਹਮਾਰਾ *। ਦੇਵਿ ਕਾਲਿਕਾ ਮਾਤ ਹਮਾਰਾ।
[ ਬਿਚਿਤ੍ਰ ਨਾਟਕ ਧਿਃ ੧੪ ]

---

* ਪਾਠਾਂਤਰ ਅਪਾਰਾ ਭੀ ਹੈ।

Sri Satguru Jagjit Singh Ji Elibrary NamdhariElibrary@gmail.com

**ਤਥਾ ਸਰਬਲੋਹ ਗ੍ਰੰਥਵਿਚੋਂ-"ਤੇਤੇ ਦੁਸਟ ਪਛਾਰੇ ਸਤਿਗੁਰ ਮਨਾਇ ਭਗਵਤੀ ਸਿਮਰ ਭਗਵੰਤੇ ॥" ਧਿ: ੫ ॥ ਪੰ: ੩੭੭ ॥**

ਪੂਰਬ ਕਹ ਆਏ ਹਾਂ।

**ਤਥਾ-ਸੂਰਜ ਪ੍ਰਕਾਸ਼ੋਕਤ ਚੌ:—**

ਦੁਰਗਾ ਜਿਨਕੇ ਭਈ ਸਹਾਇ। ਰਣ ਤੇ ਬਿਜੈ ਲਈ ਤਿਨ ਪਾਇ।
ਹਮਰੇ ਮਾਤ ਪਿਤਾ ਇਹ ਦੋਊ। ਪੁਰਖ ਅਕਾਲ ਚੰਡਿਕਾ ਜੋਊ।
ਇਨਕੀ ਹਮਹੁ ਉਪਾਸਨਾ ਭਾਵੈ। ਅਪਰਨ ਤੇ ਕਿਆ ਕਰਮੈ ਪਾਵੈਂ।

[ ਰੁਤ ੩ । ਅੰਸੂ ੩ । ]

ਤਥਾ—ਗੁਰਬਿਲਾਸ ਕੇ ੨੧ ਧਿ: ਕੇ ੫੦੨ ਪੰਨੇ ਦੇਵੀ ਪ੍ਰਗਟ ਕਰਨੇ ਕੀ ਛੀਵੇਂ ਗੁਰੂਜੀ ਕੀ ਪ੍ਰਤਿਗਜਾ ਭੀ ਸਪਸ਼ਟ ਹੈ।

**ਤਥਾ ਭਾਈ ਗੁਰਦਾਸ ਜੀ,—"ਗੁਰ ਸਿਮਰ ਮਨਾਈ ਕਾਲਕਾ ਖੰਡੇ ਕੀ ਬੇਲਾ ॥" ਵਾਰ ੪੧ ਪੌ: ੧ ॥**

**ਆਸ਼ਿਕਾ**—ਸ੍ਰੀ ਗੁਰੂ ਜੀ ਕਿਆ ਅਸਮਰਥ ਸਨ ਜੋ ਦੇਵੀ ਕੋ ਅਰਾਧਿਆ।

**ਉੱਤਰ**—ਅਰੇ! ਅਕਲ ਦੀਆਂ ਅੱਖਾਂ ਵਿਚ ਮਿਰਚਾਂ ਪਾਉਣ ਵਾਲੇ ਕੁਛ ਹੋਸ਼ ਤੋ ਕਰ ਪੂਰਬ ਕਿਆ ਕਹ ਆਏ ਹਾਂ ਸੁਣ ਉੱਤਰ, ਸੂਰਜ ਪ੍ਰਕਾਸ਼ੋਕਤ ਸ੍ਰੀ ਗੁਰੂ ਜੀ ਚੌ:-

ਕਰਾਮਾਤ ਜੇ ਜਗ ਬਿਦਿਤਾਵੋ। ਇਕ ਦਿਨ ਮੈ ਗਨ ਤੁਰਕ ਖਪਾਵੋ।
ਅਜਮਤ ਵਿਦਤੈ ਬ੍ਰਿਤ ਹ੍ਵੈ ਨਾਸ। ਜਾਤੇ ਨਾਹਿ ਬਨੈ ਪ੍ਰਕਾਸ਼।
ਜਗ ਕਾਰਨ ਤਾਰਨ ਜਗ ਮਾਤਾ। ਸੰਤ ਸਹਾਇ ਸਦਾ ਸੁਖ ਦਾਤਾ।
ਖੜਗ ਜੁਧ ਮੇਂ ਜਗ ਵਿਦਿਤਾਵੋਂ। ਸਨੇ ਸਨੇ ਕਰ ਸਭਨ ਖਪਾਵੋਂ।

] ਰੁਤ ੩ । ਅੰਸੂ ੩ । ]

ਪੁਨਾ ਦੇਵੀ ਅਰਾਧਨੇ ਸੇ ਪਹਿਲੇ ਭੀ ਜੁਧ ਬਹੁਤ ਹੂਆ ਹੈ ਦੇਖੋ ਰੁਤ ੨ ॥

ਤਥਾ-ਸ੍ਰੀਦੇਵੀ ਮਾਤਾ ਕਾ ਧਿਆਨ ਤੋ ਸ੍ਰੀ ਕ੍ਰਿਸ਼੍ਨ ਭਗਵਾਨਾਦਿਕੋਂ ਨੇ ਭੀ ਕੀਆ ਹੈ।

ਯਥਾ ਸ੍ਰੀ ਮੁਖਵਾਕ ਪਾਤਸ਼ਾਹੀ ੧੦,-"ਜਬੈ ਚੰਡਿ ਕੋ ਹਰਿ ਬਰ ਪਾਯੋ। ਸਕਤਿ ਸਿੰਘ ਕੋ ਮਾਰ ਗਿਰਾਯੋ ॥ ਸ੍ਰੀ ਕ੍ਰਿਸ਼੍ਨਾਵਤਾਰ ਛੰਃ ੧੩੩੫ ॥

ਕਿਆ ਸ੍ਰੀ ਕ੍ਰਿਸ਼ਨ ਭਗਵਾਨ ਅਸਮਰਥ ਹੋਗਏ। ਤਥਾ ਗੁਰੂ ਜੀ ਨੇ ਪੂਰਬ ਦਸ ਲਾਖ ਪੰਜ ਹਜ਼ਾਰ ਵਰਖ ਦੇਵੀ ਕੀ ਜੁਧ ਮੇਂ ਸਹਾਇਤਾ ਕਰੀ ਥੀ ਤਭੀ ਕਾ ਹੀ ਬਰ ਦੀਆ ਹੈ। ਯਹ ਪ੍ਰਸੰਗ ਸੌਸਾਖੀ ਸਾਖੀ ੧੩ ॥ ਤਥਾ ਸੂਰਜ ਪ੍ਰਕਾਸ਼ ਰੁਤ ੩। ਅੰਸੂ ੩੫। ਮੇਂ ਸਪਸ਼ਟ ਹੈ। ਤਥਾ ਪਾਂਚ ਉਪਾਸਜ ਹੈਂ ਇਨ ਕਾ ਪਰਸਪਰ ਉਪਾਸਜ ਉਪਾਸਕ ਭਾਵ ਪੁਰਾਣਾਦਿਕੋਂ ਮੇਂ ਸਪਸ਼ਟ ਹੈ। ਇਸ ਰੀਤਿ ਸੇ ਗੁਰੂ ਜੀ ਅਸਮਰਥ ਨਹੀਂ। ਹਾਂ ਅਕਲ ਸੇ ਨਾਮਿਲ ਬਰਤਣ ਕਰਕੇ ਕੋਈ ਕੁਛ ਕਹੋ ॥

ਤਥਾ-ਸ੍ਰੀ ਦੇਵੀ ਮਾਤਾ ਕਾ ਪ੍ਰਸੰਗ ਸੌ ਸਾਖੀ ਵਿਚੋਂ। ਘੋੜਾ ਸੇਵਤ ਕੰਨਿਆ ਤਾਰੀ ਸਿਖ ਸਾਤ ਥੇ ਮੋਹਰ-ਸਿੰਘ ਆਰੀ। ਨੰਦ ਸਿੰਘ ਸਾਹਿਬ ਸਿੰਘ ਜੱਟ। ਬੁਧ ਸਿੰਘ ਨਾਈ ਸਦਾ ਸਿੰਘ ਭੱਟ। ਮਥਰਾ ਬ੍ਰਾਮਣ ਸੈਤ ਝੀਵਰ। ਮਲਵਾ ਰਸੋਈਆ ਮਨੂ ਕੁਵਰ। ਸਾਤਵੇ ਦਿਨ ਤਿਹ ਮਤਾ ਪਕਾਇਆ। ਧੰਨਾ ਬ੍ਰਾਹਮਣ ਕੇਸਵ

Sri Satguru Jagjit Singh Ji Elibrary NamdhariElibrary@gmail.com

ਭਰ ਆਇਆ। ਤੁਰਕ ਤੁਰਤ ਮਾਰੋ ਬਿਧਿ ਐਸੀ। ਨੈਨੂ ਪੁਤ੍ਰੀ ਸੇਵੈ ਬੈਸੀ। ਡੇਰਾ ਫਿਰਕਰ ਗਿਰਤੇ ਚੜ੍ਹੇ। ਗੁਹੈ ਉਭੈ ਛੋਟੀ ਸੀ ਬੜੇ। ਪੁਖ ਗੁਰੂ ਨੰਦਾ ਥਿਤ ਅੰਤ। ਹੋਈ ਅਰਾਧਨ ਧਰਾ ਨਿਮਿਤ। ਪਾਂਚ ਪਹਰ ਕਾ ਹੋਮ ਅਰੰਭਾ। ਸਭ ਕੋ ਸੌਂਪ ਦੀਆ ਗੁਰ ਧੰਦਾ। ਬਾਰਾ ਪਹਰ ਅਰੰਭਾ ਏਕ। ਤਾ ਮੈ ਮੂਰਤਿ ਦੇਵੀ ਟੇਕ। ਲਗੇ ਰੈਨ ਦਿਨ ਆਤਰ ਭੂਲਾ। ਦੇਵਿ ਕਾਮ ਸਭ ਅੰਗਨ ਭੂਲਾ। ਉਣ ਉਣ ਮੁਣ ਮੁਣ ਗੁਣ ਗੁਣ ਰੁਣ ਰੁਣ। ਸੋਲਹ ਅੰਕ ਜਪ ਕੀਓ ਧੁਣ ਚੁਣ। ਕੇਸਵ ਕਹਿਆ ਪੂਰਬ ਕਹ ਆਇਹਾਂ॥

ਤਬਾ—ਜਾਮ ਏਕ ਦਿਨ ਘੜੀਆਂ ਚਾਰ। ਜਗ ਮਗ ਪਰਬਤ ਝਮਕੇ ਪਹਾਰ। ਕਿਆ ਦਾਮਨ ਕਿਆ ਸੂਰਜ ਇੰਦਾ। ਦਮਕਿਉ ਗਗਨ ਮੂਰਤ ਭੁਏ ਸੰਗਾ। ਮੀਚ ਨੈਨ ਉਠ ਹੂਆ ਠਾਂਡਾ। ਨਿਰਖੀ ਏਕ ਵਾਰ ਮੁਖ ਰਾਂਡਾ। ਤੁਮਹੀ ਤੁਮਹੀ ਵਚਨ ਪ੍ਰਕਾਸਾ। ਧਰਮ ਸਾਚ ਭਯੋ ਆਜ ਨਿਕਾਸਾ। ਮਗਨ ਹੂਆ ਜਗ ਗਯੋ ਭੁਲਾਈ। ਬੇਟਾ ਨਿਕਸਾ ਭੇਟ ਕਰਾਈ। ਬੋਲੀ ਹਸਤ ਮੀਚ ਗਰਜਾਨੀ। ਪੰਥ ਸਦੇਸ ਦੀਆ ਉਰਮਾਨੀ।

ਤਬਾ—ਤੋਰੀ ਚਾਹ ਪੂਰਨ ਅਬ ਭਈ। ਮੋਰੋ ਕਹਿਓ ਸਾਚ ਦ੍ਰਿਢਈ। ਸ਼ਸ਼ਤਰ ਛੁਰੀ ਲੇ ਇਹ ਮੇਰਾ। ਜਲ

ਮਿਠ ਫੇਰ ਮਥਤ ਬਪੁ ਮੇਰਾ । ਸੂਰ ਹੋਇਗਾ ਸਿਦਕ ਤੁਮਾਰਾ । ਦੀਜੈ ਮਮਕੋ ਭੇਟੋਪਹਾਰਾ । ਛੁਰੀ ਪਕਰ ਬਪੁ ਰਕਤ ਨਿਕਾਰਾ । ਬੂੰਦ ਲੇ ਅਪ ਰੂਪ ਸਵਾਰਾ । ਸਾਖੀ ॥ ੧੭ ॥

ਤਥਾ—ਯਹ ਸਤਾਰਵੀ ਸਾਖੀ ਦਾ ਪ੍ਰਸੰਗ ਸੂਰਜ ਪ੍ਰਕਾਸ਼ ਰੁਤ ॥ ੩ ॥ ਅੰਸੂ ॥ ੩੯ ॥ ਮੇ ਸਪਸ਼ਟ ਹੈ ॥

ਤਥਾ—ਸੂਰਜ ਪ੍ਰਕਾਸ਼ੋਕਤ ਚੌ:—

ਦਿਵਸ ਅਸ਼ਟਮੀ ਕੋ ਜਬ ਆਵਾ । ਬਾਰ ਬਾਰ ਭੂਚਾਲ ਜਨਾਵਾ ।
ਜੇਤਕ ਦਾਸ ਨਿਕਟ ਹਿਤ ਸੇਵਾ । ਸ਼ਾਰਤ ਕਰੀ ਤਿਨਹ ਗੁਰ ਦੇਵਾ ।
ਪ੍ਰਭੁ ਰੁਖ ਲਖ ਕਰ ਤੁਰਤ ਸਿਧਾਰੇ । ਗਿਰਬਰ ਤੇ ਉਤਰੇ ਤਬ ਸਾਰੇ ।
[ਰੁਤ ੩ । ਅੰਸੂ ੧੧]

ਤਥਾ-ਦੋ:—ਡੇਢ ਪਹਰ ਦਿਨਕੇ ਰਹੇ ਨੌਮੀ ਅਦਿਤ ਵਾਰ । ਚੇਤ ਮਾਸ ਪਖ ਸ਼ੁਕਲ ਮੇ ਵਿਦਣੀ ਜਗਤ ਅਧਾਰ ॥ ਰੁਤ ੩ ॥ ਅੰਸੂ ੧੧ ॥

ਤਥਾ-ਦੋ:—ਸਤਰਾਂ ਸੈ ਪਚਵੰਜਵੇਂ ਸ੍ਰੀ ਦੇਵੀ ਵਿਦ ਤਾਇ । ਸਤਵੰਜੇ ਮੈ ਸਤਿਗੁਰੂ ਗਹੇ ਮਸੰਦ ਝੂਠਾਇ ॥ ਰੁਤ ੩ ॥ ਅੰਸੂ ॥ ੨੯ ॥ ਸੂਰਜ ਪ੍ਰਕਾਸ਼ ਇਤਿ ॥

ਤਥਾ—ਸ੍ਰੀ ਮੁਖਵਾਕ ਪਾਤਸਾਹੀ ੧੦ ॥ ਚੌ:—

Sri Satguru Jagjit Singh Ji Elibrary NamdhariElibrary@gmail.com

ੳਸਤਤਿ *ਸਭ ਹੂੰ ਕਰੀ ਅਪਾਰਾ। ਬ੍ਰਹਮ ਕਵਚ ਕੋ ਜਾਪ ਉਚਾਰਾ।
ਸੰਤ ਸੰਬੂਹ ਪਰ ਫੁਲਤ ਭਏ। ਦੁਸ਼ਟ ਅਰਿਸ਼ਟ ਨਾਸ ਹੁਐ ਗਏ।
ਸਾਧਨ ਕੋ ਸੁਖ ਵਢੇ ਅਨੇਕਾ। ਦਾਨ੍ਵ ਦੁਸ਼ਟ ਨ ਬਾਚਾ ਏਕਾ।
ਸੰਤ ਸਹਾਇ ਸਦਾ ਜਗ ਮਾਈ। ਜਹੱ ਤਹੱ ਸਾਧਨ ਹੋਹਿ ਸਹਾਈ।

ਦੇਵੀ ਜੂਕੀ ੳਸਤਿਤ॥ ਭੁਜੰਗ ਛੰਦ--ਨਮੋ ਜੋਗ ਜ੍ਵਾਲੰ ਧਰੀਯੰ ਜੁਆਲੰ । ਨਮੋ ਸੁੰਭ ਹੰਤੀ ਨਮੋ ਕ੍ਰੂਰ ਕਾਲੰ। ਨਮੋ ਸ੍ਰੋਣ ਬੀਰਜਾਰਦਰਨੀ ਧੂਮ੍ਰ ਹੰਤੀ। ਨਮੋ ਕਾਲਕਾ ਰੂਪ ਜੁਯਾਲਾ ਜਿਯੰਤੀ॥ ਨਮੋ ਅੰਬਕਾ ਜੰਬਹੀ ਜੋਤ ਰੂਪਾ। ਨਮੋ ਚੰਡ ਮੁੰਡਾਰਦਨੀ ਭੂਪ ਭੂਪਾ॥ ਨਮੋ ਚਾਮਰੰ ਚੀਰਣੀ ਚਿਤਰ ਰੂਪੰ। ਨਮੋ ਪ੍ਰਮ ਪ੍ਰਗਿਆ ਬਿਰਾਜੈ ਅਨੂਪੰ। ਨਮੋ ਪਰਮ ਰੂਪਾ ਨਮੋ ਕ੍ਰੂਰ ਕਰਮਾ। ਨਮੋ ਰਾਜਸਾ ਸਾਤਕਾ ਪਰਮ ਬਰਮਾ। ਨਮੋ ਮਹਖ ਦਈਤ ਕੇ ਅੰਤ ਕਰਣੀ। ਨਮੋ ਤੋਖਣੀ ਸੋਖਣੀ ਸਰਬ ਇਰਣੀ॥ ਚੰਡੀ ਚਰਿਤਰ ਧਿ: ੭॥ ਛੰ: ੬॥੨੨੫

ਤਥਾ—ਭੁਯੰਗ ਪ੍ਰਯਾਤ ਛੰਦ॥ ਭਰੇ ਜੋਗਣੀ ਪਤਰ ਚੌਸਠ ਚਾਰੰ। ਚਲੀ ਠਾਮ ਠਾਮੰ ਡਕਾਰੰ ਡਕਾਰੰ। ਭਰੇ ਨਿਹ ਗੇਹੰ ਕੰਕ ਬੰਕੰ। ਰੁਲੇ ਸੂਰਬੀਰੰ ਅਹਾੜੰ ਨ੍ਰਿਸੰਕੰ। ਚਲੇ ਨਾਰਦਊ ਹਾਥ ਬੀਨਾ ਸੁਹਾਏ। ਬਨੇ ਬਾਰਦੀ

* ਸੁੰਭ ਦੈਂਤ ਨੂੰ ਮਾਰਕੇ।

Sri Satguru Jagjit Singh Ji Elibrary NamdhariElibrary@gmail.com

ਡੰਕ ਡੌਰੂ ਬਜਾਏ। ਗਿਰੇ ਬਾਜ ਗਾਜੀ ਗਾਜੀ ਬੀਰ ਖੇਤੰ। ਰੁਲੇ ਤੱਛ ਮੁਛੰ ਨਚੇ ਭੂਤ ਪਰੇਤੰ। ਨਚੇ ਬੀਰ ਬੈਤਾਲ ਅਧਕ ਮੱਧੰ। ਬੱਧੇ ਬੱਧ ਗੋਪਾਗਲਿ ਤ੍ਰਾਣ ਬੱਧੰ। ਭਏ ਸਾਧ ਸੰਬੂਹ ਭੀਤੰ ਅਭੀਤੇ। ਨਮੋ ਲੋਕ ਮਾਤਾ ਭਲੇ ਸਤਰ ਜੀਤੇ। ਪੜ੍ਹੇ ਮੂੜ ਜਾਕੋ ਧਨੰ ਧਾਮ ਵਾਢੈ। ਸੁਨੈ ਸੂਮ ਸੋਫੀ ਲਰੈ ਜੁਧ ਗਾਢੈ। ਜਗੈ ਰੈਣ ਜੋਗੀ ਜਪੈ ਜਾਪ ਯਾਂਕੋ। ਧਰੈ ਪਰਮ ਜੋਗੰ ਲਹੈ ਸਿਧ ਤਾਕੋ । ਪੜ੍ਹੈ ਜਾਇ ਵਿਦਯਾਰਥੀ ਵਿਦਯਾ ਹੇਤੰ॥ ਲਹੈ ਸਰਬ ਸ਼ਾਸਤਰਾਨ ਕੋ ਮੱਦ ਚੇਤੰ । ਜਪੈ ਜੋਗ ਸੰਨਿਯਾਸ ਵੈਰਾਗ ਕੋਈ। ਤਿਸੈ ਸਰਬ ਪੁੰਨਯਾਨ ਕੋ ਪੁੰਨ ਹੋਈ॥

ਦੋਹ:—ਜੇ ਜੇ ਤੁਮਰੇ ਧਿਜਾਨ ਕੋ ਨਿਤ ਉਠ ਧਿਆ ਹੈ ਸੰਤ। ਅੰਤ ਲਹੈਂਗੇ ਮੁਕਤਿ ਫਲ ਪਾਵਹਿਗੇ ਭਗਵੰਤ॥ ਇਤਿ ਸ੍ਰੀ ਬਚਿਤ੍ਰ ਨਾਟਕੇ ਚੰਡੀ ਚਰਿਤ੍ਰੇ ਚੰਡੀ ਚਰਿਤਰ ਉਸਤਤਿ ਬਰਨਨੰ ਨਾਮ ਅਸ਼ਟਮੋ ਧਿਯਾ ਸੰਪੂਰਣੰ॥ ਮਸਤ ਸੁਭ ਮਸਤ॥ ੮॥

ਤਬਾ—ਜਿਨ ਕਹ ਰਾਜ ਭਵਾਨੀ ਦੀਯੋ। ਤਿਨਤੇ ਛੀਨ ਨ ਕਿਨ ਹੂ ਲੀਯੋ। ਜਗ ਮਾਤਾ ਐਸੇ ਬਰ ਦੀਯੋ। ਤਿਨ ਕਹ ਰਾਜ ਸਾਮ ਕੋ ਦੀਯੋ॥ ਚਰਿਤਰ ੨੯੫॥

**ਦਸਮ ਗੁਰੂ ਗ੍ਰੰਥ ਸਾਹਿਬ ਇਤਿ॥**

Sri Satguru Jagjit Singh Ji Elibrary NamdhariElibrary@gmail.com

ਤਥਾ—ਜੋ ਸ੍ਰੀ ਦੇਵੀਮਾਤਾ ਨੇ ਦੈਂਤ ਮਾਰੇ। ਯਥਾ ਸ੍ਰੀ ਸ੍ਰਬਲੋਹ ਗ੍ਰੰਥ ਵਿਚੋਂ। ਸ੍ਰੀ ਗੁਰੂ ਦਸਮੇਸ ਜੀ ਕਹਤੇ ਹੈਂ,—ਜਗਮਾਤ ਕੇ ਹਾਥ ਸੁਰ ਲੋਕ ਗਏ ਸਤ ਕੋਟ ਕੁਲੀ ਨਿਜ ਤਾਰ ਗਏ ॥ ਧਿঃ ੧ ॥ ਛੰঃ ੬੦੭॥

ਤਥਾ—ਬਿਸਨ ਪਦ ਬਿਲਾਵਲ ਗੌਂਡ ॥ ਲਈ ਜੀਤ ਖੇਤੰ ਮਈਆ ਦੈਤ ਦਾਨੋ। ਦੀਯੋ ਧਾਮ ਆਪਨਾ ਚਹੂੰ ਕੂੰਟ ਜਾਨੋ। ਜਿਨੈ ਬੈਰ ਕੀਆ ਤਿਸੈ ਧਾਮ ਦੀਨਾ। ਜਿਨੈ ਪ੍ਰੀਤ ਸੋ ਸੇਵ ਅਨਨ ਭਗਤ ਕੀਨਾ ॥ ੭੦੮ ॥ ਤਿਸੈ ਮੋਖ ਮੁਕਤੰ ਚਰਨ ਕਵਲ ਬਾਸਾ। ਦੀਓ ਨਿਜ ਪਦੰ ਮੁਕਤਿ ਸੰਪਤਿ ਬਿਲਾਸਾ। ਸਭੈ ਰਿੱਧ ਸਿਧੰ ਸਭੈ ਸਿਖਜਾ ਸੋਭਾ। ਜਿਨੈ ਏਕ ਚਿਤ ਹੁਇ ਚਰਨ ਕਵਲ ਲੋਭਾ ॥ ੭੦੯ ॥

ਸਕਲ ਪਾਪ ਤਨ ਕਾ ਛਿਨਕ ਮੈ ਨਸਾਵੈ। ਏਕਾ ਗਰ ਹਿਰਦੈ ਚਿੱਤ ਦੈ ਧਿਆਨ ਲਾਵੈ। ਜਿਨੈ ਜੈਸ ਭਾਵੈ ਚਰਨ ਚਿੱਤ ਧਾਰਾ। ਤਵਨ ਭਾਵ ਸੋ ਦਿਸਟ ਤਾਕੋ ਦਿਖਾਰਾ॥ ੭੧੦ ॥

ਜਿਨੈ ਜਉਨ ਅਰਥੰ ਧਿਆਇਓ ਭਵਾਨੀ। ਮਨੋ ਕਾਮਨਾ ਸਿੱਧ ਤਾਕੀ ਬਖਾਨੀ। ਸਕਲ ਸਿਧ ਦਾਇਕ ਸਫਲ ਕਾਜ ਕਰਣੀ। ਮਹੀ ਭਾਰ ਪੀਰੰ ਸਦਾ ਦੁਖ਼ ਹਰਣੀ ॥ ੭੧੧ ॥

Sri Satguru Jagjit Singh Ji Elibrary NamdhariElibrary@gmail.com

ਅਰਥ ਧਰਮ ਕਾਮੰ ਸਕਲ ਮੋਛ ਦਾਤਾ। ਪਦਾਰਥ ਚਤੁਰ ਦਾਇਨੀ ਦੇਬਿ ਮਾਤਾ। ਜਬੈ ਭੀਰ ਪੀਰੰ ਅਪਦ ਦੁਖ ਸੰਤਾਵੈ। ਸਕਲ ਪਾਪ ਤਨ ਕਾ ਸੁ ਪਲਮੋ ਪਰਾਵੈ॥ ੭੧੨ ॥

ਚਹੂੰ ਕੂੰਟ ਬਾਜੀ ਫਤਹ ਡੰਕ ਘੋਰਾ। ਜਯੰ ਜੀਤ ਜੈ ਜੈ ਸੁਨੰ ਸੰਖ ਭੇਰਾ। ਸਕਲ ਦੇਵ ਸੁਰ ਮੁਨ ਰਰੈ ਮੰਤ੍ਰ ਕਵਚਾ। ਜਯੰ ਜੀਤ ਜੈ ਜੈ ਸਦਾਜੈ ਅਨੰਤਾ ॥ ੭੧੩ ॥

ਤਥਾ,—"ਸਨੈ ਦੇਵ ਜਗਮਾਤ ਕੈਲਾਸ ਬਾਸੀ। ਸਬੈ ਚੜ੍ਹ ਬਿਵਾਨੰ ਚਲੇ ਸੁਰ ਅਨਾਸੀ। ਜਯੰ ਜੈਤ ਜੈ ਜੈ ਧੁਨੰ ਸੰਖ ਬਾਜੈ। ਭਏ ਅੰਤਰ ਧਿਆਨੰ ਪੁਰਿ ਨਿਜ ਬਿਰਾਜੈ॥ ਛੰ: ੭੨੮ ॥"

ਕਰੈ ਸੁਮਨ ਬਰਖਾ ਰਰੈ ਮੰਤ੍ਰ ਜਾਪੰ। ਧਰੈ ਧਜਾਨ ਦੁਰਗਾ ਜਿਨੈ ਦੈਤ ਖਾਪੰ। ਅਨਕ ਪੁਸ਼ਪ ਮਾਲਾ ਸਿਵਾ ਉਰ ਚੜਾਵੈਂ। ਨਿਤਾ ਪ੍ਰਤਿ ਪੂਜਨ ਅਮਰ ਕੁਲ ਕਰਾਵੈ॥ ੭੨੯ ॥"

"ਸਦਾ ਧਿਯਾਨ ਚੰਡੀ ਸਕਲ ਦੇਵ ਧਾਰੈ। ਸਭੈ ਪਾਪ ਦੋਖੰ ਦੁਰਗਾ ਤ੍ਰਾਸ ਟਾਰੈ। ਨਿਤਾਪ੍ਰਤਿ ਕੈਲਾਸ ਬਾਸੀ ਧਿਆਵੈ। ਸਕਲ ਸਿਧ ਅਰਥੰ ਸਕਲ ਕਾਜ ਪਾਵੈ॥ ਛੰ: ੭੩੦ ॥"

Sri Satguru Jagjit Singh Ji Elibrary NamdhariElibrary@gmail.com

ਤਥਾ,—"ਜਬੈ ਭੀਰ ਸੰਕਟ ਪਰੈ ਆਨ ਗਾੜ੍ਹਾ। ਕਰੇ ਬੇਗ ਰਛਿਆ ਬਿਬਿਧ ਬਿਧਿ ਉਬਾਰਾ । ਜਬੈ ਕਾਲ ਅਪਦਾ ਬਿਪਤ ਦੁਖ ਸੰਤਾਵੇ । ਕਰੈ ਆਨ ਰਛਿਆ ਸਰਨ ਦੇਬਿ ਜਾਵੈ ॥ ੧੫੩ ॥"

ਜਪੈ ਜਾਪ ਨਿਸ ਦਿਨ ਧਰੈ ਧਿਯਾਨ ਪੂਰਨ। ਸਕਲ ਰਿਧ ਸਿਧੰ ਖਰੀ ਤਿਸ ਹਜੂਰੰ । ਰਰੈ ਮੰਤ੍ਰ ਅੰਬੇ ਜਪੈ ਜਾਪ ਦੁਰਗਾ। ਮੁਕਤਿ ਮੋਛ ਸੰਪਤਿ ਮਿਲੈ ਤਾਸ ਸੁਰਗਾ ॥ ੧੫੪ ॥

ਪੜੈ ਯਾਹਿ ਹਿਤ ਸੋ ਜਪੈ ਰੈਨ ਸਾਰੇ। ਧਰੈ ਧਿਯਾਨ ਅੰਬੇ ਪੁਨਹਚਰਨ ਸਾਰੇ । ਪੜੈ ਯਾਹਿ ਬਿਧਿ ਸੋ ਕਰੈ ਹੋਮ ਬਹਨੀ । ਮਨੋ ਕਾਮਨਾ ਸਿਧ ਹੋਵੈ ਸੁਲਹਨੀ ॥ ੧੫੫ ॥

ਮੱਯਾ ਜਾਨ ਚੇਰੋ ਮਯਾ ਮੋਹਿ ਕੀਜੈ । ਅਨਨ ਭਗਤ ਚਰਨੰ ਕਵਲ ਮੋਹਿ ਦੀਜੈ। ਬਿਨਾ ਸਾਮ ਤੇਰੋ ਨਹੀ ਅਉਰ ਆਸਾ। ਕਰੋ ਮੋਖ ਮੁਕਤ ਚਰਨ ਕਵਲ ਬਾਸਾ ॥ ੧੫੬ ॥

ਸਿਵਾ ਮੋਹਿ ਦੀਜੈ ਇਹੀ ਦਾਨ ਮਾਂਗੋ। ਚਰਨ ਕਵਲ ਬਾਸਾ ਚਰਨ ਚਿੱਤ ਪਾਗੋ। ਜਬੈ ਭੀੜ ਸੰਕਟ ਪਰੇ ਆਨ ਗਾੜਾ। ਕਰਉ ਬੇਗ ਰਛਿਆ ਪਰਉ ਤੋਹਿ ਦੁਆਰਾ ॥ ਧਿਃ ੧ ਛੰਃ ੧੫੭ ॥ ਸਰਬਲੋਹ

Sri Satguru Jagjit Singh Ji Elibrary NamdhariElibrary@gmail.com

ਇਤਿ ॥

ਇਤਜਾਦਿਕ ਅਨੇਕ ਗੁਰੂ ਵਚਨਾਂ ਦੁਆਰਾ ਸ੍ਰੀ ਦੇਵੀ ਮਾਤਾ ਮੁਕਤੀ ਕੀ ਵਾਰੀ ਛਿਪੀ ਨਹੀਂ ਹੈ ਕਿੰਤੂ ਹਾਜ਼ਿਰ ਹਜ਼ੂਰ ਹੈ ਯਾਂਤੇ ਮੰਗਲਾਚਰਣ ਕਰਨਾ ਭੀ ਬਨੈ ਹੈ ।

---

# ਮਾਤਾ ਗੋਦ ਅਤੇ ਪਾਹਿਲ ਭੇਦ ਤਥਾ ਪੰਜ ਪਿਆਰੇ ਔਰ ਵੇਦ ਅਨੁਸਾਰ ਸਿਖਿਆ ॥

ਅਬ ਪੰਜ ਪਿਆਰੇ ਆਦਿਕੋਂ ਕੀ. ਰਹਤ ਕਹਤੇ ਹੈਂ ।

**ਯਥਾ ਸੂਰਜ ਪ੍ਰਕਾਸ਼ੋਕਤ ਚੌਪ:—**

ਦਯਾ ਸਿੰਘ ਇਕ ਬਸੈ ਲਹੌਰ । ਛਤਰੀ ਸਭ ਸਿੰਘਨ ਸਿਰ ਮੌਰ ।

[ਰੁਤ ੩ । ਅੰਸੂ ੧੭ ]

ਤਥਾ- ਜਬ ਹੂੰ ਤੀਜੇ ਬਚਨ ਉਚਾਰਾ । ਧਰਮ ਸਿੰਘ ਤਬ ਰਿਦੇ ਵਿਚਾਰਾ ।
ਜਾਤ ਜਾਟ ਹਸਤਨ ਪੁਰ ਬਾਸ਼ੀ । ਮਨ ਸੋ ਕਹਿਉ ਕਿਉਂ ਭਾ ਪ੍ਰਣਨਾਸੀ।
ਤਥਾ- ਮੋਹਕਮ ਸਿੰਘ ਨਾਮ ਬਖਿਆਤੀ । ਨਾਮਦੇਵ ਕੀ ਜਿਸ ਤਨ ਜਾਤੀ ।
ਬਾਸੀ ਹੁਤੋ ਦ੍ਵਾਰਿਕਾ ਨਗਰੀ । ਗ੍ਰਹਣ ਕਰੀ ਸਿਖੀ ਬਿਧਿ ਸਗਰੀ ।
ਤਥਾ- ਸਾਹਿਬ ਸਿੰਘ ਨੈਣ ਤਨ ਜਾਤੀ । ਬਿਦਰ ਪੁਰੀ ਬਾਸੀ ਬਖਿਆਤੀ ।
ਤਥਾ- ਹਿੰਮਤ ਸਿੰਘ ਵਾਸੀ ਜਗੰਨਾਥ । ਝੀਵਰ ਜਾਤਿ ਬੰਦ ਦੁਇ ਹਾਥ।

[ ਰੁਤ ੩ । ਅੰਸੂ ੧੮ ]

Sri Satguru Jagjit Singh Ji Elibrary NamdhariElibrary@gmail.com

ਤਥਾ ਚੌਃ–

ਉਤਪਤਿ ਹੋਨ ਪੰਥ ਥਲ ਕੇਰਾ । ਨਾਮ ਕੇਸ ਗੜ ਹੈ ਤਿਸ ਕੇਰਾ।
ਤਥਾ-ਤਹ ਛਿਨ ਇਕ ਬਾਸਨ ਮਗਵਾਵਾ। ਸਤਦ੍ਰਵ ਕੋ ਜਲ ਸੁਚਿ ਅਨਵਾਵਾ।
ਨਿਜ ਆਗੇ ਰਾਖਵਾਵਨ ਕੀਓ। ਜੋ ਕ੍ਰਿਪਾਨ ਸ੍ਰੀ ਦੇਵੀ ਦੀਓ।
ਤਾਮੈ ਲਗੇ ਫੇਰਨੇ ਸੁਆਮੀ । ਬਦਨ ਬਦਤ ਬਾਣੀ ਅਭਿਰਾਮੀ।
ਦਇਆ ਸਿੰਘ ਤੇ ਆਦਿਕ ਜੇਈ। ਪਾਂਚਹੁ ਖਰੇ ਅਗਰ ਕਰ ਤੇਈ।
ਤਥਾ-ਜਪਜੀ ਪਾਠ ਪ੍ਰਿਥਮ ਕਰ ਲੀਨ। ਬਹੁਰ ਸਵਈਏ ਪੜਵੋ ਕੀਨ।
ਪਉੜੀ ਪੰਚ ਅਨੰਦ ਪੜਿਯੋ ਹੈ। ਅਮ੍ਰਿਤ ਮੈ ਬਹੁ ਤੇਜ ਬੜ੍ਹਿਯੋ ਹੈ।
ਤਥਾ-ਅਬਤੇ ਕਹੋ ਅਨੰਦਪੁਰ ਵਾਸੀ। ਪਾਂਚੋ ਨਾਮ ਧਰੇ ਗੁਣ ਰਾਸੀ।
ਸ੍ਰੀ ਗੁਰ ਪੁਨ ਸਭ *ਰਹਤ ਬਤਾਈ। ਜਿਸ ਤੇ ਸਦਾ ਅਨੰਦ ਕੋ ਪਾਈ।
ਤਥਾ-ਸਵਾ ਰਜਤ ਪਣ ਅਮ੍ਰਿਤਸਰ ਜੀ। ਤਿਮ ਦੇ ਪਾਹਲ ਦਾ ਜੋ †ਗੁਰ ਜੀ।
ਤਥਾ-ਸਸਤ੍ਰਨ ਕੋ ਨਿਤ ਪ੍ਰਤਿ ਅਭਿਜਾਸੋ। ਨਹੀ ਤੁਰਕ ਪਰ ਉਰ ਵਿਸਵਾਸੋ।
ਕੇਸਨ ਅਦਬ ਨ ਕਛ ਬਿਨ ਰਹਨਾ। ਅਰਧ ਨਾਮ ਸਿੰਘਨ ਨਹ ਕਹਨਾ।
ਕਾਤਰਤਾ ਉਰਤੇ ਪਰ ਹਰਨੀ। ਬਲ ਕੇ ਸ਼ਹਤ ਸੂਰਤਾ ਧਰਨੀ।
ਤਥਾ-ਕਰ ਅਰਦਾਸ ਰਹਤ ਕੀ ਭਲੇ। ਪੰਚਾਂਮ੍ਰਿਤ ਅਚ ਪਾਂਚੋ ਮਿਲੇ।
ਤਥਾ-ਮਤਿ ਊਚੀ ਰਾਖੋ ਮਨ ਨੀਵਾ। ਸਿਮਰੋ ਵਾਸੀ ਗੁਰਮੁਖ ਸੀਵਾ।
ਤਥਾ-ਗੋਰ ਮੜ੍ਹੀ ਅਰ ਪੰਥ ਅਨੇਕਾ। ਆਨਨ ਮਾਨੈ ਰਾਖ ਬਿਬੇਕਾ।

[ਰੁਤ ੩ । ਅੰਸੂ ੧੯]

---

* ਇਸ ਜਗਾ ਮੀਣੇ ਮਸੰਦ ਕੁੜੀਮਾਰਾਦਿਕੋਂ ਸੇ ਭੀ ਨਹੀਂ ਮੇਲ ਕਰਨਾ ਦਸਿਆ ਹੈ।

† ਇਤਜਾਦਿਕ ਅਨੇਕ ਬਚਨੋ ਸੇ ਪਾਹਿਲ ਦੇਨੇ ਵਾਲਾ ਦੇਹਧਾਰੀ ਗੁਰੂ ਸਪਸ਼ਟ ਹੈ ਤਿਸ ਮੇਂ ਈਸ਼੍ਵਰ ਭਾਵਨਾ ਕਰਨੀ ਹਮਾਰਾ ਫਰਜ਼ ਹੈ।

ਤਥਾ—ਕੜਾ ਕੇਸ ਕਛ ਕਰਦ ਪਾਂਚੋ ਤੁਮ ਪਾਸ ਰਾਖੋ ਦੂਰ ਕੋ ਨ ਕਰੋ ਸਦਾ ਰਹਤ ਅੰਗ ਸੰਗ ਧਰ ॥ ਰੁਤ ੩ ॥ ਅੰਸੂ ੨੦ ॥

ਤਥਾ—ਜੁਗਮ ਸਮੈ ਕੰਘਾ ਕਰ ਲੈਨਾ। ਹੋਇ ਸੁਚੇਤ ਸਬਦ ਮਨ ਦੇਨਾ ॥ ਰੁਤ ੩ ॥ ਅੰਸੂ ੪੪ ॥

ਤਥਾ—ਕਛ ਬਿਹੀਨ ਚਿਰ ਕਾਲ ਨ ਰਹੈ। ਇਕ ਤਜ ਦੂਤੀ ਤੁਰਤ ਹੀ ਗਹੈ ॥ ਰੁਤ ੩ ॥ ਅੰਸੂ ੫੦ ॥

ਤਥਾ—ਸੂਧੀ ਸਮਸ ਕਰਤ ਮੁਛ ਬੰਕੀ। ਰਹਤ ਸਹਤ ਹ੍ਵੈ ਮਹਿਤ ਨਿਸੰਕੀ ॥ ਰੁਤ ੪ ॥ ਅੰਸੂ ੧੯ ॥

ਤਥਾ—ਸ੍ਰੀ ਦਸਮੇਸ ਜੀ ਦੇ ਕਛਹਰੇ ਹੇਠ ਦੀ ਆੜ ਬੰਦ ਭੀ ਹੁੰਦਾ ਸੀ ॥ ਰੁਤ ੩ ॥ ਅੰਸੂ ੧੯ ਦੇਖੋ॥

ਤਥਾ—ਕਟਕੀ ਕਾਛ ਨਿਕਾਰ ਤਹ ਨੀਚੇ ਡਾਰੀ। ਆੜ ਬੰਦ ਅੰਤਰ ਹੁਤੋ ਦਿਢ ਕਸਿਯੋ ਸੁਧਾਰੀ ॥ ਰੁਤ ੬ ॥ ਅੰਸੂ ੪੫ ॥

ਤਥਾ—ਹਰੀ ਕੇ ਨਗਰ ਦਾ ਪ੍ਰਸੰਗ। ਪੁਨ ਗੁਰ ਕਹਿਯੋ ਦੇਸ ਤਸ ਭੇਸ। ਲੁੰਕੀ ਤੇੜ ਸੁ ਮੋਢੇ ਖੇਸ ॥ ਐਨ ੧। ਅੰਸੂ ੧੪ ॥ ਸੂਰਜ ਪ੍ਰਕਾਸ਼ ਇਤਿ ॥

ਤਥਾ—ਸੌ ਸਾਖੀ ਦੋਃ—ਲੜਤੀ ਸੰਗਤ ਗੁਰੂ ਕੀ ਸੁਨ ਪਿਖ ਸਤਿਗੁਰ ਦਿਆਲ। ਵਾਰ ਭਗੌਤੀ ਪੜ੍ਹਿਆ ਕਰ ਸੰਗਤ ਤੁਰਕਨ ਨਿਸਾਲ ॥ ਸਾਖੀ ੬੬ ॥

Sri Satguru Jagjit Singh Ji Elibrary NamdhariElibrary@gmail.com

ਤਥਾ—ਸੂਰਜ ਪ੍ਰਕਾਸ਼ੋਕਤ ਦੋ:—ਲੜਤੀ ਸੰਗਤ ਗੁਰੂ ਕੀ ਸੁਣ ਸਿਖ ਸਤਿਗੁਰ ਦਿਆਲ। ਵਾਰ ਭਗੌਤੀ ਪਠਨ ਕਰ ਸੰਗਤ ਤੁਰਕ ਨਸਾਲ। ਰੁਤ੫। ਅੰਸੂ੩੯

ਤਥਾ ਚੌ:-ਗੋਦ ਮਾਤ ਦੇਵੀ ਕੇ ਪਾਯੋ। ਨਿਤ ਪ੍ਰਤਿ ਪਾਲਨ ਬਨੈ ਸੁਹਾਯੋ।

[ਰੁਤ ੬। ਅੰਸੂ ੨੫]

ਤਥਾ-ਪੜ੍ਹੀਓ ਸਰਬ ਗੁਰਨ ਕੀ ਬਾਨੀ। ਰਖੀਓ ਰਹਤ ਜੋ ਮੋਹਿ ਬਖਾਨੀ।

ਪਾਯੋ ਮਾਤ ਕਾਲਕਾ ਗੋਦ। ਪੰਥ ਖਾਲਸਾ ਲਹੈ ਪ੍ਰਮੋਦ।

[ਐਨ ੨। ਅੰਸੂ ੨੩]

ਤਥਾ-ਚਿਨਹ ਮਹਲ ਤਿਸ ਕੁਲ ਗਲ ਜਾਇ। ਯਾਂਤੇ ਕਹੀ ਨਹੀ ਬਿਸਰਾਇ।

[ਐਨ ੨। ਅੰਸੂ ੨੪॥ ਸੂਰਜ ਪ੍ਰਕਾਸ਼ ਇਤਿ]

ਤਥਾ ਸਰਬਲੋਹ ਗ੍ਰੰਥਵਿਚੋਂ ਸ੍ਰੀਮੁਖਵਾਕ ਪਾਤਸ਼ਾਹੀ ੧੦,—" ਪੰਥ ਖਾਲਸਾ ਭਯੋ ਪੁਨੀਤਾ ਪ੍ਰਭ ਆਗਿਆ ਕਰ ਉਦਿਤ ਭਏ। ਮਿਟਿਓ ਦ੍ਵੈਤ ਜਗੱਤ ਉਪਾਧਨਿ ਅਸੁਰ ਮਲੇਛਨ ਮੂਲ ਗਏ। ਧਰਮ ਪੰਥ ਖਾਲਸਾ ਪ੍ਰਚੁਰ ਭਯੋ ਸਤ ਸ੍ਵਰੂਪ ਪੰਨਜ ਰੂਪ ਜਏ। ਕੱਛ ਕੇਸ ਕ੍ਰਿਪਾਨ ਤ੍ਰੈ ਮੁੱਦ੍ਰਾ ਦੁਰ ਭਗਤਾ ਰਾਮਦਾਸ ਭਏ ॥ ੫ ॥

ਅਕਾਲ ਉਪਾਸਕ ਛਤ੍ਰੇ ਧਰਮਾ ਰਣ ਕਟ ਕਟ ਸਾ ਪ੍ਰਧਾਨ ਅਏ। ਤਾਮਹ ਪੰਚ ਚਾਲੀਸ ਪ੍ਰਧਾਨਾ ਪੰਚ ਪ੍ਰਧਾਨ ਖਾਲਸਾ ਠਏ। ਸ੍ਰੀ ਅਜੀਤ ਸਿੰਘ ਜੁਝਾਰ

ਸਿੰਘ ਫਤਹ ਸਿੰਘ ਜੋਰਾਵਰ ਸਿੰਘ ਪ੍ਰਿਏ। ਪੰਚਮ ਖਾਲਸਾ ਸਤਿਗੁਰ ਪੂਰਾ ਜਿਨ ਏਹ ਪੰਥ ਸੁਪੰਥ ਪ੍ਰਗਟਏ ॥ ੬ ॥

ਚਾਲੀਸ ਨਰ ਏ ਬੀਜ ਖਾਲਸਾ ਮੁਕਤੇ ਪਾਵਨ ਸਿੰਘ ਬਲੀ। ਮਾਤ ਭਗਵਤੀ ਪਿਤਾ ਅਕਾਲ ਪੁਰਖ ਗੋਦ ਲੀਯੋ ਦੈ ਖਾਸ ਪਲੀ ॥ ਧਿਃ ੫ ਪੰਃ ੩੧੧ ॥"

ਤਾਤਪਰਯ ਯਹ ਹੈ ਕਿ ਜੋ ਸਿੰਘ ਸ੍ਰੀ ਦੇਵੀ ਮਾਤਾ ਕੀ ਨਿੰਦਾ ਕਰਤਾ ਹੈ ਤਿਸ ਪਾਪੀ ਸਿੰਘ ਕੇ ਦਰਸ਼ਨ ਮਾਤ੍ਰ ਸੇ ਹੀ ਬਜ੍ਰ ਪਾਪ ਹੈ ॥

ਤਥਾ ਸੂਰਜ ਪ੍ਰਕਾਸ਼ੋਕਤ ਚੌਃ—

ਗੁਰਬਾਨੀ ਪਠਕਰ ਗਤਿ ਲਹੈ। ਜਿਉ ਕਿਉ ਪਠਨ ਸਦਾ ਚਿਤ ਚਹੈ।
ਅਰਥ ਸਮਝ ਕੈ ਸਮਝੇ ਬਿਨਾ। ਬਿਨਾ ਪ੍ਰੇਮ ਕੈ ਪ੍ਰੇਮ ਸੁ ਘਨਾ।
ਪਠਨ ਨੇਮ ਗੁਰ ਬਾਨੀ ਕਰੈ। ਘਟਕਾ ਜਾਮ ਕਿ ਨਿਸ ਦਿਨ ਰਰੈ।
[ ਰਾਸ ੯ । ਅੰਸੂ ੮ । ]

ਤਥਾ ਸ੍ਰੀਮੁਖਵਾਕ ਪਾਤਸ਼ਾਹੀ ੧੦—

"ਐਸੋ ਗੁਣ ਖਾਲਸੇ ਹਰੀ ਬਖਸਾ ਭਗਤ ਗਜਾਨੀ ਰਾਜ ਜੋਗੇਸ਼੍ਵਰ। ਛਤ੍ਰੈ ਬ੍ਰਿਤ ਅਨੰਨ ਉਪਾਸਕ ਤਿਆ-ਗੀ ਹਠੀ ਸੂਰ ਭੂਨੇਸ੍ਵਰ। ਗ੍ਰਾਹੀ ਸੁਭ ਤਿਆਗੀ ਬਿਵਰਜਿਤ ਸ਼੍ਰੁਤੀ ਆਦਿਅੰ ਸ੍ਰੀਮੁਖ ਪ੍ਰਮੇਸ੍ਵਰ। ਗੀਤਾ ਉਪਨਿਸਦ ਮਹਾਵਾਕ ਮਹ ਰਹਨੀ ਭਗਤ ਗਿਆਨੀ ਬ੍ਰਿਤੇਸ੍ਵਰ ॥ ੫ ॥

Sri Satguru Jagjit Singh Ji Elibrary NamdhariElibrary@gmail.com

ਐਸੋ ਖਾਲਸਾ ਖਾਲਸ ਪਦ ਪ੍ਰਾਪਤ ਨਿਰੰਕਾਰੀ ਸਿਵ ਰੂਪ ਮਹਾਨੰ। ਸਤਿਗੁਰ ਉਪਦੇਸ ਸਿਖਨ ਪ੍ਰਤਿ ਭਾਸਨ ਮੁੰਦ੍ਰਾ ਤ੍ਰੈ ਕਛ ਕੇਸ ਕ੍ਰਿਪਾਨੰ । ਤਾਕੀ ਰਹਨੀ ਸ੍ਰੁਤਿ ਉਕਤੀ ਭਾਖਤ ਦਸ ਗ੍ਰਾਹੀ ਖਾਲਸਾ ਪ੍ਰਧਾਨੰ। ਦਯਾ ਦਾਨ ਅਰ ਛਮਾ ਸਨਾਨੰ ਸੀਲ ਸੁਚ ਸਤ ਸੰਭਾਸਨੰ। ਸਾਧਨ ਸਿਧ ਸ੍ਰੂਰਤ ਭਗਤਿਮਾਨੇ ਦਸ ਗ੍ਰਾਹੀ ਆਸਕਤ ਪ੍ਰਮਾਨੰ ॥ ੬ ॥

ਤਿਆਗੀ ਦਸ ਬਿਰੋਧ ਮਤ ਸਾਧਨ ਹਿੰਸਾ ਹੰਕਾਰ ਆਲਸ ਕ੍ਰਿਪਨਤਾ ਅਪ੍ਰਮਾਨੰ । ਕਠੋਰਤਾ ਜੜਤਾ ਕੁਚੀਲਤਾ ਅਸੌਚ ਕਲਮਾ ਮਾਂਸ ਅਭੁਗਤ ਮਾਨੰ। ਦਸ ਗ੍ਰਾਹੇ ਦਸ ਤਿਆਗੀ ਐਸੇ ਤਾਹਿ ਖਾਲਸਾ ਕਥਤ ਸੁਜਾਨੰ। ਐਸੋ ਖਾਲਸਾ ਖਾਲਸ ਪਦ ਪ੍ਰਾਪਤ ਨਿਰੰਕਾਰੀ ਸਿਵ ਰੂਪ ਮਹਾਨੰ ॥ ੭ ॥

ਜੀਵਨ ਮੁਕਤ ਬਿਚਰਤ ਬਨ ਤ੍ਰਿਨ ਮਹ ਦੇਵ ਭੂਤ ਦੇਵ ਹੀ ਕਹੀਏ। ਖਾਲਸਾ ਪਦ ਕੋ ਪ੍ਰਾਪਤਿ ਦੁਰਲਭ ਐਸੋ ਖਾਲਸਾ ਹਰਿ ਜਨ ਰਹੀਏ । ਜਲ ਤਰੰਗ ਮੋ ਭੇਦ ਕੁਛ ਨਾਹਨ ਜੀਵ ਬ੍ਰਹਮ ਪ੍ਰਮਾਤਮ ਲਹੀਏ। ਬ੍ਰਹਮ ਮਹਿ ਜੀਵ ਜੀਵ ਮਹਿ ਬ੍ਰਹਮਾ ਸਾਗਰ ਬੂੰਦ ਬੂੰਦ ਸਿ ਅਹੀਏ॥ ੮ ॥

ਹਰਿ ਹੀ ਹੋਇ ਤਉ ਕਹਾ ਅਚਰਜ ਹੈ ਸਤਿਗੁਰ

Sri Satguru Jagjit Singh Ji Elibrary NamdhariElibrary@gmail.com

ਕੋ ਪਦ ਪ੍ਰਾਪਤਿ ਵਾਰੋ॥ ਸਿਖਯ ਪਦੰ ਦੁਹੂਅਨ ਤੇ ਗਰਿਰੋ ਆਤਮ ਕੀ ਪ੍ਰਾਪਤੀ ਬਿਚਾਰੋ। ਤਾਸ ਮਹਾਤਮ ਨਿਜ ਮੁਖ ਗਾਵਤ ਜਥਾ ਉਕਤ ਮਤ ਬੁਧਿ ਹਮਾਰੋ। ਸੁਨਹੁ ਸੰਤ ਖਾਲਸ਼ ਪਦ ਜਸ ਕਉ ਸ੍ਰਵਨ ਪ੍ਰਾਪਤਿ ਹੋਤ ਫਲ ਚਾਰੋ ॥ ੯ ॥

ਗੀਤਾ ਮਹ ਅਰਜਨ ਪ੍ਰਤਿ ਭਾਖਤ ਸ੍ਰੀਪਤਿ ਭਗਤ ਮਹਾਤਮ। ਭਗਤ ਗਿਆਨੀ ਰੂਪ ਨਿਜਬਰਨੀ ਪ੍ਰਾਪਤਿ ਜਾਕੋ ਆਤਮ । ਟੀਕਾਕਾਰਹੂੰ ਦਰਸਨ ਭਗ-ਤਨ ਕੋ ਖਾਲਸਾ ਪ੍ਰਤਿ ਹਉ ਭਾਖੀ। ਖਾਲਸ ਪਦ ਕੋ ਊਚ ਮਹਾਤਮ ਸਭਹੀ ਸ੍ਰੇਸਟਨ ਆਖੀ ॥" ਧਿਃ ੫। ਪੰਨੇ ੩੮੯ ਸੇ ੩੯੦ ॥ ਸਰਬ ਲੋਹ ਇਤਿ ॥

ਤਥਾ—ਸੌ ਸਾਖੀ ਉਕਤ,—"ਤਾਂ ਪੀਛੇ ਪੁਛਿਆ ਸੰਗਤ ਗੁਰੂ ਕੀ ਜੀ ਪਾਤਸਾਹ ਪਾਹਿਲ ਕਾ ਭੇਦ ਗੁਣ ਕਹੀਏ। ਅਗੇ ਗੁਰੂ ਜੀ ਬੋਲਕੇ ਖਿਯਾਤ ਸੁਣਾਇਆ ਭਾਈ ਇਕ ਮੰਤਰ ਹੈ ਦੂਜਾ ਜੰਤਰ ਹੈ ਤੀਜਾ ਤੰਤਰ ਹੈ। * ਮੰਤਰ ਸਤਿ ਨਾਮ ਹੈ। ਜੰਤਰ ਵਾਹਿਗੁਰੂ। ਅਖਰੋਂ

---

* ਤਥਾ-ਭਾਈ ਗੁਰਦਾਸ ਜੀ,—" ਨਮਸਕਾਰ ਗੁਰਦੇਵ ਕੋ ਸਤ ਨਾਮ ਜਿਸ ਮੰਤ੍ਰ ਸੁਣਾਯਾ ॥ ਵਾਰ ੧ ॥ ਪੌਃ ੧ ॥

Sri Satguru Jagjit Singh Ji Elibrary NamdhariElibrary@gmail.com

ਕਾ ਜੋੜ ਤੰਤਰ। ਜਲ ਮਿਸ਼ਟਾਨ ਲੋਹ ਸ਼ਸਤਰ। ਜਲ ਬਰਣ ਦੀਆ ਸੀ। ਮਿਸ਼ਟਾਨ ਇੰਦਰ ਨੇ ਦੀਆ ਲੋਹਾ ਜਮ ਨੇ ਦੀਆ ਤਾਂ ਸਾਤ ਕੀ ਅਵਧ ਹੋਵੇ ਸਿਖ ਨੂ। ਭੋਗ ਚਾਹ ਮਿਸ਼ਟਾਨ ਤੇ। ਸ਼ਸਤਰ ਕੀਤਾ ਤਾ ਜੁਧ ਮਾਝ ਤੇਜ ਸੂਰਮਾ ਹੋਵੇਗਾ। ਚਰਣਾ ਦੀ ਪਾਹਲ ਤੇ ਸੇਵਾ ਕੀ ਪ੍ਰੀਤ ਹੁੰਦੀ ਸੀ ਸੋ ਗੁਰੂ ਇਛਾ ਜੁਧ ਕੀ ਸੀ ਜਬ ਖੰਡਾ ਧਾਰ ਪਾਹਿਲ ਛਾਪ ਦੇਬੀ ਕਾ ਧਿਆਨ ਪਰੇਮ ਕੇ ਨਿਰਬਾਨ ਸਵਈਏ ਦਸ। ਅਨੰਦ ਜੀ ਸਾਂਤ ਹੋਇਗਾ ਜਪ ਪੌੜੀ ਮੋਖ ਹੇਤ। ਚਾਰ ਪਦਾਰਥ ਪਾਹਿਲ ਤੇ ਹੋਵੇਗੀ ॥ ਸਾਖੀ ੧੩ ॥

ਤਥਾ—ਸੂਰਜ ਪ੍ਰਕਾਸ਼ੋਕਤ ਚੌ:—

ਦਈ ਵਸਤ ਇਹ ਦੇਵਨ ਲਿਆਇ। ਤਿਸਕੇ ਨਾਮ ਸੁਨੌ ਚਿਤ ਲਾਇ।
ਬਰਣ ਆਪਣੇ ਕਰ ਜਲ ਆਨਾ। ਇੰਦ੍ਰ ਮਹਾ ਬਲ ਦਿਯਾ ਮਿਸ਼ਟਾਨਾ।
ਲੋਹਾ ਦੀਨ ਆਨ ਜਮ ਰਾਜ। ਮਿਲੇ ਦੇਵ ਪਾਹਿਲ ਕੇ ਕਾਜ।
ਜਲਤੇ ਸਾਂਤਿ ਅਵਧ ਸਿਖ ਪਾਹਿ। ਮਿਸਟਾ ਨਹ ਤੋ ਭੋਗ ਨ ਚਾਹਿ।
ਹੋਹਿ ਸ਼ਸਤ੍ਰ ਤੇ ਤੇਜ ਕਰਾਲਾ। ਬਨੈ ਜੁਧ ਮੈ ਜੋਧ ਬਿਸਾਲਾ।

---

ਤਥਾ—ਮਾਰੂ ਸੋਲਹੇ ਮਃ ੫,—"ਕਿਰਤਮ ਨਾਮ ਕਥੇ ਤੇਰੇ ਜਿਹਬਾ ਸਤਿਨਾਮੁ ਤੇਰਾ ਪਰਾ ਪੂਰਬਲਾ ॥ ਸ਼ਬਦ ੧੧ ॥

ਤਥਾ—ਸ੍ਰੀ ਮੁਖਵਾਕ ਪਾਤਸਾਹੀ ੧੦,—"ਸਕਲ ਭਰਮ ਪਰਹਰ ਕਰ ਹਰਿ ਜਨ ਸੱਤਨਾਮ ਸੁਚ ਮੰਤ੍ਰ ਬਲੀ। ਆਪ ਜਪਤ ਅਰੁ ਜਗਤ ਜਪਾਵਤ ਭਗਤ ਸਿਰੋਮਨ ਮਾਹ ਕਲੀ ॥ ਸਰਬ ਲੋਹ ॥ ਧਿਃ ੫ ॥ ਪੰਨੇ ੩੭੭ ॥ ਇਤ੍ਯਾਦਿ ਅਨੰਤ ਪ੍ਰਮਾਣ ਹਨ ॥

ਪੂਰਬ ਪਾਹੁਲ ਚਰਨਨ ਕੇਰੀ । ਹੋਇ ਸੇਵਾ ਕੀ ਪ੍ਰੀਤ ਵਡੇਰੀ ।
ਅਬ ਗੁਰ ਇਛਾ ਰਣ ਰਿਪੁ ਖਾਪ । ਖੰਡਾ ਧਾਰ ਸੁ ਪਾਹਿਲ ਛਾਪ ।
ਸ੍ਰੀ ਦੇਵੀ ਕੋ ਧਰਬੋ ਧਿਆਨ । ਸਵਈਏ ਪਠੋ ਪ੍ਰੇਮ ਨਿਰਬਾਨ ।
ਪਠ ਅਨੰਦ ਜੀ ਸਾਂਤ ਸੁਚੇਤ । ਜਪਕੀ ਪੌੜੀ ਮੁਕਤੀ ਹੇਤ ।
ਹੋਇ ਪਾਹੁਲ ਤੇ ਚਾਰ ਪਦਾਰਥ । ਨਰ ਤਨ ਸਿਖ ਕੋ ਬਨੈ ਸਕਾਰਥ ।

[ਰੁਤ ੩ ਅੰਸੂ ੩੫]

ਭਾਵ ਯਹ ਦੇਵਤੇ ਈਹਾਂ ਭੀ ਪਾਹਲ ਮੇ ਹਾਜਰ ਹੈਂ ਤਾਂਤੇ ਭੀ ਦੇਵਤੋਂ ਕੀ ਨਿੰਦਾ ਕਰਨੇ ਵਾਲੋਂ ਕੋ ਕੁੰਭੀ ਨਰਕ ਤਿਆਰ ਹੈ ਕ੍ਰਿਤਘਨ ਦੋਸ਼ ਸੇ॥

ਤਥਾ—ਸੌ ਸਾਖੀ ਉਕਤ,—"ਪਾਹਿਲ ਦੇਨੋ ਬਿਨਾ ਤਿਰੀਯਾ ਕੇਸ । ਸੁਣੋ ਭਾਈ ਸਿਖੋ ਮਾਤਾ ਹਮਾਰੀ ਮਾਈ ਗੂਜਰੀ ਜੀ ਭੀ ਪੁਛਿਆ ਸੀ ਸੋ ਕਹਿਆ ਸੀ । ਤਾਂ ਸਿਖਾਂ ਪੁਛਿਆ ਗੁਰੂ ਜੀ ਦੇਵੀ ਕੀ ਸ਼ਕਤ ਅਥਵਾ ਗੁਰੂ ਕੀ ਸ਼ਕਤਿ । ਵਚਨ ਹੋਇਆ ਪ੍ਰਸਾਦ ਖੁਸ਼ੀ ਹੀ ਬਣਦੀ ਹੈ ਗੋਹਜ ਕਹਣਾ ਬਣਦਾ ਨਹੀ । ਪਰ ਗੁਰੂ ਨੂੰ ਸਰਧਾ ਵਾਲਾ ਸਿਖ ਪੁਛੇ ਤਾ ਕਹਣਾ ਬਣਦਾ ਹੈ ਸਦਾ ਹੀ ਸੁਣੋ ਭਾਈ ਸੰਗਤੋ ਗੁਰੂ ਕੇ ਘਰ ਵਿਚ ਏਕਤਾ ਹੈ ਭੂਲ ਕਰਕੇ ਭੇਦ ਭਰਮ ਨਹੀ ਕਰਣਾ । ਗੁਰੂ ਕੇ ਏਕ ਜਾਮਾ ਪਹਰਿਆ ਸੀ । ਤਾਂ ਉਸ ਵੇਲੇ ਤਪ ਕਰਨੇ ਵਾਸਤੇ ਬਿੰਧਾਚਲ ਅਰਣ ਕੇ ਮਾਝ ਥੇ । ਉਸ ਮਨੰਤ੍ਰ ਵਿਚ ਬੰਧਾਚਲ ਉਮਾ ਊਹਾਂ ਤਪ ਕਰ ਗਈ

ਥੀ। ਬ੍ਰਹਮਾ ਕੇ ਕਹੇ ਤੇ ਦੇਵਤੇ ਉਸਤਤਿ ਕਰਕੈ ਲੇ ਗਏ ਥੇ। ਦੈਂਤ ਦਾਨਵ ਅਜੀਤ ਤ੍ਰਿਲੋਕੀ ਕਾ ਰਾਜ ਲੇ ਲੀਆ ਥਾ। ਬਹੁਤ ਬਰਸ ਜੁਧ ਕਰ ਭਵਾਨੀ ਥਕ ਰਹੀ। ਰਕਤਬੀਜ ਕੇ ਮਾਰਣੇ ਕਾ ਜਤਨ ਕੀਆ ਪਰ ਅਸੁਰ ਰਕਤ ਤੇ ਬਧਦੇ ਜਾਵੇਂ। ਨਾਵੈ ਅੰਕ ਊਪਰ ਸੌ ਬਿੰਦੀ ਕੀ ਗਿਣਤੀ ਕਰੀ ਰਖੀਸੁਰਾਂ ਨੈ ਇਤਨੇ ਰਕਤ ਤੇ ਜਨਮੇ ਮਰੇ ਤਬ ਰਕਤ ਕਾ ਪਾਣੀ ਮਾਨ ਪਰਲੈ ਹੋਈ ਥੀ। ਸ੍ਰਿਸ਼ਟਿ ਸੁੰਨ ਹੋਈ ਜੈਸੇ ਪੱਥਰ ਜਲ ਮੈ ਰਹਦੇ ਹਨ। ਤਾ ਦੇਬੀ ਦੇ ਗਣ ਭਾਗ ਗਏ ਕੋਈ ਲੜਕੇ ਕੋਈ ਅਨ ਲੜੇ। ਤਾਂ ਦੇਵੀ ਅੰਤਰ ਧਿਆਨ ਹੋਇਕੈ ਬਿੰਧਾਚਲ ਪਰ ਮੂਰਤ ਬਣ ਗਈ। ਅਸੁਰ ਲਗੇ ਤਪਣ ਤਬ ਊਹਾਂ ਤਪਸੀ ਪਾਸ ਜਾਇਕੇ ਸਬੇਲ ਦੈਂਤ ਵੇਲ ਦੈਂਤ ਲਗੇ ਕਹਣ ਹਾਇ ਨਾਰੀ ਕੌਣ ਲੇ ਗਿਆ। ਤਾਂ ਤਪਸੀ ਬੋਲਿਆ ਅਰੇ ਵਕਵਾਦ ਨਾ ਕਰੋ ਸ਼ਕਤੀ ਸਦਾ ਹੀ ਪੂਰਣ ਹੈ। ਸੁਣ ਕਰ ਮਤ ਵਾਲੇ ਓਜੜ ਮਨਮੁਖ ਮਾਰ ਮਾਰ ਕਰ ਤਪਸੀ ਸਮੁੰਤ੍ਰ ਨੂੰ ਦੌੜੇ ਮਾਰਨ। ਤਾਂ ਤਪਸੀ ਵਿਚਾਰਿਆ ਮੇਰਾ ਮੇਰੇ ਚੇਲੇ ਦਾ ਧਰਮ ਨਹੀ ਜੁਧਦਾ। ਹਮ ਬ੍ਰਾਹਮਣ ਬ੍ਰਹਮ ਪਰਾਇਣ ਹਾਂ। ਤਾਂ ਮ੍ਰਿਗ ਸ਼ੇਰ ਕੀ ਸ਼ਾਲਾ ਬੀ ਹੰਕਾਰੀ ਅਤੇ ਤੇਜ ਪੁੰਜ ਪੁਰਖ ਨਿਕਾਸ ਕੇ ਜੁਧ ਕੀਤਾ। ਦਸ

Sri Satguru Jagjit Singh Ji Elibrary NamdhariElibrary@gmail.com

ਲਖ ਪੰਜ ਹਜਾਰ ਵਰਖ ਤਾਂ ਦੇਵੀ ਉਠੀ ਮੂਰਤ ਤੇ ਕੋਹ ਕਰ ਅਸੁਰ ਖਪਾਏ। ਉਸ ਪੁਰਖ ਨੂੰ ਕਹਿਆ ਹੇ ਤਪਸੀ ਕੇ ਤਪ ਤੁਧ ਮੇਰੀ ਸਹਾਇਤਾ ਕਰੀ ਹੈ॥ ਮੈ ਭੀ ਏਕ ਵਾਰ ਤੁਮਾਰੀ ਬੁਲਾਈ ਆਵਾਂਗੀ। ਮਾਂਗ ਬਰ ਪ੍ਰਸੰਨ ਹੋਈ ਹਾਂ। ਤੇਰਾ ਬਪੁ ਏਹੀ ਰਹੋ ਦੁਸ਼ਟ ਦਮਨ ਤੇਰਾ ਨਾਮ ਹੂਆ। ਇਹ ਸਭੀ ਸੰਗਤ ਤੇਰੀ ਹੋਈ। ਤੂੰ ਮੇਰਾ ਹੀ ਸਰੂਪ ਰਖੀਂ ਤਾਂ ਪੁਰਖ ਬੋਲਿਆ ਨਾਮ ਸਿੰਘ ਕੇਸ ਖੁਲੇ ਕਟ ਤਾਗੇ ਬਿਨਾ ਸ਼ਸਤ੍ਰ ਕਾ ਤੇਜ ਅਰ ਜੋ ਰਚਨਾ ਅਰ ਵਚਨ ਪਦਵੀ ਭੋਗ ਮੋਖ ਮਿਲੇ ਅਸੁਰ ਜੁਧ। ਤਾਂ ਦੇਬੀ ਬੋਲੀ ਚੌਥੇ ਜੁਗ ਕਾ ਪਹਲਾ ਪਹਰਾ ਹੋਵੇਗਾ ਤਬ ਰੁਦ੍ਰ ਸ਼ੰਕਰ ਨਾਮਾ ਹੋਇ ਉਤਰੇਗਾ ਬਿਸ਼ਨ ਭਾਨਜਾ ਹੋਇ ਉਤਰੇਗਾ। ਤਾਂ ਮੈਭੀ ਤੁਮਾਰੀ ਬੁਲਾਈ ਤੁਮਾਰੇ ਬੀਚ ਸ਼ਬਦ ਪ੍ਰਕਾਸ਼ ਕਰਾ- ਵਾਂਗੀ। ਏਕ ਮੇਰਾ ਬਸਤਰ ਪ੍ਰਬਿਰਤ ਆਂਖ ਅੰਜਨ ਕੁਟੰਬ ਕਾ ਮੋਹ ਨਹੀ ਕਰਨਾ ਐਸੇ ਕਹਕੇ ਪਰੇਮ ਕਰ ਲਗੀ ਚਾਟਣੇ ਖੁਸ਼ੀ ਹੋਈ। ਏਕ ਚੂੜੀ ਏਕ ਪਰਾਂਦਾ ਏਕ ਕਰਦ ਦਈ। ਤਾਂ ਬੋਲੀ ਸਿੰਘ ਕੀ ਖਾਲ ਤੇ ਖਾਲਸਾ ਤੇਜ ਸਿੰਘ ਕਾ ਅਗਾੜੀ ਪੀਛੇ ਪਛਤਾਵਾ ਉਨ ਮਾਦ ਬਸਤ ਕਾ। ਏਹ ਤੇਰੇ ਪੰਥ ਕੀ ਦੇਵਾਂਗੀ। ਕਸ਼ਟ ਦੇਹ ਕਾ ਕਹ ਕਰ ਗਈ। ਉਹਾਂ ਪੁਰਖ ਤਪਸੀ

ਪਿਤਾ ਪਾਸ ਆਇਆ। ਤਾਂ ਤਪਸੀ ਕਹਿਆ ਪੁਤਰ ਮੈ ਤੇਰਾ ਪਿਤਾ ਹੀ ਰਹਾਂਗਾ। ਬਾਲਕ ਹੁੰਦੇ ਕਾ ਤੇਰਾ ਜੁਧ ਨਾ ਦੇਖਾਂਗਾ। ਦੇਵੀ ਕਾ ਬਰ ਜੋ ਤੈਂ ਪਾਇਆ ਹੈ ਮੇਰੀ ਰਖਿਆ ਕਰ ਲਈ। ਜਾਵੇ ਤਪ ਕਰੋ ਗੋਦਾਵਰੀ ਕੇ ਤਟ ਪਰ। ਗੋਹਵੀ ਕੀ ਨਿਆਈ ਮੇਰੇ ਤੇ ਉਪਜਾ ਹੈ। ਤੇਰਾ ਨਾਓ ਮੈ ਗੋਬਿੰਦ ਰਖਿਆ ਸਿੰਘ ਕੀ ਪਦਵੀ ਦੇਵੀ ਦੇ ਛੋਡੀ ਹੈ। ਤਾਂ ਪ੍ਰਣਾਮ ਡੰਡੌਤ ਕਰਕੇ ਪੁਰਖ ਗਇਆ ਨਦੀ ਪਰ ਤਪ ਅਰੰਭਿਆ ਸਮਾਧਿ ਲਗਾਈ ਐਸੀ ਮਾਇਆ ਭਈ ਸਮਾਧਿ ਹੀ ਰਹੀ। ਭੀਤਰ ਤੇ ਕਲਾ ਸ੍ਵਪਨੇ ਤਰਾ ਨਿਕਸ ਜਨਮਾ ਭਾਗਣ ਮਾਤਾ ਤੇਗ ਬਹਾਦਰ ਘੂਰਮ ਸਮਾਧੀ ਊਹਾਂ ਤਪਸੀ ਹੂਆ। ਮਾਤਾ ਪਿਤਾ ਹੂਏ ਬਾਲਕ ਹੀ ਥੇ। ਤਾਂ ਤਿਆਗ ਕੇ ਦੇਹ ਸੁਰ ਪੁਰ ਗਏ। ਓਹ ਪੁਰਖ ਦੁਸ਼ਟ ਦਮਨ ਮੈ ਗੋਬਿੰਦ ਸਿੰਘ ਹੂਆ ਹੂੰ। ਗਣ ਸਭ ਤਪਸੀ ਕੇ ਹੂਏ ਥੇ ਸੋ ਖਾਲਸਾ ਸੰਗਤ ਹੂਈ। ਦੇਵੀ ਕੀ ਸ਼ਕਤਿ ਬਰ ਕੀ ਥੀ ਸੋ ਗੁਰੂ ਕੀ ਸ਼ਕਤਿ ਤਪ ਕੀ ਥੀ। ਸੋ ਬਿਧਿ ਪਿਛਲੀ ਐਸੀ ਹੀ ਥੀ॥ ਸਾਖੀ ੧੩॥

ਤਥਾ ਏਹ ਤੇਰ੍ਹਵੀਂ ਸਾਖੀ ਦਾ ਪ੍ਰਕਰਣ ਸੂਰਜ ਪ੍ਰਕਾਸ਼ ਰੁਤ ੩। ਅੰਸੂ ੩੫ ਮੇਂ ਭੀ ਸਪਸ਼ਟ ਹੈ॥ ਇਤਿ

ਅਗਰ ਕੋਈ ਦੁਰਾਤਮਾ ਪੁਰਸ਼ ਅਜ ਕਲ ਦੇ ਨਵੀਨ ਟ੍ਰੈਕਟਾਂ ਤਥਾ ਕਲਜੁਗ ਦੇ ਬਹਕਾਇਆਂ ਹੋਇਆਂ ਪੁਰਸ਼ਾਂ ਦੇ ਪੰਜੇ ਵਿਚ ਆਕੇ

Sri Satguru Jagjit Singh Ji Elibrary NamdhariElibrary@gmail.com

ਅਪਨੇ ਖੋਟੇ ਹਠ ਕੋ ਨਾ ਛੋੜਕਰ ਇਸ ਸਨਾਤਨ ਗੁਰਮਤਿ ਨੂੰ ਨਾ ਮਾਨੈ ਤੋ ਵਖਜਮਾਣ ਸਿਖਜਾ ਕੋ ਮਨ ਮੇਂ ਧਾਰਨ ਕਰ, ਤਿਨ ਬੇਮੁਖੋਂ ਅਤੇ ਮੂਰਖੋਂ ਸੇ ਬਚ ਜਾਓ ॥

## (ਬੇਮੁਖ ਅਤੇ ਮੂਰਖ ਦਾ ਤਜਾਗ)

ਯਥਾ ਸੋਰਠਿ ਕੀ ਵਾਰ ਮਃ ੪ । ਪੌਃ,—"ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ। ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ । ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ। ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥ ਪੌਃ ੧੦ ॥"

ਤਥਾ ਭਾਈ ਗੁਰਦਾਸ ਜੀ,—"ਪੱਥਰ ਵਾਸ ਨ ਸਾਉ ਹੈ ਮਨ ਕਠੋਰ ਹੋਇ ਆਪਿ ਵਿਗੋਵੈ ॥ ਕਰ ਮੂਰਖਾਈ ਮੂਰਖ ਰੋਵੈ। ਵਾਰ ੩੨ । ਪੌਃ ੭ ॥"

ਤਥਾ-ਜਿਉਂ ਗਾਈ ਥਨ ਚਿਚੜੀ ਦੁਧ ਨ ਪੀਏ ਲੋਹੂ ਜਰਿਆ। ਬਗਲਾ ਤਰਨ ਨ ਸਿਖਿਓ ਤੀਰਥ ਨਾਇ ਨ ਪੱਥਰ ਤਰਿਆ। ਨਾਲ ਸਿਆਣੇ ਭਲੀ ਭੀਖ ਮੂਰਖ ਰਾਜਹੁ ਕਾਜ ਨ ਸਰਿਆ ॥ ਵਾਰ ੩੨ ਪੌਃ੮॥

ਤਥਾ—"ਕਟਣ ਚੱਟਣ ਕੁਤਿਆਂ ਕੁਤੇ ਹਲਕਤੈ ਮਨ ਸਿਖਾਵੈ। ਠੰਢਾ ਤਤਾ ਕੋਇਲਾ ਕਾਲਾ ਕਰ ਕੈ

ਹਥ ਜਲਾਵੈ। ਜਿਉਂ ਚਕਚੂੰਧਰ ਸੱਪ ਦੀ ਅੰਨ੍ਹਾ ਕੋੜ੍ਹੀ ਕਰ ਦਿਖਲਾਵੈ। ਜਾਣ ਰਸਉਲੀ ਦੇਹ ਵਿਚ ਬੜੀ ਪੀੜ ਰਖੀ ਸਰਮਾਵੈ। ਵੰਸ ਕਪੁੱਤ ਕੁਲੱਖਣਾ ਛਡੇ ਬਣੈ ਨ ਵਿਚ ਸਮਾਵੈ। ਮੂਰਖ ਹੇਤ ਨ ਲਾਈਐ ਪਰ ਹਰ ਵੈਰ ਅਲਿਪਤ ਵਿਲਾਵੈ। ਦੁਹੀ ਪਵੜੀ ਦੁਖ ਵਿਹਾਵੈ॥ ਵਾਰ ੩੨। ਪੌ: ੯॥"

ਤਥਾ-ਰਾਮਕਲੀ ਦੀ ਵਾਰ ਮ: ੩ ਵਿਚੋਂ, ਮ:੩- ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ। ਪੌ: ੧੩।"

ਤਥਾ-ਭਾਈ ਗੁਰਦਾਸ ਜੀ-"ਤੋਤਾ ਨਲੀ ਨ ਛਡਈ ਆਪਨ ਹੱਥੀ ਫਾਥਾ ਚੀਕੈ। ਬਾਂਦਰ ਮੁਠ ਨ ਛਡਈ ਘਰ ਘਰ ਨਚੈ ਝੀਕਣ ਝੀਕੈ। ਗਦਹੁ ਅੜੀ ਨ ਛਡਈ ਚੀਂਘੀ ਪਉਂਦੀ ਹੀਕਣ ਹੀਕੈ। ਕੁਤੇ ਚੱਕੀ ਚੱਟਣੀ ਪੂਛ ਨ ਸਿੱਧੀ ਧ੍ਰੀਕਣ ਧ੍ਰੀਕੈ। ਰਾਰਨ ਕੁਫਕੜ ਮੂਰਖਾਂ ਸੱਪ ਗਏ ਫੜ ਫਾਟਣ ਲੀਕੈ। ਪਗ ਲਹਾਇ ਗਣਾਇ ਸਰੀਕੈ॥ ਵਾਰ ੩੨। ਪੌ: ੧੧॥"

ਤਥਾ-ਅੰਨ੍ਹਾ ਆਖੇ ਲੜ ਮਰੇ ਖੁਸੀ ਹੋਇ ਸੁਣ ਨਾਉ ਸੁਜਾਖਾ। ਭੋਲਾ ਆਖੇ ਭਲਾ ਮੱਨ ਅਹਮਕ ਜਾਣ ਅਜਾਣ ਨ ਭਾਖਾ। ਧੋਰੀ ਆਖੈ ਹੱਸਦੇ ਬਲਦ ਵਖਾਣ ਕਰੈ ਮਨ ਮਾਖਾ। ਕਾਉਂ ਸਿਆਣਪ ਜਾਣਦਾ ਵਿਸ਼ਟਾ ਖਾਏ ਭਾਖ ਸੁਭਾਖਾ। ਨਾਉ ਸੁਰੀਤ ਕੁਰੀਤ

ਦਾ ਮੁਸਕ ਬਿਲਾਈ ਗਾਂਡੀ ਸਾਖਾ। ਹੇਠ ਖੜਾ ਬੂ ਬੂ ਕਰੈ ਗਿਦੜ ਹਥ ਨ ਆਵੈ ਦਾਖਾ। ਬੋਲ ਵਿਗਾੜ ਮੂਰਖ ਭੇਡਾਖਾ ॥ ਵਾਰ ੩੨ ॥ ਪੌ: ੧੨ ॥

ਤਥਾ—"ਮੂਰਖ ਤਿਸਨੋ ਆਖੀਐ ਬੋਲ ਨ ਸਮਝੈ ਬੋਲ ਨ ਜਾਣੈ। ਹੋਰੋ ਕਿਹੁੰ ਕਰ ਪੁਛੀਐ ਹੋਰੋ ਕਿਹੁੰ ਕਰ ਆਖ ਵਖਾਣੈ। ਸਿਖ ਦੇਇ ਸਮਝਾਈਐ ਅਰਥ ਅਨਰਥ ਮਨੈ ਵਿਚ ਆਣੈ। ਵਡਾ ਅਸਮਝ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੈ। ਗੁਰਮਤਿ ਚਿੱਤ ਨ ਆਵਈ ਦੁਰਮਤਿ ਮਿਤਰ ਸਤਰ ਪਰਵਾਣੈ। ਅਗਨੀ ਸੱਪਹੁ ਵਰਜੀਐ ਗੁਣ ਵਿਚ ਅਵਗੁਣ ਕਰੈ ਧਿਙਾਣੈ ਮੂਤੇ ਰੋਵੈ ਮਾਣਸ ਵਾਣੈ॥ ਵਾਰ ੩੨ ॥ ਪੌ: ੧੪ ॥

ਤਥਾ—"ਰਾਹ ਛਡ ਉਝੜ ਪਵੈ ਆਗੂ ਨੂੰ ਭੁਲਾ ਕਰ ਜਾਣੈ। ਬੇੜੇ ਬਿਚ ਬਹਾਲੀਐ ਕੁਦ ਪਵੈ ਵਿਚ ਖਹਿਣ ਧਿਙਾਣੈ। ਸੁਘੜਾਂ ਵਿਚ ਬਹਿਠਿਆਂ ਬੋਲ ਵਿਗਾੜ ਉਘਾੜ ਵਖਾਣੈ। ਸੁਘੜਾਂ ਮੂਰਖ ਜਾਣਦਾ ਆਪ ਸੁਘੜ ਹੋਇ ਵਿਰਤੀ ਹਾਣੈ। ਦਿਹਨੋ ਰਾਤ ਵਖਾਣਦਾ ਚਾਮ ਚੜਿਕ ਜਿਵੈ ਟਾਨਾਣੈ। ਗੁਰਮਤਿ ਮੂਰਖ ਚਿਤ ਨ ਆਣੈ॥ ਵਾਰ ੩੨ ॥ ਪੌ: ੧੫ ॥"

ਤਥਾ—"ਰਤਣ ਮਣੀ ਗਲ ਬਾਂਦਰੈ ਕਿਹੁ ਕੀਮ ਨ ਜਾਣੈ। ਕੜਛੀ ਸਾਉ ਨ ਸੰਮਲੈ ਭੋਜਨ ਰਸ

ਖਾਣੈ। ਡਡੂ ਚਿਕੜ ਵਾਸ ਹੈ ਕਵਲਾ ਨ ਸਿਞਾਣੈ॥ ਨਾਭਿ ਕਥੂਰੀ ਮਿ੍ਗ ਦੇ ਫਿਰਦਾ ਹੈਰਾਣੈ। ਗੁਜਰ ਗੋਰਸ ਵੇਚਕੈ ਖਲ ਸੂਹੜੀ ਆਣੈ। ਬੇਮੁਖ ਮੂਲਹੁ ਘੁਥਿਆਂ ਦੁਖ ਸਹੈ ਜਮਾਣੈ॥ ਵਾਰ ੩੪॥ ਪੌਃ ੪॥

ਤਥਾ—ਸੂਰਜ ਪ੍ਰਕਾਸ਼ ਵਿਚੋਂ, ਦੋਃ—"ਪਰਗੁਣ ਨਹੀ ਸਰਾਹਤੇ ਆਪਨੇ ਮੈ ਗੁਨ ਨਾਹਿ। ਈਹਾਂ ਤਪੈ ਚਿਤ ਦੁਖ ਲਹੈ ਮਰਹਿ ਨਰਕ ਮਹ ਪਾਇ॥ ਰੁਤ ੫॥ ਅੰਸੂ ੫੧॥"

ਤਥਾ—ਭਾਈ ਗੁਰਦਾਸ ਜੀ,—"ਸਾਵਣ ਬਣ ਹਰੀਆਵਲੇ ਸੁੱਕੈ ਜਾਵਾਹਾ। ਸਭ ਕੋ ਸਰਸਾ ਵਰਸਦੇ ਝੂਰੈ ਜੋਲਾਹਾ।ਸਭਨਾ ਰਾਤ ਮਿਲਾਵੜਾ ਚਕਵੀ ਦੋਰਾਹਾ। ਸੰਖ ਸਮੁੰਦਹੁੰ ਸੱਖਣਾ ਰੋਵੈ ਦੇ ਧਾਹਾ। ਰਾਹਹੁੰ ਉਜੱੜ੍ਹ ਜੋ ਪਵੈ ਮੁੱਸੇ ਦੇ ਫਾਹਾ। ਤਿਉਂ ਜਗ ਅੰਦਰ ਬੇਮੁਖਾ ਨਿਤ ਉਭੇ ਸਾਹਾ॥ ਵਾਰ ੩੪ ॥ ਪੌ: ੫॥'

ਤਥਾ—ਸ੍ਰੀ ਕਬੀਰ ਜੀ,—"ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ। ਜੋ ਨਰ ਬਿਛੁਰੇ ਰਾਮ ਸਿਉ ਨਾ ਦਿਨ ਮਿਲੇ ਨ ਰਾਤਿ। ਸਲੋਕ ੧੨੫

ਤਥਾ—ਭਾਈ ਗੁਰਦਾਸ ਜੀ,—"ਗਿਦੜ ਦਾਖ ਨ ਅਪੜੈ ਆਖੈ ਥੂ ਕਉੜੀ। ਨਚਣ ਨਚ ਨ ਜਾਣੀਐ ਆਖੈ ਭੁਇ ਸਉੜੀ। ਬੋਲੈ ਅਗੇ ਗਾਵਈਐ ਭੈਰੋ ਸੋ

ਗਉੜੀ। ਹੰਸਾ ਨਾਲ ਟਟੀਹਰੀ ਕਿਉਂ ਪਹੁੰਚੈ ਦਉੜੀ। ਸਾਵਣ ਵਣ ਹਰੀਆਵਲੇ ਅੱਕ ਜੰਮੈ ਅਉੜੀ॥ ਬੇਮੁਖ ਸੁਖ ਨ ਦੇਖਈ ਜਿਉ ਛੁੱਟੜ ਛਉੜੀ॥ ਵਾਰ ੩੪॥ ਪੌ: ੬॥

ਤਥਾ–ਭੇੜੈ ਪੂਛਲ ਲਗਿਆਂ ਕਿਉ ਪਾਰ ਲੰਘੱ-ਈਐ ਭੂਤੈ ਕੇਰੀ ਦੋਸਤੀ ਨਿਤ ਸਹਸੈ ਜੀਐ। ਨਦੀ ਕਨਾਰੇ ਰੁਖੜਾ ਵਿਸਾਹੁ ਨ ਕੀਐ॥ ਮ੍ਰਿਤਕ ਨਾਲ ਵਿਵਾਹੀਐ ਸੋਹਾਗ ਨ ਥੀਐ। ਵਿਸੁ ਹਲਾਹਲ ਬੀਜ ਕੈ ਕਿਉਂ ਅੰਬ ਉਲੁਹੀਐ। ਬੇਮੁਖ ਸੇਤੀ ਦੋਸਤੀ ਜਮ ਡੰਡ ਸਹੀਐ॥ ਵਾਰ ੩੪॥ ਪੌ: ੭॥

ਤਥਾ–"ਅੰਨ੍ਹੈ ਚੰਦ ਨ ਦਿਸਈ ਜਗ ਜੋਤ ਸਬਾਈ ਬੋਲਾ ਰਾਗ ਨ ਸਮਝਈ ਕਿਹੁ ਘਟ ਨ ਜਾਈ। ਵਾਸ ਨ ਆਵਈ ਗੁਣ ਗੁਣੈ ਪਰਮਲ ਮਹਕਾਈ। ਗੁੰਗੇ ਜੀਭ ਨ ਉਘੜੈ ਸੁਭ ਸਬਦ ਸੁਹਾਈ। ਸਤਿਗੁਰ ਸਾਗਰ ਸੇਵੀਐ ਨਿਧਿ ਸਭਨਾ ਪਾਈ। ਵੇਮੁਖ ਹਬ ਘਘੂਟਿਆਂ ਤਿਸ ਦੋਸ ਕਮਾਈ॥ ਵਾਰ ੩੪॥ ॥ ਪੌ: ੯॥"

ਤਥਾ–"ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ ਸੱਪੈ ਦੁਧ ਪਲਾਈਐ ਵਿਹੁ ਮੁਖ ਥੀ ਸੱਟੈ। ਪੱਥਰ ਪਾਣੀ ਰਖੀਐ ਮਨ ਹੱਠ ਨ ਘੱਟੈ। ਚੋਆ ਚੰਦਨ

Sri Satguru Jagjit Singh Ji Elibrary NamdhariElibrary@gmail.com

ਪਰ ਹਰੈ ਖਰ ਖੇਹ ਪਲੱਟੈ । ਤਿਉਂ ਨਿੰਦਕ ਪਰ ਨਿੰਦਅਹੁ ਹਠ ਮੂਲ ਨ ਹੱਟੈ। ਆਪਣ ਹਥੀ ਆਪਣੀ ਜੜ ਆਪ ਉਪੱਟੈ ॥ ਵਾਰ ੩੫ । ਪੌਃ ੧ ॥"

ਤਥਾ-"ਕਾਉ ਕਪੂਰ ਨ ਚੱਖਈ ਦੁਰਗੰਧ ਸੁਖਾਵੈ। ਹਾਥੀ ਨੀਰ ਨਿਵਾਲ੍ਹੀਐ ਸਿਰ ਛਾਰ ਉਡਾਵੈ। ਤੁੰਮੇ ਅੰਮ੍ਰਿਤ ਸਿੰਜੀਐ ਕਉੜਤ ਨ ਜਾਵੈ। ਸਿਮਲ ਰੁਖ ਸਰੇਵੀਐ ਫਲ ਹੱਥ ਨ ਆਵੈ। ਨਿੰਦਕ ਨਾਮ ਵਿਹੂਣਿਆਂ ਸਤਿਸੰਗ ਨ ਭਾਵੈ। ਅੰਨ੍ਹਾ ਆਗੂ ਜੇ ਥੀਐ ਸਭ ਸੰਗ ਮੁਹਾਵੈ ॥ ਪੌਃ ੨ ॥"

ਤਥਾ-'ਲਸਣ ਲੁਕਾਇਆ ਨਾ ਲੁਕੈ ਬਹਿ ਖਾਜੈ ਕੂਣੈ। ਕਾਲਾ ਕੰਬਲ ਉਜਲਾ ਕਿਉਂ ਹੋਇ ਸਬੂਣੈ। ਡੇਬੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ। ਕਿਤੇ ਕੰਮ ਨ ਆਵਈ ਲਾਵਣ ਬਿਨ ਲੂਣੈ। ਨਿੰਦਕ ਨਾਮ ਵਿਸਾਰਿਆ ਗੁਰ ਗਿਆਨ ਵਿਹੂਣੈ। ਹਲਤ ਪਲਤ ਸੁਖ ਨਾ ਲਹੈ ਦੁਖੀਆ ਸਿਰ ਝੂਣੈ॥ ਵਾਰ ੩੫ ਪੌਃ ੩ ॥"

ਤਥਾ ਗਉੜੀ ਮਃ ੫,-"ਸਾਕਤ ਕੀ ਐਸੀ ਹੈ ਰੀਤ । ਜੋ ਕਿਛੁ ਕਰੈ ਸਗਲ ਬਿਪਰੀਤ ॥ ਸਬਦ ੧੮ ॥"

ਤਥਾ-ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ। ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ

ਸਲੋਕ ੧੭॥

ਤਬਾ–ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ। ਮਾਖੀ ਚੰਦਨੁ ਪਰ ਹਰੈ ਜਹ ਬਿਗੰਧ ਤਹ ਜਾਇ। ਸਲੋਕ ੬੮॥

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ। ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥ ਸ: ੮੮॥

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ। ਸਾਕਤ ਸੰਗੁ ਨ ਕੀਜੀਐ ਜਾਤੈ ਹੋਇ ਬਿਨਾਹੁ ॥ ਸ: ੬੩॥

ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ। ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ॥ ॥ ਸਲੋਕ ੧੦੦॥

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ। ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥ ਸ: ੧੩੧॥

ਕਬੀਰ ਸਾਕਤੁ ਤੇ ਸੂਕਰ ਭਲਾ ਰਾਖੈ ਆਛਾ ਗਾਉ। ਉਹੁ ਸਾਕਤੁ ਬਪੁਰਾ ਮਰਿਗਇਆ ਕੋਇ ਨ ਲੈਹੈ ਨਾਉ॥ ਸ: ੧੪੩॥

ਮ: ੫–ਕਬੀਰ ਚਾਵਲ ਕਾਰਨੇ ਤੁਖ ਕਉ

Sri Satguru Jagjit Singh Ji Elibrary NamdhariElibrary@gmail.com

ਮੂਹਲੀ ਲਾਇ। ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ ॥ ਸਲੋਕ ੨੧੧ ॥

ਹਰਿ ਸੋ ਹੀਰਾ ਛਾਡਿਕੈ ਕਰਹਿ ਆਨ ਕੀ ਆਸ। ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ। ਸਲੋਕ ੨੪੨ ॥

ਤਥਾ ਭਾਈ ਗੁਰਦਾਸ ਜੀ,—"ਤੀਰਥ ਮੰਝ ਨਿਵਾਸ ਹੈ ਬਗਲਾ ਅਪਤੀਣਾ ॥ ਲਵੈ ਬਬੀਹਾ ਵਰਸ ਦੈ ਜਲ ਜਾਇ ਨ ਪੀਣਾ ॥ ਬਾਂਸ ਸੁਗੰਧ ਨ ਹੋਵਈ ਪਰਮਲ ਸੰਗ ਲੀਣਾ। ਘੁੱਘੂ ਸੂਝ ਨ ਸੂਝਈ ਕਰਮਾ ਦਾ ਹੀਣਾ। ਨਾਭ ਕਥੂਰੀ ਮ੍ਰਿਗ ਦੇ ਵੱਤੈ। ਉੜੀਣਾ। ਸਤਿਗੁਰ ਸੱਚਾ ਪਾਤਸਾਹੁ ਮੁਹਿ ਕਾਲੈ *ਮੀਣਾ ॥ ਵਾਰ ੩੬। ਪੌ: ੧ ॥"

ਤਥਾ—ਚੋਰ ਕਰੈ ਨਿਤ ਚੋਰੀਆਂ ਓੜਕ ਦੁਖਭਾਰੀ ਨੱਕ ਕੰਨ ਫੜ ਵੱਢੀਐ ਰਾਵੈ ਪਰ ਨਾਰੀ। ਅਓਘਟ ਰੁਧੇ ਮ੍ਰਿਗ ਜਿਉ ਵਿਤ ਹਾਰ ਜੁਹਾਰੀ। ਲੰਙੀ ਕੁਹਿਲ ਨ ਆਵਈ ਪਰ ਵੇਲ ਪਿਆਰੀ ਵੱਗ ਨ ਹੋਵਨ ਕੁਤੀਆਂ ਮੀਣੇ ਮੁਰਦਾਰੀ। ਪਾਪਹੁੰ ਮੂਲ ਨ ਤਗੀਐ ਹੋਇ ਅੰਤ ਖੁਆਰੀ ॥ ਵਾਰ ੩੬। ਪੌ: ੩ ॥

ਚਾਨਣ ਚੰਦਨ ਪੁਜਈ ਚਮਕੈ ਟਾਨਾਣਾ।

---

* ਮੀਣਾ ਕਹੀਏ ਕਪਟੀ।

Sri Satguru Jagjit Singh Ji Elibrary NamdhariElibrary@gmail.com

ਸਾਇਰ ਬੂੰਦ ਬਰਾਬਰੀ ਕਿਉਂ ਆਖ ਵਖਾਣਾ। ਕੀੜੀ ਇੱਭ ਨ ਅਪੜੈ ਕੂੜਾ ਤਿਸ ਮਾਣਾ। ਨਾਨੇ ਹਾਲ ਵਖਾਣਦਾ ਮਾ ਪਾਧ ਇਆਣਾ। ਜਿਨ ਤੂੰ ਸਾਜ ਨਿਵਾਜਿਆ ਦੇ ਪਿੰਡ ਪਰਾਣਾ। ਮੁੰਢਹੁ ਘੁਥਹੁੰ ਮੀਣਿਆਂ ਤੁਧ ਜਮਪੁਰ ਜਾਣਾ॥ ਵਾਰ ੩੬। ਪੌ: ੪॥

ਤਥਾ ਚਾਣਕ੍ਯ ਨੀਤੀ ਸ਼ਲੋਕ,—"ਦੁਰਜਨੰ ਸੱਜਨੰ ਕਰਤੁ ਮੁਪਾਯੋ ਨਹੀ ਭੂਤਲੇ। ਅਪਾਨੰ ਸ਼ਤਧਾ ਧੌਤੰ ਨ ਸ਼੍ਰੇਸ਼੍ਰ ਮਿੰਦ੍ਰਯੰ ਭਵੇਤ॥ ਧਿ: ੧੦। ਸ: ੧੦॥"

ਯਾਂਤੇ ਦੋ:—"ਗੁਣ ਮਾਰਗ ਸੂਧੇ ਚਲੋ ਖਲ ਨਿੰਦਾ ਡਰ ਡਾਰ। ਬਿਧਿ ਖਲ ਕਛੁ ਐਸੇ ਰਚੇ, ਗੁਣ ਕੋ ਦੋਖ ਉਚਾਰ॥ ਭਾਵਰਸਾਂਮ੍ਰਿਤ ਛੰ: ੬੮॥" ਇਤ੍ਯਾਦਿਕ

ਤਥਾ—ਸ੍ਰੀ ਕਬੀਰ ਜੀ,—"ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ। ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ॥ ਸਲੋਕ ੧੭੪॥" ਯਾਂਤੇ ਆਸਾ ਮ: ੫,—" ਬੈਠਤ ਬੁਰਾ ਨ ਰਾਖਹੁ ਚੀਤ। ਤੁਮ ਕਉ ਦੁਖ਼ਰ। ਸੂਖ ਦੂਖ ਮੀਤ॥ ਸਬਦ ੬੨॥ ·ਗੈ ਸਾਰੈ॥ ੧॥

ਤਥਾ—ਫਰੀਦਾ ਬੁਰੇਦਾ ਭਲਖੁਮਹੀ ਤੁਮਹਿ ਮੇਰੈ ਨ ਹਢਾਇ। ਦੇਹੀ ਰੋਗੁ ਨ ਲਗਈ ਭਲ ਹਮਰੈ ਪੇਖਿ ਪਾਇ॥ ਸਲੋਕ ੭੮॥ ਸ਼ਬਦ ੮੨॥

Sri Satguru Jagjit Singh Ji Elibrary NamdhariElibrary@gmail.com

**ਸ਼ੰਕਾ**—ਆਪਕਾ ਜਨਮ ਅਸਥਾਨਾਦਿ ਕੌਨ ਹੈ ?

**ਉੱਤਰ—ਚੌਃ—**

ਪੁਰ ਪਟਨਾ ਜਹ ਭਏ ਮੁਕੰਦ। ਵਾਸੀ ਜਾਨੋ ਪੁਰੀ ਅਨੰਦ।
ਗੁਰ ਗੋਬਿੰਦ ਹਰ ਪਿਤਾ ਹਮਾਰਾ। ਹਿੰਦੁ ਰਾਖ ਜਿਨ ਤੁਰਕਨ ਮਾਰਾ।
ਸਾਹਿਬ ਦੇਵਾਂ ਮਾਤਿ ਹਮਾਰੀ। ਮਹਾ ਮਾਇ ਪੂਰਨ ਪ੍ਰਭੁ ਧਾਰੀ।
ਬੁਢਾ ਦਲ ਬਹੀਰ ਗੁਰ ਆਦੀ। ਤਿਨਕੀ ਕ੍ਰਿਪਾ ਮਨੋਰਥ ਸਾਧੀ।
ਜਥੇਦਾਰ ਤਿਨ ਸਾਹਿਬ ਸਿੰਘ। ਤਹਿ ਸੇਵਕ ਮੈਂ ਦਾਸ ਨਿਹੰਗ।
ਚਰਨ ਕਮਲ ਤਿਨ ਕੇ ਕਰ ਬੰਦ। ਦਾਸ ਉਚਾਰਨ ਕੀਨੋ ਛੰਦ।

**ਪ੍ਰਸ਼ਨ**—ਆਪ ਕਾ ਪੂਰਬ ਜਨਮਾਦਿਕ ਕਹੋ।

**ਉੱਤਰ ਚੌਃ—**

* ਛੱਤਰੀ ਜਾਤਿ ਧੌਲਾ ਲਖ ਗ੍ਰਾਮ। ਨਾਭਾ ਰਿਆਸਤ ਸੁਖ ਬਿਸ੍ਰਾਮ।
'ਸੁਖ ਦੇਵੀ' ਮਾਤਾ ਮਮ ਨਾਮ। 'ਰਲਾਸਿੰਘ' ਮਮ ਪਿਤਾ ਸੁਜਾਨ।
ਤਿਨਕੇ ਚਰਨ ਕਮਲ ਉਰ ਧਰਕੈ। ਕਥਾਗ੍ਰੰਥ ਚਿਤ ਮਾਹਿ ਵਿਚਰਕੈ।
ਤਾਹਿ ਸੇਵ ਫਲ ਦਾਸ ਨ ਲੀਆ। ਬਾਲ ਛੋਡ ਸੁਰਪੁਰ ਮਗ ਲੀਆ।
ਅਖਰ ਭੂਲ ਚੂਕ ਜਹ ਹੋਇ। ਸੋਧੋ ਸਰਬ ਨਿਕਟ ਗੁਰ ਜੋਇ।
ਨੇਕ ...ੀ ਕਹਾਂ ਦਾਸ ਕੀ ਬੁੱਧ। ਗੁਰ ਗੰਭੀਰਤਾ ਕੀ ਲਖ ਸੁੱਧ।
ਰੁਧੇ ਮ੍ਰਿ... ਆਪ ਕਹਾਈ। ਤਥਾ ਦਾਸ ਨੇ ਬਿਨੈ ਅਲਾਈ।
ਕੁਹਿਲ ਨ ਅੋਟ ਹਮਾਰੀ। ਪੁਨਾ ਸੀਸ ਸੰਤਨ ਪਗ ਧਾਰੀ।
ਕੁਤੀਆਂ ਮੀਣੇ ਮੁ ਉਨਾਸੀ। ਜੇਠ ਅਸ਼ਟਸੁਦਿ ਗ੍ਰੰਥ ਲਿਖਾਸੀ।
ਹੋਇ ਅੰਤ ਖੁਆਰੀ [ਇਤਿ]

ਚਾਨਣ ਚੰਦਨ

... ਬਿਃ ਭਾਂਦੋ ਬਦੀ ੭, ਦਿਨ ਮੰਗਲਵਾਰ

... ਮਹਾਰਾਜਾ 'ਨਾਭ੍ਹਾ'

* ਮੀਣਾ ਕਹੀਏ ਕਪਟੀ।

Sri Satguru Jagjit Singh Ji Elibrary NamdhariElibrary@gmail.com

# (ਅਥ ਮੰਗਲ)

ਸ੍ਰੀ ਰਾਗ ਦੀ ਵਾਰ ਵਿਚੋਂ ਪਉੜੀ–"ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ। ਹਰਿ ਸਭਨਾ ਵਿਚ ਤੂੰ ਵਰਤਦਾ ਹਰਿ ਸਭਨਾ ਭਾਣਾ। ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗ ਪਾਣਾ। ਜੋ ਗੁਰਮੁਖਿ ਹਰਿ ਅਰਾਧਦੇ ਤਿਨ ਹਉ ਕੁਰਬਾਣਾ। ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥ ਪੌ: ੪ ॥

ਤਥਾ–ਗਉੜੀ ਸੁਖਮਨੀ,–"ਸੇਵਕ ਕੀ ਮਨਸਾ ਪੂਰੀ ਭਈ। ਸਤਿਗੁਰ ਤੇ ਨਿਰਮਲ ਮਤਿ ਲਈ ॥ ਅਸਟਪਦੀ ੨੦ ॥

ਤਥਾ–ਬਿਲਾਵਲ ਮ: ੫,–"ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ। ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ ॥ ੧ ॥ ਰਹਾਉ ॥ ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ। ਸੂਖ ਦੂਖ ਇਸੁ ਮਨ ਕੀ ਬਿਰਥਾ ਤੁਝਹੀ ਆਗੈ ਸਾਰੈ ॥ ੧ ॥ ਤੂ ਮੇਰੀ ਓਟ ਬਲ ਬੁਧਿ ਧਨੁ ਤੁਮਹੀ ਤੁਮਹਿ ਮੇਰੈ ਪਰਵਾਰੈ। ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ ॥ ਸ਼ਬਦ ੯੨ ॥

Sri Satguru Jagjit Singh Ji Elibrary NamdhariElibrary@gmail.com

ਤਥਾ--ਮਾਰੂ ਕੀ ਵਾਰ ਮਃ ੩ ॥ ਪਉੜੀ,--"ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ। ਦੂਜਾ ਭਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ। ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ। ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ । ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣ ਹਾਰਾ ॥ ਪੌਃ ੧ ॥

ਤਥਾ--ਸੂਰਜ ਪ੍ਰਕਾਸ਼ੋਕਤ ਸਵੈਯਾ,--"ਧਾਰ ਅਪੂਰਬ ਪੂਰਬ ਰੂਪ ਭਏ ਗੁਰੂ ਨਾਨਕ ਜੋਤ ਉਦਾਰਹਿ । ਦਾਰ ਕਿਧੋ ਨਰ ਪੰਬ ਪਰੇ ਤਿਨ ਸੇ ਜਗ ਸਾਗਰ ਤੇ ਪਰ ਪਾਰਹਿ। ਪਾਰਤ ਹੈ ਗੁਨ ਟਾਰਤ ਅਉਗੁਨ ਗਿਆਨ ਸਿਖਾਰਤਿ ਬਾਕ ਬਿਚਾਰਹਿ। ਚਾਰਹੁ ਵੇਦ ਉਚਾਰਹਿ ਸਾਰਹਿ ਬੰਦਤ ਹੋਂ ਅਬ ਮੋਹਿ ਉਧਾਰਹਿ ॥ ਐਨ ੨ ॥ ਅੰਸੂ ੩੬ ॥ ਛੰਃ ੭ ॥

ਤਥਾ--ਸ੍ਰੀ ਨਾਨਕ ਪ੍ਰਕਾਸ਼ੋਕਤ ਸਵੈਯਾ,--"ਹਰਿ ਗੋਬਿੰਦ ਨੰਦਨ ਨੰਦਨ ਕੋ ਅਬ ਬੰਦਨ ਕੈ ਪਦ ਜੋ ਅਰ ਬਿੰਦੂ। ਦੁਖ ਦੂੰਦ ਨਿਕੰਦਨ ਆਨੰਦ ਕੰਦ ਮੁਕੰਦ ਬਿਲੰਦ ਕਰੇ ਜਿਨ ਹਿੰਦੂ। ਤੁਰਕਿੰਦ ਉਡਿੰਦ ਦਨਿੰਦ ਤਿਨੈ ਗੁਰ ਗੋਬਿੰਦ ਸਿੰਘ ਸਭੈ ਜਗ ਬਿੰਦੂ। ਸਰਪਿੰਦ ਗਿਰਿੰਦ ਖਗਿੰਦ ਤੁਲੈ ਬਲ ਵੰਡ ਅਖੰਡ ਸੁਰਿੰਦਹਿ ਇੰਦੂ ॥ ਛੰਃ ੨੩ ॥

Sri Satguru Jagjit Singh Ji Elibrary NamdhariElibrary@gmail.com

ਸਵੈਯਾ—ਕਟ ਸੋ ਪਟ ਤੇਗ ਨਿਖੰਗ ਕਸੇ ਮੁਖ ਮੰਦ ਹਸੇ ਦਮਕੈ ਕਿ ਛਟਾਂਹੀ। ਮੁਕਤਾ ਗਰ ਮਾਲ ਬਿਸਾਲ ਬਨੀ ਸਮਸਾਂਨਨ ਸਜਾਮ ਭਲੀ ਉਪਮਾਹੀ। ਹਿਤ ਸੋ ਤਮ ਸੋਮਕਿ ਪਾਸ ਬਸਜੋ ਮੁਖ ਪੰਕਜ ਪੈ ਮਧੁ ਪੁੰਜ ਸੁਹਾਹੀ। ਅਬ ਆਨ ਕੀ ਆਸ ਨਿਰਾਸ ਭਈ ਕਲਗੀ ਧਰ ਬਾਸ ਕੀਓ ਮਨਮਾਹੀ। ਛੰਃ੩੦॥

ਤਥਾ—ਭੂਲ ਜੁ ਚੂਕ ਭਈ ਹਮਤੇ ਗੁਰ ਕਿੰਕਰ ਸੋ ਤੁਮ ਤੇ ਬਖਸਾਵਤ। ਲਾਜ ਰਖੋ ਨਿਜ ਨਾਮਹਿ ਕੀ ਸਿਖ ਮੈਂ ਤੁਮਰੋ ਜਗ ਮਾਂਹਿ ਕਹਾਵਤ। ਤੂੰ ਬਖਸਿੰਦ ਸਦਾ ਸੁਖਦਾਯਕ ਮੋ ਮਨ ਨਾਹਿ ਵਿਖੈ ਛੁਟਕਾਵਤ। ਲੋਹ ਤੇ ਹੇਮ ਇਰਿੰਡ ਤੇ ਚੰਦਨ ਮਾਨੁਖ ਤੇ ਸੁਰ ਤੂੰ ਹੀ ਬਨਾਵਤ॥ ਛੰਃ ੩੧ ॥ ਨਾਨਕ ਪ੍ਰਕਾਸ਼ ਮੰਗਲ ਪੂਰਬਾਰਧ ਧਿਃ ੧॥

ਤਥਾ ਗਉੜੀ ਮਃ ੫,—"ਕਹੁ ਨਾਨਕ ਹਮ ਲੂਣ ਹਰਾਮੀ। ਬਖਸ ਲੇਹੁ ਪ੍ਰਭ ਅੰਤਰਜਾਮੀ॥ ਸਬਦ ੧੬॥ ਤਥਾ ਸੋਰਠਿ ਮਃ ੯,—"ਸੁਆਨ ਪੂਛ ਜਿਉ ਭਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ। ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ॥ ਸਬਦ ੯॥" ਤਥਾ—ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ। ਜਿਨਿ ਐਸਾ ਕਰਿ ਬੂਝਿਆ

ਮੀਤੁ ਹਮਾਰਾ ਸੋਇ ॥ ਸਲੋਕ ੭ ॥

ਤਥਾ ਸੂਹੀ ਮਃ ੫—ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ। ਸਭ ਤੇ ਵਡਾ ਸਤਿਗੁਰੁ ਨਾਨਕ ਜਿਨਿ ਕਲ ਰਾਖੀ ਮੇਰੀ ॥ ਸਬਦ ੫੭ ॥ ਤਥਾ ਸ੍ਰੀਮੁਖ ਵਾਕ ਪਾਤਸ਼ਾਹੀ ੧੦,—"ਕ੍ਰਿਪਾ ਕਰੀ ਹਮ ਪਰ ਜਗ ਮਾਤਾ। ਗ੍ਰੰਥ ਕਰਾ ਪੂਰਣ ਸੁਭ ਰਾਤਾ। ਕਿਲਵਿਖ ਸਕਲ ਦੇਹ ਕੋ ਹਰਤਾ। ਦੁਸ਼ਟ ਦੋਖੀਯਨ ਕੋ ਛੈ ਕਰਤਾ। ਸ੍ਰੀ ਅਸਧੁਜ ਜਬ ਭਏ ਦਿਯਾਲਾ। ਪੂਰਣ ਕਰਾ ਗ੍ਰੰਥ ਤਤਕਾਲਾ ॥ ਚਰਿਤ੍ਰ ੪੦੪ ਛੰਃ ੪੦੩ ॥

ਤਥਾ ਸਰਬਲੋਹ ਗ੍ਰੰਥਵਿਚੋਂ ਸ੍ਰੀਮੁਖ ਵਾਕ ਪਾਤਸ਼ਾਹੀ ੧੦,—"ਕੀਨੀ ਮਯਾ ਕਾਲਕਾ ਭਵਾਨੀ। ਤਿਹ ਪ੍ਰਸਾਦ ਯਾ ਗ੍ਰੰਥ ਬਖਾਨੀ ॥ ਮੰਤ੍ਰ ਅਸਤੋਤ੍ਰ ਸਦ ਪਦ ਸੁਭ ਕਥਾ। ਬਰਨਯੋ ਬੁਧ ਅਨੁਸਾਰ ਮਤ ਜਥਾ ॥ ਧਿਃ ੫। ਪੰਃ ੪੯੦। ਲਿਖਤ ਦੀ ਬੀੜ ॥

ਤਥਾ ਗਉੜੀ ਬਾਵਨ ਅਖਰੀ ਮਃ ੫। ਪਉੜੀ—"ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ। ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਨ ਤਾਸ। ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ। ਹੇ ਗੋਬਿੰਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ। ਹੇ

ਅਪਰੰਪਰ ਹਰਿ ਹਰੇ ਹਹਿ ਭੀ ਹੋਵਨ ਹਾਰ । ਹੇ ਸੰਤਹ ਕੈ ਸਦਾ ਸੰਗਿ ਨਿਧਾਰਾ ਆਧਾਰ। ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ। ਨਾਨਕ ਦੀਜੈ ਨਾਮੁ ਦਾਨੁ ਰਾਖਉ ਹੀਐ ਪਰੋਇ ॥ ਪੌ: ਪਪ॥

***

ਇਤਿ ਸ੍ਰੀ ਨਿਹੰਗ ਸਪੂਰਨ ਸਿੰਘ ਬਿਰਚਿਤੇ ਸੂਰਜ ਵੰਸ਼ੀਯ
ਖਾਲਸਾ ਪੰਥ ਗ੍ਰੰਥੇ ਗੁਰਮਤਿ ਅਨੁਸਾਰ ਸਨਾਤਨ-
ਧਰਮ ਸ੍ਰੀਦੇਵੀ ਪ੍ਰਗਟਾਦਿਕ ਬਿਧਿ ਬਰਣਨੰ
ਨਾਮ ਪੰਚਮੋਧਯਾਯ: ॥ ੫ ॥

ਪੁਸਤਕ ਮਿਲਣੇ ਕਾ ਪਤਾ—

"ਮੈਨੇਜਰ"—

ਸ਼੍ਰੀਚੰਦ੍ਰ ਪ੍ਰੈਸ ਅਮ੍ਰਿਤਸਰ.

Sri Satguru Jagjit Singh Ji Elibrary NamdhariElibrary@gmail.com